
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?



ਭਾਈ ਬੇਅੰਤ ਸਿੰਘ ਕਲੇਰਾਂ ਵਾਲੇ

ੴ ਸਤਿਗੁਰ ਪ੍ਰਸਾਦਿ

ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...

(19 ਮਾਰਚ 1720 ਤੋਂ 1 ਜੁਲਾਈ,1745)

?

"ਵਾਰਤਕ ਜੀਵਨ ਸ਼ਹੀਦ ਭਾਈ ਤਾਰੂ ਸਿੰਘ ਜੀ"

(ਉਮਰ 25 ਸਾਲ, 3 ਮਹੀਨੇ, 13 ਦਿਨ)

(By Bhai Beant Singh Kaleran Wale)
Phone no.0161-2443530, 09855I-57530.09876I-09418.

"ਸਮਰਪਣ"

ਉਨ੍ਹਾਂ ਸੂਰਬੀਰ ਬਹਾਦਰ ਸਿੰਘਾਂ ਨੂੰ, ਜਿਨ੍ਹਾਂ ਸਿੱਖੀ ਨੂੰ ਬਚਾਉਣ ਲਈ ਆਪਣੀਆਂ ਜਾਨਾਂ ਵਾਰਨੋ ਫ਼ਰਕ ਨਾ ਰੱਖਿਆ।

ਉਨ੍ਹਾਂ ਹਠੀਲੇ ਸਿੰਘਾਂ ਨੂੰ ਜਿਨ੍ਹਾਂ ਚਰਖੜੀਆਂ 'ਤੇ ਚੜ-ਚੜ ਕੇ ਕੌਰੜੇ ਖਾ-ਖਾ ਕੇ ਤੇ ਹੋਰ ਅਸਿਹ ਕਸ਼ਟਾਂ ਨੂੰ ਸਹਾਰਿਆ, ਪਰ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਇਆ ਤੇ ਧਰਮ ਨਹੀਂ ਹਾਰਿਆ।

ਉਹਨਾਂ ਦ੍ਰਿੜ ਵਿਸ਼ਵਾਸ ਵਾਲੀਆਂ ਬੀਬੀਆਂ ਨੂੰ ਜਿਨ੍ਹਾਂ ਆਪਣੇ ਪਿਆਰੇ-ਪਿਆਰੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਦੀ ਤਰਾਂ ਲਟਕਵਾ ਲਏ, ਸਵਾ-ਸਵਾ ਮਣ ਦਾਣੇ ਪੀਸੇ, ਖੰਨੀ-ਖੰਨੀ ਰੋਟੀ 'ਤੇ ਗੁਜ਼ਾਰਾ ਕੀਤਾ, ਪਰ ਆਪਣੇ ਸਤਿਗੁਰੂ ਦਾ ਲੜ ਨਹੀਂ ਛੱਡਿਆ ਤੇ ਦੁੱਖਾਂ ਤੋਂ ਡਰ ਕੇ ਧਰਮ ਨਹੀਂ ਤਿਆਗਿਆ।

ਉਨ੍ਹਾਂ ਅਣਖੀਲੇ ਤੇ ਜੋਸ਼ੀਲੇ ਸਿੰਘਾਂ ਨੂੰ ਜਿਨ੍ਹਾਂ ਮਜ਼ਲੂਮਾਂ ਦੀ ਖਾਤਰ ਰਣਾ ਵਿੱਚ ਪੁਰਜ਼ਾ-ਪੁਰਜ਼ਾ ਹੋ ਕੇ ਸ਼ਹੀਦੀਆਂ ਪਾਈਆਂ, ਦੇਸ਼ ਤੇ ਧਰਮ ਦੀ ਸ਼ਾਨ ਨੂੰ ਉੱਚਾ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਉਨ੍ਹਾਂ ਨਿਡਰ ਸਿੰਘਾਂ ਨੂੰ ਜੋ ਜਿਉਂਦੇ ਜੀਅ ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ, ਕੀਮਾਂ-ਕੀਮਾਂ ਕੀਤੇ ਗਏ ਪਰ ਪਿਛਾਂਹ ਨਹੀਂ ਮੁੜੇ। ਜਾਬਰ ਦਾ ਜ਼ੁਲਮ ਖਿੜੇ-ਮੱਥੇ ਸਹਾਰਿਆ ਪਰ ਧਰਮ ਨਹੀ ਛੱਡਿਆ।

ਉਨ੍ਹਾਂ ਗੁਮਨਾਮ ਸ਼ਹੀਦਾਂ ਦੀ ਯਾਦ ਨੂੰ ਜਿਨ੍ਹਾਂ ਦੇਸ਼,ਕੌਮ,ਧਰਮ ਤੇ ਆਜ਼ਾਦੀ ਲਈ ਆਪਣਾ ਆਪਾ ਵਾਰਿਆ। ਅਕਹਿ ਤੇ ਅਸਹਿ ਕਸ਼ਟ ਸਹਾਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਉਹਨਾਂ ਦੀਆਂ ਸ਼ਹੀਦੀਆਂ ਨੂੰ ਅਸੀਂ ਇਤਿਹਾਸ ਵਿੱਚ ਸਾਂਭ ਨਹੀਂ ਸਕੇ ਅਤੇ ਪਰਮ ਪੂਜਨੀਕ ਸੱਚਖੰਡ ਵਾਸੀ ਪਿਤਾ ਗਿਆਨੀ ਹਜਾਰਾ ਸਿੰਘ ਵੈਦ ਅਤੇ ਮਾਤਾ ਕਰਤਾਰ ਕੌਰ ਗਰੇਵਾਲ ਜੀ ਦੀ ਪਵਿੱਤਰ ਆਤਮਾ ਨੂੰ ਜਿਨ੍ਹਾਂ ਦਾਸ ਨੂੰ ਜਨਮ ਦੇ ਕੇ ਸੱਤਸੰਗ ਦੇ ਮਾਰਗ ਪ੍ਰਤੀ ਪ੍ਰੇਰਿਤ ਕੀਤਾ ਅਤੇ ਅੱਜ ਭਾਈ ਤਾਰੂ ਸਿੰਘ ਪੂਹਲੇ ਦੇ ਵਾਰਤਕ ਜੀਵਨ ਨੂੰ ਕਲਮ-ਬੱਧ ਕਰਨ ਦੇ ਲਾਇਕ ਬਣਾਇਆ।

ਗੁਰੂ ਪੰਥ ਦਾ ਦਾਸ,

ਭਾਈ ਬੇਅੰਤ ਸਿੰਘ ਕਲੇਰਾਂ ਵਾਲੇ,

2831/1, ਇੰਦਰਾ ਨਗਰ, ਲੁਧਿਆਣਾ (ਪੰਜਾਬ)

ਸੰਪਰਕ 0161-2443530, 098551-57530.

ਪੁਸਤਕ ਦਾ ਨਾਂ	:	ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?
ਲੇਖਕ	:	ਭਾਈ ਬੇਅੰਤ ਸਿੰਘ ਕਲੇਰਾਂ ਵਾਲੇ 2831/1, ਇੰਦਰਾ ਨਗਰ, ਨੇੜੇ ਕੇ. ਮਾਲ, ਲੁਧਿਆਣਾ, ਫੋਨ ਨੰ: 0161-2443530 ਮੋ : 098551-57530
ਈ. ਮੇਲ	:	gpsc_bts766@yahoo.co.in
ਸੰਖਿਆ	:	2200 ਕਾਪੀਆਂ
ਐਡੀਸ਼ਨ	:	ਜਨਵਰੀ 2009
ਟਾਈਟਲ ਨਾਂ	:	ਭਾਈ ਜਸਵੀਰ ਸਿੰਘ
ਪ੍ਰਿੰਟਰ	:	ਆਰਟਕੇਵ ਪ੍ਰਿੰਟਰਜ਼, ਲੁਧਿਆਣਾ
ਕੰਪੋਜ਼ਿੰਗ ਤੇ ਪੇਜ ਸੈਟਿੰਗ	:	ਭਾਈ ਗੁਰਮੀਤ ਸਿੰਘ, ਭਾਈ ਅਰਵਿੰਦਰ ਸਿੰਘ
ਭੇਟਾ	:	130/- ਰੁਪਏ
ਪ੍ਰਕਾਸ਼ਕ	:	ਗੁਰਬਾਣੀ ਪ੍ਰਚਾਰ ਸੇਵਾ ਸੈਂਟਰ, 766, ਆਤਮ ਪਾਰਕ, ਲੁਧਿਆਣਾ। ਮੋ : 098761-09418.

ਤਤਕਰਾ

ਮੁੱਖ ਬੰਦ 7
ਦੋ ਸ਼ਬਦ 10
ਮੇਰੀ ਸੋਚ 13
1. ਵਾਰਤਕ ਜੀਵਨ ਸ਼ਹੀਦ ਭਾਈ ਤਾਰੂ ਸਿੰਘ ਜੀ 17
19 ਮਾਰਚ 1720 ਤੋਂ 1 ਜੁਲਾਈ, 1745
2. ਭਾਈ ਤਾਰੂ ਸਿੰਘ ਜੀ ਦਾ ਜਨਮ 19 ਮਾਰਚ, 1720 19
3. ਭਾਈ ਤਾਰੂ ਸਿੰਘ ਜੀ ਦਾ ਬਚਪਨ 20
4. ਵਿਦਿਆ ਪ੍ਰਾਪਤੀ 21
5. ਮਿਲਾਪ ਭਾਈ ਮਨੀ ਸਿੰਘ ਅਤੇ ਪਿਆਰ ਦੇ ਬਚਨ ਕਰਨੇ 22
6. ਅੰਮ੍ਰਿਤ ਦੀ ਦਾਤ ਭਾਈ ਮਨੀ ਸਿੰਘ ਜੀ 23
7. ਸ. ਦੀਦਾਰ ਸਿੰਘ ਜੀ ਦੀ 25
8. ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮਹਾਨਤਾ ਤੇ ਪਿਤਾ ਦੇ ਬੋਲ ਭਾਈ ਤਾਰੂ ਸਿੰਘ ਦੇ 29
9. ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ 32
10. ਚੰਗਾ ਵਿਦਿਆਰਥੀ 34
11. ਭਾਈ ਮਨੀ ਸਿੰਘ ਜੀ ਦੀ ਸ਼ਹੀਦੀ 35
12. 'ਮੁਸਲਮਾਨਾਂ ਕੋਲੋਂ' ਹਿੰਦੂ ਕੁੜੀਆਂ ਨੂੰ ਛੁਡਾਉਣਾ 38
13. ਸਿੱਖ ਇਤਿਹਾਸ ਵਿੱਚ ਨੇਕ ਮੁਸਲਮਾਨਾਂ ਬਾਰੇ ਸੰਖੇਪ ਜਾਣਕਾਰੀ 40
14. ਭਾਈ ਤਾਰੂ ਸਿੰਘ ਜੀ ਦੇ ਜੀਵਨ ਵਿੱਚ ਭਾਈ ਹਕੀਕਤ ਰਾਏ ਜੀ ਦੀ ਸ਼ਹੀਦੀ ਦਾ ਪ੍ਰਭਾਵ 42
15. ਭਾਈ ਹਕੀਕਤ ਰਾਏ ਤੋਂ ਹਕੀਕਤ ਸਿੰਘ ਬਣਨਾ 43
16. ਕਾਜ਼ੀ ਅਤੇ ਮੁਸਲਮਾਨ ਲੜਕਿਆਂ ਨਾਲ ਬਹਿਸ 44
17. ਹਕੀਕਤ ਰਾਏ ਸਿੰਘ ਨੂੰ ਛੁਡਾਉਣ ਦੀਆਂ ਕੋਸ਼ਿਸ਼ਾਂ 45
18. ਭਾਈ ਹਕੀਕਤ ਰਾਏ ਸਿੰਘ ਦੀ ਸ਼ਹੀਦੀ 47
19. ਭਾਈ ਹਕੀਕਤ ਰਾਏ ਸਿੰਘ ਦੀ ਸ਼ਹੀਦੀ ਤੋਂ ਬਾਅਦ 48
20. ਪਾਠਕਾਂ ਦੀ ਜਾਣਕਾਰੀ ਲਈ ਕੁਝ ਧਿਆਨ ਦੇਣ ਯੋਗ ਗੱਲਾਂ 49
21. ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਦਾ ਆਚਰਣ 50
22. ਸ਼ਹੀਦੀ 52
23. ਸੰਸਕਾਰ 53
24. ਨੌਸਾ ਖ਼ਾਂ ਦੀ ਮੌਤ 53
25. ਪਾਠਕਾਂ ਦੀ ਜਾਣਕਾਰੀ ਲਈ 56
26. ਭਾਈ ਨੰਦ ਲਾਲ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ 57
27. ਰਹੀਮ ਬਖ਼ਸ਼ ਦੀ ਬੇਟੀ ਨੂੰ ਛੁਡਵਾਉਣਾ 58
28. ਰਹਿਤ ਪਿਆਰੀ ਮੁਝ ਕੋ... 60
29. ਭਾਈ ਤਾਰੂ ਸਿੰਘ ਬਾਰੇ ਹਰਿਭਗਤ ਨਿਰੰਜਣੀਏ ਵਲੋਂ ਕੰਨ ਭਰਨੇ 65
30. ਗ੍ਰਿਫਤਾਰੀ ਦਾ ਹੁਕਮ ਮੋਮਨ ਖ਼ਾਂ ਨੂੰ ਦੇਣਾ 68
31. ਮਾਂ, ਪੁੱਤ ਅਤੇ ਭੈਣ ਦਾ ਪਿਆਰ 70
32. ਭਾਈ ਤਾਰੂ ਸਿੰਘ ਜੀ ਦੀ ਗ੍ਰਿਫਤਾਰੀ 73
33. ਦਮੋਦਰ ਦੀ ਮੌਤ 74
34. 1 ਜੂਨ, 1745 (ਉਮਰ 25 ਸਾਲ, 2 ਮਹੀਨੇ, 13 ਦਿਨ) 76
35. 2 ਜੂਨ, 1745 (ਉਮਰ 25 ਸਾਲ, 2 ਮਹੀਨੇ, 14 ਦਿਨ) 78
36. 3 ਜੂਨ,1745 (25 ਸਾਲ,ਦੋ ਮਹੀਨੇ,15 ਦਿਨ)-ਜੇਲ੍ਹ ਵਿਚ 80
37. 4 ਜੂਨ, 1745 (ਉਮਰ 25 ਸਾਲ, 2 ਮਹੀਨੇ, 16 ਦਿਨ) 81
38. 5 ਜੂਨ, 1745 (ਉਮਰ 25 ਸਾਲ, 2 ਮਹੀਨੇ, 17 ਦਿਨ) ਦਿਲਾ ਖ਼ਾਂ ਤੇ 84
ਆਲਮ ਖ਼ਾਂ ਦਾ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ 'ਚ ਮਿਲਣ ਆਉਣਾ
39. 6 ਜੂਨ, 1745 (ਉਮਰ 25 ਸਾਲ, 2 ਮਹੀਨੇ, 18 ਦਿਨ) 88

40. 7 ਜੂਨ, 1745 (ਉਮਰ 25 ਸਾਲ, 2 ਮਹੀਨੇ, 19 ਦਿਨ) 92
41. 8 ਜੂਨ, 1745 (ਉਮਰ 25 ਸਾਲ, 2 ਮਹੀਨੇ, 20 ਦਿਨ) 94
42. ਭਾਈ ਮਹਿਤਾਬ ਸਿੰਘ ਦੀ ਗ੍ਰਿਫਤਾਰੀ 94
43. 9 ਜੂਨ, 1745 (ਉਮਰ 25 ਸਾਲ, 2 ਮਹੀਨੇ, 21 ਦਿਨ) 102
ਸ. ਮਹਿਤਾਬ ਸਿੰਘ ਜੀ ਦੀ ਸ਼ਹੀਦੀ
44. 10 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 22 ਦਿਨ) 106
45. ਭਾਈ ਤਾਰੂ ਸਿੰਘ ਜੀ ਕੇਸਾਂ ਨੂੰ ਕਤਲ ਕਰਨ ਦਾ ਯਤਨ ਅਸਫਲ ਰਹਿਣਾ 110
46. ਨਾਈ ਦਾ ਕਚਿਹਰੀ ਵਿੱਚੋਂ ਭੱਜਣਾ 111
47. ਛੀਹੇ ਜੱਲਾਦ ਨੂੰ ਖ਼ੋਪਰੀ ਉਤਾਰਨ ਦਾ ਹੁਕਮ ਦੇਣਾ 113
48. 11 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 23 ਦਿਨ) 118
49. 12 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 24 ਦਿਨ) 121
50. 13 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 25 ਦਿਨ) 123
51. 14 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 26 ਦਿਨ) 126
52. 15 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 27 ਦਿਨ) 129
53. 16 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 28 ਦਿਨ) 130
54. 17 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 29 ਦਿਨ) 133
ਭਾਈ ਸੁੱਖਾ ਸਿੰਘ ਸੰਖੇਪ ਜੀਵਨ ਤੇ ਗ੍ਰਿਫਤਾਰੀ
55. 18 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 30 ਦਿਨ) 142
ਭਾਈ ਸੁੱਖਾ ਸਿੰਘ ਜੀ ਦੀ ਸ਼ਹੀਦੀ
56. 19 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ) 147
ਸ. ਸੁੱਖਾ ਸਿੰਘ ਦੇ ਘੋੜੇ ਦਾ ਕਮਾਲ ਤੇ ਯਾਫਰ ਖ਼ਾਂ ਦੀ ਮੌਤ
57. 20 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 2 ਦਿਨ) 150
58. 21 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 3 ਦਿਨ) 155
59. ਸ. ਸੁਬੇਗ ਸਿੰਘ ਅਤੇ ਸ. ਸਹਿਬਾਜ਼ ਸਿੰਘ ਜੀ ਦੀ ਉਸਤਤ 156
60. ਭਾਈ ਤਾਰੂ ਸਿੰਘ ਜੀ ਦਾ ਭਾਈ ਸੋਭਾ ਸਿੰਘ ਜੀ ਨੂੰ ਉਪਦੇਸ਼ 157
61. 22 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 4 ਦਿਨ) 159
62. ਸ. ਸੁਬੇਗ ਸਿੰਘ ਜੀ ਦਾ ਭਾਈ ਤਾਰੂ ਸਿੰਘ ਕੋਲ ਆਉਣਾ 159
63. 23 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 5 ਦਿਨ) 167
64. 24 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 6 ਦਿਨ) 174
65. 25 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 7 ਦਿਨ) 177
66. ਸਿਰ ਦੇ ਜ਼ਖਮ ਖ਼ਰਾਬ ਹੋਣਾ 177
67. 26 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 8 ਦਿਨ) 179
68. 27 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 9 ਦਿਨ) 182
69. ਸ. ਸੁਬੇਗ ਸਿੰਘ ਵਲੋਂ ਜ਼ਕਰੀਏ ਦੀ ਖ਼ਬਰ ਦੇਣੀ 182
70. 28 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 10 ਦਿਨ) 185
71. ਹਰਭਗਤ ਨਿਰੰਜਣੀਏ ਦੀ ਮੌਤ 187
72. 29 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 11 ਦਿਨ) 189
73. 30 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 12 ਦਿਨ) 192
74. ਜ਼ਕਰੀਆ ਖਾਨ ਦੀ ਮੌਤ 193
75. 01 ਜੁਲਾਈ, 1745 (ਉਮਰ 25 ਸਾਲ, ਤਿੰਨ ਮਹੀਨੇ, 13 ਦਿਨ) 196
76. ਭਾਈ ਤਾਰੂ ਸਿੰਘ ਜੀ ਪੂਹਲੇ ਦੇ ਆਖਰੀ ਬਚਨ ਤੇ ਸ਼ਹੀਦੀ 198
77. ਭਾਈ ਤਾਰੂ ਸਿੰਘ ਜੀ ਦੀ ਜੁੱਤੀ ਹੁਣ ਕਿਥੇ ਹੈ..? 201
78. ਭਰਮਗਤੂ ਤੋੜ ਖਾਲਸਾ 205
79. ਸਿੱਖ ਇਤਿਹਾਸ ਵਿਚ 'ਭਾਈ ਸੁੱਖਾ ਸਿੰਘ' ਨਾਮ ਦੇ ਕਿੰਨੇ ਸ਼ਹੀਦ ਹੋਏ...? 212
80. ਭਾਈ ਸੁੱਖਾ ਸਿੰਘ ਮਹਿਤਾਬ ਸਿੰਘ (ਸਾਕਾ) 224
81. ਇਹ ਦਾਤਾਂ..... 227

"ਮੁੱਖ-ਬੰਦ"

'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?" ਵਾਰਤਕ ਜੀਵਨ ਭਾਈ ਤਾਰੂ ਸਿੰਘ ਪੂਹਲਾ, ਇਹ ਕਿਤਾਬ ਸੰਪੂਰਨ ਹੋਣ 'ਤੇ ਦਾਸ ਇਹ ਕਹਿਣਾ ਚਾਹੁੰਦਾ ਹੈ :-

ਬਾਣੀ ਵਿੱਚ ਦਰਜ ਹੈ ਕਿ 'ਨਿਰਗੁਨਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ', ਗੁਰੂ ਸਾਹਿਬ ਜੀ ਨੇ ਆਪਣੀ ਮਿਹਰ ਕਰਕੇ ਤੇ ਤਰਸ ਕਰਕੇ ਇਹ ਮਹਾਨ ਸ਼ਹੀਦਾਂ ਦਾ ਜੀਵਨ ਮੁਕੰਮਲ ਕਰਵਾਇਆ ਹੈ। ਮੇਰੇ ਵਿੱਚ ਕੋਈ ਹਿੰਮਤ ਨਹੀਂ ਸੀ, 'ਆਖਣ ਵਾਲਾ ਕਿਆ ਵੇਚਾਰਾ', ਇਹ ਵਾਰਤਕ ਜੀਵਨ ਭਾਈ ਤਾਰੂ ਸਿੰਘ ਜੀ ਆਪ ਕੋਲ ਬੈਠ ਕੇ ਸਭ ਸੁਮੱਤਾਂ ਬਖ਼ਸ਼ ਕੇ ਲਿਖਵਾਇਆ ਹੈ। ਇਹਨਾਂ ਸ਼ਹੀਦਾਂ ਦਾ ਜੀਵਨ ਤਾਂ ਬਹੁਤ ਮਹਾਨ ਹੈ ਪਰ ਤੁੱਛ ਬੁੱਧੀ ਸਦਕਾ ਉਸਦੇ ਭੰਡਾਰੇ ਵਿੱਚੋਂ ਨਿਮਾਣਾ ਜਿਹਾ ਯਤਨ ਕੀਤਾ ਹੈ।

ਸਫਲਾ ਸਮਾਂ ਉਹ ਜੋ ਚੰਗੀ ਸੋਚ ਪ੍ਰਗਟ ਕਰੇ। ਸਫਲੀ ਸੋਚ ਉਹ ਜੋ ਪ੍ਰਵਾਨ ਚੜ੍ਹੇ। ਚੰਗਾ ਸਮਾਂ, ਚੰਗੀ ਸੋਚ ਅਤੇ ਪ੍ਰਵਾਨ ਚੜ੍ਹਨਾ, ਉਸ ਅਕਾਲ-ਪੁਰਖ ਵਾਹਿਗੁਰੂ ਦੀ ਕਿਰਪਾ ਦਾ ਪ੍ਰਤੀਕ ਹੈ ਅਤੇ ਉਸ ਦੀ ਰਹਿਮਤ ਦਾ ਪਾਤਰ ਬਣਨਾ ਹੈ। ਅਕਾਲ ਪੁਰਖ ਨੀਵਿਆਂ ਨੂੰ ਉੱਚਾ, ਮਾੜਿਆਂ ਨੂੰ ਤਗੜਾ, ਕੰਗਾਲ ਤੋਂ ਰਾਜਾ, ਹਨੇਰੇ ਅੱਗੇ ਚਾਨਣਾ, ਬਦੀ ਅੱਗੇ ਨੇਕੀ, ਝੂਠ ਅੱਗੇ ਸੱਚ, ਕਾਲ, ਜ਼ੁਲਮ, ਜ਼ਾਲਮ, ਮਕਰ-ਫਰੇਬ, ਅੰਧੇਰ ਗਰਦੀ, ਅੱਤਿਆਚਾਰ, ਧੱਕੇ-ਸ਼ਾਹੀ ਇਹਨਾਂ ਦੇ ਮੁਕਾਬਲੇ ਸੱਤ-ਸੰਤੋਖ, ਦਿਆ-ਧਰਮ, ਹਲੀਮੀ, ਸ਼ਾਂਤੀ ਵਿਸ਼ਵਾਸ਼, ਭਾਣਾ, ਰਜ਼ਾ, ਖੜ੍ਹੇ ਕਰਕੇ ਆਪਣੀ ਰਚਾਈ ਹੋਈ ਸ੍ਰਿਸ਼ਟੀ ਨੂੰ ਚਲਾਉਂਦਾ ਆ ਰਿਹਾ ਹੈ। ਇਹ ਗੱਲ ਸੱਚ ਹੈ ਕਿ ਕਾਲ ਸ਼ੁਰੂ ਤੋਂ ਹੀ ਸੱਚ ਨੂੰ ਖਤਮ ਕਰਨ ਲਈ ਹਨੇਰੀਆਂ ਝੱਖੜ ਤੂਫਾਨ ਝੁਲਾਉਂਦਾ ਆ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਸੱਚਾਈ ਹਮੇਸ਼ਾਂ ਆਪਣੇ ਨਿਯਮਾਂ ਦੀ ਪਾਲਣਾ ਕਰਦੀ ਹੋਈ ਸਹਿਜ ਸੰਤੋਖ ਦਿਆ ਧਰਮ ਬਣ ਕੇ ਕਾਲ ਜ਼ੁਲਮ ਨੂੰ ਮੂੰਹ ਤੋੜ ਜਵਾਬ ਦਿੰਦੀ ਆ ਰਹੀ ਹੈ।

ਅਠ੍ਹਾਰਵੀਂ ਸਦੀ ਸਿੱਖਾਂ ਲਈ ਬਹੁਤ ਕਰੜੀ ਪ੍ਰੀਖਿਆ ਦਾ ਸਮਾਂ ਰਿਹਾ ਹੈ। ਇਸ ਸਦੀ ਵਿੱਚ ਪੇਪਰ ਤਾਂ ਭਾਂਵੇ ਬਹੁਤ ਔਖੇ ਤੋਂ ਔਖੇ ਆਏ ਪਰ ਮਰਜੀਵੜਿਆਂ ਨੇ ਵੀ ਆਪਣੀਆਂ ਜਿੰਦਗੀਆਂ ਕੁਰਬਾਨ ਕਰਕੇ ਸੌ ਵਿੱਚੋਂ ਸੌ ਨੰਬਰ ਹੀ ਲਏ ਹਨ।

ਅੱਜ ਉਸ ਮਹਾਨ ਸ਼ਹੀਦ ਦਾ ਜੀਵਨ ਆਪ ਜੀ ਦੇ ਕਰ-ਕਮਲਾਂ ਵਿੱਚ ਹੈ ਜਿਸ ਨੂੰ ਬਚਪਨ ਤੋਂ ਹੀ ਗੁਰਬਾਣੀ ਤੇ ਗੁਰ-ਇਤਿਹਾਸ ਦੀ ਅਜਿਹੀ ਗੁੜ੍ਹਤੀ ਦਿੱਤੀ ਗਈ ਕਿ ਭਾਈ ਤਾਰੂ ਸਿੰਘ ਜੀ ਦੇ ਲੂੰ-ਲੂੰ ਵਿੱਚ ਸਿੱਖੀ ਪ੍ਰਤੀ ਅਟੁੱਟ ਸ਼ਰਧਾ ਤੇ ਨਿੱਘਾ ਪਿਆਰ ਟਪਕਣ ਲੱਗ ਪਿਆ।

'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਪਹਿਲੀ ਅਜਿਹੀ ਕਿਤਾਬ ਹੈ ਜਿਸ ਵਿੱਚ ਭਾਈ ਤਾਰੂ ਸਿੰਘ ਜੀ ਦਾ ਵਾਰਤਕ ਜੀਵਨ ਇਸ ਢੰਗ ਨਾਲ ਲਿਖਿਆ ਗਿਆ

ਹੈ। ਆਰੀ ਦੇ ਦੰਦਿਆਂ ਨੂੰ ਜੇ ਸਾਨ ਉਤੇ ਚਾੜ੍ਹ ਕੇ ਤਿੱਖਾ ਨਾ ਕੀਤਾ ਜਾਵੇ ਤਾਂ ਇਹ ਕੰਮ ਕਰਨ ਤੋਂ ਅਸਮਰਥ ਹੋ ਜਾਂਦੇ ਹਨ। ਕੁਝ ਇਸੇ ਤਰਾਂ ਇਤਿਹਾਸ ਦੀਆਂ ਇਤਿਹਾਸਕ ਘਟਨਾਵਾਂ ਹਨ। ਜੇ ਇਹਨਾਂ ਨੂੰ ਮੁੜ-ਮੁੜ ਨਵੀਂ ਰੌਸ਼ਨੀ ਦੇ ਚੱਕ 'ਤੇ ਚਾੜ ਕੇ ਤਿੱਖਾ ਨਾ ਕੀਤਾ ਜਾਵੇ ਤਾਂ ਨਿਰ-ਜਿੰਦ ਲੱਗਣ ਲੱਗ ਪੈਂਦੀਆਂ ਹਨ। ਇਤਿਹਾਸ ਦੀ ਸੋਧ-ਸੁਧਾਈ ਅਤੇ ਮੁੜ ਸੁਰਜੀਤ ਕਰਨਾ ਲਾਜ਼ਮੀ ਹੈ। ਖੋਜ ਕਰਦਿਆਂ ਕਦੀ-ਕਦੀ ਅਜਿਹੇ ਤੱਤ ਸਾਹਮਣੇ ਆ ਜਾਂਦੇ ਹਨ ਕਿ ਸਦੀਆਂ ਦੇ ਬਣੇ ਖਿਆਲ ਵੀ ਹਵਾ ਵਿਚ ਉੱਡ ਜਾਂਦੇ ਹਨ। ਉਦਾਹਰਣ ਵਜੋਂ ਭਾਈ ਸੁੱਖਾ ਸਿੰਘ ਦੀ ਸ਼ਹੀਦੀ ਆਪ ਜੀ ਦੇ ਕਈ ਭਰਮ ਤੋੜੇਗੀ।

ਭਾਈ ਹਕੀਕਤ ਰਾਏ ਸਿੰਘ ਜੀ ਦੀ ਸ਼ਹੀਦੀ ਅੱਜ ਦੇ ਨੌਜਵਾਨ ਨੂੰ ਪਤਿਤਪੁਣੇ ਤੇ ਨਸ਼ਿਆਂ ਦੀ ਭੈੜੀ ਅਵੱਗਿਆ ਤੋਂ ਰੋਕੇਗੀ। ਵਿਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਦੀ ਸ਼ਹੀਦੀ ਸਰਬ-ਸਾਂਝੀਵਾਲਤਾ ਦੇ ਝੰਡੇ ਝੁਲਾਏਗੀ। ਜਿਹੜੇ ਗੁਰੂ ਕੇ ਪਿਆਰੇ ਛੋਟੀਆਂ-ਮੋਟੀਆਂ ਤਕਲੀਫਾਂ ਵੇਖ ਕੇ ਗੁਰ ਮਾਰਗ ਛੱਡ ਜਾਂਦੇ ਹਨ, ਉਨ੍ਹਾਂ ਵੀਰਾਂ ਦੇ ਮਨ ਦੇ ਡਰ ਭਾਈ ਤਾਰੂ ਸਿੰਘ ਖੋਪਰੀ ਉਤਰਨ ਦੇ ਬਾਅਦ ੨੨ ਦਿਨ ਦਾ ਸਮਾਂ ਪੜ੍ਹ ਕੇ ਦੂਰ ਹੋ ਜਾਣਗੇ ਤੇ ਉਹ ਸੱਚੇ-ਸੁਚੇ ਸਿੱਖ ਬਣ ਕੇ ਜੀਵਨ ਗੁਜਾਰਨਗੇ।

ਅੱਜ ਦੇ ਨਵੇਂ ਬਣੇ ਗ੍ਰੰਥੀ, ਗੁਰੂ ਕੇ ਕੀਰਤਨੀਏ ਰਾਗੀ, ਪ੍ਰਚਾਰਕ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਸਟੇਜ ਸਕੱਤਰ ਆਦਿਕ ਵੀਰਾਂ ਦੀ ਇੱਕ ਖਾਸ ਮੰਗ ਸੀ ਕਿ ਅਸੀਂ ਸਟੇਜ 'ਤੇ ਇਤਿਹਾਸ ਕਿਸ ਤਰ੍ਹਾਂ ਬੋਲੀਏ, ਕਿਉਂਕਿ ਕੋਈ ਵੀ ਕਿਤਾਬ ਸਟੇਜ 'ਤੇ ਇਤਿਹਾਸ ਬੋਲਣ ਵਾਸਤੇ ਬਣੀ ਹੀ ਨਹੀਂ ਹੈ। ਉਹਨਾਂ ਦੀ ਮੰਗ ਤੇ ਸਮੇਂ ਦੀ ਲੋੜ ਨੂੰ ਦੇਖਦਿਆਂ ਅੱਜ ਜੋ ਇਹ ਕਿਤਾਬ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਹੈ, ਇਸ ਵਿੱਚ ਇੱਕ-ਇੱਕ ਸ਼ਬਦ ਬੋਲਣ ਲਈ ਲਿਖੇ ਹਨ। ਇਸ ਦੀ ਇੱਕ-ਇੱਕ ਘਟਨਾ ਨੂੰ ਵਿਸਥਾਰ ਨਾਲ ਲਿਖਣ ਦਾ ਯਤਨ ਕੀਤਾ ਹੈ ਜੋ ਕਿ ਆਪ ਲਈ ਲਾਹੇਬੰਦ ਸਾਬਤ ਹੋਵੇਗੀ। ਭਾਈ ਤਾਰੂ ਸਿੰਘ ਜੀ ਦਾ ਜੀਵਨ ਇਤਨਾ ਸੌਖਾ ਤੇ ਸਰਲ ਭਾਸ਼ਾ ਵਿੱਚ ਲਿਖਿਆ ਹੈ ਕਿ ਹਰ ਬੱਚੇ ਨੂੰ ਵੀ ਆਸਾਨੀ ਨਾਲ ਸਮਝ ਆ ਜਾਣ ਵਾਲਾ ਹੈ।

ਅੱਜ ਦੇ ਪਾਠਕਾਂ ਨੂੰ ਧਿਆਨ ਵਿਚ ਰੱਖ ਕੇ ਲੜੀਵਾਰ ਸੰਨ, ਸੰਮਤ ਤੇ ਤਰੀਕਾਂ ਦੀ ਲੜੀ ਬਣਾਈ ਗਈ ਹੈ। ਭਾਈ ਤਾਰੂ ਸਿੰਘ ਜੀ ਦੇ ਜਨਮ ਤੋਂ ਲੈ ਕੇ ਸ਼ਹੀਦੀ ਤੱਕ ਜਿੰਨੀਆਂ ਵੀ ਗੁੰਝਲਾਂ, ਰਮਜ਼ਾਂ ਹਨ ਉਹ ਭਾਈ ਸਾਹਿਬ ਜੀ ਖੋਲ੍ਹਦੇ ਨਜ਼ਰ ਆ ਰਹੇ ਹਨ।

ਵੱਡੇ ਵੀਰ ਗਿਆਨੀ ਸ਼ਿਵਦੇਵ ਸਿੰਘ ਨੇ ਗੁਰਦੁਆਰਾ ਵੈਸਟਨ ਰੋਡ, ਟੋਰਾਂਟੋ, ਕੈਨੇਡਾ ਤੋਂ ਫੋਨ ਦੇ ਜਰੀਏ ਭਾਈ ਤਾਰੂ ਸਿੰਘ ਦਾ ਜੀਵਨ ਘੋਖ ਕੇ ਵਿਚਾਰਾਂ ਦਿੱਤੀਆਂ ਹਨ।

ਵੀਰ ਗਿਆਨੀ ਮਨਜਿੰਦਰ ਸਿੰਘ ਸੋਹੀਆਂ, ਕੈਨੇਡਾ ਵਾਸੀ ਜੀ ਨੇ ਵੀ ਕਿਤਾਬ ਦਾ ਕੱਚਾ ਖਰੜਾ ਪੜ੍ਹਕੇ ਇਤਿਹਾਸ ਪੱਖੋਂ ਬਹੁਤ ਕੀਮਤੀ ਸਲਾਹਾਂ ਦਿੱਤੀਆਂ ਹਨ।

ਅਖੀਰ ਭਾਈ ਤਾਰੂ ਸਿੰਘ ਯੂਥ ਕੌਂਸਲ, ਗੁਰਪਾਲ ਨਗਰ, ਲੁਧਿਆਣਾ, ਪੰਜਾਬ ਦੇ ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ ਜੀ, ਜਿਨ੍ਹਾਂ ਨੇ ਭਾਰੀ ਮਿਹਨਤ ਕਰਕੇ ਇਸ ਕਿਤਾਬ ਦੀ ਸੁਧਾਈ ਕੀਤੀ ਹੈ ਤੇ ਜਿੱਥੇ ਭਾਈ ਤਾਰੂ ਸਿੰਘ ਯੂਥ ਕੌਂਸਲ ਚਲਾ ਕੇ ਨੌਜਵਾਨਾਂ ਨੂੰ ਪਤਿਤਪੁਣੇ ਤੋਂ ਰੋਕਣ ਦਾ ਸਫਲ ਯਤਨ ਕਰ ਰਹੇ ਹਨ ਉੱਥੇ ਕੀਰਤਨ ਕਰਕੇ ਵੀ ਨੌਜਵਾਨਾਂ ਨੂੰ ਆਪਣੇ ਗੁਰੂ ਨਾਲ ਜੋੜ ਰਹੇ ਹਨ ਜੋ ਕਿ ਇੱਕ ਸ਼ਲਾਘਾ ਯੋਗ ਕਦਮ ਹੈ। ਭਾਈ ਅਰਵਿੰਦਰ ਸਿੰਘ ਜੀ ਜੋ ਤਕਰੀਬਨ ੫ ਸਾਲ ਤੋਂ ਮੇਰੇ ਨਾਲ ਜੋੜੀ (ਤਬਲਾ) ਦੀ ਸੰਗਤ ਕਰਦੇ ਆ ਰਹੇ ਨੇ ਨੇ ਵੀ ਇਸ ਕਿਤਾਬ ਵਿੱਚ ਸੁਧਾਈ ਦੀ ਸੇਵਾ ਬਹੁਤ ਹੀ ਪਿਆਰ ਨਾਲ ਨਿਭਾਈ ਹੈ। ਜਿੱਥੇ ਮੇਰੇ ਸਪੁੱਤਰ ਭਾਈ ਜਸਬੀਰ ਸਿੰਘ ਜੋ ਬਚਪਨ ਤੋਂ ਹੀ ਮੇਰੇ ਨਾਲ ਕੀਰਤਨ ਦੀ ਸੇਵਾ ਕਰਦੇ ਆ ਰਹੇ ਹਨ, ਨੇ ਵੀ ਇਸ ਕਿਤਾਬ ਪ੍ਰਤੀ ਅਮੁੱਲ ਵਿਚਾਰ ਦਿੱਤੇ ਹਨ। ਸਾਡੀ ਨੂੰਹ ਰਾਣੀ ਬੀਬੀ ਮਨਦੀਪ ਕੌਰ ਜੀ ਨੇ ਸੁਧਾਈ ਵਿੱਚ ਸਹਿਯੋਗ ਦਿੱਤਾ ਹੈ। ਮੇਰੇ ਜੀਵਨ ਸਾਥੀ ਬੀਬੀ ਸੁਰਿੰਦਰ ਕੌਰ ਤੇ (ਛੋਟਾ ਬੇਟਾ) ਕਾਕਾ ਗਗਨਦੀਪ ਸਿੰਘ ਤੇ (ਪੋਤਰੀ) ਤਵਲੀਨ ਕੌਰ ਜੋ ਪੜ੍ਹਣ ਵਾਲੀਆਂ ਕਿਤਾਬਾਂ ਚੁੱਕ ਕੇ ਫੜਾਉਣ ਦੀ ਸੇਵਾ ਨਿਭਾਉਂਦੀ ਰਹੀ ਅਤੇ ਭਾਈ ਸੁਖਦੇਵ ਸਿੰਘ ਜੀ ਜੰਮੂ ਵਾਲੇ ਨੇ ਵੀ ਬਹੁਤ ਸਾਥ ਦਿੱਤਾ ਹੈ। ਇਸ ਤੋਂ ਬਿਨਾਂ ਹੋਰ ਵੀ ਕਈ ਵੀਰਾਂ ਨੇ ਦਾਸ ਦੀ ਕਿਤਾਬ ਲਿਖਣ ਸਮੇਂ ਜੋ ਮਦਦ ਕੀਤੀ ਉਹ ਵੀ ਸ਼ਲਾਘਾ ਯੋਗ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਸਭ ਗੱਲਾਂ ਛੱਡ ਕੇ ਭਾਈ ਤਾਰੂ ਸਿੰਘ ਜੀ ਦਾ ਵਾਰਤਕ ਜੀਵਨ ਪੜ੍ਹ ਲੈਣ ਤਾਂ ਮੇਰੀ ਕੀਤੀ ਘਾਲਣਾ ਦਾ ਫਲ ਮੇਰੀ ਝੋਲੀ ਵਿੱਚ ਪੈ ਜਾਵੇਗਾ।

ਮੈਨੂੰ ਇਹੀ ਸਮਝ ਪੈ ਸਕੀ ਹੈ ਕਿ ਪੂਰੀ ਨੇਕ-ਨੀਤੀ ਨਾਲ ਕੀਤੀ ਮਿਹਨਤ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਵਾਰਤਕ ਜੀਵਨ ਭਾਈ ਤਾਰੂ ਸਿੰਘ ਜੀ ਦੇ ਰੂਪ ਵਿੱਚ ਮੈਂ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹਾਂ।

ਅਭੁੱਲਤਾ ਦਾ ਮਾਣ ਕੋਈ ਵੀ ਬੰਦਾ ਨਹੀਂ ਕਰ ਸਕਦਾ ਪਰ ਦਾਸ ਇਹ ਆਸ ਕਰਦਾ ਹੈ ਕਿ ਪਾਠਕ ਮੇਰੀਆਂ ਉਕਾਈਆਂ ਨੂੰ ਹਮਦਰਦੀ ਦੀ ਨਿਗਾਹ ਨਾਲ ਵੇਖ ਕੇ ਦਾਸ ਨੂੰ ਸਹੀ ਰਸਤਾ ਵਿਖਾਉਣਗੇ।

ਮੈਨੂੰ ਪੂਰਨ ਵਿਸਵਾਸ਼ ਹੈ ਕਿ ਪਿਆਰੇ ਪਾਠਕ ਇਸ ਪੁਸਤਕ ਨੂੰ ਵੀ ਪਹਿਲੀਆਂ ਪੁਸਤਕਾਂ ਦੀ ਤਰ੍ਹਾਂ ਪਿਆਰ ਦੇਣਗੇ। ਇਸ ਤੋਂ ਬਾਅਦ ਦਾਸ ਦੀਆਂ ਆਉਣ ਵਾਲੀਆਂ ਪੁਸਤਕਾਂ 'ਨਿਆਰੇ ਪੰਜ ਪਿਆਰੇ', 'ਹਰਿ ਦਰਸ਼ਨ ਪਾਇਆ' ਅਤੇ 'ਅੱਜ ਕੀ ਬੋਲੀਏ' ਪਾਠਕਾਂ ਨੂੰ ਬਹੁਤ ਜਲਦੀ ਹੀ ਭੇਟਾ ਕਰਾਂਗਾ।

ਔਗੁਣ ਭਰਪੂਰ,
ਦਾਸ ਬੇਅੰਤ ਸਿੰਘ

"ਦੋ ਸ਼ਬਦ"

ਇਹ ਪੁਸਤਕ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ..?' ਅੱਜ ਆਪ ਜੀ ਦੇ ਕਰ-ਕਮਲਾਂ ਵਿੱਚ ਸੁਸ਼ੋਭਿਤ ਹੋ ਰਹੀ ਹੈ। ਇਸ ਵਡਮੁੱਲੀ ਸੁਗਾਤ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਪੂਹਲਾ, ਉਹਨਾਂ ਦੇ ਲੋਕ ਭਲਾਈ ਲਈ ਕੀਤੇ ਪਰਉਪਕਾਰ, ਉਹਨਾਂ ਦੇ ਉੱਚ ਕਾਰਨਾਮੇ ਪੜ੍ਹ ਕੇ ਉਤਸ਼ਾਹਿਤ ਹੋਵੋਗੇ।

ਭਾਈ ਤਾਰੂ ਸਿੰਘ ਜੀ ਦੇ ਜੀਵਨ ਸਬੰਧੀ ਕਿਤਾਬਾਂ ਵਿੱਚ ਜ਼ਿਕਰ ਤਾਂ ਬਹੁਤ ਆਇਆ ਹੈ ਪਰ ਇਹ ਪਹਿਲੀ ਕਿਤਾਬ ਹੈ, ਜਿਸ ਵਿੱਚ ੨੫ ਸਾਲ ੩ ਮਹੀਨੇ ਤੇ ੧੩ ਦਿਨ ਦਾ ਲੜੀਵਾਰ ਵਾਰਤਕ ਜੀਵਨ ਲਿਖਿਆ ਗਿਆ ਹੈ। ਸਿਰਫ ਇੱਕ-ਦੋ ਕਿਤਾਬਾ ਵਿੱਚ ਹੀ ਦਾਦਾ-ਦਾਦੀ,ਮਾਤਾ-ਪਿਤਾ ਤੇ ਭੈਣ-ਭਰਾ ਦੇ ਨਾਮ ਮਿਲਦੇ ਹਨ। ਇਸ ਕਿਤਾਬ ਵਿੱਚ ਭਾਈ ਤਾਰੂ ਸਿੰਘ ਜੀ ਦੇ ਜੀਵਨ ਵਿੱਚ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ, ਭਾਈ ਰਣਜੋਧ ਸਿੰਘ ਜੀ ਦੀ ਸ਼ਹੀਦੀ ਭਾਈ ਹਕੀਕਤ ਰਾਏ ਦੀ ਸ਼ਹੀਦੀ,ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਜੀ ਦੀ ਸ਼ਹੀਦੀ, ਭਾਈ ਤਾਰਾ ਸਿੰਘ 'ਵਾਂ' ਦਾ ਜ਼ਿਕਰ ਬਾਖੂਬੀ ਕੀਤਾ ਗਿਆ ਹੈ। ਇਸ ਤੋਂ ਬਿਨਾਂ ਸ. ਸੁਬੇਗ ਸਿੰਘ ਤੇ ਸ. ਸ਼ਹਿਬਾਜ਼ ਸਿੰਘ ਜੀ ਦੀ ਸ਼ਹੀਦੀ ਦਾ ਜ਼ਿਕਰ, ਸ. ਜੈ ਸਿੰਘ ਜੋ ਭਾਈ ਤਾਰੂ ਸਿੰਘ ਜੀ ਦੇ ਤਾਇਆ ਜੀ ਸਨ ਅਤੇ ਸ. ਦੀਦਾਰ ਸਿੰਘ ਜੋ ਭਾਈ ਸਾਹਿਬ ਜੀ ਦੇ ਪਿਤਾ ਜੀ ਸਨ, ਦੀ ਸ਼ਹੀਦੀ ਬਾਰੇ ਵੀ ਪੜ੍ਹਨ ਨੂੰ ਮਿਲਦਾ ਹੈ।

ਇਸ ਕਿਤਾਬ ਵਿੱਚ ਭਾਈ ਬੇਅੰਤ ਸਿੰਘ ਜੀ ਭਾਈ ਤਾਰੂ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ ਦੀ ਇੱਕ-ਇੱਕ ਤਾਰੀਖ-ਵਾਰ, ਇੱਕ-ਇੱਕ ਸਥਾਨ, ਇੱਕ-ਇੱਕ ਪਿੰਡ-ਗਰਾਂ, ਸਮੇਤ ਇੱਕ-ਇੱਕ ਖ਼ਾਨਦਾਨ ਆਦਿ ਦਾ ਜ਼ਿਕਰ ਕ੍ਰਮਵਾਰ ਅਤੇ ਢੁੱਕਵੇਂ ਤਰੀਕੇ ਨਾਲ ਕੀਤਾ ਗਿਆ ਹੈ। ਲੇਖਕ ਨੇ ਕਿਧਰੇ ਵੀ ਮਨ-ਮੱਤ ਕਹਾਣੀਆਂ ਦਾ ਆਸਰਾ ਨਹੀਂ ਲਿਆ ਤੇ ਨਾ ਹੀ ਵਾਧੂ ਕਰਾਂਮਾਤਾਂ ਜੋੜ ਕੇ ਇਤਿਹਾਸ ਦੀ ਰੌਂ ਨੂੰ ਬਦਲਿਆ ਹੈ, ਸਗੋਂ ਕਮਾਲ ਦੀ ਖੂਬੀ ਨਾਲ ਗੁਰਮੱਤ ਦੇ ਆਧਾਰ ਤੇ ਇਤਿਹਾਸ ਸੁਧਾਈ ਤੇ ਨਵੀਂ ਧੁਲਾਈ ਕਰ ਕੇ ਸੰਗਤਾਂ ਦੇ ਸਾਹਮਣੇ ਰੱਖਿਆ ਹੈ। ਸਤਿਗੁਰਾਂ ਦੇ ਆਸਰੇ ਨੂੰ 'ਗੁਰ-ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹਹਿ ਰਾਈ' ਹੀ ਮੁੱਖ ਵਿਸ਼ਾ ਰੱਖਿਆ ਹੈ।

ਇਸ ਕਸਵੱਟੀ ਤੇ ਕਈ ਇਤਿਹਾਸਕਾਰ ਖੁੰਝ ਵੀ ਜਾਂਦੇ ਹਨ। ਇਸ ਪੁਸਤਕ ਪ੍ਰੋ. ਬੇਅੰਤ ਸਿੰਘ ਜੀ ਦੀ ਸਾਰੀ ਉਮਰ ਦੇ ਤਜਰਬਿਆਂ ਦਾ ਨਿਚੋੜ ਹੈ। ਆਪ ਦੀ ਲੇਖਣੀ, ਅਤਿ ਦਰਜੇ ਦੀ ਸੁਖਾਲੀ, ਮਨੁੱਖ ਮੱਤ ਦੀ ਸਮਝ ਵਿੱਚ ਆ ਜਾਣ ਵਾਲੀ ਹੈ।

ਵਾਰਤਕ ਜੀਵਨ ਭਾਈ ਤਾਰੂ ਸਿੰਘ ਜੀ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਵਿੱਚ ਜੋ ਵਿਚਾਰ ਦਿੱਤੇ ਗਏ ਹਨ ਇਹਨਾਂ ਵਿਚਾਰਾਂ ਦੀ ਲੋੜ ਅੱਜ ਨਾਲੋਂ ਪਹਿਲਾਂ ਕਦੇ ਨਹੀਂ ਸੀ। ਇਸ ਛੋਟੀ ਜਿਹੀ ਰਚਨਾਂ ਹਰ ਪੇਂਡੂ-ਸ਼ਹਿਰੀ ਨੌਜਵਾਨ ਨੂੰ ਭਾਵੁਕ,ਬੌਧਿਕ ਅਤੇ ਉਪਜਾਊ ਸ਼ਕਤੀਆਂ ਸੋਧਣ ਲਈ ਪੜ੍ਹਨੀ ਚਾਹੀਦੀ ਹੈ।

ਪ੍ਰੋ. ਬੇਅੰਤ ਸਿੰਘ ਕਲੇਰਾਂ ਵਾਲੇ ਇਸ ਵਲੋਂ ਵਧਾਈ ਦੇ ਪਾਤਰ ਹਨ ਕਿ ਇਹ ਪੁਸਤਕ ਲਿਖ ਕੇ ਸਿੱਖ ਧਰਮ ਵਿੱਚ ਇਤਿਹਾਸ ਦੀ ਘਾਟ ਨੂੰ ਪੂਰਾ ਕਰਨ ਲਈ ਸੁੱਚਜਾ ਕਦਮ ਚੁੱਕਿਆ ਹੈ। ਇਸ ਪੁਸਤਕ ਸਿੱਖ ਇਤਿਹਾਸ ਦੇ ਸਹੀ ਸਰੂਪ ਨੂੰ ਵੀ ਪ੍ਰਗਟ ਕਰਦੀ ਹੈ। ਇਹ ਪੁਸਤਕ ਅਜੋਕੇ ਯੁੱਗ ਵਿੱਚ ਭਟਕੇ ਹੋਏ ਨੌਜਵਾਨਾਂ ਲਈ ਇੱਕ ਚੁਨੌਤੀ ਹੈ।

ਰੱਬ ਦੀ ਬਣਾਈ ਹੋਈ ਧਰਤੀ ਬਹੁਤ ਹੀ ਸੁੰਦਰ ਤੇ ਨਿਰਾਲੀ ਹੈ ਪਰ ਇਸ ਵਿੱਚ ਜ਼ਹਿਰੀਲੇ ਕੁਕਰਮਾਂ ਦਾ ਬਾਗ ਵੀ ਹੈ। ਜੋ ਇਨਸਾਨ ਗੁਰੂ ਵਾਲਾ ਹੁੰਦਾ ਹੈ ਉਸਨੂੰ ਇਸ ਦਾ ਜ਼ਹਿਰ ਨਹੀ ਚੜ੍ਹਦਾ। ਭਾਈ ਤਾਰੂ ਸਿੰਘ ਜੀ ਜੀਵਨ ਇਸ ਕੁਕਰਮਾਂ ਦੀ ਜ਼ਹਿਰ ਤੋਂ ਬਚਨ ਦਾ ਇੱਕ ਰਾਹ ਹੈ। ਭਾਣਾ ਮੰਨਣਾ ਸਿੱਖੀ ਦਾ ਮੁਢਲਾ ਤੇ ਬੁਨਿਆਦੀ ਵਿਚਾਰ ਹੈ। ਇਸ ਦ੍ਰਿਸ਼ਟੀ ਤੋਂ ਸਿੱਖ ਇਤਿਹਾਸ ਦਾ ਸੰਖੇਪ ਬਿਓਰਾ ਦੇਣ ਉਪਰੰਤ ਸਾਰ (ਜਾਣਕਾਰੀ) ਦਿੰਦਾ ਹੈ ਕਿ ਕਿ ਅਜਿਹੀ ਕੌਮ ਪੈਦਾ ਕੀਤੀ,ਜਿਸ ਦੀਆਂ ਨੀਹਾਂ ਵਿੱਚ ਇੱਟਾਂ ਸਿਰ ਦੀ ਖੋਪਰੀ ਦੀਆਂ ਲਾਈਆਂ,ਸੀਮੇਂਟ ਕੁਰਬਾਨੀ ਦਾ ਲਾਇਆ ਤੇ ਭਾਣਾ ਮੰਨਣ ਵਾਲਾ ਉਸ ਪੰਥ ਦਾ ਕਾਰੀਗਰ ਬਣਾਇਆ। ਭਾਣਾ ਮੰਨਣ ਵਾਲੇ ਇਨਸਾਨ ਅਤੇ ਰੱਬ ਵਿੱਚ ਕੋਈ ਫ਼ਰਕ ਨਹੀਂ ਰਹਿ ਜਾਂਦਾ।

ਸਾਰੇ ਖ਼ਾਲਸਾ ਪੰਥ ਦੀਆਂ ਬੁਨਿਆਦਾਂ ਸ਼ਹੀਦੀ ਤੇ ਭਾਣਾ ਮੰਨਣ ਦੇ ਅਸੂਲਾਂ ਤੇ' ਹਨ। ਸਮਾਜ ਦੀ ਅਨੋਖੀ ਸਥਿਤੀ ਤੇ ਲੇਖਕ ਟਿੱਪਣੀ ਵੀ ਕਰਦਾ ਹੈ ਅਤੇ ਦੁੱਖ ਵੀ ਪ੍ਰਗਟ ਕਰਦਾ ਹੈ। ਉਹ ਆਸ਼ਾਵਾਦੀ ਹੈ ਤੇ ਕਹਿੰਦਾ ਹੈ ਕਿ ਇਹੋ ਜਿਹੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਜ਼ਰੂਰੀ ਹੋ ਗਿਆ ਹੈ ਕਿ ਮਨੁੱਖ ਨੂੰ ਹਲੂਣਾ ਦਿੱਤਾ ਜਾਵੇ। ਲੇਖਕ ਇਸ ਪੁਸਤਕ ਦੇ ਜ਼ਰੀਏ ਨੌਜਵਾਨਾਂ ਤੇ ਮੁਟਿਆਰਾਂ ਨੂੰ ਅਪੀਲ ਕਰਦਾ ਹੈ ਕਿ ਉਹ ਆਪਣੀ ਰੂਹ ਨੂੰ ਸ਼ਿੰਗਾਰਣ ਅਤੇ ਉਸ ਦੀ ਦਿਲੀ ਸੱਧਰ ਨਰਕ ਬਣ ਰਹੇ ਸੰਸਾਰ ਨੂੰ ਸਵਰਗ ਵਿੱਚ ਬਦਲਿਆ ਦੇਖਣ ਦੀ ਹੈ।

'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਵਿੱਚ ਜੋ ਵਿਚਾਰ ਪੇਸ਼ ਕੀਤੇ ਗਏ ਹਨ ਉਹ ਬਹੁਤ ਹੀ ਸ਼ਲਾਘਾਯੋਗ ਹਨ। ਮਨ ਦਾ ਪਰਮਾਰਥ ਵਾਲੇ ਪਾਸੇ ਲੱਗ ਜਾਣਾ ਮਾਪਿਆਂ ਦੇ ਆਸ਼ੀਰਵਾਦ ਅਤੇ ਅਕਾਲ ਪੁਰਖ ਦੀ ਬਖਸ਼ਿਸ ਦਾ ਹੀ ਨਤੀਜਾ ਹੁੰਦਾ ਹੈ। ਇਹ ਪੁਸਤਕ ਇੱਕ ਅਜੂਬਾ ਹੈ। ਜੇ ਮਨੁੱਖ ਇਸ ਦਾ ਵਿਸ਼ਵਾਸ਼ ਨਾਲ ਅਧਿਐਨ ਕਰੇ ਤਾਂ ਇਹ ਆਮ ਮਨੁੱਖ ਨੂੰ ਗੁਰਸਿਖ ਬਣਾ ਸਕਦੀ ਹੈ। ਪਰੰਤੂ ਇੱਕ ਗੱਲ ਮੈਂ

ਦੁੱਖ ਨਾਲ ਕਹਿੰਦਾ ਹਾਂ ਕਿ ਲੋਕਾਂ ਕੋਲ ਅਜਿਹੀਆਂ ਕਿਤਾਬਾਂ ਪੜ੍ਹਨ ਦਾ ਸਮਾਂ ਹੀ ਨਹੀਂ ਹੈ। ਸੰਸਾਰ ਬਹੁਤ ਬਦਲ ਚੁੱਕਾ ਹੈ ਤੇ ਅਜਿਹੀਆਂ ਸਚਾਈਆਂ ਤੋਂ ਦੂਰ ਭੱਜਦਾ ਜਾ ਰਿਹਾ ਹੈ।

ਗੁਰਮੱਤ ਦੇ ਇਹ ਗੰਭੀਰ ਸਿਧਾਤਾਂ ਉੱਤੇ ਕਿੰਤੂ-ਪਰੰਤੂ ਕਰਨ ਵਾਲੇ ਸੰਸੇ ਉਨ੍ਹਾਂ ਨੂੰ ਉਪਜਦੇ ਹਨ ਜਿਨ੍ਹਾਂ ਨੇ ਗੁਰਬਾਣੀ ਨੂੰ ਕੇਵਲ ਘੋਖਿਆ ਹੈ ਪਰ ਕਮਾਇਆ ਨਹੀਂ,ਸੁਣਿਆ-ਪੜ੍ਹਿਆ ਹੈ ਪਰ ਅਜਮਾਇਆ ਨਹੀਂ। ਗੁਰਬਾਣੀ ਦੇ ਹੁਕਮਾਂ ਅਨੁਸਾਰ, 'ਹੁਕਮਨ ਸਿਰ ਸੱਚੇ ਹੁਕਮ' ਗੁਰਮੱਤ ਨਾਮ ਦੀ ਅਤੁੱਟ ਅਭਿਆਸ ਕਮਾਈ ਨਹੀ ਕੀਤੀ ਅਤੇ ਸਿਮਰਨ, ਸਿਫਤ ਸਲਾਹ ਅਤੇ ਸੱਚੀ ਸੇਵਾ ਦੀ ਘਾਲਣਾ ਨਹੀ ਘਾਲੀ। ਉਹ ਸਿੱਖ ਜਗਿਆਸੂ ਇਸ ਉੱਚ ਗੁਰਮਤਿ ਸਿਧਾਂਤ ਦੀ ਸਚਾਈ ਨੂੰ ਕੀ ਜਾਣ ਸਕਦੇ ਹਨ ?

ਇਸ ਪੁਸਤਕ ਵਿੱਚ ਪ੍ਰੋ.ਬੇਅੰਤ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਜੀਵਨ ਦੇ ਆਖਰੀ ੨੨ ਦਿਨ ਦਾ ਜ਼ਿਕਰ ਇੱਕ-ਇੱਕ ਦਿਨ ਕਰਕੇ ਲਿਖ ਕੇ ਡੋਲਦੇ ਹਿਰਦੇ ਵੀ ਅਡੋਲ ਕਰ ਦਿੱਤੇ ਹਨ ਤੇ ਹੋਰ ਵੀ ਅਨਮੋਲ ਰਚਨਾਂ ਕਲਮ ਕ੍ਰਿਤ 'ਚੋਂ ਪ੍ਰਗਟ ਹੋਈਆ ਹਨ।

ਪ੍ਰੋ.ਸਾਹਿਬ ਜੀ ਦੀਆਂ ਹੋਰ ਰਚਨਾਵਾਂ ਜਿਨ੍ਹਾਂ ਵਿੱਚ 'ਸਾਝਾਂ ਗੁਰੂ', 'ਸ਼ਹੀਦ-ਏ-ਸਰਤਾਜ ਗੁਰੂ ਅਰਜਨ ਦੇਵ ਜੀ' ਅਤੇ ਇਹ ਰਚਨਾ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ..?', ਅਤੇ ਇਸ ਤੋਂ ਬਾਅਦ 'ਨਿਆਰੇ ਪੰਜ ਪਿਆਰੇ,ਅੱਜ ਕੀ ਬੋਲੀਏ, ਅਤੇ ਹਰਿ ਦਰਸ਼ਨ ਪਾਇਆ ਵੀ ਜਲਦ ਆ ਰਹੀਆਂ ਹਨ।

ਇਹਨਾਂ ਸ਼ੁਭ ਕਾਮਨਾਵਾਂ ਨਾਲ ਸਤਿਕਾਰ ਯੋਗ ਪ੍ਰੋ,ਬੇਅੰਤ ਸਿੰਘ ਜੀ ਨੂੰ ਪਾਤਸ਼ਾਹ ਚੜ੍ਹਦੀ ਕਲ੍ਹਾ ਦੇਵੇ ਅਤੇ ਉਹ ਇਸੇ ਤਰਾਂ ਕੀਰਤਨ ਪ੍ਰਚਾਰ ਤੇ ਸੁੰਦਰ ਕਿਤਾਬਾਂ ਲਿਖ ਕੇ ਸਿੱਖ ਕੌਮ ਦੀ ਸੇਵਾ ਨਿਭਾਉਂਦੇ ਰਹਿਣ ।

ਸ਼ੁਭ ਚਿੰਤਕ

ਗਿਆਨੀ ਮਨਜਿੰਦਰ ਸਿੰਘ ਸੋਹੀਆਂ,

ਓਨਟਾਰੀਓ, ਟੋਰਾਂਟੋ, ਕੈਨੇਡਾ।

"ਮੇਰੀ ਸੋਚ"

ਅੱਜ ਮੈਨੂੰ ਇਹ ਦੱਸਦਿਆਂ ਬਹੁਤ ਫ਼ਖਰ ਮਹਿਸੂਸ ਹੋ ਰਿਹਾ ਹੈ ਕਿ ਸਾਡੇ ਸਿੱਖ ਇਤਿਹਾਸ ਵਿੱਚ ਇੱਕ ਅਜਿਹਾ ਖ਼ਜਾਨਾ ਭਰਿਆ ਜਾ ਰਿਹਾ ਹੈ ਜਿਸ ਦੀ ਅਜੋਕੇ ਸਮੇਂ ਵਿੱਚ ਬਹੁਤ ਲੋੜ ਸੀ। ਗੁਰੂ ਮਹਾਰਾਜ ਜੀ ਨੇ ਇਹ ਸਾਰਾ ਕੁਝ ਆਪਣੇ-ਆਪ ਹੀ ਕਰਵਾਇਆ ਹੈ। 'ਪ੍ਰੋ. ਬੇਅੰਤ ਸਿੰਘ ਜੀ', ਜੋ ਇੱਕ ਇਤਿਹਾਸ ਕਾਰ ਹੋਣ ਦੇ ਨਾਲ-ਨਾਲ ਇੱਕ ਬਹੁਤ ਹੀ ਰਸ-ਭਿੰਨੇ ਕੀਰਤਨੀਏ ਅਤੇ ਇੱਕ ਜਾਗਰੂਕ ਗੁਰਮੱਤ ਦੇ ਪ੍ਰਚਾਰਕ ਵੀ ਹਨ। ਪ੍ਰੋਫੈਸਰ ਸਾਹਿਬ ਨੇ ਇਹ ਕਿਤਾਬ ਰੂਪੀ ਖਜਾਨਾ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਲਿਖ ਕੇ ਜਿੱਥੇ ਦਾਸ ਨੂੰ ਧੰਨਵਾਦ ਦਾ ਪਾਤਰ ਬਣਾਇਆ ਹੈ ਉੱਥੇ ਸਮੁੱਚੇ ਸਿੱਖ ਪੰਥ ਦੇ ਡਿਗ ਰਹੇ ਮਿਆਰ ਨੂੰ ਠੁੱਲ ਪਾਉਣ ਅਤੇ ਉੱਚਾ ਚੁੱਕਣ ਦਾ ਬਹੁਤ ਵਧੀਆ ਯਤਨ ਕੀਤਾ ਹੈ। ਮੈਂ ਆਪ ਜੀ ਨੂੰ ਦੱਸਣਾ ਚਾਹਾਂਗਾ ਕਿ ਇਹ ਘਟਨਾ ਕਿਵੇਂ ਅਤੇ ਕਿੱਥੇ ਵਾਪਰੀ..?

ਇਹ ਸਮਾਂ ਸੀ ੧੯ ਜੁਲਾਈ, ਸੰਨ ੨੦੦੯, ਸਥਾਨ ਸੀ-ਗੁਰਦੁਆਰਾ ਕਰਮਸਰ ਸਾਹਿਬ, ਗੁਰਪਾਲ ਨਗਰ, ਲੁਧਿਆਣਾ। ਰਾਤ ਦੇ ਦੀਵਾਨਾਂ ਵਿੱਚ ਸੰਗਤ ਦੀ ਬੇਨਤੀ ਨੂੰ ਮੰਨਦੇ ਹੋਏ ਪ੍ਰੋ. ਬੇਅੰਤ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰ ਰਹੇ ਸਨ। ਇਹ ਦੀਵਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੀ। ਦੀਵਾਨ ਵਿੱਚ ਸ਼ਹਿਰ ਦੇ ਹਰ ਗੁਣੀ-ਗਿਆਨੀਆਂ ਦੀਆਂ ਵਿਚਾਰਾਂ ਸੁਣੀਆਂ ਪਰ ਜੋ ਇਤਿਹਾਸ ਪ੍ਰੋ. ਬੇਅੰਤ ਸਿੰਘ ਜੀ ਨੇ ਕੀਰਤਨ ਕਰਦੇ ਹੋਏ ਪੇਸ਼ ਕੀਤਾ,ਉਹ ਅੱਜ ਤੱਕ ਬਹੁਤ ਘੱਟ ਗੁਰਮੁਖਾਂ ਦੇ ਮੁਖਾਰਬਿੰਦ ਤੋਂ ਪ੍ਰਾਪਤ ਹੋਇਆ ਸੀ। ਇਤਿਹਾਸ ਸੀ ਭਾਈ ਤਾਰੂ ਸਿੰਘ ਜੀ ਦੇ ਜੀਵਨ ਦਾ। ਸੁਣਦੇ ਹੀ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਇਸ ਇਤਿਹਾਸ ਦਾ ਇੱਕ ਪੈਂਫਲੇਟ ਜਾਂ ਇੱਕ ਛੋਟੀ ਕਿਤਾਬ ਛਪਵਾ ਕੇ ਸੰਗਤਾਂ ਦੇ ਸਨਮੁਖ ਕੀਤੀ ਜਾਵੇ। ਦੀਵਾਨ ਦੀ ਸਮਾਪਤੀ ਹੋਈ ਅਤੇ ਮੈਂ ਕੁਝ ਨੌਜਵਾਨਾਂ ਨੂੰ ਨਾਲ ਲਿਆ ਤੇ ਪ੍ਰੋ. ਸਾਹਿਬ ਜੀ ਦੇ ਕਮਰੇ ਵਿੱਚ ਜਿੱਥੇ ਉਹ ਪ੍ਰਸ਼ਾਦਾ ਛਕ ਰਹੇ ਸਨ, ਪਹੁੰਚ ਗਿਆ। ਆਗਿਆ ਲੈ ਕੇ ਅੰਦਰ ਦਾਖਲ ਹੋਇਆ ਤੇ ਅਸੀ ਸਾਰਿਆਂ ਨੇ ਫਤਿਹ ਬੁਲਾਈ। ਦਾਸ ਨੇ ਬੇਨਤੀ ਕੀਤੀ ਕਿ ਜੋ ਇਤਿਹਾਸ ਭਾਈ ਤਾਰੂ ਸਿੰਘ ਜੀ ਦਾ ਅੱਜ ਉਹਨਾਂ ਨੇ ਸੁਣਾਇਆ ਹੈ ਉਹ ਕਿਸੇ ਆਮ ਕਿਤਾਬ ਵਿੱਚ ਪੜ੍ਹਨ ਨੂੰ ਨਹੀਂ ਮਿਲਦਾ। ਪਹਿਲੀ ਵਾਰੀ ਜਨਮ ਤੋਂ ਸ਼ਹੀਦੀ ਤੱਕ ਲੜੀਵਾਰ ਇਤਿਹਾਸ ਸੁਣਿਆ ਹੈ। ਸੰਗਤਾਂ ਬਹੁਤ ਪ੍ਰਸੰਨ ਹੋਈਆਂ ਹਨ ਤੇ ਬਹੁਤ ਸੰਗਤਾਂ ਦਾਸ ਨੂੰ ਵਧਾਈਆਂ ਦੇ ਰਹੀਆਂ ਹਨ ਸੋ ਮਨ ਗਦ-ਗਦ ਹੋ ਗਿਆ ਹੈ।

ਜੇ ਉਹ ਇਸ ਇਤਿਹਾਸ ਨੂੰ ਇੱਕ ਕਿਤਾਬ ਦੇ ਰੂਪ ਵਿੱਚ ਕਲਮ-ਬੰਦ ਕਰ ਦੇਣ ਤਾਂ ਬਹੁਤ ਵਧੀਆਂ ਕਦਮ ਹੋਵੇਗਾ। ਦਾਸ ਦਾ ਇਹ ਇੱਕ ਸੁਪਨਾ ਹੈ। ਸੋ ਗੁਰੂ ਦੀ ਕਿਰਪਾ ਨਾਲ ਇਹ ਕਿਤਾਬ ਭਾਈ ਤਾਰੂ ਸਿੰਘ ਜੀ ਦਾ ਵਾਰਤਕ ਜੀਵਨ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਅੱਜ ਆਪ ਜੀ ਦੇ ਹੱਥਾਂ ਦਾ ਸ਼ਿੰਗਾਰ ਹੈ।

ਪ੍ਰੋ.ਬੇਅੰਤ ਸਿੰਘ ਜੀ ਨੇ ਉਸ ਸਮੇਂ ਹੋਰ ਵੀ ਕਿਰਪਾ ਕੀਤੀ ਜਦੋਂ ਇਸ ਕਿਤਾਬ ਦੇ 'ਵਾਰਤਾਲਾਪ' ਦੀ ਅਤੇ 'ਕੰਪਿਊਟਰ ਵਿੱਚ ਦਰਜ਼ ਕਰਨ' ਦੀ ਸੇਵਾ ਮੈਨੂੰ ਸੌਂਪੀ ਗਈ। ਇਸ ਤਰਾਂ ਇਸ ਕਿਤਾਬ ਨੂੰ ਕੰਪਿਊਟਰ ਵਿੱਚ ਦਰਜ਼ ਕਰਦਿਆਂ ਇਸ ਸੇਵਾ ਨੂੰ ਨਿਭਾਉਂਦਿਆ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਦੇ ਜੀਵਨ ਨੂੰ ਨੇੜਿਉਂ ਹੋ ਕੇ ਦੇਖਣ ਦਾ ਸੁਭਾਗ ਸਮਾਂ ਨਸੀਬ ਹੋਇਆ ਹੈ।

'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...' ਇਸ ਕਿਤਾਬ ਨੂੰ ਕੰਪਿਊਟਰ ਵਿੱਚ ਦਰਜ਼ ਕਰਦਿਆਂ ਅਜਿਹੇ ਕ੍ਰਿਸ਼ਮੇ ਵੇਖਣ ਤੇ ਮਹਿਸੂਸ ਕਰਨ ਨੂੰ ਮਿਲੇ ਜਿਸ ਨੂੰ ਕੋਈ ਵੀ ਕਲਮ ਬਿਆਨ ਨਹੀਂ ਕਰ ਸਕਦੀ। ਇਹ ਕ੍ਰਿਸ਼ਮੇ ਤਾਂ ਉਹੀ ਮਹਿਸੂਸ ਕਰਨਗੇ ਜੋ ਇਸ ਕਿਤਾਬ ਨੂੰ ਸਤਿਕਾਰ ਨਾਲ ਲੜੀਵਾਰ ਪੜ੍ਹਨਗੇ।

ਇਹ ਦੁਨੀਆਂ ਦੀ ਪਹਿਲੀ ਕਿਤਾਬ ਹੈ ਜਿਸ ਵਿੱਚ ਸ਼ਹੀਦ ਭਾਈ ਤਾਰੂ ਸਿੰਘ ਪੂਹਲੇ ਦੇ ਜੀਵਨ ਨੂੰ ਇੱਕ-ਇੱਕ ਸਾਲ, ਇੱਕ-ਇੱਕ ਮਹੀਨਾ ਅਤੇ ਇੱਕ-ਇੱਕ ਦਿਨ ਕਰਕੇ ਪੂਰੇ ਤਰਤੀਬ ਵਾਰ ਲਿਖਿਆ ਗਿਆ ਹੈ। ਬਹੁਤ ਇਤਿਹਾਸਕਾਰਾਂ ਦੁਆਰਾ ਭਾਈ ਤਾਰੂ ਸਿੰਘ ਜੀ ਦੇ ਜੀਵਨ ਬਾਰੇ ਘੱਟ ਲਿਖਿਆ ਗਿਆ ਪਰ ਉਹਨਾਂ ਦੀ ਲੰਗਰ ਦੀ ਸੇਵਾ ਤੇ ਅਖੀਰ ਸ਼ਹੀਦੀ ਬਾਰੇ ਹੀ ਲਿਖਿਆ ਗਿਆ ਹੈ ਤੇ ਉਹ ਵੀ ਬਹੁਤ ਹੀ ਸੰਖੇਪ ਵਿੱਚ।

ਮੈਂ ਆਪ ਜੀ ਨੂੰ ਇੱਕ ਆਪ-ਬਿੱਤੀ ਘਟਨਾ ਦੱਸਣਾ ਚਾਹੁੰਦਾ ਹਾਂ। ਕਿਤਾਬ ਵਿੱਚ ਇੱਕ ਜਗ੍ਹਾ 'ਤੇ 'ਮਾਂ-ਪੁੱਤ ਤੇ ਭੈਣ ਦਾ ਪਿਆਰ' ਲਿਖਿਆ ਗਿਆ ਹੈ ਜੋ ੧੭ ਮਈ,੧੭੪੫ ਦੀ ਰਾਤ ਦੀ ਘਟਨਾ ਵਿੱਚ ਦਰਜ ਹੈ। ਇਸ ਤਾਰੀਖ ਨੂੰ ਲੇਖਕ ਨੇ ਇੰਨੇ ਭਾਵੁਕ ਤਰੀਕੇ ਨਾਲ ਲਿਖਿਆ ਹੈ ਕਿ ਜਦੋਂ ਮੈਂ ਇਸ ਤਰੀਖ ਨੂੰ ਕੰਪਿਊਟਰ ਵਿੱਚ ਲਿਖ ਰਿਹਾ ਸੀ ਤਾਂ ਮੇਰੇ 'ਕੀ-ਬੋਰਡ'ਦੇ ਉੱਪਰ ਕੁਝ ਪਾਣੀ ਦੀਆਂ ਬੂੰਦਾਂ ਡਿੱਗ ਪਈਆਂ। ਮੈਂ ਘਬਰਾ ਕੇ ਉੱਪਰ ਦੇਖਿਆ ਤਾਂ ਮਹਿਸੂਸ ਹੋਇਆ ਕਿ ਇਹ ਤਾਂ ਮੇਰੇ ਆਪਣੇ ਹੀ ਅੱਖਾਂ ਦੇ ਅੱਥਰੂ ਹਨ ਜੋ ਮੇਰੇ ਤੋਂ ਪੁੱਛੇ ਬਿਨਾਂ ਹੀ ਮੇਰੇ ਦਿਲ ਨੇ ਭੇਜ ਦਿੱਤੇ। ਭਾਈ ਤਾਰੂ ਸਿੰਘ ਜੀ ਦੇ ਪਿਆਰ ਵਿੱਚ ਇਹ ਵੀ ਮੇਰੀ ਜਿੰਦਗੀ ਦਾ ਇੱਕ ਨਵਾਂ ਅਨੁਭਵ ਸੀ ਜੋ ਅੱਜ ਤੱਕ ਨਹੀਂ ਸੀ ਦੇਖਿਆ ਜਾਂ ਮਹਿਸੂਸ ਹੋਇਆ।

ਜਦੋਂ ਮੈਂ ਪ੍ਰੋ.ਬੇਅੰਤ ਸਿੰਘ ਜੀ ਦੀ ਲੇਖਣੀ ਨੂੰ ਵਾਰਤਾਲਾਪ ਵਿੱਚ ਤਬਦੀਲ ਕਰ ਰਿਹਾ ਸੀ ਤਾਂ ਹਰੇਕ ਵਾਰਤਾਲਾਪ ਤੋਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਕਿਤਾਬ ਵਿਚਲਾ ਪਾਤਰ ਆਪ ਹੀ ਕੋਲ ਖੜ੍ਹਾ ਹੋ ਕੇ ਬੋਲ ਰਿਹਾ ਹੋਵੇ। ਹਰੇਕ ਵਾਰਤਾਲਾਪ ਨੂੰ ਰੂ-ਬ-ਰੂ ਕਰਨ ਦਾ ਯਤਨ ਕੀਤਾ ਗਿਆ ਹੈ।

ਲੇਖਕ ਨੇ ਇੱਕ ਹੋਰ ਕਮਾਲ ਦੀ ਖੋਜ ਇਸ ਕਿਤਾਬ ਵਿੱਚ ਦਰਜ਼ ਕੀਤੀ ਹੈ,ਉਹ ਇਹ ਕਿ ਹੁਣ ਭਾਈ ਤਾਰੂ ਸਿੰਘ ਜੀ ਜੁੱਤੀ ਕਿੱਥੇ ਹੈ,ਜਿਸ ਨੂੰ ਜ਼ਕਰੀਆ ਖਾਨ ਦੇ ਸਿਰ ਵਿੱਚ ਮਾਰ ਕੇ ਉਸਦੀ ਮੁਕਤੀ ਹੋਈ ਸੀ ਅਤੇ ਦੂਜੀ ਜੁੱਤੀ ਦੀ ਖੋਜ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਇਸ ਬਾਰੇ ਪੜ੍ਹ ਕੇ ਮਨ ਬਹੁਤ ਪ੍ਰਸੰਨ ਹੋਇਆ ਹੈ। ਸਿੱਖ ਇਤਿਹਾਸ ਵਿੱਚ ਸੱਤ ਸੁੱਖਾ ਸਿੰਘਾਂ ਦੀ ਸ਼ਹੀਦੀ ਬਾਰੇ ਪੜ੍ਹ ਕੇ ਤਾਂ ਬਹੁਤ ਸਾਰੇ ਭਰਮ-ਭੁਲੇਖੇ ਦੂਰ ਕੀਤੇ ਗਏ ਹਨ। ਇਸ ਗੱਲ ਲਈ ਤਾਂ ਮੈਂ

ਪ੍ਰੋ.ਸਾਹਿਬ ਜੀ ਨੂੰ ਅੱਲਗ ਤੋਂ ਵਧਾਈ ਦਿੰਦਾ ਹਾਂ।

ਪ੍ਰੋ. ਬੇਅੰਤ ਸਿੰਘ ਜੀ ਨੇ ਇਸ ਕਿਤਾਬ ਵਿੱਚ ਵਾਰਤਕ ਜੀਵਨ ਲਿਖਿਆ ਹੈ ਭਾਵ ੨੫ ਸਾਲ, ੩ ਮਹੀਨੇ, ੧੩ ਦਿਨ ਦਾ ਲੜੀਵਾਰ ਇਤਿਹਾਸ। ਜਿਹੜੀਆਂ ਮੇਰੀਆਂ ਭੈਣਾਂ ਤੇ ਮਾਤਾਵਾਂ ਅੱਜੋਕੇ ਯੁੱਗ ਵਿੱਚ ਟੀ.ਵੀ. ਲੜੀਵਾਰਾਂ ਤੋਂ ਬਿਨਾਂ ਰਹਿ ਨਹੀ ਸਕਦੀਆਂ ਉਹਨਾਂ ਵਾਸਤੇ ਇਹ ਕਿਤਾਬ ਬਹੁਤ ਲਾਹੇਵੰਦ ਸਾਬਤ ਹੋਵੇਗੀ ਕਿਉਂਕਿ ਕਿਤਾਬ ਵਿੱਚ ਭਾਈ ਤਾਰੂ ਸਿੰਘ ਜੀ ਜੀਵਨ ਨੂੰ ਵਾਰਤਕ ਰੂਪ ਦਿੱਤਾ ਗਿਆ ਹੈ ਤੇ ਵਾਰਤਾਲਾਪ ਨੂੰ ਬੋਲਦੇ ਸਮੇਂ ਰੁਚੀ ਵਿੱਚ ਵਾਧਾ ਹੋਣਾ ਨਿਸ਼ਚਿਤ ਹੋਵੇਗਾ। ਇੱਕ ਗੱਲ ਹੋਰ, ਜਦੋਂ ਇੱਕ ਸੱਚੀ ਘਟਨਾ ਪੜ੍ਹ ਰਹੇ ਹੋਵਾਂਗੇ ਤਾਂ ਟੀ.ਵੀ. ਦੀਆਂ ਝੂਠੀਆਂ ਘਟਨਾਵਾਂ ਤੋਂ ਖਹਿੜਾ ਛੁੱਟ ਜਾਵੇਗਾ ਤੇ ਸੱਚਾ ਜੀਵਨ ਜਿਉਣ ਦਾ ਢੰਗ ਪਤਾ ਲੱਗ ਜਾਵੇਗਾ, ਜਿਵੇਂ ਇਸ ਕਿਤਾਬ ਵਿੱਚ ਲੇਖਕ ਕੇ ਮਾਤਾ ਹਰਜੋਈ ਕੌਰ ਅਤੇ ਭੈਣ ਗੁਰਜੋਈ ਕੌਰ ਦਾ ਜੀਵਨ ਦਰਸਾਇਆ ਹੈ।

ਇਸ ਕਿਤਾਬ ਵਿੱਚ ਇੱਕ ਹੋਰ ਅਹਿਮ ਜਾਣਕਾਰੀ ਦਿੱਤੀ ਗਈ ਹੈ,ਉਹ ਇਹ ਕਿ ਅੱਜ ਆਪਾਂ ਸੰਗਰਾਂਦ ਮਹੀਨੇ ਦੇ ਅੱਧ ਵਿੱਚ ਦੇਖਦੇ ਹਾਂ ਭਾਵ ਅੰਗਰੇਜੀ ਮਹੀਨੇ ਦੀ ੧੩-੧੪ ਜਾਂ ੧੫ ਤਾਰੀਖ ਨੂੰ ਹੀ ਸੰਗਰਾਂਦ ਆਉਂਦੀ ਹੈ ਪਰ ਜਦੋਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਹੋਈ ਉਹ ਸਮੇਂ ਅੰਗਰੇਜ਼ੀ ਮਹੀਨੇ ਦੀ ਪਹਿਲੀ ਤਰੀਖ ਅਤੇ ਦੇਸੀ ਮਹੀਨੇ ਦੀ ਪਹਿਲੀ ਤਾਰੀਖ ਬਰਾਬਰ ਹੁੰਦੀ ਸੀ ਭਾਵ ਇੱਕ ਤਾਰੀਖ ਨੂੰ ਹੀ ਸੰਗਰਾਂਦ ਆਉਂਦੀ ਸੀ। ਇਹਨਾਂ ਪੰਦਰਾਂ ਦਿਨਾਂ ਦਾ ਫ਼ਰਕ ਕਿਵੇਂ ਪਿਆ? ਇਸ ਵੰਡ ਬਾਰੇ ਸਾਲ ਤਰੀਕਾਂ ਬਾਰੇ ਪ੍ਰੋ. ਸਾਹਿਬ ਜੀ ਨੇ ਭਰਮ ਗੜ੍ਹ ਤੋੜਿਆ ਹੈ। ਅੱਜ ਤੱਕ ਐਸੀ ਵਿਚਾਰ ਪਹਿਲਾਂ ਪੜ੍ਹਨ ਨੂੰ ਨਹੀਂ ਮਿਲੀ। ਉਮੀਦ ਹੈ ਕਿ ਅਨੇਕਾਂ ਪਾਠਕਾਂ ਨੂੰ ਇਹ ਸਿਰਲੇਖ ਭਰਮਾਂ ਦੇ ਗੜ੍ਹ ਤੋਂ ਬਾਹਰ ਕਢੇਗਾ।

ਇਸ ਕਿਤਾਬ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਨੀਂ ਹੀ ਥੋੜ੍ਹੀ ਜਾਪਦੀ ਹੈ। ਪ੍ਰੋ. ਬੇਅੰਤ ਸਿੰਘ ਜੀ ਨੇ ਇਸ ਨੂੰ ਇੰਨੀ ਸੁਖਾਲੀ ਲੇਖਣੀ ਨਾਲ ਰਚਿਆ ਹੈ ਕਿ ਆਮ ਇਨਸਾਨ ਨੂੰ ਆਸਾਨੀ ਨਾਲ ਸਮਝ ਆ ਜਾਵੇਗੀ ਇਸ ਲਈ ਮੈਂ ਇਸ ਕਿਤਾਬ ਨੂੰ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਅਪੀਲ ਕਰਦਾਂ ਹਾਂ। ਜੇ ਅਜਿਹਾ ਹੋ ਜਾਵੇ ਤਾਂ ਆਉਣ ਵਾਲੇ ਸਮੇਂ ਵਿੱਚ ਸਿੱਖ ਕੌਮ ਦਾ ਰੂਪ ਸੁਧਰ ਕੇ ਬਦਲ ਸਕਦਾ ਹੈ।

ਇੱਕ ਅਪੀਲ ਮੈਂ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਤੇ ਧਾਰਮਿਕ ਸੰਸਥਾਵਾਂ ਨੂੰ ਕਰਨੀ ਚਾਹੁੰਦਾ ਹਾਂ ਕਿ ਆਪਾਂ ਗੁਰੂ ਘਰਾਂ ਦੀਆਂ ਬਿਲਡਿੰਗਾਂ ਨੂੰ ਤਾਂ ਬਹੁਤ ਸੋਹਣਾ ਬਣਾਇਆ ਹੈ ਪਰ ਸੰਗਤਾਂ ਦੀ ਗਿਣਤੀ ਨੂੰ ਘਟਾ ਲਿਆ ਹੈ। ਇਸ ਲਈ ਅਜਿਹੀਆਂ ਕਿਤਾਬਾਂ ਨੂੰ ਗੁਰੂ ਘਰਾਂ ਵਿੱਚ ਰੱਖ ਕੇ ਅਤੇ ਸੰਗਤਾਂ ਨੂੰ ਪ੍ਰੇਰ ਕੇ ਪੜ੍ਹਨ ਲਈ ਦੇਣ ਦਾ ਉੱਦਮ ਕਰਨਾ ਚਾਹੀਦਾ ਹੈ ਅਤੇ ਇਹੀ ਸਮੇਂ ਦੀ ਮੁੱਖ ਲੋੜ ਹੈ।

ਆਓ ਆਪਾਂ ਹੰਭਲਾ ਮਾਰੀਏ ਅਤੇ ਗੁਰਮਤ ਦਾ ਪ੍ਰਚਾਰ ਕਰੀਏ। ਗੁਰੂ ਘਰਾਂ ਵਿਚ ਸਿਖੀ ਦੇ ਮਹਿਲ ਉਸਾਰੀਏ। ਇਸ ਕਿਤਾਬ ਦੇ ਜ਼ਰੀਏ ਲੋਕਾਂ ਨੂੰ ਜਾਣੂ

ਕਰਵਾਈਏ ਕਿ ਸਾਡੀ ਕੌਮ ਵਿੱਚ ਕਿੰਨੇ ਮਹਾਨ ਯੋਧੇ ਸੂਰਵੀਰ ਸਨ ਜੋ ਗੁਰੂ ਸਿਧਾਂਤਾ ਤੇ ਚਲ ਕੇ ਆਪਣਾ ਜੀਵਨ ਇਸ ਪੰਥ ਦੇ ਲੇਖੇ ਲਾ ਗਏ।

ਇੱਕ ਸੰਦੇਸ਼ ਮੈਂ ਉਹਨਾਂ ਨੌਜਵਾਨਾਂ ਨੂੰ ਦੇਣਾ ਚਾਹੁੰਦਾ ਹਾਂ ਕਿ ਇਹ ਕਿਤਾਬ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਜਦੋਂ ਲਿਖੀ ਜਾ ਰਹੀ ਸੀ ਤਾਂ ਕਈ ਵਾਰ ਮੈਨੂੰ ਪ੍ਰੋ.ਬੇਅੰਤ ਸਿੰਘ ਜੀ ਅੱਧੀ ਰਾਤ ਨੂੰ ਵੀ ਫੋਨ ਕਰਕੇ ਕੋਈ ਨਾ ਕੋਈ ਵਿਚਾਰ ਇਸ ਕਿਤਾਬ ਸੰਬੰਧੀ ਸਾਂਝੀ ਕਰਦੇ ਸਨ,ਉਦੋਂ ਮੈਂ ਬਹੁਤ ਹੈਰਾਨ ਹੁੰਦਾ ਸੀ ਕਿ ਪ੍ਰੋ.ਬੇਅੰਤ ਸਿੰਘ ਕਿੰਨੀ ਮਿਹਨਤ ਨਾਲ ਇਸ ਇਤਿਹਾਸ ਨੂੰ ਲਿਖ ਰਹੇ ਸਨ। ਕਈ ਵਾਰ ਤਾਂ ਰਾਤ ਦੇ ਦੋ ਵੀ ਵੱਜ ਜਾਂਦੇ ਸਨ ਜਦੋਂ ਕੋਈ ਵਿਚਾਰ ਚਲ ਰਿਹਾ ਹੁੰਦਾ ਸੀ। ਇਸ ਲਈ ਐ ਨੌਜੁਆਨੋਂ! ਜ਼ਰਾ ਸੰਭਲੋ। ਭਾਈ ਤਾਰੂ ਸਿੰਘ ਪੂਹਲਾ ਜਿਸਨੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਈ। ਆਪਣੀ ਖੋਪਰੀ ਤਾਂ ਉਤਰਵਾ ਲਈ ਪਰ ਕੇਸ ਕਤਲ ਨਹੀਂ ਕਰਵਾਏ। ਜਿਹੜੇ ਮੇਰੇ ਵੀਰ ਪੱਛਮੀਂ ਸਭਿਅਤਾ ਦੇ ਪਿੱਛੇ ਲੱਗ ਕੇ ਕੇਸ ਕਤਲ ਕਰਵਾ ਰਹੇ ਨੇ ਉਹਨਾਂ ਨੂੰ ਅਪੀਲ ਹੈ ਕਿ ਇਸ ਗੁਰੂ ਕੀ ਮੋਹਰ ਨੂੰ ਬਚਾਉ ਵਰਨਾਂ ਉਹ ਦਿਨ ਦੂਰ ਨਹੀਂ ਜਦੋਂ ਪੂਰੇ ਸੰਸਾਰ ਵਿੱਚ ਕੌਮ ਦੀ ਪਹਿਚਾਣ ਕਿਤੇ-ਕਿਤੇ ਹੀ ਨਜ਼ਰ ਆਵੇਗੀ।

ਪ੍ਰੋ.ਬੇਅੰਤ ਸਿੰਘ ਜੀ ਨੇ ਤਾਂ ਆਪਣਾ ਫ਼ਰਜ਼ ਬਾਖ਼ੂਬੀ ਨਿਭਾਇਆ ਹੈ ਅਤੇ ਹੁਣ ਵਾਰੀ ਆਪਣੀ ਹੈ।

ਇਸ ਸੰਦੇਸ਼ ਦੇ ਨਾਲ ਹੀ ਮੈਂ ਪ੍ਰੋ.ਬੇਅੰਤ ਸਿੰਘ ਜੀ ਨੂੰ ਆਪਣੇ ਵਲੋਂ ਅਤੇ ਆਪਣੇ ਨੌਜਵਾਨ ਵੀਰਾਂ ਵਲੋਂ ਜੋ 'ਸ਼ਹੀਦ ਭਾਈ ਤਾਰੂ ਸਿੰਘ ਯੂਥ ਕੌਂਸਲ' ਦੇ ਮੈਂਬਰ ਹਨ,ਇਹ ਕਿਤਾਬ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...?' ਲਿਖਣ 'ਤੇ ਲੱਖ-ਲੱਖ ਵਧਾਈ ਦਿੰਦਾ ਹਾਂ ਤੇ ਧੰਨਵਾਦ ਕਰਦਾ ਹਾਂ।

ਸ਼ੁਭ ਕਾਮਨਾਵਾਂ ਸਹਿਤ।

ਗੁਰਮੀਤ ਸਿੰਘ
ਸ਼ਹੀਦ ਭਾਈ ਤਾਰੂ ਸਿੰਘ ਯੂਥ ਕੌਂਸਲ (ਰਜਿ:),
ਗੁਰਪਾਲ ਨਗਰ, ਲੁਧਿਆਣਾ।
ਫੋਨ ਨੰਬਰ- 094171-92531,
0161-2493324.

ਵਾਰਤਕ ਜੀਵਨ ਸ਼ਹੀਦ ਭਾਈ ਤਾਰੂ ਸਿੰਘ ਜੀ
19 ਮਾਰਚ 1720 ਤੋਂ 1 ਜੁਲਾਈ, 1745

ਸ. ਗੁਰਦਿਆਲ ਸਿੰਘ ਜੀ ਖੇਤੀ-ਬਾੜੀ ਦੇ ਕੰਮਾਂ ਤੋਂ ਮੁੜ ਵਾਪਸ ਘਰ ਆ ਕੇ ਸਿਰ ਨੀਵਾਂ ਕਰ ਕੇ ਬੈਠ ਗਏ। ਮਾਤਾ ਜੀਵਨ ਕੌਰ ਨੇ ਬੇਨਤੀ ਕੀਤੀ, "ਸਰਦਾਰ ਜੀ ,ਕੀ ਗੱਲ ਹੈ?ਤੁਸੀਂ ਬਹੁਤ ਚਿੰਤਾ ਵਿੱਚ ਨਿਮੋਝੂਣੇ ਹੋਏ ਬੈਠੇ ਹੋ,ਸਭ ਸੁੱਖ ਤਾਂ ਹੈ? ਤੁਸੀਂ ਤਾਂ ਹਮੇਸ਼ਾਂ ਗੁਰੂ ਦੀ ਰਜ਼ਾ ਨੂੰ ਖਿੜੇ ਮੱਥੇ ਕਬੂਲਦੇ ਸੀ। ਅੱਜ ਕੀ ਗੱਲ ਹੈ? ਆਪ ਜੀ ਦੇ ਵੱਡੇ ਪੁੱਤਰ ਸ. ਜੈ ਸਿੰਘ ਅਤੇ ਛੋਟੇ ਪੁੱਤਰ ਸ. ਦੀਦਾਰ ਸਿੰਘ ਤਾਂ ਠੀਕ ਹਨ?"

ਸ:ਗੁਰਦਿਆਲ ਸਿੰਘ ਨੇ ਸਿਰ ਉੱਚਾ ਕੀਤਾ ਤੇ ਆਖਿਆ, "ਕਰਮਾਂ ਵਾਲੀਏ ਬੱਚੇ ਤਾਂ ਸਭ ਠੀਕ ਹਨ।" "ਫੇਰ ਕੋਈ ਮਾਲ ਭੰਡਾਰ ਜਾਂ ਕੋਈ ਜ਼ਮੀਨੀ ਝਗੜਾ ਹੋਇਆ ਹੈ?" "ਛੱਡ ਜੀਵਨ ਕੌਰ ਤੂੰ ਤਾਂ ਆਪਣੇ ਘਰ ਵਾਸਤੇ ਹੀ ਸੋਚੀ ਜਾਂਦੀ ਹੈਂ। ਸਾਡੀ ਸਿੱਖ ਕੌਮ ਉੱਪਰ ਮੁਸੀਬਤਾਂ ਟੁੱਟ ਪਈਆਂ ਹਨ।"

"ਉਹ ਕਿਵੇਂ?",ਮਾਤਾ ਜੀਵਨ ਕੌਰ ਨੇ ਪੁਛਿਆ। ਸ. ਗੁਰਦਿਆਲ ਸਿੰਘ ਆਖਣ ਲੱਗੇ ਕਿ ਪਹਿਲਾਂ ਤਾਂ ਜਹਾਂਗੀਰ ਨੇ ਗੁਰੂ ਘਰ ਨੂੰ ਝੂਠ ਦੀ ਦੁਕਾਨ ਆਖਿਆ ਤਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਸ਼ਹਾਦਤ ਦੇ ਜ਼ਾਮ ਪੀਤੇ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗਲ ਹਕੂਮਤ ਦੇ ਦਲਾਂ ਨੂੰ ਭੰਨਿਆ ਤਾਂ ਸਿੱਖੀ ਵੱਡੇ ਰੂਪ ਵਿੱਚ ਪ੍ਰਫੁਲੱਤ ਹੋ ਕੇ ਸਾਹਮਣੇ ਆਈ ।ਮੁਗਲ ਹਕੂਮਤ ਨੂੰ ਫਿਰ ਵੀ ਅਕਲ ਨਹੀਂ ਆਈ,ਸੱਚ ਵੀ ਕਦੇ ਛਿਪਦਾ ਹੈ ਇਹ ਤਾਂ ਸੂਰਜ 'ਤੇ ਪਾਣੀ ਪਾ ਕੇ ਠੰਡਾ ਕਰਨਾ ਚਾਹੁੰਦੇ ਹਨ।

ਫਿਰ ਔਰੰਗਜ਼ੇਬ ਨੇ ਅੱਤ ਚੁੱਕੀ ਤਾਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਚੌਂਕ ਚਾਂਦਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ ।ਚਮਕੌਰ ਦੀ ਗੜ੍ਹੀ ਵਿੱਚ ਇਨ੍ਹਾਂ ਮੁਗਲਾਂ ਨੂੰ ਮੂੰਹ ਤੋੜ ਜਵਾਬ ਦਿੱਤੇ। ਨਿੱਕੀਆਂ-੨ ਜਿੰਦਾਂ ਨੇ ਵੱਡੇ-੨ ਸਾਕੇ ਕੀਤੇ। ਔਰੰਗਜ਼ੇਬ ਆਖਰੀ ਸਮੇਂ ਮਾਫ਼ੀਆਂ ਮੰਗਦਾ ਮਰ ਗਿਆ,ਪਰ ਮੁਗਲਾਂ ਨੂੰ ਫਿਰ ਵੀ ਅਕਲ ਨਹੀਂ ਆਈ। ਸੂਬਾ ਸਰਹੰਦ ਬੱਚਿਆਂ ਅਤੇ ਮਾਤਾ ਗੁਜਰੀ ਕੌਰ ਜੀ ਦਾ ਖੂਨ ਪੀ ਕੇ ਵੀ ਨਹੀ ਰੱਜਿਆ। ਪਾਪੀ ਨੇ ਨਾਂਦੇੜ ਦੀ ਧਰਤੀ ਤੇ ਸਤਿਗੁਰਾਂ ਉੱਪਰ ਵਾਰ ਕਰਵਾਇਆ। ਜੇ ਹਿੰਮਤ ਸੀ ਤਾਂ ਪਾਤਸ਼ਾਹ ਜੀ ਦੇ ਭੇਜੇ ਹੋਏ ਬੱਬਰ ਸ਼ੇਰ ਬਾਬਾ ਬੰਦਾ ਸਿੰਘ ਬਹਾਦਰ ਸਿੰਘ ਅੱਗੇ ਖੜਦਾ, ਜਿਸਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ,ਜਿਸ ਕਰਕੇ ਸਰਹੰਦ ਤਬਾਹ ਹੋ ਗਿਆ । ਸਿੰਘਾਂ ਨੇ ਗਿਣ-ਗਿਣ ਕੇ ਸੂਬੇ ਤੋਂ ਬਦਲੇ ਲਏ ।ਇਨ੍ਹਾਂ ਨੂੰ ਫਿਰ ਵੀ ਅਕਲ ਨਹੀਂ ਆਈ,ਸਮੁੰਦਰ ਦਾ ਪਾਣੀ ਪੀ ਕੇ ਧਰਤੀ 'ਤੇ ਬੈਠਣਾ ਚਾਹੁੰਦੇ ਹਨ। ਪਤਾ ਲਗਾ ਹੈ ਕਿ ਪੰਜਾਬ ਦਾ ਗਵਰਨਰ ਤੁਰਾਨੀ ਸਰਦਾਰ ਅਬਦੁੱਸਮਦ ਖਾਂ * ਨੂੰ ਗਵਰਨਰ ਬਣਾ

* ੨੦ ਫਰਵਰੀ ੧੭੧੩ ਈ: ਨੂੰ ਪੰਜਾਬ ਦੇ ਨਵੇਂ ਬਣੇ ਗਵਰਨਰ ਤੁਰਾਨੀ ਅਬਦੁੱਸਮਦ ਖ਼ਾਂ ੫ ਅਕਤੂਬਰ ੧੭੨੬ ਤੱਕ ਪੰਜਾਬ ਦਾ ਗਵਰਨਰ ਰਿਹਾ। ਉਸ ਤੋਂ ਬਾਅਦ ਉਸਦੀ ਤਬਦੀਲੀ ਮੁਲਤਾਨ ਕਰ ਦਿੱਤੀ ਸੀ ਅਤੇ ਉਸਦੇ ਪੁੱਤਰ ਜਕਰੀਆ ਖਾਨ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਸੀ ।

ਦਿੱਤਾ ਗਿਆ ਹੈ। ਜੋ ਬਹੁਤ ਹੀ ਜ਼ਾਲਮ ਹੈ ਤੇ ਕਹਿੰਦਾ ਮੈਂ ਸਿੱਖਾਂ ਦਾ ਖੁਰਾ ਖੋਜ ਖਤਮ ਕਰ ਦੇਣਾ ਹੈ,ਧਰਤੀ ਉਪਰ ਕੋਈ ਸਿੱਖ ਨਾਮ ਦੀ ਚੀਜ਼ ਨਹੀਂ ਰਹੇਗੀ ਤੇ ਸਿੱਖਾਂ.ਦੇ ਸਿਰਾਂ 'ਤੇ ਇਨਾਮ ਰੱਖੇ ਹਨ।

ਬਹੁਤ ਸਾਰੇ ਸਿੰਘਾ ਤੇ ਸਿੰਘਣੀਆਂ ਨੂੰ ਲਾਹੌਰ ਨਖਾਸ ਖਾਂ ਚੌਂਕ ਵਿਚ ਸ਼ਹੀਦ ਕਰ ਦਿੱਤਾ ਹੈ।* ਇਹ ਅੱਗ ਸਾਡੇ ਨਗਰ ਪੂਹਲਾ ਪਿੰਡ ਤਹਿਸੀਲ ਕਸੂਰ ਜ਼ਿਲਾ ਲਾਹੌਰ ਵਿੱਚ ਵੀ ਜਲਦੀ ਆ ਜਾਵੇਗੀ।

ਤਾਂ ਬਜ਼ੁਰਗ ਮਾਤਾ ਜੀਵਨ ਕੌਰ ਨੇ ਮੁੱਖੋਂ ਵਾਹਿਗੁਰੂ ਵਾਹਿਗੁਰੂ ਸ਼ਬਦ ਦੋ ਤਿੰਨ ਵਾਰੀ ਆਖਿਆ ਤੇ ਧੀਰਜ ਦੇਣ ਲੱਗੀ ਕਹਿਣ ਲਗੀ,"ਸਵਾਮੀ ਜੀ!ਉਹ ਦਿਨ ਯਾਦ ਕਰੋ ਜਦੋਂ ਔਰੰਗਜ਼ੇਬ ਕਹਿੰਦਾ ਸੀ ਕਿ ਨੱਕ ਤੇ ਮੱਖੀ ਬਹਿਣ ਨੀਂ ਦੇਣੀ,ਤਿਲਕ 'ਤੇ ਬੋਦੀ ਰਹਿਣ ਨੀ ਦੇਣੀ" ਤੇ ਆਪ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਂਦਾ ਸੀ। ਮਾਤਾ ਜੀਵਣ ਕੌਰ ਚਿਹਰੇ ਤੇ ਮਿੱਠੀ ਮੁਸਕਰਾਹਟ ਕਰਕੇ ਆਖਣ ਲੱਗੀ, "ਆਪਦਾ ਨਾਮ ਦਿਆਲ ਚੰਦ ਤੇ ਮੇਰਾ ਨਾਮ ਜੋਨਾ ਦੇਈ ਸੀ,ਅਸੀਂ ਉਦੋਂ ਕਿੰਨੀਆਂ ਦੇਵੀ ਪੂਜਾ ਕਰਵਾਈਆਂ,ਤੀਰਥ-ਇਸ਼ਨਾਨ ਦੀਆਂ ਸੁੱਖਾਂ ਸੁੱਖੀਆਂ ਤੇ ਕਿੰਨੇ ਦੇਵੀ ਪੂਜਨ ਕੀਤੇ,ਤਾਂ ਪ੍ਰਮਾਤਮਾ ਨੇ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿੱਚ ਹਿੰਦ ਦੀ ਚਾਦਰ ਵਿਛਾ ਕੇ ਸਾਡੇ ਸਾਰਿਆਂ ਦੀ ਲਹਿੰਦੀ ਪੱਤ ਅਤੇ ਦੁੱਖਾਂ ਨੂੰ ਬੁੱਕਲ ਵਿਚ ਲੈ ਕੇ ਪਹਾੜ ਵਾਂਗ ਤੂਫਾਨ ਦਾ ਮੁੱਖ ਮੋੜ ਦਿੱਤਾ। ਸਾਡੇ ਉਪਰ ੧੩ ਅਪ੍ਰੈਲ,੧੬੯੯ ਵਿਸਾਖੀ ਵਾਲੇ ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਨੂੰ ਦਿਆਲ ਚੰਦ ਤੋਂ ਸਰਦਾਰੀ ਦੇ ਕੇ ਸ.ਗੁਰਦਿਆਲ ਸਿੰਘ ਬਣਾਇਆ ਅਤੇ ਮੇਰੇ ਤੇ ਵੀ ਕਿਰਪਾ ਕਰਕੇ ਜੋਨਾ ਦੇਈ ਤੋਂ ਨਵਾਂ ਜੀਵਨ ਦੇ ਕੇ ਜੀਵਨ ਕੌਰ ਬਣਾਇਆ। ਆਪ ਨੂੰ ਪਾਤਸ਼ਾਹ ਨੇ ਬੱਬਰ ਸ਼ੇਰਾਂ ਵਰਗੇ ਲਾਲ ਸ. ਜੈ ਸਿੰਘ ਤੇ ਸ. ਦੀਦਾਰ ਸਿੰਘ ਬਖ਼ਸ਼ਿਸ਼ ਕੀਤੇ। ਫਿਰ ਤੁਸੀਂ ਕਿਸ ਗੱਲ ਦੀ ਚਿੰਤਾ ਕਰਦੇ ਹੋ?"ਅਤੇ ਧਿਆਨ ਵਟਾਉਣ ਵਾਸਤੇ ਇਕ ਖ਼ੁਸ਼ੀ ਦੀ ਖ਼ਬਰ ਦੇਣ ਲੱਗੇ," ਸਰਦਾਰ ਸਾਹਿਬ,ਤੁਹਾਡੇ ਵੱਡੇ ਪੁੱਤਰ ਸ. ਜੈ ਸਿੰਘ ਤਾਂ ਵਿਆਹ ਵਾਸਤੇ ਮੰਨਦੇ ਹੀ ਨਹੀਂ ! ਹੁਣ ਆਪਦੇ ਛੋਟੇ ਪੁੱਤਰ ਵਾਸਤੇ ਰਿਸ਼ਤਾ ਆਇਆ ਹੈ ਸ. ਦੀਦਾਰ ਸਿੰਘ ਵਾਸਤੇ, ਪਿੰਡ ਭਡਾਣੇ ਤੋਂ ਸ: ਗੁਰਬਰ ਸਿੰਘ ਦੀ ਬੱਚੀ ਹਰਜੋਈ ਕੌਰ ਦਾ, ਜੇ ਤੁਸੀਂ ਮਨਜ਼ੂਰੀ ਦੇਵੋਂ ਤਾਂ ਇਹ ਰਿਸ਼ਤਾ ਦੀਦਾਰ ਸਿੰਘ ਵਾਸਤੇ ਲੈ ਲਈਏ।

ਗੁਰਦਿਆਲ ਸਿੰਘ ਆਖਣ ਲੱਗੇ ਕਿਉਂ ਨਹੀਂ! ਗੁਰਮੁੱਖ ਪਰਿਵਾਰ ਹੈ ਤੇ ਸ. ਗੁਰਬਰ ਸਿੰਘ ਉੱਚੇ-ਸੁੱਚੇ ਸਿੱਖ ਘਰਾਣਿਆ ਵਿੱਚੋਂ ਹੈ,ਸਾਡੀ ਵੰਸ਼ ਵੀ ਤਾਂ ਅੱਗੇ ਤੁਰੇਗੀ। ਚੰਗੇ ਕੰਮ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ,ਨਾਲੇ ਆਪਾਂ ਕਿਹੜਾ ਕੋਈ ਲੈਣ-ਦੇਣ ਕਰਨਾ ਹੈ। ਗੁਰੂ ਨੇ ਸਾਨੂੰ ਸਭ ਕੁਝ ਦਿੱਤਾ ਹੈ,ਲੋੜ ਹੈ ਤਾਂ ਇੱਕ ਸਿਆਣੀ ਤੇ ਸੂਝਵਾਨ ਬੱਚੀ ਹਰਜੋਈ ਕੌਰ ਦੀ। ਜੀਵਨ ਕੌਰ ਤੂੰ ਆਪਣੇ ਪੁੱਤਰ ਦੀਦਾਰ ਸਿੰਘ ਨੂੰ ਪੁੱਛ ਲਿਆ ਹੈ? ਉਹ ਵੀ ਕਿਤੇ ਵੱਡੇ ਜੈ ਸਿੰਘ ਵਾਂਗ ਮੁਕੱਰ ਨਾ ਜਾਵੇ, ਤਾਂ ਮਾਤਾ ਜੀਵਣ ਕੌਰ ਆਖਣ ਲੱਗੇ ਕਿ ਮੈਂ ਪੁੱਛ ਲਿਆ ਹੈ ਉਹ ਕਹਿੰਦਾ ਹੈ ਕਿ ਜੋ ਪਿਤਾ ਜੀ

* ਜਿਥੇ ਅੱਜ ਕਲ੍ਹ ਗੁ: ਸ਼ਹੀਦ ਗੰਜ ਬਣਿਆ ਹੋਇਆ ਹੈ । ਇਹ ਉਹਨਾਂ ਸਿੰਘ-ਸਿੰਘਣੀਆਂ ਦੀ ਯਾਦ ਹੈ।

ਨੂੰ ਮਨਜ਼ੂਰ ਹੈ, ਉਹੀ ਮੈਨੂੰ ਮਨਜ਼ੂਰ ਹੈ। ਸੋ ਸ਼ਗਨਾਂ ਭਰਿਆ ਪੱਤਰ ਸਾਹੇ ਦੀ ਚਿੱਠੀ ਪਿੰਡ ਭੁਡਾਣੇ ਸ: ਗੁਰਬਰ ਸਿੰਘ ਦੇ ਘਰ ਭੇਜ ਦਿੱਤੀ ਗਈ, ਜਿਸ ਵਿੱਚ ਦੱਸੀ ਗਈ।

ਵਿਆਹ ਦੀ ਤਾਰੀਖ ੩੦ ਜਨਵਰੀ ੧੭੧੬ ਨੂੰ ਸ. ਦੀਦਾਰ ਸਿੰਘ ਜੀ ਦਾ ਵਿਆਹ ਬੀਬੀ ਹਰਜੋਈ ਕੌਰ ਜੀ ਨਾਲ ਹੋ ਗਿਆ। ਘਰ ਖ਼ੁਸ਼ੀਆਂ ਨਾਲ ਭਰ ਗਿਆਪ ਪਰ ਅਚਾਨਕ ੧੩ ਮਾਰਚ ੧੭੧੬ ਨੂੰ ਮਾਤਾ ਜੀਵਨ ਕੌਰ ਅਕਾਲ ਚਲਾਣਾ ਕਰ ਗਏ। ਭਾਈ ਜੈ ਸਿੰਘ ਸਿੰਘਾਂ ਦੀ ਫੌਜ ਵਿੱਚ ਭਰਤੀ ਹੋ ਗਏ ਪਰ ਉਹ ਵੀ ੧੯ ਜੂਨ,੧੭੧੬ ਨੂੰ ਮੁਗਲਾਂ ਨਾਲ ਰਣ ਤੱਤੇ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਘਰ ਵਿੱਚ ਗਮਾਂ ਦੀ ਲਹਿਰ ਨੇ ਨਿਰਾਸਤਾ ਦੀ ਨਦੀ ਵਗਾ ਦਿੱਤੀ। ਉਧੱਰ ਬੀਬੀ ਹਰਜੋਈ ਕੌਰ ਦੇ ਘਰ ਸੰਤਾਨ ਆਉਣ ਦਾ ਸਮਾਂ ਨੇੜੇ ਆ ਗਿਆ ਅਤੇ ਬਾਬਾ ਗੁਰਦਿਆਲ ਸਿੰਘ ਨੇ ਘਰ ਵਿੱਚ ਹਰ ਵੇਲੇ ਸਿਮਰਨ ਦਾ ਪ੍ਰਵਾਹ ਚਲਾਉਣਾ ਆਰੰਭ ਕਰ ਦਿਤਾ। ਸਤਿਗੁਰੂ ਦੀ ਕਿਰਪਾ ਨਾਲ ੬ ਦਿਸੰਬਰ,੧੭੧੭ ਨੂੰ ਸ. ਦੀਦਾਰ ਸਿੰਘ ਦੇ ਘਰ ਬੀਬੀ ਹਰਜੋਈ ਕੌਰ ਦੀ ਕੁਖੋਂ ਇਕ ਬੱਚੀ ਨੇ ਜਨਮ ਲਿਆ ਤਾਂ ਗੁਰਦਿਆਲ ਸਿੰਘ ਨੇ ਹੱਸ ਕੇ ਆਖਿਆ, "ਹਰਜੋਈ ਦੀ ਧੀ ਗੁਰਜੋਈ" ਸਾਰੇ ਪਰਿਵਾਰ ਅੰਦਰ ਖ਼ੁਸ਼ੀ ਦੀ ਲਹਿਰ ਲੈ ਕੇ ਆਈ ਹੈ। ਆਖਿਰਕਾਰ ਇਸ ਬੱਚੀ ਦਾ ਨਾਮ ਗੁਰਜੋਈ ਕੌਰ ਰੱਖਿਆ ਗਿਆ।

ਪਰਿਵਾਰ ਨਵੀਂ ਉਮੀਦ ਨਾਲ ਜੀਉਣ ਲੱਗਾ ਪਰ ੯ ਜੂਨ,੧੭੧੮ ਨੂੰ ਬਾਬਾ ਗੁਰਦਿਆਲ ਸਿੰਘ ਵੀ ਅਕਾਲ ਚਲਾਣਾ ਕਰ ਗਏ। ਹੁਣ ਘਰ ਵਿੱਚ ਸਿਰਫ ਤਿੰਨ ਜੀਅ ਹੀ ਰਹਿ ਗਏ ਸਨ। ਗੁਰਜੋਈ ਕੌਰ ਵੀਰ ਵਾਸਤੇ ਅਰਦਾਸ ਕਰਦੀ ਰਹਿੰਦੀ। ਸ. ਦੀਦਾਰ ਸਿੰਘ ਤੇ ਬੀਬੀ ਹਰਜੋਈ ਕੌਰ ਵੀ ਗੁਰੂ ਚਰਨਾਂ ਵਿੱਚ ਜੋਦੜੀ ਕਰਦੇ ਕਿ ਹੇ ਪਾਤਸ਼ਾਹ! ਪਰਿਵਾਰ ਦੇ ਨਾਮ ਨੂੰ ਰੌਸ਼ਨ ਕਰਨ ਵਾਲਾ ਭੁਝੰਗੀ ਭੇਜੋ ਤਾਂ ਕਿ ਉਹ ਰਹਿੰਦੀ ਦੁਨੀਆ ਤੱਕ ਸਾਡੇ ਪਰਿਵਾਰ ਨੂੰ ਜਿੰਦਾ ਕਰ ਜਾਵੇ।

ਭਾਈ ਤਾਰੂ ਸਿੰਘ ਜੀ ਦਾ ਜਨਮ 19 ਮਾਰਚ, 1720

ਗੁਰੂ ਨੇ ਮਿਹਰ ਕੀਤੀ ਸੰਤਾਨ ਆਉਣ ਦਾ ਸਮੰ ਬਣਿਆ। ਦੋਵੇਂ ਧਰਮੀ ਜੋੜੇ ਦੀਆਂ ਅਰਦਾਸਾਂ, ਨਿਤਨੇਮ ਤੇ ਬੱਚੀ ਗੁਰਜੋਈ ਕੌਰ ਦੀਆਂ ਅਰਦਾਸਾਂ ਨੂੰ ਭਾਗ ਲੱਗੇ। ੧੯ ਮਾਰਚ ੧੭੨੦ ਨੂੰ ਸ. ਦੀਦਾਰ ਸਿੰਘ ਦੇ ਘਰ ਬੀਬੀ ਹਰਜੋਈ ਕੌਰ ਦੀ ਕੁੱਖੋਂ ਪਿੰਡ ਪੂਹਲਾ (ਜੋ ਪਾਕਿਸਤਾਨ ਬਣਨ ਤੋਂ ਬਾਅਦ ਤਹਿਸੀਲ ਪੱਟੀ ਜ਼ਿਲਾ ਸ੍ਰੀ ਅੰਮ੍ਰਿਤਸਰ,ਪੰਜਾਬ ਵਿੱਚ ਹੈ) ਵਿਖੇ ਬਾਲਕ ਨੇ ਜਨਮ ਲਿਆ। ਸ. ਦੀਦਾਰ ਸਿੰਘ ਨੇ ਗੁਰ ਮਰਿਆਦਾ ਮੁਤਾਬਿਕ ਗੁਰੂਦੁਆਰਾ ਸਾਹਿਬ ਲਿਜਾ ਕੇ ਦੇਗ ਪ੍ਰਸ਼ਾਦ ਲੈ ਕੇ ਅਰਦਾਸ ਕਰਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਆਇਆ :-

ਸੋਰਠਿ ਮ: 5

"ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥"

ਭਾਈ ਤਾਰੂ ਸਿੰਘ ਜੀ ਦਾ ਬਚਪਨ

ਭਾਈ ਤਾਰੂ ਸਿੰਘ ਜੀ ਦਾ ਬਚਪਨ ਅਤੇ ਜਨਮ ਸੰਸਕਾਰ ਅਮ੍ਰਿਤ ਛਕਾਇਆ ਗਿਆ। ਜਨਮ ਸੰਸਕਾਰ ਵਾਲਾ ਅਤੇ 'ਤੱਤਾ' ਅੱਖਰ ਤੋਂ ਨਾਮ ਰੱਖਿਆ ਗਿਆ 'ਭਾਈ ਤਾਰੂ ਸਿੰਘ।' ਬਾਲ ਅਵਸਥਾ ਵਿੱਚ ਆਪ ਸੁੰਦਰਤਾ, ਮੋਟੀਆਂ-ਮੋਟੀਆਂ ਅੱਖਾਂ,ਤਿੱਖੇ ਨੈਣ-ਨਕਸ਼,ਸਰੀਰ ਦੇ ਹੱਡ-ਪੈਰ ਭਾਰੇ ਹੋਣ ਕਰਕੇ ਲੰਬੀ ਡੀਲ ਡੌਲ ਵਾਲਾ ਬਾਲਕ ਜਾਪਦੇ ਸਨ। ਭਾਈ ਤਾਰੂ ਸਿੰਘ ਜੀ ਦਾ ਬਚਪਨ ਆਰੰਭ ਹੋਇਆ। ਬਾਲ ਉਮਰੇ ਹੀ ਆਪ ਸਬਰ-ਸੰਤੋਖ ਵਾਲੇ ਸਨ। ਮਾਤਾ ਹਰਜੋਈ ਕੌਰ ਨੇ ਬਾਲ ਉਮਰੇ ਹੀ ਗੁਰੂ ਘਰ ਦੀਆਂ ਸਾਖੀਆਂ ਤੇ ਸਬਰ ਬਾਣੀ ਭਾਈ ਤਾਰੂ ਸਿੰਘ ਜੀ ਦੇ ਚਿੱਟੇ ਰਜਿਸਟਰ ਤੇ ਲਿਖਣੇ ਸ਼ੁਰੂ ਕਰ ਦਿੱਤੇ। ਆਪ ਜੀ ਦੀ ਵੱਡੀ ਭੈਣ ਗੁਰਜੋਈ ਕੌਰ ਨੇ ਵੀ ਘੰਟਿਆਂ ਬੱਧੀ ਆਪ ਨੂੰ ਵਾਹਿਗੁਰੂ ਜਾਪ ਕਰਵਾਇਆ। ਉਹ ਆਪਣੇ ਛੋਟੇ ਵੀਰ ਭਾਈ ਤਾਰੂ ਸਿੰਘ ਨੂੰ ਸਿਖਾਉਣ ਲੱਗੀ ਕਿ ਵਾਹਿਗੁਰੂ ਸਿਮਰਨ ਕਿਸ ਤਰਾਂ ਕਰਨਾ ਹੈ।ਉਮਰ ਢਾਈ-ਤਿੰਨ ਸਾਲ(ਸੰਨ ੧੭੨੩) ਪਿਤਾ ਦੀਦਾਰ ਸਿੰਘ ਨੇ ਖਿਡੌਣੇ ਲਿਆ ਦਿੱਤੇ ਜਿਸ ਵਿੱਚ ਇੱਕ ਛੋਟੀ ਜਿਹੀ ਸ੍ਰੀ ਸਾਹਿਬ ਵੀ ਲਿਆਂਦੀ ਤਾਂ ਤਾਰੂ ਸਿੰਘ ਨੇ ਖਿਡੌਣਿਆਂ ਵੱਲ ਤਾਂ ਵੇਖਿਆ ਹੀ ਨਹੀਂ ਉਸ ਛੋਟੀ ਜਿਹੀ ਸ੍ਰੀ ਸਾਹਿਬ ਨੂੰ ਭੱਜ ਕੇ ਚੁੱਕ ਲਿਆ ਤੇ ਫਿਰ ਲੱਗ ਪਿਆ ਸੂਰਮਿਆਂ ਵਾਂਗੂ ਘੁਮਾਉਣ। ਪਿਤਾ ਨੇ ਆਖਿਆ ਕਿ ਤਾਰੂ ਸਿੰਘ ਤੇਰੀ ਉਮਰ ਸ੍ਰੀ ਸਾਹਿਬ ਵਾਲੀ ਨਹੀਂ,ਖਿਡੌਣਿਆਂ ਵਾਲੀ ਹੈ ਤਾਂ ਤੋਤਲੀ ਆਵਾਜ਼ ਵਿੱਚ ਆਖਣ ਲੱਗਾ ਕਿ ਸਿੰਘਾਂ ਦੇ ਖਿਡੌਣੇ ਤਾਂ ਸ਼ਸਤਰ ਹਨ,ਮੈਨੂੰ ਹੋਰ ਖਿਡੌਣਿਆਂ ਦੀ ਜ਼ਰੂਰਤ ਨਹੀਂ। ਪਿਤਾ ਜੀ ਇੱਕ ਛੋਟਾ ਜਿਹਾ ਘੋੜਾ ਵੀ ਲਿਆ ਕੇ ਦੇਵੋ। ਪਿਤਾ ਜੀ ਆਖਣ ਲੱਗੇ ਕਿ ਘੋੜਾ ਕੀ ਕਰਨਾ ਹੈ? ਤਾਰੂ ਸਿੰਘ ਨੇ ਕਿਹਾ ਕਿ ਘੋੜੇ 'ਤੇ ਲੰਗਰ ਰੱਖ ਕੇ ਸਿੰਘਾਂ ਨੂੰ ਜੰਗਲ ਵਿੱਚ ਦੇ ਕੇ ਆਵਾਂਗਾ। ਪਿਤਾ ਦੀਦਾਰ ਸਿੰਘ ਨੇ ਭੱਜ ਕੇ ਚੁੱਕ ਕੇ ਮੱਥਾ ਚੁੰਮਿਆ,ਗੋਦੀ ਵਿੱਚ ਲੈ ਕੇ ਪਿਆਰ ਕਰਦਿਆਂ ਕਈ ਤਰਾਂ ਦੇ ਵਰਦਾਨ ਦਿੱਤੇ। ਅਸੀਸਾਂ ਦਿਤੀਆਂ-ਗੁਰੂ ਤੇਰੇ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ ਤੂੰ ਸਿੱਖ ਕੌਮ ਦਾ ਸੇਵਕ ਬਣ ਕੇ ਜੀਵਨ ਗੁਜ਼ਾਰੇਂ ਤੇ ਤੇਰੀ ਸਿੱਖੀ ਕੇਸਾਂ-ਸੁਆਸਾਂ ਨਾਲ ਨਿਭ ਜਾਵੇ।

ਉਮਰ ਪੰਜ ਸਾਲ ,ਸੰਨ ੧੭੨੫ ਛੋਟੀ ਉਮਰ ਵਿੱਚ ਹੀ ਹਿੰਦੂ ਮੁਸਲਮਾਨ ਦੇ ਬੱਚਿਆਂ ਨਾਲ ਦੋ ਫੌਜਾਂ ਬਣਾ ਕੇ ਇਕ ਦੂਜੇ ਨਾਲ ਮੁਕਾਬਲਾ ਕਰਨਾ। ਘਰ ਵਿੱਚ ਚੱਲਣ ਵਾਲੇ ਲੰਗਰ ਵਿੱਚ ਆਏ-ਗਏ ਅਭਿਆਗਤ ਦੀ ਸੇਵਾ ਕਰਨੀ,ਊਚ-ਨੀਚ ਦੇ ਵਿਤਕਰੇ ਛੱਡ ਦੇਣ ਦੇ ਉਪਦੇਸ਼ ਦੇਣੇ।

ਵਿਦਿਆ ਪ੍ਰਾਪਤੀ

ਬੀਬੀ ਹਰਜੋਈ ਕੌਰ ਪਤਨੀ ਦੀਦਾਰ ਸਿੰਘ ਨੂੰ ਆਖਣ ਲੱਗੀ ਕਿ ਭਾਈ ਤਾਰੂ ਸਿੰਘ ਪੰਜ ਸਾਲ ਦਾ ਹੋ ਗਿਆ ਹੈ। ਇਸ ਨੂੰ ਪੜ੍ਹਨ ਪਾਉਣਾ ਹੈ। ਕੋਈ ਠੀਕ ਇੰਤਜ਼ਾਮ ਕਰੋ ਤਾਂ ਭਾਈ ਦੀਦਾਰ ਸਿੰਘ ਆਖਣ ਲੱਗੇ ਕਿ ਸਤਿਗੁਰਾਂ ਨੇ ਕਿਰਪਾ ਕਰਕੇ ਆਪਣੇ ਮਦੱਰਸੇ(ਸਕੂਲ) ਵਿੱਚ ਜਿਥੇ ਮੌਲਵੀ ਪੜ੍ਹਾਉਂਦੇ ਹਨ, ਉੱਥੇ ਇਕ ਗੁਰੂ ਕਾ ਪਿਆਰਾ ਸਿੱਖ 'ਵਿੱਦਿਆ ਬਾਪੂ' ਆਇਆ ਹੈ ਜੋ ਉਰਦੂ,ਫਾਰਸੀ,ਅਰਬੀ ਅਤੇ ਪੰਜਾਬੀ ਵੀ ਪੜਾਉਂਦਾ ਹੈ। ਤਾਂ ਬੀਬੀ ਹਰਜੋਈ ਕੌਰ ਆਖਣ ਲੱਗੀ ਕਿ ਕੀ ਨਾਮ ਦਸਿੱਆ ਹੈ ਤੁਸੀਂ--ਵਿੱਦਿਆ ਬਾਪੂ ?

ਦੀਦਾਰ ਸਿੰਘ ਆਖਣ ਲੱਗਾ ਕਿ ਨਾਮ ਤਾਂ ਉਸਦਾ ਭਾਈ ਰਣਜੋਧ ਸਿੰਘ ਹੈ ਪਰ ਹਿੰਦੂ-ਮੁਸਲਮਾਨ ਸਾਰੇ ਪਿਆਰ ਨਾਲ ਵਿੱਦਿਆ ਬਾਪੂ ਆਖਦੇ ਹਨ। ਪਤਾ ਲੱਗਾ ਹੈ ਕਿ ਉਹਨਾ ਨੇ ਅੰਮ੍ਰਿਤ ਦੀ ਦਾਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਹੈ ਅਤੇ ਇਹ ਸਾਰੀ ਵਿੱਦਿਆ ਭਾਈ ਨੰਦ ਲਾਲ ਜੀ ਕੋਲੋਂ ਲਈ ਹੈ। ਮੁਸਲਮਾਨ ਵੀ ਵਿੱਦਿਆ ਬਾਪੂ ਦੀ ਬਹੁਤ ਇਜ਼ੱਤ ਕਰਦੇ ਹਨ। ਉਹਨਾਂ ਕੋਲ ਹੀ ਤਾਰੂ ਸਿੰਘ ਅਤੇ ਗੁਰਜੋਈ ਕੌਰ ਨੂੰ ਪੜ੍ਹਨ ਪਾਉਣਾ ਹੈ। ਮੈਂ ਕੱਲ੍ਹ ਮਦੱਰਸੇ ਜਾ ਕੇ ਵਿੱਦਿਆ ਬਾਪੂ ਜੀ ਨੂੰ ਮਿਲ ਆਵਾਂਗਾ।

ਅਗਲੇ ਦਿਨ ਦੋਨਾਂ ਬਚਿੱਆਂ ਨੂੰ ਤਿਆਰ ਕੀਤਾ ਤੇ ਗੁਰੂ ਘਰ ਲਿਜਾ ਕੇ ਅਰਦਾਸ ਕੀਤੀ ਤੇ ਫਿਰ ਮਦੱਰਸੇ ਵਿੱਚ ਭਾਈ ਰਣਜੋਧ ਸਿੰਘ ਨੇ ਵਿੱਦਿਆ ਬਾਪੂ ਦੇ ਦਰਸ਼ਨ ਕੀਤੇ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਭਾਈ ਸਾਹਿਬ ਜੀ, ਮੇਰੇ ਬਚਿੱਆਂ ਨੂੰ ਦਾਖ਼ਲ ਕਰ ਲਵੋ।" ਵਿੱਦਿਆ ਬਾਪੂ ਨੇ ਪਹਿਲਾਂ ਭਾਈ ਤਾਰੂ ਸਿੰਘ ਵੱਲ ਦੇਖਿਆ ਤੇ ਦੇਖਦਿਆ ਹੀ ਮਨ ਗਦ-ਗਦ ਹੋ ਗਿਆ। ਛੋਟੀ ਜਿਹੀ ਸ੍ਰੀ ਸਾਹਿਬ ਪਾਈ, ਸਿਰ ਉੱਪਰ ਦਸਤਾਰ ਸਜਾਈ, ਨੇਤਰਾਂ ਵਿੱਚ ਨਿਰਭੈਤਾ ਵਾਲਾ ਜਨੂੰਨ ਅਤੇ ਅੱਗੇ ਵੱਧ ਕੇ ਜਦੋਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਬੁਲਾਈ ਤਾਂ ਵਿੱਦਿਆ ਬਾਪੂ ਨੇ ਵੀ ਅਗੋਂ ਫ਼ਤਿਹ ਗਜਾਈ। ਫਿਰ ਨਾਲ ਖੜੀ ਗੁਰਜੋਈ ਕੌਰ ਨੇ ਵੀ ਵੀਰ ਦਾ ਸਾਥ ਦਿੱਤਾ ਤਾਂ ਝੱਟ ਵਿੱਦਿਆ ਬਾਪੂ ਨੇ ਹਾਂ ਕਰ ਦਿੱਤੀ ਤੇ ਕਿਹਾ ਕਿ ਮੈਂ ਇਹਨਾਂ ਬਚਿੱਆਂ ਨੂੰ ਪੜ੍ਹਾਵਾਂਗਾ ਅਤੇ ਭਾਈ ਤਾਰੂ ਸਿੰਘ ਦੇ ਸਿਰ 'ਤੇ ਹੱਥ ਰਖ ਕੇ ਕਿਹਾ ਕਿ ਤੇਰਾ ਬੱਚਾ ਤੇਰਾ ਨਾਮ ਰੌਸ਼ਨ ਕਰੇਗਾ। ਕੋਈ ਗੱਲ ਨਹੀਂ, ਤੁਸੀਂ ਨਿਸਚਿੰਤ ਹੋ ਜਾਵੋ, ਮੈਂ ਮਦੱਰਸੇ ਵਿੱਚ ਵੀ ਪੜ੍ਹਾਵਾਂਗਾ ਤੇ ਘਰ ਜਾ ਵੀ ਕੇ ਵਿੱਦਿਆ ਦੇਵਾਂਗਾ। ਤੇਰਾ ਬੱਚਾ ਪੜ੍ਹਨ ਵਾਲਾ ਹੈ। ਇਸ ਦੀਆਂ ਅੱਖਾਂ ਹੀ ਦੱਸਦੀਆਂ ਹਨ। ਸੰਨ ੧੭੨੫ ਤੋਂ ੧੭੩੦ ਤੱਕ ਭਾਈ ਤਾਰੂ ਸਿੰਘ ਜੀ ਨੇ ਵਿਦਿਆ ਹਾਸਲ ਕੀਤੀ ਤਾਂ ਭਾਈ ਦੀਦਾਰ ਨੂੰ ਵਿੱਦਿਆ ਬਾਪੂ ਨੇ ਆਖਿਆ ਕਿ ਤੇਰਾ ਲੜਕਾ ਤਾਰੂ ਸਿੰਘ ਨਿੱਤ ਹੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਇੱਕ ਸਾਖੀ ਸੁਣਦਾ ਹੈ ਤੇ ਬਾਰ-ਬਾਰ ਪੁੱਛਦਾ ਹੈ ਕਿ ਤੁਸੀਂ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਛਕਿਆ ਹੈ। ਗੁਰੂ ਜੀ ਦਾ ਸੁਭਾਅ ਕਿਸ ਤਰ੍ਹਾਂ ਦਾ ਸੀ। ਗੁਰੂ ਜੀ

ਕਿਹੜੇ ਸਿੱਖਾਂ ਤੇ ਜਿਆਦਾ ਰੀਝਦੇ ਹੁੰਦੇ ਸਨ। ਕਿਸ ਤਰਾਂ ਦੇ ਸਿੱਖਾਂ ਨੂੰ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਦੇ ਸਵਾਲ ਵੀ ਵਿਲੱਖਣ ਹਨ,ਵਿਚਾਰ ਵੀ ਉੱਚੇ ਹਨ ਤੇ ਯਾਦ ਸ਼ਕਤੀ ਵੀ ਬਹੁਤ ਨਿਰਮਲ ਹੈ। ਸਿਰਫ ਇੱਕ ਵਾਰ ਹੀ ਦੱਸਣਾ ਪੈਂਦਾ ਹੈ ਤੇ ਦੂਜੀ ਵਾਰ ਨੂੰ ਸੁਣਾ ਦਿੰਦਾ ਹੈ।

ਤੇਰਾ ਬੱਚਾ ਤਾਰੂ ਸਿੰਘ ਦਾਨੀ ਸੁਭਾਅ ਵਾਲਾ ਹੈ। ਘਰ ਤੋਂ ਪ੍ਰਸ਼ਾਦਾ ਛਿਟੇ ਬੱਚਿਆਂ ਨੂੰ ਛਕਾਉਂਦਾ ਹੈ ਤੇ ਆਪ ਬਹੁਤ ਘੱਟ ਛਕ ਕੇ ਗੁਜ਼ਾਰਾ ਕਰਦਾ ਹੈ। ਦੋਨਾਂ ਭੈਣ ਭਰਾਵਾਂ ਵਿੱਚ ਇਕੋ ਜਿਹੀ ਲਗਨ ਹੈ। ਸ. ਦੀਦਾਰ ਸਿੰਘ ਨੇ ਆਪਣੇ ਬਚਿੱਆਂ ਦੀ ਉਸਤਤ ਸੁਣ ਕੇ ਰਸਨਾਂ ਤੋਂ ਧੰਨ ਗੁਰੂ ਧੰਨ ਗੁਰੂ ਆਖਿਆ ਤੇ ਗੁਰੂ ਦਾ ਸ਼ੁਕਰਾਨਾ ਕਰਦਿਆਂ ਗੁਰੂ ਦੀਆਂ ਦਿੱਤੀਆਂ ਦਾਤਾਂ ਦਾ ਰੋਮ ਰੋਮ ਧੰਨਵਾਦ ਕੀਤਾ।

ਉਮਰ ੧੦ ਸਾਲ (ਸੰਨ ੧੭੩੦) ਇਕ ਦਿਨ ਇਸ ਇਲਾਕੇ ਪਿੰਡ ਪੂਹਲਾ ਵਿਖੇ ਸਤਿਕਾਰ ਯੋਗ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਆਏ ਤੇ ਇਲਾਕੇ ਦੇ ਬਹੁਤ ਸਾਰੇ ਗੁਰਸਿੱਖਾਂ ਨੂੰ ਮਿਲੇ। ਉੱਥੇ ਉਹਨਾ ਨੂੰ ਪਤਾ ਲੱਗਾ ਕਿ ਅਤਿ ਸਤਿਕਾਰ ਯੋਗ ਬ੍ਰਹਮ ਗਿਆਨੀ ਦੀ ਅਵਸਥਾ ਵਾਲੇ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਮਦਰੱਸੇ ਵਿਖੇ ਬਚਿੱਆਂ ਨੂੰ ਵਿੱਦਿਆ ਦੀਆਂ ਦਾਤਾਂ ਵੰਡ ਰਹੇ ਹਨ।

ਮਿਲਾਪ ਭਾਈ ਮਨੀ ਸਿੰਘ ਅਤੇ ਪਿਆਰ ਦੇ ਬਚਨ ਕਰਨੇ

ਜਦੋਂ ਭਾਈ ਮਨੀ ਸਿੰਘ ਜੀ ਭਾਈ ਰਣਜੋਧ ਸਿੰਘ ਜੀ ਮਿਲੇ ਤੇ ਬਚਨ ਬਿਲਾਸ ਕੀਤੇ। ਉਥੇ ਦਸ ਸਾਲ ਦੇ ਭਾਈ ਤਾਰੂ ਸਿੰਘ ਦੇ ਨੇਤਰ ਇੱਕ ਛਿਨ ਭਰ ਵੀ ਭਾਈ ਮਨੀ ਸਿੰਘ ਦੇ ਦਰਸ਼ਨਾਂ ਤੋਂ ਵਾਂਝੇ ਨਹੀ ਰਹਿ ਸਕੇ ਸਨ। ਭਾਈ ਮਨੀ ਸਿੰਘ ਜੀ ਬਚਨ ਤਾਂ ਭਾਈ ਰਣਜੋਧ ਸਿੰਘ ਜੀ ਨਾਲ ਕਰ ਰਹੇ ਸਨ ਪਰ ਵਿੱਚੋਂ ਧਿਆਨ ਦੋ ਛੋਟੇ-ਛੋਟੇ ਬਚਿੱਆਂ ਵੱਲ ਸੀ। ਕਦੇ ਭਾਈ ਤਾਰੂ ਸਿੰਘ ਵੱਲ ਵੇਖਣ ਕਦੇ ਉਸਦੀ ਭੈਣ ਗੁਰਜੋਈ ਕੌਰ ਵੱਲ। ਆਖਿਰ ਭਾਈ ਮਨੀ ਸਿੰਘ ਜੀ ਨੇ ਪੁੱਛ ਹੀ ਲਿਆ ਕਿ ਵਿੱਦਿਆ ਬਾਪੂ,ਇਹ ਬੱਚੇ ਕਿਹੜੇ ਸਿੰਘ ਦੇ ਹਨ? ਜੋ ਛੋਟੀਆਂ ਉਮਰਾਂ ਵਿੱਚ ਗੁਰੂ ਲੜ ਲੱਗੇ ਹਨ। ਇਸ ਬਾਲਕ ਦਾ ਮਸਤਕ,ਨੇਤਰ,ਸਰੀਰਕ ਡੀਲ ਡੋਲ ਦੱਸਦਾ ਹੈ ਕਿ ਸਿੱਖ ਕੌਮ ਦੀਆਂ ਅੱਖੀਆਂ ਦਾ ਤਾਰਾ ਬਣੇਗਾ। ਕੌਮ ਦੀ ਡਗਮਗਾਉਂਦੀ ਬੇੜੀ ਨੂੰ ਕੰਢਾ ਲਗਾ ਕੇ ਤਾਰੇਗਾ। ਭਾਈ ਰਣਜੋਧ ਸਿੰਘ ਜੀ ਤੇ ਵਿੱਦਿਆ ਬਾਪੂ ਨੇ ਹੱਸ ਕੇ ਆਖਿਆ, "ਭਾਈ ਮਨੀ ਸਿੰਘ ਜੀ,ਇਸ ਬੱਚੇ ਦਾ ਨਾਮ ਹੀ ਤਾਰੂ ਸਿੰਘ ਹੈ ਅਤੇ ਜਿੰਨੇ ਵਰਦਾਨ ਆਪ ਨੇ ਬਖ਼ਸ਼ਿਸ ਕੀਤੇ ਹਨ। ਇਹ ਕੋਈ ਆਲੇ ਤਾਂ ਨਹੀ ਜਾਣ ਪੂਰੇ ਹਨ। ਆਪ ਨੂੰ ਤਾਂ ਸਾਰਾ ਆਣ ਵਾਲਾ ਸਮਾ ਦਿਸ ਰਿਹਾ ਹੈ। "

ਭਾਈ ਮਨੀ ਸਿੰਘ ਨੇ ਭਾਈ ਤਾਰੂ ਸਿੰਘ ਨੂੰ ਆਪਣੇ ਪਾਸ ਬੁਲਾਇਆ,ਗੋਦੀ ਵਿੱਚ ਲਿਆ,ਮੱਥਾ ਚੁੰਮਿਆ ਤੇ ਸੀਸ ਉੱਤੇ ਹੱਥ ਰੱਖਿਆ ਤਾਂ ਭਾਈ ਤਾਰੂ ਸਿੰਘ ਨੇ ਹੱਥ ਫੜ ਲਿਆ। ਪਿਆਰੀ,ਮਿੱਠੀ ਤੇ ਤੋਤਲੀ ਰਸਨਾਂ ਨਾਲ ਆਖਣ ਲੱਗਾ, "ਬਾਬਾ ਜੀ,ਮੇਰੇ ਸਿਰ ਤੋਂ ਹੱਥ ਚੁੱਕੋ ਨਾਂ। ਆਪ ਦੇ ਹੱਥ ਰੱਖਣ ਨਾਲ ਮੈਨੂੰ ਬਹੁਤ ਸੁੱਖ

ਮਿਲਿਆ ਹੈ।"

ਭਾਈ ਮਨੀ ਸਿੰਘ ਜੀ ਆਖਣ ਲੱਗੇ,"ਤੇਰੇ ਕੇਸਾਂ ਦਾ ਜੂੜਾ ਬਹੁਤ ਵੱਡਾ ਹੈ।ਇਸ ਦਾ ਭਾਵ ਹੈ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੇਵਾ ਵੀ ਤੈਥੋਂ ਵੱਡੀ ਹੀ ਲੈਣੀ ਹੈ"।ਤਾਂ ਅਗੋਂ ਵਿੱਦਿਆ ਬਾਪੂ ਜੀ ਦੱਸਣ ਲੱਗੇ ਕਿ ਇਸ ਬੱਚੇ ਦੇ ਦਾਦਾ ਜੀ ਸ. ਗੁਰਦਿਆਲ ਸਿੰਘ ਤੇ ਦਾਦੀ ਜੀਵਨ ਕੌਰ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ।ਇਸ ਦੇ ਪਿਤਾ ਸ.ਦੀਦਾਰ ਸਿੰਘ ਤੇ ਮਾਤਾ ਹਰਜੋਈ ਕੌਰ ਵੀ ਅਮ੍ਰਿੰਤਧਾਰੀ ਹਨ।

ਤਾਂ ਭਾਈ ਮਨੀ ਸਿੰਘ ਜੀ ਬੋਲੇ,"ਮਾਤਾ ਦਾ ਨਾਮ ਹਰਜੋਈ ਕੌਰ ਹੈ,ਇਸ ਬੱਚੀ ਦਾ ਨਾਮ ਕੀ ਹੈ"?ਤਾਂ ਭਾਈ ਤਾਰੂ ਸਿੰਘ ਬੋਲੇ,"ਮੇਰੀ ਭੈਣ ਦਾ ਨਾਮ ?" ਤਾਂ ਭਾਈ ਸਾਹਿਬ ਹੱਸ ਕੇ ਆਖਣ ਲੱਗੇ, "ਹਾਂ,ਹਾਂ, ਭਾਈ ਤਾਰੂ ਸਿੰਘ ਤੇਰੀ, ਭੈਣ ਦਾ ਨਾਮ"?

"ਮੇਰੀ ਭੈਣ ਦਾ ਨਾਮ ਗੁਰਜੋਈ ਕੌਰ ਹੈ",ਤਾਰੂ ਸਿੰਘ ਨੇ ਕਿਹਾ।ਭਾਈ ਮਨੀ ਸਿੰਘ ਜੀ ਗੁਰਜੋਈ ਕੌਰ ਵੱਲ ਵੇਖ ਕੇ ਆਖਣ ਲੱਗੇ, 'ਮਾਂ ਦਾ ਨਾਮ ਹਰਜੋਈ,ਧੀ ਦਾ ਨਾਮ ਗੁਰਜੋਈ'।

ਬੱਚੀ ਉਠ ਕੇ ਹੱਥ ਫੜ ਕੇ ਆਖਣ ਲੱਗੀ ਕਿ ਮੇਰੀ ਮਾਤਾ ਨੇ ਮੈਨੂੰ ਦੱਸਿਆ ਹੈ ਕਿ ਤੇਰਾ ਨਾਮ ਤੇਰੇ ਦਾਦੇ ਨੇ ਰੱਖਿਆ ਹੈ'ਹਰਜੋਈ ਦੀ ਧੀ ਗੁਰਜੋਈ'।

ਭਾਈ ਤਾਰੂ ਸਿੰਘ ਹੱਥ ਜੋੜ ਕੇ ਕਹਿੰਦੇ ਕਿ ਮੇਰਾ ਨਾਮ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਏ ਹੁਕਮਨਾਮੇ ਤੋਂ ਰੱਖਿਆ ਹੈ।ਭਾਈ ਮਨੀ ਸਿੰਘ ਆਖਣ ਲੱਗੇ ਕਿ ਹੁਕਮਨਾਮਾ ਯਾਦ ਹੈ? "ਨਹੀਂ 'ਤੱਤਾ' ਅੱਖਰ ਪਹਿਲਾ ਸੀ",ਤਾਰੂ ਸਿੰਘ ਨੇ ਕਿਹਾ। ਭਾਈ ਤਾਰੂ ਸਿੰਘ ਹੱਥ ਜੋੜ ਕੇ ਵਿੱਦਿਆ ਬਾਪੂ ਨੂੰ ਬੇਨਤੀ ਕੀਤੀ ਕਿ ਤੁਸੀ ਸਾਡੇ ਬਾਰੇ ਬਾਬਾ ਜੀ ਨੂੰ ਦੱਸਿਆ ਹੈ ਪਰ ਸਾਨੂੰ ਵੀ ਬਾਬਾ ਜੀ ਬਾਰੇ ਦੱਸੋ।ਭਾਈ ਰਣਜੋਧ ਸਿੰਘ ਜੀ ਵਿੱਦਿਆ ਬਾਪੂ ਭਾਈ ਮਨੀ ਸਿੰਘ ਜੀ ਦੀ ਉਸਤਤ ਵਿੱਚ ਕੁਝ ਕਹਿਣ ਹੀ ਲੱਗੇ ਸਨ ਕਿ ਭਾਈ ਮਨੀ ਸਿੰਘ ਜੀ ਆਪ ਹੀ ਬੋਲ ਪਏ, "ਬੱਚਿਓ,ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਬੱਚਾ ਹਾਂ।"

ਅੰਮ੍ਰਿਤ ਦੀ ਦਾਤ ਭਾਈ ਮਨੀ ਸਿੰਘ ਜੀ

ਭਾਈ ਤਾਰੂ ਸਿੰਘ ਆਖਣ ਲੱਗੇ ਕਿ ਮੇਰੇ ਪਿਤਾ ਜੀ ਨੇ ਤਾਂ ਦੱਸਿਆ ਸੀ ਕਿ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ-ਦੋ ਚਮਕੌਰ ਦੀ ਗੜ੍ਹੀ ਵਿੱਚ ਤੇ ਦੋ ਸਰਹਿੰਦ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ।ਫਿਰ ਤੁਸੀਂ ਕਿਵੇਂ ਗੁਰੂ ਜੀ ਦੇ ਸਪੁੱਤਰ ਹੋ ? ਤਾਂ ਭਾਈ ਮਨੀ ਸਿੰਘ ਆਖਣ ਲੱਗੇ ਕਿ ਕਾਕਾ ਤੂੰ ਅਮ੍ਰਿੰਤਪਾਨ ਕੀਤਾ ਹੈ?

"ਮੈ ਛੋਟਾ ਅੰਮ੍ਰਿਤ ਛਕਿਆ ਹੈ" ਭਾਈ ਤਾਰੂ ਸਿੰਘ ਆਖਣ ਲੱਗੇ।

ਭਾਈ ਮਨੀ ਸਿੰਘ ਆਖਣ ਲੱਗੇ ਕਿ ਅੰਮ੍ਰਿਤ ਕੋਈ ਛੋਟਾ-ਵੱਡਾ ਨਹੀਂ ਹੁੰਦਾ।ਤਾਰੂ ਸਿੰਘ ਨੇ ਆਖਿਆ ਕਿ ਜਦੋਂ ਸਿੰਘ ਅੰਮ੍ਰਿਤ ਛਕਾ ਰਹੇ ਸਨ,ਮੈਨੂੰ ਇੱਕ

ਚੂਲਾ ਪਿਲਾਇਆ ਤੇ ਇਕ ਸਿਰ ਵਿੱਚ ਪਾਇਆ। ਅੱਖਾਂ ਤੇ ਵੀ ਅੰਮ੍ਰਿਤ ਦੇ ਛਿੱਟੇ ਮਾਰੇ, ਫਿਰ ਆਖਿਆ ਕਿ ਵੱਡਾ ਅੰਮ੍ਰਿਤ ਵੱਡੇ ਹੋਏ ਨੂੰ ਛਕਾਵਾਂਗੇ। ਕਿਰਪਾ ਕਰੋ ਹੁਣ ਮੈਨੂੰ ਵੱਡਾ ਅੰਮ੍ਰਿਤ ਛਕਾਵੋ, ਹੁਣ ਮੈਂ ਵੱਡਾ ਹੋ ਗਿਆ ਹਾਂ।

ਭਾਈ ਮਨੀ ਸਿੰਘ ਜੀ ਇਸ ਬੱਚੇ ਭਾਈ ਤਾਰੂ ਸਿੰਘ ਦੇ ਹਿਰਦੇ ਦੀ ਵੇਦਨਾ, ਮਿੱਠੇ ਤੇ ਪਿਆਰੇ ਬਚਨਾਂ ਵਿੱਚ ਬੱਝ ਗਏ। ਭਾਈ ਰਣਜੋਧ ਸਿੰਘ ਨੇ ਵੀ ਬੇਨਤੀ ਕੀਤੀ ਕਿ ਹੋਰ ਵੀ ਗੁਰੂ ਕੇ ਪਿਆਰੇ ਹਨ ਜੋ ਅੰਮ੍ਰਿਤ ਦੀ ਦਾਤ ਨੂੰ ਤਰਸਦੇ ਹਨ। ਭਾਈ ਮਨੀ ਸਿੰਘ ਜੀ ਨੇ ਪੂਰਾ ਇੰਤਜ਼ਾਮ ਕਰਕੇ ਥੋੜੇ ਦਿਨਾਂ ਬਾਅਦ ਅਮ੍ਰਿਤ ਦਾ ਬਾਟਾ ਤਿਆਰ ਕੀਤਾ। ਉਸ ਵੇਲੇ ਭਾਈ ਤਾਰੂ ਸਿੰਘ ਜੀ ਦੀ ਉਮਰ ੧੧ ਸਾਲ ਸੀ। ਸੋ ਸੰਨ ੧੭੩੧ ਵਿੱਚ ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਜਦੋਂ ਭਾਈ ਮਨੀ ਸਿੰਘ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲਿਆਂ ਨੂੰ ਉਪਦੇਸ਼ ਦੇ ਰਹੇ ਸਨ ਤਾਂ ਆਖਿਆ, "ਐ ਗੁਰੂ ਪਿਆਰਿਓ!, ਅੱਜ ਤੋਂ ਬਾਅਦ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਮਾਤਾ ਸਾਹਿਬ ਕੌਰ ਹੈ। ਤੁਸੀਂ ਆਨੰਦਪੁਰ ਵਾਸੀ ਹੋ ਤੇ ਤੁਹਾਡੀ ਕੋਈ ਜਾਤ-ਪਾਤ ਨਹੀਂ। ਤੁਹਾਡੀ ਜਾਤ ਖ਼ਾਲਸਾ ਹੈ। ਪੰਜ ਰਹਿਤ ਕਕਾਰ ਵਿੱਚ ਪੂਰਨ ਰਹਿਣਾ ਹੈ ਤੇ ਚਾਰ ਬਜੱਰ ਕੁਰਿਹਤਾਂ ਤੋਂ ਬਚਣਾ ਹੈ।" ਪੂਰੀ ਅੰਮ੍ਰਿਤ ਦੀ ਮਰਿਆਦਾ ਦ੍ਰਿੜ ਕਰਵਾਉਣ ਤੋਂ ਬਾਦ ਭਾਈ ਤਾਰੂ ਸਿੰਘ ਨੂੰ ਪੁੱਛਿਆ ਕਿ ਦੱਸ ਤੇਰੇ ਪਿਤਾ ਦਾ ਨਾਮ ਕੀ ਹੈ? ਭਾਈ ਤਾਰੂ ਸਿੰਘ ਨੇ ਪਹਿਲਾਂ ਤਾਂ ਕੜਕ ਦੀ ਆਵਾਜ਼ ਵਿੱਚ ਫ਼ਤਿਹ ਗਜਾਈ ਤੇ ਫਿਰ ਦੱਸਿਆ ਕਿ ਮੇਰੇ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਹੈ। ਫਿਰ ਹੱਸਦੇ ਮੁਖੜੇ ਨਾਲ ਭਾਈ ਮਨੀ ਸਿੰਘ ਦੀ ਗੋਦ ਵਿਚ ਆ ਕੇ ਆਖਿਆ ਕਿ ਮੈਂ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਪੁੱਤਰ ਹਾਂ।

ਦੋਵੇਂ ਭੈਣ ਭਾਈ ਖ਼ੁਸ਼ੀ ਖੁਸ਼ੀ ਘਰ ਮੁੜਨ ਤੋਂ ਪਹਿਲਾਂ ਕੋਈ ਬੇਨਤੀ ਕਰਨਾ ਚਾਹੁੰਦੇ ਸਨ ਪਰ ਸਮਾਂ ਨਹੀਂ ਬਣ ਰਿਹਾ ਸੀ। ਫਿਰ ਆਪਸ ਵਿਚ ਬਚਨ ਕਰਨ ਲੱਗ ਪੈਂਦੇ ਹਨ। ਭੈਣ ਗੁਰਜੋਈ ਅੰਮ੍ਰਿਤ ਦੀ ਦਾਤ ਪਾ ਕੇ ਬਹੁਤ ਪ੍ਰਸੰਨ ਹੈ। ਛੋਟੇ ਵੀਰ ਨੂੰ ਅਮ੍ਰਿਤ ਦੀ ਮਰਿਯਾਦਾ ਦ੍ਰਿੜ ਕਰਵਾ ਰਹੇ ਸਨ ਤਾਂ ਵਿਦਿਆ ਬਾਪੂ ਭਾਈ ਰਣਜੋਧ ਸਿੰਘ ਨੇ ਦੋਨਾਂ ਬੱਚਿਆਂ ਨੂੰ ਬਹੁਤ ਵਧਾਈ ਦਿੱਤੀ। ਤਦੋਂ ਭਾਈ ਤਾਰੂ ਸਿੰਘ ਇੱਕ ਬੇਨਤੀ ਜੋ ਬਾਬਾ ਜੀ ਨੂੰ ਕਰਨੀ ਚਾਹੁੰਦਾ ਸੀ ਤੇ ਬੱਚਾ ਹੋਣ ਕਰਕੇ ਸੰਗਤ ਵਿੱਚ ਨਹੀਂ ਸੀ ਕਰ ਸਕਿਆ। ਹੁਣ ਵਿਦਿਆ ਬਾਪੂ ਨੂੰ ਕੀਤੀ ਕਿ ਬਾਬਾ ਜੀ ਅਤੇ ਪੰਜ ਪਿਆਰਿਆਂ ਨੂੰ ਲੈ ਕੇ ਤੁਸੀਂ ਸਾਡੇ ਘਰ ਆਵੋ। ਭਾਈ ਰਣਜੋਧ ਸਿੰਘ ਤਾਰੂ ਸਿੰਘ ਦੀ ਬਾਂਹ ਫੜ ਕੇ ਭਾਈ ਮਨੀ ਸਿੰਘ ਜੀ ਪਾਸ ਲੈ ਗਏ ਤੇ ਬੇਨਤੀ ਕੀਤੀ ਕਿ ਭਾਈ ਸਾਹਿਬ ਜੀ, ਗੁਰੂ ਕਾ ਲਾਲ ਆਪ ਜੀ ਨੂੰ ਆਪਣੇ ਘਰ ਬੇਨਤੀ ਕਰ ਰਿਹਾ ਹੈ। ਭਾਈ ਮਨੀ ਸਿੰਘ ਜੀ ਕੁਝ ਬੋਲਣ ਹੀ ਵਾਲੇ ਸਨ ਕਿ ਭਾਈ ਤਾਰੂ ਸਿੰਘ ਨੂੰ ਲੱਗਿਆ ਕਿ ਕਿਤੇ ਬਾਬਾ ਜੀ ਕੀਤੇ ਨਾਂਹ ਹੀ ਨਾ ਆਖ ਦੇਣ, ਪਹਿਲਾਂ ਹੀ ਹੱਥ ਜੋੜ ਕੇ ਬੇਨਤੀ ਕੀਤੀ ਕਿ ਤੁਸੀਂ ਵੀ ਗੁਰੂ ਕੇ ਸਪੁੱਤਰ ਹੋ ਅਤੇ ਮੈਂ ਵੀ। ਆਪਣੇ ਬੱਚੇ ਦਾ ਦਿਲ ਨਹੀਂ

ਤੋੜਨਾ, ਹਾਂ ਕਰੋ ਤੇ ਅਸੀਂ ਘਰ ਜਾ ਕੇ ਤਿਆਰੀਆਂ ਵੀ ਕਰਨੀਆਂ ਹਨ। ਭਾਈ ਸਾਹਿਬ ਆਖਣ ਲੱਗੇ ਕਿ ਤੁਸੀਂ ਘਰ ਚੱਲੋ,ਅਸੀਂ ਵਿੱਦਿਆ ਬਾਪੂ ਨਾਲ ਆਏ।

ਦੋਨਾਂ ਭੈਣ-ਭਾਈ ਨੇ ਖ਼ੁਸ਼ੀ-ਖ਼ੁਸ਼ੀ ਨਾਲ ਘਰ ਨੂੰ ਸੁੱਟ ਵੱਟ ਲਈ ਤੇ ਭੱਜ ਕੇ ਆ ਕੇ ਮਾਤਾ-ਪਿਤਾ ਪਾਸ ਖ਼ਬਰ ਦਿੱਤੀ, " ਅਸੀਂ ਜਿਸ ਬਾਬੇ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ, ਉਹ ਬਾਬਾ ਜੀ ਤੇ ਪੰਜ ਪਿਆਰੇ ਆਪਣੇ ਘਰ ਆ ਰਹੇ ਹਨ, ਨਾਲ ਵਿੱਦਿਆ ਬਾਪੂ ਵੀ ਹੈ,ਘਰ ਤੱਕ ਅਸੀਂ ਲਿਆਏ ਹਾਂ,ਰਾਤ ਰੱਖਣਾ ਤੁਹਾਡਾ ਕੰਮ ਹੈ,ਅੱਜ ਅਸੀਂ ਵਾਪਸ ਨਹੀਂ ਜਾਣ ਦੇਣਾਂ।"*

ਸ.ਦੀਦਾਰ ਸਿੰਘ ਤੇ ਬੀਬੀ ਹਰਜੋਈ ਕੌਰ,ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਨੇ ਗਲ ਵਿਚ ਪੱਲਾ ਪਾ ਕੇ,ਸੇਜਲ ਨੇਤਰਾਂ ਨਾਲ ਭਾਈ ਸਾਹਿਬ ਨੂੰ ਰਾਤ ਰੁਕਣ ਵਾਸਤੇ ਬੇਨਤੀ ਕੀਤੀ।ਭਾਈ ਸਾਹਿਬ ਪ੍ਰੇਮ ਦੇ ਬੰਧਨ ਵਿੱਚ ਬੱਝ ਗਏ ਤੇ 'ਹਾਂ' ਕਰ ਦਿਤੀ। ਸਾਰੇ ਪਰਿਵਾਰ ਨੇ ਭੱਜ-ਭੱਜ ਕੇ ਅਦਬ ਤੇ ਭੈ ਰੱਖ ਕੇ ਸੇਵਾ ਕੀਤੀ।ਸ.ਦੀਦਾਰ ਸਿੰਘ ਦੇ ਮੁੱਖੋਂ ਸਹਿਜ ਹੀ ਨਿਕਲਿਆ, "ਭਾਈ ਸਾਹਿਬ ਜੀ, 'ਨਦੀ-ਨਾਵ ਸੰਜੋਗੀ ਮੇਲੇ' ਫਿਰ ਪਤਾ ਨਹੀ ਇਹ ਸੇਵਾ ਦਾ ਸਮਾਂ ਕਦੋਂ ਮਿਲੇਗਾ,ਸਮੇਂ ਦੀ ਹਕੂਮਤ ਤਾਂ ਹਰ ਰੋਜ਼ ਤੜਾਵਾਂ ਕੱਸੀ ਜਾ ਰਹੀ ਹੈ"।ਭਾਈ ਮਨੀ ਸਿੰਘ ਨੇ ਧੀਰਜ ਦਿੱਤੀ।ਕੁਝ ਦਿਨ ਰੁੱਕ ਕੇ ਆਗਿਆ ਲੈ ਕੇ ਵਾਪਿਸ ਸ੍ਰੀ ਅਮ੍ਰਿੰਤਸਰ ਸਹਿਬ ਚਲੇ ਗਏ।

ਸ. ਦੀਦਾਰ ਸਿੰਘ ਜੀ ਦੀ ਸ਼ਹੀਦੀ

ਲੱਗਭੱਗ ਇੱਕ ਸਾਲ ਬਾਅਦ ੧੯ ਮਾਰਚ ੧੭੩੨ ਵਾਲੇ ਦਿਨ ਘਰ ਵਿੱਚ ਖ਼ੁਸ਼ੀਆਂ ਸਨ ਕਿਉਂਕਿ ਭਾਈ ਤਾਰੂ ਸਿੰਘ ਜੀ ਅੱਜ ਬਾਰਾਂ ਸਾਲ ਦੇ ਹੋ ਗਏ ਸਨ।ਪਿਤਾ ਸ.ਦੀਦਾਰ ਸਿੰਘ ਤੇ ਮਾਤਾ ਹਰਜੋਈ ਕੌਰ ਭਾਈ ਤਾਰੂ ਸਿੰਘ ਦੇ ਜਨਮ ਸਮੇਂ ਦੀਆਂ ਗੱਲਾਂ ਕਰ ਕੇ ਖ਼ੁਸ਼ੀਆਂ ਤੇ ਖੇੜਿਆਂ ਵਿੱਚ ਚਾਅਮਲਾਰ ਕਰ ਰਹੇ ਸਨ। ਘਰ ਵਿਚ ਜੋ ਅੱਜ ਲੰਗਰ ਪ੍ਰਸ਼ਾਦਾ ਤਿਆਰ ਕੀਤਾ ਉਸ ਵਿਚ ਮਿਸ਼ਠਾਨ ਖੀਰ-ਪ੍ਰਸ਼ਾਦ ਤਿਆਰ ਕਰਕੇ ਥਾਲ ਵਿਚ ਸਜਾ ਕੇ ਸਤਿਗੁਰੂ ਜੀ ਦੇ ਪ੍ਰਤੀ ਅਰਦਾਸ ਕੀਤੀ ਗਈ। ਸਾਰੇ ਪਰਿਵਾਰ ਨੇ ਤੇ ਆਏ ਗੁਰਸਿੱਖਾਂ ਨੇ ਇਹ ਲੰਗਰ ਪ੍ਰੇਮ ਨਾਲ ਛਕਿਆ ਅਤੇ ਇਸੇ ਤਰਾਂ ਰਾਤ ਦੇ ਲੰਗਰ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਇਸੇ ਦੌਰਾਨ ਇਕ ਗੁਰੂ ਕਾ ਸਿੱਖ ਭਾਈ ਦੀਦਾਰ ਸਿੰਘ ਜੀ ਨੂੰ ਇੱਕ ਪਾਸੇ ਲਿਜਾ ਕੇ ਛੋਟੀ ਆਵਾਜ਼ ਵਿੱਚ ਬੇਨਤੀ ਕਰਨ ਲੱਗਾ ਕਿ ਪਿੰਡ ਪੂਹਲੇ ਦੇ ਬਾਹਰ ਜੰਗਲ ਵਿੱਚ ਸਿੰਘਾਂ ਦੀ ਇੱਕ ਛੋਟੀ ਜਿਹੀ ਟੁਕੜੀ ਠਹਿਰੀ ਹੋਈ ਹੈ, ਜੋ ਕਈ

* ਇੱਕ ਇਤਿਹਾਸਕਾਰ ਨੇ ਪੰਜ ਦਿਨ ਲਿਖਿਆ ਹੈ ਤੇ ਇੱਕ ਨੇ ਤਿੰਨ ਦਿਨ ਲਿਖਿਆ ਹੈ ਭਾਵ ਭਾਈ ਮਨੀ ਸਿਘ ਤੇ ਗੁਰੂ ਪਿਆਰੇ ਭਾਈ ਤਾਰੂ ਸਿੰਘ ਜੀ ਦੇ ਘਰ ਕੁੱਝ ਦਿਨ ਠਹਿਰੇ। ਇਹ ਸੰਨ ੧੭੩੧ ਦੀ ਗੱਲ ਚਲ ਰਹੀ ਹੈ। ੧੭੩੪ ਵਿਚ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੀ ਤਾਰੀਖ ਆਵੇਗੀ।

ਦਿਨਾਂ ਤੋਂ ਫਾਕੇ ਕਟੱਦੀ ਆ ਰਹੀ ਹੈ (ਭਾਵ ਭੁੱਖੀ ਹੈ)।ਅੱਜ ਰਾਤ ਦੇ ਲੰਗਰ ਦੀ ਸੇਵਾ ਆਪ ਜੀ ਨੇ ਕਰਨੀ ਹੈ।ਅੱਜ ਆਪ ਜੀ ਨੇ ਉਹਨਾਂ ਗੁਰਸਿੱਖਾਂ ਨੂੰ ਲੰਗਰ ਬਣਾ ਕੇ ਪਹੁੰਚਾਉਣਾ ਹੈ।ਜਗ੍ਹਾ ਸਮਝਾ ਦਿਤੀ।

ਭਾਈ ਦੀਦਾਰ ਸਿੰਘ ਜੀ ਨੇ ਇਹ ਸੰਦੇਸ਼ ਆਪਣੀ ਘਰਵਾਲੀ ਨੂੰ ਛੋਟੀ ਆਵਾਜ਼ ਵਿੱਚ ਦੇ ਦਿੱਤਾ ਕਿ ਅੱਜ ਰਾਤ ਦੇ ਲੰਗਰ ਵਿੱਚ ੨੦-੨੫ ਸਿੰਘਾਂ ਦਾ ਪ੍ਰਸ਼ਾਦਾ ਵੱਧ ਤਿਆਰ ਕਰਨਾ ਹੈ। ਇਹ ਲੰਗਰ ਵੀ ਜਲਦੀ ਪਹੁੰਚਾਉਣਾ ਹੈ ਸੋ ਸੇਵਾ ਹੁਣੇ ਹੀ ਆਰੰਭ ਕਰ ਦਿਉ।ਲੰਗਰ ਤਿਆਰ ਕਰ ਦਿੱਤਾ ਗਿਆ। ਦੋ ਵੱਡੇ ਡੱਬਿਆਂ ਵਿੱਚ ਦਾਲ ਤੇ ਟੋਕਰੇ ਵਿੱਚ ਪ੍ਰਸਾਦੇ ਪਾ ਦਿੱਤੇ ਗਏ।

ਅਜੇ ਦਿਨ ਖੜ੍ਹਾ ਹੀ ਸੀ।ਭਾਈ ਤਾਰੂ ਸਿੰਘ ਪੁੱਛਣ ਲੱਗੇ ਕਿ ਇਹ ਲੰਗਰ ਕਿਸ ਵਾਸਤੇ ਤਿਆਰ ਕੀਤਾ ਗਿਆ ਹੈ?ਪਿਤਾ ਜੀ ਨੇ ਪਿਆਰ ਨਾਲ ਭਾਈ ਤਾਰੂ ਸਿੰਘ ਨੂੰ ਕਿਹਾ,"ਨਹੀਂ-ਨਹੀਂ ਬੱਚਿਆ,ਤੂੰ ਸੇਵਾ ਹੀ ਕਰ, ਇੱਧਰ ਧਿਆਨ ਨਾ ਦੇ। " ਤਾਂ ਭਾਈ ਤਾਰੂ ਸਿੰਘ ਮਾਤਾ ਜੀ ਕੋਲ ਗਏ ਤੇ ਛੋਟੀ ਆਵਾਜ਼ ਵਿੱਚ ਪੁੱਛਣ ਲੱਗੇ, "ਇਹ ਜੋ ਲੰਗਰ ਡੱਬਿਆਂ ਤੇ ਟੋਕਰੇ ਵਿੱਚ ਪਾਇਆ ਹੈ,ਕਿਸ ਵਾਸਤੇ ਹੈ?ਕੀ ਕੋਈ ਸੰਗਤ ਬਾਹਰੋਂ ਆ ਰਹੀ ਹੈ? ਇਹ ਪ੍ਰਸ਼ਾਦਾ ਕਿਸੇ ਪਾਸੇ ਭੇਜਣਾ ਹੈ ਜਾਂ ਇਥੇ ਹੀ ਛਕਾਉਣਾ ਹੈ?"

ਮਾਤਾ ਹਰਜੋਈ ਕੌਰ ਭਾਈ ਤਾਰੂ ਸਿੰਘ ਜੀ ਨੂੰ ਪਿਆਰ ਨਾਲ ਆਖਣ ਲੱਗੀ, "ਅੱਜ ਤੇਰਾ ਜਨਮ ਦਿਨ ਹੈ ਨਾ!ਇਸ ਵਾਸਤੇ ਇਹ ਪ੍ਰਸ਼ਾਦਾ ਗੁਰੂ ਕੇ ਸਿੰਘਾਂ ਨੂੰ ਪਹੁੰਚਾਉਣਾ ਹੈ ਤੇ ਤੂੰ ਇਸਦੇ ਬਾਰੇ ਕਿਸੇ ਨਾਲ ਗੱਲ ਨਹੀਂ ਕਰਨੀ"।

"ਮਾਂ ਮੈਂ ਵੀ ਪਿਤਾ ਜੀ ਦੇ ਨਾਲ ਜਾਵਾਂਗਾ,ਗੁਰੂ ਕੇ ਸਿੰਘਾਂ ਦੇ ਦਰਸ਼ਨ ਕਰਨ,ਜੋ ਧਰਮ ਯੁਧ ਮੋਰਚੇ ਵਿੱਚ ਡਟੇ ਹੋਏ ਹਨ", ਭਾਈ ਤਾਰੂ ਸਿੰਘ ਆਖਣ ਲੱਗੇ।ਮਾਤਾ ਗੁਰਜੋਈ ਕੌਰ ਨੇ ਆਖਿਆ ਕਿ ਪੁੱਤਰ, ਹੁਣ ਤੂੰ ਕੁਝ ਨਹੀਂ ਬੋਲਣਾ।ਸ਼ਾਮਾਂ ਢਲ ਕੇ ਮੁਜਾਖੜਾ ਸਮਾਂ ਹੋਣ ਲੱਗਾ।ਐਰਵੈਰ ਰੱਲਣ ਲੱਗੀ।ਹਰਜੋਈ ਕੌਰ ਸ.ਦੀਦਾਰ ਸਿੰਘ ਜੀ ਕੋਲ ਗਈ ਅਤੇ ਬੇਨਤੀ ਕਰਨ ਲੱਗੀ ਕਿ ਸਰਦਾਰ ਜੀ,ਪਤਾ ਨਹੀਂ ਕੀ ਗੱਲ ਹੈ,ਮੇਰਾ ਦਿਲ ਘਬਰਾਹਟ ਕਰੀ ਜਾ ਰਿਹਾ ਹੈ। ਸ. ਦੀਦਾਰ ਸਿੰਘ ਹੱਸ ਕੇ ਆਖਣ ਲੱਗੇ, "ਜੋ ਗੁਰੂ ਕਰੇਗਾ, ਭਲੀ ਕਰੇਗਾ। ਰਹਿਰਾਸ ਸਾਹਿਬ ਜੀ ਦੇ ਪਾਠ ਦਾ ਸਮਾਂ ਹੋ ਗਿਆ ਹੈ,ਬੱਚਿਆਂ ਨੂੰ ਬੁਲਾਉ ਤੇ ਜਲਦੀ ਪਾਠ ਕਰਕੇ ਮੈਂ ਲੰਗਰ ਪਹੁੰਚਾਉਣ ਦੀ ਸੇਵਾ ਵੀ ਨਿਭਾ ਕੇ ਆਉਣੀ ਹੈ,ਫਿਰ ਆਪਾਂ ਰਾਤ ਨੂੰ ਬੈਠ ਕੇ ਗੁਰੂ ਦੀਆਂ ਕਥਾ ਕਹਾਣੀਆਂ ਤੇ ਘਰ ਦੇ ਦੁੱਖ-ਸੁੱਖ ਵੀ ਕਰਾਂਗੇ। "ਸਾਰੇ ਪਰਿਵਾਰ ਨੇ ਮਿਲਕੇ ਰਹਿਰਾਸ ਸਾਹਿਬ ਜੀ ਦੇ ਪਾਠ ਕੀਤੇ ਤੇ ਅਰਦਾਸ ਕੀਤੀ ਕਿ ਜੇ ਅਕਾਲ ਪੁਰਖ ਜੀਓ!ਜਿੱਥੇ ਭਾਵੇ ਤਿੱਥੇ ਰੱਖੀਂ,ਜਿੱਥੇ ਨਾਂ ਭਾਵੇ ਉੱਥੇ ਨਾਂ ਰੱਖੀਂ,ਜਿੱਥੇ ਰੱਖੀਂ ਆਪਣੇ ਚਰਣਾਂ ਵਿੱਚ ਰੱਖੀਂ।

ਬੀਬੀ ਹਰਜੋਈ ਕੌਰ ਨੇ ਕਿਹਾ ਕਿ ਪ੍ਰਸ਼ਾਦਾ ਛਕ ਲਵੋ ਤਾਂ ਦੀਦਾਰ ਸਿੰਘ ਆਖਣ ਲੱਗੇ ਕਿ ਤੁਸੀਂ ਛਕੋ ਮੈਂ ਸਿੰਘਾਂ ਨੂੰ ਲੰਗਰ ਪਹੁੰਚਾ ਕੇ, ਆ ਕੇ ਛਕ ਲਵਾਂਗਾ।ਭਾਈ ਤਾਰੂ ਸਿੰਘ ਦੇ ਕੰਨਾਂ ਵਿੱਚ ਇਹ ਗੱਲ ਪਈ ਹੋਈ ਸੀ ਕਿ ਪਿਤਾ ਜੀ

ਨੇ ਪ੍ਰਸ਼ਾਦਾ ਲਿਜਾ ਕੇ ਸਿੰਘਾਂ ਨੂੰ ਛਕਾਉਣਾ ਹੈ,ਨਾਲ ਹੀ ਪਿਤਾ ਦੀ ਆਵਾਜ਼ ਵਿੱਚ ਆਵਾਜ਼ ਮਿਲਾ ਕੇ ਆਖਿਆ,"ਮੈਂ ਵੀ ਪਿਤਾ ਜੀ ਦੇ ਨਾਲ ਹੀ ਪ੍ਰਸ਼ਾਦਾ ਛਕਾਂਗਾ।"

ਸ. ਦੀਦਾਰ ਸਿੰਘ ਜੀ ਆਖਣ ਲੱਗੇ ਕਿ ਨਹੀਂ ਪੁੱਤਰ ਜੀ,ਤੁਸੀ ਆਪਣੀ ਮਾਤਾ ਤੇ ਭੈਣ ਨਾਲ ਪ੍ਰਸ਼ਾਦਾ ਛਕੋ; ਮੈਂ ਹੁਣੇ ਜਾ ਕੇ ਆਇਆ।ਭਾਈ ਤਾਰੂ ਸਿੰਘ ਪਿਤਾ ਜੀ ਨਾਲ ਲਾਡ ਕਰਦੇ ਹੋਏ ਆਖਣ ਲੱਗੇ ਕਿ ਮੈਂ ਵੀ ਸਿੰਘਾਂ ਦੇ ਦਰਸ਼ਨ ਕਰਨ ਜਾਣਾ ਹੈ।ਸ. ਦੀਦਾਰ ਸਿੰਘ ਜੀ ਨੇ ਹਰਜੋਈ ਕੌਰ ਨੂੰ ਨੇਤਰਾਂ ਦੇ ਇਸ਼ਾਰੇ ਨਾਲ ਭਾਈ ਤਾਰੂ ਸਿੰਘ ਨੂੰ ਰੋਕਣ ਲਈ ਸਮਝਾਇਆ।ਮਾਤਾ ਹਰਜੋਈ ਕੌਰ ਭਾਈ ਤਾਰੂ ਸਿੰਘ ਨੂੰ ਬੁੱਕਲ ਵਿੱਚ ਲੈ ਕੇ ਇਕ ਪਾਸੇ ਲੈ ਗਈ ਤੇ ਆਖਣ ਲੱਗੀ,"ਜੰਗਲ ਬੀਆਬਾਨ ਹੈ,ਤੂੰ ਅਜੇ ਬੱਚਾ ਹੈਂ,ਜਦੋਂ ਤੂੰ ਵੱਡਾ ਹੋਵੇਂਗਾ ਤਾਂ ਇਹ ਸੇਵਾ ਦਾ ਸੁਭਾਗਾ ਸਮਾਂ ਤੈਨੂੰ ਵੀ ਮਿਲੇਗਾ,ਅੱਜ ਤੂੰ ਜਿੱਦ ਨਾਂ ਕਰ!ਮੇਰਾ ਮਨ ਤਾਂ ਪਹਿਲਾਂ ਹੀ ਘਬਰਾਇਆ ਹੋਇਆ ਹੈ,ਤੂੰ ਮੇਰਾ ਮਨ ਲਗਾਉਣ ਦਾ ਯਤਨ ਕਰ।"

ਉੱਧਰ ਸ. ਦੀਦਾਰ ਸਿੰਘ ਨੇ ਅਰਦਾਸ ਕਰਕੇ ਸੀਸ ਤੇ ਪ੍ਰਸ਼ਾਦਿਆਂ ਵਾਲਾ ਟੋਕਰਾ ਰੱਖ ਕੇ ਤੇ ਹੱਥ ਵਿੱਚ ਡੋਲ ਫੜ ਕੇ ਸਿੰਘ ਦੇ ਦੱਸੇ ਹੋਏ ਰਸਤੇ ਤੇ ਤੁਰ ਪਏ ਤੇ ਰਸਨਾ ਤੋਂ ਸਿਮਰਨ ਆਰੰਭ ਕਰ ਦਿੱਤਾ।ਸ.ਦੀਦਾਰ ਸਿੰਘ ਆਪਣੇ ਵੱਲੋਂ ਤਾਂ ਬਚ-ਬਚਾ ਕੇ ਜਾ ਰਹੇ ਸਨ,ਪਰ ਫਿਰ ਵੀ ਇਕ ਪਾਪੀ ਦੀ ਨਜ਼ਰ ਉਨ੍ਹਾਂ ਤੇ ਪੈ ਗਈ।ਉਸ ਪਾਪੀ ਨੇ ਇਨਾਮ ਦੇ ਲਾਲਚ ਵਸ ਜ਼ਕਰੀਆ ਖਾਨ ਦੇ ਫੌਜਦਾਰ ਨੂੰ ਖਬਰ ਦੇ ਦਿਤੀ।ਉਸ ਨੇ ਤੁਰੰਤ ਦੋ ਸਿਪਾਹੀ ਪਿਛਾ ਕਰਨ ਵਾਸਤੇ ਭੇਜ ਦਿੱਤੇ,ਪਰ ਸ.ਦੀਦਾਰ ਸਿੰਘ ਨੇ ਸਿੰਘਾਂ ਨੂੰ ਪ੍ਰਸ਼ਾਦਾ ਪਹੁੰਚਾ ਦਿੱਤਾ ਤੇ ਸਿੰਘ ਅੱਗੇ ਚਲੇ ਗਏ ਭਾਵ ਉਹ ਜਗ੍ਹਾ ਜਿੱਥੇ ਉਹ ਠਹਿਰੇ ਸਨ,ਉਸ ਜਗ੍ਹਾ ਨੂੰ ਛੱਡ ਕੇ ਚਲੇ ਗਏ।

ਸ. ਦੀਦਾਰ ਸਿੰਘ ਜੀ ਘਰ ਨੂੰ ਵਾਪਿਸ ਪਰਤ ਰਹੇ ਸਨ। ਜ਼ਕਰੀਆ ਖਾਨ ਦੇ ਦੋਨੋਂ ਸਿਪਾਹੀਆਂ ਨੇ ਸ.ਦੀਦਾਰ ਸਿੰਘ ਨੂੰ ਜੰਗਲ ਵਿਚ ਹੀ ਘੇਰ ਲਿਆ ਤੇ ਆਖਣ ਲੱਗੇ,"ਤੂੰ ਕਿੱਥੋਂ ਆਇਆ ਹੈਂ? ਤੇ ਇਸ ਟੋਕਰੇ ਤੇ ਡੱਬਿਆਂ ਵਿੱਚ ਕੀ ਲੈ ਕੇ ਗਿਆ ਸੀ? ਤੂੰ ਡਾਕੂਆਂ ਤੇ ਲੁਟੇਰਿਆਂ ਨੂੰ ਰੋਟੀ ਦੇ ਕੇ ਆਇਆ ਹੈਂ। ਤੈਨੂੰ ਪਤਾ ਨਹੀਂ!ਇਸ ਗੁਨਾਹ ਦੀ ਸਜ਼ਾ ਮੌਤ ਹੈ।" ਸ.ਦੀਦਾਰ ਸਿੰਘ ਆਖਣ ਲੱਗੇ,"ਮੈਂ ਕਿਸੇ ਡਾਕੂ ਜਾਂ ਲੁਟੇਰੇ ਨੂੰ ਪ੍ਰਸ਼ਾਦਾ ਨਹੀ ਦੇ ਕੇ ਆਇਆ, ਮੈ ਤਾਂ ਤੁਹਾਡੇ ਜ਼ਕਰੀਏ ਦੇ ਸਤਾਏ ਹੋਏ ਧਰਮੀ ਸਿੰਘਾਂ ਨੂੰ ਪ੍ਰਸ਼ਾਦਾ ਦੇ ਕੇ ਆਇਆ ਹਾਂ।ਰਹੀ ਗੱਲ ਮੌਤ ਦੀ, ਸਿੰਘ ਮੌਤ ਕੋਲੋਂ ਨਹੀਂ ਡਰਦੇ।ਮੇਰਾ ਰਸਤਾ ਛੱਡ ਦੇਵੋ, ਨਹੀਂ ਤਾਂ ਇਹ ਤੁਹਾਨੂੰ ਬਹੁਤ ਮਹਿੰਗਾ ਪਵੇਗਾ।" ਇਹਨਾ ਪਠਾਣਾਂ ਨੇ ਇਕ ਦੂਜੇ ਨਾਲ ਅੱਖ ਮਿਲਾਈ ਤੇ ਰਸਤਾ ਛੱਡ ਦਿਤਾ। ਜਦੋਂ ਸ. ਦੀਦਾਰ ਸਿੰਘ ਅੱਗੇ ਵਧੇ ਤਾਂ ਇਹਨਾਂ ਪਾਪੀਆਂ ਨੇ ਧੋਖੇ ਨਾਲ ਪਿੱਛੋਂ ਦੀ ਵਾਰ ਕਰਕੇ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਸ. ਦੀਦਾਰ ਸਿੰਘ ਉੱਥੇ ਹੀ ਸ਼ਹੀਦੀ ਪ੍ਰਾਪਤ ਕਰ ਗਏ।ਇਹ ਤਾਰੀਖ ਸੀ ੧੯ ਮਾਰਚ ਦੀ ਰਾਤ, ਸੰਨ ੧੭੩੨ ।

ਉਧਰ ਘਰ ਵਿਚ ਹਰਜੋਈ ਕੌਰ ਬਚਿੱਆਂ ਨੂੰ ਗੋਦੀ ਵਿੱਚ ਲੈ ਕੇ ਪਤੀ ਦੇ ਆਉਣ ਦੀਆਂ ਉਡੀਕਾਂ ਕਰ ਰਹੀ ਸੀ।ਬਾਰ-ਬਾਰ ਭਾਈ ਤਾਰੂ ਸਿੰਘ ਦਰਵਾਜ਼ੇ ਤੋਂ ਹੋ-

ਹੋ ਕੇ ਮੁੜਦੇ ਸਨ ਕਿ ਪਿਤਾ ਜੀ ਅਜੇ ਤਕ ਨਹੀਂ ਆਏ। ਹਰਜੋਈ ਕੌਰ ਜੀ ਆਖਣ ਲੱਗੇ,"ਵਾਹਿਗੁਰੂ ਸੁੱਖ ਰੱਖੇ,ਅੱਜ ਸ਼ਾਮ ਨੂੰ ਹੀ ਮੇਰੇ ਮਨ ਵਿੱਚ ਬਹੁਤ ਘਬਰਾਹਟ ਪੈ ਰਹੀ ਸੀ ਆਉਣ ਵਾਲਾ ਸਮਾਂ ਚੰਗਾ ਨਹੀ ਦਿਸ ਰਿਹਾ।" ਭਾਈ ਤਾਰੂ ਸਿੰਘ ਨੇ ਮਾਂ ਨੂੰ ਦਿਲਾਸਾ ਦਿੰਦਿਆ ਕਿਹਾ,"ਮੈਂ ਤੁਹਾਨੂੰ ਆਖਿਆ ਸੀ ਕਿ ਮੈਨੂੰ ਨਾਲ ਜਾਣ ਦਿਉ,ਕਿਤੇ ਪਿਤਾ ਜੀ ਵਾਪਸ ਆਉਣ ਦਾ ਰਸਤਾ ਹੀ ਨਾ ਭੁੱਲ ਗਏ ਹੋਣ।"

"ਵੀਹ-ਪੱਚੀ ਸਿੰਘਾਂ ਦਾ ਜੱਥਾ ਦਸਦੇ ਸਨ, ਆਖਿਰ ਪ੍ਰਸ਼ਾਦਾ ਛਕਾ ਕੇ ਹੀ ਵਾਪਸ ਮੁੜਨਗੇ", ਮਾਂ ਨੇ ਭਾਈ ਤਾਰੂ ਸਿੰਘ ਨੂੰ ਕਿਹਾ ਅਤੇ ਸਿਰ 'ਤੇ ਹੱਥ ਰੱਖ ਕੇ ਆਪਣੇ ਜੇਠ ਸ. ਜੈ ਸਿੰਘ ਦੇ ਮੁੱਖੋਂ ਸੁਣੀ ਗਾਥਾ ਸੁਣਾਉਣ ਲੱਗੀ। (ਸ. ਜੈ ਸਿੰਘ ਜੀ ਦੀ ਸ਼ਹੀਦੀ ੧੯ ਜੂਨ, ੧੭੧੬ ਈ: ਨੂੰ ਹੋਈ ਸੀ।)

"ਸ਼ਹੀਦੀ ਤੋਂ ਥੋੜੇ ਦਿਨ ਪਹਿਲਾਂ ਹੀ ਸ. ਜੈ ਸਿੰਘ ਘਰ ਆਏ ਸਨ। ਜਦੋਂ ਮੈਂ ਉਹਨਾਂ ਨੂੰ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਅਤੇ ਜੰਗਲ ਵਿਚ ਵਿਚਰਨ ਵਾਲੇ ਸਿੰਘਾਂ ਦਾ ਹਾਲ ਪੁਛਿੱਆ ਅਤੇ ਉਹਨਾਂ ਨੇ ਸਿੰਘਾਂ ਹਾਲ ਦਸਿੱਆ ਕਿ ਸਾਨੂੰ ਪ੍ਰਸ਼ਾਦਾ ਛਕੇ ਨੂੰ ਅੱਜ ਦੋ ਦਿਨ ਹੋ ਗਏ ਹਨ। ਦੂਸਰੇ ਦਿਨ ਦੀ ਰਾਤ ਨੂੰ ਅਸੀਂ ਸਫਰ ਕਰਦੇ ਹੋਏ ਇਕ ਨਗਰ ਦੇ ਬਾਹਰ ਦੀ ਲੰਘ ਰਹੇ ਸਾਂ। ਭੁੱਖ ਬਹੁਤ ਸਤਾ ਰਹੀ ਸੀ। ਅਚਾਨਕ ਅੱਗੇ ਗੰਨਿਆਂ ਦਾ ਖੇਤ ਆ ਗਿਆ। ਅਸੀਂ ਸਾਰੇ ਸਿੰਘਾਂ ਨੇ ਸਲਾਹ ਕੀਤੀ ਕਿ ਚਲੋ ਗੰਨੇ ਚੂਪ ਲਈਏ ਤਾਂ ਸਾਡੇ ਜੱਥੇਦਾਰ ਸ. ਮਾਨ ਸਿੰਘ ਨੇ ਹਦਾਇਤ ਕੀਤੀ ਕਿ ਗੁਰੂ ਕੇ ਸਿੱਖੋ,ਅਸੀਂ ਆਪਣੇ ਤਨ ਦੀ ਭੁੱਖ ਮਿਟਾਉਣ ਲਈ ਕਿਸੇ ਗਰੀਬ ਦਾ ਖੇਤ ਕਿਉਂ ਉਜਾੜ ਦੇਈਏ..? ਕੀ ਇਹ ਠੀਕ ਹੋਵੇਗਾ?... ਨਹੀਂ...ਇਹ ਗੁਰਸਿੱਖੀ ਨਹੀਂ। ਗੁਰੂ ਨੇ ਤਾਂ ਗਊ ਗਰੀਬ ਦੀ ਰੱਖਿਆ ਵਾਸਤੇ ਹੀ ਖ਼ਾਲਸੇ ਦੀ ਸਿਰਜਨਾ ਕੀਤੀ ਹੈ। ..ਹਾਂ,ਜੇ ਤੁਹਾਨੂੰ ਜਿਆਦਾ ਭੁੱਖ ਸਤਾ ਰਹੀ ਹੈ ਤਾਂ ਤੁਸੀਂ ਇਸ ਖੇਤ ਵਿੱਚੋਂ ਕੇਵਲ ਦਸ ਗੰਨੇ ਪੁੱਟ ਕੇ ਲਿਆ ਸਕਦੇ ਹੋ ਕਿਉਂਕਿ ਗੁਰੂ ਕੇ ਖਾਲਸੇ ਨੂੰ ਦਸਵੰਧ ਲੈਣ ਦੀ ਆਗਿਆ ਹੈ ਤੇ ਸਾਰੇ ਸਿੰਘ ਇੱਕ-ਇੱਕ,ਦੋ-ਦੋ ਪੂਰੀਆਂ ਵਾਹਿਗੁਰੂ ਵਾਹਿਗੁਰੂ ਕਰਦੇ ਛਕ ਲਵੋ,ਇਹ ਤੁਹਾਡੇ ਤਨ ਦਾ ਆਹਾਰ ਬਣ ਜਾਵੇਗਾ। ਸ. ਜੈ ਸਿੰਘ ਨੇ ਦਸਿਆ ਕਿ ਕਈ ਵਾਰ ਖੰਨੀ-ਖੰਨੀ ਰੋਟੀ ਤੇ ਵੀ ਗੁਜ਼ਾਰਾ ਕੀਤਾ। ਜੋ ਮਿਲਣਾ ਥੋੜਾ-ਥੋੜਾ ਕਰਕੇ ਛਕ ਲੈਣਾ ਅਤੇ ਬਾਕੀ ਅਗਲੇ ਦਿਨ ਵਾਸਤੇ ਰੱਖ ਲੈਣਾ। ਇਸ ਵਾਸਤੇ ਤੁਹਾਡੇ ਪਿਤਾ ਜੀ ਵੀ ਪ੍ਰਸ਼ਾਦਾ ਛਕਾ ਹੀ ਵਾਪਸ ਮੁੜਨਗੇ।"

ਰਾਤ ਲੰਘਦੀ ਜਾ ਰਹੀ ਸੀ। ਇਕ-ਇਕ ਘੜੀ ਪਲ ਵਰ੍ਹਿਆਂ ਦੀ ਤਰਾਂ ਲੰਘ ਰਿਹਾ ਸੀ। ਬਾਹਰ ਥੋੜੀ ਜਿਹੀ ਆਹਟ ਵੀ ਖ਼ੁਸ਼ੀਆਂ ਦੀ ਖ਼ੁਸ਼ਬੋ ਦੇ ਰਹੀ ਸੀ ਕਿ ਸ਼ਾਇਦ ਇਸ ਪਲ ਆ ਜਾਣ। ਇਸ ਤਰਾਂ ਕਰਦਿਆਂ ਸਾਰੀ ਰਾਤ ਹੀ ਲੰਘ ਗਈ ਪਰ ਸ. ਦੀਦਾਰ ਸਿੰਘ ਵਾਪਸ ਨਹੀਂ ਆਏ। ਅਮ੍ਰਿੰਤ ਵੇਲਾ ਹੋਇਆ, ਪਰਿਵਾਰ ਉਠਿਆ, ਇਸ਼ਨਾਨ ਕੀਤੇ ਤੇ ਨਿਤਨੇਮ ਆਰੰਭ ਕਰ ਦਿੱਤਾ।

ਅੱਜ ਬਾਣੀ ਵਿੱਚ ਵੀ ਮਨ ਨਹੀ ਜੁੜ ਰਿਹਾ ਸੀ। ਮੁੱਖ ਤੋਂ ਤਾਂ ਬਾਣੀ ਪੜ੍ਹੀ

ਜਾ ਰਹੀ ਸੀ ਤੇ ਹਿਰਦੇ ਤੋਂ ਅਰਦਾਸ ਕੀਤੀ ਜਾ ਰਹੀ ਸੀ। ਦਿਨ ਚੜ੍ਹਦੇ ਹੀ ਭਾਈ ਤਾਰੂ ਸਿੰਘ ਨੇ ਵਿਦਿਆ ਬਾਪੂ ਸ. ਰਣਜੋਧ ਸਿੰਘ ਕੋਲ ਜਾ ਬੇਨਤੀ ਕੀਤੀ ਕਿ ਪਿਤਾ ਜੀ ਰਾਤ ਸਿੰਘਾਂ ਨੂੰ ਪ੍ਰਸ਼ਾਦਾ ਦੇਣ ਗਏ ਸਨ ਪਰ ਵਾਪਸ ਨਹੀਂ ਪਰਤੇ। ਜਿਸ ਰਸਤੇ ਤੋਂ ਪਿਤਾ ਜੀ ਗਏ ਸਨ ਉਸ ਰਸਤੇ ਬਾਰੇ ਸ. ਰਣਜੋਧ ਸਿੰਘ ਨੂੰ ਦੱਸਿਆ।

ਸ. ਰਣਜੋਧ ਸਿੰਘ ਉਸੇ ਰਸਤੇ ਸ.ਦੀਦਾਰ ਸਿੰਘ ਨੂੰ ਲੱਭਣ ਲਈ ਗਏ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਗੁਰੂ ਕਾ ਪਿਆਰਾ ਸੇਵਾ ਨਿਭਾਉਂਦਿਆਂ ਸ਼ਹੀਦੀ ਪ੍ਰਾਪਤ ਕਰ ਚੁੱਕਿਆ ਸੀ। ਇੱਕ ਪਾਸੇ ਟੋਕਰਾ ਪਿਆ ਸੀ ਤੇ ਦੂਜੇ ਪਾਸੇ ਦਾਲ ਵਾਲਾ ਡੋਲਣਾ ਪਿਆ ਸੀ। ਸ. ਰਣਜੋਧ ਸਿੰਘ ਜੀ ਦੇ ਮੁੱਖੋਂ ਵਾਹਿਗੁਰੂ-ਵਾਹਿਗੁਰੂ ਸ਼ਬਦ ਬਹੁਤ ਵਾਰ ਨਿਕਲਿਆ। ਦਿਲ ਦੇ ਹਟਕੋਰੇ ਲੈਂਦੇ ਅੱਖਾਂ 'ਚੋਂ ਨੀਰ ਵਗਾਉਂਦੇ ਸ. ਦੀਦਾਰ ਸਿੰਘ ਜੀ ਦੇ ਸੀਸ ਅਤੇ ਧੜ ਨੂੰ ਇੱਕਠੇ ਕਰਕੇ ਵਾਪਸ ਪਿੰਡ ਪੂਹਲਾ ਪਹੁੰਚੇ।

ਜਦੋਂ ਭਾਈ ਤਾਰੂ ਸਿੰਘ ਨੂੰ ਪਿਤਾ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਉਹਨਾਂ ਨੇ ਮਾਤਾ ਹਰਜੋਈ ਕੌਰ ਨੂੰ ਖਬਰ ਕੀਤੀ ਅਤੇ ਭੈਣ ਗੁਰਜੋਈ ਕੌਰ ਨੂੰ ਆਖਣ ਲੱਗੇ ਕਿ ਭੈਣੇ ਅੱਜ ਅਸੀਂ ਯਤੀਮ ਹੋ ਗਏ ਹਾਂ। ਜਿਸ ਪਿਤਾ ਨੇ ਸਾਨੂੰ ਇੰਨੇ ਲਾਡ ਲਡਾਏ ਹਨ ਉਨ੍ਹਾਂ ਦਰਸ਼ਨਾਂ ਲਈ ਅੱਜ ਅਸੀਂ ਵਾਂਝੇ ਹੋ ਗਏ ਹਾਂ। ਸ. ਰਣਜੋਧ ਸਿੰਘ ਜੀ ਪਰਿਵਾਰ ਨੂੰ ਗੁਰੂ ਕਾ ਭਾਣਾ ਮਿੱਠਾ ਕਰ ਕੇ ਮੰਨਣ ਵਾਸਤੇ ਪ੍ਰੇਰਣਾ ਦੇ ਰਹੇ ਸਨ। ਜਿਉਂ ਹੀ ਸਾਰੇ ਪਿੰਡ ਵਿੱਚ ਖ਼ਬਰ ਫੈਲੀ ਤਾਂ ਕਿਸੇ ਨੇ ਵੀ ਆਪਣੇ ਘਰ 'ਚ ਚੂਲ੍ਹਾ ਨਹੀਂ ਬਾਲਿਆ,ਚਾਹੇ ਉਹ ਹਿੰਦੂ ਸੀ ਚਾਹੇ ਮੁਸਲਮਾਨ। ਇੱਕ ਮੁਸਲਮਾਨ ਰਾਹੀ ਨੇ 'ਭੜਾਨੇ' ਪਿੰਡ ਜਾ ਖਬਰ ਦਿੱਤੀ ਜੋ ਸ.ਦੀਦਾਰ ਸਿੰਘ ਦਾ ਸਹੁਰਾ ਪਿੰਡ ਸੀ ਅਤੇ ਉੱਥੋਂ ਵੀ ਨਗਰ ਦੇ ਕਈ ਗੁਰਸਿੱਖ ਵੀਰ ਪਿੰਡ ਪੂਹਲੇ ਪਹੁੰਚੇ। ਪੂਰੀ ਗੁਰ ਮਰਿਯਾਦਾ ਨਾਲ ੨੦ ਮਾਰਚ,੧੭੩੨ ਨੂੰ ਸ.ਦੀਦਾਰ ਸਿੰਘ ਜੀ ਦੇ ਪਾਰਥਕ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਸਮੇਂ ਭਾਈ ਤਾਰੂ ਸਿੰਘ ਦੀ ਉਮਰ ਕੇਵਲ ੧੨ ਸਾਲ ਦੀ ਸੀ।

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮਹਾਨਤਾ ਤੇ ਪਿਤਾ ਦੇ ਬੋਲ ਭਾਈ ਤਾਰੂ ਸਿੰਘ ਦੇ ਮੁੱਖੋਂ

ਛੋਟੀ ਉਮਰ ਵਿੱਚ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਹੁਣ ਘਰ ਦਾ ਬੋਝ ਵੀ ਭਾਈ ਤਾਰੂ ਸਿੰਘ ਦੇ ਸਿਰ ਪੈ ਗਿਆ। ਪਿਤਾ ਦੀ ਸ਼ਹੀਦੀ ਤੋਂ ਬਾਅਦ ਵਿੱਦਿਆ ਬਾਪੂ ਸ. ਰਣਜੋਧ ਸਿੰਘ ਨੇ ਬਹੁਤ ਸਹਾਰਾ ਦਿੱਤਾ। ਸਕੂਲੀ ਵਿੱਦਿਆ ਵੀ ਹੁਣ ਘਰ ਆ ਕੇ ਹੀ ਦੇਣ ਲੱਗੇ। ਭਾਈ ਤਾਰੂ ਸਿੰਘ ਦੀ ਭੈਣ ਬੀਬੀ ਗੁਰਜੋਈ ਕੌਰ ਬੜੇ ਹੌਂਸਲੇ ਵਾਲੀ ਲੜਕੀ ਸੀ। ਜਦੋਂ ਮਾਤਾ ਹਰਜੋਈ ਕੌਰ ਨੂੰ ਸ. ਦੀਦਾਰ ਸਿੰਘ ਦੀ ਯਾਦ ਸਤਾਉਂਦੀ ਤਾਂ ਗੁਰਜੋਈ ਕੌਰ ਮਾਂ ਨਾਲ ਦੁੱਖ-ਸੁੱਖ ਸਾਂਝਾ ਕਰ ਲੈਂਦੀ ਸੀ। ਪਰ ਉਹੀ ਭੈਣ ਜਦੋਂ ਭਾਈ ਤਾਰੂ ਸਿੰਘ ਅੱਗੇ ਆਉਂਦੀ ਤਾਂ ਬਹੁਤ ਬਹਾਦਰੀ

ਵਾਲੀਆਂ ਗੱਲਾਂ ਕਰਨ ਲੱਗ ਪੈਂਦੀ ਸੀ ਅਤੇ ਭਾਈ ਤਾਰੂ ਸਿੰਘ ਨੂੰ ਭਾਈ ਮਨੀ ਸਿੰਘ ਦਾ ਜੀਵਨ ਦੱਸਣ ਲੱਗ ਪੈਂਦੀ ਕਿ ਜਿਸ ਬਾਬਾ ਜੀ ਤੋਂ ਅਸਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੈ,ਉਹ ਤੇ ਉਹਨਾਂ ਦਾ ਪਰਿਵਾਰ ਕਿੰਨਾ ਮਹਾਨ ਹੈ। ਬਾਬਾ ਮਨੀ ਸਿੰਘ ਜੀ ਦੇ ੧੨ ਭਾਈ ਸ਼ਹੀਦ ਹੋਏ ਹਨ ਅਤੇ ਉਹਨਾਂ ਦੇ ੭ ਸਪੁੱਤਰ ਵੀ ਸਹੀਦ ਹੋ ਚੁੱਕੇ ਹਨ। ਪਰਿਵਾਰ ਦਾ ਵੱਡਾ ਹਿੱਸਾ ਕੌਮ ਲਈ ਸ਼ਹੀਦ ਹੋ ਗਿਆ ਹੈ ਅਤੇ ਬਾਬਾ ਜੀ ਦੀ ਉਮਰ ਵੀ ੯੦ ਸਾਲ ਦੀ ਹੋ ਗਈ ਹੈ ਫਿਰ ਵੀ ਥਾਂ- ਥਾਂ ਤੇ ਜਾ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਹਨ ਤੇ ਸਭ ਨੂੰ ਗੁਰੂ ਵਾਲੇ ਬਣਾਂਉਦੇ ਹਨ ਅਤੇ ਸ੍ਰੀ ਅੰਮ੍ਰਿਤਸਰ ਦੀ ਸਾਰੀ ਕਾਰ ਸੇਵਾ ਵੀ ਬਾਬਾ ਜੀ ਹੀ ਕਰਦੇ ਹਨ।

ਭਾਈ ਤਾਰੂ ਸਿੰਘ ਨੇ ਆਖਿਆ ਕਿ ਆਪਾਂ ਨੂੰ ਸ੍ਰੀ ਅੰਮ੍ਰਿਤਸਰ ਬਾਬਾ ਜੀ ਦੇ ਦਰਸ਼ਨਾਂ ਵਾਸਤੇ ਜਾਣਾ ਚਾਹੀਦਾ ਹੈ ਤਾਂ ਭੈਣ ਗੁਰਜੋਈ ਕੌਰ ਆਖਣ ਲੱਗੀ ਕਿ ਮਾਤਾ ਜੀ ਨੂੰ ਪੁੱਛ ਲੈਣਾ ਚਾਹੀਦਾ ਹੈ। ਮਾਤਾ ਜੀ ਨੇ ਗੱਲ ਸੁਣ ਕੇ ਸ. ਰਣਜੋਧ ਸਿੰਘ ਜੀ ਵੱਲ ਭੇਜ ਦਿੱਤਾ ਤਾਂ ਉਨਾਂ ਨੇ ਭਾਈ ਤਾਰੂ ਸਿੰਘ ਨੂੰ ਦਿਲਾਸਾ ਦਿੱਤਾ ਕਿ ਕੁਝ ਸਿੰਘਾਂ ਰਾਹੀਂ ਖਬਰ ਆਈ ਹੈ ਕਿ ਸਤਿਕਾਰ ਯੋਗ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਵਿਸਾਖੀ ਦੇ ਪੁਰਬ ਤੇ ਸਰਬੱਤ ਖ਼ਾਲਸਾ ਬੁਲਾ ਰਹੇ ਹਨ। ਗੁਰੂ ਕੇ ਖ਼ਾਲਸੇ ਦੂਰ-ਦੁਰਾਡੇ ਤੋਂ ਨਾਮ ਅਭਿਲਾਖੀ ਸੰਗਤਾਂ ਦਾ ਇੱਕਠ ਹੋਣਾ ਹੈ। ਖ਼ਾਲਸਾ ਕੌਮ ਤੇ ਸਹਿਜਧਾਰੀ ਸਿੱਖਾਂ ਵਿੱਚ ਕੁਝ ਵਿਤਕਰੇ ਹਨ,ਉਹਨਾਂ ਨੂੰ ਦੂਰ ਕਰਨਾ ਹੈ ਤੇ ਇੱਕਜੁੱਟ ਹੋ ਕੇ ਕੌਮ ਵਾਸਤੇ ਕੰਮ ਕਰਨਾ ਹੈ। ਇਸ ਲਈ ਆਪਾਂ ਨੇ ਪਹਿਲਾਂ ਹੀ ਜਾ ਕੇ ਮਿਲਣਾ ਹੈ। ਕੋਈ ਨਾ ਕੋਈ ਜੱਥਾ ਜਾਵੇਗਾ ਤਾਂ ਆਪਾਂ ਵੀ ਨਾਲ ਚਲਾਂਗੇ। ਤੁਸੀ ਬੇਫਿਕਰ ਹੋ ਜਾਉ ਤੇ ਜਾਣ ਦੀ ਤਿਆਰੀ ਕਰੋ।

ਭਾਈ ਤਾਰੂ ਸਿੰਘ ਨੇ ਘਰ ਆ ਕੇ ਮਾਤਾ ਤੇ ਭੈਣ ਨੂੰ ਖਬਰ ਦਿੱਤੀ ਕਿ ਆਪਾਂ ਭਾਈ ਮਨੀ ਸਿੰਘ ਜੀ ਦੇ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਜਾਵਾਂਗੇ ਤੇ ਉਥੇ ਇਸ਼ਨਾਨ ਕਰਕੇ ਗੁਰੂ ਰਾਮਦਾਸ ਪਾਤਸ਼ਾਹ ਜੀ ਕੋਲੋਂ ਵੱਡੀਆਂ ਬਖ਼ਸ਼ਿਸ਼ਾਂ ਲੈ ਕੇ ਆਵਾਂਗੇ ਕਿਉਂਕਿ ਪਿਤਾ ਦੀ ਸ਼ਹੀਦੀ ਤੋਂ ਬਾਅਦ ਮਨ ਬਹੁਤ ਡੋਲਿਆ ਹੈ।

ਭਾਈ ਤਾਰੂ ਸਿੰਘ ਜੀ ਇੱਕਦਮ ਪਿਤਾ ਦੀ ਗੱਲ ਸੁਣਾਉਣ ਲੱਗੇ ਕਿ ਇਕ ਵਾਰੀ ਦੀ ਗੱਲ ਹੈ, ਪਿਤਾ ਜੀ ਮੈਨੂੰ ਇਕ ਸ਼ਹੀਦ ਪਰਿਵਾਰ ਦੀ ਸ਼ਹੀਦੀ ਸੁਣਾ ਰਹੇ ਸਨ ਤਾਂ ਮੈਂ ਬੇਨਤੀ ਕੀਤੀ ਕਿ ਪਿਤਾ ਜੀ ਜਦੋਂ ਘਰ ਦੇ ਇੰਨੇ ਜੀਅ ਸ਼ਹੀਦ ਹੋ ਜਾਣ ਤਾਂ ਮਨ ਨਹੀ ਡੋਲਦਾ,ਹਿਰਦੇ ਵਿੱਚ ਘਬਰਾਹਟ ਨਹੀਂ ਆਉਂਦੀ ਪਰ ਘਰ ਤਾਂ ਖਾਣ ਨੂੰ ਆਉਂਦਾ ਹੀ ਹੋਵੇਗਾ ਤਾਂ ਪਿਤਾ ਸ. ਦੀਦਾਰ ਸਿੰਘ ਨੇ ਹੱਸ ਕੇ ਆਖਿਆ ਸੀ ਕਿ ਮੌਕੇ ਦੀਆਂ ਹਕੂਮਤਾਂ ਮੁਗਲ ਗਵਰਨਰ ਵੀ ਮੀਟਿੰਗ ਕਰਦੇ ਸਨ,"ਇਹ ਸਿੰਘ ਵੀ ਕਿਹੜੀ ਮਿੱਟੀ ਦੇ ਬਣੇ ਹੋਏ ਹਨ। ਪਿਤਾ ਮਰ ਜਾਵੇ ਤਾਂ ਪੁੱਤਰ ਮਰਨ ਲਈ ਤਿਆਰ ਹੋ ਜਾਂਦਾ ਹੈ, ਪੁੱਤਰ ਮਰ ਜਾਵੇ ਤਾਂ ਪਿਤਾ ਮਰਨ ਲਈ ਤਿਆਰ ਹੋ ਜਾਂਦਾ ਹੈ। ਕਈਆਂ ਦੇ ਤਾਂ ਪੂਰੇ ਦੇ ਪੂਰੇ ਪਰਿਵਾਰ ਹੀ ਮਾਰ ਦਿੱਤੇ ਪਰ ਜਿਹੜਾ ਇਕ-ਅੱਧਾ ਬਚਿਆ ਹੈ, ਉਹ ਵੀ ਮਰਨ ਲਈ ਤਿਆਰ ਬੈਠਾ ਹੈ ਪਰ ਧਰਮ ਛੱਡਣ ਲਈ ਤਾਂ ਬਿਲਕੁਲ ਹੀ ਨਹੀ ਮੰਨਦਾ,ਇਥੋਂ ਤੱਕ ਕਿ ਉਹ ਵੀ ਸ਼ਹੀਦੀ ਦੀ ਉਡੀਕ ਕਰਦਾ

ਹੈ। ਇਹ ਸ਼ਕਤੀ ਮੈਨੂੰ ਪਤਾ ਹੈ ਇਹਨਾਂ ਨੂੰ ਕਿਥੋਂ ਮਿਲਦੀ ਹੈ''-ਸਾਰਿਆਂ ਦੇ ਕੰਨ ਖੜੇ ਹੋ ਗਏ ਤੇ ਆਖਣ ਲੱਗੇ, "ਜਲਦੀ ਦੱਸ,ਅਸੀਂ ਵੀ ਇਹ ਸ਼ਕਤੀ ਲੈਣੀ ਹੈ''---ਤਾਂ ਮੁਗਲ ਜਰਨੈਲ ਆਖਣ ਲੱਗਾ,"ਸਿੱਖਾਂ ਦੇ ਘਰ ਜਨਮ ਲੈਣਾ ਪਵੇਗਾ,ਫਿਰ ਇਹ ਸ਼ਕਤੀ ਤੁਹਾਨੂੰ ਮਿਲ ਜਾਵੇਗੀ''। ਦੂਜੇ ਜਰਨੈਲ ਕਹਿਣ ਲੱਗੇ,"ਜੇ ਕੁਝ ਪਤਾ ਹੈ ਤਾਂ ਦੱਸ ਦੇ,ਅਸੀ ਪਹਿਲਾਂ ਹੀ ਡਰੇ ਹਾਂ,ਹੋਰ ਨਾਂ ਡਰਾ''।

"ਤਾਂ ਉਸ ਮੁਗਲ ਜਰਨੈਲ ਨੇ ਕੀ ਆਖਿਆ''---ਭੈਣ ਗੁਰਜੋਈ ਕੌਰ ਨੇ ਵੀਰ ਭਾਈ ਤਾਰੂ ਸਿੰਘ ਤੋਂ ਪੁੱਛਿਆ।

ਭਾਈ ਤਾਰੂ ਸਿੰਘ ਹੱਸ ਕੇ ਆਖਣ ਲੱਗਾ, "ਤੁਸੀਂ ਕਿੳੁ ਘਬਰਾਂਉਦੇ ਹੋ,ਤੁਹਾਡਾ ਤਾਂ ਜਨਮ ਸਿੱਖ ਘਰਾਣੇ ਵਿੱਚ ਹੋਇਆ ਹੈ। '' ਵੀਰ ਨੂੰ ਖਿਲ-ਖਿਲਾ ਕੇ ਹੱਸਦਾ ਦੇਖ ਮਾਤਾ ਹਰਜੋਈ ਕੌਰ ਵੀ ਮੁਸਕਾਏ ਕਿਉਕਿ ਪਿਤਾ ਦੀ ਸ਼ਹੀਦੀ ਤੋਂ ਬਾਅਦ ਅੱਜ ਭੈਣ-ਭਰਾ ਪਹਿਲੀ ਵਾਰ ਹੱਸ ਰਹੇ ਸਨ ਤਾਂ ਮਾਤਾ ਆਖਣ ਲੱਗੀ ਕਿ ਤਾਰੂ ਸਿੰਘ ਤੂੰ ਭੈਣ ਨੂੰ ਸਤਾ ਨਾਂ,ਅੱਗੇ ਦੱਸ ਕੀ ਹੋਇਆ।

ਭਾਈ ਤਾਰੂ ਸਿੰਘ ਨੇ ਅੱਗੇ ਦੱਸਣਾ ਸ਼ੁਰੂ ਕੀਤਾ। 'ਮੁਗਲ ਜਰਨੈਲ ਆਖਣ ਲੱਗਾ,"ਮੈਂ ਇਹ ਸ਼ਕਤੀ ਅੱਖੀਂ ਵੇਖੀ ਹੈ। ਮਰੀਅਲ-ਮਰੀਅਲ ਜਿਹੇ ਸਿੱਖ ਡਿਗੇ-ਟੁੱਟੇ, ਕਈਆਂ ਦੇ ਪਿਤਾ ਮਰੇ. ਕਈਆਂ ਦੇ ਪੁੱਤਰ ਮਰੇ, ਸ਼ਹੀਦੀ ਪਰਿਵਾਰ, ਜਿਨ੍ਹਾਂ ਨੂੰ ਇਹ ਸਿੱਖ ਆਖਦੇ ਹਨ, ਜਦੋਂ ਉਹ ਸ੍ਰੀ ਅੰਮ੍ਰਿਤਸਰ ਸਰੋਵਰ 'ਚ ਇਸ਼ਨਾਨ ਕਰਕੇ ਅੰਦਰ ਮੱਥਾ ਟੇਕਦੇ ਹਨ ਪਤਾ ਨਹੀਂ ਕਿਹੜੀ ਸ਼ਕਤੀ ਉਨ੍ਹਾਂ ਵਿੱਚ ਪ੍ਰਵੇਸ਼ ਕਰ ਜਾਂਦੀ ਹੈ ਤੇ ਉਹ ਫਿਰ ਲੜਨ-ਮਰਨ ਨੂੰ ਤਿਆਰ ਹੋ ਜਾਂਦੇ ਹਨ। ਹਾਂ! ਜੇ ਇਹ ਸਰੋਵਰ ਪੂਰ ਦਿੱਤਾ ਜਾਏ ਭਾਵ ਮਿੱਟੀ ਨਾਲ ਭਰ ਦਿੱਤਾ ਜਾਏ ਅਤੇ ਅੰਮ੍ਰਿਤਸਰ ਇਨ੍ਹਾਂ ਤੋਂ ਖੋਹ ਲਿਆ ਜਾਏ ਤਾਂ ਮੁਗਲ ਰਾਜ ਹੋ ਸਕਦਾ ਹੈ,ਨਹੀਂ ਤਾਂ ਇਨ੍ਹਾਂ ਮੁੱਠੀ ਭਰ ਸਿੰਘਾਂ ਦਾ ਹੀ ਰਾਜ ਰਹੇਗਾ। ''

ਫਿਰ ਭਾਈ ਤਾਰੂ ਸਿੰਘ ਆਪਣੀ ਮਾਤਾ ਤੇ ਭੈਣ ਨੂੰ ਆਖਣ ਲੱਗਾ ਕਿ ਪਿਤਾ ਜੀ ਦੇ ਜਾਣ ਤੋਂ ਬਾਅਦ ਮਨ ਬਹੁਤ ਡੋਲਿਆ ਹੈ,ਕੁਝ ਵੀ ਚੰਗਾ ਨਹੀਂ ਲਗਦਾ। ਇਸ ਲਈ ਆਪਾਂ ਸਾਰੇ ਸ੍ਰੀ ਅੰਮ੍ਰਿਤਸਰ ਮੱਥਾ ਟੇਕਣ ਚੱਲੀਏ।

ਨੋਟ :- ਇੱਥੇ ਪਾਠਕਾਂ ਦੀ ਜਾਣਕਾਰੀ ਵਾਸਤੇ ਬੇਨਤੀ ਹੈ ਕਿ ਪਹਿਲਾਂ ਅੱਜ ਵਰਗਾ ਸਮਾਂ ਨਹੀਂ ਸੀ ਕਿ ਜਦੋਂ ਦਿਲ ਕਰੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਚਲੇ ਜਾਓ। ਉਦੋਂ ਸੰਗਤਾਂ ਨੂੰ ਇਕਠੀਆਂ ਹੋ ਕੇ ਸਿੰਘਾਂ ਦੀ ਫੌਜ ਨਾਲ ਪੂਰੀ ਤਿਆਰੀ ਕਰਕੇ ਜਾਣਾ ਪੈਂਦਾ ਸੀ। ਬਹੁਤ ਵਾਰੀ ਇਹ ਵੀ ਭਾਣਾ ਵਰਤ ਜਾਂਦਾ ਸੀ ਕਿ ਦਰਸ਼ਨਾਂ ਨੂੰ ਜਾਂਦੇ ਸਮੇਂ ਡਾਕੂਆਂ-ਲੁਟੇਰਿਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਕਈ ਯਾਤਰੀ ਸ਼ਹੀਦ ਵੀ ਹੋ ਜਾਂਦੇ ਸਨ। ਜੇ ਕੋਈ ਵਿੱਚੋਂ ਬਚ ਨਿਕਲਦਾ ਸੀ ਤਾਂ ਉਸੇ ਨੇ ਜਾ ਕੇ ਖ਼ਬਰ ਦੇਣੀ ਕਿ ਫ਼ਲਾਣੀ ਜਗ੍ਹਾ ਤੇ ਯਾਤਰੀ ਜੱਥੇ ਨਾਲ ਭਾਣਾ ਵਰਤ ਗਿਆ ਹੈ ਤਾਂ ਜਾ ਕੇ ਮਹੀਨਿਆਂ ਬੱਧੀ ਘਰ ਵਾਲਿਆਂ ਨੂੰ ਪਤਾ ਲਗਦਾ ਸੀ ਕਿ ਸਾਡੇ ਘਰ ਦਾ ਇਹ ਜੀਅ ਸ਼ਹੀਦ ਹੋ ਗਿਆ ਹੈ। ਨਹੀਂ ਤਾਂ ਉਡੀਕਦਿਆਂ ਹੀ ਉਮਰ ਲੰਘ ਜਾਂਦੀ ਸੀ।

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਆਰੰਭ

ਮਿਤੀ ੩੦-੦੨-੧੭੩੨ ਨੂੰ ਭਾਈ ਤਾਰੂ ਸਿੰਘ ਨੇ ਭੈਣ ਗੁਰਜੋਈ ਕੌਰ ਤੇ ਵਿੱਦਿਆ ਬਾਪੂ ਸ. ਰਣਜੋਧ ਸਿੰਘ ਨਾਲ ਸੰਗਤੀ ਜੱਥੇ ਦੇ ਰੂਪ ਵਿੱਚ ਸ੍ਰੀ ਅਮ੍ਰਿਤਸਰ ਸਾਹਿਬ ਦੀ ਯਾਤਰਾ ਸ਼ੁਰੂ ਕਰਨ ਦੀ ਤਿਆਰੀ ਕੀਤੀ। ਮਾਤਾ ਹਰਜੋਈ ਕੌਰ ਆਪਣੇ ਪੁੱਤਰ ਭਾਈ ਤਾਰੂ ਸਿੰਘ ਨੂੰ ਯਾਤਰਾ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ-ਵਸਤੂਆਂ ਦੇ ਰਹੀ ਸੀ ਤਾਂ ਭਾਈ ਤਾਰੂ ਸਿੰਘ ਆਖਣ ਲੱਗੇ, "ਮਾਂ ਮੈਂ ਪਹਿਲਾਂ ਵੀ ਪਿਤਾ ਜੀ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਕਰ ਚੁੱਕਾਂ ਹਾਂ,ਤੁਸੀਂ ਘਬਰਾਉ ਨਾ।" ਮਾਤਾ ਹਰਜੋਈ ਕੌਰ ਭਾਈ ਤਾਰੂ ਸਿੰਘ ਨੂੰ ਮੱਤਾਂ ਦਿੰਦੀ ਹੋਈ ਆਖਣ ਲੱਗੀ, "ਪਹਿਲਾਂ ਯਾਤਰਾ ਦੇ ਜੱਥੇਦਾਰ ਤੇਰੇ ਪਿਤਾ ਜੀ ਹੁੰਦੇ ਸਨ ਤੇ ਹੁਣ ਤੁਸੀ ਹੋ ਤੇ ਤੁਸਾਂ ਦੇ ਨਾਲ ਤੁਹਾਡੀ ਭੈਣ ਹੈ। ਜਿਸ ਗੱਲ ਤੋਂ ਭੈਣ ਰੋਕੇ ਤੁਸਾਂ ਮੰਨਣੀ ਹੈ ਕਿਉਂਕਿ ਤੁਸਾਂ ਤੋਂ ਵੱਡੀ ਹੈ ਤੇ ਵੱਡੀ ਭੈਣ ਮਾਂ ਰੂਪ ਹੁੰਦੀ ਹੈ। ਸੰਗਤ ਦੀ ਸੇਵਾ ਭੱਜ-ਭੱਜ ਕੇ ਕਰਨੀ ਹੈ। ਵਿੱਦਿਆ ਬਾਪੂ ਸਾਡੇ ਪਿਤਾ ਹਨ,ਉਨ੍ਹਾਂ ਦੀ ਸੇਵਾ 'ਚ ਹਮੇਸ਼ਾਂ ਤਤਪਰ ਰਹਿਣਾ ਹੈ ਤੇ ਕੋਈ ਸਮਾਨ ਚੁੱਕਣ ਨਹੀਂ ਦੇਣਾ,ਆਪ ਭੱਜ ਕੇ ਫੜਨਾ ਹੈ। ਉਹ ਤੇਰੇ ਵਿੱਦਿਆ ਦੇ ਦਾਤਾ ਹਨ ਵੈਸੇ ਤਾਂ

"ਜੋ ਦੀਸੈ ਗੁਰਸਿਖੜਾ ਤਿਸੁ ਨਿਵ ਨਿਵ ਲਾਗਉ ਪਾਇ ਜੀਉ।"

ਦੋ ਅੱਖਾਂ ਸਾਨੂੰ ਪ੍ਰਮਾਤਮਾ ਦਿੰਦਾ ਹੈ ਤੇ ਤੀਜੀ ਅੱਖ ਵਿੱਦਿਆ ਦੀ ਹੈ ਜੋ ਅਧਿਆਪਕ ਦਿੰਦਾ ਹੈ। ਜਿੰਨਾ ਸਤਿਕਾਰ ਪਾਤਸ਼ਾਹ ਦਾ ਕਰਨਾ ਹੈ ਉਨਾ ਹੀ ਵਿੱਦਿਆ ਦੇਣ ਵਾਲੇ ਦਾ ਕਰਨਾ ਹੈ। ਯਾਤਰਾ ਵਿੱਚ ਵੱਧ ਤੋਂ ਵੱਧ ਸਿਮਰਨ ਕਰਨਾ ਹੈ ਤਾਂ ਹੀ ਗੁਰੂ ਘਰ ਦੀ ਯਾਤਰਾ ਸਫਲ ਹੁੰਦੀ ਹੈ।

ਇਸ ਤਰਾਂ ਖੁਸ਼ੀ-ਖੁਸ਼ੀ ਇਹ ਯਾਤਰਾ ਪਿੰਡ ਪੂਹਲੇ ਤੋਂ ਆਰੰਭ ਹੋਈ ਅਤੇ ਜਨਵਰੀ ਦੇ ਅਖੀਰ ੧੭੩੩ ਵਿੱਚ ਇਹ ਯਾਤਰਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਗਈ। ਉਸ ਸਮੇਂ ਭਾਈ ਤਾਰੂ ਸਿੰਘ ਦੀ ਉਮਰ ੧੩ ਸਾਲ ਹੋਣ ਵਾਲੀ ਸੀ। ਇਸ ਯਾਤਰਾ ਵਿੱਚ ਪਿੰਡ ਪੂਹਲੇ ਦੇ ਲੋਕਾਂ ਤੋਂ ਇਲਾਵਾ ਆਸੇ-ਪਾਸੇ ਨਗਰਾਂ ਦੇ ਲੋਕ ਅਤੇ ਵਿੱਦਿਆ ਬਾਪੂ ਸ.ਰਣਜੋਧ ਸਿੰਘ ਜੀ ਵੀ ਸ਼ਾਮਲ ਸਨ।

ਜਿਨ੍ਹਾਂ ਦੇ ਸਤਿਕਾਰ ਵਿੱਚ ਭਾਈ ਮਨੀ ਸਿੰਘ ਜੀ (ਹੈੱਡ ਗ੍ਰੰਥੀ ਦਰਬਾਰ ਸਾਹਿਬ) ਕੋਈ ਕਸਰ ਨਹੀ ਛੱਡਣਾ ਚਾਹੁੰਦੇ ਸਨ,ਉਹਨਾਂ ਦੇ ਕਰਕੇ ਭਾਈ ਤਾਰੂ ਸਿੰਘ ਨੂੰ ਸਤਿਕਾਰ ਮਿਲਣਾ ਸੁਭਾਵਿਕ ਹੀ ਸੀ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਕੋਲੋਂ ਤਾਂ ਅਮ੍ਰਿਤ ਦੀ ਦਾਤ ਲਈ ਸੀ ਤੇ ਭਾਈ ਤਾਰੂ ਸਿੰਘ ਦੇ ਘਰ 'ਚ ਵੀ ਭਾਈ ਮਨੀ ਸਿੰਘ ਜੀ ਠਹਿਰ ਕੇ ਆਏ ਸਨ। ਸ. ਦੀਦਾਰ ਸਿੰਘ ਜੀ ਨੇ ਸਿੰਘਾਂ ਨਾਲ ਮਿਲ ਕੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਬਹੁਤ ਬਚਨ ਕੀਤੇ ਸਨ।

ਜਦੋਂ ਵਿੱਦਿਆ ਬਾਪੂ ਸ. ਰਣਜੋਧ ਸਿੰਘ ਜੀ ਨਾਲ ਭਾਈ ਮਨੀ ਸਿੰਘ ਜੀ ਦਾ ਮਿਲਾਪ ਹੋਇਆ ਤਾਂ ਜਿਥੇ ਹੋਰ ਗੁਰਸਿੱਖਾਂ ਦਾ ਸੁਨੇਹਾ ਲਿਆ, ਉਥੇ ਸ. ਦੀਦਾਰ ਸਿੰਘ ਦੇ ਪਰਿਵਾਰ ਬਾਰੇ ਵੀ ਪੁੱਛਿਆ। ਵਿੱਦਿਆ ਬਾਪੂ ਸ. ਰਣਜੋਧ ਸਿੰਘ ਨੇ

ਆਪਣਾ ਦਿਲ ਕਰੜਾ ਕਰਕੇ ਦਸਿੱਆ ਕਿ ਸ. ਦੀਦਾਰ ਸਿੰਘ ਤਾਂ ਸ਼ਹੀਦੀ ਪ੍ਰਾਪਤ ਕਰ ਗਏ ਹਨ। ਉਨ੍ਹਾਂ ਦੇ ਪਰਿਵਾਰ 'ਚੋਂ ਭਾਈ ਤਾਰੂ ਸਿੰਘ ਤੇ ਉਸਦੀ ਭੈਣ ਗੁਰਜੋਈ ਕੌਰ ਆਏ ਹਨ। ਸ਼ਹੀਦੀ ਦੀ ਵਾਰਤਾ ਸੁਣ ਕੇ ਭਾਈ ਮਨੀ ਸਿੰਘ ਦੇ ਨੇਤਰ ਸੇਜਲ ਹੋ ਗਏ। ਉਧਰੋਂ ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਦੁੱਖ ਭੰਜਨੀ ਬੇਰੀ ਥੱਲੇ ਇਸ਼ਨਾਨ ਕਰਕੇ ਆ ਰਹੇ ਸਨ। ਸ. ਰਣਜੋਧ ਸਿੰਘ ਜੀ ਭਾਈ ਮਨੀ ਸਿੰਘ ਜੀ ਨੂੰ ਆਖ ਰਹੇ ਸਨ ਕਿ ਇਹਨਾਂ ਬੱਚਿਆਂ ਨੂੰ ਸਹਾਰਾ ਦੇਣਾ, ਕਿਉਂਕਿ ਇਹਨਾਂ ਦੇ ਮਨ ਡੋਲੇ ਹੋਏ ਹਨ।

ਭਾਈ ਤਾਰੂ ਸਿੰਘ ਤੇ ਸਾਰੀਆਂ ਸੰਗਤਾਂ ਨੇ ਆ ਕੇ ਭਾਈ ਮਨੀ ਸਿੰਘ ਜੀ ਨੂੰ ਗੱਜ ਕੇ ਫ਼ਤਿਹ ਬੁਲਾਈ ਤੇ ਭਾਈ ਸਹਿਬ ਨੇ ਵੀ ਫ਼ਤਿਹ ਦਾ ਜੁਆਬ ਦਿੱਤਾ ਤੇ ਭਾਈ ਤਾਰੂ ਸਿੰਘ ਨੂੰ ਆਪਣੀ ਗੋਦੀ ਵਿੱਚ ਬਿਠਾ ਲਿਆ ਤੇ ਬਹੁਤ ਪਿਆਰ ਤੇ ਦਿਲਾਸਾ ਦਿੱਤਾ। ਭਾਈ ਤਾਰੂ ਸਿੰਘ ਨੂੰ ਵੀ ਭਾਈ ਮਨੀ ਸਿੰਘ ਦੀ ਗੋਦੀ ਵਿੱਚ ਬੈਠ ਕੇ ਬਹੁਤ ਢਾਰਸ ਮਿਲਿਆ। ਭਾਈ ਮਨੀ ਸਿੰਘ ਜੀ ਦੇ ਬੋਲ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲ ਰਹੇ ਸਨ ਤੇ ਉਹ ਕਹਿ ਰਹੇ ਸਨ,"ਭਾਈ ਤਾਰੂ ਸਿੰਘ, ਤੇਰੇ 'ਤੇ ਸਾਰੀ ਕੌਮ ਨੂੰ ਨਾਜ਼ ਹੈ। ਤੇਰੇ 'ਤੇ ਕੌਮ ਦੀਆਂ ਬਹੁਤ ਆਸਾਂ ਹਨ ਤੇ ਸਾਰੀ ਸਿੱਖ ਕੌਮ ਤੇਰੇ ਨਾਲ ਹੈ,ਕਿਸੇ ਗੱਲ ਦਾ ਫਿਕਰ ਨਹੀ ਕਰਨਾ। " ਹੋਰ ਵੀ ਪਿਆਰ ਦੇ ਮਿੱਠੇ ਬੋਲ ਬੋਲੇ ਜੋ ਕੋਈ ਵੀ ਕਲਮ ਬਿਆਨ ਨਹੀ ਕਰ ਸਕਦੀ ਕਿਉਕਿ ਮਹਾਨ ਸ਼ਹੀਦ ਦੀ ਅਸੀਸ ਹੀ ਮਹਾਨ ਸ਼ਹੀਦ ਬਣਾ ਸਕਦੀ ਹੈ।

ਇਸ ਤਰਾਂ ਭਾਈ ਰਣਜੋਧ ਸਿੰਘ ਨਾਲ ਵੀ ਕਈ ਵਿਚਾਰਾਂ ਕੀਤੀਆਂ ਗਈਆਂ। ਆਉਣ ਵਾਲੇ ਸਮੇਂ ਨੂੰ ਵੇਖ ਕੇ ਕੁਝ ਦਿਨ ਠਹਿਰ ਕੇ ਸੰਗਤਾਂ ਨੇ ਗੁਰੂ ਸਾਹਿਬ ਅੱਗੇ ਸਦਾ ਅੰਗ ਸੰਗ ਰਹਿਣ ਦੀ ਅਰਦਾਸ ਬੇਨਤੀ ਕੀਤੀ ਤੇ ਭਾਈ ਮਨੀ ਸਿੰਘ ਜੀ ਤੋਂ ਵੀ ਆਗਿਆ ਲਈ। ਹੁਕਮਨਾਮਾ ਵੀ ਖ਼ੁਸ਼ੀਆਂ ਭਰਿਆ ਆਇਆ। ਭਾਈ ਮਨੀ ਸਿੰਘ, ਭਾਈ ਖੁਸ਼ਹਾਲ ਸਿੰਘ ਤੇ ਹੋਰ ਬਹੁਤ ਸਾਰੇ ਸਿੰਘਾਂ ਨੇ ਬਹੁਤ ਸਤਿਕਾਰ ਨਾਲ ਭਾਈ ਤਾਰੂ ਸਿੰਘ,ਭਾਈ ਰਣਜੋਧ ਸਿੰਘ ਤੇ ਸਾਰੀਆਂ ਸੰਗਤਾਂ ਨੂੰ ਵਿਦਾ ਕੀਤਾ। ਇਸ ਤਰਾਂ ਇਹ ਯਾਤਰਾ ਪੂਰੀ ਹੋਈ ਤੇ ਸਾਰੇ ਆਪੋ-ਆਪਣੇ ਨਗਰਾਂ ਨੂੰ ਵਾਪਸ ਪਰਤ ਗਏ।

ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਵੀ ਜਦੋਂ ਘਰ ਵਾਪਸ ਆਏ ਤਾਂ ਭੱਜ ਕੇ ਮਾਤਾ ਹਰਜੋਈ ਕੌਰ ਨੂੰ ਮਿਲੇ। ਜਲ-ਪਾਣੀ ਛਕ ਕੇ ਮਾਤਾ ਜੀ ਨੂੰ ਭਾਈ ਮਨੀ ਸਿੰਘ ਜੀ ਦੇ ਮਿੱਠੇ ਬੋਲਾਂ ਨੂੰ ਬੋਲ ਸੁਣਾਇਆ। ਮਾਤਾ ਵੀ ਆਪਣੇ ਬਚਿੱਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਅਗਲੇ ਸਾਲ ਭਾਵ ੧੩ ਅਪ੍ਰੈਲ,੧੭੩੪ ਨੂੰ ਭਾਈ ਮਨੀ ਸਿੰਘ ਫਿਰ ਸਰਬੱਤ ਖਾਲਸਾ ਬੁਲਾਉਣਗੇ ਤਾਂ ਆਪਾਂ ਮਾਂ-ਪੁੱਤ ਗੁਰਜੋਈ ਨੂੰ ਘਰ ਛੱਡ ਕੇ ਜਾਵਾਂਗੇ।

ਚੰਗਾ ਵਿਦਿਆਰਥੀ

ਭਾਈ ਤਾਰੂ ਸਿੰਘ ਜਿੱਥੇ ਪਿਤਾ ਪੁਰਖੀ ਕੰਮ ਖੇਤੀ-ਬਾੜੀ ਕਰਦਾ ਸੀ,ਉੱਥੇ ਘਰ ਦੇ ਕੰਮ ਵਿੱਚ ਵੀ ਪੂਰਾ ਹੱਥ ਵਟਾਉਂਦਾ ਸੀ ਫਿਰ ਸਮਾਜਿਕ ਕੰਮ 'ਚ ਵੀ ਪੂਰਾ ਸਹਿਯੋਗ ਦਿੰਦਾ ਸੀ। ਸੋ ਉਹ ਪਿੰਡ ਦਾ ਹਰਮਨ ਪਿਆਰਾ ਬੱਚਾ ਸੀ। ਉਮਰ ਤਾਂ ੧੪ ਸਾਲ ਦੀ ਸੀ ਪਰ ਸਰੀਰਕ ਡੀਲ-ਡੌਲ ਤੋਂ ੧੭-੧੯ ਸਾਲ ਦਾ ਲਗਦਾ ਸੀ। ਭਾਈ ਤਾਰੂ ਸਿੰਘ ਵਿੱਦਿਆ ਵਿੱਚੋਂ ਵੀ ਇੱਕ ਨੇਕ ਵਿਦਿਆਰਥੀ ਸੀ। ਉਹ ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਰਹਿੰਦਾ ਸੀ। ਮਦਰੱਸੇ ਵਿਚ ਸਾਰੇ ਵਿਦਿਆਰਥੀ ਭਾਈ ਤਾਰੂ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ। ਉਹ ਹਿੰਦੂ-ਮੁਸਲਮਾਨ ਲੜਕਿਆਂ ਦੇ ਦਿਲਾਂ ਵਿੱਚ ਰਾਜ ਕਰਦਾ ਸੀ। ਜਿਥੇ ਉਹ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਦਾ ਬਹੁਤ ਸਤਿਕਾਰ ਕਰਦਾ ਸੀ ਉਥੇ ਬਾਕੀ ਅਧਿਆਪਕਾਂ ਦਾ ਵੀ ਪੂਰਾ ਸਤਿਕਾਰ ਕਰਦਾ ਸੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਸਭ ਤੋਂ ਪਹਿਲਾਂ ਵਾਹਿਗੁਰੂ ਦਾ ਜਾਪ ਕਰਨਾ ਫਿਰ ਮਾਤਾ ਦੇ ਚਰਨ-ਬੰਦਨ ਕਰਕੇ ਪੰਜ ਬਾਣੀਆਂ ਦਾ ਨਿਤਨੇਮ ਕਰਕੇ ਘਰ ਦੇ ਕੰਮਾ ਵਿੱਚ ਮਦਦ ਕਰਦਾ ਸੀ। ਉਸ ਤੋਂ ਬਾਦ ਭੈਣ ਗਰਜੋਈ ਨਾਲ ਪ੍ਰਸ਼ਾਦਾ ਛਕ ਕੇ ਅਤੇ ਨਾਲ ਲੈ ਕੇ ਮਦੱਰਸੇ ਚਲੇ ਜਾਂਦਾ ਸੀ। ਮਦਰੱਸੇ ਲਈ ਰੋਟੀ ਮਾਤਾ ਕੋਲੋਂ ਜ਼ਿਆਦਾ ਲੈ ਲੈਂਦਾ ਸੀ।

ਇਕ ਦਿਨ ਮਾਤਾ ਨੇ ਪੁੱਛ ਲਿਆ,"ਪੁੱਤਰ,ਤੂੰ ਘਰ ਤਾਂ ਪ੍ਰਸ਼ਾਦਾ ਬਹੁਤ ਘੱਟ ਛਕਦਾ ਹੈਂ, ਪਰ ਸਕੂਲ ਜ਼ਿਆਦਾ ਲੈ ਜਾਂਦਾ ਹੈਂ।" ਭਾਈ ਤਾਰੂ ਸਿੰਘ ਬੋਲਣ ਵਾਲੇ ਹੀ ਸਨ ਕਿ ਭੈਣ ਗੁਰਜੋਈ ਬੋਲ ਪਈ,"ਮਾਂ ਇਹ ਆਪ ਤਾਂ ਸਕੂਲੇ ਵੀ ਘੱਟ ਹੀ ਛਕਦਾ ਹੈ ਤੇ ਮੈਨੂੰ ਵੀ ਘੱਟ ਹੀ ਦਿੰਦਾ ਹੈ। ਬਾਕੀ ਪ੍ਰਸ਼ਾਦਾ ਗਰੀਬ ਬਚਿੱਆਂ ਨੂੰ ਛਕਾ ਦਿੰਦਾ ਹੈ ਤੇ ਮੈਨੂੰ ਆਖਦਾ ਹੈ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੁੰਦੀ ਹੈ।" ਭਾਈ ਤਾਰੂ ਸਿੰਘ ਕਹਿਣ ਲੱਗੇ, "ਬਸ-ਬਸ ਜਿਆਦਾ ਉਸਤਤ ਬੰਦੇ ਨੂੰ ਹੰਕਾਰੀ ਬਣਾ ਦਿੰਦੀ ਹੈ,ਇਹ ਸਭ ਕੁਝ ਗੁਰੂ ਦਾ ਹੈ,ਜੇ ਉਸਤਤ ਕਰਨੀ ਹੈ ਤਾਂ ਗੁਰੂ ਦੀ ਕਰਿਆ ਕਰ। ਵਿੱਦਿਆ ਬਾਪੂ ਦੇ ਮਦਰੱਸੇ ਪਹੁੰਚਣ ਤੋਂ ਪਹਿਲਾਂ ਪਹੁੰਚਣਾ ਹੈ,ਦੇਰੀ ਨਾ ਕਰ ਦੇਈਂ,ਜਲਦੀ ਉਠ ਤੇ ਵਾਹਿਗੁਰੂ-ਵਾਹਿਗੁਰੂ ਕਰਦੀ ਤੁਰ ਪੈ।"

ਰਸਤੇ ਵਿੱਚ ਭਾਈ ਤਾਰੂ ਸਿੰਘ ਛੋਟੇ ਬੱਚਿਆਂ ਨੂੰ ਗੋਦੀ ਚੁੱਕ ਕੇ ਲੈ ਜਾਂਦਾ ਸੀ। ਸੋ ਉਹ ਇਕ ਬਹੁਤ ਹੋਣਹਾਰ ਵਿਦਿਆਰਥੀ ਸੀ।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਭਾਈ ਤਾਰੂ ਸਿੰਘ ਜੀ ਪੰਦਰਵੇਂ ਸਾਲ ਵਿੱਚ ਪ੍ਰਵੇਸ਼ ਹੋਏ। ਪਹਿਲਾਂ ਤਾਂ ਵਿਸਾਖੀ ਤੇ ਹੀ ਭਾਰੀ ਇੱਕਠ ਹੁੰਦਾ-ਸੀ ਫਿਰ ਦੀਵਾਲੀ ਤੇ ਵੀ ਸਰੱਬਤ ਖਾਲਸਾ ਬੁਲਾਇਆ ਜਾਣ ਲਗਾ। ਉਧੱਰ ਜ਼ਕਰੀਆ ਖਾਨ ਦੀਆਂ ਵਧੀਕੀਆਂ ਕੁਝ ਜ਼ਿਆਦਾ ਹੀ ਵੱਧ ਰਹੀਆਂ ਸਨ। ਉਸਨੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਵਾਲੀਆਂ ਸੰਗਤਾਂ ਤੇ ਵੀ ਪਾਬੰਦੀ ਲਗਾ ਦਿੱਤੀ ਸੀ।*

ਉੱਧਰ ਭਾਈ ਮਨੀ ਸਿੰਘ ਜੀ ਨੇ ਹਾਕਮ ਅਬਦੁੱਲਾ ਖਾਨ ਅਤੇ ਅੰਮ੍ਰਿਤਸਰ ਦੇ ਮੁਸਲਮਾਨ ਜੋ ਭਾਈ ਮਨੀ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ,ਨਾਲ ਮਿਲਕੇ ਸੰਗਤਾਂ ਉਪਰ ਲੱਗੀ ਪਾਬੰਦੀ ਹਟਾ ਲਈ ਸੀ। ਭਾਈ ਮਨੀ ਸਿੰਘ ਜੀ ਇਸ ਵਾਰ ਦੀਵਾਲੀ 'ਤੇ ਬਹੁਤ ਵੱਡਾ ਇਕੱਠ ਕਰਨਾ ਚਾਹੁੰਦੇ ਸਨ। ਉਹਨਾ ਨੇ ਅਬਦੁੱਲਾ ਖਾਨ ਨਾਲ ਗੱਲ ਕੀਤੀ ਅਤੇ ਉਸਨੇ ਅੱਗੇ ਜ਼ਕਰੀਆ ਖਾਨ ਨਾਲ ਗੱਲ ਕੀਤੀ ਤੇ ਉਹ ਮੰਨ ਗਿਆ। ਪਰ ਉਸਨੇ ਇਕ ਸ਼ਰਤ ਇਹ ਰੱਖ ਦਿੱਤੀ ਕਿ ਇੱਕਠ ਸਮੇਂ ਸਰਕਾਰ ਨੂੰ ਦਸ ਹਜ਼ਾਰ ਦੀ ਰਕਮ ਦਿੱਤੀ ਜਾਵੇ।

ਭਾਈ ਮਨੀ ਸਿੰਘ ਜੀ ਕੌਮ ਵਿੱਚ ਇਕ ਨਵੀਂ ਲਹਿਰ ਪੈਦਾ ਕਰਨਾ ਚਾਹੁੰਦੇ ਸਨ ਇਸੇ ਲਈ ਇਕ ਵੱਡਾ ਇੱਕਠ ਕਰਨਾ ਚਾਹੁੰਦੇ ਸਨ। ਉਹਨਾਂ ਨੇ ਹਰ ਪਾਸੇ ਸਿੱਖ ਘਰਾਣਿਆਂ ਵਿੱਚ ਚਿੱਠੀਆਂ ਭੇਜ ਦਿੱਤੀਆਂ ਕਿ ਸਭ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਣ। ਇਸ ਸੱਦੇ ਦਾ ਚੰਗਾ ਅਸਰ ਪਿਆ ਤੇ ਸਿੱਖ ਸੰਗਤਾਂ ਪੂਰੇ ਜ਼ੋਰਾਂ ਨਾਲ ਤਿਆਰੀਆਂ ਕਰਨ ਲੱਗੀਆਂ।

ਉੱਧਰ ਸ੍ਰੀ ਅੰਮ੍ਰਿਤਸਰ ਦੇ ਹਾਕਮ ਅਬੱਦੁਲਾ ਖਾਨ ਨੂੰ ਜਦੋਂ ਇਹ ਖਬਰ ਮਿਲੀ ਕਿ ਸਿੱਖਾਂ ਦੀ ਤਿਆਰੀ ਇੰਨੇ ਜ਼ੋਰਾਂ ਤੇ ਚੱਲ ਰਹੀ ਹੈ ਕਿ ਉਹ ਮੁਗਲ ਹਕੂਮਤ ਦੇ ਖਿਲਾਫ ਕੋਈ ਸਾਜਿਸ਼ ਰਚ ਸਕਦੇ ਹਨ ਤਾਂ ਉਸਨੇ ਇਹ ਇਤਲਾਹ ਜ਼ਕਰੀਆ ਖਾਨ ਨੂੰ ਦਿੱਤੀ ਕਿ ਸਿੰਘਾਂ ਦਾ ਇੱਕਠ ਆਪਣੀ ਸੋਚ ਤੋਂ ਵੀ ਵੱਧ ਹੋਵੇਗਾ। ਇਹ ਗੱਲ ਸੁਣ ਕੇ ਜ਼ਕਰੀਆ ਖਾਨ ਦੀ ਨੀਅਤ ਬਦਲ ਗਈ। ਉਸਨੇ ਸਾਜਿਸ਼ ਤਿਆਰ ਕੀਤੀ ਕਿ ਇੱਕਠੇ ਹੋਏ ਸਿੰਘਾਂ 'ਤੇ ਚਾਰੇ ਪਾਸੇ ਤੋਂ ਹਮਲਾ ਬੋਲ ਦਿੱਤਾ ਜਾਵੇ। ਜਦੋਂ ਇਹ ਖਬਰ ਇਕ ਗੁਰਸਿੱਖ ਨੂੰ ਮਿਲੀ ਤਾਂ ਉਸਨੇ ਸਿਰ ਤੋੜ ਘੋੜਾ ਭਜਾ ਕੇ ਇਹ ਖਬਰ ਭਾਈ ਮਨੀ ਸਿੰਘ ਨੂੰ ਜਾ ਦਿੱਤੀ।

ਭਾਈ ਮਨੀ ਸਿੰਘ ਜੀ ਨੇ ਆਪਣੇ ਨਾਲ ਰਹਿਣ ਵਾਲੇ ਸਿੰਘ ਗੁਰਜਾਰਾ ਸਿੰਘ,ਗੁਰਬਖਸ਼ ਸਿੰਘ ਤੇ ਹੋਰ ਸਿੰਘਾਂ ਨੂੰ ਬੁਲਾਇਆ ਤੇ ਮੀਟਿੰਗ ਕੀਤੀ। ਪਹਿਲਾਂ ਤਾਂ ਸਿੰਘਾਂ ਨੇ ਮੁਕਾਬਲਾ ਕਰਨ ਦਾ ਫੈਸਲਾ ਲਿਆ,ਪਰ ਭਾਈ ਮਨੀ ਸਿੰਘ ਜੀ ਬਹੁਤ ਸਿਆਣੇ ਤੇ ਸੂਝਵਾਨ ਸਨ। ਉਹਨਾ ਨੇ ਸਿੰਘਾਂ ਨੂੰ ਬੇਨਤੀ ਕੀਤੀ ਕਿ ਜੇ ਤਾਂ ਇੱਕਲੇ ਸਿੰਘ ਆਉਂਦੇ ਤਾਂ ਅਸੀਂ ਇਸ ਮੁਕਾਬਲੇ ਲਈ ਤਿਆਰ ਹੋ ਸਕਦੇ ਸੀ

* **ਅਮ੍ਰਿੰਤਸਰ ਨਿੱਤ ਹੋਵੈ ਲੜਾਈ,ਮਾਝੇ ਵਿੱਚ ਫਿਰਨ ਫੌਜਾਂ ਘਰ-ਘਰ ਦੇਖਣ ਜਾਈ। ਹਲਕਾਰੇ ਫ਼ਿਫ਼ਰੇ ਛਕ ਦੇਖਦੇ ਫਿਰਨ ਜੋ ਸਿੱਖ ਹੱਥ ਲਗੇ ਸੋ ਜਿਬ੍ਹਾ ਕਰਨ।** (ਪੰਨਾ-੨੨੨) (ਭਾਈ ਕੇਸਰ ਸਿੰਘ ਛਿਬੱਰ, ਬੰਸਾਵਲੀ ਨਾਮਾ, ਦਸਾਂ ਪਾਤਸ਼ਾਹੀਆਂ)

ਇਸ ਵਿੱਚ ਨਿਸ਼ਚਿਤ ਜਿੱਤ ਪ੍ਰਾਪਤ ਕਰਕੇ ਖ਼ਾਲਸਾ ਰਾਜ ਬਣਾ ਦਿੰਦੇ,ਪਰ ਸਿੰਘਾਂ ਨਾਲ ਨਿਹੱਥੀ ਸੰਗਤ ਵੀ ਬਹੁਤ ਆਵੇਗੀ ਅਤੇ ਛੋਟੇ ਬੱਚੇ ਵੀ ਹੋਣਗੇ। ਇਸ ਲਈ ਇਹ ਇਕੱਠ ਰੋਕਿਆ ਜਾਵੇ ਅਤੇ ਇਸ ਗੱਲ ਦਾ ਸਰਕਾਰ ਨੂੰ ਬਿਲਕੁਲ ਵੀ ਪਤਾ ਨਾ ਲਗੇ।

ਭਾਈ ਗੁਰਜ਼ਾਰਾ ਸਿੰਘ ਬੋਲੇ, "ਭਾਈ ਸਾਹਿਬ ਜੀ, ਜੇ ਤੁਹਾਡੇ ਉਪਰ ਕੋਈ ਕਸ਼ਟ ਆ ਗਿਆ ਤਾਂ ਫਿਰ.........?"

ਭਾਈ ਮਨੀ ਸਿੰਘ ਜੀ ਬੋਲੇ, "ਸਾਡੀ ਕੌਮ ਅਤੇ ਇਸਦੇ ਛੋਟੇ-ਛੋਟੇ ਬੱਚੇ ਬਚ ਜਾਣ,ਕੌਮ 'ਤੇ ਕੋਈ ਆਂਚ ਨਾ ਆਵੇ। ਮੈ ਇਹ ਸਾਰਾ ਕਸ਼ਟ ਬੰਦ-ਬੰਦ ਕਟਵਾ ਕੇ ਵੀ ਝੱਲ ਲਵਾਂਗਾ। ਤੁਸੀਂ ਹੁਣ ਹੀ ਰਾਤੋ-ਰਾਤ ਗੁਰੂ ਦਾ ਆਸਰਾ ਲੈ ਕੇ ਸੰਗਤ ਦੀ ਅਤੇ ਮਰਜੀਵੜੇ ਸਿੰਘਾਂ ਦੀ ਜਾਨ ਬਚਾਉ।"

ਸੋ ਇਹਨਾਂ ਗੁਰੂ ਪਿਆਰਿਆਂ ਨੇ ਹੁਕਮ ਦੀ ਪਾਲਣਾਂ ਕਰਦੇ ਹੋਏ ਹਜ਼ਾਰਾਂ ਸੰਗਤਾਂ ਦੀਆਂ ਜਾਨਾਂ ਬਚਾਈਆਂ। ਇੱਕ ਗੁਰੂ ਪਿਆਰੇ ਨੇ ਇਹ ਸੰਦੇਸ਼ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਕੋਲ ਵੀ ਪਹੁੰਚਾਇਆ ।ਭਾਈ ਸਾਹਿਬ ਨੇ ਆਪਣੇ ਸ਼ੇਰ ਪੁੱਤਰ ਭਾਈ ਤਾਰੂ ਸਿੰਘ ਨੂੰ ਬੁਲਾਇਆ। ਜਿਨੀਆਂ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਜਾਣ ਲਈ ਤਿਆਰ ਸਨ,ਸਭ ਨੂੰ ਰੋਕ ਦਿੱਤਾ ਗਿਆ।

ਉੱਧਰ ਜ਼ਕਰੀਆ ਖਾਨ ਦੀ ਕੁਟਿਲ ਨੀਤੀ ਅਨੁਸਾਰ ਫੌਜਾਂ ਨੇ ਸਾਰੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਗਿਆ ਸੀ। ਉਹ ਇਕ ਵੀ ਸਿੱਖ ਨੂੰ ਬਚ ਕੇ ਨਹੀਂ ਜਾਣ ਦੇਣਾ ਚਾਹੁੰਦੇ ਸਨ ਪਰ ਉਨਾਂ ਦੇ ਇਕ ਵੀ ਸਿੱਖ ਹੱਥ ਨਾ ਆਇਆ। ਭਾਈ ਮਨੀ ਸਿੰਘ ਜੀ ਕੋਲ ਵੀ ਕੁਝ ਸਿੰਘ ਰੁਕਣ ਵਾਸਤੇ ਚਲੇ ਗਏ।

ਸਾਰੀਆਂ ਫੌਜਾਂ ਸ਼ਰਮਸਾਰ ਹੋ ਕੇ ਵਾਪਸ ਮੁੜ ਆਈਆਂ। ਹਾਕਮ ਅਬੱਦੁਲਾ ਖਾਨ ਨੂੰ ਜਰਨੈਲਾਂ ਨੇ ਬਹੁਤ ਲਾਹਨਤਾਂ ਪਾਈਆਂ। ਸਾਰੇ ਜਰਨੈਲ ਸੜੇ-ਭੁੱਜੇ ਜ਼ਕਰੀਆ ਖਾਨ ਕੋਲ ਗਏ ਤੇ ਸਾਰੀ ਗੱਲ ਸੁਣਨ ਤੋਂ ਬਾਅਦ ਜ਼ਕਰੀਏ ਨੇ ਭਾਈ ਮਨੀ ਸਿੰਘ ਜੀ ਦੇ ਵਾਰੰਟ ਕੱਢ ਕੇ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਖਬਰ ਅੱਗ ਦੀ ਤਰਾਂ ਸਾਰੀ ਸਿੱਖ ਕੌਮ ਵਿੱਚ ਫੈਲ ਗਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਜ਼ਕਰੀਆ ਖਾਨ ਅੱਗੇ ਪੇਸ਼ ਕੀਤਾ ਗਿਆ ਤਾਂ ਜ਼ਕਰੀਏ ਨੇ ਦਸ ਹਜ਼ਾਰ ਰੁਪਏ ਦੀ ਮੰਗ ਕੀਤੀ।

ਭਾਈ ਮਨੀ ਸਿੰਘ ਜੀ ਨੇ ਕਿਹਾ, "ਮੇਲਾ ਲੱਗਾ ਨਹੀ,ਸੰਗਤਾਂ ਆਈਆਂ ਨਹੀਂ,ਚੜ੍ਹਾਵਾ ਚੜ੍ਹਿਆ ਨਹੀਂ। ਤੁਸੀਂ ਸਾਡਾ ਇੱਕਠ ਹੋਣ ਹੀ ਨਹੀਂ ਦਿੱਤਾ। ਇਸ ਲਈ ਇਹ ਰਕਮ ਕਿਉਂ ਦਿੱਤੀ ਜਾਵੇ"।

ਜ਼ਕਰੀਆ ਬੋਲਿਆ,"ਇਹ ਰਕਮ ਇੱਕੋ ਹਾਲਤ ਵਿੱਚ ਮੁਆਫ਼ ਕੀਤੀ ਜਾ ਸਕਦੀ ਹੈ,ਜੇ ਤੁਸੀਂ ਇਸਲਾਮ ਕਬੂਲ ਕਰ ਲਵੋ।"

ਭਾਈ ਮਨੀ ਸਿੰਘ ਜੀ ਜ਼ਕਰੀਏ ਨੂੰ ਧੀਰਜ ਨਾਲ ਜੁਆਬ ਦੇ ਰਹੇ ਸਨ,"ਜ਼ਕਰੀਆ! ਤੂੰ ਮੈਨੂੰ ਜਾਣਦਾ ਨਹੀਂ,ਮੈਂ ਨੌ ਸਾਲ ਦੀ ਉਮਰ ਵਿੱਚ ਸਿੱਖੀ

ਧਾਰਨ ਕੀਤੀ ਹੈ,ਹੁਣ ਨੱਬੇ ਸਾਲ ਦੀ ਉਮਰ ਵਿੱਚ ਛੱਡ ਦੇਵਾਂ...?,ਇਹ ਸਿੱਖੀ ਤਾਂ ਮੇਰੇ ਬੰਦ-ਬੰਦ ਵਿੱਚ ਵਸੀ ਹੈ।"ਜ਼ਕਰੀਆ ਆਖਣ ਲੱਗਾ,"ਫਿਰ ਬੰਦ-ਬੰਦ ਕੱਟ ਕੇ ਹੀ ਸਿੱਖੀ ਕੱਢੀ ਜਾਵੇਗੀ।"

ਭਾਈ ਮਨੀ ਸਿੰਘ ਨੇ ਗੜ੍ਹਕਵੀਂ ਆਵਾਜ਼ ਵਿੱਚ ਆਖਿਆ,"ਇਸ ਸਰੀਰ ਦੇ ਜੇ ਦਸ ਹਜ਼ਾਰ ਟੁਕੜੇ ਵੀ ਕਰ ਦੇਵੇਂਗਾ ਤਾਂ ਇੱਕ-ਇੱਕ ਬੰਦ ਵਿੱਚੋਂ ਇਹੋ ਆਵਾਜ਼ ਆਵੇਗੀ..........ਵਾਹਿਗੁਰੂ-ਵਾਹਿਗੁਰੂ।"

"ਅਖੀਰ 24 ਜੂਨ,1734 ਨੂੰ ਭਾਈ ਮਨੀ ਸਿੰਘ ਜੀ ਨੂੰ ਲਾਹੌਰ ਦੇ ਨਖ਼ਾਸ ਚੌਂਕ ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।"

ਇਥੇ ਕੁਝ ਇਤਿਹਾਸਕਾਰ ਦੱਸਦੇ ਹਨ ਕਿ ਭਾਈ ਮਨੀ ਸਿੰਘ ਜੀ ਦੇ ਨਾਲ ਦੋ ਸਿੰਘ ਹੋਰ ਵੀ ਸ਼ਹੀਦ ਹੋਏ ਸਨ। ਇੱਕ ਤਾਂ ਭਾਈ ਮਨੀ ਸਿੰਘ ਜੀ ਦਾ ਆਪਣਾ ਸਪੁੱਤਰ ਭਾਈ ਜਗਤ ਸਿੰਘ ਅਤੇ ਦੂਸਰਾ ਪੰਜਾਂ ਪਿਆਰਿਆਂ ਵਿੱਚੋਂ ਭਾਈ ਦਇਆ ਸਿੰਘ ਜੀ ਦਾ ਸਪੁੱਤਰ ਭਾਈ ਕ੍ਰਿਪਾਲ ਸਿੰਘ। ਇਸ ਤਰਾਂ ਉਸ ਦਿਨ ਕੁੱਲ ਤਿੰਨ ਸ਼ਹੀਦੀਆਂ ਹੋਈਆਂ ਸਨ।

ਇਹਨਾਂ ਤਿੰਨਾਂ ਸ਼ਹੀਦੀਆਂ ਨੇ ਕੌਮ ਅੰਦਰ ਬਹੁਤ ਭਾਰੀ ਇਨਕਲਾਬ ਪੈਦਾ ਕੀਤਾ। ਜਦੋਂ ਇਹ ਖਬਰ ਪਿੰਡ ਪੂਹਲੇ 'ਚ ਭਾਈ ਤਾਰੂ ਸਿੰਘ ਕੋਲ ਪਹੁੰਚੀ ਤਾਂ ਭਾਈ ਤਾਰੂ ਸਿੰਘ ਦੇ ਡੌਲੇ ਫੜਕਣ ਲੱਗੇ ਤੇ ਉਹ ਵਿੱਦਿਆ ਬਾਪੂ ਨੂੰ ਆਖਣ ਲੱਗੇ,"ਮੈਨੂੰ ਆਗਿਆ ਦਿਉ,ਉਸ ਪਾਪੀ ਦਾ ਸਿਰ ਲਿਆ ਕੇ ਤੁਹਾਡੇ ਚਰਨਾਂ ਵਿੱਚ ਰੱਖਾਂ।" ਵਿੱਦਿਆ ਬਾਪੂ ਨੇ ਭਾਈ ਤਾਰੂ ਸਿੰਘ ਦੇ ਜੋਸ਼ ਭਰੇ ਬੋਲ ਸੁਣ ਕੇ ਨੇਤਰ ਬੰਦ ਕਰ ਲਏ,ਮਾਨੋ ਆਉਣ ਵਾਲਾ ਸਮਾਂ ਦੇਖ ਰਹੇ ਹੋਣ। ਕੁਝ ਦੇਰ ਬਾਅਦ ਨੇਤਰ ਖੋਲੇ ਤੇ ਬਚਨ ਆਇਆ,"ਭਾਈ ਤਾਰੂ ਸਿੰਘ,ਸਮਾਂ ਆਵੇਗਾ,ਇਸ ਪਾਪੀ ਦੇ ਪਾਪ ਦਾ ਘੜਾ ਅਜੇ ਭਰਿਆ ਨਹੀਂ ਪਰ ਜਦੋਂ ਪਾਪ ਦਾ ਘੜਾ ਭਰੇਗਾ ਤਾਂ ਤੇਰੀ ਜੁੱਤੀ ਦੀ ਨੋਕ ਨਾਲ ਹੀ ਇਸ ਜ਼ਕਰੀਏ ਦਾ ਅੰਤ ਹੋਵੇਗਾ। ਹੁਣ ਤੂੰ ਸ਼ਾਂਤ ਹੋ ਜਾ। ਅਜੇ ਤੈਥੋਂ ਪਹਿਲਾਂ ਅਸਾਂ ਦੀ ਵਾਰੀ ਹੈ। ਇਹ ਬੁੱਢੜਾ ਸ਼ਰੀਰ ਪੰਥ ਦੇ ਲੇਖੇ ਲਾਉਣਾ ਹੈ ਤੇ ਤੈਨੂੰ ਮੈਂ ਆਪਣੀ ਸੇਵਾ ਦੇਣੀ ਹੈ।"

ਭਾਈ ਤਾਰੂ ਸਿੰਘ ਇਹ ਗੁੱਝੀਆਂ ਰਮਜ਼ਾਂ ਕੁਝ ਸਮਝੇ ਤੇ ਕੁਝ ਨਹੀਂ ਸਮਝੇ ਕਿ ਬ੍ਰਹਮਗਿਆਨੀ ਭਾਈ ਰਣਜੋਧ ਸਿੰਘ ਕੀ ਬਚਨ ਕਰ ਗਏ ਹਨ। ਭਾਈ ਤਾਰੂ ਸਿੰਘ ਆਗਿਆ ਲੈ ਕੇ ਘਰ ਜਾ ਕੇ ਮਾਂ ਦੇ ਗਲ ਲਗ ਕੇ ਰੋਏ ਤੇ ਆਖਿਆ ਕਿ ਮਾਂ ਅੱਜ ਅਸੀਂ ਫਿਰ ਤੋਂ ਯਤੀਮ ਹੋ ਗਏ ਹਾਂ। ਜਿਨ੍ਹਾਂ ਨੇ ਸਾਨੂੰ ਅੰਮ੍ਰਿਤ ਦੀਆਂ ਦਾਤਾਂ ਦਿੱਤੀਆਂ,ਪਿਤਾ ਜੀ ਦੇ ਜਾਣ ਤੋਂ ਬਾਅਦ ਨਵਾਂ ਜੀਵਨ ਦਿੱਤਾ,ਉਹਨਾਂ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਨੇ ਸਾਨੂੰ ਪਿਤਾ ਵਾਲਾ ਪਿਆਰ ਦਿੱਤਾ ਸੀ। ਉਨ੍ਹਾਂ ਦੇ ਕਹੇ ਹੋਏ ਇਕ-ਇਕ ਬਚਨ ਅੱਜ ਯਾਦ ਆ ਰਹੇ ਹਨ। ਇਹ ਸਦਮਾ ਬਹੁਤ ਸਮਾਂ ਭਾਈ ਤਾਰੂ ਸਿੰਘ ਦੇ ਹਿਰਦੇ ਉੱਪਰ ਵਗਿਆ ਰਿਹਾ। ਹੁਣ ਪੜ੍ਹਨ ਵਿੱਚ ਮਨ ਲਗਣੋਂ ਵੀ ਹਟ ਗਿਆ। ਆਪ ਨੇ ਕੇਵਲ ਦਸ ਜਮਾਤਾਂ ਹੀ ਪੜ੍ਹੀਆਂ। ਜਿਆਦਾ ਸਮਾਂ ਪਾਠ ਕਰਨ ਵਿਚ ਗੁਜ਼ਾਰਨ ਲਗ ਪਏ।

ਨੋਟ:- ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਬਹੁਤ ਘੱਟ ਸ਼ਬਦਾਂ ਵਿੱਚ ਭਾਵ ਸੰਖੇਪ ਰੂਪ ਵਿੱਚ ਇਥੇ ਵਰਨਣ ਕੀਤੀ ਹੈ। ਜੀਵਨ ਇਤਿਹਾਸ ਦੇ ਜਦੋਂ ਦਰਸ਼ਨ ਕੀਤੇ ਤੇ ਵਿਚਾਰ ਬਣਿਆ ਤਾਂ ਭਾਈ ਮਨੀ ਸਿੰਘ ਸ਼ਹੀਦ ਦਾ ਜੀਵਨ ਵੀ ਇਸੇ ਤਰਾਂ ਲਿਖਿਆ ਜਾਵੇ, ਜਿਵੇਂ ਭਾਈ ਤਾਰੂ ਸਿੰਘ ਜੀ ਦਾ ਜੀਵਨ ਲਿਖਿਆ ਗਿਆ ਹੈ।

'ਮੁਸਲਮਾਨਾਂ ਕੋਲੋਂ ਹਿੰਦੂ ਕੁੜੀਆਂ ਨੂੰ ਛੁਡਾਉਣਾ

ਭਾਈ ਤਾਰੂ ਸਿੰਘ ਜੀ ਦੀ ਉਮਰ ਹੁਣ ੧੯ ਸਾਲ ਦੀ ਹੋ ਗਈ ਸੀ। ਮਦਰੱਸੇ ਦੀ ਪੜ੍ਹਾਈ ਵੀ ਛੱਡ ਦਿੱਤੀ ਤੇ ਹੁਣ ਵਿੱਦਿਆ ਬਾਪੂ ਕੋਲ ਵੀ ਕਦੇ-ਕਦੇ ਜਾਂਦੇ, ਬਸ ਆਪਣੇ ਘਰ ਦੇ ਕੰਮਾਂ ਵਿਚ, ਖੇਤੀ-ਬਾੜੀ ਦੇ ਕੰਮਾਂ ਵਿਚ ਅਤੇ ਘਰ ਵਿਚ ਚਲ ਰਹੇ ਲੰਗਰ ਦੀ ਸੇਵਾ ਵਿੱਚ ਹੀ ਲੱਗੇ ਰਹਿੰਦੇ ਸਨ। ਜੇ ਕਿਸੇ ਸਿੰਘ ਨੇ ਆ ਕੇ ਬੇਨਤੀ ਕਰਨੀ ਤਾਂ ਉਸਨੂੰ ਲੰਗਰ ਬਣਾ ਕੇ ਹੀ ਦੇਣਾ ਜਾਂ ਉਸਨੂੰ ਆਖ ਦੇਣਾ ਕਿ ਭਾਈ, ਅਸੀ ਲੰਗਰ ਤਿਆਰ ਕਰਕੇ ਰੱਖ ਦੇਵਾਂਗੇ, ਤੁਸੀਂ ਦੁਸ਼ਟਾਂ ਦੀਆਂ ਨਜ਼ਰਾਂ ਬਚ-ਬਚਾ ਕੇ ਆ ਜਾਣਾ ਤੇ ਲੰਗਰ-ਪ੍ਰਸ਼ਾਦਾ ਲੈ ਜਾਣਾ। ਜਿਆਦਾ ਸਮਾਂ ਸਿਮਰਨ ਤੇ ਪਾਠ ਕਰਨ ਵਿਚ ਹੀ ਬਤੀਤ ਕਰਦੇ ਸਨ।

ਉਧਰ ਮਦੱਰਸੇ ਵਿੱਚ ਭਾਈ ਤਾਰੂ ਸਿੰਘ ਜੀ ਦੇ ਨਾਲ ਪੜ੍ਹਨ ਵਾਲੇ ਮੁਸਲਮਾਨ ਮੁੰਡੇ ਜਿਨ੍ਹਾਂ ਵਿੱਚ ਦਿਲਾ ਖ਼ਾਂ, ਆਲਮ ਖ਼ਾਂ, ਖਾਲਕ ਖ਼ਾਂ, ਅਤੇ ਕੁਝ ਹੋਰ ਹਿੰਦੂ ਲੜਕਿਆਂ ਨੇ ਵਿੱਦਿਆ ਬਾਪੂ ਕੋਲ ਆ ਕੇ ਬੇਨਤੀ ਕੀਤੀ ਕਿ ਭਾਈ ਤਾਰੂ ਸਿੰਘ ਜੋ ਸਾਡੇ ਨਾਲ ਬਹੁਤ ਪਿਆਰ ਕਰਦਾ ਸੀ, ਹੱਸਦਿਆਂ-ਖੇਡਦਿਆਂ ਦਿਨ ਦਾ ਪਤਾ ਹੀ ਨਹੀ ਲਗਦਾ ਸੀ ਕਿ ਕਦੋਂ ਦਿਨ ਬੀਤ ਗਿਆ। ਹੁਣ ਪਤਾ ਨਹੀ ਕੀ ਹੋਇਆ ਹੈ ਭਾਈ ਤਾਰੂ ਸਿੰਘ ਨੂੰ, ਕਦੇ ਵੇਖਿਆ ਹੀ ਨਹੀ ਕਈ ਦਿਨਾਂ ਤੋਂ। ਉਹਨਾਂ ਸਾਰੇ ਲੜਕਿਆਂ ਨੇ ਭਾਈ ਰਣਜੋਧ ਸਿੰਘ ਜੀ ਨੂੰ ਭਾਈ ਤਾਰੂ ਸਿੰਘ ਜੀ ਦੇ ਘਰ ਨਾਲ ਚੱਲਣ ਦੀ ਬੇਨਤੀ ਕੀਤੀ ਤੇ ਭਾਈ ਰਣਜੋਧ ਸਿੰਘ ਜੀ ਮੰਨ ਗਏ।

ਦਰਅਸਲ ਇਹ ਸਾਰੇ ਲੜਕੇ ਭਾਈ ਤਾਰੂ ਸਿੰਘ ਨੂੰ ਫਿਰ ਤੋਂ ਹੱਸਦਾ-ਖੇਡਦਾ ਦੇਖਣਾ ਚਾਹੁੰਦੇ ਸਨ ਤੇ ਇਹ ਸਭ ਕੁਝ ਭਾਈ ਰਣਜੋਧ ਸਿੰਘ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ ਸੀ। ਇਹ ਨੌਜਵਾਨ ਲੜਕੇ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਦੇ ਘਰ ਪਹੁੰਚੇ। ਭਾਈ ਤਾਰੂ ਸਿੰਘ ਨੇ ਜਦੋਂ ਭਾਈ ਰਣਜੋਧ ਸਿੰਘ ਜੀ ਨੂੰ ਆਪਣੇ ਮਿੱਤਰਾਂ ਨਾਲ ਦੇਖਿਆ ਤਾਂ ਵੈਰਾਗੀ ਮਨ ਨਾਲ ਭੱਜ ਕੇ ਫ਼ਤਿਹ ਬੁਲਾਈ ਅਤੇ ਸਾਰਿਆਂ ਨੂੰ ਬਹੁਤ ਚਾਅ ਨਾਲ ਮਿਲੇ। ਦਿਲਾ ਖ਼ਾਂ ਤੇ ਆਲਮ ਖ਼ਾਂ ਨੇ ਭਾਈ ਤਾਰੂ ਸਿੰਘ ਨੂੰ ਪ੍ਰੇਰਨਾ ਦਿੰਦਿਆ ਕਿਹਾ ਕਿ ਮਿੱਤਰਾ ਘਰ ਬੈਠਿਆਂ ਦਿਨ ਨਹੀਂ ਲੰਘਦੇ। ਤੂੰ ਪੜ੍ਹਾਈ ਵੀ ਛੱਡ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਉਹ ਸਾਨੂੰ ਹਰਰੋਜ਼ ਇਕ ਵਾਰੀ ਮਦੱਰਸੇ ਜ਼ਰੂਰ ਮਿਲ ਆਇਆ ਕਰਨ।

ਉਧਰ ਮਾਤਾ ਹਰਜੋਈ ਕੌਰ ਨੇ ਇਕ ਬਜ਼ੁਰਗ ਔਰਤ ਨੂੰ ਬੂਹੇ ਵਿੱਚ ਖੜੀ ਵੇਖਿਆ ਜੋ ਜ਼ਾਰ-ਜ਼ਾਰ ਰੋ ਰਹੀ ਸੀ। ਮਾਤਾ ਨੇ ਉਸ ਬਜ਼ੁਰਗ ਔਰਤ ਨੂੰ ਪੁੱਛਿਆ

ਕਿ ਉਹ ਕਿਉਂ ਰੋ ਰਹੀ ਹੈ। ਇਸ ਬਜ਼ੁਰਗ ਮਾਤਾ ਨੇ ਆਪਣਾ ਦੁੱਖ ਸੁਣਾਉਂਦਿਆਂ ਕਿਹਾ, "ਮੇਰੀਆਂ ਦੋ ਧੀਆਂ ਨੂੰ ਦੋ ਮੁਸਲਮਾਨ ਪਠਾਣ ਮੁੰਡੇ ਚੁੱਕ ਕੇ ਲੈ ਗਏ ਹਨ ਤੇ ਮੈਨੂੰ ਪਤਾ ਲੱਗਾ ਹੈ ਕਿ ਉਹਨਾਂ ਪਾਪੀਆਂ ਨੇ ਪਹਿਲਾਂ ਤਾਂ ਕੁੜੀਆਂ ਦੀ ਪੱਤ ਲੁੱਟਣੀ ਹੈ ਫਿਰ ਉਹਨਾਂ ਦੇ ਸਿਰ ਵੱਢ ਕੇ ਸਿੰਘਾਂ ਦੇ ਸਿਰ ਦੱਸ ਕੇ ਜ਼ਕਰੀਏ ਕੋਲੋਂ ਇਨਾਮ ਲੈ ਲੈਣਾ ਹੈ। ਮੈਂ ਤਹਾਡੇ ਦਰ ਤੇ ਇਸੇ ਲਈ ਆਈ ਹਾਂ ਕਿ ਕੋਈ ਗੁਰੂ ਕਾ ਸਿੰਘ ਮੇਰੀਆਂ ਬੱਚੀਆਂ ਦੀ ਪੱਤ ਬਚਾਵੇ।"

ਬਜ਼ੁਰਗ ਔਰਤ ਦੀ ਗੱਲ ਸੁਣ ਕੇ ਮਾਤਾ ਹਰਜੋਈ ਕੌਰ ਦਾ ਮਨ ਭਰ ਆਇਆ ਕਿ ਇਹ ਮੁਗਲ ਇਥੋਂ ਤੱਕ ਗਿਰ ਜਾਣਗੇ,ਕਦੇ ਸੋਚਿਆ ਵੀ ਨਹੀਂ ਸੀ। ਮਾਤਾ ਹਰਜੋਈ ਕੌਰ ਬਜ਼ੁਰਗ ਔਰਤ ਨੂੰ ਨਾਲ ਲੈ ਕੇ ਜਦੋਂ ਭਾਈ ਤਾਰੂ ਸਿੰਘ ਦੇ ਕਮਰੇ 'ਚ ਗਏ ਤਾਂ ਉੱਥੇ ਉਸਦੇ ਮਿੱਤਰ ਦਿਲਾ ਖ਼ਾਂ ਤੇ ਆਲਮ ਖ਼ਾਂ ਬੈਠੇ ਸਨ ਜੋ ਕਿ ਮੁਸਲਮਾਨ ਸਨ। ਇਸੇ ਲਈ ਮਾਤਾ ਨੇ ਬਜ਼ੁਰਗ ਔਰਤ ਦੀ ਗੱਲ ਦਸੱਣ ਵਿੱਚ ਝਿਜਕ ਮਹਿਸੂਸ ਕੀਤੀ ਅਤੇ ਵਿੱਦਿਆ ਬਾਪੂ ਨੂੰ ਫ਼ਤਿਹ ਬੁਲਾ ਤੇ ਉਸਦੇ ਮੁਸਲਮਾਨ ਦੋਸਤਾਂ ਨੂੰ ਸਲਾਮ ਕਹਿ ਕੇ ਚੁੱਪ ਕਰ ਗਏ।

ਉੱਪਰ ਉਸਦੇ ਦੋਸਤ ਭਾਈ ਤਾਰੂ ਸਿੰਘ ਨੂੰ ਵਿਆਹ ਕਰਾਉਣ ਲਈ ਮਸ਼ਵਰੇ ਦੇ ਰਹੇ ਸਨ ਤਾਂ ਕਿ ਉਸਦਾ ਮਨ ਥੋੜਾ ਬਦਲ ਜਾਵੇ ਤੇ ਖ਼ੁਸ਼ ਰਹਿਣ ਲੱਗੇ। ਉਦੋਂ ਹੀ ਭਾਈ ਤਾਰੂ ਸਿੰਘ ਦੀ ਨਜ਼ਰ ਉਸ ਬਜ਼ੁਰਗ ਔਰਤ 'ਤੇ ਪਈ,ਜੋ ਦੁਖੀ ਲੱਗ ਰਹੀ ਸੀ। ਜਦੋਂ ਭਾਈ ਤਾਰੂ ਸਿੰਘ ਨੇ ਮਾਤਾ ਹਰਜੋਈ ਕੌਰ ਨੂੰ ਪੁੱਛਿਆ ਕਿ ਇਹ ਔਰਤ ਕੌਣ ਹੈ ਤੇ ਇਹ ਕਿਉਂ ਰੋ ਰਹੀ ਹੈ? ਤਾਂ ਉਸ ਔਰਤ ਦੀਆਂ ਅੱਖਾਂ 'ਚੋਂ ਹੰਝੂ ਛਲਕ ਆਏ। ਉਸਨੇ ਕੁਝ ਦੱਸਣ ਦੀ ਕੋਸ਼ੀਸ਼ ਕੀਤੀ ਪਰ ਮਨ ਇਨਾਂ ਭਰ ਗਿਆ ਕਿ ਮੂੰਹ 'ਚੋਂ ਬੋਲ ਬਾਹਰ ਆਉਣ ਤੋਂ ਰੁਕ ਗਏ। ਮਾਤਾ ਹਰਜੋਈ ਕੌਰ ਨੇ ਪਹਿਲਾਂ ਬੈਠੇ ਮੁਸਲਮਾਨ ਲੜਕਿਆਂ ਵੱਲ ਵੇਖਿਆ,ਫਿਰ ਭਾਈ ਤਾਰੂ ਸਿੰਘ ਵੱਲ ਕੁਝ ਝਿਜਕੀ ਹੋਈ ਨਜ਼ਰ ਨਾਲ ਵੇਖਿਆ। ਭਾਈ ਤਾਰੂ ਸਿੰਘ ਮਾਤਾ ਦੀ ਅੱਖ ਪਛਾਣ ਗਏ ਤੇ ਕਿਹਾ ਕਿ ਉਹ ਫ਼ਿਕਰ ਨਾ ਕਰਨ। ਇਹ ਲੜਕੇ ਉਸਦੇ ਕਹਿਣੇ ਵਿੱਚ ਹੀ ਹਨ ਤੇ ਸੱਚੇ ਮੁਸਲਮਾਨ ਹਨ। ਸਭ ਦਾ ਦੁੱਖ ਵੰਡਾਉਣ ਵਾਲੇ ਹਨ ਤੇ ਉਹ ਜਲਦੀ ਗੱਲ ਦੱਸਣ ਦੀ ਕ੍ਰਿਪਾ ਕਰਨ।

ਤਾਂ ਮਾਤਾ ਜੀ ਨੇ ਉਹਨਾਂ ਨੂੰ ਦੁਖੀ ਔਰਤ ਦੀ ਸਾਰੀ ਗੱਲ ਦੱਸ ਦਿੱਤੀ,ਗੱਲ ਸੁਣ ਕੇ ਭਾਈ ਤਾਰੂ ਸਿੰਘ ਤਾਂ ਰੋਹ ਵਿੱਚ ਆਏ ਹੀ ਸਨ,ਨਾਲ ਉਸਦੇ ਮੁਸਲਮਾਨ ਦੋਸਤ ਦਿਲਾ ਖ਼ਾਂ,ਆਲਮ ਖ਼ਾਂ ਤੇ ਖ਼ਾਲਕ ਖ਼ਾਂ ਵੀ ਭਾਈ ਤਾਰੂ ਸਿੰਘ ਨਾਲ ਉਸ ਔਰਤ ਦੀ ਮਦਦ ਕਰਨ ਲਈ ਤਿਆਰ ਹੋ ਗਏ। ਬਜ਼ੁਰਗ ਔਰਤ ਨੇ ਦੱਸਿਆ ਕਿ ਇਹ ਪਾਪੀ ਲੜਕੇ ਪਹਿਲਾਂ ਵੀ ਇਸੇ ਤਰਾਂ ਕਰਦੇ ਹਨ। ਇਹ ਬੱਚੀਆਂ ਦੇ ਧੜਾਂ (ਸਰੀਰਾਂ) ਨੂੰ ਧਰਤੀ 'ਚ ਦੱਬ ਦਿੰਦੇ ਹਨ ਤੇ ਸਿਰਾਂ ਨੂੰ ਸਿੰਘਾਂ ਦੇ ਸਿਰ ਦੱਸ ਕੇ ਜ਼ਕਰੀਏ ਤੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਲੈਂਦੇ ਹਨ।

ਭਾਈ ਤਾਰੂ ਸਿੰਘ ਨੇ ਕਿਹਾ, "ਦੱਸ ਬੀਬੀ ਕਿਧਰ ਨੂੰ ਗਏ ਹਨ ਉਹ ਪਾਪੀ....!" ਬਜ਼ੁਰਗ ਔਰਤ ਦੇ ਦੱਸਣ ਮੁਤਾਬਿਕ ਭਾਈ ਤਾਰੂ ਸਿੰਘ, ਦਿਲਾ

ਖ਼ਾਂ,ਆਲਮ ਖ਼ਾਂ ਤੇ ਖ਼ਲਕ ਖ਼ਾਂ ਨੇ ਮਿਲ ਕੇ ਉਹਨਾਂ ਪਾਪੀਆਂ ਦਾ ਪਿੱਛਾ ਕੀਤਾ। ਇਹ ਪਾਪੀ ਆਪਣੇ ਮਾੜੇ ਮਨਸੂਬਿਆਂ ਨੂੰ ਅੰਜਾਮ ਦੇਣ ਵਾਸਤੇ ਜਗ੍ਹਾ ਲੱਭ ਰਹੇ ਸਨ ਪਰ ਬੱਚੀਆਂ ਦੀ ਰੋਣ ਦੀ ਆਵਾਜ਼ ਨੇ ਇਹਨਾਂ ਨੂੰ ਲੱਭਣ 'ਚ ਹੋਰ ਸਾਥ ਦਿਤਾ।

ਭਾਈ ਤਾਰੂ ਸਿੰਘ ਦੀ ਲਲਕਾਰ ਨੇ ਇਨ੍ਹਾਂ ਪਾਪੀ ਦੁਸ਼ਮਣਾਂ ਨੂੰ ਪਿੱਸੂ ਪਾ ਦਿੱਤੇ ਤੇ ਇਹਨਾਂ ਨੇ ਆਪਣੀਆਂ ਤਲਵਾਰਾਂ ਦੇ ਮੁੱਠਿਆਂ 'ਤੇ ਹੱਥ ਘੁੱਟ ਲਏ। ਫਿਰ ਦਿਲਾ ਖ਼ਾਂ ਤੇ ਆਲਮ ਖ਼ਾਂ ਨੇ ਵੀ ਲਲਕਾਰਾ ਮਾਰਿਆ ਤੇ ਕਿਹਾ,"ਜੇ ਤੁਸੀਂ ਇਹਨਾਂ ਕੁੜੀਆਂ ਦੇ ਸਿਰ ਉਤਾਰ ਕੇ ਭੱਜੇ ਤਾਂ ਤੁਹਾਡੇ ਮਗਰ ਅਸੀਂ ਹਾਂ, ਅਸੀਂ ਦੱਸਾਂਗੇ ਕਿ ਇਹ ਸਿਰ ਸਿੰਘਾਂ ਦੇ ਨਹੀਂ ਬਲਕਿ ਹਿੰਦੂ ਕੁੜੀਆਂ ਦੇ ਹਨ।"

ਜਦੋਂ ਦੁਸ਼ਮਣਾਂ ਨੇ ਭਾਈ ਤਾਰੂ ਸਿੰਘ ਨਾਲ ਮੁਸਲਮਾਨ ਲੜਕਿਆਂ ਨੂੰ ਦੇਖਿਆ ਤਾਂ ਉਹਨਾਂ ਨੇ ਸੋਚਿਆ ਕਿ ਜੇ ਇਨ੍ਹਾਂ ਮੁਸਲਮਾਨ ਲੜਕਿਆਂ ਨੇ ਜ਼ਕਰੀਏ ਕੋਲ ਸਾਡਾ ਰਾਜ਼ ਖੋਲ ਦਿੱਤਾ ਤਾਂ ਇਨਾਮ ਦੀ ਬਜਾਏ ਸਜ਼ਾ ਦੇ ਹੱਕਦਾਰ ਹੋ ਜਾਵਾਂਗੇ। ਉਹਨਾਂ ਨੇ ਕੁੜੀਆਂ ਨੂੰ ਉੱਥੇ ਹੀ ਛੱਡ ਕੇ ਭੱਜ ਜਾਣ ਵਿੱਚ ਭਲਾਈ ਸਮਝੀ। ਸੋ ਉਹਨਾਂ ਨੇ ਏਦਾਂ ਹੀ ਕੀਤਾ ਤੇ ਬਿਨਾਂ ਕਿਸੇ ਲੜਾਈ ਤੋਂ ਭਾਈ ਤਾਰੂ ਸਿੰਘ ਨੇ ਇਹਨਾਂ ਕੁੜੀਆਂ ਨੂੰ ਸਹੀ-ਸਲਾਮਤ ਉਹਨਾਂ ਦੇ ਘਰ ਪਹੁੰਚਾ ਦਿੱਤਾ। ਇਸ ਤਰਾਂ ਪੂਰੇ ਪਰਿਵਾਰ ਪਾਸੋਂ ਅਸੀਸਾਂ ਦੀ ਬਰਸਾਤ ਹੋਈ। ਭਾਈ ਤਾਰੂ ਸਿੰਘ ਦੀ ਇਸ ਸਫਲਤਾ ਨਾਲ ਉਸਦੇ ਮੁੱਖ 'ਤੇ ਨਵੀਂ ਚਮਕ ਆ ਗਈ। ਉਸਨੇ ਆਪਣੇ ਦੋਸਤਾਂ ਦਿਲਾਂ ਖ਼ਾਂ ਤੇ ਆਲਮ ਖ਼ਾਂ ਨੂੰ ਘੁੱਟ ਕੇ ਪਿਆਰ ਕੀਤਾ। ਵਿੱਦਿਆ ਬਾਪੂ ਨੇ ਬਹੁਤ ਵਧਾਈਆਂ ਦਿੱਤੀਆਂ। ਇਸ ਤਰਾਂ ਪੂਹਲੇ ਪਿੰਡ 'ਚ ਭਾਈ ਤਾਰੂ ਸਿੰਘ ਨੂੰ ਲੋਕਾਂ ਨੇ ਬਹੁਤ ਪਿਆਰ ਦਿੱਤਾ।

ਸਿੱਖ ਇਤਿਹਾਸ ਵਿੱਚ ਨੇਕ ਮੁਸਲਮਾਨਾਂ ਬਾਰੇ ਸੰਖੇਪ ਜਾਣਕਾਰੀ

ਮੈਂ ਆਪਣੇ ਪਾਠਕਾਂ ਦਾ ਧਿਆਨ ਥੋੜਾ ਪਿਛੋਕੜ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਏ ਬੁਲਾਰ ਜੀ ਇੱਕ ਨੇਕ ਮੁਸਲਮਾਨ ਸਨ ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ ਜੀਓ !ਮੈਨੂੰ ਪਤਾ ਲਗਾ ਹੈ ਕਿ ਵੀਹ ਰੁਪਈਆਂ ਦੀ ਖ਼ਾਤਰ ਪਿਤਾ ਸਾਹਿਬ ਕਾਲੂ ਗੁੱਸੇ ਹੋਏ ਹਨ। ਪਾਤਸ਼ਾਹ ਜੀਓ !ਜਦੋਂ ਆਪ ਜੀ ਨੂੰ ਮਾਇਆ ਦੀ ਜ਼ਰੂਰਤ ਹੋਵੇ ਤੇ ਜੇ ਕਾਗਜ਼ ਵੀ ਨਾ ਮਿਲੇ ਤਾਂ ਘੜੇ ਦੀ ਠਿੱਕਰੀ ਉੱਪਰ ਲਿਖ ਆਪ ਨੇ ਸਹੀ (ਦਸਤਖਤ) ਕਰ ਦੇਣੀ। ਮੈਂ ਆਪ ਜੀ ਦੇ ਬਖ਼ਸ਼ੇ ਹੋਏ ਖ਼ਜਾਨਿਆਂ ਵਿੱਚੋਂ ਮਾਇਆ ਦੇ ਦਿਆ ਕਰਾਂਗਾ।

ਪੂਰਨ ਜੀਵਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਸੇਵਾ ਕਮਾਉਣ ਵਾਲਾ ਮਰਦਾਨਾ ਇੱਕ ਨੇਕ ਮੁਸਲਮਾਨ ਸੀ। ਇਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਪਿਆਰ ਕਰਨ ਵਾਲੇ ਇੰਨੇ ਜ਼ਿਆਦਾ ਹਨ ਕਿ ਜੇ ਨਾਮ ਲਿਖਣ ਲਗੀਏ ਤਾਂ ਕਿਤਾਬ ਨਹੀਂ ਇਕ ਪੂਰਾ ਗ੍ਰੰਥ ਹੀ ਬਣ ਜਾਵੇਗਾ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਬਹੁਤ ਨੇਕ ਮੁਸਲਮਾਨ ਸਨ ਜੋ ਉਹਨਾਂ ਨੂੰ ਬਹੁਤ ਪਿਆਰ ਕਰਦੇ ਸਨ। ਇਤਿਹਾਸ ਗਵਾਹ ਹੈ ਕਿ ਗੁਰੂ ਅਮਰਦਾਸ ਸਾਹਿਬ ਜੀ ਦੇ ਲਈ ਅਕਬਰ ਬਾਦਸ਼ਾਹ ਆਪ ਆਇਆ ਸੀ ਤੇ ਉਸਨੇ ਗੁਰੂ ਕੇ ਲੰਗਰਾਂ ਵਿੱਚੋਂ ਕਤਾਰ ਵਿੱਚ ਬੈਠ ਕੇ ਪ੍ਰਸ਼ਾਦਾ ਵੀ ਛਕਿਆ ਸੀ ਤੇ ਉਸਨੇ ਬੀਬੀ ਭਾਨੀ ਜੀ ਦੇ ਨਾਮ 'ਤੇ ਕਈ ਪਿੰਡਾਂ ਦੀ ਜ਼ਾਗੀਰ ਲਾ ਦਿੱਤੀ ਸੀ। ਸੋ ਉਹ ਵੀ ਇੱਕ ਨੇਮ ਮੁਸਲਮਾਨ ਸੀ।

ਗੁਰੂ ਰਾਮਦਾਸ ਜੀ ਮਹਾਰਾਜ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਪਿਆਰੇ ਸਿੱਖਾਂ ਵਿੱਚੋਂ ਸਾਂਈ ਮੀਆਂ ਮੀਰ ਜੀ ਜਿਨ੍ਹਾਂ ਦੇ ਆਪਣੇ ਹਜ਼ਾਰਾਂ ਮੁਰੀਦ ਸਨ ਤੇ ਉਹ ਗੁਰੂ ਸਹਿਬ ਜੀ ਦੇ ਮੁਰੀਦ ਸਨ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਸਮੇਂ ਪਹਿਲੀ ਇੱਟ ਸਾਂਈ ਮੀਆਂ ਮੀਰ ਜੀ ਕੋਲੋਂ ਰਖਵਾਈ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ,ਗੁਰੂ ਹਰਿ ਰਾਏ ਸਾਹਿਬ ਜੀ,ਗੁਰੂ ਹਰਿਕ੍ਰਿਸ਼ਨ ਸਾਹਿਬ ਜੀ,ਗੁਰੂ ਤੇਗ ਬਹਾਦੁਰ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੇ ਸਮੇਂ ਭੀਖਮ ਸ਼ਾਹ ਜੀ ਨੇਮ ਮੁਸਲਮਾਨ ਸਨ। ਪੀਰ ਬੁੱਧੂ ਸ਼ਾਹ ਜੀ ਜਿਸ ਨੇ ੭੦੦ ਮੁਰੀਦ ਅਤੇ ਆਪਣੇ ਦੋ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇ ਸ਼ਹੀਦ ਕਰਵਾਏ ਸਨ। ਸੋ ਇਹ ਸਾਰੇ ਨੇਕ ਮੁਸਲਮਾਨ ਸਨ।

ਨਬੀ ਖ਼ਾਂ ਅਤੇ ਗਨੀ ਖ਼ਾਂ ਭਰਾਵਾਂ ਨੇ ਆਪਣੇ ਸਿਰ ਧੜ ਦੀ ਬਾਜ਼ੀ ਲਗਾ ਕੇ ਜਦੋਂ ਕਲਗੀਧਰ ਪਾਤਸ਼ਾਹ ਪਿਤਾ ਨੂੰ ਉੱਚ ਦੇ ਪੀਰ ਬਣਾ ਕੇ ਦੁਸ਼ਮਣ ਦੇ ਘੇਰੇ 'ਚੋਂ ਬਾਹਰ ਕਢਿਆ ਤਾਂ ਗੁਰੂ ਜੀ ਨੇ ਇਹਨਾਂ ਭਰਾਵਾਂ ਤੇ ਹੁਕਮਨਾਮੇ ਨਾਲ ਬਖਸ਼ਿਸ ਕੀਤੀ ਸੀ। ਉਸ ਵਿੱਚ ਲਿਖਿਆ ਸੀ ਕਿ ਤੁਸੀਂ ਮੇਰੇ ਖਾਸ ਪੁੱਤਰ ਹੋ। ਸੋ ਇਹ ਦੋਵੇਂ ਵੀਰ ਨੇਕ ਮੁਸਲਮਾਨ ਸਨ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਨੇਕ ਮੁਸਲਮਾਨ ਨੂੰ ਤਾਂ ਆਪਣੀ ਗੋਦੀ ਵਿੱਚ ਹੀ ਬਿਠਾਇਆ ਹੈ---ਬਾਬਾ ਫ਼ਰੀਦ ਸਾਹਿਬ ਜੀ,ਕਬੀਰ ਸਾਹਿਬ ਜੀ,ਭਗਤ ਭੀਖਣ ਜੀ,ਸਧਨਾ ਜੀ,ਕਿੰਨੇ ਕੁ ਨਾਮ ਲਿਖਾਂਅੱਲਾਹ ਸ਼ਬਦ ੪੬ ਵਾਰ (ਛਿਆਲੀ ਵਾਰ) ਗੁਰੂ ਗ੍ਰੰਥ ਸਹਿਬ ਜੀ ਵਿੱਚ ਅੰਕਿਤ ਹੈ।

ਕੌਮ ਕੋਈ ਵੀ ਮਾੜੀ ਨਹੀ ਹੁੰਦੀ। ਨੇਕ ਮਨੁੱਖਾਂ ਦੇ ਚਰਨਾਂ ਸਦਕਾ ਇਹ ਧਰਤੀ ਖੜੀ ਹੈ। ਭਾਈ ਤਾਰੂ ਸਿੰਘ ਜੀ ਦੇ ਸਮੇਂ ਵੀ ਨੇਕ ਮੁਸਲਮਾਨ ਸਨ, ਜਿਨ੍ਹਾਂ ਦੇ ਕਰਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਪਰਿਵਾਰ ਸੁੱਖ ਨਾਲ ਜੀਵਨ ਬਤੀਤ ਕਰਦੇ ਸਨ। ਸਮੇਂ ਦੀ ਹਕੂਮਤ ਨੇ ਇਕ ਸਾਜਿਸ਼ ਤਹਿਤ ਭਾਈ-ਭਾਈ ਨੂੰ ਦੁਸ਼ਮਣ ਬਣਾਉਣ ਵਿਚ ਕੋਈ ਕਸਰ ਨਹੀ ਛੱਡੀ। ਜ਼ਕਰੀਏ ਵਰਗੇ ਦੁਸਟ ਪੁਰਸ਼ ਆਖਦੇ ਸਨ ਕਿ ਬਾਗੀ ਸਿੰਘਾਂ ਦਾ ਖਾਤਮਾ ਕਰੋ, ਜੋ ਸਾਨੂੰ ਆ ਕੇ ਮਾਰ ਜਾਂਦੇ ਹਨ। ਉਹ ਪਿੰਡਾਂ ਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਜਦੋਂ ਮਰਜ਼ੀ ਫ਼ਤਵਾ ਲਗਾ ਕੇ ਮਾਰ ਦਿੰਦਾ ਸੀ। ਐਸੀਆਂ ਗੰਦੀਆਂ ਸੋਚਾਂ ਰੱਖਣ ਵਾਲੇ ਮੁਸਲਮਾਨਾਂ ਵਿੱਚ ਵੀ 'ਨੇਕ ਮੁਸਲਮਾਨ' ਸਨ ਜੋ ਆਪਣੀ ਨੇਕੀ ਕਰਦੇ ਰਹਿੰਦੇ ਸਨ, ਜਿਵੇਂ ਕਿ ਵਿੱਦਿਆ

ਬਾਪੂ ਜੀ ਦੇ ਵਿਦਿਆਰਥੀ ਦਿਲਾ ਖ਼ਾਂ,ਆਲਮ ਖ਼ਾਂ,ਖ਼ਾਲਕ ਖ਼ਾਂ,ਕਾਦਰ ਖ਼ਾਂ ਤੇ ਯਕੂਬ ਖ਼ਾਂ ਵਰਗੇ ਨੇਕ ਮੁਸਲਮਾਨਾਂ ਦੇ ਨਾਮਾਂ ਨੂੰ ਸਤਿਕਾਰ ਯੋਗ ਭਾਈ ਤਾਰੂ ਸਿੰਘ ਤੇ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਵਰਗੇ ਮਹਾਨ ਸ਼ਹੀਦਾਂ ਦੇ ਨਾਮਾਂ ਨਾਲ ਯਾਦ ਕੀਤਾ ਜਾਵੇਗਾ। ਇਹਨਾਂ ਨੇਕ ਮੁਸਲਮਾਨਾਂ ਨੇ ਭਾਈ ਤਾਰੂ ਸਿੰਘ ਜੀ ਦੇ ਕੰਧੇ ਨਾਲ ਕੰਧਾ ਮਿਲਾ ਕੇ ਹਿੰਦੂ ਬੀਬੀਆਂ ਦੀ ਪੱਤ ਲੁੱਟਣ ਤੋਂ ਬਚਾਈ ਤੇ ਸਿੱਖ ਧਰਮ ਵਿੱਚ ਹੋਰ ਵੀ ਮਹੱਤਵਪੂਰਨ ਸਮਾਜਿਕ ਕੰਮਾਂ ਵਿੱਚ ਪੂਰਨ ਸਹਿਯੋਗ ਦਿੱਤਾ।

ਭਾਈ ਤਾਰੂ ਸਿੰਘ ਜੀ ਦੇ ਜੀਵਨ ਵਿੱਚ ਭਾਈ ਹਕੀਕਤ ਰਾਏ ਜੀ ਦੀ ਸ਼ਹੀਦੀ ਦਾ ਪ੍ਰਭਾਵ

੧੧ ਫਰਵਰੀ,੧੭੪੧ ਬੰਸਤ ਪੰਚਮੀਂ ਲੰਘ ਕੇ ਗਈ ਸੀ। ਭਾਈ ਤਾਰੂ ਸਿੰਘ ਦੀ ਉਮਰ ਉਸ ਸਮੇਂ ਤਕਰੀਬਨ ੨੧ ਸਾਲ ਦੀ ਪੂਰੀ ਹੋਈ ਸੀ। ਕੁਝ ਦਿਨ ਬਾਅਦ ਇਕ ਸਿੱਖ ਮਾਤਾ ਹਰਜੇਈ ਕੌਰ ਕੋਲ ਆਇਆ ਤੇ ਉਸਨੇ ਖ਼ਬਰ ਦਿੱਤੀ ਕਿ ਲਾਹੌਰ ਵਿੱਚ ਇਕ ਸਿੱਖ ਨੇ ਬਹੁਤ ਵੱਡੀ ਸ਼ਹੀਦੀ ਦਿੱਤੀ ਹੈ ਤੇ ਇਸ ਸਿੱਖ ਨੂੰ ਜ਼ਕਰੀਏ ਖਾਨ ਨੇ ਸ਼ਹੀਦ ਕੀਤਾ ਹੈ। ਇਸ ਸਿੱਖ ਨੇ ਮਾਤਾ ਹਰਜੇਈ ਕੌਰ ਨੂੰ ਸਾਰੀ ਗੱਲ ਦੱਸੀ ਕਿ ਇਹ ਸਿੱਖ ਕੌਣ ਸੀ ਤੇ ਸ਼ਹੀਦੀ ਦਾ ਕੀ ਕਾਰਣ ਸੀ। ਇਹ ਸਿੱਖ ਤਾਂ ਪ੍ਰਸ਼ਾਦਾ ਛਕ ਕੇ ਚਲਾ ਗਿਆ ਪਰ ਇਸ ਸ਼ਹੀਦੀ ਦਾ ਮਾਤਾ ਜੀ ਦੇ ਮਨ ਤੇ ਡੂੰਘਾ ਅਸਰ ਪਿਆ ਕਿਉਂਕਿ ਇਹ ਸ਼ਹੀਦੀ ਕੇਵਲ ਸਤਾਰਾਂ ਸਾਲ ਦੇ ਨੌਜਵਾਨ ਦੀ ਸ਼ਹੀਦੀ ਸੀ ਤੇ ਮਾਤਾ ਜੀ ਦਾ ਆਪਣਾ ਪੁੱਤਰ ਭਾਈ ਤਾਰੂ ਸਿੰਘ ਵੀ ਇੱਕੀਆਂ ਸਾਲਾਂ ਦਾ ਹੀ ਸੀ।

ਭਾਈ ਤਾਰੂ ਸਿੰਘ ਨੇ ਆਪਣੇ ਕਾਰੋਬਾਰ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਇਸ਼ਨਾਨ ਕੀਤਾ ਤੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਫਿਰ ਮਾਤਾ ਜੀ ਤੇ ਭੈਣ ਗੁਰਜੇਈ ਕੌਰ ਨਾਲ ਮਿਲ ਕੇ ਲੰਗਰ ਤਿਆਰ ਕਰਨ ਦੀ ਸੇਵਾ ਵਿੱਚ ਲੱਗ ਗਏ। ਮਾਤਾ ਹਰਜੇਈ ਕੌਰ ਜੋ ਹਮੇਸ਼ਾਂ ਖੁਸ਼ੀ ਨਾਲ ਪ੍ਰਸ਼ਾਦਾ ਤਿਆਰ ਕਰਦੇ ਸਨ,ਅੱਜ ਉਨਾਂ ਦੇ ਚਿਹਰੇ ਉੱਤੇ ਉਦਾਸੀ ਸੀ। ਭਾਈ ਤਾਰੂ ਸਿੰਘ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਤੇ ਪੁੱਛਿਆ,"ਮਾਂ ਕੀ ਗੱਲ ਹੈ? ਅੱਜ ਆਪ ਚੁੱਪ-ਚੁੱਪ ਹੋ,ਸਿਹਤ ਤਾਂ ਠੀਕ ਹੈ...? ਦਿਨੇ ਜੋ ਗੁਰੂ ਕੇ ਸਿੱਖ ਆਏ ਸਨ,ਕੀ ਉਨ੍ਹਾਂ ਨਾਲ ਕੋਈ ਬਚਨ ਬਿਲਾਸ ਹੋਇਆ ਹੈ...?"

....ਤਾਂ ਮਾਤਾ ਜੀ ਨੇ ਭਾਈ ਤਾਰੂ ਸਿੰਘ ਨੂੰ ਸਾਰੀ ਗੱਲ ਦੱਸੀ ਕਿ ਜ਼ਕਰੀਏ ਨੇ ੧੭ ਸਾਲ ਦੇ ਗੱਭਰੂ ਭਾਈ ਹਕੀਕਤ ਰਾਏ ਨੂੰ ਲਾਹੌਰ ਵਿੱਚ ਸ਼ਹੀਦ ਕਰ ਦਿੱਤਾ।

ਭਾਈ ਤਾਰੂ ਸਿੰਘ ਨੇ ਬਹੁਤ ਹੈਰਾਨੀ ਨਾਲ ਮਾਤਾ ਜੀ ਵੱਲ ਵੇਖਿਆ ਤੇ ਇਕ ਪਲ ਚੁੱਪ ਵੱਟ ਗਏ। ਕੁਝ ਪਲ ਬਾਅਦ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਜੇ ਉਹ ਸ਼ਹੀਦ ਭਾਈ ਹਕੀਕਤ ਰਾਏ ਦੇ ਜੀਵਨ ਬਾਰੇ ਜਾਣਦੇ ਹਨ ਤਾਂ ਕਿਰਪਾ ਕਰਕੇ ਦੱਸਣ। ਮਾਤਾ ਜੀ ਭਾਈ ਤਾਰੂ ਸਿੰਘ ਨੂੰ ਸ਼ਹੀਦ ਭਾਈ ਹਕੀਕਤ ਰਾਏ ਦੇ ਜੀਵਨ

ਬਾਰੇ ਦਸਣ ਲੱਗ ਪਏ। ਉਹਨਾਂ ਨੇ ਦਸਿੱਆ,"ਸਹਿਜਧਾਰੀ ਪਰਿਵਾਰ ਦਾ ਅਣੱਖੀਲਾ ਗੱਭਰੂ ਤੁਹਾਡੇ ਨਾਲੋਂ ਕੇਵਲ ਚਾਰ ਸਾਲ ਛੋਟਾ ਸ਼ਹੀਦ ਭਾਈ ਹਕੀਕਤ ਰਾਏ ਨੇ ਸ਼੍ਰੀ ਦੀਵਾਨ ਮੱਲ* ਦੇ ਘਰ ਮਾਤਾ ਜਮਨਾ ਦੇਵੀ ਦੀ ਕੁੱਖੋਂ ੧੫ ਮਾਰਚ, ੧੭੨੪ ਈ: ਨੂੰ ਸਿਆਲਕੋਟ ਦੇ ਖੱਤਰੀ ਪਰਿਵਾਰ ਵਿੱਚ ਜਨਮ ਲਿਆ ਜੋ ਕਿ ਬਹੁਤ ਹੀ ਸੋਹਣਾ-ਸੁੱਨਖਾ ਤੇ ਹੋਣਹਾਰ ਅਤੇ ਘਰ ਵਿੱਚ ਇੱਕਲਾ ਹੋਣ ਕਾਰਨ ਬਹੁਤ ਹੀ ਲਾਡਲਾ ਸਪੁੱਤਰ ਸੀ। ਕੋਈ ਗੁਰੂ ਘਰ ਦਾ ਬਖ਼ਸ਼ਿਆ ਜੀਵ ਜਿਸ ਨੂੰ ਬਚਪਨ ਤੋਂ ਗੁਰਸਿੱਖੀ ਦੀ ਬਹੁਤ ਖਿੱਚ ਸੀ ਤੇ ਇਹ ਬੜੀ ਜਲਦੀ ਜਵਾਨ ਹੋਣ ਲੱਗਾ। ਭਾਵੇਂ ਉਸਨੇ ਅਜੇ ਤੱਕ ਅੰਮ੍ਰਿਤਪਾਨ ਨਹੀ ਸੀ ਕੀਤਾ ਪਰ ਉਂਝ ਉਸਦੀ ਰਹਿਣੀ-ਬਹਿਣੀ ਗੁਰੂ ਕੇ ਸਿੱਖਾਂ ਨਾਲ ਹੀ ਸੀ ਅਤੇ ਖ਼ਿਆਲ ਵੀ ਨਿਰੋਲ ਸਿੱਖਾਂ ਵਾਲੇ ਹੀ ਸਨ।

ਹੋਰ ਗੁਰੂ ਦੀ ਕਿਰਪਾ ਹੋਈ। ਭਾਈ ਬੁੱਧ ਸਿੰਘ ਬਟਾਲਾ ਦੀ ਸੰਗਤ ਮਿਲਣ ਕਾਰਣ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਗਈ। ਭਾਈ ਬੁੱਧ ਸਿੰਘ ਬਟਾਲਾ ਦੇ ਜੀਵਨ ਦਾ ਐਸਾ ਅਸਰ ਪਿਆ ਕਿ ਪੰਜਾਂ ਬਾਣੀਆਂ ਦੇ ਨਿੱਤਨੇਮ, ਸੰਗਤ ਦੀ ਸੇਵਾ, ਪੂਰਨ ਗੁਰਸਿੱਖੀ ਵਿੱਚ ਬੱਝ ਗਏ।

ਭਾਈ ਹਕੀਕਤ ਰਾਏ ਤੋਂ ਹਕੀਕਤ ਸਿੰਘ ਬਣਨਾ

ਹੋਰ ਗੁਰੂ ਦੀ ਕਿਰਪਾ ਹੋਈ। ਭਾਈ ਬੁੱਧ ਸਿੰਘ ਬਟਾਲਾ ਦੀ ਸੰਗਤ ਮਿਲਣ ਕਾਰਣ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਗਈ। ਭਾਈ ਬੁੱਧ ਸਿੰਘ ਬਟਾਲਾ ਦੇ ਜੀਵਨ ਦਾ ਐਸਾ ਅਸਰ ਪਿਆ ਕਿ ਪੰਜਾਂ ਬਾਣੀਆਂ ਦੇ ਨਿੱਤਨੇਮ, ਸੰਗਤ ਦੀ ਸੇਵਾ, ਪੂਰਨ ਗੁਰਸਿੱਖੀ ਵਿੱਚ ਬੱਝ ਗਏ।

ਇੱਕ ਦਿਨ ਪਿਤਾ ਦੀਵਾਨ ਮੱਲ ਤੇ ਮਾਤਾ ਜਮਨਾ ਦੇਵੀ ਸੰਗਤ ਵਿੱਚ ਆਏ ਤੇ ਭਾਈ ਬੁੱਧ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਜੇ ਆਪ ਨੇ ਹਕੀਕਤ ਨੂੰ ਪੂਰਨ ਗੁਰਸਿੱਖ ਬਣਾਇਆ ਹੈ ਤਾਂ ਇਸ ਦੀ ਸ਼ਾਦੀ ਵੀ ਗੁਰਸਿੱਖਾਂ ਵਿੱਚ ਹੀ ਕਰ ਦੇਵੋ। ਉਸੇ ਸਮੇਂ ਭਾਈ ਬੁੱਧ ਸਿੰਘ ਨੇ ਬਟਾਲਾ ਨਿਵਾਸੀ ਉੱਪਲ ਖਤੱਰੀ ਪਰਿਵਾਰ ਸ. ਕ੍ਰਿਸ਼ਨ ਸਿੰਘ ਤੋਂ ਉਨ੍ਹਾਂ ਦੀ ਬੱਚੀ ਪ੍ਰੇਮ ਕੌਰ, ਉਮਰ ੧੩ ਸਾਲ ਦਾ ਰਿਸ਼ਤਾ ਭਾਈ ਹਕੀਕਤ ਰਾਏ ਵਾਸਤੇ ਮੰਗ ਲਿਆ। ਪਰ ਬੱਚੀ ਪ੍ਰੇਮ ਕੌਰ ਨੇ ਪਿਤਾ ਕ੍ਰਿਸ਼ਨ ਸਿੰਘ ਤੇ ਭਾਈ ਬੁੱਧ ਸਿੰਘ ਅੱਗੇ ਮੰਗ ਰੱਖ ਦਿੱਤੀ ਕਿ ਮੈਂ ਅੰਮ੍ਰਿਤਧਾਰੀ ਹਾਂ, ਇਸ ਲਈ ਮੇਰਾ ਪਤੀ ਵੀ ਅੰਮ੍ਰਿਤਧਾਰੀ ਹੀ ਹੋਣਾ ਚਾਹੀਦਾ ਹੈ।

ਭਾਈ ਬੁੱਧ ਸਿੰਘ ਜੀ ਆਖਣ ਲੱਗੇ, 'ਬੱਚੀਏ ਤੇਰੀ ਮੰਗ ਤਾਂ ਨੇਕ ਹੈ, ਮੈਨੂੰ ਤੇਰੀ ਮੰਗ ਉਪਰ ਨਾਜ਼ ਹੈ ਤੇ ਮੈਂ ਦੀਵਾਨ ਮੱਲ ਨਾਲ ਗੱਲ ਕਰਦਾ ਹਾਂ।'

ਸ਼੍ਰੀ ਦੀਵਾਨ ਮੱਲ ਤੇ ਜਮਨਾ ਦੇਵੀ ਨੇ ਅੰਦਰ ਆ ਕੇ ਬੱਚੀ ਦੀ ਸੁੰਦਰਤਾ ਨੂੰ ਦੇਖਿਆਂ ਤੇ ਪ੍ਰਸੰਨ ਹੋ ਗਏ ਤੇ ਕਹਿਣ ਲੱਗੇ,"ਹਕੀਕਤ ਰਾਏ ਰਹਿਣੀ-ਰਹਿਤ

* 'ਮਹਾਨ ਕੋਸ਼' ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਪਿਤਾ ਨਾਮ ਬਾਘ ਮੱਲ, ਮਾਤਾ ਦਾ ਨਾਮ ਗੋਰਾ ਜੀ, ਸਹੁਰੇ ਦਾ ਨਾਮ ਕ੍ਰਿਸ਼ਨ ਚੰਦ ਤੇ ਸੱਸ ਮਾਤਾ ਦਾ ਨਾਮ ਦੁਰਗਾ ਦੇਈ ਲਿਖਦੇ ਹਨ। (ਪੰਨਾ-੨੫੭)

ਵਿੱਚ ਪੱਕਾ ਹੈ,ਸੰਪੂਰਨ ਗੁਰਸਿੱਖ ਹੈ ਪਰ ਅੰਮ੍ਰਿਤਪਾਨ ਨਹੀ ਕੀਤਾ।ਹੋ ਸਕਦਾ ਹੈ ਕਿ ਉਹ ਵਿਆਹ ਤੋਂ ਬਾਅਦ ਅੰਮ੍ਰਿਤ ਵੀ ਛਕ ਲਵੇ।"

ਬੱਚੀ ਪ੍ਰੇਮ ਕੌਰ ਨੇ ਆਪਣੇ ਪਿਤਾ ਸ.ਕ੍ਰਿਸ਼ਨ ਸਿੰਘ ਅੱਗੇ ਅੱਖਾਂ ਨੀਵੀਆਂ ਕਰ ਬੇਨਤੀ ਕੀਤੀ,"ਪਿਤਾ ਜੀ,ਆਪ ਜੀ ਦਾ ਸੁਣਾਇਆ ਇਤਿਹਾਸ ਗਵਾਹ ਹੈ ਕਿ ਗੁਰੂ ਜੀ ਭਾਈ ਡੱਲੇ ਨੂੰ ਸਭ ਕੁਝ ਦੇਣ ਨੂੰ ਤਿਆਰ ਸਨ,ਪਰ ਚਰਨਾਂ ਵਿੱਚ ਥਾਂ ਦੇਣ ਨੂੰ ਤਿਆਰ ਨਹੀਂ ਸਨ।ਪਰ ਮੈਂ ਗੁਰੂ ਦੇ ਚਰਨਾਂ ਬਿਨਾਂ ਨਹੀਂ ਰਹਿ ਸਕਦੀ।" ਇਨੀਂ ਗੱਲ ਕਹਿ ਕੇ ਬੱਚੀ ਆਪਣੀ ਮਾਤਾ ਕੋਲ ਚਲੀ ਗਈ।

ਬੱਚੀ ਦੇ ਪਿਤਾ ਸ.ਕ੍ਰਿਸ਼ਨ ਸਿੰਘ ਨੇ ਭਾਈ ਬੁੱਧ ਸਿੰਘ ਨੂੰ ਬੇਨਤੀ ਕੀਤੀ ਕਿ ਉਸਨੇ ਬਿਨਾਂ ਅੰਮ੍ਰਿਤਧਾਰੀ ਨਾਲ ਵਿਆਹ ਨਹੀਂ ਕਰਨਾ। ਉਹ ਬਚਪਨ ਤੋਂ ਹੀ ਗੁਰੂ ਕੇ ਇਤਿਹਾਸ ਸੁਣਦੀ ਆ ਰਹੀ ਹੈ। ਸੋ ਤੁਸੀਂ ਹਕੀਕਤ ਰਾਏ ਨੂੰ ਹੋਰ ਗੁਰਮੱਤ ਦੀ ਪੜ੍ਹਾਈ ਕਰਾਉ। ਇਹ ਬੱਚੀ ਅਸੂਲਾਂ ਦੀ ਪੱਕੀ ਹੈ। ਉਧਰ ਹਕੀਕਤ ਰਾਏ ਨੇ ਜਦੋਂ ਇਹ ਗੱਲ ਸੁਣੀ ਤਾਂ ਐਸਾ ਦ੍ਰਿੜ ਇਰਾਦਾ ਦੇਖ ਕੇ ਅੰਮ੍ਰਿਤ ਛਕਣ ਦਾ ਫੈਸਲਾ ਲੈ ਲਿਆ।ਅਗਲੇ ਦਿਨ ੨ ਮਈ, ੧੭੩੯ ਈ: ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਹਕੀਕਤ ਰਾਏ ਤੋਂ ਹਕੀਕਤ ਰਾਏ ਸਿੰਘ ਬਣ ਗਿਆ ਤੇ ਨਾਲ ਹੀ ਅਨੰਦ ਕਾਰਜ ਦੀ ਮਰਿਯਾਦਾ ਸੰਪੂਰਨ ਹੋਈ।

ਕਾਜ਼ੀ ਅਤੇ ਮੁਸਲਮਾਨ ਲੜਕਿਆਂ ਨਾਲ ਬਹਿਸ

ਭਾਈ ਹਕੀਕਤ ਰਾਏ ਸਿੰਘ ਨੂੰ ਵਿਆਹ ਕੀਤਿਆਂ ਅਜੇ ਕੇਵਲ ੨ ਸਾਲ ਹੀ ਹੋਏ ਸਨ।ਮਾਤਾ ਪਿਤਾ ਦੇ ਚਾਅ-ਲਾਡ ਅਜੇ ਪੂਰੇ ਨਹੀ ਹੋਏ ਸਨ ਕਿ ਭਾਈ ਹਕੀਕਤ ਸਿੰਘ ਨੂੰ ਮਗਲਾਂ ਦੀਆਂ ਗਲਤ ਚਾਲਾਂ ਕਰਕੇ ਗ੍ਰਿਫਤਾਰ ਕਰ ਲਿਆ ਗਿਆ।

ਹੋਇਆ ਇੰਝ ਕਿ ਇਹ ਮੁਸਲਮਾਨ ਲੜਕੇ ਜੋ ਭਾਈ ਹਕੀਕਤੰ ਰਾਏ ਸਿੰਘ ਨਾਲ ਮਕਤਬ ਵਿੱਚ ਪੜ੍ਹਦੇ ਸਨ,ਹਿੰਦੂ ਦੇਵੀ ਦੇਵਤਿਆਂ ਨੂੰ ਮਾੜਾ ਕਹਿ ਰਹੇ ਸਨ,ਭਾਵ ਅਯੋਗ ਸ਼ਬਦ ਵਰਤ ਰਹੇ ਸਨ।ਭਾਈ ਹਕੀਕਤ ਸਿੰਘ ਨੇ ਕਿਹਾ ਕਿ ਉਹ ਆਪਣੇ ਸਾਹਮਣੇ ਅਜਿਹੇ ਅਪਮਾਨ ਭਰੇ ਬੋਲ ਸੁਣਨਾ ਬਰਦਾਸ਼ਤ ਨਹੀ ਕਰ ਸਕਦੇ।ਜਦੋਂ ਭਾਈ ਹਕੀਕਤ ਸਿੰਘ ਅਤੇ ਮੁਸਲਮਾਨ ਲੜਕਿਆਂ ਦੀ ਆਪਸ ਵਿੱਚ ਬਹਿਸ ਜ਼ਿਆਦਾ ਹੋਣ ਲੱਗੀ ਤਾਂ ਕਾਜ਼ੀ ਉਹਨਾਂ ਦੀ ਲੜਾਈ ਹੁੰਦੀ ਦੇਖ ਕੇ ਕੋਲ ਆ ਗਿਆ।ਇਹ ਕਾਜ਼ੀ ਤਾਂ ਪਹਿਲਾਂ ਹੀ ਭਾਈ ਹਕੀਕਤ ਸਿੰਘ ਨਾਲ ਲੱਗਦਾ ਸੀ ਕਿਉਂਕਿ ਭਾਈ ਹਕੀਕਤ ਸਿੰਘ ਨੇ ਇਸਨੂੰ ਵੀ ਕੁਝ ਦਿਨ ਪਹਿਲਾਂ ਕਿਸੇ ਗੱਲ ਤੇ ਟੋਕਿਆ ਸੀ ਤੇ ਇਹ ਕਾਜ਼ੀ ਭਾਈ ਹਕੀਕਤ ਸਿੰਘ ਨਾਲ ਲੜਨ ਦਾ ਬਹਾਨਾ ਭਾਲਦਾ ਸੀ।

ਕਾਜ਼ੀ ਨੇ ਭਾਈ ਹਕੀਕਤ ਸਿੰਘ ਗੁੱਸੇ ਨੂੰ ਨਾਲ ਕਿਹਾ,"ਤੂੰ ਵੀ ਤਾਂ ਹਿੰਦੂ ਧਰਮ ਛਡ ਕੇ ਸਿੰਘ ਬਣ ਗਿਆ ਹੈਂ,ਫਿਰ ਤੂੰ ਕੀ ਲੈਣਾ ਹਿੰਦੂ ਦੇਵੀ-ਦੇਵਤਿਆਂ

ਤੋਂ...! ਤੂੰ ਹਰ ਇਕ ਨਾਲ ਬਹਿਸ ਕਰਦਾ ਰਹਿੰਦਾ ਹੈਂ। ਤੂੰ ਮੇਰੀ ਵੀ ਭਰੀ ਸਭਾ ਵਿੱਚ ਟੋਕ ਕੇ ਬੇਇਜ਼ਤੀ ਕੀਤੀ ਸੀ।"

ਭਾਈ ਹਕੀਕਤ ਸਿੰਘ ਨੇ ਨਿਮਰਤਾ ਨਾਲ ਆਖਿਆ,"ਕਾਜ਼ੀ ਸਾਹਿਬ,ਫਿਰ ਕੀ ਹੋਇਆ ਜੇ ਮੈਂ ਹਿੰਦੂ ਨਹੀ ਰਿਹਾ,ਮੇਰੇ ਬਾਕੀ ਰਿਸ਼ਤੇਦਾਰ ਤਾਂ ਸਾਰੇ ਸਹਿਜਧਾਰੀ ਹਿੰਦੂ ਹੀ ਹਨ,ਨਾਲੇ ਇਥੇ ਹਿੰਦੂ-ਮੁਸਲਮਾਨ ਦੀ ਗੱਲ ਨਹੀ ਹੈ। ਜੇ ਮੇਰੇ ਸਾਹਮਣੇ ਮੁਹੰਮਦ ਸਾਹਿਬ ਦੀ ਪੁੱਤਰੀ ਫ਼ਾਤਿਮਾ ਦੀ ਸ਼ਾਨ ਦੇ ਖ਼ਿਲਾਫ ਕੋਈ ਹਿੰਦੂ ਅਜਿਹੇ ਅਪਮਾਨ ਭਰੇ ਬੋਲ ਬੋਲੇਗਾ ਤਾਂ ਵੀ ਮੈਨੂੰ ਉਨਾਂ ਹੀ ਦੁੱਖ ਲੱਗੇਗਾ"।

ਕਾਜ਼ੀ ਦੇ ਸਿਰ ਵਿੱਚ ਸੌ ਘੜਾ ਪਾਣੀ ਪੈ ਗਿਆ ਤੇ ਸੋਚਦਾ ਹੋਇਆ ਮੌਲਵੀ ਸ਼ਾਹ ਹੁਸੈਨ ਦੇ ਕੋਲ ਜਾ ਪਹੁੰਚਿਆ ਤੇ ਇਹ ਦੋਵੇਂ ਸਿਆਲਕੋਟ ਦੇ ਹਾਕਮ ਅਮੀਰ ਬੇਗ ਕੋਲ ਪਹੁੰਚ ਗਏ ਤੇ ਭਾਈ ਹਕੀਕਤ ਸਿੰਘ ਦੀ ਸਾਰੀ ਗੱਲ ਦੱਸੀ। ਕਾਜ਼ੀ, ਮੌਲਵੀ ਸ਼ਾਹ ਹੁਸੈਨ ਅਤੇ ਹਾਕਮ ਅਮੀਰ ਬੇਗ,ਇਹਨਾਂ ਤਿੰਨਾਂ ਨੇ ਮਿਲ ਕੇ ਸੋਚਿਆ ਕਿ ਇਨਾ ਸਿਆਣਾ ਤੇ ਸੂਝਵਾਨ ਇਨਸਾਨ ਸਿੱਖ ਨਹੀ ਹੋਣਾ ਚਾਹੀਦਾ ਬਲਕਿ ਮੁਸਲਮਾਨ ਹੋਣਾ ਚਾਹੀਦਾ ਹੈ। ਤਿੰਨਾਂ ਨੇ ਮਿਲ ਕੇ ਝੂਠਾ ਇਲਜ਼ਾਮ ਲਗਾ ਕੇ ਹਕੀਕਤ ਰਾਏ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਤੇ ਜੇਲ੍ਹਖਾਨੇ ਵਿੱਚ ਡੱਕ ਦਿੱਤਾ।

ਹਕੀਕਤ ਰਾਏ ਸਿੰਘ ਨੂੰ ਛਡਾਉਣ ਦੀਆਂ ਕੋਸ਼ਿਸ਼ਾਂ

ਹਕੀਕਤ ਰਾਏ ਸਿੰਘ ਦੇ ਪਿਤਾ ਸ਼੍ਰੀ ਦੀਵਾਨ ਮੱਲ ਸ਼ਹਿਰ ਦੇ ਬੜੇ ਰਸੂਖ ਵਾਲੇ ਤੇ ਹਿੰਦੂ-ਮੁਸਲਮਾਨਾ ਵਿੱਚ ਵੀ ਸਤਿਕਾਰੇ ਜਾਣ ਵਾਲੇ ਪੁਰਸ਼ ਸਨ। ਜਦੋਂ ਹਕੀਕਤ ਰਾਏ ਸਿੰਘ ਦੀ ਗ੍ਰਿਫਤਾਰੀ ਦੀ ਖਬਰ ਸੁਣੀ ਤਾਂ ਸ਼੍ਰੀ ਦੀਵਾਨ ਮੱਲ ਤੇ ਉਨ੍ਹਾਂ ਨਾਲ ਪਿਆਰ ਕਰਨ ਵਾਲੇ ਲੋਕ ਭੱਜ ਨੱਠ ਕਰਨ ਲੱਗ ਪਏ। ਸਥਾਨਕ ਹਾਕਮਾਂ ਅਤੇ ਅਮੀਰ ਬੇਗ ਨੇ ਮਹਿਸੂਸ ਕੀਤਾ ਕਿ ਜੇ ਲੋਕੀਂ ਭੜਕ ਗਏ ਤਾਂ ਗੜਬੜ ਸ਼ੁਰੂ ਹੋ ਸਕਦੀ ਹੈ ਅਤੇ ਜੇ ਭੜਕੇ ਲੋਕਾਂ ਅੱਗੇ ਹਕੀਕਤ ਰਾਏ ਸਿੰਘ ਨੇ ਸੱਚ ਰੱਖ ਦਿੱਤਾ ਤਾਂ ਸਾਡਾ ਭਾਂਡਾ ਭੱਜ ਹੋ ਜਾਵੇਗਾ ਤੇ ਇਸ ਤਰਾਂ ਹੋਣ ਨਾਲ ਸਿਆਲਕੋਟ ਦੇ ਮੁਸਲਮਾਨਾ ਨੇ ਉਨ੍ਹਾਂ ਨੂੰ ਨਹੀਂ ਛੱਡਣਾ। ਇਸ ਲਈ ਉਹਨਾਂ ਨੇ ਉਸੇ ਰਾਤ ਚੁੱਪ-ਚੁੱਪੀਤੇ ਹਕੀਕਤ ਰਾਏ ਸਿੰਘ ਨੂੰ ਸਖ਼ਤ ਪਹਿਰੇ ਵਿੱਚ ਲਾਹੌਰ ਭੇਜ ਦਿੱਤਾ। ਸਿਆਲਕੋਟ ਦੇ ਕਾਜ਼ੀ ਨੇ ਲਾਹੌਰ ਦੇ ਕਾਜ਼ੀ ਦੇ ਪਹਿਲਾਂ ਹੀ ਕੰਨ ਭਰ ਦਿੱਤੇ ਸਨ ਤਾਂ ਕਿ ਛੇਤੀ-ਛੇਤੀ ਮੁਕੱਦਮੇ ਦੀ ਸੁਣਵਾਈ ਕਰ ਕੇ ਸਜ਼ਾ ਸੁਣਾਈ ਜਾ ਸਕੇ।

ਉਧੱਰ ਸ਼੍ਰੀ ਦੀਵਾਨ ਮੱਲ ਨੂੰ ਵੀ ਖਬਰ ਹੋ ਗਈ ਤੇ ਉਹ ਵੀ ਸਾਰੇ ਮਗਰੇ-ਮਗਰ ਲਾਹੌਰ ਚਲੇ ਗਏ। ਰਾਤ ਜੰਗਲਾਂ ਤੇ ਉਜਾੜਾਂ ਵਿੱਚ ਦੀ ਲੰਘਦੇ ਹੋਏ ਐਮਨਾਬਾਦ ਦੇ ਹਾਕਮ ਦੀਵਾਨ ਜਸਪਤ ਰਾਏ ਨੂੰ ਮਿਲ ਕੇ ਸਾਰੀ ਗੱਲ ਦੱਸੀ ਤੇ ਬੇਨਤੀ ਕੀਤੀ ਕਿ ਅਸੀਂ ਤੇਰੀ ਜ਼ਾਤ ਬਰਾਦਰੀ ਦੇ ਹਾਂ ਤੇ ਸਾਡੇ ਬੱਚੇ ਨੂੰ ਛਡਾਇਆ ਜਾਵੇ। ਹਕੀਕਤ ਰਾਏ ਸਿੰਘ ਉਪਰ ਗਲਤ ਦੂਸ਼ਣ ਲਗਾ ਕੇ ਮਾਰਿਆ ਜਾ ਰਿਹਾ ਹੈ।

ਜਸਪਤ ਰਾਏ ਨੇ ਹਕੀਕਤ ਰਾਏ ਸਿੰਘ ਦੇ ਕੇਸ ਪੁੱਛ-ਪੜਤਾਲ ਕੀਤੀ ਤੇ ਪੂਰੀ ਜਾਣਕਾਰੀ ਲੈਣ ਤੋਂ ਬਾਅਦ ਸ਼੍ਰੀ ਦੀਵਾਨ ਮੱਲ ਨੂੰ ਦੱਸਿਆ ਕਿ ਤੁਹਾਡੇ ਲੜਕੇ ਉੱਪਰ ਬਹੁਤ ਜਿਆਦਾ ਫ਼ਤਵੇ ਲੱਗੇ ਹੋਏ ਹਨ। ਇਸ ਲਈ ਜਸਪਤ ਰਾਏ ਨੇ ਕੋਈ. ਦਖ਼ਲ ਦੇਣ ਜਾਂ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਫਿਰ ਸ਼੍ਰੀ ਦੀਵਾਨ ਮੱਲ ਹਿੰਦੂ ਦੀਵਾਨ ਲਖਪਤ ਰਾਏ ਨੂੰ ਮਿਲੇ ਜੋ ਖ਼ਾਨ ਬਹਾਦੁਰ ਜ਼ਕਰੀਆ ਖਾਨ ਦਾ ਖ਼ਾਸ ਆਦਮੀ ਬਣਿਆ ਹੋਇਆ ਸੀ। ਪਰ ਉਹ ਕੱਟੜ ਮੁਸਲਮਾਨਾਂ ਨਾਲੋਂ ਵੀ ਜ਼ਿਆਦਾ ਕਰੜਾ ਬੋਲਿਆ, "ਹਿੰਦੂ ਦੇਵੀ-ਦੇਵਤਿਆ ਦੀ ਬੇਇਜ਼ਤੀ ਹੀ ਤਾਂ ਸੀ,ਤੁਹਾਡੇ ਲੜਕੇ ਨੇ ਖੁਦ ਵੀ ਤਾਂ ਹਿੰਦੂ ਧਰਮ ਬਦਲ ਕੇ ਸਿੱਖ ਧਰਮ ਅਪਣਾਇਆ ਹੈ,ਫਿਰ ਉਸਨੂੰ ਕੀ ਲੋੜ ਪਈ ਸੀ ਇਸ ਗੱਲ ਵਿੱਚ ਲੱਤ ਅੜਾਉਣ ਦੀ। ਨਾਲੇ ਹਿੰਦੂ ਤਾਂ ਸ਼ੁਰੂ ਤੋਂ ਹੀ ਗੁਲਾਮ ਰਹੇ ਨੇ....! ਬੱਸ ਹੁਣ ਤਾਂ ਇੱਕੋ ਰਸਤਾ ਬਚਿਆ ਹੈ ਕਿ ਉਸਨੂੰ ਸਮਝਾਓ ਕਿ ਇੱਕ ਵਾਰ ਫੇਰ ਧਰਮ ਬਦਲ ਲਏ। ਸਿੰਘ ਤੋਂ ਮੁਸਲਮਾਨ ਬਣ ਜਾਵੇ,ਫਿਰ ਕੁਝ ਸਮੇਂ ਬਾਅਦ ਦੁਆਰਾ ਹਿੰਦੂ ਬਣ ਜਾਵੇ।"

ਐਸੀਆਂ ਗਲੀਆਂ ਕਟੀਆਂ ਸੁਣ ਕੇ ਦੀਵਾਨ ਮੱਲ ਨਿਰਾਸ ਹੋ ਕੇ ਵਾਪਸ ਆ ਗਏ ਤੇ ਹੋਰ ਇੰਤਜ਼ਾਮ ਕਰਨ ਲਗੇ। ਪੰਜਾਬ ਦੀਆਂ ਉਸ ਸਮੇਂ ਦੀਆਂ ਉਂਘੀਆਂ ਹਸਤੀਆਂ ਦੀਵਾਨ ਸੂਰਤ ਸਿੰਘ,ਲਾਲਾ ਦਰਗਾਹੀ ਮੱਲ ਤੇ ਜਿੰਮੀਦਾਰ ਕਸੂਰ ਬੇਗ ਇੱਕ ਜੱਥੇ ਦੇ ਰੂਪ ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਕੋਲ ਗਏ ਤੇ ਬੇਨਤੀ ਕੀਤੀ ਕਿ ਇਹ ਗੱਭਰੂ ਬੇਕਸੂਰ ਹੈ ਤੇ ਇਸ ਨੂੰ ਛੱਡ ਦਿੱਤਾ ਜਾਏ ਪਰ ਉਸਦੇ ਪੱਥਰ ਦਿਲ ਤੇ ਕੋਈ ਅਸਰ ਨਾ ਹੋਇਆ।

ਹਕੀਕਤ ਰਾਏ ਸਿੰਘ 'ਤੇ ਕਚਿਹਰੀ ਵਿੱਚ ਮੁਕੱਦਮਾ ਚੱਲਿਆ। ਸਿਆਲਕੋਟ ਵਾਲੇ ਕਾਜ਼ੀ ਨੇ ਸਾਰਾ ਤਾਣਾ-ਬਾਣਾ ਪਹਿਲਾਂ ਹੀ ਬੁਣ ਰੱਖਿਆ ਸੀ। ਬਿਨਾਂ ਸਬੂਤ ਅਤੇ ਪੜਤਾਲ ਦੇ, ਮੌਲਵੀ ਦੀ ਮੁੱਢਲੀ ਰਿਪੋਰਟ ਨੂੰ ਠੀਕ ਮੰਨ ਕੇ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਹਕੀਕਤ ਰਾਏ ਸਿੰਘ ਨੇ ਬੜੇ ਠੰਡੇ ਦਿਲ ਨਾਲ ਮੌਤ ਦਾ ਹੁਕਮ ਸੁਣਿਆ। ਇਸ ਸਮੇਂ ਪਿਤਾ ਸ਼੍ਰੀ ਦੀਵਾਨ ਮੱਲ, ਮਾਤਾ ਯਮਨਾ ਦੇਵੀ ਤੇ ਹੋਰ ਬਹੁਤ ਸਾਰੇ ਲੋਕ ਖੜੇ ਦੇਖ ਰਹੇ ਸਨ। ਇਸੇ ਸਮੇ ਹਕੀਕਤ ਰਾਏ ਸਿੰਘ ਨੂੰ ਇਸਲਾਮ ਕਬੂਲ ਕਰਨ ਦੀ ਰਿਆਇਤ ਦਿੱਤੀ ਗਈ ਪਰ ਉਸਨੇ ਰਿਆਇਤ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਖਿੜੇ ਮੱਥੇ ਜੋਧਿਆਂ ਦੀ ਤਰਾਂ ਹੱਸੂ-ਹੱਸੂ ਕਰਦਿਆਂ ਮੌਤ ਨੂੰ ਸਵੀਕਾਰ ਕਰ ਲਿਆ। ਪੂਰੀ ਦਲੇਰੀ ਨਾਲ ਉਸਨੇ ਫੈਸਲਾ ਸੁਣਿਆ ਤੇ ਉੱਚੀ ਆਵਾਜ਼ ਵਿੱਚ ਮਾਂਪਿਆਂ ਤੇ ਲੋਕਾਂ ਨੂੰ ਸੰਦੇਸ਼ ਦਿੱਤਾ,"ਮੇਰੇ ਸ਼ਹੀਦ ਹੋਣ ਤੋਂ ਬਾਅਦ ਕੋਈ ਨਾ ਰੋਵੇ ਕਿਉਂਕਿ ਮੈਂ ਮਰ ਨਹੀ ਰਿਹਾ ਸਗੋਂ ਅਮਰ ਹੋ ਰਿਹਾ ਹਾਂ। ਜਿਹੜੇ ਸੱਚ ਤੇ ਨੇਕੀ ਵਾਸਤੇ ਆਪਣੀ ਕੁਰਬਾਨੀ ਦੇਂਦੇ ਹਨ,ਉਹ ਕਦੇ ਨਹੀ ਮਰਦੇ। ਮੇਰੇ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਤਿਲਕ ਜੰਞੂ ਦੀ ਰੱਖਿਆ ਵਾਸਤੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣੇ ਪਿਆਰੇ ਸਿੱਖਾਂ ਸਮੇਤ ਬਲੀਦਾਨ ਦਿੱਤਾ ਸੀ। ਮੈਂ ਵੀ ਆਪਣੇ ਗੁਰੂ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਰਿਹਾ ਹਾਂ।

ਨੋਟ- ਹਕੀਕਤ ਰਾਏ ਸਿੰਘ ਜੀ ਦੀ ਕੁਰਬਾਨੀ ਹੀ ਅੱਜ ਗੁਰੂ ਸਾਹਿਬਾਨਾਂ ਦਾ ਸਤਿਕਾਰ ਕਾਇਮ ਰੱਖੀ ਬੈਠੀ ਹੈ।ਜਦੋਂ ਵੀ ਕੋਈ ਜ਼ਕਰੀਆ,ਕਾਜ਼ੀ ਜਾਂ ਮੁਸਲਮਾਨ ਜਾਂ ਕੋਈ ਹਿੰਦੂ ਸਾਡੇ ਗੁਰੂ ਸਾਹਿਬਾਨਾਂ ਦੀ ਸ਼ਾਨ ਦੇ ਖਿਲਾਫ ਕੁਝ ਕਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕੋਈ ਨਾ ਕੋਈ ਹਕੀਕਤ ਰਾਏ ਸਿੰਘ ਵਰਗਾ ਵੀਰ ਅੱਗੇ ਆ ਜਾਂਦਾ ਹੈ।ਦੂਜੇ ਪਾਸੇ ਇਸ ਗੱਲ ਵਿੱਚ ਸੱਚਾਈ ਹੈ ਕਿ ਹਿੰਦੂਆਂ ਨੇ ਅਜੇ ਤੱਕ ਧਰਮ ਦੀ ਖਾਤਰ ਕੋਈ ਕੁਰਬਾਨੀ ਨਹੀਂ ਦਿੱਤੀ।ਸ਼ਾਇਦ ਇਹੀ ਕਾਰਣ ਹੈ ਕਿ ਅਜੋਕੇ ਸਮੇਂ ਵਿੱਚ ਹਰ ਰੋਜ਼ ਟੀ.ਵੀ. ਚੈਨਲਾਂ ਉੱਪਰ ਹਿੰਦੂ ਧਰਮ ਅਨੁਸਾਰ ਦੇਵੀ-ਦੇਵਤਿਆਂ ਨੂੰ ਨਾਟਕ ਰੂਪ ਵਿੱਚ ਦਿਖਾਇਆ ਜਾਂਦਾ ਹੈ ਤੇ ਕੁਝ ਮਸਕਰੇ ਕਰਨ ਵਾਲੇ ਹਿੰਦੂ ਵੀਰ ਆਪਣੇ ਹੀ ਦੇਵੀ-ਦੇਵਤਿਆਂ ਦੀਆਂ ਮਸਕਰੀਆਂ ਕਰਕੇ ਹਿੰਦੂਆਂ ਦੀਆਂ ਜੜ੍ਹਾਂ ਪੁੱਟੀ ਜਾ ਰਹੇ ਹਨ।ਸਾਨੂੰ ਮਾਣ ਹੈ ਭਾਈ ਹਕੀਕਤ ਰਾਏ ਸਿੰਘ 'ਤੇ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੇ ਚੱਲ ਕੇ ਅੱਜ ਵੀ ਆਪਣਾ ਜੀਵਨ ਰੋਸ਼ਨ ਕਰ ਰਹੇ ਹਨ।

ਭਾਈ ਹਕੀਕਤ ਰਾਏ ਸਿੰਘ ਦੀ ਸ਼ਹੀਦੀ

ਲਾਹੌਰ ਦੇ ਕਾਜ਼ੀ ਨੇ ਹੁਕਮ ਦਿੱਤਾ ਕਿ ਜਿੱਥੇ ਹੋਰ ਫੜੇ ਹੋਏ ਸਿੰਘਾਂ ਨੂੰ ਮਾਰਿਆ ਜਾ ਰਿਹਾ ਹੈ ਉੱਥੇ ਹੀ ਸਾਰੀ ਦੁਨੀਆਂ ਦੇ ਸਾਮ੍ਹਣੇ ਇਸ਼ ਨੂੰ ਵੀ ਸਜ਼ਾਏ ਮੌਤ ਦਿੱਤੀ ਜਾਵੇ।

ਲਾਹੌਰ ਦੇ ਨਖ਼ਾਸ ਚੌਂਕ ਵਿੱਚ ਥੋੜੀ ਦੂਰੀ 'ਤੇ ਪਕੜੇ ਸਿੰਘਾਂ ਨੂੰ ਸਾਰੀ ਦੁਨੀਆਂ ਦੇ ਸਾਮ੍ਹਣੇ ਸ਼ਹੀਦ ਕੀਤਾ ਜਾ ਰਿਹਾ ਸੀ।ਉਸੇ ਕਤਾਰ ਵਿੱਚ ਭਾਈ ਹਕੀਕਤ ਰਾਏ ਸਿੰਘ ਨੂੰ ਵੀ ਖੜਾ ਕਰ ਦਿੱਤਾ ਗਿਆ।ਇਹ ਇਸ ਲਈ ਕੀਤਾ ਜਾ ਰਿਹਾ ਸੀ ਕਿਉਂਕਿ ਕੋਈ ਹੋਰ ਮੁਗਲਾਂ ਦੇ ਖਿਲਾਫ ਆਵਾਜ਼ ਨਾ ਉਠਾ ਸਕੇ।ਇੱਕ-ਇੱਕ ਕਰਕੇ ਸਿੰਘਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ।ਜਦੋਂ ਭਾਈ ਹਕੀਕਤ ਰਾਏ ਸਿੰਘ ਦੀ ਵਾਰੀ ਆਈ ਤਾਂ ਪੁੱਛਿਆ ਗਿਆ,"ਮੌਤ ਜਾਂ ਇਸਲਾਮ,ਦੋਹਾਂ ਵਿੱਚੋਂ ਇੱਕ ਦੀ ਚੋਣ ਕਰ ਲੈ...।"

ਧਰਮੀ ਹਕੀਕਤ ਰਾਏ ਸਿੰਘ ਨੇ ਨਿਰਭੈ ਹੋ ਕੇ ਡੱਟ ਕੇ ਜਵਾਬ ਦਿੱਤਾ," ਮੌਤ।"

ਜਦੋਂ ਭਾਈ ਹਕੀਕਤ ਰਾਏ ਸਿੰਘ ਨੇ ਮੌਤ ਕਬੂਲ ਕਰ ਲਈ ਤਾਂ ਉੱਥੇ ਇਕ ਬਹੁਤ ਅਜੀਬ ਘਟਨਾ ਵਾਪਰੀ ਜਿਹੜੀ ਸਿੱਖ ਜਗਤ ਵਿੱਚ ਬਹੁਤ ਪ੍ਰਸਿੱਧ ਹੋਈ।ਹੋਇਆ ਇੰਝ ਕਿ ਜਦੋਂ ਭਾਈ ਹਕੀਕਤ ਰਾਏ ਸਿੰਘ ਨੂੰ ਮੌਤ ਦੀ ਸਜ਼ਾ ਦੇਣ ਲੱਗੇ ਤਾਂ ਉੱਥੇ ਖੜੀ ਉਸਦੀ ਮਾਤਾ ਯਮਨਾ ਦੇਵੀ ਨੇ ਆਖਿਆ,"ਇਹ ਗੱਭਰੂ ਮੇਰਾ ਲੜਕਾ ਹੈ ਤੇ ਮੈਂ ਇਸ ਦੀ ਮਾਂ ਹਾਂ,ਮੈਂ ਕਹਿ ਰਹੀ ਹਾਂ ਕਿ ਇਹ ਸਿੰਘ ਨਹੀਂ ਹੈ,ਇਸ ਨੂੰ ਨਾ ਮਾਰਿਆ ਜਾਵੇ।"

ਲਾਹੌਰ ਦੇ ਕਾਜ਼ੀ ਨੇ ਅੱਗੇ ਵੱਧ ਕੇ ਹੱਥ ਦਾ ਇਸ਼ਾਰਾ ਕੀਤਾ ਤੇ ਕਿਹਾ, "ਰੁੱਕ ਜਾਓ!..."

ਉਸਨੇ ਕੋਲ ਆ ਕੇ ਭਾਈ ਹਕੀਕਤ ਰਾਏ ਸਿੰਘ ਨੂੰ ਕਿਹਾ, "ਕਾਕਾ,ਤੇਰੀ ਮਾਂ ਕਹਿੰਦੀ ਹੈ, ਤੂੰ ਸਿੱਖ ਨਹੀਂ...! ਫਿਰ ਕਿੱਉ ਆਪਣੀ ਜਾਨ ਗਵਾ ਰਿਹਾ ਹੈਂ..?"

ਭਾਈ ਹਕੀਕਤ ਰਾਏ ਸਿੰਘ ਨੇ ਉੱਚੀ ਆਵਾਜ਼ ਵਿਚ ਜਵਾਬ ਦਿੱਤਾ, "ਜਿਹੜੀ ਮਾਂ ਕਹਿ ਰਹੀ ਹੈ ਕਿ ਮੈਂ ਸਿੱਖ ਨਹੀਂ,ਉਹ ਮੇਰੀ ਮਾਂ ਹੀ ਨਹੀਂ।" ਲਾਹੌਰ ਦਾ ਕਾਜ਼ੀ ਹੋਰ ਵੀ ਗੁੱਸੇ ਨਾਲ ਭਰ ਗਿਆ ਤੇ ਹੁਕਮ ਦਿੱਤਾ ਕਿ ਇਸ ਨੂੰ ਥੰਮ ਨਾਲ ਬੰਨ ਕੇ ਬੈਂਤਾਂ ਮਾਰ ਕੇ ਦੱਸਿਆ ਜਾਵੇ ਕਿ ਕਾਜ਼ੀ ਨਾਲ ਉੱਚੀ ਸੁਰ ਵਿੱਚ ਕਿਵੇਂ ਗੱਲ ਕੀਤੀ ਜਾਂਦੀ ਹੈ।

ਉਸੇ ਤਰਾਂ ਕੀਤਾ ਗਿਆ।ਭਾਈ ਹਕੀਕਤ ਰਾਏ ਸਿੰਘ ਨੂੰ ਥੰਮ ਨਾਲ ਬੰਨ ਕੇ ਬੈਂਤਾਂ ਨਾਲ ਮਾਰਿਆ ਗਿਆ ਤੇ ਉਸ ਸਮੇਂ ਤੱਕ ਕੁੱਟਦੇ ਰਹੇ ਜਦੋਂ ਤੱਕ ਉਹ ਲਹੂ-ਲੁਹਾਨ ਹੋ ਕੇ ਬੇਹੋਸ਼ ਨਾ ਹੋ ਗਿਆ ਹੋਵੇ। ਆਖ਼ਿਰ 11 ਫ਼ਰਵਰੀ, 1741 ਈ: ਨੂੰ ਬਸੰਤ ਪੰਚਵੀਂ ਵਾਲੇ ਦਿਨ ਭਾਈ ਹਕੀਕਤ ਰਾਏ ਸਿੰਘ ਦਾ ਸਿਰ ਧੜ ਨਾਲੋਂ ਵੱਖ ਕਰਕੇ ਸ਼ਹੀਦ ਕਰ ਦਿੱਤਾ ਗਿਆ।

ਭਾਈ ਹਕੀਕਤ ਰਾਏ ਸਿੰਘ ਦੀ ਸ਼ਹੀਦੀ ਤੋਂ ਬਾਅਦ

ਭਾਈ ਹਕੀਕਤ ਰਾਏ ਸਿੰਘ ਦੀ ਸ਼ਹੀਦੀ ਹੋ ਚੁੱਕੀ ਸੀ ਤੇ ਮ੍ਰਿਤਕ ਸਰੀਰ ਨੂੰ ਮਾਤਾ-ਪਿਤਾ ਦੇ ਹਵਾਲੇ ਕਰ ਦਿੱਤਾ ਗਿਆ ਸੀ। ਮ੍ਰਿਤਕ ਸਰੀਰ ਦਾ ਸ਼ਹਿਰ ਵਾਸੀਆਂ ਨੇ ਬਹੁਤ ਵੱਡਾ ਜਲੂਸ ਕੱਢਿਆ। ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਸਾਰੇ ਹਿੰਦੂ-ਮੁਸਲਮਾਨ ਅਰਥੀ ਦੇ ਨਾਲ ਜਲੂਸ ਵਿੱਚ ਸ਼ਾਮਲ ਹੋਏ। ਸ਼ਾਹ ਬਹਿਲੋਲਪੁਰ ਦੇ ਨੇੜੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪਿਤਾ ਸ੍ਰੀ ਦੀਵਾਨ ਮੱਲ ਤੇ ਮਾਤਾ ਜਮਨਾ ਦੇਵੀ ਤੇ ਸਾਰੇ ਲੋਕ ਵਾਪਸ ਸਿਆਲਕੋਟ ਪਹੁੰਚ ਗਏ। ਇਸ ਸ਼ਹੀਦੀ ਨੇ ਜਿੱਥੇ ਸਾਰੇ ਇਲਾਕੇ ਵਿੱਚ ਹਾਹਾਕਾਰ ਮਚਾ ਦਿੱਤੀ,ਉੱਥੇ ਸਿੱਖ ਜਗਤ ਵਿੱਚ ਵੀ ਸਿੰਘਾਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ। ਪਿਆਰ ਵਾਲਿਆਂ ਦੇ ਅੱਖਾਂ ਵਿੱਚੋਂ ਹੰਝੂ ਨਹੀ ਸਨ ਰੁਕ ਰਹੇ।

ਉੱਧਰ ਜਦੋਂ ਇਹ ਖਬਰ ਭਾਈ ਹਕੀਕਤ ਰਾਏ ਸਿੰਘ ਦੀ ਧਰਮ ਪਤਨੀ ਬੀਬੀ ਪ੍ਰੇਮ ਕੌਰ ਨੂੰ ਸੁਣਾਈ ਗਈ ਤਾਂ ਉਸਨੂੰ ਇੰਝ ਲੱਗਿਆ ਜਿਵੇਂ ਉਸਦੇ ਜੀਵਨ ਦੀ ਲੜੀ ਅਧੂਰੀ ਹੀ ਟੁੱਟ ਗਈ ਹੋਵੇ ਪਰ ਉਹ ਇਕ ਦਲੇਰ ਤੇ ਗੁਰੂ 'ਤੇ ਅਟੁੱਟ ਵਿਸ਼ਵਾਸ ਰੱਖਣ ਵਾਲੀ ਲੜਕੀ ਸੀ।*

ਬੀਬੀ ਪ੍ਰੇਮ ਕੌਰ ਦੇ ਪਿਤਾ ਸ੍ਰੀ ਕਿਸ਼ਨ ਸਿੰਘ ਵੀ ਖਬਰ ਸੁਣਦਿਆਂ ਸਾਰ ਸਿਆਲਕੋਟ ਪਹੁੰਚੇ ਤੇ ਆਪਣੀ ਬੱਚੀ ਨੂੰ ਮਿਲੇ। ਉਹਨਾਂ ਨੇ ਉਹਨਾਂ ਸਾਰੇ ਪਾਪੀਆਂ ਦੇ ਨਾਮ ਤੇ ਪਤੇ ਲੈ ਲਏ, ਜਿਨ੍ਹਾਂ ਨੇ ਭਾਈ ਹਕੀਕਤ ਰਾਏ ਸਿੰਘ ਨੂੰ ਸ਼ਹੀਦੀ ਤੱਕ

*ਇਹ ਬੱਚੀ ਪ੍ਰੇਮ ਕੌਰ ਨੇ ਸਾਰਾ ਜੀਵਨ ਬ੍ਰਹਮਚਾਰੀ ਹੋ ਕੇ ਬਤੀਤ ਕੀਤਾ ਭਾਵ ਹੋਰ ਵਿਵਾਹ ਨਹੀ ਕੀਤਾ। ਸਾਰੀ ਕੌਮ ਨੂੰ ਇਸ ਬੀਬੀ ਤੇ ਮਾਣ ਹੈ ਜਿਸਨੇ ਅਖੀਰਲੇ ਸਵਾਸ ਤੱਕ ਸ਼ਹੀਦ ਭਾਈ ਹਕੀਕਤ ਰਾਏ ਸਿੰਘ ਨੂੰ ਆਪਣਾ ਪਤੀ ਮੰਨਿਆ ਤੇ ਉਨ੍ਹਾਂ ਦਾ ਨਾਮ ਜਿਉਂਦਾ ਰੱਖਿਆ। ਸੇਵਾ ਅਤੇ ਸਿਮਰਨ ਕਰਕੇ ਜੀਵਨ ਗੁਜ਼ਾਰ ਦਿੱਤਾ। ਇਹ ਵੀ ਇੱਕ ਬਹੁਤ ਵੱਡੀ ਕੁਰਬਾਨੀ ਹੈ।

ਪਹੁੰਚਾਇਆ ਸੀ। ਉਹਨਾਂ ਨੇ ਸਾਰੇ ਨਾਮ ਤੇ ਪਤੇ ਲੈ ਕੇ ਜੰਗਲਾ ਵਿੱਚ ਵਸਦੇ ਸਿੰਘਾਂ ਨੂੰ ਪਹੁੰਚਾ ਦਿੱਤੇ। ਸਾਰੇ ਪੰਥ ਖਾਲਸੇ ਵਿੱਚ ਇਸ ਖਬਰ ਨਾਲ ਬਹੁਤ ਗੁੱਸਾ ਫੈਲ ਗਿਆ ਸੀ ਤੇ ਫੈਸਲਾ ਕੀਤਾ ਗਿਆ ਕਿ ਅਜਿਹਾ ਜ਼ਾਲਮ ਨੁਮਾਂ ਕਾਰਨਾਮਾ ਕਰਨ ਵਾਲੇ ਬਖ਼ਸ਼ਿਆ ਨਹੀ ਜਾਵੇਗਾ। ਉਹ ਉਸ ਸਮੇ ਇਲਾਕੇ ਦੇ ਜੱਥੇਦਾਰ ਸਨ--- ਜੱਥੇਦਾਰ ਧਰਮਜੋਧ ਸਿੰਘ ਤੇ ਭਾਈ ਜਵਰਦਸਤ ਸਿੰਘ। ਇਹਨਾਂ ਨੇ ਹੋਰ ਸਿੰਘਾਂ ਦਾ ਜੱਥਾ ਲੈ ਕੇ ਸਿਆਲਕੋਟ ਵੱਲ ਕੂਚ ਕਰ ਦਿੱਤਾ ਤੇ ਹਮਲਾ ਕਰਕੇ ਪਹਿਲਾਂ ਸਾਰੇ ਮੌਲਵੀਆਂ ਤੇ ਕਾਜ਼ੀਆਂ ਨੂੰ ਮਾਰਿਆ ਫਿਰ ਅਮੀਰ ਬੇਗ ਨੂੰ ਫੜ ਕੇ ਭੀੜ ਦੇ ਸਾਮ੍ਹਣੇ ਸ਼ਰੇਆਮ ਬਾਜ਼ਾਰ ਵਿੱਚ ਉਸਦਾ ਸਿਰ ਉਤਾਰਿਆ ਗਿਆ। ਇਨ੍ਹਾਂ ਤਿੰਨਾਂ ਦੇ ਸਿਰਾਂ ਨੂੰ ਉੱਚੇ ਦਰਵਾਜ਼ੇ ਵਿੱਚ ਟੰਗ ਕੇ ਲੋਕਾਂ ਨੂੰ ਦੱਸਿਆ ਗਿਆ ਕਿ ਜਿਹੜਾ ਵੀ ਕੋਈ ਸਿੰਘਾਂ ਨਾਲ ਮਾੜਾ ਕਰੇਗਾ ਉਸਨੂੰ ਮੁਆਫ਼ ਨਹੀ ਕੀਤਾ ਜਾਵੇਗਾ।"

ਭਾਈ ਤਾਰੂ ਸਿੰਘ ਦੀ ਮਾਤਾ ਨੇ ਇਹ ਸਾਰੀ ਸ਼ਹੀਦੀ ਆਪਣੇ ਪੁੱਤਰ ਤੇ ਧੀ ਗੁਰਜੋਈ ਕੌਰ ਨੂੰ ਸੁਣਾਈ। ਇਹ ਸ਼ਹੀਦੀ ਸੁਣ ਕੇ ਭਾਈ ਤਾਰੂ ਸਿੰਘ ਦੇ ਮਨ 'ਤੇ ਬਹੁਤ ਡੂੰਘਾ ਅਸਰ ਪਿਆ ਤੇ ਉਸ ਉੱਪਰ ਸਿੱਖੀ ਦਾ ਰੰਗ ਹੋਰ ਵੀ ਗੂੜ੍ਹਾ ਚੜ੍ਹ ਗਿਆ। ਉਸ ਸਮੇਂ ਭਾਈ ਤਾਰੂ ਸਿੰਘ ਦੀ ਉਮਰ ੨੨ ਸਾਲ ਦੀ ਸੀ।

ਪਾਠਕਾਂ ਦੀ ਜਾਣਕਾਰੀ ਲਈ ਕੁਝ ਧਿਆਨ ਦੇਣ ਯੋਗ ਗੱਲਾਂ

ਕਈ ਪਾਠਕਾਂ ਦੇ ਧਿਆਨ ਵਿੱਚ ਕੁਝ ਸਵਾਲ ਆਉਂਦੇ ਹਨ ਕਿ ਭਾਈ ਹਕੀਕਤ ਰਾਏ ਨੂੰ ਅਜੇ ਤੱਕ ਸਿੰਘ ਲਗਾ ਕੇ ਕਿਉਂ ਨਹੀ ਜਾਣਿਆ ਜਾਂਦਾ.....?

ਜਿੰਨੇ ਵੀ ਹਿੰਦੂ ਪਰਿਵਾਰਾਂ ਨੇ ਸਿੱਖੀ ਨਾਲ ਪਿਆਰ ਕਰਕੇ ਸਿੱਖ ਧਰਮ ਨੂੰ ਅਪਣਾਇਆ ਸੀ, ਚਾਹੇ ਉਹ ਗੁਰੂ ਕੇ ਮਹਿਲ ਕਿਉਂ ਨਾ ਹੋਣ,ਜਿਵੇਂ ਮਾਤਾ ਗੁਜਰ ਕੌਰ ਜੀ ਸਨ,ਪਰ ਉਹਨਾਂ ਨੂੰ ਅੱਜ ਤੱਕ ਵੀ ਮਾਤਾ ਗੁਜਰੀ ਜੀ ਹੀ ਆਖਿਆ ਜਾਂਦਾ ਹੈ। ਮਾਤਾ ਗੁਜਰ ਕੌਰ ਜੀ ਦੇ ਭਾਈ ਕ੍ਰਿਪਾਲ ਚੰਦ ਨੂੰ ਵੀ ਇਤਿਹਾਸਕਾਰ ਵਰਣਨ ਕਰਨ ਸਮੇਂ ਕ੍ਰਿਪਾਲ ਸਿੰਘ ਨਹੀਂ ਲਿਖਦੇ।

ਸਿੱਖ ਕੌਮ ਦੀ ਮਹਾਨ ਹਸਤੀ ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿੱਖ ਕੌਮ ਵਿੱਚ ਬਹੁਤ ਸਤਿਕਾਰ ਬਖ਼ਸ਼ਿਆ ਹੈ---'ਭਾਈ ਨੰਦ ਲਾਲ ਜੀ' ਨੂੰ ਵੀ ਸਿੱਖ ਧਰਮ ਵਿੱਚ ਭਾਈ ਨੰਦ ਸਿੰਘ ਨਹੀਂ ਲਿਖਿਆ ਜਾਂਦਾ। ਭਾਈ ਨੰਦ ਲਾਲ ਜੀ ਜਿਨ੍ਹਾਂ ਨੇ ਆਪਣੀ ਰਚਨਾ ਵਿੱਚ ਪੰਜ ਐਬਾਂ ਦੀ ਰੋਕਥਾਮ ਕਰਦਿਆਂ ਆਖਿਆ ਕਿ ਉਹੀ ਸਿੰਘ ਸਿਆਣਾ ਹੈ ਜਿਹੜਾ ਪੰਜ ਐਬਾਂ (ਵਿਕਾਰਾਂ) ਨੂੰ ਛੱਡੇਗਾ।

'ਪਿਆਰੇ ਪਾਠਕ ਜੀ, ਉਮੀਦ ਹੈ ਕਿ ਗੱਲ ਪਕੜ ਵਿੱਚ ਆ ਗਈ ਹੋਵੇਗੀ।'

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਸੰਨ ੧੭੦੮ ਤੋਂ ਲੈ ਕੇ ਸੰਨ ੧੯੦੦ ਤੱਕ ਦਾ ਸਮਾਂ ਸਿੰਘਾਂ-ਸਿੰਘਣੀਆਂ ਦੀਆਂ ਸ਼ਹੀਦੀਆਂ ਦਾ ਸਮਾਂ ਸੀ। ਉਸ ਸਮੇਂ ਕੋਈ ਵੀ ਸਿੰਘ ਆਪਣੀ ਅੰਮ੍ਰਿਤਧਾਰੀ ਬੱਚੀ ਨੂੰ ਜਾਂ ਬੱਚੇ ਨੂੰ ਬੇ-

ਅੰਮ੍ਰਿਤਧਾਰੀ ਨਾਲ ਨਹੀ ਵਿਆਹਿਆ ਕਰਦੇ ਸਨ। ਫਿਰ ਸ. ਕਿਸ਼ਨ ਸਿੰਘ ਕਿਵੇਂ ਆਪਣੀ ਬੱਚੀ ਨੂੰ ਹਿੰਦੂ ਨਾਲ ਵਿਆਹ ਦਿੰਦਾ..! ਉਸ ਸਮੇਂ ਦੇ ਸਿੰਘ ਕਰਨੀ ਤੇ ਕਹਿਣੀ ਦੇ ਪੂਰੇ ਸਨ। ਜੋ ਵੀ ਅੰਮ੍ਰਿਤ ਛਕਦਾ ਸੀ ਉਹ ਇੱਕਲਾ ਸਵਾ ਲੱਖ ਨਾਲ ਲੜਨ ਨੂੰ ਤਿਆਰ ਹੋ ਜਾਂਦਾ ਸੀ, ਨਾਲੇ ਉਸ ਸਮੇਂ ਉਚਾ ਜੀਵਨ ਸਹੀ ਕਿਰਦਾਰ ਵਾਲਾ ਹੀ ਅੰਮ੍ਰਿਤਧਾਰੀ ਲੜਕੀ ਲਈ ਅੰਮ੍ਰਿਤਧਾਰੀ ਲੜਕਾ ਹੀ ਲੱਭਿਆ ਜਾਂਦਾ ਸੀ।

ਅੱਜ ਬਹੁਤ ਸਾਰੇ ਅੰਮ੍ਰਿਤਧਾਰੀ ਪਰਿਵਾਰ ਵੀ ਆਪਣੇ ਬੱਚੇ-ਬੱਚੀਆਂ ਨੂੰ ਅੰਮ੍ਰਿਤ ਨਹੀਂ ਛਕਾਂਦੇ, ਕਾਰਣ ਇਹੀ ਹੁੰਦਾ ਹੈ ਕਿ ਜੇ ਅੰਮ੍ਰਿਤਧਾਰੀ ਵਰ ਜਾਂ ਵਹੁਟੀ ਨਾ ਮਿਲੀ ਤਾਂ ਕੀ ਕਰਾਂਗੇ। ਅੱਜ ਕਲ੍ਹ ਸਿੱਖਾਂ ਨੂੰ ਆਪਣੇ ਗੁਰੂ ਤੇ ਵਿਸ਼ਵਾਸ ਨਹੀਂ। ਜਿਸ ਨੂੰ ਆਪਣੇ ਗੁਰੂ ਤੇ ਵਿਸ਼ਵਾਸ ਨਹੀਂ ਉਹ ਸਿੱਖ ਹੀ ਨਹੀਂ। ਇਸ ਵਿਸ਼ੇ 'ਤੇ ਸਿੱਖ ਮਿਸ਼ਨਰੀ ਨੇ ਬਹੁਤ ਧਿਆਨ ਦਿੱਤਾ ਹੈ ਪਰ ਫਿਰ ਵੀ ਅਜੇ ਬਹੁਤ ਧਿਆਨ ਦੇਣ ਦੀ ਲੋੜ ਹੈ। ਵਰਣਨ ਕਰਨ ਵਾਲੇ ਸਿੰਘਾਂ ਨੂੰ ਬੇਨਤੀ ਹੈ ਕਿ ਭਾਈ ਨੰਦ ਲਾਲ ਨੂੰ ਭਾਈ ਨੰਦ ਸਿੰਘ ਕਰਕੇ ਬੋਲੋ,ਮਾਤਾ ਗੁਜਰੀ ਜੀ ਨੂੰ ਮਾਤਾ ਗੁਜਰ ਕੌਰ ਜਾਂ ਗੁਜਰੀ ਕੌਰ ਬੋਲੋ ਅਤੇ ਭਾਈ ਹਕੀਕਤ ਰਾਏ ਨੂੰ ਭਾਈ ਹਕੀਕਤ ਰਾਏ ਸਿੰਘ ਕਰਕੇ ਬੋਲੋ ਜੀ। ਸਿੱਖ ਪਰਿਵਾਰ ਆਪਣੇ ਨਾਮ ਤੋਂ ਬਾਅਦ ਸਿੰਘ ਜਾਂ ਕੌਰ ਹੀ ਲਗਾਉ। ਇਹੀ ਸਿੱਖੀ ਦੀ ਪਹਿਚਾਣ ਹੈ।

ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਦਾ ਆਚਰਣ

ਅੱਜ ੨੧ ਮਾਰਚ, ੧੭੪੨ ਨੂੰ ਭਾਈ ਤਾਰੂ ਸਿੰਘ ਜੀ ਦੀ ਉਮਰ ੨੨ ਸਾਲ ਤੋਂ ਉੱਪਰ ਹੋ ਚੁੱਕੀ ਸੀ। ਸਮਾਂ ਬਹੁਤ ਭਿਆਨਕ ਸੀ। ਉਸ ਸਮੇਂ ਲਾਹੌਰ ਦਾ ਗਵਰਨਰ ਜ਼ਕਰੀਆ ਖ਼ਾਨ ਸਿੰਘਾਂ ਦੇ ਸਿਰਾਂ ਦੇ ਮੁੱਲ ਪਾ ਰਿਹਾ ਸੀ। ਨਵਾਬ, ਜਰਨੈਲ ਤੇ ਫੌਜਦਾਰ ਬਹਾਦਰ ਸਿੰਘਾਂ ਦੇ ਸਿਰ ਲਿਆ ਕੇ ਇਨਾਮ ਖੱਟ ਰਹੇ ਸਨ। ਉੱਧਰ ਡਾਕੂ, ਲੁਟੇਰੇ ਤੇ ਧੜਵੀ ਮੁਗਲ ਪਠਾਣ ਤਾਂ ਆਮ ਹੀ ਸਿੱਖਾਂ ਤੇ ਹਮਲਾ ਕਰਕੇ ਉਨ੍ਹਾਂ ਦੇ ਵੀ ਸਿਰ ਵੇਚ ਦਿੰਦੇ ਸਨ। ਇੱਥੇ ਹੀ ਬੱਸ ਨਹੀਂ, ਸਿੱਖਾਂ ਦੀਆਂ ਲੜਕੀਆਂ ਤਾਂ ਇੱਕਲੀਆਂ ਕਿਸੇ ਪਾਸੇ ਜਾਂਦੀਆਂ ਹੀ ਨਹੀਂ ਸਨ। ਜੇ ਇਹਨਾਂ ਜ਼ਾਲਮਾਂ ਨੂੰ ਸਿੱਖ, ਹਿੰਦੂ ਇੱਥੋਂ ਤੱਕ ਕਿ ਮੁਸਲਮਾਨ ਲੜਕੀ ਕਿਤੇ ਇੱਕਲੀ-ਦੋਕਿੱਲੀ ਮਿਲ ਜਾਵੇ ਤਾਂ ਉਸ ਨੂੰ ਵੀ ਨਹੀਂ ਸੀ ਬਖ਼ਸ਼ਦੇ। ਉਸਦਾ ਸਿਰ ਵੱਡ ਕੇ ਜ਼ਕਰੀਏ ਕੋਲੋਂ ਇਹ ਕਹਿ ਕੇ ਇਨਾਮ ਲੈ ਲੈਂਦੇ ਸਨ ਕਿ ਗੱਭਰੂ ਸਿੰਘ ਹੈ ਤੇ ਇਸਦੀ ਦਾੜ੍ਹੀ ਅਜੇ ਨਹੀਂ ਆਈ।

ਇਨਾਂ ਭਿਆਨਕ ਸਮਾਂ ਸੀ ਕਿ ਹਰੇਕ ਨੇਕ ਇਨਸਾਨ ਦਾ ਜੀਵਨ ਮੁਸ਼ਕਿਲ ਹੋ ਗਿਆ ਸੀ ਪਰ ਫਿਰ ਵੀ ਗੁਰੂ ਪਿਆਰੇ ਸਿੱਖਾਂ ਨੇ ਲੋਕ ਭਲਾਈ ਕਾਰਜ ਆਰੰਭੇ ਹੋਏ ਸਨ। ਭਾਈ ਤਾਰੂ ਸਿੰਘ ਜੀ ਨੇ ਜਿੰਦਗੀ ਦਾ ਬਹੁਤਾ ਸਫਰ ਇੱਕ ਮਹਾਨ ਸ਼ਖਸੀਅਤ ਨਾਲ ਸਫਲ ਕੀਤਾ। ਉਹ ਸਨ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ। ਭਾਈ ਤਾਰੂ ਸਿੰਘ ਜੀ ਦੇ ਦਾਦਾ ਭਾਈ ਗੁਰਦਿਆਲ ਸਿੰਘ ਤੇ ਦਾਦੀ ਮਾਤਾ

ਜੀਵਨ ਕੌਰ ਪਹਿਲਾਂ ਹੀ ਗੁਰਪੁਰੀ ਜਾ ਚੁੱਕੇ ਸਨ ਤੇ ਪਿਤਾ ਭਾਈ ਦੀਦਾਰ ਸਿੰਘ ਵੀ ਉਸ ਸਮੇਂ ਸ਼ਹੀਦੀ ਪਾ ਗਏ ਜਦੋਂ ਭਾਈ ਤਾਰੂ ਸਿੰਘ ਜੀ ਕੇਵਲ ੧੨ ਸਾਲ ਦੇ ਸਨ। ਸੋ ਹਰੇਕ ਪਲ ਸਿਰ ਤੇ ਛਾਇਆ ਸੀ ਤਾਂ ਹੀ ਵਿੱਦਿਆ ਦੇ ਨਾਲ ਨਾਲ ਘਰ ਦਾ ਦੁੱਖ-ਸੁੱਖ ਵੀ ਭਾਈ ਸਾਹਿਬ ਨਾਲ ਸਾਂਝਾ ਕਰਦੇ ਸਨ।

ਭਾਈ ਰਣਜੋਧ ਸਿੰਘ ਜੀ ਇਨੇਂ ਮਹਾਨ ਵਿਅਕਤੀ ਸਨ ਕਿ ਹਿੰਦੂ-ਮੁਸਲਮਾਲ ਸਾਰੇ ਹੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਪਿੰਡ ਪੂਹਲੇ ਵਿੱਚ ਛੋਟੇ ਬੱਚਿਆਂ ਨਾਲ ਭਾਈ ਸਾਹਿਬ ਦਾ ਬਹੁਤ ਪਿਆਰ ਸੀ ਜਿਸ ਕਾਰਣ ਸ਼ਾਹੀ ਘਰਾਣੇ ਦੀਆਂ ਬੱਚੀਆਂ ਵੀ ਇਨ੍ਹਾਂ ਕੋਲ ਹੀ ਪੜ੍ਹਦੀਆਂ ਸਨ। ਜਿੱਥੇ ਸਿੱਖ ਆਪ ਜੀ ਨੂੰ ਬ੍ਰਹਮਗਿਆਨੀ ਕਰਕੇ ਸਤਿਕਾਰ ਕਰਦੇ ਸਨ ਉੱਥੇ ਹਿੰਦੂ ਵੀ ਆਪ ਜੀ ਨੂੰ ਭਗਵਾਨ ਕਰਕੇ ਹੀ ਸਤਿਕਾਰ ਕਰਦੇ ਸਨ ਕਿਉਂਕਿ ਆਪ ਜੀ ਦੀ ਬਿਰਤੀ 'ਨਾ ਕੋ ਬੈਰੀ ਨਾਹੀ ਬਿਗਾਨਾ' ਵਾਲ਼ੀ ਸੀ। ਨੇਕ ਮੁਸਲਮਾਨ ਤਾਂ ਖ਼ੁਦਾ ਦੇ ਘਰ ਦਾ ਫ਼ਰਿਸ਼ਤਾ ਮੰਨਦੇ ਸਨ ਤੇ ਹਜ਼ਰਤ ਰਣਜੋਧ ਸਿੰਘ ਕਹਿ ਕੇ ਪੁਕਾਰਦੇ ਸਨ ਕਿਉਂਕਿ ਆਪ ਜੀ ਮੁਸਲਮਾਨ ਬੱਚਿਆਂ ਨੂੰ ਕੁਰਾਨ ਵੀ ਪੜ੍ਹਾਂਉਦੇ ਸਨ।

ਭਾਈ ਰਣਜੋਧ ਸਿੰਘ ਜੀ ਨੂੰ ਅਰਬੀ,ਫ਼ਾਰਸੀ,ਉਰਦੂ ਤੇ ਗੁਰਮੁਖੀ ਭਾਸ਼ਾਵਾਂ ਦਾ ਪੂਰਾ ਗਿਆਨ ਸੀ ਤੇ ਸਾਰੇ ਧਰਮਾਂ ਦੀ ਸੋਝੀ ਵੀ ਸੀ। ਆਪ ਜੀ ਨੇ ਥੋੜਾ ਸਮਾਂ ਲਾਹੌਰ ਵਿਚ ਵੀ ਵਿੱਦਿਆ ਵੰਡੀ ਪਰ ਜਦੋਂ ਕੁਝ ਕਾਜ਼ੀ ਆਪ ਦੇ ਵਿਰੋਧੀ ਬਣ ਗਏ ਤਾਂ ਆਪ ਨੇ ਨੀਤੀ ਵਰਤੀ ਕਿ "ਮੂਰਖ ਆਦਮੀ ਵੈਰ ਵਿਰੋਧ ਕਰਦੇ,ਗੁਣੀ ਵਾਨ ਸਭਨਾ ਦੇ ਮੀਤ ਹੋਵਣ" ਫਿਰ ਆਪ ਨੇ ਪਿੰਡ ਪੂਹਲਾ ਹੀ ਪੱਕਾ ਠਿਕਾਣਾ ਬਣਾ ਲਿਆ। ਇਥੋਂ ਦੇ ਕਾਜ਼ੀ, ਮੌਲਵੀ ਤੇ ਉਹਨਾਂ ਦੇ ਬੱਚੇ ਵੀ ਆਪ ਤੋਂ ਵਿੱਦਿਆ ਹਾਸਲ ਕਰਦੇ ਸਨ।

ਭਾਈ ਰਣਜੋਧ ਸਿੰਘ ਜੀ ਬਹੁਤ ਸਾਦੇ ਤੇ ਸਾਫ-ਸੁਥਰੇ ਕੱਪੜੇ ਪਹਿਨਦੇ ਸਨ। ਸੀਸ ਦੀ ਦਸਤਾਰ ਵੀ ਇੰਨੇ ਵਧੀਆ ਢੰਗ ਨਾਲ ਸਜਾਂਉਦੇ ਸਨ ਕਿ ਘੋੜ ਸਵਾਰੀ ਕਰਦੇ ਜਾਂ ਆਰਾਮ ਕਰਦੇ ਕਦੇ ਵੀ ਢਿੱਲੀ ਨਹੀ ਸੀ ਹੁੰਦੀ। ਇਨ੍ਹਾਂ ਦੇ ਪਹਿਰਾਵੇ ਤੋਂ ਲਗਦਾ ਸੀ ਕਿ ਇਹ ਕੋਈ ਮਹਾਨ ਪੁਰਸ਼ ਹਨ।

ਭਾਈ ਰਣਜੋਧ ਸਿੰਘ ਜੀ ਨੇ ਰੋਜ਼ ਵਾਂਗ ਤੀਜੇ ਪਹਿਰ ਉੱਠ ਕੇ ਇਸ਼ਨਾਨ ਕੀਤਾ। ਨਵੇਂ ਬਸਤਰ ਪਾਏ। ਪੰਜ ਬਾਣੀਆਂ ਦਾ ਨਿੱਤਨੇਮ ਕੀਤਾ ਤੇ ਪਹੁ ਫੁਟਾਲੇ ਸਮੇਂ ਆਸਾ ਦੀ ਵਾਰ ਦਾ ਪਾਠ ਕਰਦੇ ਹੋਏ ਸੈਰ ਕਰਨ ਲਈ ਚਲੇ ਗਏ। ਪਿੰਡ ਪੂਹਲੇ ਤੋਂ ਲਹਿੰਦੇ ਵਾਲੇ ਪਾਸੇ ਸੂਆ (ਛੋਟੀ ਨਹਿਰ) ਵਗ ਰਿਹਾ ਸੀ। ਭਾਈ ਰਣਜੋਧ ਸਿੰਘ ਜੀ ਸੂਏ ਦੇ ਚਲਦੇ ਪਾਣੀ ਵੱਲ ਵੇਖ ਕੇ ਨਾਲ-ਨਾਲ ਤੁਰ ਪਏ। ਤੁਰਦਿਆਂ-ਤੁਰਦਿਆਂ ਪੂਹਲੇ ਪਿੰਡ ਦੀ ਜੂਹ ਪਾਰ ਕਰ ਗਏ ਤੇ ਅਗਲੇ ਪਿੰਡ ਦੀ ਜ਼ਮੀਨ ਤੇ ਆ ਪਹੁੰਚੇ। ਇੱਕ ਸੁੰਦਰ ਅਸਥਾਨ ਵੇਖ ਕੇ ਚੌਂਕੜਾ ਮਾਰ ਕੇ ਬੈਠ ਗਏ। ਚੁਫੇਰੇ ਦੀ ਹਰਿਆਲੀ ਨੇ ਗੁਰੂ ਨੂੰ ਯਾਦ ਕਰਨ ਲਈ ਟੁੰਬਿਆ ਤੇ ਉਸੇ ਸਮੇ ਨੇਤਰ ਬੰਦ ਕਰਕੇ ਹਰੀ ਦੀ ਯਾਦ ਵਿੱਚ ਲੀਨ ਹੋ ਗਏ। ਵਗਦੇ ਪਾਣੀ ਤੋਂ ਵੀ ਮਨ ਨੂੰ ਚੋਟ ਲੱਗੀ ਕਿ ਇਹ ਪਾਣੀ ਕਿੰਨੇ ਉਤਸ਼ਾਹ ਨਾਲ ਆਪਣੇ ਪਿਆਰੇ ਨੂੰ ਮਿਲਣ ਲਈ

ਜਾ ਰਿਹਾ ਹੈ। ਤੈਨੂੰ ਵੀ ਆਪਣੇ ਪਿਆਰੇ ਨੂੰ ਮਿਲਣ ਦੀ ਤਾਂਘ ਲੱਗੀ ਹੋਈ ਹੈ। ਮਨ ਵੈਰਾਗੀ ਹੋ ਗਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੁੱਖ ਤੋਂ ਗਾਉਣ ਲੱਗ ਪਏ, "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਅੱਖਾਂ ਵਿੱਚ ਨੀਰ ਵਗ ਰਿਹਾ ਸੀ ਤੇ ਸੱਚੇ ਹਰੀ ਨਾਲ ਜੁੜ ਗਏ। ਪਤਾ ਹੀ ਨਾ ਲੱਗਾ ਕਿ ਕਿੱਥੇ ਬੈਠੇ,ਕਿੰਨਾ ਸਮਾਂ ਬੀਤ ਗਿਆ।ਕਿਤੇ ਕੋਈ ਸਿਰ ਫਿਰਾ ਮੁਗਲ ਵਾਰ ਹੀ ਨਾ ਕਰ ਜਾਵੇ.... ਕਿਸੇ ਗੱਲ ਦੀ ਕੋਈ ਖ਼ਬਰ ਨਹੀ ਸੀ।

ਸਮਾਂ ਬਹੁਤ ਭਿਆਨਕ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣਿਆ ਬੈਠਾ ਸੀ। ਡਾਕੂ,ਲੁਟੇਰੇ, ਧਾੜਵੀ ਧਾਵਾ ਲਾ ਲਾ ਕੇ ਸਿੰਘਾਂ ਨੂੰ ਭਾਲ ਰਹੇ ਸਨ। ਉਸੇ ਸਮੇਂ ਇੱਕ ਮੁਗਲ ਪਠਾਨ 'ਨੁਸਾ ਖ਼ਾਂ' ਘੋੜੇ ਤੇ ਸਵਾਰ ਹੋ ਕੇ ਸਾਰੀ ਰਾਤ ਫਿਰਦਾ-ਫਿਰਦਾ ਆ ਨਿਕਲਿਆ, ਜਿਸ ਨੂੰ ਸਾਰੀ ਰਾਤ ਵਿੱਚ ਕੋਈ ਵੀ ਸਿੱਖ ਨਹੀ ਸੀ ਮਿਲਿਆ।

ਇਸ ਪਾਪੀ ਨੁਸਾ ਖ਼ਾਂ ਦੀ ਨਜ਼ਰ ਭਾਈ ਰਣਜੋਧ ਸਿੰਘ ਜੀ 'ਤੇ ਪਈ। ਵੇਖਦੇ ਸਾਰ ਹੀ ਮਨ ਵਿੱਚ ਲਾਲਚ ਜਾਗਿਆ ਤੇ ਸੋਚਿਆ ਕਿ ਸਿੰਘਾਂ ਦਾ ਕੋਈ ਵੱਡਾ ਜਰਨੈਲ ਹੋਵੇਗਾ। ਸਿਰ ਦੀ ਪਗੜੀ ਤੇ ਤਨ ਦੇ ਵਸਤਰ ਇਹੀ ਦੱਸਦੇ ਸਨ। ਇੱਕ ਵਾਰੀ ਤਾਂ ਮਨ ਡਰਿਆ ਕਿ ਕੀਤੇ ਇਹ ਸਿੰਘ ਮੈਨੂੰ ਮਾਰ ਹੀ ਨਾ ਦੇਵੇ ਤੇ ਫਿਰ ਖਿਆਲ ਆਇਆ ਕਿ ਇਹ ਕੋਈ ਕਲਾਮ ਪੜ੍ਹ ਰਿਹਾ ਹੈ ਤੇ ਜਦੋਂ ਸਿੰਘ ਕਲਾਮ ਪੜ੍ਹਦੇ ਹਨ ਤਾਂ ਇਹਨਾਂ ਦਾ ਮਨ ਬਹੁਤ ਜੁੜਿਆ ਹੁੰਦਾ ਹੈ ਤੇ ਇਹਨਾਂ ਦਾ ਧਿਆਨ ਬਿਖਰਦਾ ਨਹੀਂ ਹੈ। ਇਸ ਤਰਾਂ ਨੁਸਾ ਖ਼ਾਂ ਨੇ ਮੌਕੇ ਦਾ ਫਾਇਦਾ ਉਠਾਉਣਾ ਚਾਹਿਆ।ਉਸ ਨੇ ਅੱਗੇ ਹੋ ਕੇ ਵੇਖਣਾ ਵੀ ਠੀਕ ਨਾ ਸਮਝਿਆ ਕਿ ਇਹ ਸਿੰਘ ਕੌਣ ਹੈ..?

ਸ਼ਹੀਦੀ

ਇਸ ਤਰਾਂ ਇਸ ਪਾਪੀ ਨੁੱਸਾ ਖ਼ਾਂ ਨੇ ਪਿੱਛੋਂ ਦੀ ਹੋ ਕੇ ਭਾਈ ਰਣਜੋਧ ਸਿੰਘ ਜੀ ਦੀ ਗਰਦਨ ਤੇ ਤਲਵਾਰ ਨਾਲ ਜੋਰ ਦੀ ਵਾਰ ਕੀਤਾ ਤੇ ਪਹਿਲੇ ਹੀ ਵਾਰ ਨਾਲ ਭਾਈ ਰਣਜੋਧ ਸਿੰਘ ਜੀ ਦਾ ਸੀਸ ਧੜ ਨਾਲੋਂ ਵੱਖ ਹੋ ਕੇ ਧਰਤੀ ਤੇ ਡਿੱਗ ਗਿਆ ਤੇ ਭਾਈ ਰਣਜੋਧ ਸਿੰਘ ਜੀ ਉੱਥੇ ਹੀ ਸ਼ਹੀਦ ਹੋ ਗਏ ਤੇ ਅਕਾਲ ਪੁਰਖ ਨੂੰ ਯਾਦ ਕਰਦੇ ਹੋਏ ਗੁਰੂ ਚਰਨਾਂ ਵਿੱਚ ਅਭੇਦ ਹੋ ਗਏ। ਲਹੂ-ਲੁਹਾਨ ਧਰਤੀ ਤੋਂ ਪਾਪੀ ਨੁੱਸਾ ਖ਼ਾਂ ਨੇ ਭਾਈ ਰਣਜੋਧ ਸਿੰਘ ਜੀ ਦਾ ਸੀਸ ਚੁੱਕਿਆ ਤੇ ਘੋੜੇ ਤੇ ਸਵਾਰ ਹੋ ਲਾਹੌਰ ਨੂੰ ਚਲਾ ਗਿਆ। ਇਸ ਤਰਾਂ ਇਹ ਸ਼ਹੀਦੀ 21 ਮਾਰਚ, 1742 ਈ: ਨੂੰ ਹੋਈ।

ਉਧਰ ਪਿੰਡ ਪੂਹਲੇ ਦੇ ਲੋਕ ਜਿਨ੍ਹਾਂ ਨੇ ਭਾਈ ਸਾਹਿਬ ਨੂੰ ਫ਼ਜਲੇ ਦੀ ਨਮਾਜ਼ ਪੜ੍ਹਣ ਜਾਂਦਿਆਂ ਵੇਖਿਆ ਸੀ, ਉਡੀਕ ਰਹੇ ਸਨ ਕਿ ਹੁਣੇ ਹੀ ਆ ਜਾਣਗੇ, ਜਦੋਂ ਵਾਪਸ ਨਾ ਪਰਤੇ ਤਾਂ ਚਿੰਤਾ ਵੱਧ ਗਈ ਕਿਉਂਕਿ ਹਾਲਾਤ ਬਹੁਤ ਖਰਾਬ ਸਨ। ਕੁਝ ਸਮੇਂ ਬਾਅਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਕਿ ਵਿੱਦਿਆ ਬਾਪੂ ਕਿਤੇ ਚਲੇ ਗਏ ਹਨ ਤਾਂ ਭਾਈ ਤਾਰੂ ਸਿੰਘ ਨੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਭਾਲ ਸ਼ੁਰੂ ਕੀਤੀ।

ਵਿੱਦਿਆ ਬਾਪੂ ਦੇ ਵਿਦਿਆਰਥੀ ਦਿਲਾ ਖ਼ਾਂ ਤੇ ਆਲਮ ਖ਼ਾਂ ਨੇ ਵੀ ਹੋਰ ਲੋਕਾਂ ਨਾਲ ਭਾਲ ਸ਼ੁਰੂ ਕੀਤੀ। ਪੈਰਾਂ ਦੇ ਨਿਸ਼ਾਨਾਂ ਤੋਂ ਪਤਾ ਲੱਗਾ ਕਿ ਕਿਧਰ ਨੂੰ ਗਏ ਸਨ। ਸਾਰਾ ਪਿੰਡ ਪੈੜਾਂ ਵੇਖਦੇ-ਵੇਖਦੇ ਸੂਏ ਦੇ ਨਾਲ ਨਾਲ ਚਲ ਪਿਆ। ਜਦੋਂ ਅੱਗੇ ਜਾ ਕੇ ਵੇਖਿਆ ਕਿ ਵਿੱਦਿਆ ਬਾਪੂ ਜੀ ਦਾ ਸਰੀਰ ਲਹੂ ਵਿੱਚ ਲੱਥ-ਪੱਥ ਹੋ ਕੇ ਸੂਏ ਦੇ ਕੰਢੇ ਤੇ ਪਿਆ ਹੈ ਤਾਂ ਸਮਝਣ ਵਿੱਚ ਦੇਰ ਨਾ ਲੱਗੀ ਕਿ ਕੋਈ ਪਠਾਣ ਭਾਈ ਸਾਹਿਬ ਨੂੰ ਸ਼ਹੀਦ ਕਰ ਗਿਆ ਹੈ ਤੇ ਇਨਾਮ ਦੇ ਲਾਲਚ ਵੱਸ ਸੀਸ ਚੁੱਕ ਕੇ ਲੈ ਗਿਆ ਹੈ। ਭਾਈ ਤਾਰੂ ਸਿੰਘ ਤੇ ਹੋਰ ਪਿੰਡ ਵਾਲਿਆਂ ਨੇ ਭਾਈ ਸਾਹਿਬ ਦੇ ਸ਼ਰੀਰ ਨੂੰ ਸੰਭਾਲ ਕੇ ਪਿੰਡ ਲੈ ਆਂਦਾ। ਪਿੰਡ ਪੂਹਲੇ ਤੇ ਨੇੜੇ ਦੇ ਪਿੰਡਾਂ ਵਿੱਚ ਇਸ ਸ਼ਹੀਦੀ ਬਾਰੇ ਬਹੁਤ ਰੋਸ ਪੈਦਾ ਹੋਇਆ ਤੇ ਲੋਕ ਇੱਕਠੇ ਹੋਣੇ ਸ਼ੁਰੂ ਹੋ ਗਏ।

ਸੰਸਕਾਰ

ਸੰਸਕਾਰ ਦੇ ਸਮੇਂ ਭਾਈ ਤਾਰੂ ਸਿੰਘ ਜੀ ਨੂੰ ਭਾਈ ਰਣਜੋਧ ਸਿੰਘ ਦੀ ਰਸਨਾ ਤੋਂ ਆਏ ਬੋਲ ਯਾਦ ਆ ਰਹੇ ਸਨ ਕਿ ਇਹ ਬੁੱਢੜਾ ਸ਼ਰੀਰ ਪੰਥ ਦੇ ਲੇਖੇ ਲੱਗ ਜਾਣਾ ਹੈ ਤੇ ਆਪਣੀ ਸੇਵਾ ਵੀ ਤੇਰੇ ਹੱਥੋਂ ਕਰਵਾਉਣੀ ਹੈ। ਇਹ ਸਭ ਕੁਝ ਬਾਪੂ ਨੇ ਭਾਈ ਤਾਰੂ ਸਿੰਘ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਭਾਈ ਰਣਜੋਧ ਸਿੰਘ ਜੀ ਦੇ ਇਕ ਇਕ ਬੋਲ ਹੰਝੂ ਬਣ ਕੇ ਭਾਈ ਤਾਰੂ ਸਿੰਘ ਦੀਆਂ ਅੱਖਾਂ ਵਿੱਚੋਂ ਵਗ ਰਹੇ ਸਨ।

ਮਾਤਾ ਹਰਜੇਈ ਕੌਰ ਤੇ ਭੈਣ ਗੁਰਜੇਈ ਕੌਰ ਨੇ ਭਾਈ ਤਾਰੂ ਸਿੰਘ ਨੂੰ ਦਿਲਾਸਾ ਦਿੱਤਾ ਤੇ ਬਾਪੂ ਜੀ ਦਾ ਸੰਸਕਾਰ ਕਰਨ ਵਾਸਤੇ ਕਿਹਾ। ਭਾਈ ਤਾਰੂ ਸਿੰਘ ਤੇ ਪਿੰਡ ਦੇ ਲੋਕਾਂ ਨੇ ਗੁਰੂ ਦਾ ਭਾਣਾ ਮਿੱਠਾ ਮੰਨ ਕੇ ਪੂਰਨ ਗੁਰ ਮਰਿਯਾਦਾ ਨਾਲ ਭਾਈ ਰਣਜੋਧ ਸਿੰਘ ਜੀ ਦਾ ਦੇਹ ਸੰਸਕਾਰ ਕਰ ਦਿੱਤਾ। ਇਤਿਹਾਸਕਾਰਾਂ ਦੇ ਅਨੁਸਾਰ ਸੰਸਕਾਰ ਦੇ ਸਮੇਂ ਹਿੰਦੂ-ਮੁਸਲਮਾਨਾਂ ਦਾ ਇੱਕਠ ਤਕਰੀਬਨ ਦਸ ਹਜ਼ਾਰ ਦਾ ਸੀ।

ਨੁੱਸਾ ਖ਼ਾਂ ਦੀ ਮੌਤ

ਉੱਧਰ ਜ਼ਕਰੀਆ ਖਾਨ ਮਹਿਲਾਂ ਤੋਂ ਨਖਾਸ ਚੌਂਕ ਨੂੰ ਚੱਲ ਪਿਆ। ਉਸ ਸਮੇਂ ਉਸ ਨਾਲ ਫੌਜਾਂ ਅਤੇ ਵੱਡੇ-ਵੱਡੇ ਜਰਨੈਲ ਵੀ ਤੁਰ ਰਹੇ ਸਨ। ਤੇ ਨਾਲ ਜ਼ਕਰੀਆ ਖਾਨ ਦਾ ਚਚੇਰਾ ਭਰਾ ਅਬਦੁੱਲਾ ਰਹਿਮਾਨ ਵੀ ਪੂਰਨ ਸ਼ਸਤਰ-ਬਸਤਰ ਸਜਾ ਕੇ ਚੱਲ ਰਿਹਾ ਸੀ। ਉਸ ਸਮੇਂ ਸਿੱਖਾਂ ਦੇ ਵਿਰੋਧੀ ਮੁਖਬਰ (ਜਿਨ੍ਹਾਂ ਨੇ ਸਿੰਘਾਂ ਦੇ ਸਿਰਾਂ ਦੇ ਮੁੱਲ ਲੈ ਲੈ ਕੇ ਆਪਣੀਆਂ ਜੇਬਾਂ ਗਰਮ ਕੀਤੀਆਂ ਸਨ) ਵੀ ਖਾਨ ਦੇ ਪਿੱਛੇ-ਪਿੱਛੇ ਤੁਰ ਰਹੇ ਸਨ। ਆਖਿਰ ਉਹ ਸ਼ਹਿਰ ਦੇ ਵਿਚਾਲੇ ਨਖਾਸ ਚੌਂਕ ਵਿੱਚ ਜਾ ਪਹੁੰਚੇ, ਜਿੱਥੇ ਸਿੰਘਾਂ ਦੇ ਸਿਰਾਂ ਦੇ ਮੁੱਲ ਦਿੱਤੇ ਜਾਂਦੇ ਸਨ।

ਉੱਧਰ ਪਾਪੀ ਨੁੱਸਾ ਖ਼ਾਂ ਦੇ ਚਿਹਰੇ ਤੇ ਖੁਸ਼ੀ ਹੈ ਕਿ ਅੱਜ ਮੈਨੂੰ ਬਹੁਤ ਵੱਡਾ ਇਨਾਮ ਮਿਲੇਗਾ ਤੇ ਸਾਰਾ ਲਾਹੌਰ ਵੇਖੇਗਾ ਕਿ ਨੁੱਸਾ ਖ਼ਾਂ ਕਿੰਨਾਂ ਮਹਾਨ ਯੋਧਾ ਹੈ ਤੇ

ਉਸਦੀ ਸਾਰੇ ਪਾਸੇ ਜੈ ਜੈਕਾਰ ਹੋਵੇਗੀ।

*ਪਰ ਉੱਥੇ ਕੁੱਝ ਹੋਰ ਹੀ ਹੋਇਆ। ਨੱਸਾ ਖਾਂ ਤਾਂ ਨਵਾਬ ਜ਼ਕਰੀਆ ਖਾਂ ਦਾ ਧਿਆਨ ਆਪਣੇ ਵੱਲ ਲਿਆਉਣਾ ਚਾਹੁੰਦਾ ਸੀ। ਪਰ ਜਦੋਂ ਸਾਰਿਆਂ ਦੀ ਨਜ਼ਰ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਦੇ ਸਿਰ ਵੱਲ ਗਈ ਤਾਂ ਸਾਰੇ ਹੱਕੇ-ਬੱਕੇ ਰਹਿ ਗਏ ਅਤੇ ਪਛਾਣਨ ਲੱਗੇ ਕਿ ਇਹ ਕੌਣ ਸਿੰਘ ਹੈ। ਉਸ ਦੇ ਸੀਸ 'ਤੇ ਸਜੀ ਦਸਤਾਰ ਦੱਸ ਰਹੀ ਸੀ ਕਿ ਉਹ ਇੱਕ ਮਹਾਨ ਯੋਧਾ ਹੈ।

ਜ਼ਕਰੀਆ ਖਾਨ ਦੇ ਚਚੇਰੇ ਭਰਾ ਅਬਦੁੱਲਾ ਰਹਿਮਤ ਨੇ ਜਦੋਂ ਉਹਨਾਂ ਨੂੰ ਪਛਾਣਿਆਂ ਤਾਂ ਉਹ ਗੁੱਸੇ ਨਾਲ ਭਰ ਗਿਆ ਅਤੇ ਉਸ ਨੂੰ ਆਪਣੀ ਸੁੱਧ-ਬੁੱਧ ਨਹੀ ਰਹੀ। ਉਸਨੇ ਨਾ ਹੀ ਨਵਾਬ ਨੂੰ ਵੇਖਿਆ, ਨਾ ਹੀ ਫੌਜਾਂ ਨੂੰ, ਨਾ ਹੀ ਜਰਨੈਲਾ ਨੂੰ ਤੇ ਧੂਹ ਕੇ ਮਿਆਨੋ ਤਲਵਾਰ ਖਿੱਚੀ, ਇੰਨੀ ਜੋਰ ਦੀ ਨੱਸਾ ਖਾਂ ਦੀ ਧੌਣ ਤੇ ਮਾਰੀ ਕਿ ਉਸਦਾ ਖੂਨ ਨਾਲ ਲੱਥਪਥ ਸਿਰ ਕੱਦੂ ਵਾਂਗ ਰੁੜ੍ਹਦਾ-ਰੁੜ੍ਹਦਾ ਵੀਹ-ਪੱਚੀ ਫੁੱਟ ਤੇ ਖੜ੍ਹੇ ਜ਼ਕਰੀਆ ਖਾਨ ਦੇ ਪੈਰਾਂ ਵਿੱਚ ਜਾ ਵੱਜਿਆ। ਪਰ ਅਜੇ ਵੀ ਨੱਸਾ ਖਾਂ ਦਾ ਮੂੰਹ ਇਨਾਮ-ਇਨਾਮ ਕਹਿ ਕੇ ਹਿੱਲ ਰਿਹਾ ਸੀ।

ਉੱਧਰ ਜ਼ਕਰੀਆ ਖਾਨ ਡਿਗਦਾ-ਡਿਗਦਾ ਮਸਾਂ ਬਚਿਆ। ਕਚਿਹਰੀ ਵਿੱਚ ਸੰਨਾਟਾ ਛਾ ਗਿਆ। ਸਾਰੀ ਫੌਜ ਤੇ ਜਰਨੈਲ ਵੇਖ ਕੇ ਹੈਰਾਨ ਹੋ ਗਏ ਤੇ ਮੁਖਬਰਾਂ ਦੇ ਪਸੀਨੇ ਛੁੱਟਣ ਲੱਗੇ ਅਤੇ ਸ਼ਹਿਰ ਦੇ ਸਾਰੇ ਲੋਕ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ ਤੇ ਅਗੇ ਕੀ ਹੋਣ ਵਾਲਾ ਹੈ।ਪਤਾ ਨਹੀ ਹੁਣ ਕਿਸ ਦੀ ਵਾਰੀ ਹੈ ਮਰਨ ਦੀ। ਅਬਦੁੱਲਾ ਰਹਿਮਤ ਨੇ ਆਪਣੀ ਤਲਵਾਰ ਸੁੱਟ ਕੇ ਭੱਜ ਕੇ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਦਾ ਸੀਸ ਚੁੱਕਿਆ ਤੇ ਰੋ-ਰੋ ਕੇ ਮਾਫੀਆਂ ਮੰਗਣ ਲੱਗ ਪਿਆ ਕਿ ਹੇ ਬਾਪੂ ਸਾਨੂੰ ਮੁਆਫ ਕਰੀਂ, ਇਹ ਜ਼ਹਾਲਤ ਦੀ ਅੱਗ ਤੁਹਾਡੇ ਤੱਕ ਵੀ ਪਹੁੰਚ ਗਈ, ਉਹ ਕਹਿਰ, ਕਹਿਰ, ਕਹਿਰ ਕਰਕੇ ਰੋ ਰਿਹਾ ਸੀ।

ਜ਼ਕਰੀਆ ਖਾਨ ਗੁੱਸੇ ਵਿੱਚ ਉਚੀ ਆਵਾਜ਼ ਵਿੱਚ ਗਰਜਿਆ, 'ਅਬੱਦੁਲਾ ਰਹਿਮਤ, ਇਹ ਤੂੰ ਕੀ ਕੀਤਾ ਹੈ..! ਤੂੰ ਜਿਨਾਂ ਵੱਡਾ ਜਰਨੈਲ ਹੈਂ ਉਨੀਂ ਵੱਡੀ ਹੀ ਗਲਤੀ ਕੀਤੀ ਹੈ, ਸਾਰਾ ਸ਼ਹਿਰ ਤੈਨੂੰ ਵੇਖ ਰਿਹਾ ਹੈ, ਤੂੰ ਆਪਣੇ-ਆਪ ਨੂੰ ਸੰਭਾਲ, ਇੱਕ ਸਿੰਘ ਦੇ ਸਿਰ ਨੂੰ ਸਜਦਾ ਕਰੀ ਜਾ ਰਿਹਾ ਹੈਂ..!'

ਅਬਦੁੱਲਾ ਰਹਿਮਤ ਕਹਿਣ ਲੱਗਾ,"ਮੇਰੇ ਬਹਾਦਰ ਵੀਰ!ਤੁਸੀ ਨਹੀ ਜਾਣਦੇ ਕਿ ਤੁਹਾਡਾ ਨੱਸਾ ਕਿਸ ਦਾ ਸਿਰ ਲੈ ਕੇ ਆਇਆ ਹੈ।ਇਹ ਹਜ਼ਰਤ ਮੁਹੰਮਦ ਸਾਹਿਬ ਦੇ ਸਪੁੱਤਰ ਦਾ ਸਿਰ ਲੈ ਕੇ ਆਇਆ ਹੈ।ਇਸ ਨੇ ਖੁਦਾ ਦਾ ਕਹਿਰ ਕੀਤਾ ਹੈ।ਇਹ ਵਿੱਦਿਆ ਬਾਪੂ ਦਾ ਸੀਸ ਕੱਟ ਕੇ ਲਿਆਇਆ ਹੈ"।

ਕਚਿਹਰੀ ਵਿੱਚ ਬੈਠੇ ਲੋਕਾਂ ਨੇ ਜਦੋਂ ਵਿੱਦਿਆ ਬਾਪੂ ਦਾ ਨਾਮ ਸੁਣਿਆ ਤਾਂ ਮੌਲਵੀ,ਕਾਜ਼ੀ ਤੇ ਹੋਰ ਲੋਕ ਜੋ ਬਾਪੂ ਜੀ ਦੇ ਵਿਦਿਆਰਥੀ ਰਹੇ ਸਨ,ਸਾਰਿਆਂ ਦੇ ਸਿਰ ਸ਼ਰਮ ਨਾਲ ਨੀਵੇਂ ਹੋ ਗਏ।ਅੱਖਾਂ ਵਿੱਚ ਹੰਝੂ ਭਰ ਖੁਦਾਬੰਦ ਕਰੀਮ ਤੋਂ

*ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ॥ ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥
ਸਲੋਕ ਮਹੱਲਾ ੯ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਮਾਫੀਆਂ ਮੰਗਣ ਲੱਗ ਪਏ। ਪੂਰੇ ਲਾਹੌਰ ਅੰਦਰ ਸੋਗ ਦੀ ਲਹਿਰ ਦੌੜ ਗਈ। ਅਬਦੁੱਲਾ ਰਹਿਮਤ ਨੇ ਵਿੱਦਿਆ ਬਾਪੂ ਜੀ ਸੀਸ ਚੁਕਿਆ ਤੇ ਆਪਣੇ ਸਿਰ ਤੇ ਰੱਖ ਕੇ ਤੁਰ ਪਿਆ ਤੇ ਉਸਦੇ ਪਿਛੇ ਬਾਪੂ ਜੀ ਦੇ ਵਿਦਿਆਰਥੀ ਤੇ ਹੋਰ ਚਾਹੁਣ ਵਾਲੇ ਵੀ ਤੁਰ ਪਏ।

ਉੱਧਰ ਜ਼ਕਰੀਆ ਖਾਨ ਵੀ ਆਪਣੇ ਮਹਿਲਾਂ ਨੂੰ ਵਾਪਸ ਚਲਾ ਗਿਆ। ਉਸਨੇ ਆਪਣੇ ਜਰਨੈਲਾਂ ਨੂੰ ਸੱਦਿਆ ਤੇ ਇਹ ਕੰਮ ਥੋੜੀ ਦੇਰ ਵਾਸਤੇ ਰੋਕਣ ਵਾਸਤੇ ਕਿਹਾ ਗਿਆ ਕਿਉਂਕਿ ਉਸਨੂੰ ਡਰ ਸੀ ਕਿ ਕਿਤੇ ਸਾਰੇ ਮੁਸਲਮਾਨ ਵੀ ਉਸਦੇ ਖਿਲਾਫ ਨਾ ਹੋ ਜਾਣ। ਉਸਨੇ ਸੋਚਿਆ ਕਿ ਜਦੋਂ ਇਹ ਮਾਮਲਾ ਠੰਡਾ ਪੈ ਜਾਵੇਗਾ, ਉਦੋਂ ਫਿਰ ਤੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪਾਉਣਾ ਸ਼ੁਰੂ ਕਰ ਦੇਵੇਗਾ। ਇਸ ਤਰਾਂ ਇਹ ਕਹਿਰ ਕੁਝ ਦੇਰ ਲਈ ਰੁਕ ਗਿਆ।

ਉੱਧਰ ਅਬਦੁੱਲਾ ਰਹਿਮਤ* ਬਾਪੂ ਦੇ ਸੀਸ ਦਾ ਸੰਸਕਾਰ ਪੂਰੀ ਜਿੰਮੇਵਾਰੀ ਤੇ ਗੁਰੂ ਮਰਿਯਾਦਾ ਨਾਲ ਕਰਵਾਉਣਾ ਚਾਹੁੰਦਾ ਸੀ ਪਰ ਜ਼ਕਰੀਏ ਨੂੰ ਇਹ ਸਭ ਕੁਝ ਚੰਗਾ ਨਹੀ ਲੱਗਦਾ ਸੀ। ਪਰ ਫਿਰ ਵੀ ਅਬੱਦੁਲੇ ਨੇ ਇਸੇ ਤਰਾਂ ਹੀ ਕੀਤਾ। ਉਸ ਸਮੇ ਗੁਰੂ ਕੇ ਸਿੱਖਾਂ ਨੇ ਲਾਹੌਰ ਵਿੱਚ ਗੁਰੂ ਘਰ ਬਣਾਏ ਹੋਏ ਸਨ,ਜਿੱਥੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹੀਦੀ ਹੋਈ ਸੀ ਉੱਥੇ ਗੁਰਦੁਆਰਾ ਡੇਰਾ ਸਾਹਿਬ ਬਣਾਇਆ ਹੋਇਆ ਸੀ ਤੇ ਦੂਜਾ ਗੁਰਦੁਆਰਾ ਗੁਰੂ ਰਾਮਦਾਸ ਜੀ ਮਹਾਰਾਜ ਦਾ ਚੂਨਾ ਮੰਡੀ,ਲੰਡਾ ਬਜ਼ਾਰ ਵਿੱਚ ਬਣਿਆ ਹੋਇਆ ਸੀ। ਮੁਗਲ ਹਕੂਮਤ ਆਪਣੀ ਮਰਜੀ ਨਾਲ ਹੀ ਇਹਨਾ ਗੁਰਦੁਆਰਿਆਂ ਦੀ ਸੇਵਾ ਉਹਨਾ ਸਿਖੌਂ ਨੂੰ ਕਰਨ ਦਿੰਦੀ ਸੀ ਜਿਹੜੇ ਉਨਾਂ ਦੇ ਹੁਕਮ ਵਿੱਚ ਚਲਦੇ ਸਨ। ਅਬਦੁੱਲਾ ਰਹਿਮਤ ਨੇ ਆਪਣੇ ਮਹਿਲਾਂ ਵਿੱਚ ਗੁਰਦੁਆਰਾ ਡੇਰਾ ਸਾਹਿਬ ਤੋਂ ਗ੍ਰੰਥੀ ਸਿੰਘ ਬੁਲਾ ਕੇ ਬਾਪੂ ਦੇ ਸੀਸ ਦਾ ਇਸ਼ਨਾਨ ਕਰਵਾਇਆ ਤੇ ਪੂਰੀ ਗੁਰ ਮਰਿਯਾਦਾ ਨਾਲ ਸੀਸ ਦਾ ਸੰਸਕਾਰ ਕੀਤਾ ਗਿਆ। ਭਾਈ ਤਾਰੂ ਸਿੰਘ ਨੇ ਭਾਈ ਰਣਜੋਧ ਸਿੰਘ ਜੀ ਦੇ ਸਰੀਰ ਦਾ ਸੰਸਕਾਰ ਕਰਕੇ ਘਰ ਵਿੱਚ ਗੁਰ ਮਰਿਯਾਦਾ ਨਾਲ ਭੋਗ ਪਾਏ। ਉਧਰ ਦਿਲਾ ਖ਼ਾਂ ਤੇ ਆਲਮ ਖ਼ਾਂ ਨੇ ਭਾਈ ਤਾਰੂ ਸਿੰਘ ਨੂੰ ਖਬਰ ਦਿੱਤੀ ਕਿ ਜ਼ਕਰੀਏ ਨੇ ਮੁਸਲਮਾਨਾਂ ਦੇ ਵੱਡੇ ਇੱਕਠ ਤੋਂ ਡਰ ਕੇ ਕਨੂੰਨ ਵਿੱਚ ਤਬਦੀਲੀ ਕੀਤੀ ਹੈ ਕਿ ਕੇਵਲ ਬਾਗੀ ਸਿੰਘਾਂ ਦੇ ਸਿਰਾਂ ਦੇ ਮੁੱਲ ਹੀ ਦਿੱਤੇ ਜਾਣਗੇ। ਜੇ ਕੋਈ ਮੁਸਲਮਾਨ ਆਮ ਸਿੱਖ ਜਾਂ ਚੰਗੇ ਸਿੱਖਾਂ ਦੇ ਸਿਰ ਲੈ ਕੇ ਆਇਆ ਤਾਂ ਉਹ ਮੌਤ ਦੀ ਸਜ਼ਾ ਦਾ ਹੱਕਦਾਰ ਹੋਵੇਗਾ। ਇਸ ਨਾਲ ਬਹੁਤ ਸਮਾਂ ਸ਼ਾਂਤੀ ਬਣੀ ਰਹੀ ਅਤੇ ਉਹ ਭਾਈ ਤਾਰੂ ਸਿੰਘ ਜੀ ੨੧ ਮਾਰਚ ੧੭੪੨ ਦਾ ਦਿਨ ਸ਼ਹੀਦੀ ਦੀ ਯਾਦਗਾਰ ਦੇ ਤੌਰ ਤੇ ਮਨਾਂਉਦੇ ਰਹੇ।

* ਅਬਦੁੱਲਾ ਰਹਿਮਤ ਨੇ ਆਪਣੀ ਬਾਕੀ ਦੀ ਜਿੰਦਗੀ ਭਾਈ ਰਣਜੋਧ ਸਿੰਘ ਜੀ ਦੇ ਅਸੂਲਾਂ ਮੁਤਾਬਿਕ ਬਤੀਤ ਕੀਤੀ। ਉਸਨੇ ਅਪਣੇ ਚਚੇਰੇ ਭਰਾ ਜ਼ਕਰੀਆ ਖਾਨ ਦੀ ਨੌਕਰੀ ਵੀ ਛੱਡ ਦਿੱਤੀ। ਇੱਕ ਥਾਂ ਤੇ ਜ਼ਿਕਰ ਹੈ ਕਿ ਉਹ ਅੰਮ੍ਰਿਤ ਛਕ ਕੇ ਸਿੰਘ ਬਣ ਗਿਆ ਸੀ।

ਪਾਠਕਾਂ ਦੀ ਜਾਣਕਾਰੀ ਲਈ

ਕੁਝ ਇਤਿਹਾਸਕਾਰ ਭਾਈ ਰਣਜੋਧ ਸਿੰਘ ਜੀ ਨੂੰ ਭਾਈ ਨੰਦ ਲਾਲ ਸਿੰਘ ਜੀ ਦੇ ਸਪੁੱਤਰ ਵੀ ਲਿਖਦੇ ਹਨ। ਭਾਈ ਨੰਦ ਲਾਲ ਸਿੰਘ ਜੀ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਪਣੀਆਂ ਲਿਖਤਾਂ ਨਾਲ ਬਹੁਤ ਸੇਵਾ ਕੀਤੀ। ਇਸ ਦੀ ਕੋਈ ਠੋਸ ਵਿਚਾਰ ਨਹੀ ਮਿਲ ਸਕੀ। ਹੋ ਸਕਦਾ ਹੈ ਕਿ ਭਾਈ ਰਣਜੋਧ ਸਿੰਘ ਜੀ ਨੇ ਭਾਈ ਨੰਦ ਲਾਲ ਸਿੰਘ ਜੀ ਕੋਲੋਂ ਵਿੱਦਿਆ ਪੜ੍ਹੀ ਹੋਵੇ,ਕਿਉਂਕਿ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਭਾਈ ਨੰਦ ਲਾਲ ਸਿੰਘ ਨੂੰ ਹੁਕਮ ਦਿੱਤਾ ਸੀ ਕਿ ਤੁਸੀਂ ਗੁਰੂ ਕੇ ਸਿੱਖਾਂ ਨੂੰ ਵਿੱਦਿਆ ਦੀ ਦਾਤ ਦੇਵੋ।ਅਰਬੀ, ਫ਼ਾਰਸੀ, ਉਰਦੂ ਤੇ ਗੁਰਮੁੱਖੀ ਇਹਨਾਂ ਸਾਰੀਆਂ ਭਾਸ਼ਾਵਾਂ ਦਾ ਗਿਆਨ ਦੇਵੋ। ਇਸ ਤਰਾਂ ਭਾਈ ਨੰਦ ਲਾਲ ਸਿੰਘ ਜੀ ਨੇ ਬਹੁਤ ਸਾਰੇ ਗੁਰਸਿੱਖਾਂ ਨੂੰ ਵਿੱਦਿਆ ਦੀ ਦਾਤ ਬਖਸ਼ੀ। ਆਪਣੇ ਵਰਗੇ ਕਈ ਵਿਦਵਾਨ ਬਣਾਏ ਤੇ ਉਹਨਾਂ ਵਿਦਵਾਨਾਂ ਵਿੱਚੋਂ ਇਕ ਸਨ 'ਭਾਈ ਰਣਜੋਧ ਸਿੰਘ ਜੀ', ਜਿਨ੍ਹਾਂ ਨੇ ਭਾਈ ਨੰਦ ਲਾਲ ਸਿੰਘ ਦੇ ਹੁਕਮ ਨੂੰ ਮੰਨਦੇ ਹੋਏ ਇਹੀ ਵਿੱਦਿਆ ਸਾਰਿਆਂ ਨੂੰ ਦੇਣ ਦਾ ਪ੍ਰਣ ਕੀਤਾ। ਭਾਈ ਰਣਜੋਧ ਸਿੰਘ ਜੀ ਨੂੰ ਅੱਗੇ ਚਲ ਕੇ 'ਵਿੱਦਿਆ-ਬਾਪੂ' ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ।

ਭਾਈ ਨੰਦ ਲਾਲ ਸਿੰਘ ਜੀ ਬਾਰੇ ਸੰਖੇਪ ਜਾਣਕਾਰੀ

ਜਦੋਂ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਭਾਈ ਨੰਦ ਲਾਲ ਜੀ ਨੇ ਗੁਰੂ ਪਾਤਸ਼ਾਹ ਨੂੰ ਬੇਨਤੀ ਕੀਤੀ ਕਿ ਜਿਥੇ ਮੈਨੂੰ ਆਪ ਜੀ ਨੇ ਨੰਦ ਲਾਲ ਤੋਂ ਨੰਦ ਲਾਲ ਸਿੰਘ ਬਣਾਇਆ ਹੈ ਉਥੇ ਮੈਨੂੰ ਜੰਗੀ ਸ਼ਸਤਰ ਵੀ ਬਖ਼ਸ਼ੋ। ਸਾਢੇ ਤਿੰਨ ਫੁੱਟ ਦੀ ਸ੍ਰੀ ਸਾਹਿਬ (ਕ੍ਰਿਪਾਨ) ਬਖ਼ਸ਼ੋ, ਸਾਢੇ ਪੰਜ ਫੁੱਟ ਦਾ ਨੇਜ਼ਾ, ਸਵਾ ਦੋ ਫੁੱਟ ਦੀ ਢਾਲ ਬਖ਼ਸ਼ੋ ਅਤੇ ਤੇਜ਼ ਦੌੜਨ ਵਾਲਾ ਜੰਗੀ ਘੋੜਾ ਬਖ਼ਸ਼ੋ। ਮੈਨੂੰ ਵੀ ਜੰਗ ਦਾ ਰਸਤਾ ਦੱਸੋ ਤਾਂ ਕਿ ਮੈਂ ਵੀ ਜੰਗ ਵਿੱਚ ਜਾ ਕੇ ਸ਼ਹੀਦੀ ਪ੍ਰਾਪਤ ਕਰਕੇ ਅਮਰ ਹੋ ਜਾਵਾਂ।

ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਭਾਈ ਨੰਦ ਲਾਲ ਸਿੰਘ ਜੀ, ਤੁਹਾਡੇ ਵਾਸਤੇ ਜੋ ਸਿੱਖੀ ਦੇ ਛੋਟੇ ਕਕਾਰ ਦਿੱਤੇ ਹਨ, ਤੁਸੀ ਇਨ੍ਹਾਂ ਨੂੰ ਪਹਿਨ ਕੇ ਹੀ ਸਿੱਖੀ ਕਮਾਉਣੀ ਹੈ। ਤੁਹਾਡੇ ਵਾਸਤੇ ਨੌਂ ਇੰਚ ਦੀ ਸ੍ਰੀ ਸਾਹਿਬ ਖ਼ਾਸ ਤੌਰ ਤੇ ਬਣਾਈ ਹੈ ਤੇ ਕੜਾ ਅਸੀਂ ਆਪਣੇ ਹੱਥ 'ਚੋਂ ਉਤਾਰ ਆਪ ਜੀ ਨੂੰ ਪਹਿਨਾਇਆ ਹੈ। ਜਿਵੇਂ ਸਿੰਘਾਂ ਦੀ ਕ੍ਰਿਪਾਨ ਹੰਕਾਰੀਆਂ ਦੇ ਸਿਰ ਕੱਟੇਗੀ, ਉਸੇ ਤਰ੍ਹਾਂ ਤੁਹਾਡੀ ਕਲਮ ਹਉਮੈ ਦੂਰ ਕਰਕੇ ਗੁਰੂ ਨਾਲ ਮਿਲਾਏਗੀ। ਸਤਿਗੁਰੂ ਜੀ ਨੇ ਭਾਈ ਨੰਦ ਲਾਲ ਸਿੰਘ ਜੀ ਨੂੰ ਜ਼ਾਤ-ਪਾਤ, ਉਚ-ਨੀਚ ਦੇ ਵਿਤਕਰਿਆਂ ਨੂੰ ਦੂਰ ਕਰਨ ਦਾ ਮਾਰਗ ਬਖ਼ਸ਼ਿਸ਼ ਕੀਤਾ ਅਤੇ ਇਹ ਸਾਰਾ ਕੁਝ ਗੁਰੂ ਜੀ ਨੇ ਇੱਕ ਸਿੰਘ ਦੇ ਸ਼ਸਤਰਾਂ ਦੇ ਬਰਾਬਰ ਹੀ ਵਰਨਣ ਕੀਤਾ ਸੀ ਜਿਵੇਂ :-

੧. ਸਾਢੇ ਤਿੰਨ ਫੁੱਟ ਦੀ ਕਿਰਪਾਨ ਨਹੀਂ--ਸਾਢੇ ਤਿੰਨ ਇੰਚ ਦੀ ਦਵਾਤ ਸਿਆਹੀ ਵਾਸਤੇ।

੨. ਸਾਢੇ ਪੰਜ ਫੁੱਟ ਦਾ ਨੇਜ਼ਾ ਨਹੀਂ-----ਸਾਢੇ ਪੰਜ ਇੰਚ ਦੀ ਕਲਮ ਬਾਣੀ ਲਿਖਣ ਵਾਸਤੇ।

੩. ਸਵਾ ਦੋ ਫੁੱਟ ਦੀ ਢਾਲ ਨਹੀਂ----------ਸਵਾ ਦੋ ਫੁੱਟ ਦੀ ਫੱਟੀ (ਰੇਲ) ਪੋਥੀ ਰੱਖਣ ਵਾਸਤੇ।

੪. ਤੇਜ ਘੋੜਾ ਨਹੀਂ--------------------ਸੁਮੱਤ (ਅਕਲ) ਦਾ ਘੋੜਾ, ਜਿਸ ਨਾਲ ਗੁਰਮੱਤ ਤੇ ਦੁਰਮੱਤ ਨੂੰ ਸਮਝ ਸਕੇਂ।

੫. ਜੰਗ ਦਾ ਰਸਤਾ ਨਹੀਂ------------ਪ੍ਰੇਮ ਦਾ ਮਾਰਗ, ਸਾਂਝੀਵਾਲਤਾ ਦਾ ਮਾਰਗ, ਊਚ ਨੀਚ ਦੇ ਵਿਤਕਰਿਆਂ ਨੂੰ ਦੂਰ ਕਰਨ ਦਾ ਮਾਰਗ।

ਰਹੀਮ ਬਖ਼ਸ਼ ਦੀ ਬੇਟੀ ਨੂੰ ਛਡਵਾਉਣਾ

ਭਾਈ ਤਾਰੂ ਸਿੰਘ ਜੀ ਉਮਰ ੨੩ ਸਾਲ ਹੋ ਚੁੱਕੀ ਸੀ ਭਾਵ ਇਹ ਸੰਨ ੧੭੪੩ ਚੱਲ ਰਿਹਾ ਸੀ। ਇਹ ਸਾਲ ਬਹੁਤ ਹੀ ਸ਼ਹੀਦੀਆਂ ਤੇ ਕੁਰਬਾਨੀਆਂ ਦਾ ਸਾਲ ਬਣਿਆ ਕਿਉਂਕਿ ਇਸ ਸਾਲ ਜ਼ਕਰੀਆ ਖਾਨ ਦੇ ਨਿਯਤ ਕੀਤੇ ਹਾਕਮਾਂ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਪੂਰੀ ਤਾਕਤ ਨਾਲ ਹੱਲਾ ਬੋਲਿਆ ਸੀ। ਜਿੱਥੇ ਕਿਧਰੇ ਵੀ ਕੋਈ ਸਿੱਖ ਹੋਣ ਦਾ ਸ਼ੱਕ ਪਿਆ ਉੱਥੇ ਹੀ ਪੂਰੀ ਫੌਜ਼ ਨਾਲ ਚੜ੍ਹਾਈ ਕਰਵਾ ਦਿੱਤੀ। ਜਨਾਨੀਆਂ, ਬੱਚਿਆਂ ਤੇ ਬੁੱਢਿਆਂ ਨੂੰ ਫੜ ਕੇ ਬਹੁਤ ਤਸੀਹੇ ਦਿੱਤੇ ਗਏ। ਇਸ ਭਵਜਲ ਮਈ ਸਮੇਂ ਵਿੱਚ ਸਿੰਘ ਜੰਗਲਾਂ ਵਿੱਚ ਹੀ ਸਮਾਂ ਲੰਘਾਂਦੇ ਸਨ। ਇਹਨਾਂ ਦੀ ਮਦਦ ਪਿੰਡਾਂ ਵਿੱਚ ਰਹਿੰਦੇ ਵਿਰਲੇ-ਵਿਰਲੇ ਸਿੱਖ ਵੀਰ ਹੀ ਕਰਦੇ ਸਨ ਜਿਨ੍ਹਾਂ ਦਾ ਚੰਗਾ ਰਸੂਖ ਸੀ।

ਜਿੱਥੇ ਇਹ ਸਮਾਂ ਸਿੱਖਾਂ ਲਈ ਦੁੱਖਦਾਈ ਸੀ ਉੱਥੇ ਇਹ ਸਮਾਂ ਗਰੀਬ ਮੁਸਲਮਾਨ ਤੇ ਹਿੰਦੂਆਂ ਲਈ ਵੀ ਬਹੁਤ ਕਸ਼ਟਾਂ ਵਾਲਾ ਸੀ। ਐਸੀ ਇੱਕ ਦੁੱਖ ਦੀ ਘੜੀ ਪਿੰਡ ਪੱਟੀ ਦੇ ਰਹਿਣ ਵਾਲੇ ਮੁਸਲਮਾਨ ਰਹੀਮ ਬਖਸ਼ ਤੇ ਆ ਗਈ। ਇਸ ਦੀ ਪਤਨੀ ਦਾ ਨਾਮ ਸੀ ਅਮੀਨਾ ਕੌਸ਼ਰ ਜਿਸ ਨੇ ਇੱਕ ਲੜਕੀ ਤੇ ਦੋ ਲੜਕਿਆਂ ਨੂੰ ਜਨਮ ਦਿੱਤਾ। ਇਸ ਦੀ ਲੜਕੀ ਦਾ ਨਾਮ ਸੀ ਸ਼ਹਿਨਾਜ਼ ਅਖਤਰ ਜੋ ਬਹੁਤ ਹੀ ਖੂਬਸੂਰਤ ਸੀ ਤੇ ਉਹ ਆਪਣੇ ਮਾਂ-ਬਾਪ ਤੇ ਪਿੰਡ ਦੇ ਲੋਕਾਂ ਦਾ ਅੱਖਾਂ ਦਾ ਤਾਰਾ ਸੀ। ਇਸ ਦਾ ਰੰਗ ਗੋਰਾ ਤੇ ਨੈਣ-ਨਕਸ਼ ਤਿੱਖੇ ਹੋਣ ਕਾਰਣ ਸਾਰੇ ਇਸ ਨੂੰ ਬਹੁਤ ਲਾਡ ਕਰਦੇ ਸਨ। ਜਦੋਂ ਇਸ ਬੱਚੀ ਜਵਾਨ ਹੋਈ ਤਾਂ ਇਸ ਵਾਸਤੇ ਉੱਚੇ ਘਰਾਣਿਆਂ ਦੇ ਰਿਸ਼ਤੇ ਆਉਣ ਲੱਗ ਪਏ। ਇਸ ਲਈ ਇਸ ਮਾਤਾ-ਪਿਤਾ ਨੇ ਇਸ ਦਾ ਰਿਸ਼ਤਾ ਲਾਹੌਰ ਦ ਰਹਿਣ ਵਾਲੇ ਮੁਹੰਮਦ ਮੁਸ਼ਤਾਕ ਦੇ ਪੁੱਤਰ ਮੀਰ ਹੁਸੈਨ ਨਾਲ ਕਰ ਦਿੱਤਾ ਤੇ ਨਿਕਾਹ ਦੀ ਤਰੀਕ ਵੀ ਪੱਕੀ ਕਰ ਦਿੱਤੀ।

ਇੱਕ ਦਿਨ ਜ਼ਕਰੀਆ ਖਾਨ ਦੇ ਜਰਨੈਲ ਜਲਾਲੁਦੀਨ ਦਾ ਲੜਕਾ ਨਾਸਿਰ ਹੁਸੈਨ ਘੋੜੇ ਤੇ ਸਵਾਰ ਹੋ ਕੇ ਲੰਘ ਰਿਹਾ ਸੀ ਕਿ ਇਸ ਦੀ ਭੈੜੀ ਨੀਤ ਸ਼ਹਿਨਾਜ਼ ਤੇ ਪੈ ਗਈ ਤੇ ਇਹ ਪਾਪੀ ਇਸ ਲੜਕੀ ਨੂੰ ਚੁੱਕ ਕੇ ਲੈ ਗਿਆ, ਨਾਲ ਦੀਆਂ ਲੜਕੀਆਂ ਨੇ ਰਹੀਮ ਬਖਸ਼ ਨੂੰ ਆ ਕੇ ਦੱਸਿਆ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਕੁਝ ਬੰਦਿਆਂ ਨੂੰ ਨਾਲ ਲੈ ਕੇ ਜ਼ਕਰੀਆ ਖਾਨ ਕੋਲ ਗਿਆ ਤਾਂ ਉਸਨੇ ਆਖਿਆ ਕਿ ਤੇਰੀ ਬੇਟੀ ਮੇਰੇ ਜਰਨੈਲ ਦੇ ਬੇਟੇ ਦੀ ਬੇਗਮ ਬਣ ਗਈ ਹੈ, ਇਸ ਲਈ ਹੁਣ ਤੂੰ ਖੁਸ਼ੀਆਂ ਮਨਾ। ਹੁਣ ਤੇਰੀ ਬੇਟੀ ਵਾਪਸ ਨਹੀਂ ਹੋ ਸਕਦੀ। ਇਸ ਤਰਾਂ ਖਾਲੀ ਹੱਥ ਵਾਪਸ ਆ ਗਿਆ। ਜਦ ਜ਼ਕਰੀਏ ਨੇ ਹੀ ਆਸਰਾ ਨਾ ਦਿੱਤਾ ਤਾਂ ਹੋਰ ਕਿਸੇ ਨੇ ਤਾਂ ਕੀ ਆਸਰਾ ਦੇਣਾ ਸੀ। ਫਿਰ ਕਿਸੇ ਨੇ ਆਖਿਆ ਕਿ ਪਿੰਡ ਪੂਹਲੇ ਦੇ ਭਾਈ ਤਾਰੂ ਸਿੰਘ ਕੋਲ ਜਾ ਕੇ ਫਰਿਆਦ ਕਰ ਤਾਂ ਉਹ ਆਸਰਾ ਦੇ ਸਕਦਾ ਹੈ। ਰਹੀਮ ਬਖਸ਼ ਬਿਨਾਂ ਕਿਸੇ ਦੇਰੀ ਤੋਂ ਪੂਹਲੇ ਪਿੰਡ ਪਹੁੰਚ ਗਿਆ ਤੇ ਭਾਈ ਤਾਰੂ ਸਿੰਘ ਨੂੰ ਮਿਲ ਕੇ ਸਾਰੀ ਦੁੱਖ ਦੀ ਗੱਲ ਦੱਸੀ ਤਾਂ ਭਾਈ ਤਾਰੂ ਸਿੰਘ ਨੇ

ਰਹੀਮ ਬਖਸ਼ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੱਲ੍ਹ ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਤੇਰੀ ਬੇਟੀ ਤੇਰੇ ਘਰ ਪਹੁੰਚ ਜਾਵੇਗੀ। ਭਾਈ ਤਾਰੂ ਸਿੰਘ ਤੋਂ ਮਿਲੇ ਹੌਂਸਲੇ ਨਾਲ ਉਹ ਅਤੇ ਉਮੀਦ ਨਾਲ ਪਿੰਡ ਪੱਟੀ ਵਾਪਸ ਚਲਾ ਗਿਆ।

ਭਾਈ ਤਾਰੂ ਸਿੰਘ ਰਹੀਮ ਬਖਸ਼ ਦੀ ਬੇਟੀ ਨੂੰ ਛਡਵਾਉਣ ਲਈ ਉਹਨਾਂ ਮਰਜੀਵੜੇ ਸਿੰਘਾਂ ਨੂੰ ਮਿਲੇ ਜੋ ਆਪਣੀਆਂ ਜਾਨਾਂ ਹਥੇਲੀ ਤੇ ਰੱਖ ਕੇ ਘੋੜਿਆਂ ਦੀਆਂ ਕਾਠੀਆਂ ਤੇ ਸੌਂ ਕੇ ਰਾਤਾਂ ਕੱਟਦੇ ਸਨ। ਉਨ੍ਹਾਂ ਨਾਲ ਮਿਲ ਕੇ ਬੇਨਤੀ ਕੀਤੀ ਤਾਂ ਇਹਨਾਂ ਧਰਮੀ ਸਿੰਘਾਂ ਨੇ ਘੋੜਿਆਂ ਤੇ ਸਵਾਰ ਹੋ ਕੇ ਜਾ ਪੱਟੀ ਨੂੰ ਘੇਰਾ ਪਾ ਲਿਆ, ਜਿੱਥੇ ਜਰਨੈਲ ਦੇ ਪੁੱਤਰ ਨਾਸਿਰ ਹੁਸੈਨ ਨੇ ਸ਼ਹਿਨਾਜ਼ ਨੂੰ ਕੈਦ ਕਰ ਕੇ ਰੱਖਿਆ ਸੀ। ਸਿੰਘਾਂ ਨੇ ਨਾਸਿਰ ਹੁਸੈਨ ਨੂੰ ਵੰਗਾਰਿਆ ਤੇ ਆਖਿਆ ਕਿ ਰਹੀਮ ਬਖਸ਼ ਦੀ ਬੇਟੀ ਨੂੰ ਸਹੀ ਸਲਾਮਤ ਲੈ ਕੇ ਬਾਹਰ ਆ ਜਾਵੇ ਨਹੀਂ ਤਾਂ ਉਸਦਾ ਖੁਰਾ ਖੋਹ ਮਿਟਾ ਦਿੱਤਾ ਜਾਵੇਂਗਾ। ਸਿੰਘਾਂ ਦੇ ਵੰਗਾਰਣ ਤੇ ਵੀ ਜਦੋਂ ਉਹ ਨਾ ਆਇਆ ਤਾਂ ਅਖੀਰ ਸਿੰਘਾਂ ਨੇ ਉਸਦੀ ਹਵੇਲੀ ਤੇ ਹਮਲਾ ਕਰ ਦਿੱਤਾ। ਯੁੱਧ ਹੋਇਆ ਤੇ ਨਾਸਿਰ ਹੁਸੈਨ ਸਿੰਘਾਂ ਹੱਥੋਂ ਮਾਰਿਆ ਗਿਆ ਤੇ ਸ਼ਹਿਨਾਜ਼ ਨੂੰ ਛੁਡਵਾ ਲਿਆ ਗਿਆ। ਰਾਤੋ ਰਾਤ ਰਹੀਮ ਬਖਸ਼ ਦੇ ਘਰ ਪਹੁੰਚ ਕੇ ਉਸਦੀ ਬੇਟੀ ਨੂੰ ਉਸਦੇ ਹਵਾਲੇ ਕੀਤਾ ਤੇ ਰਹੀਮ ਬਖਸ਼ ਸਿੰਘਾਂ ਦੇ ਪੈਰਾਂ ਤੇ ਡਿੱਗ ਪਿਆ ਕਿ ਉਹਨਾਂ ਨੇ ਉਸਦੀ ਲਾਜ ਬਚਾ ਲਈ ਹੈ। ਜਦੋਂ ਸ਼ਹਿਨਾਜ਼ ਬੇਟੀ ਪਿਤਾ ਦੇ ਗਲ ਲੱਗ ਕੇ ਰੋ ਰਹੀ ਸੀ ਤਾਂ ਉਸਨੇ ਆਪਣੇ ਪਿਤਾ ਨੂੰ ਕਿਹਾ ਕਿ ਮੈਨੂੰ ਕਿਸੇ ਮੁਸਲਮਾਨ ਦੇ ਗਲ ਲਾਉਣ ਤੋਂ ਤਾਂ ਚੰਗਾ ਹੈ ਕਿ ਕਿਸੇ ਸਿੱਖ ਨਾਲ ਹੀ ਵਿਆਹ ਦੇਵੇ। ਪਰ ਉਸ ਸਮੇਂ ਸਿੰਘਾਂ ਦੀ ਅਗਵਾਈ ਕਰ ਰਹੇ ਸ.ਦਲੇਰ ਸਿੰਘ ਨੇ ਘੋੜੇ ਤੋਂ ਉਤਰ ਕੇ ਬੇਟੀ ਸ਼ਹਿਨਾਜ਼ ਦੇ ਸਿਰ ਤੇ ਹੱਥ ਰੱਖਿਆ ਤੇ ਕਿਹਾ ਕਿ ਹੁਣ ਉਹ ਕੇਵਲ ਰਹੀਮ ਬਖਸ਼ ਦੀ ਬੇਟੀ ਹੀ ਨਹੀਂ ਬਲਕਿ ਉਸਦੀ ਵੀ ਬੇਟੀ ਹੈ ਤੇ ਹੁਣ ਤੋਂ ਬਾਅਦ ਉਸਦੀ ਹਵਾ ਵੱਲ ਵੀ ਕੋਈ ਝਾਕ ਨਹੀਂ ਸਕਦਾ। ਜੇ ਗੱਲ ਸਿੰਘਾਂ ਦੀ ਸੇਵਾ ਦੀ ਹੈ ਤਾਂ ਉਹ ਮੁਸਲਮਾਨ ਧਰਮ ਵਿੱਚ ਰਹਿ ਕੇ ਵੀ ਸਿੰਘਾਂ ਦੀ ਸੇਵਾ ਕਰ ਸਕਦੀ ਹੈ ਇਸ ਲਈ ਜਿੱਥੇ ਰਹੀਮ ਬਖਸ਼ ਨੇ ਉਸਦਾ ਰਿਸ਼ਤਾ ਤਹਿ ਕੀਤਾ ਹੈ ਉਹ ਉੱਥੇ ਹੀ ਜਾਵੇ ਤੇ ਆਪਣਾ ਧਰਮ ਨਿਭਾਵੇ। ਇਸ ਕਹਿ ਕੇ ਸਿੰਘ ਰਹੀਮ ਬਖਸ਼ ਕੋਲੋਂ ਚਲੇ ਗਏ।

ਉਸੇ ਦਿਨ ਦਿਨ ਚੜ੍ਹੇ ਰਹੀਮ ਬਖਸ਼ ਤੇ ਉਸਦੀ ਪਤਨੀ ਅਮੀਨਾ ਕੌਸ਼ਰ ਆਪਣੀ ਬੱਚੀ ਨੂੰ ਨਾਲ ਲੈ ਕੇ ਪਿੰਡ ਪੂਹਲੇ ਪਹੁੰਚ ਗਏ ਤੇ ਭਾਈ ਤਾਰੂ ਸਿੰਘ ਨੂੰ ਮਿਲੇ ਤੇ ਉਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਨੋਟ :- ਸ਼ਹਿਨਾਜ਼ ਅਖਤਰ ਦਾ ਰਿਸ਼ਤਾ ਮੁਹੰਮਦ ਮੁਸ਼ਤਾਕ ਦੇ ਪੁੱਤਰ ਮੀਰ ਹੁਸੈਨ ਲਾਹੌਰ ਨਾਲ ਹੋਇਆ ਸੀ। ਸ਼ਹਿਨਾਜ਼ ਤੇ ਉਸਦੇ ਸ਼ੌਹਰ ਨੇ ਪੂਰਨ ਜੀਵਨ ਸਿੰਘਾਂ ਦੀ ਮਦਦ ਕੀਤੀ। ਮੀਰ ਹੁਸੈਨ ਵੀ ਜਦੋਂ ਮੌਕਾ ਮਿਲਦਾ ਤਾਂ ਸਿੰਘਾਂ ਦੀ ਸੇਵਾ ਵਿੱਚ ਹਾਜ਼ਰ ਹੋ ਜਾਂਦਾ ਸੀ।

ਰਹਿਤ ਪਿਆਰੀ ਮੁਝ ਕੋ...

੧੯ ਮਾਰਚ,੧੭੪੪ ਨੂੰ ਭਾਈ ਤਾਰੂ ਸਿੰਘ ਜੀ ਦੀ ਉਮਰ ੨੪ ਸਾਲ ਪੂਰੀ ਹੋ ਚੁੱਕੀ ਸੀ। ਕੁਝ ਦਿਨ ਪਹਿਲਾਂ ਵੀਰ ਭਾਈ ਤਾਰੂ ਸਿੰਘ ਜੀ ਦੀ ਸ਼ਾਨ ਨੂੰ ਵੇਖ ਕੇ ਭੈਣ ਗੁਰਜੋਈ ਕੌਰ ਨੇ ਆਪਣੀ ਮਾਤਾ ਹਰਜੋਈ ਕੌਰ ਨੂੰ ਬੇਨਤੀ ਕੀਤੀ,"ਮਾਤਾ ਜੀ,ਵੀਰ ਜੀ ਦੇ ਸੀਸ ਉੱਤੇ ਸੋਹਣੀ ਦਸਤਾਰ,ਸਰੀਰਕ ਸੁੰਦਰਤਾ ਤੇ ਬਾਣੀ ਦੇ ਜਾਪ ਕਾਰਣ ਮੁੱਖ 'ਤੇ ਲਾਲੀ ਤੇ ਸੋਹਣਾ ਪ੍ਰਭਾਵ ਕਿੰਨਾ ਅੱਛਾ ਲੱਗ ਰਿਹਾ ਹੈ,ਕਿਉਂ ਨਾ ਆਪਾਂ ਵੀਰ ਦਾ ਜਨਮ ਦਿਨ ਮਨਾਈਏ।"

ਮਾਤਾ ਜੀ ਕਹਿਣ ਲੱਗੇ,"ਕਿਉਂ ਨਹੀਂ ਬੇਟੀ,ਇਸੇ ਬਹਾਨੇ ਮੌਲਵੀ ਤੇ ਹੋਰ ਸੰਗਤ ਵੀ ਘਰ ਵਿੱਚ ਆਵੇਗੀ ਤੇ ਖੁਸ਼ੀਆਂ ਨਾਲ ਅਸੀਸਾਂ ਦੇਵੇਗੀ"।

ਭਾਈ ਤਾਰੂ ਸਿੰਘ ਜੀ ਨਾਲ ਗੱਲ ਕੀਤੀ ਤਾਂ ਪਹਿਲਾਂ ਤਾਂ ਉਹ ਕੁਝ ਕਤਰਾਉਣ ਲੱਗੇ ਕਿ ਇਹ ਸਭ ਕੁਝ ਗੁਰੂ ਦਾ ਹੀ ਹੈ ਫਿਰ ਭੈਣ ਦੇ ਮਨਾਉਣ ਤੇ ਭਾਈ ਸਾਹਿਬ ਮੰਨ ਗਏ ਤੇ ਕਹਿਣ ਲੱਗੇ ਕਿ ਸਭ ਨੂੰ ਬੁਲਾਉ ਤੇ ਗੁਰੂ ਕੇ ਲੰਗਰ ਛਕਾਵੋ ਤੇ ਨਾਲੇ ਕੱਪੜੇ ਆਦਿ ਦੀ ਸੇਵਾ ਵੀ ਕਰੋ ਤੇ ਇਸੇ ਤਰਾਂ ਹੀ ਕੀਤਾ ਗਿਆ। ਮਦਰੱਸੇ ਤੇ ਬੱਚਿਆਂ ਤੇ ਮੌਲਵੀਆਂ ਨੂੰ ਬੁਲਾਇਆ ਗਿਆ। ਇਸ ਦੇ ਪਿੰਡ ਦੇ ਲੋਕਾਂ ਨੂੰ ਵੀ ਬੁਲਾਇਆ ਗਿਆ। ਸਾਰੀ ਸੰਗਤ ਨੇ ਪਿਆਰ ਸਤਿਕਾਰ ਨਾਲ ਲੰਗਰ ਛਕਿਆ ਤੇ ਭਾਈ ਤਾਰੂ ਸਿੰਘ ਜੀ ਨੂੰ ਸ਼ੁੱਭ ਅਸੀਸਾਂ ਦਿੱਤੀਆਂ ਤੇ ਆਪੋ-ਆਪਣੇ ਘਰਾਂ ਨੂੰ ਚਲੇ ਗਏ।

ਦੂਸਰੇ ਦਿਨ ਮੌਲਵੀਆਂ ਨੇ ਆਪਸ ਵਿੱਚ ਸਲਾਹ ਕੀਤੀ ਕਿ ਭਾਈ ਤਾਰੂ ਸਿੰਘ ਦਾ ਪ੍ਰਭਾਵ ਕਿੰਨਾ ਸੋਹਣਾ ਲੱਗ ਰਿਹਾ ਸੀ। ਕਿਉਂ ਨਾ ਭਾਈ ਤਾਰੂ ਸਿੰਘ ਜੀ ਨੂੰ ਵਿਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਵਾਲੀ ਜਗ੍ਹਾ ਤੇ ਬਿਠਾ ਦਿੱਤਾ ਜਾਵੇ। ਇਸ ਤਰਾਂ ਸਾਰੇ ਮੌਲਵੀਆਂ ਨੇ ਆਪਸ ਵਿੱਚ ਸਲਾਹ ਕੀਤੀ ਕਿਉਂਕਿ ਭਾਈ ਰਣਜੋਧ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦੀ ਜਗ੍ਹਾ ਮਦਰੱਸੇ ਵਿੱਚ ਖਾਲੀ ਪਈ ਸੀ ਤੇ ਉਹ ਇਹ ਜਗ੍ਹਾ ਵਾਸਤੇ ਭਾਈ ਤਾਰੂ ਸਿੰਘ ਨੂੰ ਹੀ ਕਾਬਿਲ ਸਮਝਦੇ ਸਨ। ਮੌਲਵੀਆਂ ਨੇ ਭਾਈ ਤਾਰੂ ਸਿੰਘ ਨੂੰ ਬੁਲਾਇਆ ਤੇ ਇਸ ਜਗ੍ਹਾ ਲਈ ਪ੍ਰੇਰਿਆ ਜਿਸ ਤੇ ਭਾਈ ਤਾਰੂ ਸਿੰਘ ਜੀ ਮੰਨ ਗਏ। ਸਾਰੀ ਕਾਰਵਾਈ ਪੂਰੀ ਹੋ ਗਈ। ਹੁਣ ਸਵਾਲ ਇਹ ਸੀ ਕਿਸੇ ਵੀ ਸਰਕਾਰੀ ਨੌਕਰੀ ਤੇ ਲੱਗਣ ਤੋਂ ਪਹਿਲਾਂ ਇੱਕ ਵਾਰ ਨਵਾਬ ਜ਼ਕਰੀਆ ਖਾਨ ਦੇ ਸਾਹਮਣੇ ਪੇਸ਼ ਹੋਣਾ ਜ਼ਰੂਰੀ ਹੁੰਦਾ ਸੀ।

ਮੌਲਵੀਆਂ ਨੇ ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਆ ਖਾਨ ਦੇ ਸਾਹਮਣੇ ਪੇਸ਼ ਕਰਨ ਲਈ ਮਨਾਇਆ ਤੇ ਕਿਹਾ ਕਿ ਉਹ ਨਵਾਬ ਦੇ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਆਪਣੀ ਦਸਤਾਰ ਵਿੱਚ ਇੱਕ ਛੋਟਾ ਕੁਲ੍ਹਾ (ਛੋਟੀ ਟੋਪੀ) ਰੱਖ ਲਵੇ। ਪੇਸ਼ ਹੋਣ ਤੋਂ ਬਾਅਦ ਜਦੋਂ ਸਾਰੀ ਕਾਰਵਾਰੀ ਮੁਕੰਮਲ ਹੋ ਜਾਵੇ ਤਾਂ ਫਿਰ ਇਸ ਕੁਲ੍ਹੇ ਦੀ ਕਦੇ ਜ਼ਰੂਰਤ ਨਹੀਂ ਪਵੇਗੀ।

ਜਦੋਂ ਭਾਈ ਤਾਰੂ ਸਿੰਘ ਜੀ ਨੇ ਇਹ ਗੱਲ ਸੁਣੀ ਤਾਂ ਉਹਨਾਂ ਨੇ ਮੌਲਵੀਆਂ ਨੂੰ

ਬੇਨਤੀ ਕੀਤੀ ਤੇ ਕਿਹਾ, "ਕਾਜ਼ੀ ਸਾਹਿਬ ਜੀ, ਸੰਨ ੧੬੯੯ ਵਿੱਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਿਆ ਸੀ ਤਾਂ ਉਹਨਾਂ ਨੇ ਕਿਹਾ ਸੀ ਕਿ ਹਰੇਕ ਸਿੱਖ ਕੇਸਾਂ ਦੀ ਸੰਭਾਲ ਕਰੇ ਤੇ ਦਸਤਾਰ ਸਜਾਵੇ। ਬੜੀਆਂ ਕੁਰਬਾਨੀਆਂ ਦੇ ਕੇ ਅਤੇ ਸਾਰਾ ਸਰਬੰਸ ਵਾਰ ਕੇ ਉਹਨਾਂ ਨੇ ਖ਼ਾਲਸੇ ਨੂੰ ਦਸਤਾਰ ਬਖਸ਼ੀ ਹੈ ਅਤੇ ਇਹ ਸਰਦਾਰੀ ਦਾ ਤਾਜ ਬਖਸ਼ ਕੇ ਖਾਲਸੇ ਨੂੰ ਅਸੀਸਾ ਨਾਲ ਨਿਵਾਜਿਆ ਹੈ। ਇਹ ਦਸਤਾਰ ਹੀ ਹੈ ਜਿਹੜੀ ਆਪਣੇ ਮਾਣ ਜਨਕ ਇਤਿਹਾਸ ਪ੍ਰਤੀ ਗੌਰਵਮਈ ਭਾਵਨਾ ਉਜਾਗਰ ਕਰਦੀ ਹੈ। ਅੱਜ ਇੱਕ ਸਰਕਾਰੀ ਨੌਕਰੀ ਖਾਤਰ ਮੈਂ ਗੁਰੂ ਦਾ ਪੱਲਾ ਛੱਡ ਦੇਵਾਂ..? ਇਹ ਨਹੀਂ ਹੋ ਸਕਦਾ। ਜੇ ਤੁਸੀਂ ਮੈਨੂੰ ਮੇਰੇ ਖਾਲਸੇ ਰੂਪ ਵਿੱਚ ਮਨਜ਼ੂਰ ਕਰਦੇ ਹੋ ਤਾਂ ਠੀਕ ਹੈ ਨਹੀਂ

ਤਾਂ ਮੈਨੂੰ ਇਸ ਨੌਕਰੀ ਦੀ ਜ਼ਰੂਰਤ ਨਹੀਂ। ਮੈਂ ਆਪਣੇ ਖਾਲਸਾ ਰੂਪ ਤੋਂ ਅਜਿਹੀਆਂ ਲੱਖਾਂ ਨੌਕਰੀਆਂ ਕੁਰਬਾਨ ਕਰਦਾ ਹਾਂ। ਮੇਰੇ ਗੁਰੂ ਨੂੰ ਮੇਰੀ ਰਹਿਤ ਚੰਗੀ ਲਗਦੀ ਹੈ ਮੌਲਵੀ ਸਾਹਿਬ,ਮੈਂ ਨਹੀਂ।

ਕਾਜ਼ੀ ਸਾਹਿਬ ਨੇ ਭਾਈ ਤਾਰੂ ਸਿੰਘ ਦੀ ਗੱਲ ਸੁਣੀ ਤੇ ਸਹਿਮਤੀ ਪ੍ਰਗਟ ਕੀਤੀ ਤੇ ਧੰਨਵਾਦ ਕੀਤਾ ਤੇ ਮੌਲਵੀਆਂ ਨੂੰ ਸਮਝਾਇਆ ਕਿ ਉਹ ਕਰਨਾਂ ਤਾਂ ਕੁਝ ਚੰਗਾ ਚਾਹੁੰਦੇ ਸੀ ਪਰ ਸਮੇਂ ਦੀ ਹਕੂਮਤ ਤੇ ਮਾੜਾ ਸਮਾਂ ਹੋਣ ਕਾਰਣ ਅਸੀ ਇੱਕ ਬਹੁਤ ਹੀ ਗੁਣੀ ਤੇ ਵਿਦਿਆ ਦੇ ਧੰਨੀ ਭਾਈ ਤਾਰੂ ਸਿੰਘ ਜੀ ਨੂੰ ਆਪਣੇ ਮਦਰੱਸੇ ਲਈ ਖੋ ਰਹੇ ਹਾਂ। ਇਹ ਕਾਜ਼ੀ ਤੇ ਮੌਲਵੀ ਡਰ ਹੋਏ ਸਨ ਕਿ ਕਿਤੇ ਇਹ ਮਾੜਾ ਸਮਾਂ ਭਾਈ ਤਾਰੂ ਸਿੰਘ ਜੀ ਨੂੰ ਵੀ ਆਪਣੀ ਲਪੇਟ ਵਿੱਚ ਨਾ ਲੈ ਲਵੇ। ਇਹ ਕਾਰਵਾਈ ਇੱਥੇ ਹੀ ਰੁਕ ਗਈ।

ਅਠਾਰਵੀਂ ਸਦੀ ਦਾ ਸਿੱਖ ਇਤਿਹਾਸ ਬੇਮਿਸਾਲ ਕੁਰਬਾਨੀਆਂ ਦੀ ਇੱਕ ਲੰਬੀ ਦਾਸਤਾਨ ਹੈ। ਇਹੀ ਉਹ ਸਮਾਂ ਸੀ ਜਦੋਂ ਗੁਰੂ ਕੇ ਸਿੰਘਾਂ,ਸਿੰਘਣੀਆਂ ਤੇ ਬੱਚਿਆਂ ਆਪਣੇ ਧਰਮ ਕੇਸਾਂ ਦੀ ਪਵਿੱਤ੍ਰਤਾ ਲਈ ਬੰਦ-ਬੰਦ ਕਟਾਏ,ਖੋਪਰੀਆਂ ਲੁਹਾਈਆਂ,ਚਰਖੜੀਆਂ ਤੇ ਚੜੇ,ਆਰਿਆਂ ਨਾਲ ਚੀਰੇ ਗਏ ਤੇ ਮਾਸੂਮ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਗਲਾਂ ਵਿੱਚ ਹਾਰ ਪੁਆਏ ਪਰ ਸੀ ਨਹੀਂ ਉਚਾਰੀ। ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਹੱਸ-ਹੱਸ ਕੇ ਸ਼ਹੀਦੀ ਜਾਮ ਪੀ ਗਏ। ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾ ਗਏ।

ਅੱਜ ਭਾਈ ਤਾਰੂ ਸਿੰਘ ਜੀ ਦੀ ਉਮਰ ੨੫ ਸਾਲ, ੧ ਮਹੀਨਾ, ੧੩ ਦਿਨ ਦੀ ਹੋ ਗਈ ਸੀ। ੨ ਮਈ, ੧੭੪੫ ਨੂੰ ਮੁਗਲ ਸਮਰਾਟ ਜ਼ਕਰੀਆ ਖਾਨ ਨੇ ਲਾਹੌਰ ਵਿੱਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿੱਚ ਜ਼ਕਰੀਆ ਖਾਨ ਦਾ ਪਿਤਾ ਸੂਬੇਦਾਰ ਅਬਦੁਸ ਸਮਦ ਖ਼ਾਂ ਅਤੇ ਦਿੱਲੀ ਦਰਬਾਰ ਦੇ ਬਾਦਸ਼ਾਹ 'ਫਰੁਖਸੀਅਰ ਖ਼ਾਂ ਦੇ ਦੋ ਪੁੱਤਰ ਜ਼ਮਾਲ ਖ਼ਾਂ ਤੇ ਜਮੇਦ ਖ਼ਾਂ ਸ਼ਾਮਲ ਹੋਏ। ਇਹਨਾਂ ਤੋਂ ਬਿਨਾਂ ਪੂਰੇ ਹਿੰਦੁਸਤਾਨ ਦੇ ਗਵਰਨਰ ਤੇ ਵੱਡੇ ਜਰਨੈਲ ਵੀ ਇਸ ਮੀਟਿੰਗ ਵਿੱਚ ਹਾਜ਼ਰ ਹੋਏ। ਦੱਸਿਆ ਜਾਂਦਾ ਹੈ ਕਿ ਇਸ ਮੀਟਿੰਗ ਵਿੱਚ ਤਕਰੀਬਨ ਪੰਜ ਹਜ਼ਾਰ ਦਾ ਇੱਕਠ ਸੀ। ਇੰਨੇ ਵੱਡੇ ਇੱਕਠ ਦਾ ਕਾਰਨ ਕੇਵਲ ਇੱਕੋ ਸੀ ਕਿ ਮੁਗਲ ਹਕੂਮਤ

ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ ਕੋਈ ਠੋਸ ਕਦਮ ਚੁੱਕਣਾ। ਇਸ ਇਕੱਠ ਵਿੱਚ ਉਹ ਜਹਾਲਤ ਪੰਸਦ ਮੌਲਵੀ ਮੁਲਾਣੇ ਵੀ ਆਏ ਜਿਨ੍ਹਾਂ ਨੇ ਲੰਬੇ ਸਮੇਂ ਤਹਿਰੀਗ ਕੀਤਿਆਂ ਸਿੱਖਾਂ ਵਿਰੁੱਧ ਆਖਿਆ।

ਮੌਲਵੀ ਨਸੀਰੂਦੀਨ ਖੜਾ ਹੋਇਆ ਤੇ ਉਸਨੇ ਕਹਿਣਾ ਸ਼ੁਰੂ ਕੀਤਾ, "ਬਾਬਰ ਤੋਂ ਲੈ ਕੇ ਅੱਜ ਤੱਕ ਸਾਰੀ ਦੁਨੀਆ ਮੁਸਲਮਾਨੀ ਝੰਡੇ ਥੱਲੇ ਆ ਜਾਣੀ ਸੀ ਜੇ ਇਹ ਸਿੱਖ ਨਾ ਹੁੰਦੇ। ਇਹ ਛੋਟੇ-ਮੋਟੇ ਧਰਮ ਤਾਂ ਕਦੋਂ ਦੇ ਇਸਲਾਮ 'ਚ ਤਬਦੀਲ ਹੋ ਜਾਣੇ ਸਨ। ਇਹ ਦੇਵੀ ਦੇਵਤਿਆਂ ਦੇ ਮੰਦਰ ਦੁਆਰੇ ਸਾਰੇ ਖਤਮ ਕਰ ਦੇਣੇ ਸਨ। ਜੇ ਇਹ ਸਿੰਘ ਨਾ ਹੁੰਦੇ ਤਾਂ ਜਿਹੜੇ ਇਹ ਹਿੰਦੂ ਵੇਦ-ਪੁਰਾਣ ਪੜ੍ਹਦੇ ਫਿਰ ਰਹੇ ਹਨ,ਕਦੋਂ ਦੇ ਸਾਡੇ ਗੁਲਾਮ ਬਣ ਜਾਣੇ ਸਨ। ਜੇ ਅਸੀਂ ਅੱਜ ਵੀ ਜਾਗ ਜਾਈਏ ਤਾਂ ਇਹਨਾਂ ਸਿੰਘਾਂ ਦਾ ਖੁਰਾ ਖੋਜ ਮਿਟਾ ਸਕਦੇ ਹਾਂ"। ਇਸ ਤਰਾਂ ਮੌਲਵੀ ਨੇ ਜ਼ਕਰੀਏ ਦੀ ਅਣਖ ਨੂੰ ਜਗਾਇਆ ਤੇ ਫਿਰ ਕਹਿਣਾ ਸ਼ੁਰੂ ਕੀਤਾ, " ਨਵਾਬ ਸਾਹਿਬ ਤੁਹਾਨੂੰ ਕੀ ਹੋ ਗਿਆ ਹੈ। ਕੀ ਤੁਹਾਡੀ ਤਲਵਾਰ ਨੂੰ ਕੀਤੇ ਜੰਗਾਲ ਤਾਂ ਨਹੀ ਲੱਗ ਗਿਆ"।

ਮੌਲਵੀ ਨੇ ਦਰਬਾਰ ਵਿੱਚ ਬੈਠੇ ਸਾਰਿਆਂ ਦਾ ਧਿਆਨ ਜ਼ਕਰੀਏ ਵੱਲ ਨੂੰ ਕਰਵਾਇਆ। ਸਾਰੇ ਲੋਕ ਧਿਆਨ ਨਾਲ ਮੌਲਵੀ ਦੀ ਗੱਲ ਸੁਣ ਰਹੇ ਸਨ। ਉਸਨੇ ਫਿਰ ਉੱਚੀ ਆਵਾਜ਼ ਵਿੱਚ ਜ਼ਕਰੀਏ ਨੂੰ ਕਹਿਣਾ ਸ਼ੁਰੂ ਕੀਤਾ,"ਨਵਾਬ ਸਾਹਿਬ,ਮੈਂ ਆਪ ਜੀ ਨੂੰ ਕੁਝ ਯਾਦ ਕਰਾਉਣਾ ਚਾਹੁੰਦਾ ਹਾਂ। ਯਾਦ ਕਰੋ ੫ ਮਾਰਚ,੧੭੧੫ ਤੋਂ ਲੈ ਕੇ ੧੨ ਮਾਰਚ,੧੭੧੬ ਤੱਕ ਤੁਸੀਂ ਆਪਣੇ ਅੱਬਾ ਜਾਨ ਸੂਬੇਦਾਰ ਅਬਦੁਸ ਸਮਦ ਖ਼ਾਂ ਤੇ ਦਲੇਰ ਜੰਗ ਦੇ ਨਾਲ ਅੱਸੀ ਹਜ਼ਾਰ ਦੀ ਫੌਜ ਲੈ ਕੇ ਗੁਰਦਾਸ ਨੰਗਲ ਤੋਂ ਦੋ ਹਜ਼ਾਰ ਸਿੰਘਾਂ ਦੇ ਸਿਰ ਨੇਜ਼ਿਆਂ ਤੇ ਟੰਗ ਕੇ ਤੇ ਸਿੰਘਾਂ ਦੇ ਬਾਦਸ਼ਾਹ ਬੰਦਾ ਬਹਾਦਰ ਤੇ ੭੪੦ ਸਿੰਘਾਂ ਨੂੰ ਘੇਰ ਕੇ ਹੱਥ ਕੜੀਆਂ ਲਗਾ ਕੇ ਦਿੱਲੀ ਪਹੁੰਚਾਇਆ ਸੀ। ਕੀ ਤੁਸੀ ਉਹ ਦਿਨ ਭੁੱਲ ਗਏ ਹੋ...?"

ਇਸ ਤਰਾਂ ਦੀਆਂ ਤਹਰੀਰਾਂ ਬਹੁਤ ਸਾਰੇ ਮੌਲਵੀਆਂ ਅਤੇ ਜਰਨੈਲਾਂ ਨੇ ਕੀਤੀਆਂ। ਇਹ ਵੀ ਆਖਿਆ ਗਿਆ ਕਿ ਜਿਨੇਂ ਚੌਧਰੀ ਸਾਡੀਆਂ ਰੋਟੀਆਂ ਤੇ ਪਲ ਰਹੇ ਹਨ ਉਹ ਇਸਲਾਮ ਵਾਸਤੇ ਕੀ ਕਰ ਰਹੇ ਹਨ..? ਇਹਨਾਂ ਚੌਧਰੀਆਂ ਨੂੰ ਬਹੁਤ ਦੇਰ ਹੋ ਗਈ ਨਵਾਬ ਸਾਹਿਬ ਦੀਆਂ ਰੋਟੀਆਂ ਖਾਂਦਿਆਂ,ਇਸ ਦਾ ਇਵਜ਼ ਮੁਖਬਰੀਆ ਕਰਕੇ ਸਰਕਾਰ ਨੂੰ ਦੇਵੋ। ਇਹਨਾਂ ਚੌਧਰੀਆਂ ਵਿੱਚ ਸਭ ਤੋਂ ਉੱਪਰ ਨਾਮ'ਹਰਿਭਗਤ ਨਿਰਜਨੀਏ' ਦਾ ਆਇਆ। ਇਸ ਤੋਂ ਬਿਨਾਂ ਕਰਮਾ ਛੀਨਾ,ਰਾਮਾ ਰੰਧਾਵਾ,ਤਲਵੰਡੀ ਸਾਹਿਬ ਰਾਇ ਸੰਧੂ,ਨੌਸ਼ਹਿਰਾ ਡੱਲਾ,ਸਾਂਈ ਦਾਸ ਜੰਡਿਆਲਾ,ਧਰਮਦਾਸ ਟੋਪੀ ਜੋਧ ਨਗਰ ਆਦਿ ਦੇ ਨਾਮ ਵੀ ਸਾਹਮਣੇ ਆਏ। ਇਹਨਾਂ ਸਾਰਿਆਂ ਨੂੰ ਸਰਕਾਰੀ ਚਿੱਠੀਆਂ ਤੇ ਸੁਨੇਹੇ ਭੇਜੇ ਜਾਣ ਬਾਰੇ ਕਿਹਾ ਗਿਆ ਤਾਂ ਕਿ ਇਵਜ਼ ਮੁਖਬਰੀਆ ਕਰਕੇ ਸਰਕਾਰ ਨੂੰ ਦਿੱਤਾ ਜਾ ਸਕੇ।

ਭਰੀ ਸਭਾ ਵਿਚ ਮੁਗਲ ਜਰਨੈਲ ਬੋਲਿਆ,"ਜਦੋਂ ਆਪਾਂ ਨੇ ਸਾਰੇ ਸਿੰਘਾਂ ਨੂੰ ਮਾਰ ਮੁਕਾ ਹੀ ਦੇਣਾ ਹੈ ਤਾਂ ਇਹਨਾਂ ਚੌਧਰੀਆਂ ਦਾ ਆਪਾਂ ਕੀ ਕਰਨਾ ਹੈ.!"

ਫਿਰ ਦੂਜਾ ਜਰਨੈਲ ਬੋਲਿਆ, "ਇਹ ਚੌਧਰੀ ਤਾਂ ਸਾਡੇ ਘਰਾਂ ਦੀ ਜੂਠ ਖਾਣ ਵਾਲੇ ਹਨ। ਘਰ ਦੀ ਮੁਰਗੀ ਨੂੰ ਤਾਂ ਜਦੋਂ ਮਰਜ਼ੀ ਹਲਾਲ ਕਰ ਦੇਈਏ...।"

ਤਾਂ ਇੱਕ ਗਵਰਨਰ ਬੋਲਿਆ, "ਚੁੱਪ ਕਰਕੇ ਬੈਠੋ ਤੇ ਤਹਿਰੀਰ ਸੁਣੋ। ਇਹਨਾਂ ਸਿੰਘਾਂ ਨੂੰ ਤਾਂ ਸਾਡੇ ਦਾਦੇ-ਪੜਦਾਦੇ ਕਦੋਂ ਦੇ ਖਤਮ ਕਰਦੇ ਆ ਰਹੇ ਨੇ, ਉਹ ਖੁਦ ਤਾਂ ਖਤਮ ਹੋ ਗਏ ਪਰ ਸਿੰਘ ਨਹੀਂ ਖਤਮ ਹੋਏ.."।

*ਜ਼ਕਰੀਆ ਖਾਨ ਸਾਰੀ ਤਹਿਰੀਰ ਚੁੱਪ ਕਰਕੇ ਸੁਣ ਰਿਹਾ ਸੀ। ਉਹ ਖੁਦ ਆਪ ਸਿੱਖ ਦਮਨਕਾਰੀ ਨੀਤੀਆਂ ਕਰਕੇ ਬਹੁਤ ਪ੍ਰਸਿੱਧ ਸੀ। ਇਸ ਇੱਕਠ ਨੂੰ ਫਿਰ ਜ਼ਕਰੀਏ ਖੁਦ ਤਹਿਰੀਰ ਕੀਤੀ। ਉਸਨੇ ਐਲਾਨ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ , "ਸਿੱਖਾਂ ਦੇ ਕੇਸ ਕੱਟ ਕੇ ਲਿਆਉਣ ਵਾਲੇ ਨੂੰ ਇੱਕ ਲੇਫ, ਤਲਾਈ ਤੇ ਕੰਬਲ ਦਿੱਤਾ ਜਾਵੇਗਾ। ਸਿੱਖਾਂ ਬਾਬਤ ਇਤਲਾਹ ਦੇਣ ਵਾਲੇ ਨੂੰ ਦਾ ਇਨਾਮ ਦੱਸ ਰੁਪਏ ਹੋਵੇਗਾ। ਸਿੰਘ ਨੂੰ ਜਿਉਂਦਾ ਜਾਂ ਮਾਰ ਕੇ ਪੇਸ਼ ਕਰਨ ਵਾਲੇ ਨੂੰ ਪੰਜਾਹ ਰੁਪਏ** ਦਿੱਤੇ ਜਾਣਗੇ। ਸਿੱਖਾਂ ਦੇ ਘਰ ਲੁੱਟਣ ਦੀ ਸਰਕਾਰ ਵਲੋਂ ਪੂਰੀ ਖੁੱਲ ਹੈ। ਇਸ ਕੰਮ ਲਈ ਕਿਸੇ ਸਜ਼ਾ ਨਹੀਂ ਦਿੱਤੀ ਜਾਵੇਗੀ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਸਜ਼ਾ-ਏ-ਮੌਤ ਦਿੱਤੀ ਜਾਵੇਗੀ। ਇਸ ਤਰਾਂ ਜਿਹੜਾ ਕਿਸੇ ਸਿੰਘ ਦੀ ਰਸਦ ਜਾਂ ਦਾਣਿਆਂ ਨਾਲ ਮਦੱਦ ਕਰੇਗਾ ਉਸ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਵੇਗਾ, ਤੇ ਨਾਂਹ ਕਰਨ ਦੀ ਸੂਰਤ ਵਿਚ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਸਾਰੇ ਜਰਨੈਲ ਤੇ ਫੌਜ਼ਦਾਰ ਅੱਜ ਹੀ ਮੇਰਾ ਇਹ ਹੁਕਮ ਜਾਰੀ ਕਰਨ ਅਤੇ ਥਾਂ-ਥਾਂ ਤੇ ਫੌਜ ਤਾਇਨਾਤ ਕੀਤੀ ਜਾਵੇ...."।

ਫਿਰ ਜ਼ਕਰੀਏ ਨੇ ਹੋਰ ਐਲਾਨ ਕੀਤਾ ਤੇ ਕਿਹਾ, " ਇਹ ਸਿੰਘ ਜਿਸ ਨੂੰ ਮੱਥਾ ਟੇਕਦੇ ਹਨ ਤੇ ਮੱਕਾ ਮੰਨਦੇ ਹਨ ਅਮ੍ਰਿਤਸਰ, ਇਸ ਦੇ ਚਾਰੇ ਦਰਵਾਜੇ ਘੇਰ ਲਏ ਜਾਣ। ਕਿਸੇ ਵੀ ਸਿੰਘ ਨੂੰ ਅੰਦਰ ਨਾ ਜਾਣ ਦਿੱਤਾ ਜਾਵੇ ਤੇ ਅੰਦਰ ਗਏ ਹੋਏ ਸਿੱਖਾਂ ਨੂੰ ਫੜ ਲਿਆ ਜਾਵੇ..."।

ਇਸ ਤਰਾਂ ਹੋਰ ਵੀ ਬਹੁਤ ਸਾਰੇ ਹੁਕਮ ਜਾਰੀ ਕੀਤੇ ਗਏ ਤੇ ਕਈ ਐਲਾਨ ਕੀਤੇ ਗਏ। ਇਸ ਤਰਾਂ ਕਰਦਿਆਂ ਰਾਤ ਪੈ ਗਈ। ਸਾਰਾ ਲਾਹੌਰ ਨੱਕਾ-ਨੱਕ ਭਰਿਆ ਪਿਆ ਸੀ। ਰਾਤ ਨੂੰ ਹਜ਼ਾਰਾਂ ਮੁਰਗੇ ਹਲਾਲ ਕੀਤੇ ਗਏ ਤੇ ਸ਼ਰਾਬਾਂ ਦੇ ਦੌਰ ਚੱਲੇ। ਉਸੇ ਰਾਤ ਹੀ ਲਾਹੌਰ ਨਿਵਾਸੀ ਹਿੰਦੂ-ਸਿੱਖ ਪਰਿਵਾਰ ਬੇਘਰ ਹੋ ਗਏ ਤੇ ਕਈ ਪਰਿਵਾਰ ਇਨ੍ਹਾਂ ਪਾਪੀਆਂ ਦੀ ਬਲੀ ਚੜ੍ਹ ਗਏ। ਚੰਗੇ-ਚੰਗੇ ਨੇਕ ਮੁਸਲਮਾਨ ਵੀ ਧਰਮ ਤੋਂ ਡੋਲ ਗਏ ਤੇ ਕੱਚੇ-ਪਿੱਲੇ ਹਿੰਦੂ ਸਿੱਖ ਵੀ ਆਪਣਾ ਧਰਮ ਬਦਲ ਗਏ। ਬਹੁਤ ਸਾਰੇ ਗੁਰੂ ਕੇ ਸਿੱਖ ਘਰਾਂ ਨੂੰ ਛੱਡ ਕੇ ਜੰਗਲਾਂ ਨੂੰ ਤੁਰ ਗਏ। ਜ਼ਿਲਤ ਦੀ ਜਿੰਦਗੀ ਨਾਲੋਂ ਇੱਜ਼ਤ ਦੀ ਮੌਤ ਭਲੀ। ਬੇਪੱਤ ਹੋ ਕੇ ਜਿਉਣ ਨਾਲੋਂ ਤਾਂ ਚੰਗਾ ਹੈ ਕਿ ਮੌਤ ਹੀ ਅਪਣਾ ਲਈਏ। ਇਸ ਤਰਾਂ ਇਹ ਸਿਲਸਲਾ ਚਲਦਾ ਰਿਹਾ।

*ਡਾ.ਹਰੀਰਾਮ ਗੁਪਤਾ ਦੀ ਲਿਖਤ ਵਿੱਚੋਂ

**ਉਸ ਸਮੇ ਦੇ ਪੰਜਾਹ ਰੁਪਏ ਦੀ ਕੀਮਤ ਅੱਜ ਅੰਦਾਜ਼ਨ ਪੰਜਾਹ ਹਜ਼ਾਰ ਰੁਪਏ ਦੇ ਬਰਾਬਰ ਹੋਵੇਗੀ।

੭ ਮਈ, ੧੭੪੫ ਈ: ਨੂੰ ਜ਼ਕਰੀਆ ਖ਼ਾਨ ਨੇ ਚੌਧਰੀਆਂ,ਸਰਕਾਰੀ ਮੁਖਬਿਰਾਂ,ਲਾਲਚੀ ਮੁਸਲਮਾਨਾਂ ਅਤੇ ਦੁਰਾਚਾਰੀ ਲੋਕਾਂ ਨੂੰ ਚਿੱਠੀਆਂ ਭੇਜੀਆਂ ਜਿਨ੍ਹਾਂ ਵਿੱਚ ਹਰਿਭਗਤ ਨਿਰੰਜਣੀਏ ਤੇ ਕਰਮੇ ਛੀਨੇ ਦਾ ਨਾਮ ਉਪਰ ਸੀ ਕਿਉਂਕਿ ਇਹਨਾਂ ਨੇ ਪਹਿਲਾਂ ਪੱਛਮ ਵਲੋਂ ਆਏ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਨੂੰ ਵੀ ਸਿੱਖਾ ਖੁਰਾ ਖੋਜ ਮਿਟਾਉਣ ਲਈ ਹਰ ਪ੍ਰਕਾਰ ਦੀ ਜਾਣਕਾਰੀ ਤੇ ਸਹਾਇਤਾ ਦਿੱਤੀ ਸੀ। ਇਸ ਬਦਲੇ ਇਹਨਾਂ ਨੇ ਵੱਡੇ-ਵੱਡੇ ਅਹੁਦੇ ਤੇ ਇਨਾਮ ਹਾਸਲ ਕੀਤੇ ਸਨ ਤੇ ਲਾਹੌਰ ਦੇ ਮੁਗਲ ਹਾਕਮਾਂ ਦਾ ਸਾਥ ਦਿੱਤਾ। ਇਥੇ ਹਰਿਭਗਤ ਨਿਰੰਜਣੀਏ ਦੀ ਗੱਲ ਵਾਰ-ਵਾਰ ਹੋਵੇਗੀ ਕਿਉਂਕਿ ਇਹ ਇਤਿਹਾਸ ਭਾਈ ਤਾਰੂ ਸਿੰਘ ਜੀ ਦਾ ਹੈ। ਕਈ ਪਾਠਕਾਂ ਦਾ ਧਿਆਨ ਇਸ ਦੁਸ਼ਟ ਪਾਪੀ ਦੇ ਨਾਮ ਵੱਲ ਜਾਂਦਾ ਹੈ ਕਿ ਹਰੀ ਦਾ ਭਗਤ ਨਿਰੰਜਣ ਦਾ ਅਰਥ ਤਾਂ ਦੋਸ਼ਾਂ ਦੀ ਕਾਲਖ ਤੋਂ ਰਹਿਤ ਹੈ ਪਰ ਇਹ ਪਾਪੀ ਤਾਂ ਦਾਗ ਦੋਸ਼ਾਂ ਨਾਲ ਕਾਲਾ ਹੋਇਆ।

ਇਸ ਪਿੱਛੇ ਵੀ ਇੱਕ ਇਤਿਹਾਸ ਹੈ। ਸਤਿਕਾਰ ਯੋਗ' ਭਾਈ ਹਿੰਦਾਲ ਜੀ'* ਪਹਿਲਾਂ ਤਾਂ ਸਖੀ ਸਰਵਰ ਦਾ ਚੇਲਾ ਸੀ ਫਿਰ ਇੱਕ ਵਾਰੀ 'ਸ੍ਰੀ ਗੁਰੂ ਅਮਰਦਾਸ ਜੀ' ਦੀ ਸੰਗਤ ਵਿੱਚ ਆਇਆ ਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਗੁਰੂ ਜੋਗਾ ਹੀ ਹੋ ਗਿਆ। ਫਿਰ ਗੁਰੂ ਜੀ ਤੋਂ ਸੋਝੀ ਲੈ ਕੇ ਜਿਸ ਨੂੰ ਮਿਲਦਾ, ਨਿਰੰਜਣ-ਨਿਰੰਜਣ ਹੀ ਬੋਲਦਾ ਸੀ ਤੇ ਜਿਸ ਰੋਗੀ ਨੂੰ ਵੀ ਗੁਰੂ ਸਾਹਿਬ ਜੀ ਦਾ ਨਾਮ ਲੈ ਕੇ ਨਿਰੰਜਣ ਆਖ ਕੇ ਹੱਥ ਫੇਰਦਾ ਸੀ, ਉਹ ਦੇਹ ਅਰੋਗਤਾ ਵਿੱਚ ਆ ਜਾਂਦਾ ਸੀ। ਉਸਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਜੀ ਨੇ ਉਸਨੂੰ ਮੰਜੀ ਦੀ ਬਖਸ਼ਿਸ ਕੀਤੀ ਅਤੇ ਜੰਡਿਆਲੇ ਦੇ ਆਸ-ਪਾਸ ਦੇ ਇਲਾਕੇ ਦਾ ਪ੍ਰਚਾਰਕ ਨਿਯੁਕਤ ਕੀਤਾ। ਇਸ ਲਈ ਸਾਰੀ ਸੰਗਤ ਭਾਈ ਹਿੰਦਾਲ ਨੂੰ ਪਿਆਰ ਨਾਲ 'ਨਿਰੰਜਣੀਆ' ਕਹਿ ਕੇ ਬੁਲਾਉਂਦੀ ਸੀ। ਭਾਈ ਹਿੰਦਾਲ ਸਿੰਘ ਦਾ ਪੁੱਤਰ 'ਹਰਧਰਮ ਨਿੰਰਜਣੀਆ' ਅਤੇ ਪੋਤਰਾ 'ਹਰਦੀਪ ਨਿਰੰਜਣੀਆ' ਤਾਂ ਸਿੱਖੀ ਮਰਿਯਾਦਾ ਵਿੱਚ 'ਗੁਰੂ ਅਮਰਦਾਸ ਜੀ' ਦੀਆਂ ਬਖ਼ਸ਼ਿਸ਼ਾਂ ਮਾਣਦੇ ਰਹੇ ਤੇ ਸੰਗਤਾਂ ਵਲੋਂ ਵੀ ਪਿਆਰ ਮਿਲਦਾ ਰਿਹਾ ਪਰ ਇਸ ਤੋਂ ਬਾਅਦ 'ਹਰਕਲਾ ਨਿਰੰਜਣੀਆ' ਪੂਜਾ ਦਾ ਧੰਨ ਤਾਂ ਖਾਂਦਾ ਸੀ ਪਰ ਸਿਮਰਨ ਨਹੀਂ ਸੀ ਕਰਦਾ। ਇਸ ਲਈ ਬੁੱਧੀ ਭ੍ਰਿਸ਼ਟ ਹੋ ਗਈ। ਸੋ ਭ੍ਰਿਸ਼ਟ ਬੁੱਧੀ ਨਾਲ ਘਰ ਵਿੱਚ ਬੱਚੇ ਨੇ ਜਨਮ ਲਿਆ,ਉਹ ਵੀ ਭ੍ਰਿਸ਼ਟ ਬੁੱਧੀ ਵਾਲਾ ਬੱਚਾ ਹੀ ਬਣਿਆ, ਜਿਸ ਦਾ ਨਾਮ ਸੀ----ਹਰਿਭਗਤ ਨਿਰੰਜਣੀਆ।

*ਭਾਈ ਹਿੰਦਾਲ ਜੀ ਨਿਰੰਜਣੀਏ ਦਾ ਜਨਮ ੧੫੭੩ ਈ: ਵਿੱਚ ਹੋਇਆ। ਭਾਈ ਸਾਹਿਬ ਦੇ ਦੋ ਵਿਆਹ ਹੋਏ ਸਨ। ਪਹਿਲੀ ਪਤਨੀ ਤੋਂ ਹਰਧਰਮ ਨਿਰੰਜਣੀਆ (ਜਿਨ੍ਹਾਂ ਦਾ ਜ਼ਿਕਰ ਉੱਪਰ ਕੀਤਾ ਹੈ) ਸੀ। ਇਹਨਾਂ ਦਾ ਦੂਜਾ ਵਿਆਹ ਹਮਜ਼ੇ ਚਾਹਲ ਦੀ ਪੁੱਤਰੀ ਉੱਤਮੀ ਨਾਲ ਹੋਇਆ, ਜਿਸ ਤੋਂ ਬਿਧਿਚੰਦ ਨਾਮ ਦਾ ਪੁੱਤਰ ਜਨਮਿਆ, ਜੋ ਬਹੁਤ ਕੁਕਰਮੀ ਸੀ। ਇਸ ਨੇ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਜਨਮ ਸਾਖੀ ਬਹੁਤ ਅਸ਼ੁੱਧ ਕਰ ਦਿੱਤੀ ਸੀ ਅਤੇ ਮਨ ਮਾਨੀਆ ਗੱਲਾਂ ਲਿਖ ਕੇ ਆਪਣੇ ਔਗੁਣਾਂ ਨੂੰ ਸਿੱਖੀ ਦਾ ਨਿਯਮ/ਅਸੂਲ ਸਾਬਤ ਕਰਨ ਦਾ ਯਤਨ ਕੀਤਾ। ਕਈ ਹੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁੱਧ ਲਾਹੌਰ ਦੇ ਜ਼ਾਲਮ ਹਾਕਮਾਂ ਨੂੰ ਅਯੋਗ ਸਹਾਇਤਾ ਦਿੱਤੀ। ਜ਼ਿਆਦਾ ਇਤਿਹਾਸ ਜਾਣਨ ਲਈ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਦੇ ਪੇਜ ਨੂੰ:੨੧੫ ਤੇ ਦੇਖੋ ਜਾਂ ਹਰੀ ਦਾਸ ਪ੍ਰੇਮੀ ਦੀ ਖੋਜ "ਨਿਰਅੰਜਨ" ਵਿੱਚ ਦੇਖੋ।

ਭਾਈ ਤਾਰੂ ਸਿੰਘ ਬਾਰੇ ਹਰਿਭਗਤ ਨਿਰੰਜਣੀਏ ਵਲੋਂ ਕੰਨ ਭਰਨੇ

ਅੱਜ ਦਾ ਦਿਨ ੧੯ ਮਈ, ੧੭੪੫ ਨੂੰ ਭਾਈ ਤਾਰੂ ਸਿੰਘ ਜੀ ਦੀ ਉਮਰ ੨੫ ਸਾਲ ੨ ਮਹੀਨੇ ਹੋ ਗਈ ਹੈ। ਜ਼ਕਰੀਆ ਖਾਂ ਨੇ ਜੋ ਚਿੱਠਿਆਂ ਚੌਧਰੀਆਂ ਤੇ ਸਰਕਾਰੀ ਮੁਖਬਰਾਂ ਨੂੰ ਭੇਜੀਆਂ ਸਨ, ਉਹ ਸਾਰੇ ਚੌਧਰੀ ਤੇ ਮੁਖਬਰ ਆਪਣੇ ਇਲਾਕਿਆਂ ਦੀ ਸੂਚੀ ਬਣਾ ਕੇ ਹਾਜ਼ਰ ਹੋ ਗਏ। ਕਚਿਹਰੀ ਲੱਗੀ ਤੇ ਇਹ ਸਾਰੇ ਚੌਧਰੀ ਸਿੰਘਾਂ ਦੀਆਂ ਖਬਰਾਂ ਦੇਣੀਆਂ ਚਾਹੁੰਦੇ ਸਨ।

ਇਹਨਾਂ ਸਾਰੇ ਚੌਧਰੀਆਂ ਤੇ ਮੁਖਬਰਾਂ ਦਾ ਨਾਮ ਲਿਖਣਾ ਸਮਾਂ ਬਰਬਾਦ ਕਰਨ ਵਾਲੀ ਗੱਲ ਹੋਵੇਗੀ। ਸਹੀ ਗੱਲ ਇਹ ਹੈ ਕਿ ਭਾਈ ਤਾਰੂ ਸਿੰਘ ਜੀ ਦੀ ਛੋਟੀ ਉਮਰ ਵਿੱਚ ਵੱਡੀ ਸ਼ਹੀਦੀ ਨਾਲ ਪਾਠਕਾਂ ਨੂੰ ਜਾਣੂ ਕਰਵਾਉਣਾ ਹੈ। ਸੰਖੇਪ ਇਤਿਹਾਸ ਰਾਹੀਂ ਇਸ ਤੋਂ ਅੱਗੇ ਕੇਵਲ ਇੱਕ ਮਹੀਨਾ, ਤੇਰਾਂ ਦਿਨ ਦਾ ਵੇਰਵਾ ਬਾਕੀ ਹੈ। ਸ਼ਹੀਦੀ ਸਮੇ ਭਾਈ ਸਾਹਿਬ ਦੀ ਉਮਰ ਕੇਵਲ ੨੫ ਸਾਲ, ੩ ਮਹੀਨੇ, ੧੩ ਦਿਨ ਦੀ ਸੀ।

ਜ਼ਕਰੀਆ ਵਰਗਾ ਜਾਬਰ ਇਨਸਾਨ ਜਿਸ ਦੇ ਸਾਹਮਣੇ ਆਉਣ ਤੋ ਵੱਡੇ-ਵੱਡੇ ਅਹੁਦੇਦਾਰ ਵੀ ਕੰਬਦੇ ਸਨ, ਉਸ ਜ਼ਕਰੀਏ ਦੇ ਸਾਹਮਣੇ ਭਾਈ ਤਾਰੂ ਸਿੰਘ ਜੀ ਨੇ ਚੱਟਾਨ ਵਾਂਗ ਖੜ੍ਹ ਕੇ ਡੱਟ ਕੇ ਜਵਾਬ ਦਿੱਤਾ। ਭਾਈ ਮਨੀ ਸਿੰਘ ਜੀ ਜਿਨ੍ਹਾਂ ਨੇ ਬੰਦ-ਬੰਦ ਤਾਂ ਕਟਵਾ ਲਿਆ ਪਰ ਸਿੱਖੀ ਨਹੀ ਛੱਡੀ, ਐਸੇ ਮਹਾਨ ਸੰਤ ਸਿਪਾਹੀ ਕੋਲੋਂ ਛੋਟੀ ਉਮਰੇ ਅੰਮ੍ਰਿਤ ਦੀ ਦਾਤ ਮਿਲੀ ਤੇ ਭਾਈ ਰਣਜੋਧ ਸਿੰਘ ਜੀ ਕੋਲੋਂ ਵਿੱਦਿਆ ਅਤੇ ਨਿੱਤਨੇਮ ਦੀਆਂ ਬਾਣੀਆਂ ਦੀ ਸਿਖਲਾਈ ਮਿਲੀ, ਐਸੀਆਂ ਦਾਤਾਂ ਬਹੁਤ ਵਿਰਲੇ ਮਨੁੱਖਾਂ ਨੂੰ ਹੀ ਪ੍ਰਾਪਤ ਹੁੰਦੀਆਂ ਹਨ।

ਜ਼ਕਰੀਆ ਖਾਨ ਆਏ ਹੋਏ ਮੁਖਬਰਾਂ ਤੇ ਚੌਧਰੀਆਂ ਨਾਲ ਸਿੱਖਾਂ ਨੂੰ ਖਤਮ ਕਰਨ ਬਾਰੇ ਵਿਚਾਰਾਂ ਕਰ ਰਿਹਾ ਸੀ ਤੇ ਕਹਿ ਰਿਹਾ ਸੀ, "ਮੇਰੀਆਂ ਫੌਜਾਂ ਉਹਨਾਂ ਨੂੰ ਨਾਕੇ ਲਾ ਲਾ ਕੇ ਲੱਭਦੀਆਂ ਹਨ ਤੇ ਮਾਰ ਰਹੀਆਂ ਹਨ। ਜਿਸ ਪਿੰਡ ਵਿੱਚ ਕੋਈ ਇੱਕ ਵੀ ਸਿੰਘ ਹੋਵੇ, ਮੈਂ ਉਹ ਸਾਰਾ ਪਿੰਡ ਹੀ ਉਜਾੜ ਦਿੰਦਾ ਹਾਂ। ਇਹ ਸਾਰੇ ਸਿੰਘ ਭੇਸ ਵਟਾ ਕੇ ਭਟਕਦੇ ਫਿਰਦੇ ਹਨ ਤੇ ਮੇਰੇ ਤੋਂ ਡਰਦੇ ਹੋਏ ਆਪਣੇ ਘਰ-ਬਾਰ ਛੱਡਕੇ ਸਿਵਾਲਕ ਦੀਆਂ ਪਹਾੜੀਆਂ, ਰਾਜਸਥਾਨ ਦੇ ਮਾਰੂਥਲਾਂ ਅਤੇ ਲੱਖੀ ਦੇ ਜੰਗਲਾਂ ਵਿੱਚ ਚਲੇ ਗਏ ਹਨ। ਮੈਂ ਉਨ੍ਹਾਂ ਦੇ ਰਿਸ਼ਤੇਦਾਰਾਂ, ਜਿਹੜੇ ਪਿੰਡਾਂ 'ਚ ਰਹਿੰਦੇ ਸਨ, ਉਹਨਾਂ ਦੇ ਘਰਾਂ ਨੂੰ ਵੀ ਤਬਾਹ ਕਰ ਦਿੱਤਾ ਹੈ। ਖੱਲ, ਖੱਡਾਂ 'ਚੋਂ ਵੀ ਭਾਲ ਕੇ ਮਾਰ ਦਿੱਤਾ ਹੈ। ਮੁਗਲ ਤਾਂ ਬਾਜ਼ ਹਨ ਪਰ ਇਹ ਸਿਖ ਬਟੇਰੇ, ਮਾਰਿਆਂ ਨਹੀਂ ਮੁੱਕਦੇ...।"

ਫਿਰ ਜ਼ਕਰੀਏ ਨੇ ਕੁਝ ਲੰਬਾ ਸਾਹ ਲਿਆ ਤੇ ਕਹਿਣਾ ਸ਼ੁਰੂ ਕੀਤਾ, "ਮੈਂ ਹੈਰਾਨ ਹਾਂ ਕਿ ਇਹ ਸਿੰਘ ਅੰਨ ਤੋਂ ਬਿਨਾਂ ਕਿਵੇਂ ਜਿਉਂਦੇ ਰਹਿੰਦੇ ਹੋਣਗੇ...! ਸਾਗ ਪੱਤੇ ਖਾ ਕੇ ਕੋਈ ਕਿੰਨਾਂ ਚਿਰ ਜਿਉਂਦਾ ਰਹਿ ਸਕਦਾ ਹੈ..। ਜੇ ਜਿਉਂਦਾ ਰਹਿ ਵੀ

ਜਾਵੇ ਤਾਂ ਤੁਰਨ ਜੋਗਾ ਕਿਵੇਂ ਹੋ ਸਕਦਾ ਹੈ...!,ਜਿਥੋਂ ਇਹਨਾਂ ਨੂੰ ਚੜ੍ਹਤ ਆਉਂਦੀ ਸੀ (ਭਾਵ ਗੁਰਦੁਆਰੇ),ਮੈਂ ਉਹ ਵੀ ਸਾਰੇ ਢਾਹ ਦਿੱਤੇ ਹਨ ਤੇ ਇਹ ਸਥਾਨ ਹੀ ਇਹਨਾਂ ਦੀ ਸ਼ਕਤੀ ਦੇ ਕੇਂਦਰ ਸਨ। ਪਰ ਫਿਰ ਵੀ ਇਹ ਸਿੰਘ ਮੁੱਕਣ ਵਿੱਚ ਹੀ ਨਹੀ ਆ ਰਹੇ...''।

ਨੋਟ :- ਭਾਈ ਰਤਨ ਸਿੰਘ ਭੰਗੂ ਨੇ ਇਸ ਗੱਲ ਦਾ ਜ਼ਿਕਰ ਆਪਣੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ' ਵਿੱਚ ਕੀਤਾ ਹੈ :-

"ਗੁਰਦੁਆਰੇ ਜੋ ਚੜ੍ਹਤ ਚੜ੍ਹਾਵੇ, ਸੋ ਭੀ ਮੈ ਨੇ ਢਏ ਹਟਾਏ !
ਨਹਿ ਗੁਰੂਅਨ ਕੋ ਦੇਇ ਨਿਆਜ, ਹਟਾਇ ਦਈ ਮੈ ਸਿੰਘਨ ਰਾਜ!
ਉਇ ਭੁੱਖੇ ਕਿਸ ਨਾਹਿ ਮਰਹੀ, ਦਾਨਾ ਪਾਣੀ ਜਿਨ ਲੱਭੈ ਨਾਹੀ !
ਫੌਜ ਟੋਲੇ ਕਿਸ ਬੰਨ੍ਹ ਕੇ ਰਾਹੀਂ, ਖੋਜ ਟੋਲਕੇ ਮਾਰੈ ਤਾਹੀ ॥੬॥
ਜਿਨ ਪਿੰਡਨ ਮੈ ਸਿੰਘ ਕੋ ਭਯੋ, ਸੋਈ ਪਿੰਡ ਉਜਾੜ ਮੈ ਦਯੋ!
ਛੋਡ ਗਏ ਵੇ ਅਪਨੇ ਦੇਸ, ਭੁੱਖੇ ਹੋਇ ਵਟਾਵੇਂ ਭੇਸ ॥੭॥
ਮੈ ਸਿੰਘਨ ਕੇ ਸਾਕ ਭੀ ਮਾਰੇ, ਖੱਡਨ ਮੈ ਤੇ ਟੋਲ ਕਢ ਮਾਰੇ!
ਮੁਗਲ ਬਾਜ਼ ਹੈਂ ਸਿੰਘ ਬਟੇਰੇ, ਮਾਰੇ ਮੁਗਲਨ ਨੇ ਬਹੁ ਘੇਰੇ ॥੮॥
ਰਿਜਕ ਬਿਨਾ ਕੋਈ ਜੀਵੈ ਨਾਹੀ,ਉਇ ਕਿਮ ਜੀਵੈ ਰਿਜਕ ਬਿਨਾਹੀ!
ਪੱਤ ਸਾਗ ਖਾਇ ਮਨੁੱਖ ਕਬ ਜੀਵੈ,ਜੋ ਜੀਵੈ ਤੁਰਨ ਜੋਗ ਕਿਮ ਥੀਵੈ ॥੯॥"

ਜ਼ਕਰੀਆ ਖਾਨ ਆਪਣੀ ਜਗ੍ਹਾ ਤੋਂ ਉਠਿਆ ਤੇ ਕੁਝ ਸੋਚਣ ਲੱਗਾ। ਫਿਰ ਇੱਕਦਮ ਬੋਲਿਆ,"ਕਿਤੇ ਮੁਖਬਰ ਮੁਖਬਰੀ ਕਰਨ ਵਾਲੇ ਬੇਈਮਾਨ ਤਾਂ ਨਹੀਂ ਬਣ ਗਏ....! ਜੋ ਐਲਾਨ ਮੈਂ ੨ ਮਈ ਨੂੰ ਕੀਤਾ ਹੈ ਕਿਤੇ ਉਹ ਘੱਟ ਤਾਂ ਨਹੀਂ..! ਜੇ ਇਸ ਤਰਾਂ ਹੈ ਤਾਂ ਮੈਂ ਨਵੇਂ ਐਲਾਨ ਕਰ ਦਿੰਦਾ ਹਾਂ। ਸਾਰੇ ਇਨਾਮ ਉਸ ਤੋਂ ਵੀ ਦੁੱਗਣੇ ਦਿੱਤੇ ਜਾਣਗੇ..."।

ਇਹ ਸਾਰੇ ਚੌਧਰੀ ਲਾਲਚੀ ਕੁੱਤਿਆਂ ਵਾਂਗ ਜ਼ਕਰੀਏ ਖਾਂ ਵੱਲ ਵੇਖ ਰਹੇ ਸਨ ਕਿ ਕਦੋਂ ਇਹ ਚੁੱਪ ਕਰੇ ਤੇ ਕਦੋਂ ਸਾਨੂੰ ਹੱਡੀ ਪਾਵੇ ਅਤੇ ਕਦੋਂ ਅਸੀ ਆਪਣੇ ਪਾਪਾਂ ਵਾਲੇ ਰਜਿਸਟਰ ਖੋਲ੍ਹ ਕੇ ਨਰਕਾਂ ਵਾਲੇ ਧਨ ਨਾਲ ਜੇਬਾਂ ਗਰਮ ਕਰੀਏ। ਸਭ ਤੋਂ ਅਗਲੀ ਕਤਾਰ ਵਿੱਚੋਂ ਹਰਿਭਗਤ ਨਿਰੰਜਣੀਆ ਉਠਿਆ ਕਿਉਂਕਿ ਇਸਦੇ ਅੰਦਰ ਲਾਲਚੀ ਕੁੱਤਾ ਬੈਠਾ ਸੀ ਜੋ ਆਪਣੇ ਮਾਲਕ ਨੂੰ ਵੀ ਵੱਢਣ ਨੂੰ ਤਿਆਰ ਸੀ ਇਹ ਪਾਪੀ ਭੁੱਲ ਗਿਆ ਸੀ ਕਿ ਗੁਰੂ ਅਮਰਦਾਸ ਜੀ ਦੀਆਂ ਬਖਸ਼ਿਸ਼ਾਂ ਜਿਨ੍ਹਾਂ ਨੇ ਇਸ ਦੇ ਪੜਦਾਦਾ ਤੇ ਲੱਕੜਦਾਦਾ ਭਾਈ ਹਿੰਦੋਲ ਨੂੰ ਦਿੱਤੀਆਂ ਸਨ।

ਨਾਸ਼ੁਕਰਾ ਹੋਇਆ ਇਹ ਅਕ੍ਰਿਤਘਣ ਬੋਲਿਆ,"ਨਵਾਬ ਸਾਹਿਬ,ਅਜੇ ਵੀ ਦੁਨੀਆਂ ਤੇ ਕੁਝ ਅਜਿਹੇ ਸਿੱਖ ਹਨ ਜੋ ਆਪਣੇ ਸਿੱਖ ਭਰਾਵਾਂ ਨੂੰ ਪਹਿਲਾਂ ਖਵਾ ਕੇ ਫਿਰ ਬਾਅਦ 'ਚ ਆਪ ਖਾਂਦੇ ਹਨ। ਉਹ ਆਪ ਭੁੱਖ ਨੰਗ ਸਹਿ ਸਕਦੇ ਹਨ ਪਰ ਸਿੰਘਾਂ ਦਾ ਦੁੱਖ ਨਹੀ ਦੇਖ ਸਕਦੇ। ਠੰਡ ਦੇ ਦਿਨਾਂ ਵਿੱਚ ਉਹ ਆਪ ਤਾਂ ਅੱਗ ਸੇਕ ਕੇ ਸਿਆਲ ਗੁਜ਼ਾਰ ਲੈਂਦੇ ਹਨ ਪਰ ਸਿੰਘਾਂ ਨੂੰ ਪੁਸ਼ਾਕਾਂ ਸਿਉਂ ਕੇ ਘਲਦੇ ਹਨ। ਉਹ ਚੱਕੀ ਪੀਹ ਕੇ ਵਾਣ ਵੱਟਣ ਦੀ ਮਜ਼ਦੂਰੀ ਕਰਕੇ ਜੋ ਕਮਾਂਉਦੇ ਹਨ,ਆਪਣੇ ਸਿੱਖ

ਭਰਾਵਾਂ ਨੂੰ ਪਹੁੰਚਾ ਦਿੰਦੇ ਹਨ। ਹੋਰ ਤਾਂ ਹੋਰ ਦੂਰ ਦੁਰਾਡੇ ਜਾ ਕੇ ਨੌਕਰੀ ਜਾਂ ਮਜ਼ਦੂਰੀ ਕਰਨ ਵਾਲੇ ਸਿੱਖ ਵੀ ਆਪਣੇ ਪਿਆਰੇ ਸਿੰਘ ਭਰਾਵਾਂ ਨੂੰ ਕੁਝ ਨਾ ਕੁਝ ਭੇਜਦੇ ਰਹਿੰਦੇ ਹਨ। ਭਲਾ ਇਹੋ ਜਿਹੇ ਹਾਲਾਤ ਵਿੱਚ ਸਿੰਘਾਂ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ...? ਰਾਤ ਭਰ ਛੋਲੇ ਭੁੰਨ ਕੇ ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਸਿੰਘਾਂ ਨੂੰ ਪਹੁੰਚਾ ਦਿੰਦੇ ਹਨ। ਇਹ ਆਪਣੀ ਜਾਨ ਤਲੀ ਤੇ ਰੱਖ ਕੇ ਫੇਰ ਸੇਵਾ ਕਰਦੇ ਹਨ...।"

ਤਾਂ ਜ਼ਕਰੀਆ ਖਾਨ ਆਖਣ ਲੱਗਾ, "ਕਿਸੇ ਦਾ ਨਾਮ ਵੀ ਲਏਂਗਾ ਜਾਂ ਮਦੱਦ ਕਰਨ ਵਾਲਿਆਂ ਦੇ ਗੁਣ ਹੀ ਗਾਈ ਜਾਏਂਗਾ...।"

ਹਰਿਭਗਤ ਨਿਰੰਜਣੀਏ ਨੇ ਥੋੜ੍ਹਾ ਝਿਜਕ ਕੇ ਆਖਿਆ," ਨਵਾਬ ਸਾਹਿਬ, ਉਸਦਾ ਨਾਮ ਹੈ-ਤਾਰੂ ਸਿੰਘ..!"

ਨੋਟ :- ਹਰਿਭਗਤ ਨਿਰੰਜਣੀਆ ਨੇ ਜ਼ਕਰੀਆ ਖਾਨ ਦੇ ਜੋ ਕੰਨ ਭਰੇ ਸਨ, ਉਸਨੂੰ ਗਿ. ਗਿਆਨ ਸਿੰਘ ਜੀ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼' ਵਿੱਚ ਪ੍ਰਕਾਸ਼ਿਤ ਕੀਤਾ ਹੈ, ਜਿਸ ਦਾ ਉਤਾਰਾ ਹੇਠਾਂ ਕੀਤਾ ਗਿਆ ਹੈ।

"ਪੂਲੇ ਵਾਰੋ ਤਾਰੂ ਸਿੰਘ ਸਦਾਵੇ ਜੋਊ,
ਸਿੰਘਨ ਕੇ ਪਾਸ ਸੋਊ ਖਰਚ ਪੁਚਾਇ ਹੈ॥
ਆਪ ਦੂਖ ਭੂਖ ਸੈਹੈਂ ਸਿੰਘਨ ਕੋ ਸੁਖ ਦੇਹੈਂ,
ਭੂਜੇ ਚਣੇ ਚਾਬੈ ਆਪ, ਰੋਟੀ ਉਨੈਂ ਦਾਇ ਹੈਂ॥
ਜਾਨਕੈ ਭਗਤ ਤਾਂਕਾ ਮਾਨਹੈ ਬਚਨ ਲੋਗ,
ਭੋਗਸ਼ਾਹੀ ਚੋਰਨ ਕੋ ਹੋਰਨ ਤੇ ਦਯਾਇ ਹੈਂ॥
ਔਰ ਮੀਰਾਂਕੋਟੀਆ ਮਤਾਬ ਸਿੰਘ ਤਾਂਕੋ ਯਾਰ,
ਰਾਖਤ ਪਯਾਰਵੇ ਸੁਨੈਚੀਏ ਸਦਾਏ ਹੈਂ॥
ਸਿੰਘ ਤਾਂਕੇ ਸਾਥ ਬਹੁ ਧਾੜਾ ਚੋਰੀ ਹੈ ਕਰਤ ਆਤ,
ਧਨ ਜੋਊ ਤਾਰੂ ਸਿੰਘ ਕੇ ਦੇ ਜਾਇ ਹੈਂ ॥੧੦॥"

ਜ਼ਕਰੀਏ ਖਾਨ ਨੇ ਹਰਿਭਗਤ ਨਿਰੰਜਣੀਏ ਵੱਲ ਦੇਖ ਕੇ ਤਲਵਾਰ 'ਤੇ ਹੱਥ ਰੱਖ ਕੇ ਕਿਹਾ, "ਕਿੰਨੀ ਉਮਰ ਹੈ ਇਸਦੀ..ਅਸਰ ਰਸੂਖ ਕੈਸਾ ਹੈ..ਕਿਹੜੇ ਪਿੰਡ ਦਾ ਹੈ. ਤੇ ਕੌਣ ਹੈ ਉਥੋਂ ਦਾ ਚੌਧਰੀ...?"

"ਹਜ਼ੂਰ,ਉਮਰ ਤਾਂ ਉਸਦੀ ੨੪-੨੫ ਸਾਲ ਦੀ ਹੈ ਪਰ ਸ਼ਰੀਰਕ ਕੱਦ ਸੱਤ ਫੁਟ ਤੋਂ ਵੀ ਲੰਬਾ ਹੈ। ਮੋਟੀਆਂ ਅੱਖਾਂ ਤੇ ਸ਼ਰੀਰ ਦੀ ਡੀਲ ਡੋਲ ਦੇਖਕੇ ੩੨-੩੩ ਸਾਲ ਦਾ ਲਗਦਾ ਹੈ। ਅਸਰ ਰਸੂਖ ਤਾਂ ਐਨਾਂ ਹੈ ਕਿ ਇਲਾਕੇ ਦੇ ਮੁਸਲਮਾਨ ਵੀ ਪਾਣੀ ਭਰਦੇ ਹਨ ਤੇ ਬਹੁਤ ਚਲਾਕ ਵੀ ਹੈ। ਸਭ ਦੀ ਸੇਵਾ ਕਰਦਾ ਹੈ,ਜ਼ਾਤ-ਪਾਤ ਨਹੀ ਦੇਖਦਾ। ਪਿੰਡ ਦੇ ਮੁਸਲਮਾਨ ਲੜਕੇ ਦਿਲਾ ਖ਼ਾਂ ਤੇ ਆਲਮ ਖ਼ਾਂ ਉਸਦੇ ਨਾਲ ਹਨ। ਉਸਦਾ ਪਿੰਡ ਪੂਹਲਾ, ਤਹਿਸੀਲ ਕਸੂਰ ਤੇ ਜ਼ਿਲਾ ਲਾਹੌਰ ਹੈ ਤੇ ਹਜ਼ੂਰ ਉਸ ਇਲਾਕੇ ਦਾ ਚੌਧਰੀ ਮੈਂ ਹੀ ਹਾਂ.." ਹਰਿਭਗਤ ਨਿਰੰਜਣੀਏ ਨੇ ਇੱਕੋ ਸਾਹ ਵਿੱਚ ਹੀ ਸਾਰਾ ਕੁਝ ਜ਼ਕਰੀਆ ਖਾਨ ਨੂੰ ਦੱਸ ਦਿੱਤਾ।

ਜ਼ਕਰੀਏ ਨੇ ਵੀ ਜਲਦੀ-ਜਲਦੀ ਕਾਰਵਾਈ ਕਰਨ ਲਈ ਕਿਹਾ, "ਪੂਰੀ ਰਿਪੋਰਟ ਲਿਖ ਕੇ ਦਰਬਾਰੀਆਂ ਨੂੰ ਦੇ, ਤਾਂ ਕਿ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇ..!"

ਗ੍ਰਿਫਤਾਰੀ ਦਾ ਹੁਕਮ ਮੋਮਨ ਖ਼ਾਂ ਨੂੰ ਦੇਣਾ

ਹਰਿਭਗਤ ਨਿਰੰਜਨੀਏ ਤੋਂ ਬਾਅਦ ਢਾਈ ਤਿੰਨ ਸੌ ਮੁਖਬਰ ਪਹੁੰਚਿਆ ਜਿਨ੍ਹਾਂ ਨੇ ਅੱਲਗ-ਅੱਲਗ ਰਿਪੋਰਟਾਂ ਬਣਾ ਕੇ ਦਿੱਤੀਆਂ। ਇਹ ਸਭ ਕੁਝ ਹੁੰਦਿਆਂ ਪੰਜ-ਛੇ ਦਿਨ ਲੰਘ ਗਏ।੨੪ ਮਈ ਨੂੰ ਇਹ ਰਿਪੋਰਟ ਬਣ ਕੇ ਜ਼ਕਰੀਆ ਖਾਨ ਕੋਲ ਪਹੁੰਚੀ ਤੇ ਜ਼ਕਰੀਏ ਨੇ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ। ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਨ ਦੀ ਜ਼ਿੰਮੇਵਾਰੀ ਫੌਜਦਾਰ ਮੋਮਨ ਖਾਨ ਦੀ ਲੱਗੀ। ਫੌਜ਼ਦਾਰ ਮੋਮਨ ਖ਼ਾਂ ੨੫ ਸਿਪਾਹੀਆਂ ਨੂੰ ਨਾਲ ਲੈ ਕੇ ਹਰਿਭਗਤ ਨਿਰੰਜਨੀਏ ਦੇ ਵਫਾਦਾਰ ਅੰਗ ਰੱਖਿਅਕ ਦਮੋਦਰ ਨਿਰੰਜਨੀਏ ਕੋਲ ਗਏ ਤਾਂ ਕਿ ਉਹ ਗ੍ਰਿਫਤਾਰੀ ਵਿੱਚ ਮਦਦ ਕਰ ਸਕੇ। ਪਰ ਦਮੋਦਰ ਨੇ ਸਿੱਧੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਸਖਤੀ ਵਰਤਨ ਤੇ ਉਹ ਇਸ ਸ਼ਰਤ ਤੇ ਤਿਆਰ ਹੋਇਆ ਕਿ ਉਹ ਭਾਈ ਤਾਰੂ ਸਿੰਘ ਦੇ ਘਰ ਨਹੀ ਜਾਵੇਗਾ।

ਉਸਨੇ ਮੋਮਨ ਖ਼ਾਂ ਦੇ ਇੱਕ ਸਿਪਾਹੀ ਨੂੰ ਵਿਉਂਤ ਦੱਸੀ ਤੇ ਕਿਹਾ,"ਮੈਂ ਪਹਿਲਾਂ ਤੈਨੂੰ ਤਾਰੂ ਸਿੰਘ ਦਾ ਘਰ ਦਿਖਾਵਾਂਗਾ,ਫਿਰ ਤੁਸੀ ਮੋਮਨ ਖ਼ਾਂ ਨੂੰ ਨਾਲ ਲੈ ਕੇ ਉਸਨੂੰ ਫੜ ਲਿਉ..!"

ਸਿਪਾਹੀ ਨੇ ਦਮੋਦਰ ਦੀ ਕਹੀ ਗੱਲ ਮੋਮਨ ਖ਼ਾਂ ਨੂੰ ਦੱਸੀ। ਮੋਮਨ ਖ਼ਾਂ ਨੇ ਸਿਪਾਹੀ ਦੀ ਗੱਲ ਸੁਣੀ ਤੇ ਹੱਸ ਕੇ ਦਮੋਦਰ ਨੂੰ ਕਿਹਾ, "ਦਮੋਦਰ ਨਿਰੰਜਣੀਆ, ਤੂੰ ਘਬਰਾ ਨਾ, ਅਸੀਂ ਤੇਰੇ ਨਾਲ ਹਾਂ।"

ਦਮੋਦਰ ਨਿਰੰਜਣੀਆ ਆਖਣ ਲੱਗਾ,"ਜਦੋਂ ਪਹਿਲਾਂ ਸਿੰਘਾ ਇੰਨੇ ਮੁਖਬਰ ਘਰਾਂ ਵਿੱਚ ਤੇ ਰਸਤਿਆਂ ਵਿੱਚ ਜਾ-ਜਾ ਕੇ ਮਾਰੇ ਨੇ,ਉਦੋਂ ਤੁਸੀਂ ਕਿੱਥੇ ਸੀ? ਮੈ ਅੱਖੀਂ ਦੇਖਿਆ ਹੈ ਜਿਸ ਮੁਖਬਰ ਨੇ ਭਾਈ ਦੀਦਾਰ ਸਿੰਘ ਦੀ ਮੁਖਬਰੀ ਕੀਤੀ ਸੀ,ਉਸ ਨੂੰ ਇਹੀ ਤਾਰੂ ਸਿੰਘ ਨੇ ਹੋਰ ਸਿੰਘਾਂ ਨੂੰ ਨਾਲ ਲੈ ਕੇ ਬਹੁਤ ਸਜ਼ਾਵਾਂ ਦਿੱਤੀਆਂ ਤੇ ਆਖਰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਹ ਸਿੰਘ ਹੋਰ ਕਿਸੇ ਨੂੰ ਮਾਰਨ ਚਾਹੇ ਨਾ ਮਾਰਨ ਪਰ ਮੁਖਬਰਾਂ ਨੂੰ ਤਾਂ ਚੁਣ-ਚੁਣ ਕੇ ਮਾਰਦੇ ਨੇ...।"

ਮੋਮਨ ਖ਼ਾਂ ਆਖਣ ਲੱਗਾ,"ਚੱਲ ਠੀਕ ਹੈ, ਜਿਵੇਂ ਤੇਰੀ ਮਰਜ਼ੀ, ਪਰ ਤੂੰ ਸਾਨੂੰ ਡਰਾ ਨਾ, ਬੱਸ ਸਾਡੇ ਨਾਲ ਚੱਲ।" ਇਸ ਤਰਾਂ ਦਮੋਦਰ, ਭਾਈ ਤਾਰੂ ਸਿੰਘ ਦੇ ਘਰ ਨਾ ਜਾਣ ਦੀ ਸ਼ਰਤ ਰੱਖ ਕੇ ਲਾਹੌਰ ਤੋਂ ਪੂਹਲੇ ਜਾਣ ਲਈ ਤਿਆਰ ਹੋਇਆ। ਲਾਹੌਰ ਤੋਂ ਪੂਹਲੇ ਦਾ ਸਫਰ ਤਕਰੀਬਨ ਢਾਈ ਦਿਨ ਦਾ ਸੀ। ਘੋੜੀਆਂ 'ਤੇ ਇੱਕ ਰਾਤ ਰਸਤੇ ਵਿੱਚ ਗੁਜ਼ਾਰਨੀ ਪੈਂਦੀ ਸੀ। ਇਸ ਤਰਾਂ ੨੫ ਮਈ ੧੭੪੫ ਨੂੰ ਲਾਹੌਰ ਤੋਂ ਚੱਲ ਕੇ ਇਹ ਸਾਰੇ ੨੭ ਮਈ, ੧੭੪੫ ਨੂੰ ਪਿੰਡ ਪੂਹਲੇ ਪਹੁੰਚੇ।

ਅੱਜ ੨੭ ਮਈ,੧੭੪੫ ਈ: ਨੂੰ ਭਾਈ ਤਾਰੂ ਸਿੰਘ ਜੀ ਦੀ ਉਮਰ ੨੫ ਸਾਲ,ਦੋ ਮਹੀਨੇ,ਅੱਠ ਦਿਨ ਦੀ ਹੋ ਗਈ। ਜ਼ਕਰੀਆ ਖਾਨ ਦੇ ਭੇਜੇ ਲਾਲਚੀ ਹਰਭਗਤ ਨਿਰੰਜਣੀਆ ਪਿੰਡ ਪੂਹਲੇ ਦੇ ਬਾਹਰ ਮੋਮਨ ਖ਼ਾਂ ਤੇ ਉਸਦੇ ਸਿਪਾਹੀਆਂ ਨਾਲ ਲੁਕਿਆ ਬੈਠਾ ਸੀ ਤੇ ਇਹ ਸਾਰੇ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਕਦੋਂ ਮੂੰਹ ਹਨੇਰਾ ਹੋਵੇ ਤੇ ਕਦੋਂ ਦਮੋਦਰ ਨਿਰੰਜਣੀਆ ਆ ਕੇ ਭਾਈ ਤਾਰੂ ਸਿੰਘ ਦਾ ਘਰ ਦੱਸੇ ਕਿਉਂਕਿ ਉਹ ਭਾਈ ਤਾਰੂ ਸਿੰਘ ਨੂੰ ਰਾਤ ਨੂੰ ਹੀ ਛਾਪਾ ਮਾਰ ਕੇ ਗ੍ਰਿਫਤਾਰ ਕਰਕੇ ਲਾਹੌਰ ਵੱਲ ਜਾਣਾ ਚਾਹੁੰਦਾ ਸੀ।

ਹਰਭਗਤ ਨਿਰੰਜਣੀਆ ਤਟ ਮੋਮਨ ਖ਼ਾਂ ਡਰਦੇ ਮਾਰੇ ਪਿੰਡ ਦੇ ਕਿਸੇ ਬੰਦੇ ਨਾਲ ਗੱਲ ਵੀ ਨਹੀਂ ਕਰ ਰਹੇ ਸਨ ਕਿਉਂਕਿ ਜੇ ਸਿੰਘ ਨੂੰ (ਭਾਈ ਤਾਰੂ ਸਿੰਘ ਨੂੰ) ਪਤਾ ਲੱਗ ਗਿਆ,ਕਿਧਰੇ ਉਹ ਜੰਗਲ ਨੂੰ ਨਾ ਭੱਜ ਜਾਵੇ। ਜੇ ਇਸ ਤਰ੍ਹਾਂ ਹੋਇਆ ਤਾਂ ਉਹਨਾਂ ਲਈ ਮੁਸੀਬਤ ਦੀ ਘੜੀ ਹੋ ਸਕਦੀ ਹੈ ਤੇ ਭਾਈ ਤਾਰੂ ਸਿੰਘ ਨੂੰ ਲਾਹੌਰ ਲਿਜਾਣ ਵਿੱਚ ਕਈ ਦਿਨ ਲੱਗ ਜਾਣਗੇ। ਪਤਾ ਨਹੀ ਮਿਲੇਗਾ ਵੀ ਕਿ ਨਹੀ...! ਤੇ ਜੇ ਖਾਲੀ ਮੁੜਨਾ ਪੈ ਗਿਆ ਤਾਂ ਨਵਾਬ ਜ਼ਕਰੀਆ ਖਾਨ ਕੋਲੋਂ ਸਜ਼ਾ ਦੇ ਹੱਕਦਾਰ ਹੋ ਜਾਵਾਂਗੇ।

ਉਧਰ ਦਮੋਦਰ ਨਿਰੰਜਣੀਆ ਫੌਜੀ ਟੁਕੜੀ ਕੋਲ ਇਸ ਲਈ ਆਉਣ ਤੋਂ ਡਰਦਾ ਸੀ ਕਿਉਂਕਿ ਅਜੇ ਦਿਨ ਖੜਾ ਸੀ ਤੇ ਜੇ ਸਿੰਘਾਂ ਨੂੰ ਪਤਾ ਲੱਗ ਗਿਆ ਕਿ ਮੁਖਬਰੀ ਉਸਨੇ ਕੀਤੀ ਹੈ ਤਾਂ ਸਿੰਘਾਂ ਨੇ ਭਲੀ ਨਹੀਂ ਗੁਜ਼ਾਰਨੀ। ਕਾਲੀ ਰਾਤ ਨੂੰ ਉਡੀਕ ਰਿਹਾ ਸੀ ਕਿ ਘਰ ਦੱਸ ਕੇ ਰਾਤੋ ਰਾਤ ਭੱਜ ਜਾਵੇਗਾ।

ਪਿੰਡ ਦੇ ਬਹੁਤ ਸਾਰੇ ਲੋਕਾਂ ਨੇ ਜਦੋਂ ਇਹ ਫੌਜੀ ਦਸਤਾ ਦੇਖਿਆ ਤਾਂ ਉਹਨਾਂ ਨੇ ਕਿਆਸ ਅਰਾਈਆਂ ਲਾਈਆਂ ਕਿ ਸਾਡੇ ਪਿੰਡ ਦੇ ਬਾਹਰ ਫੌਜ ਬੈਠੀ ਹੈ। ਕੋਈ ਨਾ ਕੋਈ ਭਾਰੀ ਦੁੱਖ ਵਰਤਣ ਵਾਲਾ ਹੈ।

ਇਸ ਪਾਪੀ ਦਮੋਦਰ ਨਿਰੰਜਣੀਏ ਨੇ ਰਾਤ ਪੈਣ ਸਾਰ ਹੀ ਮੋਮਨ ਖ਼ਾਂ ਦੀ ਫੌਜੀ ਟੁਕੜੀ ਨਾਲ ਸੰਪਰਕ ਕੀਤਾ ਤੇ ਇਕ ਸਿਪਾਹੀ ਨੂੰ ਨਾਲ ਲੈ ਕੇ ਭਾਈ ਤਾਰੂ ਸਿੰਘ ਜੀ ਦਾ ਘਰ ਵਿਖਾ ਦਿੱਤਾ ਅਤੇ ਆਪ ਜਲਦੀ ਨਾਲ ਅੱਖ ਬਚਾ ਕੇ ਉਥੋਂ ਭੱਜ ਗਿਆ।

ਉਧਰ ਭਾਈ ਤਾਰੂ ਸਿੰਘ ਜੀ ਤੇ ਭੈਣ ਗੁਰਜੋਈ ਕੌਰ ਜੀ ਘਰ ਅੰਦਰ ਬੈਠੀਆਂ ਹੋਈਆਂ ਸੰਗਤਾਂ ਨੂੰ ਲੰਗਰ ਛਕਾ ਰਹੇ ਸਨ। ਕੁਝ ਇਤਿਹਾਸਕਾਰ ਲਿਖਦੇ ਹਨ ਕਿ ਮੋਮਨ ਖ਼ਾਂ ਦੇ ਸਿਪਾਹੀਆਂ ਨੇ ਭੇਸ ਬਦਲ ਕੇ ਲੰਗਰ ਵੀ ਛਕਿਆ। ਇਹਨਾਂ ਵਿੱਚੋਂ ਕੁਝ ਪਾਪੀਆਂ ਨੇ ਉਦੋਂ ਹੀ ਭੈਣ ਗੁਰਜੋਈ ਕੌਰ ਨੂੰ ਮਾੜੀ ਨਜ਼ਰ ਨਾਲ ਵੇਖਿਆ ਤੇ ਭਾਈ ਤਾਰੂ ਸਿੰਘ ਦੇ ਨਾਲ ਉਸਨੂੰ ਵੀ ਲਿਜਾਣ ਦਾ ਫੈਸਲਾ ਕੀਤਾ। ਭਾਈ ਤਾਰੂ ਸਿੰਘ ਜੀ ਨੂੰ ਪਿੰਡ ਦੇ ਲੋਕਾਂ ਨੇ ਬਾਹਰ ਬੈਠੀ ਫੌਜ ਬਾਰੇ ਦੱਸ ਦਿੱਤਾ ਤੇ ਮਾਤਾਂ ਹਰਜੋਈ,ਭੈਣ ਗੁਰਜੋਈ ਤੇ ਭਾਈ ਸਾਹਿਬ ਨੂੰ ਇਸ ਗੱਲ ਦਾ ਪੂਰਾ ਸ਼ੱਕ ਹੋ ਗਿਆ ਕਿ ਇਹ ਫੌਜ ਭਾਈ ਤਾਰੂ ਸਿੰਘ ਨੂੰ ਹੀ ਗ੍ਰਿਫਤਾਰ ਕਰਨ ਆਈ ਹੈ।

ਮਾਂ, ਪੁੱਤ ਅਤੇ ਭੈਣ ਦਾ ਪਿਆਰ

ਰਾਤ ਨੇ ਕਾਲੀ ਕੰਬਲੀ ਫੈਲਾ ਦਿੱਤੀ। ਅੱਜ ਮਾਂ-ਪੁੱਤ ਗਹਿਰੀ ਸੋਚ ਵਿੱਚ ਹਨ। ਸਾਰੇ ਪਰਿਵਾਰ ਨੇ ਹਮੇਸ਼ਾਂ ਦੀ ਤਰਾਂ ਰਹਿਰਾਸ ਸਾਹਿਬ ਜੀ ਦੇ ਭੋਗ ਪਾਏ। ਘਰ ਵਿੱਚ ਆਈ ਸੰਗਤ ਲਈ ਅੰਨ ਜਲ ਤਿਆਰ ਕੀਤਾ। ਪਹਿਲਾਂ ਆਈ ਹੋਈ ਸੰਗਤ ਨੂੰ ਲੰਗਰ ਛਕਾਇਆ ਤੇ ਫਿਰ ਬਚਿਆ ਲੰਗਰ ਪਰਿਵਾਰ ਨੇ ਛਕਿਆ। ਪਿੰਡ ਦੀਆਂ ਖਬਰਾਂ ਅਨੁਸਾਰ ਪਰਿਵਾਰ ਨੂੰ ਇਹ ਪਤਾ ਲੱਗ ਗਿਆ ਸੀ ਕਿ ਸਵੇਰੇ ਸਾਡੇ ਤੇ ਜਰੂਰ ਕੋਈ ਵੱਡੀ ਮੁਸੀਬਤ ਢਹਿਣ ਵਾਲੀ ਹੈ। ਮਾਤਾ ਹਰਜੋਈ ਕੌਰ ਨੇ ਤਾਂ ਬੱਚਿਆਂ ਦਾ ਮਨ ਰੱਖਣ ਲਈ ਹੀ ਥੋੜਾ ਜਿਹਾ ਪ੍ਰਸ਼ਾਦਾ ਛਕਿਆ, ਤਾਂ ਭਾਈ ਤਾਰੂ ਸਿੰਘ ਜੀ ਨੇ ਮਾਤਾ ਜੀ ਨੂੰ ਪੁੱਛਿਆ ਕਿ ਉਨ੍ਹਾਂ ਦੀ ਸਿਹਤ ਠੀਕ ਹੈ..?

"ਹਾਂ ਪੁੱਤਰ, ਮੈਨੂੰ ਕੀ ਹੋਣਾ ਹੈ..", ਮਾਤਾ ਜੀ ਨੇ ਆਖਿਆ।

ਭੈਣ ਗੁਰਜੋਈ ਕੌਰ ਨੇ ਫਿਰ ਪੁਛਿਆ,"ਮਾਂ,ਨਾਨਕੇ ਪਿੰਡ ਭਰਾਣੇ ਤਾਂ ਸਭ ਠੀਕ ਹਨ..?"

ਹਾਂ, ਹਾਂ ਸਭ ਪਾਸੇ ਠੀਕ ਹੈ, ਤੁਸੀਂ ਪ੍ਰਸ਼ਾਦਾ ਛਕੋ,ਅਰਦਾਸ ਕਰੋ,ਪਾਤਸ਼ਾਹ ਭਲੀ ਕਰਨ," ਮਾਤਾ ਹਰਜੋਈ ਕੌਰ ਨੇ ਥੋੜੀ ਚਿੰਤਾ ਨਾਲ ਜਵਾਬ ਦਿੱਤਾ।

"ਜੇ ਸਿਹਤ ਵੀ ਠੀਕ ਹੈ,ਸਭ ਪਾਸੇ ਖੈਰ-ਸੁੱਖ ਵੀ ਹੈ,ਫਿਰ ਮੱਥੇ 'ਤੇ ਚਿੰਤਾ ਦੇ ਬੱਦਲ ਕਿਉਂ ਦਿੱਸ ਰਹੇ ਨੇ..?", ਭੈਣ ਗੁਰਜੋਈ ਨੇ ਹੱਸ ਕੇ ਮਾਂ ਨੂੰ ਪੁੱਛਿਆ।

ਤਾਂ ਭਾਈ ਤਾਰੂ ਸਿੰਘ ਭੈਣ ਗੁਰਜੋਈ ਕੌਰ ਨੂੰ ਆਖਣ ਲੱਗੇ, "ਮਾਂ ਸਾਡੀ ਤਾਂ ਬ੍ਰਹਮਗਿਆਨੀ ਹੈ, ਆਉਣ ਵਾਲਾ ਸਮਾਂ ਇਸਨੂੰ ਪਹਿਲਾਂ ਹੀ ਦਿੱਸ ਜਾਂਦਾ ਹੈ, ਫਿਰ ਇਸਨੂੰ ਸਾਡੀ ਚਿੰਤਾ ਨਹੀ ਬਲਕਿ ਸਾਡੀ ਕੌਮ ਦੀ ਚਿੰਤਾ ਹੈ ਕਿ ਕੱਲ੍ਹ ਕੀ ਹੋਵੇਗਾ..!"

ਮਾਤਾ ਹਰਜੋਈ ਮੁੱਖ ਤੇ ਮੁਸਕਾਹਟ ਲੈ ਕੇ ਆਖਣ ਲੱਗੀ, "ਵੱਡਾ ਬ੍ਰਹਮਗਿਆਨੀ ਤਾਂ ਤੂੰ ਹੈਂ, ਤੈਨੂੰ ਦਿਸਦਾ ਸਭ ਕੁਝ, ਸਾਡੀ ਅਕਲ ਤੇ ਤਾਂ ਪੜਦਾ ਪਾ ਦਿੱਤਾ ਹੈ...।"

ਭੈਣ ਗੁਰਜੋਈ ਆਖਣ ਲੱਗੀ, "ਮਾਤਾ ਜੀ ਉਹੀ ਹੁੰਦਾ ਹੈ ਜੋ ਵਾਹਿਗੁਰੂ ਨੂੰ ਮਨਜ਼ੂਰ ਹੁੰਦਾ ਹੈ, ਫਿਰ ਅਸੀਂ ਚਿੰਤਾ ਕਿਉਂ ਕਰੀਏ। ਜਿਸ ਗੁਰੂ ਦਾ ਖਾਲਸਾ ਹੈ, ਗੁਰੂ ਆਪਿ ਹੀ ਖਾਲਸੇ ਦੀ ਰੱਖਿਆ ਕਰੇਗਾ।"

ਭਾਈ ਤਾਰੂ ਸਿੰਘ ਜੀ ਬੋਲੇ, "ਭੈਣ ਤੁਸੀਂ ਉੱਠੋ ਤੇ ਜਾ ਕੇ ਮਿੱਠੇ ਚਾਵਲ ਬਣਾਓ।"

ਭੈਣ ਗੁਰਜੋਈ ਹੈਰਾਨ ਹੋ ਕੇ ਪੁੱਛਣ ਲੱਗੀ, "ਮਿੱਠੇ ਚਾਵਲ.! ਵੀਰੇ ਤੁਹਾਨੂੰ ਭੁੱਖ ਲੱਗੀ ਹੈ ..?" "ਨਹੀਂ, ਨਹੀਂ ਮਾਤਾ ਨੇ ਪ੍ਰਸ਼ਾਦਾ ਨਹੀ ਛਕਿਆ, ਮੇਰੇ ਬਹਾਨੇ ਦੋ ਨਿਵਾਲੇ ਚਾਵਲਾਂ ਦੇ ਖਾ ਲਏਗੀ"।

ਜਦੋਂ ਬੀਬੀ ਗੁਰਜੋਈ ਕੌਰ ਨੇ ਮਾਤਾ ਜੀ ਕੋਲੋਂ ਪਤੀਲਾ ਚੁਕਿਆ ਜਿੱਥੇ ਮਾਤਾ ਜੀ ਜੂਠੇ ਭਾਂਡਿਆਂ ਦੀ ਸੇਵਾ ਕਰਦੇ ਸਨ ਤਾਂ ਮਾਤਾ ਨੇ ਗੁਰਜੋਈ ਨੂੰ ਪੁੱਛਿਆ

ਕਿ ਪਤੀਲਾ ਕੀ ਕਰਨਾ ਹੈ ਤਾਂ ਭੈਣ ਗੁਰਜੋਈ ਨੇ ਕਿਹਾ ਕਿ ਆਪ ਜੀ ਦੇ ਲਾਡਲੇ ਪੁੱਤਰ ਨੇ ਮਿੱਠੇ ਚਾਵਲ ਖਾਣੇ ਹਨ ਤਾਂ ਮਾਤਾ ਨੇ ਉਂਗਲੀ ਦਾ ਇਸ਼ਾਰਾ ਕਰਕੇ ਚਾਵਲ ਬਣਾਉਣ ਤੋਂ ਮਨ੍ਹਾ ਕਰ ਦਿੱਤਾ ਅਤੇ ਕੋਲ ਬਿਠਾ ਕੇ ਹੌਲੀ ਆਵਾਜ਼ ਵਿੱਚ ਕਿਹਾ, "ਬਾਹਰ ਘੋੜੇ ਦੀ ਪੈਰ ਚਾਲ ਲਗਦੀ ਹੈ,ਜਿਵੇਂ ਆਪਣੇ ਘਰ ਕੋਲ ਆ ਕੇ ਹੌਲੀ ਹੋ ਕੇ ਮੁੜ ਜਾਂਦੇ ਹੋਣ..."

ਭੈਣ ਗੁਰਜੋਈ ਆਖਣ ਲੱਗੀ, "ਮਾਤਾ ਜੀ,ਵੀਰ ਜੀ ਨੇ ਦੱਸਿਆ ਸੀ ਕਿ ਸ਼ਾਮ ਦੇ ਸਮੇਂ ਪਿੰਡ ਦੇ ਬਾਹਰ ਸੈਨਿਕਾਂ ਨੇ ਤੰਬੂ ਲਾਏ ਹਨ ਤੇ ਲੰਗਰ ਵੀ ਥੋੜਾ ਵੱਧ ਬਣਵਾਇਆ ਸੀ, ਹੋ ਸਕਦਾ ਸੈਨਿਕਾਂ ਵਿੱਚੋਂ ਵੀ ਇੱਥੇ ਪ੍ਰਸ਼ਾਦਾ ਛਕਣ ਆ ਜਾਣ..।"

ਮਾਤਾ ਜੀ ਨੇ ਆਵਾਜ਼ ਦੱਬ ਕੇ ਕਿਹਾ, "ਜਿਹੜੇ ਓਪਰੇ ਬੰਦੇ ਬੈਠ ਕੇ ਲੰਗਰ ਖਾ ਕੇ ਗਏ ਨੇ, ਉਨ੍ਹਾਂ ਦੀ ਤੇਰੇ ਵੱਲ ਵੇਖਣੀ ਵੀ ਮੈਨੂੰ ਚੰਗੀ ਨਹੀਂ ਸੀ ਲਗਦੀ..!"

ਭੈਣ ਗੁਰਜੋਈ ਕੌਰ ਮਾਂ ਨੂੰ ਸਮਝਾਂਉਂਦੀ ਹੋਈ ਆਖਣ ਲੱਗੀ, "ਚੱਲ ਛੱਡੋ ਤੁਸੀਂ ਵਹਿਮ ਨਾ ਕਰੋ, ਅਸੀਂ ਚਾਵਲ ਨਹੀਂ ਬਣਾਂਦੇ..। "

ਓਧਰ ਭਾਈ ਤਾਰੂ ਸਿੰਘ ਜੀ ਸੋਹਿਲਾ ਸਾਹਿਬ ਦੀ ਬਾਣੀ ਦਾ ਪਾਠ ਕਰਕੇ ਆਪਣੇ ਪਲੰਘ 'ਤੇ ਸਵਾਰ ਹੋ ਗਏ।ਮਾਤਾ ਹਰਜੋਈ ਕੌਰ ਨੇ ਭਾਂਡਿਆਂ ਦੀ ਸੇਵਾ ਕਰਕੇ ਹੱਥ ਸੁੱਚੇ ਕਰਕੇ ਆਪਣਾ ਮੰਜਾ ਵੀ ਭਾਈ ਤਾਰੂ ਸਿੰਘ ਦੇ ਪਲੰਘ ਕੋਲ ਲੈ ਆਏ ਤੇ ਵਾਰ-ਵਾਰ ਆਪਣੇ ਪੁੱਤਰ ਵੱਲ ਵੇਖ ਰਹੇ ਹਨ।ਅੱਖ ਕੁਝ ਆਖਣਾ ਚਾਹੁੰਦੀ ਹੈ ਪਰ ਮੁੱਖ ਬਿਆਨ ਨਹੀ ਕਰ ਰਿਹਾ।

ਓਧਰ ਭੈਣ ਗੁਰਜੋਈ ਵੀ ਆਪਣੀ ਮੰਜੀ ਵੀਰ ਦੇ ਚਰਨਾਂ ਵਾਲੇ ਪਾਸੇ ਲੈ ਆਈ। ਭਾਈ ਤਾਰੂ ਸਿੰਘ ਮਰਿਯਾਦਾ ਪ੍ਰਸ਼ੋਤਮ ਇੱਕਦਮ ਉਠ ਕੇ ਬੈਠ ਗਏ ਤੇ ਭੈਣ ਗੁਰਜੋਈ ਕੌਰ ਨੂੰ ਹੱਥ ਜੋੜ ਕੇ ਆਖਣ ਲੱਗੇ, "ਭੈਣ ਤੁਸੀਂ ਵੱਡੇ ਹੋ, ਆਪ ਦਾ ਅਸਥਾਨ ਚਰਨਾਂ ਵੱਲ ਨਹੀ, ਸੀਸ ਵੱਲ ਹੈ।"

ਭੈਣ ਗੁਰਜੋਈ ਕੌਰ ਆਖਣ ਲੱਗੀ, "ਉਮਰਾਂ ਵੱਡੀਆਂ ਹੋਣ ਨਾਲ ਕੀ ਹੁੰਦਾ ਹੈ ਵੀਰ,ਤੇਰੇ ਕਰਮ ਵੱਡੇ ਹਨ"। ਫਿਰ ਉਠ ਕੇ ਮਾਤਾ ਵਾਲੇ ਮੰਜੇ 'ਤੇ ਬੈਠ ਗਈ। ਮਾਤਾ ਨੇ ਸੋਹਲਾ ਸਾਹਿਬ ਦੀ ਬਾਣੀ ਦਾ ਪਾਠ ਪੂਰਾ ਕਰਕੇ ਅਰਦਾਸ ਕੀਤੀ "ਨਾਨਕ ਨਾਮ ਚੜ੍ਹਦੀ ਕਲ੍ਹਾ, ਤੇਰੇ ਭਾਣੇ ਸਰਬੱਤ ਦਾ ਭਲਾ" ਤੇ ਮੁੱਖ 'ਤੇ ਹੱਥ ਫੇਰ ਕੇ ਪੁੱਛਿਆ, "ਬੇਟੀ, ਤੁਸੀਂ ਪਾਠ ਕਰ ਲਿਆ ਹੈ.?"

ਹਾਂ ਜੀ,ਮੈ ਵੀਰ ਨਾਲ ਮਿਲ ਕੇ ਪਾਠ ਕੀਤਾ ਹੈ", ਗੁਰਜੋਈ ਕੌਰ ਨੇ ਜਵਾਬ ਦਿੱਤਾ। ਭਾਈ ਤਾਰੂ ਸਿੰਘ ਨੇ ਹੱਸ ਕੇ ਜਵਾਬ ਦਿੱਤਾ, "ਅਸੀਂ ਪਾਠ ਵੀ ਇਕੱਠੇ ਕੀਤਾ ਹੈ ਤੇ ਮਿੱਠੇ ਚਾਵਲ ਵੀ ਇੱਕਠੇ ਹੀ ਖਾਧੇ ਹਨ।"

"ਉਹ ਤਾਂ ਮੈਂ ਹੀ ਇਸ ਨੂੰ ਮਨ੍ਹਾਂ ਕੀਤਾ ਸੀ,ਮੈਂ ਤੁਹਾਨੂੰ ਗੱਲਾਂ ਕਰਦੇ ਸੁਣ ਲਿਆ ਸੀ,ਤੁਸੀਂ ਮੇਰੇ ਕਰਕੇ ਹੀ ਚਾਵਲ ਬਣਾਉਣਾ ਚਾਹੁੰਦੇ ਸੀ",ਮਾਤਾ ਜੀ ਨੇ ਭਾਈ ਤਾਰੂ ਸਿੰਘ ਦੀ ਗੱਲ ਦਾ ਜਵਾਬ ਦਿੱਤਾ।

ਭਾਈ ਤਾਰੂ ਸਿੰਘ ਨੇ ਮਾਂ ਨੂੰ ਕਿਹਾ,"ਮਾਂ ਤੇਰੇ ਸਦਕੇ ਅਸਾਂ ਨੂੰ ਵੀ ਮਿਲ

ਜਾਣੇ ਸੀ,ਚਰਨਾਂ ਬਦੌਲਤ ਤਾਂ ਅਨੇਕਾਂ ਪ੍ਰਸ਼ਾਦਾ ਛਕਦੇ ਨੇ।''

ਮਾਤਾ ਜੀ ਨੇ ਕੁਝ ਸੋਚਦੇ ਹੋਇਆਂ ਨੇ ਕਹਿਣਾ ਸ਼ੁਰੂ ਕੀਤਾ,''ਚਰਨਾਂ ਦੇ ਬਦੌਲਤ ਤਾਂ ਅਨੇਕਾਂ ਪ੍ਰਸ਼ਾਦਾ ਛਕਦੇ ਨੇ, ਇੱਕ ਦਿਨ ਮੈਂ ਸਿਰ ਨੀਵਾਂ ਕਰਕੇ ਬੈਠੀ ਕੁਝ ਸੋਚ ਰਹੀ ਸਾਂ ਤੇ ਮੇਰੀ ਗੋਦੀ ਵਿੱਚ ਗੁਰਜੋਈ ਕੌਰ ਖੇਡ ਰਹੀ ਸੀ ਤਾਂ ਤੇਰੇ ਦਾਦਾ ਸ.ਗੁਰਦਿਆਲ ਸਿੰਘ ਨੇ ਮੇਰੇ ਸਿਰ ਤੇ ਹੱਥ ਰੱਖ ਕੇ ਵਰਦਾਨ ਦਿੱਤਾ ਤੇ ਕਿਹਾ, ''ਹਰਜੋਈ ਕੌਰੇ,ਤੇਰੇ ਘਰ ਐਸਾ ਪੁੱਤਰ ਜਨਮ ਲਏਗਾ ਜੋ ਰਹਿੰਦੀ ਦੁਨੀਆਂ ਤੱਕ ਪਰਿਵਾਰ ਦਾ ਨਾਮ ਰੋਸ਼ਨ ਕਰੇਗਾ।''

ਉਧਰ ਗੁਰਜੋਈ ਕੌਰ ਹੋਲੀ ਜਿਹੀ ਉਠੀ ਤੇ ਇੱਕ ਰੋਟੀ ਤੇ ਸਬਜ਼ੀ ਪਾ ਕੇ ਤੇ ਨਾਲ ਪਾਣੀ ਦਾ ਗਲਾਸ ਲੈ ਆਈ ਤੇ ਮਾਂ ਨੂੰ ਦੇ ਕੇ ਕਹਿਣ ਲੱਗੀ,''ਮਾਂ,ਸਾਨੂੰ ਪਤਾ ਹੈ,ਤੁਸੀਂ ਪ੍ਰਸ਼ਾਦਾ ਨਹੀਂ ਛਕਿਆ। ਤੁਸੀ ਇੱਕ ਪ੍ਰਸ਼ਾਦਾ ਛਕ ਲਉ।''

ਭਾਈ ਤਾਰੂ ਸਿੰਘ ਵੀ ਆਖਣ ਲੱਗੇ, ''ਮੇਰੀ ਮਾਂ ਭੁੱਖੀ ਹੈ ਤੇ ਮੈਨੂੰ ਇੰਝ ਲੱਗਦਾ ਜਿਵੇਂ ਸਾਰੀ ਸ੍ਰਿਸ਼ਟੀ ਹੀ ਭੁੱਖੀ ਹੈ।'' ਇਸ ਤਰਾਂ ਮਾਤਾ ਜੀ ਨੇ ਪ੍ਰਸ਼ਾਦਾ ਲੈ ਕੇ ਅੱਧਾ ਕਰ ਲਿਆ ਤੇ ਬਾਕੀ ਦਾ ਅੱਧਾ ਭੈਣ-ਭਰਾ ਵਿੱਚ ਵੰਡ ਦਿੱਤਾ। ਇਸ ਤਰਾਂ ਕਰਦਿਆਂ ਰਾਤ ਪੈ ਗਈ। ਭਾਈ ਤਾਰੂ ਸਿੰਘ ਆਖਣ ਲੱਗੇ,''ਰਾਤ ਬਹੁਤ ਪੈ ਗਈ ਹੈ,ਤੁਸੀਂ ਆਰਾਮ ਕਰੋ...ਦੀਵਾ ਵੀ ਜਵਾਬ ਦੇਣ ਲੱਗਾ ਹੈ।''ਤਾਂ ਗੁਰਜੋਈ ਕੌਰ ਨੇ ਦੇਸੀ ਘਿਉ ਦੀਵੇ ਵਿੱਚ ਪਾ ਕੇ ਇੱਕ ਹੋਰ ਛੋਟਾ ਦੀਵਾ ਜਗਾਇਆ,ਜਦੋਂ ਕੋਲ ਲੈ ਕੇ ਆਈ ਤਾਂ ਭੈਣ ਵੇਖਦੀ ਹੈ ਕਿ ਮਾਂ ਅੱਖਾਂ ਦੇ ਅੱਥਰੂ ਚੁੰਨੀ ਨਾਲ ਜਲਦੀ-ਜਲਦੀ ਪੂੰਝ ਰਹੀ ਸੀ। ਭਾਈ ਤਾਰੂ ਸਿੰਘ ਦੇ ਪੁੱਛਣ ਤੇ ਮਾਂ ਨੇ ਜਵਾਬ ਦਿੱਤਾ ਕਿ ਇੱਕ ਛੋਟਾ ਜਿਹਾ ਜੀਅ ਅੱਖ ਵਿੱਚ ਪੈ ਗਿਆ ਤੇ ਕੱਢਣ ਲੱਗੀ ਦੀ ਅੱਖ ਭਰ ਆਈ।

ਤਾਂ ਭਾਈ ਤਾਰੂ ਸਿੰਘ ਜੀ ਆਖਣ ਲੱਗੇ,''ਮੇਰੀ ਅੱਖ ਵਿੱਚ ਤਾਂ ਦੋ ਜੀਅ ਪਏ ਨੇ,ਮੇਰੀ ਅੱਖ ਤਾਂ ਭਰੀ ਨਹੀਂ....!''

''ਤੁਸੀਂ ਗੁਰੂ ਦੀ ਰਜ਼ਾ 'ਚ ਰਹਿਣ ਵਾਲੇ ਸੱਚੇ ਸਿੱਖ ਹੋ'', ਮਾਂ ਨੇ ਇੱਕਦਮ ਜਵਾਬ ਦਿੱਤਾ।''ਮਾਂ ਜੀ ਇਹ ਉਪਦੇਸ਼ ਤਾਂ ਤੁਸੀਂ ਹੀ ਦ੍ਰਿੜ ਕਰਵਾਇਆ ਹੈ ਕਿ ਸਦਾ ਗੁਰੂ ਦੀ ਰਜ਼ਾ 'ਚ ਰਹਿਣਾ ਹੈ,''ਭਾਈ ਤਾਰੂ ਸਿੰਘ ਜੀ ਨੇ ਮਾਤਾ ਹੀ ਦੀ ਗੱਲ ਦੀ ਜਵਾਬ ਦਿੱਤਾ। ਵੀਰ ਦਾ ਜਵਾਬ ਸੁਣ ਭੈਣ ਤੋਂ ਰਿਹਾ ਨਾ ਗਿਆ ਤੇ ਉਹ ਵੀ ਥੋੜਾ ਜਿਹਾ ਮਨ ਭਰ ਕੇ ਬੋਲ ਹੀ ਪਈ, ''ਵੀਰ ਜੀ, ਅਸੀਂ ਉਪਦੇਸ਼ ਦੇਣ ਵਾਲਿਆਂ 'ਚ ਹਾਂ ਤੇ ਤੁਸੀਂ ਉਪਦੇਸ਼ ਕਮਾਉਣ ਵਾਲਿਆਂ 'ਚ...''।

ਦੇਖੋ ! ਤਿੰਨੇ ਹੀ ਬ੍ਰਹਮਗਿਆਨੀ ਹਨ। ਤਿੰਨੇ ਹੀ ਜਾਣਦੇ ਹਨ ਕਿ ਸਵੇਰੇ ਕੀ ਹੋਣ ਵਾਲਾ ਹੈ ਕਿਉਂਕਿ ਗੁਰੂ ਦੀ ਬਖ਼ਸ਼ਿਸ ਸਦਕਾ ਤਿੰਨਾਂ ਨੂੰ ਆਉਣ ਵਾਲਾ ਸਮਾਂ ਦਿੱਸ ਰਿਹਾ ਹੈ। ਇਹਨਾਂ ਨੂੰ ਪਤਾ ਹੈ ਕਿ ਸਵੇਰੇ ਫੌਜ ਨੇ ਭਾਈ ਸਾਹਿਬ ਨੂੰ ਗ੍ਰਿਫਤਾਰ ਕਰ ਕੇ ਲੈ ਜਾਣਾ ਹੈ...ਪਰ ਫਿਰ ਵੀ ਭਾਈ ਤਾਰੂ ਸਿੰਘ ਜੀ,ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਆਪਸ ਵਿੱਚ ਗੱਲਾਂ ਤਾਂ ਕਰ ਰਹੇ ਹਨ ਪਰ ਇੱਕ ਦੂਜੇ ਤੋਂ ਪੜਦਾ ਪਾ ਕੇ...। ਇਸੇ ਤਰਾਂ ਗੱਲਾਂ ਵਿੱਚ ਹੀ ਸਾਰੀ ਰਾਤ ਲੰਘਾ ਦਿੱਤੀ ।ਮਾਂ ਦੀਆਂ ਅੱਖਾਂ ਆਪਣੇ ਪੁੱਤਰ ਭਾਈ ਤਾਰੂ ਸਿੰਘ ਵੱਲ ਵੇਖ ਕੇ

ਰੱਜਦੀਆਂ ਨਹੀਂ। ੨੫ ਸਾਲ ਦਾ ਸੱਤ ਫੁੱਟ ਲੰਬਾ ਜਵਾਨ ਪੁੱਤਰ, ਉੱਚੀ ਵਿੱਦਿਆ ਦਾ ਮਾਲਕ, ਅਰਬੀ, ਫ਼ਾਰਸੀ, ਉਰਦੂ ਤੇ ਗੁਰਮੁਖੀ ਭਾਸ਼ਾਵਾਂ ਵਿੱਚ ਗੱਲ ਕਰਨ ਵਾਲਾ, ਦੁਨੀਆਂ ਦੇ ਐਸ਼ੋ ਆਰਾਮ ਕਦਮਾਂ 'ਚ ਪਏ ਨੇ ਫਿਰ ਵੀ ਮਾਂ ਨੇ ਸਾਰੀ ਰਾਤ ਆਪਣੇ ਪੁੱਤਰ ਨੂੰ ਪਿਉ-ਦਾਦੇ, ਗੁਰੂ ਸਹਿਬਾਨਾਂ ਤੇ ਸਿੰਘਾਂ ਦੀਆਂ ਸ਼ਹੀਦੀਆਂ ਸੁਣਾ ਕੇ ਪਰਪੱਕ ਕੀਤਾ ਤੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਉਣ ਲਈ ਦ੍ਰਿੜ ਕੀਤਾ।

"ਧੰਨ ਹਨ ਐਸੀਆਂ ਮਾਵਾਂ ਤੇ ਧੰਨ ਹਨ ਐਸੀਆਂ ਭੈਣਾਂ ਜਿਨ੍ਹਾਂ ਨੇ ਭਾਈ ਤਾਰੂ ਸਿੰਘ ਵਰਗੇ ਵੀਰਾਂ ਅੰਦਰ ਸਿੱਖੀ ਦਾ ਦ੍ਰਿੜ ਉਪਦੇਸ਼ ਤੇ ਕੁਰਬਾਨੀ ਦਾ ਜਜ਼ਬਾ ਭਰਿਆ। ਸਿੱਖ ਕੌਮ ਅਜਿਹੀਆਂ ਮਾਵਾਂ ਤੇ ਭੈਣਾਂ ਦੇ ਚਰਨਾਂ ਆਪਣਾ ਸੀਸ ਹਮੇਸ਼ਾਂ ਝੁਕਾਂਦੀ ਰਹੇਗੀ...।"

ਭਾਈ ਤਾਰੂ ਸਿੰਘ ਜੀ ਦੀ ਗ੍ਰਿਫਤਾਰੀ

੨੮ ਮਈ, ੧੭੪੫ ਦੀ ਸਵੇਰੇ ਦਿਨ ਦੀ ਟਿੱਕੀ ਨਿਕਲਦਿਆਂ ਸਾਰ ਭਾਈ ਤਾਰੂ ਸਿੰਘ, ਮਾਤਾ ਜੀ ਤੇ ਭੈਣ ਨਿੱਤਨੇਮ ਕਰਕੇ ਅੰਨ-ਜਲ ਛਕ ਰਹੇ ਸੀ। ਮੋਮਨ ਖ਼ਾਂ ਦੇ ਸਿਪਾਹੀਆਂ ਨੇ ਭਾਈ ਸਾਹਿਬ ਦੇ ਘਰ ਨੂੰ ਘੇਰਾ ਪਾ ਲਿਆ ਸੀ। ਘੇਰਾ ਪੈਣ ਦੀ ਖਬਰ ਸਾਰੇ ਪਿੰਡ ਵਿੱਚ ਅੱਗ ਦੀ ਤਰਾਂ ਫੈਲ ਗਈ ਤੇ ਸਾਰਾ ਪਿੰਡ ਭਾਈ ਸਾਹਿਬ ਦੇ ਘਰ ਵੱਲ ਨੂੰ ਚੱਲ ਪਿਆ। ਪਿੰਡ ਦੇ ਲੋਕ ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ ਨੂੰ ਰੋਕਣਾ ਚਾਹੁੰਦੇ ਸਨ।

ਭਾਈ ਤਾਰੂ ਸਿੰਘ ਨੇ ਘਰ ਨੂੰ ਘੇਰਾ ਪਿਆ ਦੇਖ ਕੇ ਪਰਿਵਾਰ ਸਮੇਤ ਬਾਹਰ ਆਉਣਾ ਠੀਕ ਸਮਝਿਆ ਤੇ ਲੋਕਾਂ ਦਾ ਇਕੱਠ ਦੇਖ ਕੇ ਪਿੰਡ ਵਾਲਿਆ ਨੂੰ ਸ਼ਾਂਤ ਕਰਕੇ ਸਮਝਾਉਣਾ ਸ਼ੁਰੂ ਕੀਤਾ, "ਅਸਾਂ ਜ਼ਕਰੀਆ ਖਾਨ ਦਾ ਕੀ ਵਿਗਾੜਿਆ ਹੈ, ਫਿਰ ਸਾਨੂੰ ਇਨ੍ਹਾਂ ਨਾਲ ਲਾਹੌਰ ਜਾਣ ਦਾ ਕੀ ਡਰ ਹੈ, ਲਾਹੌਰੋਂ ਆਈ ਇਸ ਸੈਨਿਕ ਟੁਕੜੀ ਨੇ ਵੀ ਸਾਡਾ ਕੀ ਵਿਗਾੜਿਆ ਹੈ..? ਕਿਸੇ ਨੇ ਵੀ ਇਹਨਾਂ ਦੇ ਕੰਮ ਵਿੱਚ ਵਿਘਨ ਨਹੀਂ ਪਾਉਣਾ...।"

ਭਾਈ ਤਾਰੂ ਸਿੰਘ ਦੀਆਂ ਗੱਲਾਂ ਸੁਣ ਕੇ ਲੋਕ ਸ਼ਾਂਤ ਹੋ ਗਏ ਤੇ ਮੋਮਨ ਖਾਨ ਨੇ ਸੈਨਿਕਾਂ ਦੀ ਮਦਦ ਨਾਲ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨਾਲ ਉਹਨਾਂ ਦੀ ਭੈਣ ਗੁਰਜੋਈ ਕੌਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਤੇ ਲਾਹੌਰ ਵੱਲ ਚੱਲ ਪਏ।

ਦਮੋਦਰ ਖ਼ਾਂ ਦੀ ਮੌਤ

ਤੁਰਦਿਆਂ-ਤੁਰਦਿਆਂ ਦੋ-ਤਿੰਨ ਘੰਟੇ ਹੀ ਹੋਏ ਸਨ ਕਿ ਅੱਗੇ ਇੱਕ ਪਿੰਡ ਆਇਆ। ਇਸ ਪਿੰਡ ਵਿੱਚੋਂ ਰੋਣ-ਪਿਟੱਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮੋਮਨ ਖ਼ਾਂ ਨੇ ਪਿੰਡ ਦੇ ਇੱਕ ਬੰਦੇ ਨੂੰ ਪੁੱਛਿਆ ਕਿ ਇਸ ਪਿੰਡ ਵਿੱਚ ਰੋਣਾ-ਪਿੱਟਣਾ ਕਿਉਂ ਪਿਆ ਹੈ ? ਉਸ ਬੰਦੇ ਨੇ ਦੱਸਿਆ, "ਹਰਿਭਗਤ ਨਿਰੰਜਣੀਏ ਦਾ ਭਤੀਜੇ ਦਮੋਦਰ ਨਿਰੰਜਣੀਆਂ ਕੱਲ੍ਹ ਰਾਤ ਨੂੰ ਘੋੜੇ 'ਤੇ ਸਵਾਰ ਹੋ ਪਿੰਡ ਆ ਰਿਹਾ ਸੀ। ਪਿੰਡ ਦੇ ਬਾਹਰ ਇੱਕ ਵੱਡਾ ਅਜਗਰ ਦਰੱਖਤ ਤੇ ਚੜ੍ਹਿਆ ਬੈਠਾ ਸੀ। ਉਸਨੇ ਦਰੱਖਤ ਤੋਂ ਛਾਲ ਮਾਰ ਕੇ ਦਮੋਦਰ ਨੂੰ ਐਸਾ ਲਪੇਟਾ ਪਾਇਆ ਕਿ ਰਿੜ੍ਹਕ-ਰਿੜ੍ਹਕ ਕੇ ਮਸਾਂ ਘਰ ਤੱਕ ਪਹੁੰਚਿਆ ਕਿ ਘਰ ਪਹੁੰਚਦੇ ਸਾਰ ਹੀ ਉਸ ਦੀ ਮੌਤ ਹੋ ਗਈ। ਇਹ ਰੋਣ-ਪਿਟੱਣ ਦੀਆਂ ਆਵਾਜ਼ਾਂ ਉਸੇ ਦੇ ਘਰੋਂ ਆ ਰਹੀਆਂ ਹਨ"

ਮੋਮਨ ਖ਼ਾਂ ਆਖਣ ਲੱਗਾ, "ਮੂੱਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ।" ਇਹ ਕਹਿ ਕੇ ਅੱਗੇ ਤੁਰ ਪਏ।

ਭਾਈ ਤਾਰੂ ਸਿੰਘ ਨੇ ਮੋਮਨ ਖ਼ਾਂ ਨੂੰ ਪੁੱਛਿਆ ਕਿ ਉਸਨੇ ਇਹ ਮੁਹਾਵਰਾ ਕਿਉਂ ਵਰਤਿਆ ਹੈ ਤੇ ਇਸ ਪਿੱਛੇ ਕੀ ਰਾਜ਼ ਹੈ? ਮੋਮਨ ਖ਼ਾਂ ਨੇ ਤੁਰਦਿਆਂ-ਤੁਰਦਿਆਂ ਦਮੋਦਰ ਦੀ ਸਾਰੀ ਕਹਾਣੀ ਦੱਸੀ। ਮੋਮਨ ਖ਼ਾਂ ਦੀ ਗੱਲ ਸੁਣ ਕੇ ਭਾਈ ਤਾਰੂ ਸਿੰਘ ਦੇ ਮੁੱਖੋਂ ਇਕ ਬੋਲ ਆਇਆ, **"ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ॥"** ਹੁਣ ਮੋਮਨ ਖ਼ਾਂ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਹੁਣ ਉਸਨੇ ਇਹ ਕਿਹੜਾ ਮੁਹਾਵਰਾ ਵਰਤਿਆ ਹੈ ਤੇ ਇਸ ਪਿੱਛੇ ਕੀ ਰਾਜ਼ ਹੈ। ਭਾਈ ਤਾਰੂ ਸਿੰਘ ਨੇ ਦੱਸਿਆ ਕਿ ਨਾ ਤਾਂ ਇਹ ਕੋਈ ਅਖਾਣ ਹੈ ਨਾ ਕੋਈ ਮੁਹਾਵਰਾ। ਇਹ ਤਾਂ ਤਿੰਨ ਕਾਲ ਬਾਣੀ ਸੱਤ ਹੈ। ਜਿਹੜੇ ਪ੍ਰਭੂ ਪਰਮਾਤਮਾ ਤੇ ਅੱਲਾ ਤਾਲਾ ਦੇ ਬੰਦਿਆਂ ਨੂੰ ਦੁਖੀ ਕਰਦੇ ਹਨ ਉਹਨਾਂ ਨੂੰ ਪ੍ਰਮੇਸ਼ਵਰ ਕੋਈ ਨਾ ਕੋਈ ਰੂਪ ਵਿੱਚ ਆ ਕੇ ਮਾਰਦਾ ਹੈ।

ਇਸ ਤਰਾਂ ਤੁਰਦਿਆਂ-ਤੁਰਦਿਆਂ ਸ਼ਾਮ ਪੈ ਗਈ ਤੇ ਇਹ ਸਾਰਾ ਕਾਫਲਾ ਪਿੰਡ ਭੁੜਾਣੇ ਪਹੁੰਚ ਗਏ ਜੋ ਭਾਈ ਸਾਹਿਬ ਦਾ ਨਾਨਕਾ ਪਿੰਡ ਸੀ ਅਤੇ ਇਸ ਪਿੰਡ ਵਿੱਚ ਬੀਬੀ ਗੁਰਜੋਈ ਕੌਰ ਆਪਣੇ ਵੀਰ ਭਾਈ ਤਾਰੂ ਸਿੰਘ ਨਾਲ ਕਈ ਵਾਰ ਆਏ ਸਨ। ਪਿੰਡ ਦੇ ਲੋਕਾਂ ਨੇ ਪਛਾਣ ਲਿਆ ਕਿ ਇਹ ਤਾਂ ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਹਨ ਜਿਨ੍ਹਾਂ ਨੂੰ ਇਹ ਫੌਜੀ ਟੁਕੜੀ ਨੇ ਗ੍ਰਿਫਤਾਰ ਕੀਤਾ ਹੈ। ਨਗਰ ਦੇ ਮੋਹਤਬਰ ਬੰਦਿਆਂ ਨੇ ਇੱਕ ਹਵੇਲੀ ਖਾਲੀ ਕਰਵਾਈ ਤੇ ਉਸ ਵਿੱਚ ਸਤਿਕਾਰਯੋਗ ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਨੂੰ ਫੌਜ ਸਮੇਤ ਠਹਿਰਾਇਆ। ਭਾਈ ਸਾਹਿਬ ਦੇ ਨਾਨਾ ਸ. ਗੁਰਬਰ ਸਿੰਘ ਤੇ ਨਾਨੀ ਜਗਤੇਸ਼ਵਰ ਕੌਰ ਤਾਂ ਚਲਾਣਾ ਕਰ ਚੁੱਕੇ ਸਨ ਪਰ ਉਨ੍ਹਾਂ ਦੇ ਤਿੰਨ ਸਪੁੱਤਰ ਤੇ ਇੱਕ ਪੁੱਤਰੀ ਇਸੇ ਪਿੰਡ ਵਿੱਚ ਹੀ ਰਹਿੰਦੇ ਸਨ। ਤਿੰਨੇ ਭਰਾਵਾਂ ਤੇ ਪਿੰਡ ਦੇ ਸਿੱਖਾਂ ਨੇ ਮਿਲ ਕੇ ਸਲਾਹ ਕੀਤੀ ਕਿ ਕਿਉਂ ਨਾ ਇਹਨਾਂ ਵੀਹ ਪੱਚੀ ਸਿਪਾਹੀਆਂ ਨੂੰ ਖਤਮ ਕਰਕੇ ਭਾਈ ਤਾਰੂ ਸਿੰਘ ਤੇ

ਗੁਰਜੋਈ ਕੌਰ ਨੂੰ ਛੁਡਾ ਲਿਆ ਜਾਵੇ। ਭਾਵੇ ਉਹਨਾਂ ਨੂੰ ਕਿੰਨੀ ਵੀ ਵੱਡੀ ਕੁਰਬਾਨੀ ਦੇਣੀ ਪਵੇ ਤੇ ਚਾਹੇ ਸਾਰਾ ਨਗਰ ਹੀ ਉਜੜ ਜਾਵੇ।

ਹੁਤੀ ਭੁੜਾਨੇ ਗੁਰਸਿੱਖੀ,ਤਿਨ ਹੱਥ ਆਯੋ ਰੋਹ, ਤਾਰੂ ਸਿੰਘ ਛੁਡਾ ਲੀਏ, ਹੋਣੀ ਹੋਇ ਸੁ ਹੋਇ॥ ਭਾਈ ਰਤਨ ਸਿੰਘ ਭੰਗੂ 'ਪ੍ਰਚੀਨ ਪੰਥ ਪ੍ਰਕਾਸ਼ (ਪੰਨਾ ਨੰ: ੨੭੦)

ਜਦੋਂ ਇਸ ਕੰਮ ਲਈ ਤਿਆਰੀ ਕਰ ਲਈ ਗਈ ਤਾਂ ਇਸ ਦਾ ਪਤਾ ਭਾਈ ਤਾਰੂ ਸਿੰਘ ਜੀ ਨੂੰ ਲੱਗ ਗਿਆ। ਉਹਨਾਂ ਨੇ ਸਾਰੇ ਪਿੰਡ ਵਾਲਿਆਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਤੇ ਕਿਹਾ, "ਮੈਂ ਮਰਨੋਂ ਨਹੀ ਡਰਦਾ ਕਿਉਂਕਿ ਮੈ ਉਸ ਗੁਰੂ ਦਾ ਸਿੱਖ ਹਾਂ ਜਿਸ ਨੇ ਧਰਮ ਤੇ ਕੌਮ ਦੀ ਖਾਤਰ ਆਪਣਾ ਸਰਬੰਸ ਵਾਰ ਦਿੱਤਾ। ਯਾਦ ਰੱਖੋ, ਜੇ ਤੁਸੀਂ ਮੈਨੂੰ ਛੁਡਾ ਵੀ ਲਉਗੇ ਤਾਂ ਵੀ ਇਹ ਹਾਕਮ ਸਾਰਾ ਇਲਾਕਾ ਉਜਾੜ ਦੇਣਗੇ। ਜੇ ਮੇਰੇ ਮਰਨ ਨਾਲ ਇਹ ਇਲਾਕਾ ਬਚ ਜਾਂਦਾ ਹੈ ਤਾਂ ਮੈਂ ਮਰਨ ਨੂੰ ਹੀ ਤਰਜੀਹ ਦਿਆਂਗਾ...।"

ਭਾਈ ਤਾਰੂ ਸਿੰਘ ਜੀ ਦੇ ਤਿੰਨੇ ਮਾਮੇ ਤੇ ਪਿੰਡ ਦੀ ਸੰਗਤ ਦੁਆਰਾ ਬੇਨਤੀ ਕਰਨ ਤੇ ਵੀ ਜਦੋਂ ਭਾਈ ਸਾਹਿਬ ਨਾ ਮੰਨੇ ਤਾਂ ਭਾਈ ਸਾਹਿਬ ਨੇ ਸਮਝਾਉਣਾ ਸ਼ੁਰੂ ਕੀਤਾ,"ਸਤਿਕਾਰ ਯੋਗ ਮਾਮਾ ਜੀਓ,ਤੁਸੀਂ ਤਾਂ ਸਿੱਖ ਇਤਿਹਾਸ ਪੜ੍ਹਿਆ ਹੈ ਤੇ ਅੱਖੀਂ ਹੰਢਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਚਮਕੌਰ ਦੀ ਗੜ੍ਹੀ ਨੂੰ ਛੱਡ ਰਹੇ ਸਨ ਤਾਂ ਜੇ ਉਹ ਚਾਹੁੰਦੇ ਤਾਂ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਦੀ ਥਾਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੂੰ ਬਚਾ ਸਕਦੇ ਸਨ। ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਨੇ ਹੱਸ-ਹੱਸ ਕੇ ਸ਼ਹੀਦੀਆਂ ਪਾਉਣੀਆਂ ਸਨ ਤੇ ਉਨ੍ਹਾਂ ਨੂੰ ਪਾਤਸ਼ਾਹ ਦੀ ਵੰਸ਼ ਬਚਾਉਣ ਵਿੱਚ ਖ਼ੁਸ਼ੀ ਹੋਣੀ ਸੀ,ਪਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਵੰਸ਼ ਨਹੀਂ ਸਗੋਂ ਕੌਮ ਨੂੰ ਬਚਾਉਣ ਲਈ ਖਾਲਸੇ ਨੂੰ ਆਪਣਾ ਰੂਪ ਦਿੱਤਾ ਹੈ ਅਤੇ ਮੈਂ ਉਸ ਗੁਰੂ ਦਾ ਹੀ ਸਿੱਖ ਹਾਂ ਤੇ ਆਪਣੇ-ਆਪ ਨੂੰ ਬਚਾਉਣ ਲਈ ਪੂਰਾ ਇਲਾਕਾ ਤਬਾਹ ਨਹੀਂ ਕਰਵਾ ਸਕਦਾ। ਜੋ ਵੀ ਸੰਕਟ ਆਵੇਗਾ ਆਪਣੇ ਤਨ ਤੇ ਝੱਲਾਂਗਾ...।"

ਇਸ ਤਰਾਂ ਜਦੋਂ ਭਾਈ ਤਾਰੂ ਸਿੰਘ ਜੀ ਬੋਲ ਰਹੇ ਸਨ ਤਾਂ ਇੰਝ ਲੱਗ ਰਿਹਾ ਸੀ ਜਿਵੇਂ ਗੁਰੂ ਸਾਹਿਬ ਆਪ ਇਸ ਸਿੱਖ ਵਿੱਚੋਂ ਬੋਲ ਰਹੇ ਹੋਣ। ਆਪਣੇ ਧਰਮ ਅਤੇ ਗੁਰੂ ਦੇ ਲਈ ਮਰਨਾ ਇਨ੍ਹਾਂ ਲਈ ਸ਼ਕਤੀਸ਼ਾਲੀ ਅੰਤਰ ਪ੍ਰੇਰਨਾ ਬਣ ਗਈ ਸੀ। ਹੁਣ ਸਾਰੀ ਸੰਗਤ ਅਤੇ ਤਿੰਨਾਂ ਭਰਾਵਾਂ (ਭਾਵ ਮਾਮਿਆਂ ਨੇ) ਨੇ ਹੱਥ ਜੋੜ ਕੇ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਤੇ ਕਿਹਾ,"ਭਾਈ ਸਾਹਿਬ ਜੀ,ਤੁਹਾਡੇ ਅੱਗੇ ਤਾਂ ਸਾਡਾ ਕੋਈ ਜ਼ੋਰ ਨਹੀਂ ਹੈ। ਤੁਸੀਂ ਵਿੱਦਿਆ ਦੇ ਧਨੀ ਅਤੇ ਸੰਸਾਰ ਦੇ ਦੁੱਖਾਂ-ਸੁੱਖਾਂ ਤੋ ਉੱਪਰ ਹੋ ਤੇ ਆਪ ਜੀ ਦੀ ਬ੍ਰਹਮਗਿਆਨੀ ਵਾਲੀ ਅਵਸਥਾ ਹੈ ਪਰ ਸਾਡੀ ਇੱਕ ਬੇਨਤੀ ਨੂੰ ਤੁਸਾਂ ਨਹੀ ਮੋੜਨਾ ਕਿਉਂਕਿ ਇਹ ਬੇਨਤੀ ਸਾਰੀ ਸੰਗਤ ਦੀ ਬੇਨਤੀ ਹੈ। ਸਾਡੇ ਸਾਰੇ ਨਗਰ ਦੇ ਪਤਵੰਤੇ ਸੱਜਣ ਬੈਠੇ ਹਨ ਤੇ ਅਸੀ ਆਪ ਜੀ ਨੂੰ ਬਚਨ ਦਿੰਦੇ ਹਾਂ ਕਿ ਅਸੀਂ ਲੜਾਈ ਨਹੀਂ ਲੜਾਂਗੇ ਪਰ ਅਸੀ ਭੈਣ ਗੁਰਜੋਈ ਕੌਰ ਨੂੰ ਭਾਵ ਸਾਡੀ ਭਾਣਜੀ ਨੂੰ ਨਾਲ ਨਹੀਂ ਜਾਣ ਦੇਣਾ...।"

ਭਾਈ ਤਾਰੂ ਸਿੰਘ ਸੰਗਤਾਂ ਦੇ ਹੁਕਮ ਨੂੰ ਟਾਲ ਨਹੀ ਸਕਦੇ ਸਨ,ਇਸ ਲਈ ਆਪ ਨੇ ਸਿਮਰਨ ਵਿੱਚ ਸੁਰਤੀ ਨੂੰ ਜੋੜ ਲਿਆ ਤੇ ਚੁੱਪ ਕਰ ਗਏ। ਉੱਧਰ ਸੰਗਤਾਂ ਨੇ ਭੈਣ ਗੁਰਜੋਈ ਕੌਰ ਨੂੰ ਮੋਮਨ ਖ਼ਾਂ ਕੋਲੋਂ ਛਡਾਉਣ ਦੀਆਂ ਵਿਉਂਤਾਂ ਬਣਾਉਣ ਲੱਗੇ ਤੇ ਆਖਿਰ ਮੋਮਨ ਖ਼ਾਂ ਨੂੰ ਮਿਲ ਕੇ ਉਸਦੀ ਮੰਗ ਪੁਛਣ ਦਾ ਮਤਾ ਪਾਸ ਕੀਤਾ ਗਿਆ।

1 ਜੂਨ, 1745 (ਉਮਰ 25 ਸਾਲ, 2 ਮਹੀਨੇ, 13 ਦਿਨ)

ਅੱਜ ੨੯ ਮਈ, ੧੭੪੫ ਦਾ ਦਿਨ ਪਿੰਡ ਭੁੜਾਣੇ ਵਿੱਚ ਮੋਮਨ ਖ਼ਾਂ ਦੀ ਸੈਨਿਕ ਟੁੱਕੜੀ ਨੇ ਭਾਈ ਤਾਰੂ ਸਿੰਘ ਤੇ ਭੈਣ ਗੁਰਜੋਈ ਕੌਰ ਨੂੰ ਗ੍ਰਿਫਤਾਰ ਕਰਕੇ ਇਸ ਪਿੰਡ ਵਿੱਚ ਰਾਤ ਬਿਤਾਈ । ਓਧਰ ਭਾਈ ਸਾਹਿਬ ਦੇ ਨਾਨਕੇ ਪਰਿਵਾਰ ਵਾਲਿਆਂ ਨੇ ਪਿੰਡ ਦੇ ਗੁਰਸਿੱਖਾਂ ਨਾਲ ਮਿਲ ਕੇ ਇਹ ਫੈਸਲਾ ਕੀਤਾ ਕਿ ਭਾਵੇਂ ਭਾਈ ਤਾਰੂ ਸਿੰਘ ਨੇ ਆਪਣੇ-ਆਪ ਨੂੰ ਰਿਹਾ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ ਸਤਿਕਾਰ ਯੋਗ ਭੈਣ ਗੁਰਜੋਈ ਕੌਰ ਨੂੰ ਮੋਮਨ ਖ਼ਾਂ ਦੀ ਗ੍ਰਿਫਤ ਵਿੱਚੋਂ ਛੁਡਾ ਕੇ ਹੀ ਰਹਿਣਗੇ। ਉਹ ਭੈਣ ਗੁਰਜੋਈ ਕੌਰ ਨੂੰ ਇਨ੍ਹਾਂ ਮੁਗਲਾਂ ਦੇ ਨਾਲ ਨਹੀਂ ਜਾਣ ਦੇਣਗੇ। ਮੋਮਨ ਖ਼ਾਂ ਨਾਲ ਗੱਲ ਕੀਤੀ ਤਾਂ ਉਸਨੇ ਵੱਡੀ ਰਕਮ ਦੀ ਮੰਗ ਕੀਤੀ। ਸੈਨਿਕਾਂ ਦੀ ਗਿਣਤੀ ੨੫ ਸੀ ਸੋ ਉਸਨੇ ਮਾਇਆ ਦੀ ਮੰਗ ਵੀ ਜਿਆਦਾ ਰੱਖੀ। ਇਤਿਹਾਸ ਕਾਰ ਦੱਸਦੇ ਹਨ ਕਿ ਪਿੰਡ ਵਾਲਿਆਂ ਨੇ ਧੀ-ਧਿਆਣੀ ਹੋਣ ਕਾਰਣ ਮੋਮਨ ਖ਼ਾਂ ਦੀ ਮੰਗ ਪੂਰੀ ਕਰਨ ਲਈ ਆਪਣੀਆਂ ਜ਼ਮੀਨਾਂ ਵੀ ਗਹਿਣੇ ਧਰ ਦਿੱਤੀਆਂ। ਇਸ ਧੰਨ ਦੀ ਪੂਰਤੀ ਕਰਨ ਵਾਸਤੇ ੨੯ ਅਤੇ ੩੦ ਮਈ ਨੂੰ ਪਿੰਡ ਭੁੜਾਣੇ ਵਿੱਚ ਹੀ ਰੁਕਣਾ ਪਿਆ। ਆਖਿਰ ੩੦ ਮਈ ਨੂੰ ਮੋਮਨ ਖ਼ਾਂ ਦੀ ਮੰਗ ਪੂਰੀ ਕਰਕੇ ਭੈਣ ਗੁਰਜੋਈ ਕੌਰ ਨੂੰ ਮੁਗਲਾਂ ਹੱਥੋਂ ਛੁਡਾਇਆ ਗਿਆ ਅਤੇ ੩੧ ਮਈ ਨੂੰ ਪਿੰਡ ਭੜਾਣੇ ਤੋਂ ਚਾਲੇ ਪਾ ਦਿੱਤੇ ਗਏ। ਸਾਰੇ ਭੁੜਾਣੇ ਨਗਰ ਦੀਆਂ ਸੰਗਤਾਂ ਨੇ ਭੈਣ ਗੁਰਜੋਈ ਕੌਰ ਦੀ ਰਿਹਾਈ ਦੀ ਸੁੱਖ ਮਨਾਈ।

ਇਸ ਗੱਲ ਦਾ ਜ਼ਿਕਰ ਭਾਈ ਰਤਨ ਸਿੰਘ 'ਭੰਗੂ' ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਕਰਦੇ ਹਨ:-

"ਅਹਿਦੀਅਨ ਕੋ ਕਛੁ ਦੇ ਕੈ ਦਾਮ,ਦਰਸ਼ਨ ਕਰਯੋ ਤਾਰੂ ਸਿੰਘ ਗ੍ਰਾਮ॥
ਭੈਣ ਸਾਥ ਥੀ ਸੋ ਫੜ ਆਈ, ਸੋ ਦਾਮ ਦੇ ਲੋਕਨ ਛਡਵਾਈ ॥"

ਹੁਣ ਗੁਰਜੋਈ ਕੌਰ ਨੂੰ ਪਹਿਲਾਂ ਤਾਂ ਇਹ ਸੀ ਕਿ ਉਹ ਆਪਣੇ ਵੀਰ ਦੇ ਨਾਲ ਹੈ ਪਰ ਹੁਣ ਭਾਈ ਤਾਰੂ ਸਿੰਘ ਨੂੰ ਇਕੱਲਾ ਮੁਗਲਾਂ ਦੀ ਕੈਦ ਵਿੱਚ ਦੇਖ ਕੇ ਸੀਨੇ ਵਿੱਚ ਚੀਰ ਪੈ ਰਿਹਾ ਸੀ ਪਰ ਉਸਨੇ ਸ਼ੇਰਾਂ ਵਾਲੀ ਦਲੇਰੀ ਧਾਰ ਕੇ ਆਪਣੇ ਵੀਰ ਤਾਰੂ ਸਿੰਘ ਨੂੰ ਗਰਜ਼ਵੀਂ ਆਵਾਜ਼ ਵਿੱਚ ਆਖਿਆ,"ਵੀਰਾ ਤੈਨੂੰ ਮੇਰੀ ਇਹ ਅਸੀਸ ਹੈ,ਤੂੰ ਸਿੱਖੀ ਨੂੰ ਲਾਜ ਨਾ ਲੱਗਣ ਦੇਵੀਂ। ਅਕਾਲ ਪੁਰਖ ਤੇਰੇ ਅੰਗ-ਸੰਗ ਹਨ, ਕਿਸੇ ਗੱਲ ਤੋਂ ਥਿੜਕਣਾ ਨਹੀਂ, ਜੇ ਮਨ ਡੋਲੇ ਤਾਂ ਨਿੱਕੀਆਂ ਜਿੰਦਾਂ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰੀਂ। ਅੰਮ੍ਰਿਤ ਛਕਣ ਵੇਲੇ ਸਾਡੇ ਬਚਨ ਲਿਆ ਸੀ

ਸਾਡੇ ਕੋਲੋਂ ਕਿ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾਉਣੀ। ਜਿਸ ਤਰਾਂ ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾ ਲਿਆ ਪਰ ਸਿੱਖੀ ਸਿਦਕ ਨਹੀਂ ਹਾਰੇ। ਮਰਨਾ ਸਭ ਨੇ ਹੈ ਪਰ ਜੋ ਆਪਣੀ ਕੌਮ ਖਾਤਰ ਸ਼ਹੀਦੀ ਦੇਂਦੇ ਹਨ ਉਹਨਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਂਦਾ ਹੈ ਤੇ ਉਹ ਅਮਰ ਹੋ ਜਾਂਦੇ ਹਨ..। "ਭੈਣ ਗੁਰਜੋਈ ਕੌਰ ਨੇ ਜੋ ਗੱਲਾਂ ਆਪਣੇ ਵੀਰ ਨੂੰ ਸਮਝਾਈਆਂ ਉਸਨੂੰ ਕਵੀ ਸ.ਕਰਤਾਰ ਸਿੰਘ 'ਬਲੱਗਣ' ਨੇ ਆਪਣੀ ਰਚਨਾਂ ਵਿੱਚ ਦਰਜ਼ ਕੀਤਾ ਹੈ :-

"ਐਪਰ ਵੀਰ ਵੇ ਹੌਂਸਲਾ ਕਾਇਮ ਰੱਖੀਂ, ਉੱਕਾ ਡਰੀਂ ਨਾ ਤੈਨੂੰ ਡਰਾਉਣਗੇ ਉਹ,
ਇਹ ਵੀ ਚਰਜ ਨਹੀਂ ਗੱਲ ਤੂੰ ਸੱਚ ਜਾਣੀ, ਬੰਦ-ਬੰਦ ਵੀ ਅੱਡ ਕਰਾਉਣਗੇ ਉਹ,
ਜੀਭ ਸੜੇ ਮੇਰੀ, ਮੈਂ ਨਹੀਂ ਆਖ ਸਕਦੀ, ਤੇਰੇ ਚਰਖੀ ਤੇ ਤੂੰਬੇ ਉਡਾਉਣਗੇ ਉਹ,
ਇਹ ਵੀ ਕਰਨ, ਤਾਂ ਵੀ ਵੱਡੀ ਕੋਈ ਗੱਲ ਨਹੀਂ, ਤੈਨੂੰ ਆਰੇ ਦੇ ਨਾਲ ਚਿਰਉਣਗੇ ਉਹ,
ਮੇਰਾ ਭਰਮ ਨਾ ਕਰੀਂ, ਮੈਂ ਸਮਝ ਲਵਾਂਗੀ, ਤੈਨੂੰ ਪਿਤਾ ਮੇਰਾ ਨਾਲ ਲੈ ਗਿਆ ਸੀ,
ਐਪਰ ਇਹ ਨਾ ਸੁਣਾ ਕਿ ਮਰਨ ਵੇਲੇ, ਮੱਥੇ ਵੱਟ ਭਰਾ ਦੇ ਪੈ ਗਿਆ ਸੀ ॥ "

ਜਦੋਂ ਕਿਸੇ ਸੰਸਾਰੀ ਭੈਣ ਦਾ ਵੀਰ ਘੋੜੀ ਚੜ੍ਹਕੇ ਵਿਆਹੁਣ ਜਾਂਦਾ ਹੈ ਤਾਂ ਲਾੜੀ ਨੂੰ ਬਰਨ ਜਾਂਦਾ ਹੈ, ਉਸੇ ਤਰਾਂ ਅੱਜ ਭੈਣ ਗੁਰਜੋਈ ਕੌਰ ਦਾ ਵੀਰ ਮੌਤ ਦੀ ਰਾਣੀ ਰੂਪੀ ਲਾੜੀ ਨੂੰ ਬਰਨ ਕਰ ਜਾ ਰਿਹਾ ਸੀ ਤੇ ਗੁਰਜੋਈ ਕੌਰ ਆਪਣੇ ਵੀਰ ਨੂੰ ਦੱਸੀਆਂ ਗੱਲਾਂ ਦਾ ਧਿਆਨ ਰੱਖਣ ਅਤੇ ਮੌਤ ਦੀ ਰਾਣੀ ਨੂੰ ਵਿਆਹੁਣ ਲਈ ਸਦਾ ਚਿਰ ਜੀਵਤ ਰਹਿਣ ਦੀ ਸੁਮੱਤਾਂ ਬਖਸ਼ਿਸ਼ ਕਰਦੀ ਹੈ।

ਇਸ ਤਰਾਂ ਸਾਰੇ ਬਚਨ ਸੁਣਦੇ ਹੋਏ ਭਾਈ ਤਾਰੂ ਸਿੰਘ ਜੀ ਨੇ ਭੈਣ ਗੁਰਜੋਈ ਕੌਰ ਤੇ ਸਾਰੀ ਸੰਗਤ ਤੋਂ ਆਸੀਸ ਪ੍ਰਾਪਤ ਕੀਤੀ ਅਤੇ ਭੈਣ ਨੂੰ ਮਾਂ ਦਾ ਧਿਆਨ ਰੱਖਣ ਲਈ ਕਹਿ ਕੇ ਸੈਨਿਕਾਂ ਦੇ ਨਾਲ ਅੱਗੇ ਦਾ ਸਫਰ ਸ਼ੁਰੂ ਕਰ ਦਿੱਤਾ।

ਇਥੇ ਇਕ ਗੱਲ ਧਿਆਨ ਗੋਚਰੀ ਹੈ ਕਿ ਸੈਨਿਕ ਤੇ ਫੌਜਦਾਰ ਤਾਂ ਘੋੜਿਆਂ ਤੇ ਸਫਰ ਕਰਦੇ ਸਨ ਪਰ ਫੜੇ ਗਏ ਮੁਜ਼ਰਮ ਨੂੰ ਹੱਥਕੜੀਆਂ ਲਗਾ ਕੇ ਪੈਦਲ ਹੀ ਤੋਰਿਆ ਜਾਂਦਾ ਸੀ, ਇਸ ਲਈ ਤੁਰਨ ਦੀ ਰਫਤਾਰ ਹੋਰ ਵੀ ਘਟ ਜਾਂਦੀ ਸੀ। ਇੱਥੇ ਇਕ ਹੋਰ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਮੁਗਲ ਰਾਜ ਵਿੱਚ ਗਲਤੀ ਦੀ ਸਜ਼ਾ ਸਾਰੇ ਲੋਕਾਂ ਦੇ ਵਿੱਚ ਦਿੱਤੀ ਜਾਂਦੀ ਸੀ ਭਾਵ ਕਿਸੇ ਚੌਰਾਹੇ ਆਦਿ ਵਿਚ, ਜਿੱਥੇ ਹੋਰ ਲੋਕ ਦੇਖ ਕੇ ਸਬਕ ਸਿੱਖਣ ਤੇ ਉਹ ਗਲਤੀ ਨਾ ਕਰਨ। ਇਸਦਾ ਇੱਕ ਹੋਰ ਵੀ ਕਾਰਣ ਸੀ ਕਿ ਦੁਨੀਆਂ ਅੰਦਰ ਦਹਿਸ਼ਤ ਫੈਲਾਈ ਜਾਂਦੀ ਸੀ। ਮੁਗਲ ਹਕੂਮਤ ਨੇ ਸਿੱਖਾਂ ਨੂੰ ਸ਼ਹੀਦ ਕੀਤਾ ਤਾਂ ਖੁਲੇਆਮ ਕੀਤਾ, ਜਿਵੇਂ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹੀਦੀ ਲਾਹੌਰ 'ਚ ਆਮ ਲੋਕਾਂ ਸਾਹਮਣੇ ਹੋਈ। ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਖੁਲੇਆਮ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨਖ਼ਾਸ ਚੌਂਕ, ਲਹੌਰ ਵਿੱਚ ਹੋਈ। ਕਿਸੇ ਤੇ ਕੋਈ ਵੀ ਫਤਵਾ ਹੋਵੇ, ਸਜ਼ਾ ਆਮ ਲੋਕਾਂ ਵਿੱਚ ਹੀ ਦਿੱਤੀ ਜਾਂਦੀ ਸੀ। ਭਾਈ ਤਾਰੂ ਸਿੰਘ ਜੀ ਨੂੰ ਵੀ ਕਈ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਦੀ ਲਿਜਾਇਆ ਗਿਆ ਅਤੇ ੧ ਜੂਨ, ੧੭੪੫ ਦੀ ਰਾਤ ਨੂੰ ਲਾਹੌਰ ਪਹੁੰਚ ਗਏ ਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

2 ਜੂਨ, 1745 (ਉਮਰ 25 ਸਾਲ,2 ਮਹੀਨੇ,14 ਦਿਨ)

੨ ਜੂਨ ਦੀ ਸਵੇਰ ਨੂੰ ਜ਼ਕਰੀਆ ਖਾਨ ਦੀ ਕਚਹਿਰੀ ਲੱਗੀ, ਜਿਸ ਵਿੱਚ ਆਮ ਲੋਕਾਂ ਦੇ ਮਾਮਲਿਆਂ ਤੋਂ ਬਿਨਾਂ ਮੁਸਲਮਾਨ ਪਰਿਵਾਰਾਂ ਦੇ ਝਗੜਿਆਂ ਦੇ ਮਾਮਲੇ ਵੀ ਨਿਪਟਾਏ ਗਏ। ਹਰਿਭਗਤ ਨਿਰੰਜਣੀਏ ਨੇ ਜ਼ਕਰੀਆ ਨੂੰ ਦੱਸਿਆ ਕਿ ਮੋਮਨ ਖ਼ਾਂ ਦੁਆਰਾ ਪਿੰਡ ਪੂਹਲੇ ਦੇ ਨੌਜਵਨ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਕੇ ਲਾਹੌਰ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ। ਜਦੋਂ ਜ਼ਕਰੀਏ ਨੇ ਭਾਈ ਤਾਰੂ ਸਿੰਘ ਜੀ ਦੀ ਗ੍ਰਿਫਤਾਰੀ ਬਾਰੇ ਸੁਣਿਆ ਤਾਂ ਉਸਨੇ ਬਾਕੀ ਦੇ ਸਾਰੇ ਮਾਮਲੇ ਰੋਕ ਦਿੱਤੇ। ਉਸਨੇ ਹੁਕਮ ਜਾਰੀ ਕੀਤਾ ਕਿ ਸਭ ਤੋਂ ਪਹਿਲਾਂ ਮੋਮਨ ਖ਼ਾਂ ਤੇ ੨੫ ਸਿਪਾਹੀਆਂ ਨੂੰ ਕਚਿਹਰੀ ਚ' ਪੇਸ ਕੀਤਾ ਜਾਵੇ ਤਾਂ ਜੋ ਉਹ ਦੱਸ ਸਕਣ ਕਿ ਗ੍ਰਿਫਤਾਰੀ ਕਿਸ ਤਰ੍ਹਾਂ ਕੀਤੀ ਹੈ।

ਇਹਨਾਂ ਸਾਰਿਆਂ ਨੂੰ ਕਚਿਹਰੀ ਚ' ਪੇਸ਼ ਕੀਤਾ ਗਿਆ। ਜ਼ਕਰੀਆ ਖਾਨ ਨੇ ਪੁੱਛਿਆ, "ਦੱਸੋ ਮੋਮਨ ਖ਼ਾਂ,ਗ੍ਰਿਫਤਾਰੀ ਸਮੇਂ ਜਾਂ ਰਾਹ ਵਿੱਚ ਕਿਸੇ ਬਾਗੀ ਨੇ ਹਮਲਾ ਤਾਂ ਨਹੀਂ ਕੀਤਾ...?"

ਮੋਮਨ ਖ਼ਾਂ ਨੇ ਦੱਸਿਆ, "ਬਾਦਸ਼ਾਹ ਸਲਾਮਤ,ਜਦੋਂ ਅਸੀਂ ਪਿੰਡ ਪੂਹਲੇ ਤਾਰੂ ਸਿੰਘ ਨੂੰ ਗਿਫਰਤਾਰ ਕਰਨ ਲੱਗੇ ਤਾਂ ਉੱਥੇ ਹਿੰਦੂ,ਮੁਸਲਾਮਾਨਾ ਦਾ ਭਾਰੀ ਇੱਕਠ ਹੋ ਗਿਆ ਤੇ ਉਹ ਇਸ ਗ੍ਰਿਫਤਾਰੀ ਨੂੰ ਰੋਕਣਾ ਚਾਹੁੰਦੇ ਸਨ,ਕਿਉਂਕਿ ਤਾਰੂ ਸਿੰਘ ਅਰਬੀ ਫ਼ਾਰਸੀ ਤੇ ਉੜਦੂ ਦਾ ਆਲਮ ਫ਼ਾਜ਼ਲ ਹੈ ਤੇ ਇਕ ਨੇਕ ਇਨਸਾਨ ਹੈ ਤੇ ਮੁਸਲਮਾਨ ਵੀ ਇਸ ਦੀ ਬਹੁਤ ਕਦਰ ਕਰਦੇ ਹਨ ਪਰ ਇਸ ਨੇ ਸਭ ਨੂੰ ਰੋਕ ਦਿੱਤਾ ਤੇ ਕਿਹਾ ਕਿ ਉਸਨੇ ਕੋਈ ਗੁਨਾਹ ਨਹੀਂ ਕੀਤਾ,ਜ਼ਮੀਨੀ ਦਾ ਹਾਲਾ ਵੀ ਭਰਦਾ ਹੈ ਤੇ ਸਰਕਾਰੀ ਟੈਕਸ ਵੀ ਦਿੰਦਾ ਹੈ...".

ਜ਼ਕਰੀਆ ਖਾਨ ਬੋਲਿਆ, "..ਪਰ ਨਿਰੰਜਣੀਆਂ ਤਾਂ ਕਹਿੰਦਾ ਸੀ ਕਿ ਇਹ ਬਾਗੀ ਸਿੰਘਾਂ ਦੀ ਮਦਦ ਕਰਦਾ ਹੈ ਤੇ ਰੋਟੀ ਆਦਿ ਸਭ ਨੂੰ ਇਹੀ ਪਹੁੰਚਾਉਂਦਾ ਹੈ ਤੇ ਇਸ ਦੀ ਮਾਂ ਤੇ ਇੱਕ ਭੈਣ ਹੈ ਜੋ ਚੱਕੀ ਪੀਸ ਕੇ ਪੈਸੇ ਇੱਕਠੇ ਕਰਕੇ ਬਾਗੀ ਸਿੰਘਾਂ ਤੱਕ ਪਹੁੰਚਾਉਦੀ ਹੈ। ਉਹਨਾਂ ਨੂੰ ਵੀ ਨਾਲ ਹੀ ਤਲਬ ਕਰ ਲਿਆਉਣਾ ਸੀ।

ਮੋਮਨ ਖ਼ਾਂ ਦੇ ਸਿਪਾਹੀਆਂ ਵਿੱਚੋਂ ਇੱਕ ਜਬੇਦ ਖ਼ਾਂ ਕਹਿਣ ਲੱਗਾ, "ਸਰਕਾਰ ਜੇ ਅਸੀ ਇਸ ਦੀ ਮਾਂ ਤੇ ਭੈਣ ਨੂੰ ਨਾਲ ਲਿਆਉਣ ਬਾਰੇ ਸੋਚਦੇ ਤਾਂ ਸ਼ਾਇਦ ਅਸੀਂ ਇਸ ਨੂੰ ਵੀ ਨਾ ਲਿਆ ਸਕਦੇ..".

ਵਿੱਚੋਂ ਇੱਕ ਹੋਰ ਸਿਪਾਹੀ ਨਜ਼ੀਰ ਖ਼ਾਂ ਬੋਲਿਆ, "ਜ਼ਨਾਬ,ਜੇ ਤੁਸੀਂ ਠੰਡੀ ਆਵਾਜ਼ ਵਿੱਚ ਗੱਲ ਕਰੋਂ ਤਾਂ ਮੈਂ ਕੁਝ ਦੱਸਾਂ...?"

ਜ਼ਕਰੀਏ ਨੇ ਕਿਹਾ, "ਬੇ-ਝਿਜਕ ਬੋਲ"।

"ਸਰਕਾਰ ਅਸੀਂ ਰਸਤੇ ਵਿੱਚ ਤਾਰੂ ਸਿੰਘ ਨਾਲ ਗੱਲਾਂ ਕਰਦੇ ਆਏ ਹਾਂ,ਇਸਦੀ ਉਮਰ ਤਾਂ ਅਜੇ ੨੪-੨੫ ਸਾਲ ਦੀ ਹੀ ਹੈ ਪਰ ਆਲਮ ਫ਼ਾਜ਼ਲ ਇਤਨਾ ਹੈ ਕਿ ਇਕ ਪਾਸੇ ਲਾਹੌਰ ਦੇ ਸਾਰੇ ਮੌਲਵੀ,ਮੁਲਾਣੇ ਬਿਠਾ ਦੇਉ,ਤੇ ਦੂਜੇ

ਪਾਸੇ ਇਕਲੇ ਤਾਰੂ ਸਿੰਘ ਨੂੰ। ਕਿਸੇ ਨੂੰ ਗੱਲ ਨਹੀ ਕਰਨ ਦੇਵੇਗਾ। ਤੁਸੀਂ ਇਸ ਨੂੰ ਪਿਆਰ ਨਾਲ ਮੁਸਲਮਾਨ ਬਣਾ ਲਉ। ਇਸ ਮਨੁੱਖ ਕੋਲ ਇਨਾਂ ਗਿਆਨ ਹੈ ਕਿ ਜਿੱਥੇ ਜਾ ਕੇ ਬੋਲੇਗਾ ਉੱਥੇ ਤੁਹਾਡੀਆਂ ਲੱਖਾਂ ਫੌਜਾਂ ਵੀ ਅਸਫਲ ਰਹਿ ਜਾਣਗੀਆਂ। ਇਸ ਦੀ ਰਸਨਾਂ ਤੋਂ ਚੱਲੇ ਤੀਰ ਲੱਖਾਂ ਲੋਕਾਂ ਨੂੰ ਮੁਸਲਮਾਨ ਬਣਾ ਦੇਣਗੇ....",ਨਜ਼ੀਰ ਖ਼ਾਂ ਨੇ ਜ਼ਕਰੀਏ ਨੂੰ ਮਸ਼ਵਰਾ ਦਿੰਦੇ ਹੋਏ ਕਿਹਾ।

ਮੋਮਨ ਖ਼ਾਂ ਨੇ ਜਦੋਂ ਜ਼ਕਰੀਆ ਖ਼ਾਂ ਦੇ ਮੂੰਹ ਤੇ ਠੰਡ ਦੇਖੀ ਤਾਂ ਉਸਨੇ ਆਪਣੀ ਭੜਾਸ ਕਢਣੀ ਚਾਹੀ ਤੇ ਕਹਿਣਾ ਸ਼ੁਰੂ ਕੀਤਾ, "ਬਾਦਸ਼ਾਹ ਸਲਾਮਤ,ਰਸਤੇ ਵਿੱਚ ਸਾਨੂੰ ਅਨੇਕਾਂ ਅਜਿਹੇ ਲੋਕ ਮਿਲੇ ਜੋ ਆਪਣਾ ਤਨ,ਮਨ ਤੇ ਧੰਨ ਨਿਸ਼ਾਵਰ ਕਰਕੇ ਵੀ ਤਾਰੂ ਸਿੰਘ ਨੂੰ ਬਚਾਉਣਾ ਚਾਹੁੰਦੇ ਸਨ..."। ਫਿਰ ਹੱਸ ਕੇ ਕਹਿਣ ਲੱਗਾ, "ਤਾਰੂ ਸਿੰਘ ਦੀ ਰਸਨਾਂ ਤੋਂ ਜੇ ਤੁਸੀ ਵੀ ਉਹਨਾ ਦੇ ਗੁਰੂ ਦੀ ਤਾਰੀਫ ਸੁਣੋਗੇ ਤਾਂ ਤੁਸੀ ਵੀ ਮੁਸਲਮਾਨ ਤੋਂ ਸਿੱਖ ਬਣ ਜਾਓਗੇ..."। ਮੋਮਨ ਖ਼ਾਂ ਦੀ ਗੱਲ ਸੁਣ ਕੇ ਜ਼ਕਰੀਏ ਨੂੰ ਅੱਗ ਲੱਗ ਗਈ ਤੇ ਉਸਨੇ ਮੋਮਨ ਖ਼ਾਂ ਨੂੰ ਗੁੱਸੇ ਨਾਲ ਉੱਚੀ ਆਵਾਜ਼ ਵਿੱਚ ਦਬਕਿਆ, "ਮੋਮਨ ਖ਼ਾਂ,ਤੈਨੂੰ ਪਤਾ ਨਹੀਂ ਤੂੰ ਕਿੱਥੇ ਬੋਲ ਰਿਹਾਂ ਹੈਂ...?,ਭਰੀ ਕਚਿਹਰੀ ਵਿੱਚ ਤੂੰ ਸਾਨੂੰ ਕੀ ਮੱਤਾਂ ਦੇ ਰਿਹਾ ਹੈਂ...?,ਤੈਨੂੰ ਅੱਜ ਤੋਂ ਬਾਅਦ ਫੌਜਦਾਰ ਤੋਂ ਸਿਪਾਹੀ ਬਣਾਇਆ ਜਾਂਦਾ ਹੈ..."।

ਜ਼ਕਰੀਏ ਨੇ ਫਿਰ ਨਜ਼ੀਰ ਖ਼ਾਂ ਸਿਪਾਹੀ ਵੱਲ ਵੀ ਵੇਖਿਆ ਤੇ ਕਿਹਾ, "ਨਜ਼ੀਰ ਖ਼ਾਂ,ਤੇਰੀ ਗੱਲ ਸਾਨੂੰ ਚੰਗੀ ਲੱਗੀ ਹੈ,ਇਸ ਲਈ ਅੱਜ ਤੋਂ ਬਾਅਦ ਫੌਜਦਾਰ ਤੂੰ ਹੋਵੇਂਗਾ....!" ਇਸ ਤਰਾਂ ਜ਼ਕਰੀਆ ਖਾਨ ਅਗਲੇ ਦਿਨ ਭਾਈ ਤਾਰੂ ਸਿੰਘ ਨੂੰ ਕਚਿਹਰੀ ਵਿੱਚ ਪੇਸ਼ ਕਰਨ ਦਾ ਹੁਕਮ ਦੇ ਕੇ ਉੱਥੋਂ ਚਲਾ ਗਿਆ।

ਹੁਣ ਜ਼ਕਰੀਆ ਖਾਨ ਆਪਣੇ ਮਹਿਲਾਂ ਚ' ਜਾ ਕੇ ਸੋਚਦਾ ਹੈ, "ਧੰਨ ਨੇ ਅਜਿਹੀਆਂ ਮਾਵਾਂ ਜਿਹੜੀਆਂ ਤਾਰੂ ਸਿੰਘ ਵਰਗੇ ਮਨੁੱਖਾਂ ਨੂੰ ਜਨਮ ਦੇਂਦੀਆਂ ਹਨ। ਜੇ ਮੈਂ ਤਾਰੂ ਸਿੰਘ ਨੂੰ ਮੁਸਲਮਾਨ ਬਣਾ ਕੇ ਤਾਰੂ ਖ਼ਾਂ ਬਣਾ ਦਿਆਂ ਤਾਂ ਮੇਰਾ ਵੀ ਹਜ਼ਰਤ ਮੁਹੰਮਦ ਸਾਹਿਬ ਦੀ ਤਰਾਂ ਇੱਕ ਵੱਖਰਾ ਮੱਤ ਚਲੇਗਾ..."। ਇਸ ਤਰਾਂ ਸੋਚਦਿਆਂ-ਸੋਚਦਿਆਂ ਸਾਰੀ ਰਾਤ ਲੰਘ ਗਈ। ਅਗਲੇ ਦਿਨ ਸਵੇਰੇ ਦੀ ਨਵਾਜ਼ ਪੜ੍ਹ ਕੇ ਅਲਾ-ਤਾਲਾ ਕੋਲ ਸਾਰੇ ਦਰਵਾਜ਼ੇ ਲਾਲਚ ਵਾਲੇ ਖੋਲ੍ਹ ਦਿੱਤੇ।

3 ਜੂਨ,1745 (25 ਸਾਲ,ਦੋ ਮਹੀਨੇ,15 ਦਿਨ)-ਜੇਲ੍ਹ ਵਿੱਚ

3 ਜੂਨ ਦੀ ਸਵੇਰ ਸ਼ੁਰੂ ਹੋਈ। ਅੰਮ੍ਰਿਤ ਵੇਲਾ ਹੋਇਆ ਤੇ ਭਾਈ ਤਾਰੂ ਸਿੰਘ ਜੀ ਨੇ ਸਾਰੀਆਂ ਕ੍ਰਿਆਵਾਂ ਸੋਧ ਕੇ ਨਿੱਤਨੇਮ ਪੂਰਾ ਕੀਤਾ ਤੇ ਜਾਪ ਕਰਨਾ ਆਰੰਭ ਕਰ ਦਿੱਤਾ। ਜੇਲ੍ਹ ਵਿੱਚ ਹਲਚਲ ਤੇਜ਼ ਹੋਈ ਤੇ ਸਭ ਆਪੋ ਆਪਣੇ ਕੰਮ ਲੱਗ ਗਏ। ਖ਼ਬਰ ਆਈ ਕਿ ਜ਼ਕਰੀਆ ਖਾਨ ਕੈਦੀਆਂ ਨੂੰ ਜੇਲ੍ਹ ਵਿੱਚ ਹੀ ਦੇਖਣ ਆ ਰਿਹਾ ਸੀ। ਇੱਕ ਪਿਆਦਾ ਸਾਰਿਆਂ ਨੂੰ ਖਬਰ ਕਰਦਾ-ਕਰਦਾ ਭਾਈ ਸਾਹਿਬ ਕੋਲ ਪਹੁੰਚਿਆ ਤੇ ਬੜੇ ਪ੍ਰੇਮ ਨਾਲ ਭਾਈ ਸਾਹਿਬ ਨਾਲ ਗੱਲ ਸ਼ੁਰੂ ਕੀਤੀ, "ਆ ਭਾਈ ਸਿੱਖਾ,ਤੇਰੇ ਕੋਲੋਂ ਕੋਈ ਕੀ ਗਲਤੀ ਹੋਈ ਹੈ..?"

ਭਾਈ ਤਾਰੂ ਸਿੰਘ ਦਾ ਜਵਾਬ ਬੜਾ ਹੀ ਪਿਆਰਾ ਸੀ। ਕਹਿਣ ਲੱਗੇ, "ਤੁਹਾਡੀ ਜੇਲ੍ਹ ਗੁਣਾਹਗਾਰਾਂ ਨਾਲ ਘੱਟ ਤੇ ਨਿਰਦੋਸ਼ਾਂ ਨਾਲ ਜਿਆਦਾ ਭਰੀ ਹੋਈ ਹੈ", ਭਾਈ ਤਾਰੂ ਸਿੰਘ ਦਾ ਜਵਾਬ ਬੜਾ ਹੀ ਪਿਆਰਾ ਸੀ। ਕਹਿਣ ਲੱਗੇ, "ਤੁਹਾਡੀ ਜੇਲ੍ਹ ਗੁਣਾਹਗਾਰਾਂ ਨਾਲ ਘੱਟ ਤੇ ਨਿਰਦੋਸ਼ਾਂ ਨਾਲ ਜਿਆਦਾ ਭਰੀ ਹੋਈ ਹੈ.."

ਇਸ ਪਿਆਦੇ ਨੇ ਫਿਰ ਰੰਗ ਬਦਲਿਆ,"ਭਾਵ ਤੁਸੀਂ ਨਿਰਦੋਸ਼ ਹੋ...!, ਤਾਂ ਠੀਕ ਹੈ ਤੁਹਾਨੂੰ ਹੁਣ ਹੀ ਛੱਡ ਦਿੱਤਾ ਜਾਵੇਗਾ,...ਖਾਨ ਸਾਹਿਬ ਆ ਰਹੇ ਨੇ ਜੇਲ੍ਹ ਵਿੱਚ..,ਤਹਿਜ਼ੀਬ ਨਾਲ ਗੱਲ ਕਰਨੀ,ਰਹਿਮਾਂ ਦੀ ਪੁਕਾਰ ਕਰਨੀ।"

ਭਾਈ ਤਾਰੂ ਸਿੰਘ ਜੀ ਹੱਸ ਪਏ ਤੇ ਆਖਣ ਲੱਗੇ,"ਆਹ ਜਿਹੜੇ ਹਰ ਰੋਜ਼ ਰਹਿਮਾਂ ਦੀ ਪੁਕਾਰ ਕਰਦੇ ਹਨ,ਪਹਿਲਾਂ ਇਹਨਾਂ ਨੂੰ ਛੱਡਦੇ,ਫਿਰ ਤੇਰਾ ਕਹਿਣਾ ਵੀ ਮੰਨ ਲਵਾਂਗਾ।"

"ਹੋਰਨਾਂ ਦੀ ਗੱਲ ਛੱਡ,ਖਾਨ ਸਾਹਿਬ ਬਹੁਤ ਗੁੱਸੇ ਵਾਲੇ ਨੇ,ਜੇ ਕੋਈ ਉਨ੍ਹਾਂ ਦੀ ਗੱਲ ਨਾਂ ਮੰਨੇ,ਉਸੇ ਵਕਤ ਮੌਤ ਦੀ ਸਜ਼ਾ ਸੁਣਾ ਦੇਂਦੇ ਨੇ, ਤੇ ਜਿਸ ਤੇ ਪ੍ਰਸੰਨ ਹੋ ਜਾਣ,ਉਸ ਨੂੰ ਆਪਣਾ ਬਣਾ ਲੈਂਦੇ ਨੇ ਤੇ ਉਚੀ ਨੌਕਰੀ ਵੀ ਦੇ ਦਿੰਦੇ ਨੇ,ਫਿਰ ਤੁਸੀਂ ਤਾਂ ਬਹੁਤ ਪੜ੍ਹੇ-ਲਿਖੇ ਹੋ,ਆਪਣੀ ਸਿਆਣਪ ਨਾਲ ਖਾਨ ਸਾਹਿਬ ਦਾ ਦਿਲ ਜਿੱਤ ਲੈਣਾ...",ਪਿਆਦੇ ਨੇ ਥੋੜਾ ਲਾਲਚ ਦਿੰਦੇ ਹੋਏ ਨੇ ਕਿਹਾ।

ਭਾਈ ਤਾਰੂ ਸਿੰਘ ਜੀ ਸਮਝ ਰਹੇ ਸਨ ਕਿ ਇਸ ਨੂੰ ਜ਼ਕਰੀਏ ਨੇ ਹੀ ਸਮਝਾ ਕੇ ਭੇਜਿਆ ਹੈ। ਥੋੜੀ ਦੇਰ ਬਾਅਦ ਜ਼ਕਰੀਆ ਖਾਨ ਜੇਲ੍ਹ ਵਿੱਚ ਦਾਖਲ ਹੋਇਆ। ਸਾਰੇ ਪਿਆਦੇ ਸਾਵਧਾਨ ਹੋ ਗਏ ਤੇ ਸਾਰਿਆਂ ਨੇ ਝੁੱਕ ਕੇ ਸਲਾਮਾਂ ਕੀਤੀਆਂ। ਜਦੋਂ ਜ਼ਕਰੀਆ ਖਾਨ ਭਾਈ ਤਾਰੂ ਸਿੰਘ ਕੋਲ ਪਹੁੰਚਿਆ ਤਾਂ ਉਸਨੇ ਦੇਖਿਆ ਕਿ ਭਾਈ ਤਾਰੂ ਸਿੰਘ ਨੇ ਉਸਨੂੰ ਕੋਈ ਸਲਾਮ ਨਹੀ ਕੀਤੀ ਤੇ ਭਾਈ ਤਾਰੂ ਸਿੰਘ ਨਿਧੜਕ ਹੋ ਕੇ ਜ਼ਕਰੀਆ ਖਾਨ ਅੱਗੇ ਖੜ੍ਹੇ ਰਹੇ। ਜਦੋਂ ਜ਼ਕਰੀਆ ਖਾਨ ਭਾਈ ਸਾਹਿਬ ਦੇ ਨਜ਼ਦੀਕ ਆਇਆ ਤਾਂ ਭਾਈ ਸਾਹਿਬ ਨੇ 'ਸੱਤ ਸ੍ਰੀ ਅਕਾਲ'

ਬੁਲਾ ਦਿੱਤੀ। ਕੋਲ ਖੜੇ ਜੇਲਰ ਨੇ ਭਾਈ ਸਾਹਿਬ ਨੂੰ ਕਿਹਾ, "ਨਵਾਬ ਸਾਹਿਬ ਨੂੰ ਸਲਾਮ ਕਹੋ"

ਜ਼ਕਰੀਆ ਖਾਨ ਨੇ ਜੇਲ੍ਹਰ ਨੂੰ ਹੱਸ ਕੇ ਚੁੱਪ ਕਰਨ ਦਾ ਇਸ਼ਾਰਾ ਕਰਦੇ ਹੋਏ ਕਿਹਾ, "ਕੋਈ ਗੱਲ ਨਹੀਂ, ਨਵਾਂ ਖ਼ੂਨ ਹੈ, ਆਪੇ ਸਮਝ ਜਾਏਗਾ.." ਇੰਨਾ ਕਹਿ ਕੇ ਜ਼ਕਰੀਆ ਖਾਨ ਵਾਪਸ ਚਲਾ ਗਿਆ ਤੇ ਜਾ ਕੇ ਇਹੀ ਸੋਚਦਾ ਰਿਹਾ ਕਿ ਕਿਵੇਂ ਇਸ ਸਿੱਖ ਨੂੰ ਮੁਸਲਮਾਨ ਬਣਾਇਆ ਜਾਵੇ, ਵਾਕਿਆ ਹੀ ਇਹ ਇੱਕ ਕੀਮਤੀ ਮਨੁੱਖ ਹੈ।

4 ਜੂਨ, 1745 (ਉਮਰ 25 ਸਾਲ, 2 ਮਹੀਨੇ, 16 ਦਿਨ)

ਜ਼ਕਰੀਆ ਖਾਨ ਦੀ ਪਿਛਲੀ ਰਾਤ ਵੀ ਇਹੀ ਸੋਚਦਿਆਂ ਲੰਘ ਗਈ ਕਿ ਤਾਰੂ ਸਿੰਘ ਨੂੰ ਕਿਵੇਂ ਮੁਸਲਮਾਨ ਬਣਾਉਣਾ ਹੈ ਕਿਉਂਕਿ ਉਹ ਤਾਰੂ ਸਿੰਘ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਸਵੇਰ ਹੋਈ ਅਤੇ ਜ਼ਕਰੀਆ ਖਾਨ ਦੀ ਬੇਗਮ ਨਸੀਮ ਅਖ਼ਤਰ ਉਸ ਕੋਲ ਆਈ ਤੇ ਆਖਣ ਲੱਗੀ, "ਕੀ ਗੱਲ ਹੈ ਜ਼ਨਾਬ! ਲਗਦਾ ਤੁਸੀਂ ਸਾਰੀ ਰਾਤ ਹੀ ਨਹੀਂ ਸੁੱਤੇ।"

"ਹਾਂ ਬੇਗਮ, ਮੈਂ ਤਾਂ ਇਹੀ ਸੋਚ ਰਿਹਾ ਸੀ ਕਿ ਤਾਰੂ ਸਿੰਘ ਨੂੰ ਮੁਸਲਮਾਨ ਬਣਾਵਾਂ ਤਾਂ ਕਿਵੇਂ ਬਣਾਵਾਂ...", ਜ਼ਕਰੀਏ ਨੇ ਹਉਂਕੇ ਨਾਲ ਨਸੀਮ ਅਖ਼ਤਰ ਨੂੰ ਜਵਾਬ ਦਿੱਤਾ।

ਨਸੀਮ ਆਖਣ ਲੱਗੀ, "ਇਹ ਸਿੰਘ ਬਹੁਤ ਪੱਕੇ ਹੁੰਦੇ ਨੇ, ਆਪਣਾ ਸਿੱਖ ਧਰਮ ਨਹੀਂ ਛਡਦੇ। ਤੁਸੀਂ ਵੇਖਿਆ ਨਹੀਂ ਉਸ ਬੁੱਢੇ ਮਨੀਏ ਨੂੰ...! (ਭਾਈ ਮਨੀ ਸਿੰਘ ਜੀ), ਬੰਦ-ਬੰਦ ਕਟਵਾ ਗਿਆ ਪਰ ਮੁਸਲਮਾਨ ਨਹੀਂ ਬਣਿਆ।"

ਖਾਨ ਆਖਣ ਲੱਗਾ, "ਉਹ ਤਾਂ ੯੦ ਸਾਲ ਦਾ ਬੁੱਢਾ ਸੀ ਤੇ ਉਸਦੇ ਬਾਰੇ ਬਾਅਦ 'ਚ ਪਤਾ ਲੱਗਾ ਕਿ ਉਸਨੇ ਤਾਂ ਗੁਰੂ ਗੋਬਿੰਦ ਸਿੰਘ ਦੀ ਖਾਤਰ ਬਾਰਾਂ ਭਰਾ ਤੇ ਸੱਤ ਪੁੱਤਰ ਕੁਰਬਾਨ ਕਰਵਾਏ ਸਨ ਤੇ ਉਹ ਬੁੱਢਾ ਤਾਂ ਬਹੁਤ ਜ਼ਿੱਦੀ ਸੀ, ਪਰ ਇਹ ਤਾਂ ੨੪-੨੫ ਸਾਲ ਦਾ ਨੌਜਵਾਨ ਹੈ, ਜਲਦੀ ਮੰਨ ਜਾਵੇਗਾ।"

"ਜੇ ਮੰਨ ਗਿਆ, ਮੈਂ ਤਾਂ ਉਸਨੂੰ ਆਪਣਾ ਪੁੱਤਰ ਹੀ ਬਣਾ ਲੈਣਾ ਹੈ", ਨਸੀਮ ਨੇ ਲਲਚਾਈ ਜ਼ੁਬਾਨ ਨਾਲ ਕਿਹਾ। ਖਾਨ ਨੇ ਫਿਰ ਦੱਸਿਆ ਕਿ ਤਾਰੂ ਸਿੰਘ ਬਹੁਤ ਹੀ ਆਲਮ ਫਾਜ਼ਲ ਹੈ। ਉਰਦੂ, ਫ਼ਾਰਸੀ ਤੇ ਅਰਬੀ ਭਾਸ਼ਾ ਦਾ ਉਸਨੂੰ ਇਲਮ ਹੈ ਤੇ ਪਿੰਡਾਂ ਦੇ ਪਿੰਡ ਉਸ ਲਈ ਤਨ, ਮਨ ਤੇ ਧਨ ਨਿਛਾਵਰ ਕਰਨ ਨੂੰ ਤਿਆਰ ਹਨ। ਜੇ ਇਹ ਮੁਸਲਮਾਨ ਬਣ ਗਿਆ ਤਾਂ ਪਿੰਡਾਂ ਦੇ ਪਿੰਡ ਮੁਸਲਮਾਨ ਬਣਨ ਨੂੰ ਤਿਆਰ ਹੋ ਜਾਣਗੇ। ਫਿਰ ਉਸਨੇ ਸਿਪਾਹੀ ਨਜ਼ੀਰ ਬਖ਼ਸ਼ ਖ਼ਾਂ ਦੀ ਸਾਰੀ ਗੱਲ ਬੇਗਮ ਨੂੰ ਦੱਸੀ ਤੇ ਕਿਹਾ ਕਿ ਮੋਮਨ ਖ਼ਾਂ ਨੇ ਕਿਵੇਂ ਪੈਸੇ ਲੈ ਕੇ ਤਾਰੂ ਸਿੰਘ ਦੀ ਭੈਣ ਨੂੰ ਛੱਡ ਦਿੱਤਾ ਸੀ। ਜਿਸ ਕਰਕੇ ਉਹਨੂੰ ਦੁਆਰਾ ਫੌਜਦਾਰ ਤੋਂ ਸਿਪਾਹੀ ਬਣਾ ਦਿੱਤਾ ਗਿਆ ਹੈ। ਉਸਨੇ ਤਾਰੂ

ਸਿੰਘ ਦੀ ਗ੍ਰਿਫਤਾਰੀ ਦਾ ਵੀ ਸਾਰਾ ਹਾਲ ਨਸੀਮ ਅਖ਼ਤਰ ਨੂੰ ਦਸਿੱਆ। ਉਸਨੇ ਨਜ਼ੀਰ ਬਖ਼ਸ਼ ਖ਼ਾਂ ਦੁਆਰਾ ਦੱਸੀ ਗੱਲ ਵਿੱਚ ਸੱਚਾਈ ਪ੍ਰਗਟ ਕੀਤੀ ਕਿ ਸਿੱਖਾਂ ਵਿੱਚ ਜੋ ਇਤਫਾਕ ਹੈ ਅਤੇ ਜੋ ਕੁਰਬਾਨੀ ਦਾ ਜਜ਼ਬਾ ਹੈ ਉਹ ਹੋਰ ਕਿਸੇ ਕੌਮ ਵਿੱਚ ਨਹੀਂ ਹੈ, ਇਹ ਆਪਣੀ ਕੌਮ ਖਾਤਰ ਜ਼ਮੀਨਾਂ,ਗਹਿਣੇ,ਇਥੋਂ ਤੱਕ ਕਿ ਆਪਣੇ ਬੱਚੇ ਤੱਕ ਵੀ ਕੁਰਬਾਨ ਕਰ ਦਿੰਦੇ ਹਨ..", ਫਿਰ ਉਸਨੇ ਬੇਗਮ ਵੱਲ ਦੇਖਕੇ ਕਿਹਾ, "ਮੁਸਲਮਾਨਾਂ ਵਿੱਚ ਤਾਂ ਜ਼ਨਾਨੀ ਦਾ ਖ਼ਾਮਦ(ਪਤੀ) ਤੱਕ ਵੀ ਬਿਮਾਰ ਹੋਵੇ ਤਾਂ ਵੀ ਉਹ ਆਪਣੇ ਸੋਨੇ ਦੇ ਗਹਿਣੇ ਨਹੀਂ ਉਤਾਰਦੀ।"

ਜ਼ਕਰੀਆ ਖਾਨ ਦੀ ਗੱਲ ਸੁਣ ਕੇ ਨਸੀਮ ਬੇਗਮ ਬੋਲੀ,"ਖਾਨ ਸਾਹਿਬ, ਸਾਡੇ 'ਤੇ ਹੀ ਬੋਲੋ ਜਾਉਗੇ ਜਾਂ ਆਪਣੇ ਵੱਲ ਵੀ ਨਜ਼ਰ ਮਾਰੋਗੇ। ਇਕ-ਇਕ ਮੁਸਲਮਾਨ ਪੰਜ-ਸੱਤ ਬੇਗਮਾਂ ਰੱਖ ਕੇ ਵੀ ਨਹੀਂ ਰੱਜਦਾ,ਫਿਰ ਵੀ ਆਸੇ-ਪਾਸੇ ਤੱਕਦੇ ਫਿਰਦੇ ਨੇ,ਇਹਨਾਂ ਸਿੱਖਾਂ ਵਿੱਚ ਇਹ ਵੀ ਤਾਂ ਖੂਬੀ ਹੈ,ਆਪਣੀ ਸਿੰਘਣੀ ਤੋਂ ਬਿਨਾਂ ਸਾਰਿਆਂ ਨੂੰ ਮਾਂ-ਭੈਣ ਕਹਿੰਦੇ ਨੇ।"

ਜ਼ਕਰੀਆ ਖ਼ਾਨ ਠੰਡੀ ਆਵਾਜ਼ 'ਚ ਬੋਲਿਆ, "ਆਪਣੇ ਗੁਰੂ ਦੇ ਕਹੇ ਤੇ ਚਲਦੇ ਨੇ, ਇਸੇ ਲਈ ਇਨ੍ਹਾਂ ਨੂੰ ਮਾਰ-ਮਾਰ ਕੇ ਥੱਕ ਗਿਆ ਹਾਂ ਪਰ ਇਹ ਨਹੀਂ ਮੁੱਕਦੇ., ਬੱਸ ਮੇਰਾ ਇਹ ਆਖਰੀ ਯਤਨ ਹੈ ਤਾਰੂ ਸਿੰਘ ਦਾ ਧਰਮ ਬਦਲਣ ਦਾ। ਇੱਟ-ਚੋਟੀ ਦਾ ਜ਼ੋਰ ਲਗਾ ਕੇ ਵੇਖਦਾ ਹਾਂ ਕਿ ਸਿੰਘ ਕਿੰਨੇ ਕੁ ਪੱਕੇ ਨੇ।" ਜ਼ਕਰੀਏ ਦੀ ਬੇਗਮ ਨੇ ਪੁੱਛਿਆ ਕਿ ਇਹ ਸਿੰਘ ਤਾਂ ਮੁਸਲਮਾਨ ਦੇ ਹੱਥ ਦਾ ਪਾਣੀ ਵੀ ਨਹੀਂ ਪੀਂਦੇ, ਫਿਰ ਕੀ ਤਾਰੂ ਸਿੰਘ ਚਾਰ ਦਿਨਾਂ ਤੋਂ ਭੁੱਖਾ ਹੀ ਹੈ.? ਤਾਂ ਜ਼ਕਰੀਏ ਨੇ ਦੱਸਿਆ ਕਿ ਪਹਿਲੇ ਦਿਨ ਤਾਂ ਉਹ ਭੁੱਖਾ ਸੀ ਪਰ ਫਿਰ ਉਸਨੇ ਇੱਕ ਗਰੀਬ ਤਰਖਾਣ ਸਿੱਖ ਜੋ ਲੱਕੜ ਦਾ ਕੰਮ ਕਰਦਾ ਸੀ, ਨੂੰ ਕਹਿ ਦਿੱਤਾ ਸੀ ਕਿ ਤਾਰੂ ਸਿੰਘ ਨੂੰ ਰੋਟੀ ਆਦਿ ਦੇ ਆਇਆ ਕਰੇ।

"ਇਥੇ ਪਾਠਕਾਂ ਦਾ ਧਿਆਨ ਕੁਝ ਚਿਰ ਲਈ ਇਸ ਸਿੱਖ ਤਰਖਾਣ ਵੱਲ ਲਿਆਉਣਾ ਚਾਹੁੰਦਾ ਹਾਂ। ਇਸ ਤਰਖਾਣ ਦਾ ਨਾਮ ਸੋਭਾ ਤਰਖਾਣ ਸੀ ਜਿਸ ਦਾ ਇਤਿਹਾਸ ਸੋਭਾ ਸਿੰਘ ਲਾਲੋ ਦੇ ਨਾਮ ਦੇ ਨਾਲ ਵੀ ਲਿਖਿਆ ਗਿਆ ਹੈ। ਇਸ ਸਿੱਖ ਦਾ ਇਤਿਹਾਸ ਪੜ੍ਹ ਕੇ ਉਦੋਂ ਮਨ ਤੇ ਚੋਟ ਲੱਗੀ, ਜਦੋਂ ਇਸ ਨੂੰ ਇੱਕ ਗਰੀਬ ਤਰਖਾਣ ਸਿੱਖ ਕਹਿ ਕੇ ਲਿਖਿਆ ਗਿਆ। ਪਹਿਲੀ ਗੱਲ ਕਿ ਸਿੱਖ ਕਦੇ ਗਰੀਬ ਨਹੀ ਹੁੰਦਾ, ਦੂਜੀ ਗੱਲ ਕਿ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਹੜੀ ਗਰੀਬੀ ਅਸੀਂ ਸੋਚਦੇ ਹਾ ਉਹ ਸਿਰਫ ਤਨ 'ਤੇ ਆਉਂਦੀ ਹੈ, ਰਿਦੈ ਭਾਵ ਹਿਰਦੇ ਵਿੱਚ ਨਹੀਂ ਆਉਂਦੀ। ਹਿਰਦੈ ਵਿੱਚ ਗਰੀਬੀ ਦਾ ਅਰਥ 'ਨਿਮਰਤਾ' ਹੈ। ਭਾਈ ਗੁਰਦਾਸ ਜੀ ਲਿਖਦੇ ਹਨ "ਗੁਰਮੱਤ ਰਿਦੈ ਗ਼ਰੀਬੀ ਆਵੈ" ਤੀਜੀ ਗੱਲ ਇਹ ਕਿ ਹਰੇਕ ਮਨੁੱਖ ਜਿਹੜਾ ਮਿਹਨਤ ਮਜ਼ਦੂਰੀ ਕਰਦਾ ਹੈ ਉਹ ਆਪਣੀ ਮਿਹਨਤ ਦੇ ਪੈਸੇ ਲੈਂਦਾ ਹੈ। ਇੱਕ ਸੱਚਾ ਸਿੱਖ ਰੱਬ ਅੱਗੇ ਝੋਲੀ ਅੱਡਦਾ ਹੈ ਤੇ ਸੰਸਾਰ ਦੀ ਝੋਲੀ ਭਰਦਾ ਹੈ ਇਸ ਲਈ ਸਿੱਖ ਕਦੇ ਗਰੀਬ ਨਹੀ ਹੁੰਦਾ। ਭਾਈ ਸੋਭਾ ਸਿੰਘ ਲਾਲੋ ਸਤਿਕਾਰਯੋਗ ਭਾਈ ਸਾਹਿਬ ਭਾਈ ਲਾਲੋ ਜੀ ਦੀ ਵੰਸ਼ ਵਿੱਚੋਂ ਪੀੜੀ ਦਰ ਪੀੜੀ ਤਰਖਾਣ ਦਾ ਕੰਮ

ਕਰਦਾ ਸੀ ਤੇ ਇੱਕ ਨੇਕ ਤੇ ਸੱਚਾ ਸਿੱਖ ਸੀ। ਅੱਜ ਵੀ ਭਾਈ ਲਾਲੋ ਹੀ ਦੀ ਵੰਸ਼ ਲਾਹੌਰ ਵਿੱਚ ਬਹੁਤ ਸਤਿਕਾਰ ਦੇ ਨਾਲ ਰਹਿ ਰਹੀ ਹੈ ਤੇ ਗੁਰੂ ਘਰਾਂ ਕੀਰਤਨ ਕਰਕੇ ਮਾਣ ਪ੍ਰਾਪਤ ਕਰ ਰਹੀ ਹੈ। ਇਹ ਸਤਿਕਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਹੀ ਮਹਾਰਾਜ ਜੀ ਨੇ ਭਾਈ ਲਾਲੋ ਜੀ ਨੂੰ ਬਖ਼ਸ਼ਿਸ਼ ਕੀਤਾ ਸੀ। ਇੱਕ ਸ਼ਬਦ ਵਿੱਚ ਭਾਈ ਲਾਲੋ ਜੀ ਦਾ ਨਾਮ ਸੱਤ ਵਾਰ ਆਇਆ ਹੈ ਤੇ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ। ਇਸ ਤੋਂ ਵੱਡਾ ਸਤਿਕਾਰ ਹੋਰ ਕੀ ਹੋ ਸਕਦਾ ਹੈ?"ਇਸ ਤਰਾਂ ਭਾਈ ਸੋਭਾ ਸਿੰਘ ਆਪਣੇ ਘਰ ਤੋਂ ਪੂਰੇ ਸਤਿਕਾਰ ਨਾਲ ਪ੍ਰਸ਼ਾਦਾ ਬਣਾ ਕੇ ਲਿਆਉਣ ਦੀ ਸੇਵਾ ਕਰਦਾ ਰਿਹਾ ਤੇ ਭਾਈ ਤਾਰੂ ਸਿੰਘ ਜੀ ਇਸ ਸਿੱਖ ਦਾ ਬਣਿਆ ਹੋਇਆ ਲੰਗਰ ਹੀ ਛਕਦੇ ਸਨ।

ਫਿਰ ਜ਼ਕਰੀਆ ਖਾਨ ਨੇ ਆਪਣੀ ਸ਼ਾਹੀ ਪੋਸ਼ਾਕ ਪਾਈ ਤੇ ਆਪਣੇ ਲਾਲਚੀ ਕੁੱਤਿਆਂ ਨੂੰ ਮਿਲਣ ਚਲਾ ਗਿਆ,ਕਿਉਂਕਿ ਉਸਨੇ ਆਪਣੇ ਪਿਆਦਿਆਂ ਨੂੰ ਹੁਕਮ ਦਿੱਤਾ ਹੋਇਆ ਸੀ ਕਿ ਭਾਈ ਤਾਰੂ ਸਿੰਘ ਨੂੰ ਪੂਰੇ ਪਿਆਰ ਨਾਲ ਹਰੇਕ ਤਰਾਂ ਦਾ ਲਾਲਚ ਦੇ ਕੇ ਮੁਸਲਮਾਨ ਬਣਨ ਵਾਸਤੇ ਮਨਾਉਣਾ ਹੈ।

ਜ਼ਕਰੀਆ ਖਾਨ ਆਪਣੇ ਮਹਿਲਾਂ 'ਚੋਂ ਦਰਬਾਰ ਵਿੱਚ ਦਾਖਲ ਹੋਇਆ ਤੇ ਆਪਣੇ ਲਾਲਚ ਦੇਣ ਵਾਲੇ ਕੁੱਤਿਆਂ ਤੋਂ ਪੁੱਛਣ ਲੱਗਾ ਕਿ ਦੱਸੋ ਕੀ ਬਣਿਆ ਤਾਰੂ ਸਿੰਘ ਦੇ ਧਰਮ ਪਰਿਵਰਤਨ ਦਾ।

ਉਹਨਾ ਨੇ ਜੋ ਕੁਝ ਭਾਈ ਸਾਹਿਬ ਨਾਲ ਕੀਤਾ ਉਹ ਜ਼ਕਰੀਏ ਨੂੰ ਦੱਸ ਦਿੱਤਾ ਕਿ ਪਹਿਲਾਂ ਤਾਂ ਉਹ ਤਾਰੂ ਸਿੰਘ ਨੂੰ ਹੱਥਕੜੀਆਂ ਖੋਲ੍ਹ ਕੇ ਸੁੰਦਰ ਮਹਿਲਾਂ ਵਿੱਚ ਲੈ ਆਏ ਫਿਰ ਬਹੁਤ ਪਿਆਰ ਨਾਲ ਗੱਲ ਸ਼ੁਰੂ ਕੀਤੀ ਤੇ ਕਿਹਾ,"ਦੇਖ ਭਾਈ ਤਾਰੂ ਸਿੰਘ,ਮੁਗਲ ਹਕੂਮਤ ਨੇ ਸਾਰੇ ਦੇ ਸਾਰੇ ਸਿੰਘ ਮਾਰ ਦਿੱਤੇ ਨੇ",ਭਾਈ ਸਾਹਿਬ ਕਹਿਣ ਲੱਗੇ,"ਮੇਰੇ ਸਾਹਮਣੇ ਹੀ ਝੂਠ!ਤੁਸੀਂ ਆਖਿਆ,ਸਾਰੇ ਸਿੰਘ ਮਾਰ ਦਿੱਤੇ,ਸਿੰਘ ਤਾਂ ਤੁਹਾਡੇ ਸਾਹਮਣੇ ਬੈਠਾ ਹੈ।"

"ਬੱਸ ਤੂੰ ਹੀ ਆਖਰੀ ਹੈਂ..!", ਜ਼ੇਲ੍ਹਰ ਅਹਿਮਦ ਖ਼ਾਂ ਨੇ ਜਵਾਬ ਦਿੱਤਾ।

ਭਾਈ ਸਾਹਿਬ ਆਖਣ ਲੱਗੇ, "ਜੇ ਤੂੰ ਮੈਨੂੰ ਬਦਲ ਲਿਆ ਤਾਂ ਮੈਂ ਆਖਰੀ ਹਾਂ, ਨਹੀਂ ਤਾਂ ਇੱਕ ਸਿੰਘ ਤਾਂ ਸਵਾ ਲੱਖ ਦੇ ਬਰਾਬਰ ਹੁੰਦਾ ਹੈ।"

ਜੇਲ੍ਹਰ ਅਹਿਮਦ ਖ਼ਾਂ ਬੋਲਿਆ,"ਤਾਰੂ ਸਿੰਘ, ਆਪਣੀ ਵਿਧਵਾ ਮਾਂ ਤੇ ਇਕਲੌਤੀ ਭੈਣ ਦਾ ਤਾਂ ਖਿਆਲ ਕਰ...!"

ਅਹਿਮਦ ਖ਼ਾਂ ਦੀ ਗੱਲ ਸੁਣ ਕੇ ਭਾਈ ਤਾਰੂ ਸਿੰਘ ਜੀ ਧੀਮੀ ਆਵਾਜ਼ ਤੋਂ ਇੱਕ ਦਮ ਗਰਜਵੀਂ ਆਵਾਜ਼ ਚ' ਬੋਲੇ, "ਮੇਰੀ ਭੈਣ ਤੇ ਮਾਂ ਦਾ ਰਾਖਾ ਮੇਰਾ ਗੁਰੂ ਹੈ ਤੇ ਤੂੰ ਆਪਣੇ ਤੇ ਤਰਸ ਕਰ।"

ਭਾਈ ਸਾਹਿਬ ਜੀ ਦੀਆਂ ਹੱਥਕੜੀਆਂ ਖੁੱਲ੍ਹੀਆਂ ਸਨ ਅਤੇ ਜੇਲ੍ਹਰ ਅਹਿਮਦ ਖ਼ਾਂ ਭਾਈ ਸਾਹਿਬ ਦੀ ਗਰਜ ਤੋਂ ਇਨਾਂ ਡਰਿਆ ਕਿ ਉਹਦਾ ਉਥੇ ਹੀ ਸਲਵਾਰ ਵਿੱਚ ਪਿਸ਼ਾਬ ਨਿਕਲ ਗਿਆ। ਉਸਦੇ ਨਾਲ ਦੇ ਮੁਗਲ ਹੱਸ ਕੇ ਕਹਿਣ ਲੱਗੇ, "ਅਹਿਮਦ ਪਹਿਲਾਂ ਆਪਣੀ ਬੇਗਮ ਤੋਂ ਸਲਵਾਰ ਲੈ ਕੇ ਬਦਲ ਲੈ।"

ਉਸ ਨੂੰ ਭੇਜ ਦਿੱਤਾ ਤੇ ਨਾਲ ਦੇ ਪਿਆਦਿਆਂ ਨੇ ਫਿਰ ਤੋਂ ਮਿੱਠੀਆਂ-ਚੋਪੜੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ, "ਦੇਖੋ ਭਾਈ ਸਾਹਿਬ! ਤੁਸੀਂ ਆਲਮ ਫ਼ਾਜਲ ਹੋ, ਇਸ ਲਈ ਉਚੇ ਅਹੁੱਦੇ ਦੀ ਨੌਕਰੀ ਵੀ ਮਿਲ ਜਾਏਗੀ ਤੇ ਉੱਚੇ ਖਾਨਦਾਨ ਵਿੱਚ ਨਿਕਾਹ ਵੀ ਹੋਵੇਗਾ, ਉਹ ਵੀ ਇੱਕ ਨਹੀਂ ਬਲਕਿ ਚਾਰ-ਪੰਜ ਬੇਗਮਾਂ ਹੋਣਗੀਆਂ। ਦੁਨੀਆਂ ਭਰ ਦਾ ਐਸ਼ੋ-ਆਰਾਮ ਤੇ ਸੁੰਦਰ ਮਹਿਲ ਮਿਲ ਜਾਣਗੇ।"

ਦੂਜੇ ਪਿਆਦੇ ਨੇ ਕਹਿਣਾ ਸ਼ੁਰੂ ਕੀਤਾ, "ਦੁਨੀਆਂ ਭਰ ਦੇ ਐਸ਼ੋ-ਆਰਾਮ ਆਪ ਦੇ ਚਰਨਾਂ ਵਿੱਚ ਹੋਣਗੇ। ਜਿਹੋ ਜਿਹੇ ਸੁੱਖ ਤੁਸੀ ਚਾਹੋਗੇ, ਉਹੋ ਜਿਹੇ ਸੁੱਖ ਹਾਜ਼ਰਹੋਣਗੇ, ਤੈਨੂੰ ਅਸੀਂ ਹੁਣੇ ਨਹੀਂ ਕਹਿ ਰਹੇ, ਤੂੰ ਦੋ ਦਿਨ ਸੋਚ ਕੇ ਵੀ ਜਵਾਬ ਦੇ ਸਕਦਾ ਹੈਂ।"

ਇਸ ਤਰਾਂ ਭਾਈ ਤਾਰੂ ਸਿੰਘ ਜੀ ਨੂੰ ਦੋ ਦਿਨ ਭਾਵ ੪ ਜੂਨ ਦੀ ਰਾਤ ਤੇ ੫ ਜੂਨ ਦਾ ਦਿਨ ਹੋਰ ਮਿਲ ਗਿਆ। ਸਾਰੀ ਗੱਲ ਸੁਣ ਕੇ ਜ਼ਕਰੀਏ ਦੇ ਮਨ ਵਿੱਚ ਇੱਕ ਉਮੀਦ ਜਾਗ ਗਈ ਕਿ ਸ਼ਾਇਦ ਤਾਰੂ ਸਿੰਘ ਇੰਨਾਂ ਕੁਝ ਸੁਣ ਕੇ ਲਾਲਚ ਵਿੱਚ ਫਸ ਜਾਵੇਗਾ ਤੇ ਮੁਸਲਮਾਨ ਬਣਨ ਲਈ ਤਿਆਰ ਹੋ ਜਾਵੇਗਾ।

5 ਜੂਨ, 1745 (ਉਮਰ 25 ਸਾਲ, 2 ਮਹੀਨੇ, 17 ਦਿਨ) ਦਿਲਾ ਖ਼ਾਂ ਤੇ ਆਲਮ ਖ਼ਾਂ ਦਾ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ 'ਚ ਮਿਲਣ ਆਉਣਾ

ਦਿਨ ਆਰੰਭ ਹੋਇਆ ਤੇ ਪਿੰਡ ਪੂਹਲੇ ਵਿੱਚ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਰੋਜ਼ ਨਿੱਤਨੇਮ ਕਰਕੇ ਅਰਦਾਸ ਕਰਦੇ ਕਿ ਤਾਰੂ ਸਿੰਘ ਦੀ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭ ਜਾਵੇ। ਪਿੰਡ ਦੇ ਲੋਕ ਤੇ ਹੋਰ ਪਿੰਡਾਂ ਦੇ ਲੋਕ ਮਾਤਾ ਜੀ ਕੋਲ ਆਉਂਦੇ ਤੇ ਪੁੱਛਦੇ ਕਿ ਤਾਰੂ ਸਿੰਘ ਦੀ ਕੀ ਖਬਰ ਆਈ ਹੈ। ਭਾਈ ਸਾਹਿਬ ਦੇ ਮੁਸਲਮਾਨ ਦੋਸਤ ਵੀ ਮਾਤਾ ਜੀ ਕੋਲ ਆਉਂਦੇ ਤੇ ਮਾਤਾ ਜੀ ਤੇ ਭੈਣ ਗੁਰਜੋਈ ਕੌਰ ਨੂੰ ਹੌਂਸਲਾ ਦਿੰਦੇ।

ਜਦੋਂ ਅੱਜ ਇਹ ਦੋਵੇਂ ਮੁਸਲਮਾਨ ਦੋਸਤ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਨੂੰ ਮਿਲਣ ਆਏ ਤੇ ਗੱਲਬਾਤ ਕਰਨ ਲੱਗੇ ਤਾਂ ਭੈਣ ਗੁਰਜੋਈ ਕੌਰ ਨੇ ਇਹਨਾਂ ਨੂੰ ਇਕਦਮ ਕਿਹਾ, "ਭਾਈ ਜਾਣ ਤੁਸੀ ਤਾਂ ਮੁਸਲਮਾਨ ਹੋ। ਤੁਸੀ ਮੇਰੇ ਵੀਰ ਤੇ ਆਪਣੇ ਦੋਸਤ ਨੂੰ ਮਿਲਣ ਜਾ ਸਕਦੇ ਹੋ, ਤੁਹਾਨੂੰ ਕਿਸੇ ਨੇ ਨਹੀ ਰੋਕਣਾ ਤੇ ਨਾਲੇ ਤੁਹਾਨੂੰ ਕਿਸਦਾ ਡਰ...!"

ਭੈਣ ਗੁਰਜੋਈ ਕੌਰ ਦੀ ਗੱਲ ਇਹਨਾਂ ਦੋਵਾਂ ਦੇ ਪੱਲੇ ਪੈ ਗਈ ਤੇ ਦਿਲਾ ਖ਼ਾਂ ਤੇ ਆਲਮ ਖ਼ਾਂ ਇੱਕੋ ਘੋੜੇ ਸਵਾਰ ਹੋ ਕੇ ਲਾਹੌਰ ਵੱਲ ਨੂੰ ਚੱਲ ਪਏ ਤੇ ਮੰਜ਼ਲੇ-ਮੰਜ਼ਿਲ ਇਖਤਿਆਰ ਕਰਕੇ ਲਾਹੌਰ ਪਹੁੰਚ ਗਏ। ਹੁਣ ਲਾਹੌਰ ਜੇਲ੍ਹ 'ਚ ਭਾਈ ਤਾਰੂ ਸਿੰਘ ਜੀ ਨੂੰ ਮਿਲਣਾ ਇੱਕ ਵੱਡਾ ਮਸਲਾ ਸੀ ਇਸ ਲਈ ਉਨ੍ਹਾ ਨੇ ਜੇਲ੍ਹਰ ਅਹਿਮਦ ਖ਼ਾਂ ਨੂੰ

ਮਿਲਣ ਲਈ ਜਾਣ-ਪਛਾਣ ਕੱਢੀ ਤੇ ਬਹੁਤ ਮੁਸ਼ੱਕਤ ਤੋਂ ਬਾਅਦ ਅਹਿਮਦ ਖ਼ਾਂ ਨੂੰ ਮਿਲੇ। ਇਹ ਦੋਵੇਂ ਮੁਸਲਮਾਨ ਬਹੁਤ ਸਿਆਣੇ ਸਨ ਤੇ ਇਨ੍ਹਾਂ ਨੇ ਗੱਲੀਂ ਬਾਤੀਂ ਅਹਿਮਦ ਖ਼ਾਂ ਨੂੰ ਚਾਚਾ ਜਾਨ ਬਣਾ ਲਿਆ।

ਹੁਣ ਦਿਲਾ ਖ਼ਾਂ ਨੇ ਬਹੁਤ ਪ੍ਰੇਮ ਨਾਲ ਅਹਿਮਦ ਖ਼ਾਂ ਨੂੰ ਕਹਿਣਾ ਸ਼ੁਰੂ ਕੀਤਾ, "ਚਾਚਾ ਜਾਨ! ਆਪ ਜੀ ਦੇ ਕੋਲ ਇੱਕ ਸਿੰਘ ਜੇਲ੍ਹ ਵਿੱਚ ਹੈ...।"

ਤਾਂ ਝੱਟ ਅਹਿਮਦ ਖ਼ਾਂ ਬੋਲਿਆ, "ਕਿਤੇ ਤਾਰੂ ਸਿੰਘ ਤਾਂ ਨਹੀ...?"

ਫਿਰ ਪਿਆਰ ਨਾਲ ਆਲਮ ਖ਼ਾਂ ਕੇ ਕਿਹਾ, "ਹਾਂ ਹਾਂ ਚਾਚਾ ਜਾਨ! ਉਹ ਹੈ ਤਾਂ ਭਾਈ ਤਾਰੂ ਸਿੰਘ ਹੀ ਹੈ।"

"ਤੁਸੀਂ ਕਿਵੇਂ ਜਾਣਦੇ ਹੋ ..?", ਅਹਿਮਦ ਖ਼ਾਂ ਨੇ ਹੈਰਾਨੀ ਨਾਲ ਪੁੱਛਿਆ। "ਉਹ ਸਾਡੇ ਪਿੰਡ ਦਾ ਨੇਕ ਬੰਦਾ ਹੈ", ਦਿਲਾ ਖ਼ਾਂ ਨੇ ਕਿਹਾ। ਅਹਿਮਦ ਖ਼ਾਂ ਨੇ ਕੁਝ ਸੋਚਦੇ ਹੋਏ ਨੇ ਕਿਹਾ, "ਪਤਾ ਹੈ ਕਿੰਨਾ ਕੁ ਨੇਕ ਹੈ।"

ਦਰਅਸਲ ਜਦੋਂ ਦਾ ਅਹਿਮਦ ਖ਼ਾਂ ਨੇ ਭਾਈ ਤਾਰੂ ਸਿੰਘ ਦਾ ਵਿਰਾਟ ਨਰਸਿੰਘ ਵਾਲਾ ਰੂਪ ਦੇਖਿਆ ਸੀ ਉਦੋਂ ਦਾ ਹੀ ਕੁਝ ਡਰਿਆ ਹੋਇਆ ਸੀ ਤੇ ਸੋਚਦਾ ਸੀ ਕਿ ਜੇ ਮੇਰਾ ਪਿਸ਼ਾਬ ਨਾ ਨਿਕਲਦਾ ਤਾਂ ਪਤਾ ਨਹੀ ਉਹ ਸਿੰਘ ਨੇ ਮੇਰੇ ਨਾਲ ਕੀ ਕਰਨਾ ਸੀ ਤੇ ਦਿਲਾ ਖ਼ਾਂ ਤੇ ਆਲਮ ਖ਼ਾਂ ਗੱਲਾਂ ਤੋਂ ਉਹ ਸਮਝ ਗਿਆ ਸੀ ਕਿ ਇਹ ਦੋਵੇਂ ਲੜਕੇ ਉਸਦੇ ਪਿੰਡ ਦੇ ਹਨ ਤੇ ਉਸ ਨੂੰ ਮਿਲਣਾ ਚਾਹੁੰਦੇ ਹਨ। ਉਸਨੇ ਇਨ੍ਹਾਂ ਲੜਕਿਆਂ ਦੇ ਜ਼ਰੀਏ ਤਾਰੂ ਸਿੰਘ ਨੂੰ ਧਰਮ ਬਦਲਣ ਲਈ ਪ੍ਰੇਰਣ ਲਈ ਸਕੀਮ ਬਣਾਈ। ਉਸਨੇ ਸੋਚਿਆ ਕਿ ਜੇ ਇਹ ਦੋਵੇਂ ਲੜਕੇ ਆਪਣੇ ਤਰੀਕੇ ਨਾਲ ਤਾਰੂ ਸਿੰਘ ਨੂੰ ਸਮਝਾਉਣ ਤਾਂ ਹੋ ਸਕਦਾ ਹੈ ਕਿ ਉਹ ਇਹਨਾਂ ਦੀ ਗੱਲ ਮੰਨ ਲੈਣ।

ਅਹਿਮਦ ਖ਼ਾਂ ਨੇ ਦਿਲਾ ਖ਼ਾਂ ਤੇ ਆਲਮ ਖ਼ਾਂ ਨੂੰ ਲਾਲਚੀ ਢੰਗ ਨਾਲ ਬੋਲਣਾ ਸ਼ੁਰੂ ਕੀਤਾ, "ਦੇਖੋ ਮੇਰੇ ਪਿਆਰੇ ਬੱਚਿਓ! ਤੁਸੀ ਪੂਹਲੇ ਪਿੰਡ ਦੇ ਤਾਰੂ ਸਿੰਘ ਨੂੰ ਮਿਲਣਾ ਚਾਹੁੰਦੇ ਹੋ, ਮੈਂ ਤੁਹਾਡੀ ਇਹ ਤਮੰਨਾ ਪੂਰੀ ਕਰਾਂਗਾ। ਮੈਨੂੰ ਪਤਾ ਹੈ ਕਿ ਤੁਹਾਡੇ ਜੀਵਨ ਨੂੰ ਧਨ ਦੀ ਬਹੁਤ ਲੋੜ ਹੈ ਤੇ ਤੁਸੀਂ ਦੋਵੇਂ ਪੜ੍ਹੇ-ਲਿਖੇ ਨੌਜਵਾਨ ਹੋ। ਤੁਸੀਂ ਦੋਵੇਂ ਨੇਕ ਮੁਸਲਮਾਨ ਜਾਪਦੇ ਹੋ ਪਰ ਨੇਕ ਮੁਸਲਮਾਨ ਉਹੀ ਹੁੰਦਾ ਹੈ ਜੋ ਆਪਣੇ ਧਰਮ ਨੂੰ ਵਧਾਵੇ।"

ਅਹਿਮਦ ਖ਼ਾਂ ਨੇ ਹੋਰ ਲਾਲਚ ਦੇ ਕੇ ਕਿਹਾ, "ਤੁਸੀਂ ਦੋਵੇਂ ਤਾਰੂ ਸਿੰਘ ਨੂੰ ਧਰਮ ਬਦਲਣ ਲਈ ਕਹੋ ਤੇ ਉਸਨੂੰ ਪ੍ਰੇਰ ਕੇ ਮੁਸਲਮਾਨ ਬਣਾਓ। ਜੇ ਤੁਸੀਂ ਸਫਲ ਹੋ ਗਏ ਤਾਂ ਮੈਂ ਤੁਹਾਨੂੰ ਕੱਲ੍ਹ ਹੀ ਉੱਚੇ ਅਹੁਦਿਆਂ ਵਾਲੀ ਨੌਕਰੀ 'ਤੇ ਲਗਵਾ ਦੇਵਾਂਗਾ। ਜ਼ਰਾ ਸੋਚੋ ਜੇ ਤੁਸੀ ਬਾਦਸ਼ਾਹ ਸਲਾਮਤ ਦੇ ਦਰਬਾਰ ਵਿੱਚ ਵੱਡੀਆਂ ਨੌਕਰੀਆਂ ਤੇ ਲੱਗ ਗਏ ਤਾਂ ਤੁਹਾਡੇ ਕੋਲ ਮਾਇਆ ਦੀ ਕੋਈ ਕਮੀ ਨਹੀ ਰਹੇਗੀ ਤੇ ਫਿਰ ਤੁਹਾਡੇ ਨਿਕਾਹ ਵੀ ਉੱਚੇ ਖ਼ਾਨਦਾਨ ਦੀਆਂ ਸ਼ਹਿਜਾਦੀਆਂ ਨਾਲ ਹੋ ਜਾਣਗੇ ਤੇ ਤੁਹਾਡੇ ਅੱਬਾ-ਅੰਮੀ ਕਿੰਨੇ ਖ਼ੁਸ਼ ਹੋਣਗੇ...!"

ਅਹਿਮਦ ਖ਼ਾਂ ਦੀਆਂ ਗੱਲਾਂ ਸੁਣ ਕੇ ਦਿਲਾ ਖ਼ਾਂ ਨੇ ਆਲਮ ਖ਼ਾਂ ਵੱਲ ਦੇਖਿਆ ਤੇ ਇਸ਼ਾਰਾ ਕੀਤਾ। ਆਲਮ ਖ਼ਾਂ ਵੀ ਦਿਲਾ ਖ਼ਾਂ ਦਾ ਇਸ਼ਾਰਾ ਸਮਝ ਗਿਆ।

ਉਹਨਾਂ ਨੇ ਅਹਿਮਦ ਖ਼ਾ ਦੀ 'ਹਾਂ' ਵਿੱਚ 'ਹਾਂ' ਮਿਲਾਉਣ ਵਿੱਚ ਹੀ ਭਲਾ ਸਮਝਿਆ ਕਿਉਂਕਿ ਇਸ ਤੋਂ ਬਿਨਾਂ ਅਹਿਮਦ ਖ਼ਾਂ ਨੇ ਉਨ੍ਹਾਂ ਨੂੰ ਭਾਈ ਤਾਰੂ ਸਿੰਘ ਜੀ ਨਾਲ ਮਿਲਣ ਨਹੀ ਸੀ ਦੇਣਾ। ਉਹਨਾਂ ਨੇ ਆਪਸ ਵਿੱਚ ਸਲਾਹ ਕੀਤੀ ਕਿ ਪਹਿਲਾਂ ਆਪਣੇ ਵੀਰ ਤਾਰੂ ਸਿੰਘ ਨੂੰ ਮਿਲ ਲਈਏ, ਫਿਰ ਵੇਖੀ ਜਾਊ ਕੀ ਬਣਦਾ ਹੈ।

ਦਿਲਾ ਖ਼ਾਂ ਆਖਣ ਲੱਗਾ, "ਚਾਚਾ ਜਾਨ! ਤੁਹਾਡੀ ਗੱਲ ਬਿਲਕੁਲ ਠੀਕ ਹੈ, ਤੁਸੀਂ ਚੱਲੋ ਸਾਡੇ ਨਾਲ, ਅਸੀਂ ਉਸਨੂੰ ਮਿਲਕੇ ਜ਼ਰੂਰ ਪ੍ਰੇਰਾਂਗੇ।"

ਅਹਿਮਦ ਖ਼ਾਂ ਨੇ ਇੱਕਦਮ ਕਿਹਾ, "ਨਾ ਨਾ ਬਾਬਾ...ਮੈਂ ਨੀਂ ਜਾਣਾ ਉਸਦੇ ਸਾਹਮਣੇ, ਕੀਤੇ ਫਿਰ ਨਾ ਵਿਗੜ ਜਾਏ, ਤੁਸੀਂ ਹੀ ਮਿਲ ਲਉ।"

ਜਦੋਂ ਇਹ ਦੋਵੇਂ ਦੋਸਤ ਮਿਲਣ ਲਈ ਚੱਲਣ ਲੱਗੇ ਤਾਂ ਅਹਿਮਦ ਖ਼ਾਂ ਨੇ ਰੋਕ ਕੇ ਉਹਨਾਂ ਨੂੰ ਡਰਾ ਕੇ ਕਿਹਾ, "ਯਾਦ ਰੱਖਿਉ, ਇਸ ਕੇਸ ਵਿੱਚ ਤੁਹਾਡਾ ਵੀ ਨਾਮ ਹੈ ਕਿ ਪੂਹਲੇ ਪਿੰਡ ਦੇ ਮੁਸਲਮਾਨ ਵੀ ਤਾਰੂ ਸਿੰਘ ਨਾਲ ਸਨ, ਇਸ ਲਈ ਤੁਸੀਂ ਚੰਗੀ ਤਰਾਂ ਗੱਲ ਕਰਨੀ ਫਿਰ ਮੈਂ ਤੁਹਾਡਾ ਨਾਮ ਵੀ ਇਸ ਕੇਸ 'ਚੋਂ ਕਢਵਾ ਦਿਆਂਗਾ।"

ਇਸ ਤਰਾਂ ਇਹ ਦੋਵੇਂ ਭਾਈ ਤਾਰੂ ਸਿੰਘ ਜੀ ਮਿਲਣ ਜੇਲ੍ਹ 'ਚ ਚਲੇ ਗਏ। ਜਦੋਂ ਇਹਨਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਜੇਲ੍ਹ ਵਿੱਚ ਬੰਦ ਦੇਖਿਆ ਤਾਂ ਇਹਨਾਂ ਦੇ ਮਨ ਭਰ ਆਏ। ਜਦੋਂ ਭਾਈ ਤਾਰੂ ਸਿੰਘ ਜੀ ਨੂੰ ਮਿਲੇ। ਭਾਈ ਸਾਹਿਬ ਵੀ ਇਨ੍ਹਾਂ ਨੂੰ ਦੇਖ ਕੇ ਬਹੁਤ ਖ਼ੁਸ਼ ਹੋਏ ਤੇ ਹੈਰਾਨ ਵੀ ਹੋਏ। ਤਿੰਨੇ ਦੋਸਤ ਇੱਕ ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾ ਕੇ ਮਿਲੇ। ਪਿੰਡ ਦੀ ਸਾਰੀ ਖੈਰ ਖ਼ਬਰ ਦੱਸੀ ਤੇ ਫਿਰ ਭਾਈ ਸਾਹਿਬ ਨੇ ਮਾਤਾ ਜੀ ਤੇ ਭੈਣ ਦਾ ਹਾਲ ਪੁਛਿੱਆ ਤਾਂ ਦਿਲਾ ਖ਼ਾਂ ਨੇ ਭਾਈ ਸਾਹਿਬ ਨੂੰ ਦੱਸਿਆ ਕਿ ਭੈਣ ਗੁਰਜੋਈ ਕੌਰ ਨੇ ਹੀ ਸਾਨੂੰ ਇੱਥੇ ਆਪ ਜੀ ਦਾ ਹਾਲ ਪਤਾ ਕਰਨ ਲਈ ਭੇਜਿਆ ਹੈ।

ਭਾਈ ਸਾਹਿਬ ਜੀ ਨੇ ਕਿਹਾ, "ਬੱਸ ਵੀਰੋ, ਸ਼ਹੀਦੀ ਗਾਨਾ ਬੰਨ੍ਹ ਕੇ ਨਿਕਲਿਆ ਸੀ ਤੇ ਸ਼ਹੀਦੀ ਨਾਲ ਹੀ ਸਮਾਪਤ ਹੋਵੇਗਾ।"

ਆਲਮ ਖ਼ਾਂ ਆਖਣ ਲੱਗਾ, "ਜਦੋਂ ਅੱਜ ਅਸੀਂ ਜੇਲਰ ਨੂੰ ਮਿਲੇ ਤਾਂ ਉਸਨੇ ਇੱਕੋ ਸ਼ਰਤ ਤੇ ਅੰਦਰ ਆਉਣ ਦਿੱਤਾ ਕਿ ਅਸੀਂ ਤੁਹਾਨੂੰ ਧਰਮ ਬਦਲਣ ਲਈ ਪ੍ਰੇਰੀਏ।"

"ਜਿਸ ਕੇਸ ਵਿੱਚ ਉਹ ਤੁਹਾਨੂੰ ਇੱਥੇ ਫੜ ਕੇ ਲਿਆਇਆ ਏ, ਉਸਦੇ ਬਾਰੇ ਤਾਂ ਕੋਈ ਗੱਲ ਵੀ ਨਹੀਂ ਕਰਦਾ ਉਹ, ਮੌਕੇ ਦੀ ਸਰਕਾਰ ਬਾਹਰੋਂ ਕੁਝ ਹੋਰ ਹੈ ਤੇ ਅੰਦਰੋਂ ਕੁਝ ਹੋਰ...", ਦਿਲਾ ਖ਼ਾਂ ਨੇ ਕਿਹਾ।

ਆਲਮ ਖ਼ਾਂ ਨੇ ਵਿੱਚੋਂ ਹੀ ਗੱਲ ਕੀਤੀ, "ਅਸੀਂ ਤੁਹਾਨੂੰ ਕਿੰਨਾ ਆਖਿਆ ਸੀ, ਸਾਰਾ ਪਿੰਡ ਤੁਹਾਡੇ ਨਾਲ ਸੀ ਤੇਰੀ ਖ਼ਾਤਰ ਜਾਨ ਵੀ ਕੁਰਬਾਨ ਕਰ ਦਿੰਦੇ ਪਰ ਤੁਹਾਨੂੰ ਤੱਤੀ 'ਵਾ ਵੀ ਨਾ ਲੱਗਣ ਦਿੰਦੇ।"

ਗੱਲ ਕਰਦੇ-ਕਰਦੇ ਦੋਵੇਂ ਦੋਸਤ ਰੋਣ-ਹਾਕੇ ਹੋ ਗਏ। ਦੋਵਾਂ ਨੂੰ ਰੋਣ-ਹਾਕੇ ਹੋਏ ਦੇਖ ਕੇ ਭਾਈ ਤਾਰੂ ਸਿੰਘ ਜੀ ਨੇ ਸੋਚਿਆ ਕਿ ਇਹ ਦੋਵੇਂ ਇੱਥੇ ਹੀ ਪਿਆਰ ਵਿੱਚ ਭਿੱਜ ਗਏ ਹਨ ਤੇ ਉਦਾਸ ਹੋ ਗਏ ਹਨ। ਇਸ ਲਈ ਹੋ ਸਕਦਾ ਹੈ ਇਹ ਪਿੰਡ

ਪੂਹਲੇ ਜਾ ਕੇ ਵੀ ਨਿਰਾਸਤਾ ਹੀ ਦੱਸਣ। ਭਾਈ ਸਾਹਿਬ ਨੇ ਮਨ 'ਚ ਸੋਚਿਆ ਕਿ ਹੋਣਾ ਤਾਂ ਉਹੀ ਹੈ ਜੋ ਅਕਾਲ ਪੁਰਖ ਨੂੰ ਭਾਂਉਦਾ ਹੈ,ਫਿਰ ਇਨ੍ਹਾਂ ਨੂੰ ਤਾਂ ਖੁਸ਼ ਕਰਕੇ ਭੇਜਿਆ ਜਾਣਾ ਚਾਹੀਦਾ ਹੈ। ਇਸ ਲਈ ਭਾਈ ਸਾਹਿਬ ਨੇ ਗੱਲ ਬਦਲੀ ਤੇ ਕਹਿਣਾ ਸ਼ੁਰੂ ਕੀਤਾ,"ਮੇਰੇ ਉੱਪਰ ਤਾਂ ਇੰਨੇ ਪਹਿਰੇ ਲੱਗੇ ਨੇ,ਫਿਰ ਤੁਹਾਨੂੰ ਅੰਦਰ ਕਿਵੇਂ ਆਣ ਦਿੱਤਾ..?"

ਦਿਲਾ ਖ਼ਾਂ ਆਖਣ ਲੱਗਾ,"ਅਹਿਮਦ ਖ਼ਾਂ ਨਾਲ ਰਿਸ਼ਤੇਦਾਰੀ ਕੱਢੀ,ਫਿਰ ਉਸਨੇ ਅੰਦਰ ਆਣ ਦਿੱਤਾ। ਪਹਿਲਾਂ ਤਾਂ ਤੇਰੇ ਨਾਂ ਤੋਂ ਟੱਪ ਖਲੋਤਾ ਸੀ।"
ਭਾਈ ਤਾਰੂ ਸਿੰਘ ਹੱਸ ਪਏ।

"ਕੀ ਹੋਇਆ, ਸਾਨੂੰ ਵੀ ਦੱਸ",ਦਿਲਾ ਖ਼ਾਂ ਨੇ ਪੁਛਿਆ।

ਭਾਈ ਸਾਹਿਬ ਕਹਿਣ ਲੱਗੇ, "ਛੱਡ ਪਰ੍ਹੇ, ਤੇਰੇ ਚਾਚਾ ਜਾਨ ਦੀ ਬੇਇਜ਼ਤੀ ਹੋ ਜਾਊਗੀ।"

ਆਲਮ ਖ਼ਾਂ ਆਖਣ ਲੱਗਾ, "ਸਾਡਾ ਕਿਹੜਾ ਸਕਾ ਚਾਚਾ ਹੈ, ਤੈਨੂੰ ਮਿਲਣ ਲਈ ਚਾਚਾ ਬਣਾਇਆ ਹੈ।"

ਭਾਈ ਸਾਹਿਬ ਦੱਸਣ ਲੱਗੇ, "ਮੇਰੇ ਨਾਲ ਉੱਚੀ ਆਵਾਜ਼ 'ਚ ਗੱਲ ਕਰਨ ਲੱਗਾ ਸੀ, ਜਦੋਂ ਮੈਂ ਉੱਚੀ ਬੋਲਿਆ ਤਾਂ ਵਿਚਾਰੇ ਦਾ ਵਿੱਚੇ ਹੀ ਪਿਸ਼ਾਬ ਨਿਕਲ ਗਿਆ, ਸਲਵਾਰ ਬਦਲ ਕੇ ਹੀ ਆਉਣਾ ਪਿਆ।"

ਭਾਈ ਤਾਰੂ ਸਿੰਘ ਦੀ ਗੱਲ ਸੁਣ ਕੇ ਦਿਲਾ ਖ਼ਾਂ ਤੇ ਆਲਮ ਖ਼ਾਂ ਉੱਚੀ-ਉੱਚੀ ਖੂਬ ਹੱਸੇ, ਫਿਰ ਭਾਈ ਸਾਹਿਬ ਨੇ ਮੌਕਾ ਸੰਭਾਲ ਕੇ ਕਿਹਾ ਕਿ ਮਾਤਾ ਜੀ ਤੇ ਭੈਣ ਜੀ ਨੂੰ ਦੱਸਣਾ ਕਿ ਉਸਦਾ ਵੀਰ ਬਹੁਤ ਖੁਸ਼ ਸੀ। ਸਾਰੇ ਨਗਰ ਵਿੱਚ ਵੀ ਦੱਸਣਾ ਕਿ ਪੂਹਲੇ ਪਿੰਡ ਦਾ ਬੱਬਰ ਸ਼ੇਰ ਜਦੋਂ ਗਰਜਦਾ ਹੈ ਤਾਂ ਜੇਲ੍ਹਰਾਂ ਦੇ ਵੀ ਪਿਸ਼ਾਬ ਕੱਢ ਦਿੰਦਾ ਹੈ। ਇਸ ਤਰਾਂ ਤਿੰਨੇ ਦੋਸਤ ਹੱਸ-ਹੱਸ ਕੇ ਗੱਲਾਂ ਕਰ ਰਹੇ ਸਨ ਕਿ ਸਿਪਾਹੀ ਨੇ ਅਵਾਜ਼ ਮਾਰੀ ਕਿ ਮਿਲਣ ਦਾ ਸਮਾਂ ਪੂਰਾ ਹੋ ਗਿਆ ਸੀ।

ਦਿਲਾ ਖ਼ਾਂ ਤੇ ਆਲਮ ਖ਼ਾਂ ਫਿਰ ਗਲ ਮਿਲੇ ਤੇ ਆਖਿਆ,"ਵੀਰ ਜੀ, ਤੁਸੀਂ ਭੈਣ ਜੀ ਤੇ ਮਾਤਾ ਜੀ ਦਾ ਕੋਈ ਫਿਕਰ ਨਾ ਕਰੋ, ਸਾਡੇ ਮਰਨ ਤੋਂ ਬਾਅਦ ਹੀ ਉਨ੍ਹਾਂ ਦਾ ਕੋਈ ਕੁਝ ਵਿਗਾੜ ਸਕਦਾ ਹੈ,ਸਾਡੇ ਜਿਉਂਦੇ-ਜੀਅ ਉਹਨਾਂ ਨੂੰ ਪੂਰਾ ਸੁੱਖ ਮਿਲੇਗਾ।"

ਜਦੋਂ ਦਿਲਾ ਖ਼ਾਂ ਤੇ ਆਲਮ ਖ਼ਾਂ ਭਾਈ ਤਾਰੂ ਸਿੰਘ ਜੀ ਨੂੰ ਮਿਲ ਕੇ ਜੇਲ੍ਹ ਤੋਂ ਬਾਹਰ ਆਏ ਤਾਂ ਅਹਿਮਦ ਖ਼ਾਂ ਨੇ ਇਹਨਾਂ ਨੂੰ ਬੁਲਾ ਕੇ ਪੁਛਿਆ ਕਿ ਕੀ ਤਾਰੂ ਸਿੰਘ ਧਰਮ ਬਦਲਣ ਲਈ ਮੰਨ ਗਿਆ ਹੈ ਤਾਂ ਇਹਨਾਂ ਨੇ ਇੱਕ ਦੂਜੇ ਵੱਲ ਵੇਖਿਆ ਤੇ ਜਵਾਬ ਦਿੱਤਾ,"ਕੁਝ ਅਸੀਂ ਮਨਾਂ ਆਏ ਹਾਂ, ਬਾਕੀ ਦਾ ਤੁਸੀਂ ਆਪੇ ਮਨਾ ਲਓ।"

ਇਥੇ ਇਤਿਹਾਸ ਗਵਾਹ ਹੈ ਕਿ ਇਹਨਾਂ ਦੋਵੇਂ ਮੁਸਲਮਾਨ ਵੀਰਾਂ ਨੇ ਮਾਤਾ ਜੀ ਦੀ ਆਖਿਰੀ ਸਮੇਂ ਤੱਕ ਪੂਰੀ ਸੰਭਾਲ ਕੀਤੀ। ਇੱਕ ਗੁਰਸਿੱਖ ਸਿੰਘ ਲੱਭ ਕੇ ਭੈਣ ਗੁਰਜੋਈ ਕੌਰ ਦਾ ਵਿਆਹ ਕੀਤਾ ਤੇ ਭਰਾਵਾਂ ਵਾਲਾ ਹਰ ਫ਼ਰਜ਼ ਨਿਭਾਇਆ ਤੇ ਭਾਈ ਤਾਰੂ ਸਿੰਘ ਨੂੰ ਦਿੱਤਾ ਹਰ ਬਚਨ ਪੂਰਾ ਕੀਤਾ।

6 ਜੂਨ, 1745 (ਉਮਰ 25 ਸਾਲ, 2 ਮਹੀਨੇ, 18 ਦਿਨ)

ਅੱਜ ਜ਼ਕਰੀਆ ਖਾਨ ਦੇ ਮਨ ਵਿੱਚ ਦੋ ਵਿਚਾਰਾਂ ਸਨ,ਇੱਕ ਤਾਂ ਜੇ ਅੱਜ ਭਾਈ ਤਾਰੂ ਸਿੰਘ ਧਰਮ ਬਦਲਣ ਲਈ ਮੰਨ ਗਿਆ ਤਾਂ ਇਸ ਤੋਂ ਵੱਡੀ ਦੁਨੀਆਂ ਦੀ ਕੋਈ ਜਿੱਤ ਨਹੀਂ ਤੇ ਦੂਜੇ ਪਾਸੇ ਸਾਰੇ ਲਾਹੌਰ ਸ਼ਹਿਰ ਦੇ ਬਸ਼ਿੰਦਿਆਂ ਨੂੰ ਇਹ ਖ਼ਬਰ ਹੈ ਕਿ ਜੇ ਇਹ ਮੁਸਲਮਾਨ ਨਾ ਬਣਿਆ ਤਾਂ ਇਹ ਉਸਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਹਾਰ ਹੋਵੇਗੀ।

ਉੱਧਰ ਭਾਈ ਤਾਰੂ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਹੈ ਕਿ ਇਨ੍ਹਾਂ ਨੇ ਜਿੰਨੇ ਲਾਲਚ ਦੇਣੇ ਸਨ ਦੇ ਚੁੱਕੇ ਹਨ। ਹੁਣ ਇਹ ਮੁਗਲ ਉਨ੍ਹਾਂ ਨਾਲ ਸਖਤਾਈ ਨਾਲ ਹੀ ਪੇਸ਼ ਆਉਣਗੇ ਸੋ ਭਾਈ ਸਾਹਿਬ ਨੇ ਅੰਮ੍ਰਿਤ ਵੇਲੇ ਪੰਜ ਬਾਣੀਆਂ ਦੇ ਪਾਠ ਕੀਤੇ,ਵਾਹਿਗੁਰੂ ਸਿਮਰਨ ਤੇ ਅਕਾਲ ਉਸਤਤ ਕੀਤੀ ਅਤੇ ਚੰਡੀ ਦੀ ਵਾਰ ਤੇ ਵੀਰ ਰਸ ਵਾਲੀਆਂ ਬਾਣੀਆਂ ਦੇ ਜਾਪ ਕਰਕੇ ਅਰਦਾਸ ਕੀਤੀ,"ਹੇ ਅਕਾਲ ਪੁਰਖ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀਓ !ਆਪਣੇ ਸਿੰਘ ਨੂੰ ਪਾਪੀਆਂ ਵੱਲੋਂ ਦਿੱਤੇ ਜਾਣ ਵਾਲੇ ਕਸ਼ਟ ਤੇ ਜ਼ੁਲਮ ਸਹਿਣ ਕਰਨ ਦੀ ਤਾਕਤ ਬਖ਼ਸ਼ਿਸ਼ ਕਰਨੀ।"ਇਸ ਤਰ੍ਹਾਂ ਭਾਈ ਸਾਹਿਬ ਜੀ ਨੇ ਆਪਣਾ ਮਨ ਪੂਰਨ ਤਿਆਰੀ ਕਰਕੇ ਪੂਰੀ ਦ੍ਰਿੜਤਾ ਨਾਲ ਤਿਆਰ ਕਰ ਲਿਆ।

ਅੱਜ ੬ ਜੂਨ ਦਾ ਦਿਨ, ਇੱਕ ਪਾਸੇ ਜ਼ੁਲਮ ਕਰਨ ਵਾਲੇ ਪੂਰੀ ਤਿਆਰੀ ਵਿੱਚ ਬੈਠਣਗੇ ਤੇ ਦੂਜੇ ਪਾਸੇ ਭਾਈ ਤਾਰੂ ਸਿੰਘ ਜੀ ਜ਼ੁਲਮ ਸਹਿਣ ਲਈ ਪੂਰੀ ਬਖ਼ਸ਼ਿਸ ਨਾਲ ਬੈਠਣਗੇ। ਇਸ ਮੁਕਾਬਲੇ ਵਿੱਚ ਵੇਖੋ ਕੌਣ ਜਿੱਤਦਾ ਹੈ?

ਇੱਧਰ ਜ਼ਕਰੀਆ ਖਾਨ ਪੂਰੀ ਤਿਆਰੀ ਨਾਲ ਆਪਣੇ ਮਹਿਲਾਂ ਤੋਂ ਤੁਰਿਆ ਹੈ ਤੇ ਇੱਧਰ ਭਾਈ ਤਾਰੂ ਸਿੰਘ ਜੀ ਨੂੰ ਫਿਰ ਤੋਂ ਹੱਥਕੜੀਆਂ ਲਗਾ ਨੇ ਜ਼ਕਰੀਏ ਕਚਿਹਰੀ ਵੱਲ ਲਿਜਾਇਆ ਜਾ ਰਿਹਾ ਹੈ। ਹੁਣ ਦੋਵੇਂ ਕਚਿਹਰੀ ਵਿੱਚ ਪਹੁੰਚ ਗਏ ਤੇ ਜ਼ਕਰੀਏ ਨੇ ਕਾਰਵਾਈ ਨੂੰ ਸ਼ੁਰੂ ਕਰਨ ਦਾ ਹੁਕਮ ਦਿੱਤਾ।

ਭਾਈ ਤਾਰੂ ਸਿੰਘ ਜੀ ਡੱਟ ਕੇ ਜ਼ਕਰੀਏ ਦੇ ਸਾਹਮਣੇ ਖੜ੍ਹੇ ਸਨ ਤੇ ਜ਼ਕਰੀਆ ਖਾਨ ਭਾਈ ਸਾਹਿਬ ਜੀ ਦੀ ਸਰੀਰਕ ਬਣਤਰ ਤੇ ਹਿੰਮਤ ਦੇਖ ਕੇ ਬਹੁਤ ਪ੍ਰਭਾਵਿਤ ਸੀ। ਉਸਨੇ ਬਹੁਤ ਪਿਆਰ ਨਾਲ ਗੱਲ ਸ਼ੁਰੂ ਕੀਤੀ, "ਤਾਰੂ ਸਿੰਘ ! ਤੇਰੇ 'ਤੇ ਲੱਗੇ ਇਲਜ਼ਾਮ ਦਾ ਰਸਤਾ ਤਾਂ ਹੋਰ ਪਾਸੇ ਜਾਂਦਾ ਹੈ ਪਰ ਮੈਂ ਸੁਣਿਆ ਹੈ ਕਿ ਤੂੰ ਬਹੁਤ ਆਰਫ ਆਲਮ ਆਦਮੀ ਹੈਂ, ਤੇਰੇ 'ਤੇ ਸਰਕਾਰ ਨੇ ਦਇਆ ਕੀਤੀ ਹੈ ਇਸ ਲਈ ਤੈਨੂੰ ਸੋਚਣ ਲਈ ਦੋ ਦਿਨ ਦਾ ਸਮਾਂ ਦਿੱਤਾ ਸੀ। ਹੁਣ ਦੱਸ ਕਿ ਤੂੰ ਕੀ ਫੈਸਲਾ ਲਿਆ ਹੈ? ਖ਼ੁਦਾ ਮਨੁੱਖ ਨੂੰ ਇਹ ਜ਼ਿੰਦਗੀ ਇੱਕ ਵਾਰੀ ਦਿੰਦਾ ਹੈ ਤੇ ਇਹ ਮਨੁੱਖ ਦੀ ਮਰਜ਼ੀ ਹੈ ਕਿ ਚਾਹੇ ਉਹ ਜ਼ਿੰਦਗੀ ਨੂੰ ਦੁੱਖਾਂ ਵਿੱਚ ਲੰਘਾ ਦੇਵੇ ਚਾਹੇ ਜ਼ਿੰਦਗੀ ਦੇ ਸਾਰੇ

ਸੁੱਖ ਲੈ ਲਵੇ। ਤੂੰ ਪੜ੍ਹਿਆ ਲਿਖਿਆ ਨੌਜਵਾਨ ਹੈਂ ਤੇ ਮੈਨੂੰ ਪਤਾ ਹੈ ਕਿ ਤੂੰ ਸੁੱਖਾਂ ਵਾਲਾ ਰਸਤਾ ਚੁਣਿਆਂ ਹੋਵੇਗਾ। ਮੇਰਾ ਤਾਂ ਇਹੀ ਮੰਨਣਾ ਹੈ ਕਿ ਐਨੀ ਵਿੱਦਿਆ ਹਾਸਲ ਕਰਕੇ ਵਿੱਦਿਆ ਤੋਂ ਸੁੱਖ ਮਾਨਣ ਵਾਲਾ ਹੀ ਵਿਦਵਾਨ ਆਲਮ ਫ਼ਾਜ਼ਲ ਹੁੰਦਾ ਹੈ।"

ਭਾਈ ਸਾਹਿਬ ਨੇ ਗੱਲ ਕਰਨ ਤੋਂ ਪਹਿਲਾਂ ਉੱਚੀ ਆਵਾਜ਼ 'ਚ ਫਤਿਹ ਗਜ਼ਾਈ। ਜ਼ਕਰੀਆ ਖਾਨ ਨੂੰ ਇੰਝ ਲੱਗਿਆ ਜਿਵੇਂ ਕਿਸੇ ਨੇ ਕੱਟੀ ਉਂਗਲੀ ਤੇ ਨਮਕ ਛਿੜਕ ਦਿੱਤਾ ਹੋਵੇ। ਫਿਰ ਭਾਈ ਸਾਹਿਬ ਨੇ ਕਹਿਣਾ ਸ਼ੁਰੂ ਕੀਤਾ, "ਪਹਿਲੀ ਗੱਲ ਤਾਂ ਇਹ ਕਿ ਮੈਂ ਅੱਜ ਤੱਕ ਕੋਈ ਜ਼ੁਰਮ ਨਹੀਂ ਕੀਤਾ। ਜੇ ਮੈਂ ਤੁਹਾਡੀ ਜ਼ਮੀਨ ਵਾਹੁੰਦਾ (ਖੇਤੀ ਕਰਦਾ) ਹਾਂ ਤਾਂ ਸਰਕਾਰ ਨੂੰ ਇਸਦਾ ਪੂਰਾ ਮਾਲੀਆ ਦਿੰਦਾ ਹਾਂ। ਜੇ ਵਪਾਰ ਕਰਦਾ ਹਾਂ ਤਾਂ ਇਸਦਾ ਪੂਰਾ ਟੈਕਸ ਵੀ ਦਿੰਦਾ ਹਾਂ। ਜੋ ਬਚਦਾ ਹੈ ਤੇ ਜੇ ਅਸੀ ਆਪਣਾ ਪੇਟ ਕੱਟ ਕੇ ਕਿਸੇ ਗਰੀਬ-ਗੁਰਬੇ ਜਾਂ ਆਪਣੇ ਮੁਸੀਬਤ 'ਚ ਫਸੇ ਭਰਾਵਾਂ ਦੀ ਮਦਦ ਕਰਦੇ ਹਾਂ ਤਾਂ ਇਸ ਗੱਲ ਵਿੱਚ ਤੁਹਾਡਾ ਕੀ ਜਾਂਦਾ ਹੈ?ਇਹਨਾਂ ਗੱਲਾਂ ਕਰਕੇ ਤੇਰਾ ਮੈਨੂੰ ਸਜ਼ਾ ਦੇਣਾ ਬਣਦਾ ਹੀ ਨਹੀਂ, ਰਹੀ ਗੱਲ ਆਲਮ ਫ਼ਾਜ਼ਲ ਦੀ ਤਾਂ ਵਿੱਦਿਆ ਨੇ ਮੈਨੂੰ ਇਹੀ ਮੱਤ ਦਿੱਤੀ ਹੈ ਕਿ ਜ਼ੁਲਮ ਕਰਨ ਵਾਲਿਆਂ ਦੇ ਅੱਗੇ ਝੁਕਣਾਂ ਨਹੀ ਤੇ ਆਪਣੇ ਸੁੱਖਾਂ ਦਾ ਤਿਆਗ ਕਰਕੇ ਵੀ ਸੰਸਾਰ ਨੂੰ ਸੁੱਖ ਦੇਣੇ ਹਨ। ਮੈਂ ਆਪਣੇ ਨਿਜੀ ਸੁੱਖਾਂ ਖਾਤਰ ਦਾਦਾ ਸ. ਗੁਰਦਿਆਲ ਸਿੰਘ, ਤਾਇਆ ਸ. ਜੈ ਸਿੰਘ ਤੇ ਪਿਤਾ ਸ.ਦੀਦਾਰ ਸਿੰਘ ਦੀ ਸ਼ਹੀਦੀ ਨੂੰ ਬੇਅਰਥ ਨਹੀਂ ਗੁਆਣ ਦਿੰਦਾ। ਇਹ ਸਿੱਖੀ ਸਿਰ ਦੇ ਕੇ ਮਿਲੀ ਹੈ ਤੇ ਮੈ ਤੇਰੀਆਂ ਚਾਰ ਕੌਡੀਆਂ ਤੇ ਨਵਾਬੀ ਖੱਤਰ ਛੱਡ ਦੇਵਾਂ! ਸਾਰੇ ਖਾਲਸਾ ਪੰਥ ਅੱਗੇ ਸਿਰ ਨਿਵਾਂ ਕਰਕੇ ਜਿਉਣ ਨਾਲੋਂ ਤਾਂ ਸ਼ਹੀਦ ਹੋਣਾ ਸੌ ਗੁਣਾ ਚੰਗਾ ਹੈ। ਵਿੱਦਿਆ ਪੜ੍ਹੀ ਸੀ ਧਰਮ ਬਚਾਉਣ ਲਈ, ਧਰਮ ਤੇ ਦਾਗ ਲਗਾਉਣ ਲਈ ਨਹੀਂ...!"

ਤਾਰੂ ਸਿੰਘ ਜੀ ਨੇ ਜ਼ਕਰੀਆ ਖਾਨ ਨੂੰ ਜੋ ਜਵਾਬ ਦਿੱਤਾ ਉਨ੍ਹਾਂ ਸਤਰਾਂ ਨੂੰ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਪੰਨਾ ਨੰਬਰ ੨੮੯ ਵਿੱਚ ਦਰਜ ਕੀਤਾ ਹੈ ਜਿਸ ਦਾ ਉਤਾਰਾ ਹੇਠਾਂ ਕੀਤਾ ਗਿਆ ਹੈ:-

"ਤਾਰੂ ਸਿੰਘ ਜੀ ਤਬ ਕਹਯੋ, ਤੂ ਸੁਣ ਬਾਤ ਨਵਾਬ।
ਹਮ ਤੁਮਰੋ ਨ ਬਿਗਾੜਿਓ, ਤੁਮ ਕਿਮ ਦੇਤ ਅਜ਼ਾਬ।
ਚੌਧਰੀ ਜੌ ਹਮ ਤੁਮਰੀ ਭੁਮ ਬਿਗਰੈਂ, ਤੌ ਤੁਮ ਕੋ ਹਮ ਪੈਸੇ ਭਰੈਂ।
ਔ ਜੋ ਵਣਜ ਵਪਾਰ ਭੀ ਕਰੈਂ, ਤੌ ਭੀ ਤੁਮਰੋ ਹਾਲਾ ਭਰੈਂ।
ਤੁਮ ਕੌ ਦੇ ਕੇ ਜੋ ਰਹਿ ਜਾਇ, ਸੋ ਹਮ ਅਪਣੇ ਪੇਟਨ ਪਾਇ।
ਅਪਨੋ ਤਨ ਪੇਟ ਰਖ ਕੇ ਊਣੀ, ਦੇਤ ਔਰ ਕੋ ਚਬਨ ਚਬੂਣੀ।
ਕਹੁ ਤੇਰੀ ਕਿਯਾ ਗਾਠੋਂ ਜਾਇ.? ਹਮ ਕੋ ਤੁਮ ਕਿਮ ਦੇਤ ਸਜ਼ਾਇ।

ਭਾਈ ਤਾਰੂ ਸਿੰਘ ਜੀ ਦੀ ਗੱਲ ਸੁਣ ਕੇ ਜ਼ਕਰੀਆ ਖਾਨ ਆਖਣ ਲੱਗਾ, "ਜਿਸ ਖ਼ਾਲਸਾ ਪੰਥ ਦੀ ਤੂੰ ਗੱਲ ਕਰ ਰਿਹਾ ਹੈਂ, ਪਹਿਲਾਂ ਤਾਂ ਆਪਣੇ ਅੰਦਰ ਹੀ ਨਜ਼ਰ ਮਾਰ ਲੈ ਕਿ ਕੀ ਦਿੱਤਾ ਹੈ.. ਇਸ ਪੰਥ ਨੇ ਤੈਨੂੰ? ਪਿਤਾ ਤੇਰਾ ਅਨਿਆਈ ਮੌਤ ਮਰ ਗਿਆ, ਤਾਇਆ ਤੇਰਾ ਅਨਿਆਈ ਮੌਤ ਮਰ ਗਿਆ। ਯਾਦ ਰੱਖ! ਤੂੰ ਇੱਕ ਵਿਧਵਾ ਮਾਂ ਇਕਲੌਤਾ ਪੁੱਤਰ ਤੇ ਇਕਲੌਤੀ ਭੈਣ ਦਾ ਇਕਲੌਤਾ ਭਰਾ ਏਂ, ਜੇ ਤੂੰ ਵੀ ਇਸੇ ਤਰਾਂ ਤਸੀਹੇ ਝੱਲਦਾ ਹੋਇਆ ਮਰ ਗਿਆ ਤਾਂ ਕੀ ਬਣੇਗਾ ਉਨ੍ਹਾਂ ਦਾ?"

ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਦੇ ਮੂੰਹ 'ਤੇ ਕੋਈ ਵੀ ਡਰ ਜਾਂ ਤਬਦੀਲੀ ਨਹੀਂ ਦੇਖੀ ਤੇ ਫਿਰ ਕਰੜੀ ਆਵਾਜ਼ 'ਚ ਕਹਿਣ ਲੱਗਾ, "ਤਾਰੂ ਸਿੰਘ! ਤੂੰ ਸੋਚ ਜ਼ਰਾ, ਸਿੰਘ ਬਣ ਕੇ ਤੂੰ ਕੀ ਖੱਟਿਆ.?, ਤੇਰੇ ਨਾਲ ਦੇ ਸਾਥੀ ਤਾਂ ਮੰਦੇ ਹਾਲੀਂ ਜੰਗਲਾਂਬੇਲਿਆਂ,ਮਾਰੂਥਲਵਿੱਚ ਦਿਨ ਕੱਟੀ ਕਰ ਰਹੇ ਹਨ,ਭੁੱਖੇ ਮਰਦੇ ਐਵੇਂ ਹੀ ਸੁੱਕੀਆਂ ਭਬਕਾਂ ਮਾਰਦੇ ਫਿਰਦੇ ਨੇ। ਤੈਨੂੰ ਪਤਾ ਹੈ ਕਿ ਇਹਨਾਂ ਦਾ ਅਸਲੀ ਹਾਲਤ ਕੀ ਹੈ..?,ਮਾੜੂਏ ਜਿਹੇ ਘੋੜਿਆਂ ਉੱਪਰ ਫਟੇ-ਪੁਰਾਣੇ ਕਪੱੜਿਆਂ ਦੀਆਂ ਕਾਠੀਆਂ ਬਣਾ ਕੇ ਰੱਸੀ ਦੀਆਂ ਲਗਾਮਾਂ ਤੇ ਰਕਾਬਾਂ ਬਣਾ ਕੇ ਚੜ੍ਹੇ ਫਿਰਦੇ ਨੇ। ਹੱਥਾਂ ਵਿੱਚ ਟੁੱਟੀਆਂ ਜਿਹੀਆਂ ਤਲਵਾਰਾਂ ਜਿਨ੍ਹਾਂ ਉੱਪਰ ਲੀਰਾਂ ਦੇਮਿਆਨ ਅਤੇ ਲੀਰਾਂ ਆਦਿ ਗੰਢ ਕੇ ਗਾਤਰੇ ਬਣਾ ਕੇ ਆਪਣੇ ਆਪ ਨੂੰ ਅਕਾਲੀ ਅਖਵਾਉਂਦੇ ਨੇ। ਲੁੱਟ-ਮਾਰ ਕਰਦੇ ਸਾਡੇ ਤੋਂ ਡਰਦੇ ਫਿਰਦੇ,ਲੁਕ ਛਿਪ ਕੇ ਗੁਜ਼ਾਰਾ ਕਰਦੇ ਨੇ ਤੇ ਤੂੰ ਉਹਨਾਂ ਦਾ ਸਾਥੀ ਬਣ ਕੇ ਕੀ ਲੈਣਾ...?"

ਭਾਈ ਤਾਰੂ ਸਿੰਘ ਨੇ ਡੱਟ ਕੇ ਜਵਾਬ ਦਿੱਤਾ,"ਕਾਮਾ ਦੇ ਕਹਿਣ ਨਾਲ ਢੱਗੇ ਨਹੀਂ ਮਰਦੇ,ਜੇ ਤੈਨੂੰ ਪਤਾ ਹੈ ਕਿ ਸਿੰਘ ਇੰਨੇ ਮਾੜੇ ਨੇ ਤਾਂ ਉਨ੍ਹਾਂ ਤੋਂ ਡਰਦਾ ਕਿਉਂ ਏਂ?",ਦਰਅਸਲ ਤੁਹਾਡੇ ਕੀਤੇ ਹੋਏ ਪਾਪ ਹੀ ਤੁਹਾਨੂੰ ਡਰਾਈ ਜਾਂਦੇ ਨੇ। ਜੇ ਮੁਸਲਮਾਨੀਂ ਮੱਤ ਵਧਾਉਣਾ ਚਾਹੁੰਦੇ ਹੋ ਤਾਂ ਸਭ ਨਾਲ ਪਿਆਰ ਕਰੋ ਤੇ ਬੇਕਸੂਰ ਲੋਕਾਂ ਨੂੰ ਨਾਂ ਮਾਰੋ। ਉਸ ਅੱਲਾ-ਤਾਲ੍ਹਾ ਦੇ ਬੰਦਿਆਂ ਤੇ ਰਹਿਮ ਕਰਕੇ ਨੇਕ ਮੁਸਲਮਾਨ ਬਣੋ ਤੇ ਜੀਵਨ ਦਾ ਅਸਲੀ ਰਸ ਮਾਣੋ।"

ਭਾਈ ਤਾਰੂ ਸਿੰਘ ਵਲੋਂ ਜ਼ਕਰੀਆ ਖਾਨ ਨੂੰ ਦਿੱਤਾ ਗਿਆ ਇਹ ਉੱਤਰ ਜਿੱਥੇ ਉਨ੍ਹਾਂ ਦੀ ਨਿਡਰਤਾ ਤੇ ਆਪਣੇ ਧਰਮ ਪ੍ਰਤੀ ਦ੍ਰਿੜਤਾ ਦਾ ਖਲਾਇਕ ਸੀ, ਉੱਥੇ ਇਹ ਆਰਥਿਕ ਤੇ ਰਾਜਸੀ ਨਿਜ਼ਾਮ ਪ੍ਰਤੀ ਖੁੱਲ੍ਹਾ ਵਿਦਰੋਹ ਸੀ,ਜਿੱਥੇ ਰਾਜ ਕਰਨ ਵਾਲੇ ਸ਼ਾਸ਼ਕ ਜ਼ੁਲਮ ਤੇ ਮਨਮਾਨੀ ਕਰਨਾ ਆਪਣਾ ਅਧਿਕਾਰ ਸਮਝਦੇ ਸਨ ਤੇ ਜਿੱਥੇ ਨਿਰਦੋਸ਼ਾਂ ਉੱਪਰ ਜ਼ੁਲਮ ਕਰਨਾ ਬਹੁਤ ਆਮ ਜਿਹੀ ਗੱਲ ਸੀ।

ਭਾਈ ਤਾਰੂ ਸਿੰਘ ਦੇ ਤਰਕ ਦੇ ਵਿਰੁੱਧ ਜ਼ਕਰੀਆ ਖਾਨ ਦਾ ਇਹੀ ਜੁਆਬ ਸੀ ਕਿ ਉਸ ਉੱਪਰ ਹਕੂਮਤ ਦੇ ਵਿਰੋਧੀਆਂ ਦੀ ਮਦਦ ਕਰਨ ਦਾ ਦੋਸ਼ ਹੈ ਜਿਸਦੀ

ਸਜ਼ਾ ਕੇਵਲ ਮੌਤ ਹੈ।

ਨਵਾਬ ਨੇ ਭਾਈ ਤਾਰੂ ਸਿੰਘ ਨੂੰ ਕਿਹਾ, "ਦਰਬਾਰ ਦਾ ਕਾਜ਼ੀ ਤੇਰੇ ਵਿਰੁੱਧ ਮੌਤ ਦਾ ਫਤਵਾ ਜਾਰੀ ਕਰ ਚੁੱਕਾ ਹੈ ਤੇ ਮੈਂ ਇਸਲਾਮੀ ਸ਼ਰਾ ਅਨੁਸਾਰ ਲਗਾਏ ਗਏ ਫਤਵੇ ਨੂੰ ਮਨਜ਼ੂਰੀ ਦੇਣ ਲਈ ਤਿਆਰ ਨਹੀਂ ਕਿਉਂਕਿ ਮੈਨੂੰ ਤੇਰੇ 'ਤੇ ਰਹਿਮ ਆ ਰਿਹਾ ਹੈ, ਤੂੰ ਮੁਸਲਮਾਨ ਬਣ ਜਾ ਨਹੀਂ ਤਾਂ ਮੈਨੂੰ ਇਸ ਫਤਵੇ ਉੱਪਰ ਮਜਬੂਰਨ ਦਸਤਖਤ ਕਰਨੇ ਪੈਣਗੇ, ਫਿਰ ਤੈਨੂੰ ਤਸੀਹੇ ਦਿੱਤੇ ਜਾਣਗੇ। ਹੱਡੀਆਂ ਤੁੜਵਾ ਕੇ ਮੰਨਣ ਦਾ ਕੀ ਫਇਦਾ?"

ਭਾਈ ਤਾਰੂ ਸਿੰਘ ਨੇ ਹੋਰ ਦ੍ਰਿੜਤਾ ਨਾਲ ਤੇ ਡੱਟ ਕੇ ਜਵਾਬ ਦਿੱਤਾ, "ਹੱਡੀਆਂ ਤੁੜਵਾ ਜਾਂ ਕੋਈ ਹੋਰ ਸਜ਼ਾ ਦੇ ਕੇ ਦੇਖ ਲੈ, ਮੈਂ ਆਪਣੀ ਸਿੱਖੀ ਨਹੀਂ ਛੱਡਣੀ। ਮੌਤ ਤਾਂ ਮਨਜ਼ੂਰ ਹੈ ਪਰ ਧਰਮ ਨੂੰ ਦਾਗ ਨਹੀ ਲਗੱਣ ਦੇਣਾ।"

ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਦੀ ਜ਼ਿੱਦ ਦੇਖ ਕੇ ਮੌਲਵੀ ਕਾਜ਼ੀ ਨੂੰ ਬੁਲਾ ਕੇ ਕਚਿਹਰੀ ਵਿੱਚ ਉਚੀ ਆਵਾਜ਼ ਵਿੱਚ ਆਖਿਆ, "ਐਸਾ ਫਤਵਾ ਤਿਆਰ ਕਰੋ, ਜੋ ਸਾਰੇ ਕੰਬ ਜਾਣ ਤੇ ਅੱਜ ਤੱਕ ਐਸੀ ਸਜ਼ਾ ਕਿਸੇ ਨੂੰ ਨਾ ਦਿੱਤੀ ਹੋਵੇ। ਜਿਸ ਨੂੰ ਇਹ ਸਿੱਖੀ ਕਹਿੰਦਾ ਹੈ, ਪਹਿਲਾਂ ਇਸਦੀ ਇਹ ਸਿੱਖੀ ਹੀ ਖਤਮ ਕੀਤੀ ਜਾਵੇ।" ਇਨਾਂ ਕਹਿ ਕੇ ਜ਼ਕਰੀਆ ਖਾਨ ਕਚਿਹਰੀ 'ਚੋਂ ਉਠ ਕੇ ਚਲਾ ਗਿਆ ਤੇ ਕਚਿਹਰੀ ਭੰਗ ਕਰ ਦਿੱਤੀ ਗਈ। ਭਾਈ ਤਾਰੂ ਸਿੰਘ ਨੂੰ ਫਿਰ ਤੋਂ ਜੇਲ 'ਚ ਬੰਦ ਕਰ ਦਿੱਤਾ ਗਿਆ। ਕਾਜ਼ੀਆਂ ਤੇ ਮੌਲਵੀਆਂ ਨੇ ਫਤਵੇ ਤਿਆਰ ਕਰਨੇ ਸ਼ੁਰੂ ਕਰ ਦਿੱਤੇ।

7 ਜੂਨ, 1745 (ਉਮਰ 25 ਸਾਲ, 2 ਮਹੀਨੇ, 19 ਦਿਨ)

ਇੱਥੇ ਪਾਠਕਾਂ ਦਾ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੇ ਸਾਡੇ ਘਰ ਵਿੱਚ ਕੋਈ ਮੁਸੀਬਤ ਆ ਜਾਵੇ ਜਾਂ ਅਜੇ ਮੁਸੀਬਤ ਸੈਂਕੜੇ ਮੀਲ ਦੂਰ ਹੀ ਹੁੰਦੀ ਹੈ ਤੇ ਘਬਰਾ ਕੇ ਨਿੱਤਨੇਮ ਦਾ ਲਤ ਛੱਡ ਜਾਂਦੇ ਹਾਂ। ਪਰ ਇੱਧਰ ਮੌਤ ਬੂਹੇ ਤੇ ਖਲੋਤੀ ਹੈ ਅਤੇ ਭਾਈ ਤਾਰੂ ਸਿੰਘ ਜੀ ਦਾ ਨਿੱਤਨੇਮ ਦੁੱਗਣਾ ਹੋ ਰਿਹਾ ਹੈ। ਦਰਅਸਲ ਅਸੀ ਮੌਤ ਬਲੀ ਨੂੰ ਵੇਖ ਕੇ ਘਬਰਾ ਕੇ ਕਬੂਤਰ ਦੀ ਤਰਾਂ ਅੱਖਾਂ ਬੰਦ ਕਰ ਲੈਂਦੇ ਹਾਂ ਭਾਵ ਨਿੱਤਨੇਮ ਕਰਨਾ ਬੰਦ ਕਰ ਦਿੰਦੇ ਹਾਂ,ਇਸ ਲਈ ਸਾਡੀ ਮੌਤ ਤੋਂ ਬਾਅਦ ਸਾਡੇ ਬੱਚੇ ਇੱਕ-ਦੋ ਬਾਰ ਬਰਸੀ ਮਨਾ ਕੇ ਛੱਡ ਦਿੰਦੇ ਹਨ।ਕਿਸੇ ਹੋਰ ਵੱਲ ਨਾ ਵੇਖੀਏ,ਆਪੋ-ਆਪਣੇ ਘਰਾਂ 'ਚ ਨਜ਼ਰ ਪਾਈਏ।ਆਪਾਂ ਨੂੰ ਆਪਣੇ ਦਾਦੇ ਦਾ ਨਾਮ ਤਾਂ ਪਤਾ ਹੋਵੇਗਾ ਪਰ ਪੜਦਾਦੇ ਦਾ ਨਾਮ ਤਾਂ ਕਿਸੇ ਵਿਰਲੇ ਨੂੰ ਹੀ ਪਤਾ ਹੋਵੇਗਾ। ਇਹ ਸਰੀਰ ਤਾਂ ਨਾਸ਼ਵਾਨ ਹੈ ਤੇ ਪੜਦਾਦੇ ਨੇ ਸੰਸਾਰ ਦਾ ਧਨ ਤਾਂ ਬਹੁਤ ਇੱਕਠਾ ਕੀਤਾ ਪਰ ਜਿਸ ਨੇ ਇਹ ਧਨ ਦਿੱਤਾ ਉਸਨੂੰ ਯਾਦ ਹੀ ਨਹੀਂ ਰੱਖਿਆ ਤੇ ਨਾਮ ਧਨ ਇੱਕਠਾ ਨਹੀਂ ਕੀਤਾ। ਜੇ ਨਾਮ ਧਨ ਇੱਕਠਾ ਕਰਦੇ ਤਾਂ ਪਰਿਵਾਰ ਨੇ ਦੱਸਣਾ ਸੀ ਕਿ ਅਸੀਂ ਇਸ ਨਾਨਕ ਨਾਮ ਲੇਵਾ ਸਿੱਖ ਦੀ ਵੰਸ਼ ਹਾਂ ਤੇ ਰਹਿੰਦੀ ਦੁਨੀਆਂ ਤੱਕ ਉਸਦਾ ਨਾਮ ਰਹਿਣਾ ਸੀ।

ਇਸ ਤਰਾਂ ਭਾਈ ਤਾਰੂ ਸਿੰਘ ਜਿੱਥੇ ਪਹਿਲਾਂ ਚੌਥੇ ਪਹਿਰ ਉੱਠ ਕੇ ਨਾਮ ਜਪਦੇ ਸਨ ਉੱਥੇ ਹੁਣ ਤੀਜੇ ਪਹਿਰ ਉੱਠਦੇ ਤੇ ਸਿਮਰਨ ਕਰਨ ਤੋਂ ਬਾਅਦ ਪੰਜਾਂ ਬਾਣੀਆਂ ਦੇ ਨਿੱਤਨੇਮ,ਆਸਾ ਦੀ ਵਾਰ,ਚੰਡੀ ਦੀ ਵਾਰ ਤੇ ਫਿਰ ਅਕਾਲ ਉਸਤਤ ਕਰਦੇ ਰਹਿੰਦੇ ਫਿਰ ਅਰਦਾਸ ਵਿੱਚ ਗੁਰੂ ਕੋਲੋਂ ਸਿੱਖੀ ਦਾਨ,ਨਾਮ ਦਾਨ ਤੇ ਸਰਬੱਤ ਦਾ ਭਲਾ ਮੰਗਦੇ ਸਨ।

ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਜਰੂਰੀ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਰਾਜਨਿਤਿਕ ਹੁਕਮਰਾਨ ਹੋਵੇ ਜਾਂ ਬਾਦਸ਼ਾਹ ਹੋਵੇ ਉਹ ਕਦੇ ਵੀ ਆਪਣੇ ਉੱਪਰ ਕੋਈ ਵੀ ਇਲਜ਼ਾਮ ਨਹੀਂ ਲੈਂਦਾ ਚਾਹੇ ਉਸਨੇ ਕਿੰਨਾ ਵੀ ਵੱਡਾ ਜ਼ੁਲਮ ਕੀਤਾ ਹੋਵੇ ਉਹ ਉਸ ਜ਼ੁਲਮ ਨੂੰ ਧਰਮ,ਸ਼ਰਾ ਜਾਂ ਕਨੂੰਨ ਤੇ ਪਾ ਕੇ ਖੁਦ ਆਪ ਸੁਰਖਰੂ ਹੋ ਜਾਂਦਾ ਹੈ।

ਇਸੇ ਇਰਾਦੇ ਨਾਲ ਜ਼ਕਰੀਆ ਖਾਨ ਨੇ ਮੌਲਵੀਆਂ ਤੇ ਕਾਜ਼ੀਆਂ ਦਾ ਸਹਾਰਾ ਲਿਆ ਤੇ ਇਸ ਬਾਰੇ ਆਵਾਮ ਭਾਵ ਲੋਕਾਂ ਤੋਂ ਸਹੀ (ਦਸਤਖਤ) ਦਾ ਸਹਾਰਾ ਲੈ ਕੇ ਸਲਾਹ ਲਈ ਗਈ।ਭਲਾ ਲੋਕ ਜ਼ਕਰੀਏ ਦੇ ਵਿਰੁੱਧ ਕਿਵੇਂ ਜਾ ਸਕਦੇ ਸਨ।ਕਾਜ਼ੀਆਂ ਤੇ ਮੌਲਵੀਆਂ ਨੇ ਭਾਈ ਤਾਰੂ ਸਿੰਘ ਜੀ ਉੱਪਰ ਇੱਕੀ(੨੧) ਫਤਵੇ ਤਿਆਰ ਕੀਤੇ।ਜਿਵੇਂ:-

ਪਹਿਲਾ ਫਤਵਾ ਇਹ ਕਿ ਭਾਈ ਤਾਰੂ ਸਿੰਘ ਨੂੰ ਉਸ ਥਾਂ ਰੱਖਿਆ ਜਾਵੇ ਜਿੱਥੇ ਪੂਰੀ ਥਾਂ ਬੈਠਣ ਨੂੰ ਨਾ ਹੋਵੇ। ਦੂਜਾ ਫਤਵਾ ਇਹ ਕਿ ਦੋ ਲੱਕੜ ਦੇ ਫੱਟਿਆਂ ਵਿੱਚ ਬੰਨ੍ਹ ਕੇ ਉੱਪਰ ਪੰਜ ਛੇ ਆਦਮੀਆਂ ਦਾ ਭਾਰ ਪਾਉਣਾ ਤੇ ਫਿਰ ਪੁੱਛਿਆ ਜਾਵੇ

ਕਿ ਦੱਸ ਮੁਸਲਮਾਨ ਬਣਨਾ ਹੈ ਜਾਂ ਨਹੀ...?

ਤੀਸਰਾ ਫਤਵਾ ਇਹ ਕਿ ਗੋਲ ਚਰਖੜੀਆਂ ਉੱਪਰ ਕੱਸ ਕੇ ਬੰਨ ਕੇ ਪੂਰੇ ਜ਼ੋਰ ਨਾਲ ਘੁਮਾਉਣਾ,ਜਿਸ ਨਾਮ ਛੋਟੀਆਂ ਹੱਡੀਆਂ ਟੁੱਟ ਜਾਣ ਤੇ ਵੱਡੀਆਂ ਹੱਡੀਆਂ ਤਿੜਕ ਜਾਣ। ਚੌਥਾ ਫਤਵਾ ਇਹ ਕਿ ਹੱਥ ਪੈਰ ਬੰਨ੍ਹ ਕੇ ਭੂਰੀਆਂ ਕੀੜੀਆਂ ਦੇ ਭੌਣ ਉੱਪਰ ਬਿਠਾ ਦੇਣਾ,ਜਿਸ ਨਾਲ ਇਹ ਕੀੜੀਆਂ ਤਾਰੂ ਸਿੰਘ ਦਾ ਮਾਸ ਨੋਚ-ਨੋਚ ਕੇ ਖਾ ਜਾਣ।

ਪੰਜਵਾਂ ਫਤਵਾ ਇਹ ਕਿ ਇੱਕ ਵੱਡੇ ਬੋਰੇ ਵਿੱਚ ਪੰਜ-ਸੱਤ ਬਿੱਲੀਆਂ ਪਾ ਕੇ ਉਸ ਵਿੱਚ ਤਾਰੂ ਸਿੰਘ ਨੂੰ ਪਾ ਦਿੱਤਾ ਜਾਵੇ ਤਾਂ ਕਿ ਇਹ ਬਿੱਲੀਆਂ ਉਸਦਾ ਮਾਸ ਖਾ ਜਾਣ।

ਇਸ ਤਰਾਂ ਦੇ ਵੀਹ ਫਤਵੇ ਤਿਆਰ ਕੀਤੇ ਗਏ। ਜੇ ਇਹਨਾਂ ਵੀਹ ਫਤਵਿਆਂ ਨਾਲ ਵੀ ਧਰਮ ਨਾ ਬਦਲੇ ਤਾਂ ਇੱਕੀਵਾਂ ਫਤਵਾ ਮੌਤ ਦਾ ਹੈ। ਇਸ ਤਰਾਂ ਦੀ ਕਾਗਜ਼ੀ ਕਾਰਵਾਈ ਲਿਖ ਕੇ ਪੂਰੀ ਕਰ ਲਈ ਗਈ ਤੇ ਤਿੰਨ ਕਾਜ਼ੀਆਂ ਨੇ ਇਕ ਪਰਚੇ ਦੇ ਥੱਲੇ ਸਹੀ ਭਾਵ ਦਸਤਖਤ ਕਰ ਦਿੱਤੇ ਤੇ ਬਾਕੀਆਂ ਦੇ ਦਸਤਖਤ ਤੋਂ ਬਾਅਦ ਜ਼ਕਰੀਆ ਖਾਨ ਨੇ ਦਸਤਖਤ ਕਰ ਦਿੱਤੇ। ਇਸ ਕਾਰਵਾਈ ਨੂੰ ਪੂਰਾ ਕਰਦਿਆਂ ਤਕਰੀਬਨ ਪੂਰਾ ਦਿਨ ਲੱਗ ਗਿਆ। ਇਸ ਫਤਵਿਆਂ ਦੀ ਲਿਸਟ ਨੂੰ ਜੇਲ੍ਹ ਲਿਜਾਇਆ ਗਿਆ ਤੇ ਭਾਈ ਤਾਰੂ ਸਿੰਘ ਨੂੰ ਸਾਰੇ ਫਤਵੇ ਸੁਣਾਏ ਗਏ ਤਾਂ ਜੋ ਉਹ ਫਤਵੇ ਸੁਣ ਕੇ ਧਰਮ ਬਦਲਣ ਲਈ ਮੰਨ ਜਾਣ ਪਰ ਭਾਈ ਤਾਰੂ ਸਿੰਘ ਨੇ ਫਤਵਿਆਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਸਿਮਰਨ ਵਿੱਚ ਜੁੜੇ ਰਹੇ।

ਇਸ ਸਾਰੀ ਕਾਰਵਾਈ ਦਾ ਮਤਲਬ ਜੋ ਕੁਝ ਕੀਤਾ ਜਾਵੇਗਾ ਉਹ ਸ਼ਰਾ ਦੇ ਮੁਤਾਬਿਕ ਕੀਤਾ ਜਾਵੇਗਾ। ਅਸਲ ਵਿੱਚ ਇਹਨਾਂ ਸਾਰੇ ਗੁਨਾਹਗਾਰਾਂ ਦਾ ਜ਼ਿੰਮੇਵਾਰ ਗਵਰਨਰ ਜ਼ਕਰੀਆ ਖਾਨ ਸੀ। ਪਰ ਉਹ ਦੁਨੀਆਂ ਦੇ ਸਾਹਮਣੇ ਇਸ ਸਭ ਦੀ ਜਿੰਮੇਵਾਰੀ ਮੁਸਲਮਾਨੀ ਮੱਤ ਉੱਪਰ ਪਾ ਕੇ ਖ਼ੁਦ ਨੂੰ ਨਿਰਦੋਸ਼ ਬਣ ਰਿਹਾ ਸੀ।

ਉੱਧਰ ਕਾਜ਼ੀ ਨੇ ਸਾਰੇ ਫਤਵੇ ਭਾਈ ਤਾਰੂ ਸਿੰਘ ਜੀ ਨੂੰ ਸੁਣਾ ਕੇ ਆਖਿਆ ਕਿ ਅਜੇ ਵੀ ਮੌਕਾ ਹੈ ਤੇ ਇਹ ਸਾਰੇ ਫਤਵੇ ਉਸ ਉੱਪਰ ੯ ਜੂਨ ਨੂੰ ਜਾਰੀ ਕਰ ਦਿੱਤੇ ਜਾਣਗੇ।

ਭਾਈ ਤਾਰੂ ਸਿੰਘ ਜੀ ਨੇ ਨੇਤਰ ਖੋਲੇ ਤੇ ਹੱਸ ਕੇ ਆਖਿਆ,"ਕਾਜ਼ੀ ਸਾਹਿਬ,ਇਹ ਸਜ਼ਾਵਾਂ ਤਾਂ ਬਹੁਤ ਛੋਟੀਆਂ ਹਨ,ਜੇ ਤੇਰੇ ਕੋਲ ਇਸ ਤੋਂ ਵੀ ਸਖਤ ਸਜ਼ਾ ਹੈ ਤਾਂ ਵੀ ਮੇਰਾ ਚਿੱਤ ਕਦੇ ਨਹੀਂ ਡੋਲੇਗਾ।"

"ਧਰਮ ਤੇ ਚਿੱਤ ਅਡੋਲ ਖੜਾ,ਬ੍ਰਹਮੰਡ ਹਿਲੇ ਪਰ ਇਹ ਨਾ ਹਿਲੇਗਾ"

8 ਜੂਨ, 1745 (ਉਮਰ 25 ਸਾਲ, 2 ਮਹੀਨੇ, 20 ਦਿਨ)

ਇੱਥੇ ਵਰਨਣ ਯੋਗ ਖ਼ਾਸ ਗੱਲ ਇਹ ਕਿ ਜ਼ਕਰੀਆ ਖਾਨ ਇੱਕ ਜ਼ਾਲਮ ਇਨਸਾਨ ਹੈ ਤੇ ਕਰੋਧ ਵਿੱਚ ਕਿਸੇ ਦਾ ਸਿਰ ਉਤਾਰਨਾ ਉਸ ਲਈ ਕੋਈ ਖਾਸ ਗੱਲ ਨਹੀ ਪਰ ਫਿਰ ਤਾਰੂ ਸਿੰਘ ਨਾਲ ਇੰਨੇ ਦਿਨ ਉਹ ਕਿਵੇਂ ਰਹਿਮਤ ਨਾਲ ਪੇਸ਼ ਆ ਰਿਹਾ ਹੈ। ਉਹ ਇਸ ਲਈ ਕਿਉਂਕਿ ਭਾਈ ਤਾਰੂ ਸਿੰਘ ਜੀ ਸਾਰਿਆਂ ਦੇ ਹਰਮਨ ਪਿਆਰੇ ਹਨ ਤੇ ਕਈ ਮੁਸਲਮਾਨ ਵੀ ਉਨ੍ਹਾਂ ਦੇ ਹੱਕ ਵਿੱਚ ਭਾਵ ਹਮਾਇਤ ਵਿੱਚ ਖੜ੍ਹੇ ਹਨ ਜਿਨ੍ਹਾਂ ਨਾਲ ਭਾਈ ਤਾਰੂ ਸਿੰਘ ਨੂੰ ਮਾਰਨ ਤੋਂ ਬਾਅਦ ਜਵਾਬ-ਤਲਵੀ ਕਰਨੀ ਬਹੁਤ ਔਖੀ ਹੋਵੇਗੀ ਕਿਉਂਕਿ ਇੱਕ ਤਾਂ ਜਦੋਂ ਭਾਈ ਤਾਰੂ ਸਿੰਘ ਨੂੰ ਗ੍ਰਿਫਤਾਰ ਕਰਕੇ ਲਿਆਏ ਸਨ ਤਾਂ ਸਿਪਾਹੀ ਨਬੀ ਬਖ਼ਸ਼ ਖ਼ਾਂ ਨੇ ਦੱਸਿਆ ਸੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ-ਮੁਸਲਮਾਨ ਭਾਈ ਤਾਰੂ ਸਿੰਘ ਦੇ ਦਰਸ਼ਨ ਕਰਨ ਤੇ ਗ੍ਰਿਫਤਾਰੀ ਨੂੰ ਰੋਕਣ ਆਏ ਸਨ। ਇਹ ਭਾਈ ਤਾਰੂ ਸਿੰਘ ਦੀ ਖਾਤਰ ਮਰ-ਮਿਟਣ ਲਈ ਤਿਆਰ ਸਨ। ਦੂਸਰੀ ਗੱਲ ਇਹ ਕਿ ਭਾਈ ਤਾਰੂ ਸਿੰਘ ਬਹੁਤ ਆਲਮ-ਫ਼ਾਜ਼ਲ ਸੀ, ਜਿਸ ਦੀ ਰਸਨਾਂ ਵਿੱਚ ਅਜਿਹਾ ਜਾਦੂ ਸੀ ਕਿ ਉਸ ਦੇ ਇੱਕ ਬੋਲ ਨਾਲ ਹਜ਼ਾਰਾਂ ਲੋਕਾਂ ਦੇ ਜੀਵਣ ਬਦਲ ਸਕਦਾ ਸੀ। ਉਹ ਇੱਕ ਤਾਂ ਵਿਦਵਾਨ ਤੇ ਦੂਜਾ ਸੱਚਾ-ਸੁੱਚਾ ਜੀਵਨ ਜਿਉਣ ਵਾਲਾ ਇਨਸਾਨ ਸੀ ਤੇ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ। ਜ਼ਕਰੀਆ ਖਾਨ ਦਿਲੋਂ ਚਾਹੁੰਦਾ ਸੀ ਕਿ ਐਸਾ ਆਲਮ ਫ਼ਾਜ਼ਲ ਆਦਮੀ ਮੁਸਲਮਾਨ ਜ਼ਰੂਰ ਹੋਣਾ ਚਾਹੀਦਾ ਹੈ ਤੇ ਜੇ ਇਹ ਇਸਲਾਮ ਕਬੂਲ ਕਰ ਲਵੇ ਤਾਂ ਸਾਨੂੰ ਖੂਨ-ਖਰਾਬੇ ਦੀ ਲੋੜ ਹੀ ਨਹੀਂ ਪਵੇਗੀ। ਜਿੱਥੇ ਭਾਈ ਤਾਰੂ ਸਿੰਘ ਬੋਲੇਗਾ ਉਥੇ ਆਪਣੇ-ਆਪ ਹੀ ਇਸਲਾਮ ਦਾ ਰਾਜ ਹੋਵੇਗਾ। ਸਾਰੀ ਕਾਇਨਾਤ ਬਿਨਾਂ ਲੜਾਈ ਦੇ ਮੁਸਲਮਾਨ ਬਣ ਜਾਵੇਗੀ ਤੇ ਉਸਨੂੰ ਵੀ ਬਹੁਤ ਸਤਿਕਾਰ ਮਿਲੇਗਾ। ਅਜਿਹੀਆਂ ਸੋਚਾਂ ਜ਼ਕਰੀਆ ਖਾਨ ਦੇ ਦਿਲ ਅੰਦਰ ਚੱਲ ਰਹੀਆਂ ਸਨ ਜਿਸ ਕਾਰਣ ਉਹ ਭਾਈ ਤਾਰੂ ਸਿੰਘ ਜੀ ਤੇ ਜ਼ਿਆਦਾ ਸਖਤਾਈ ਨਹੀਂ ਕਰਦਾ ਸੀ ਤੇ ਗਿੱਦੜ-ਧਮਕੀਆਂ ਜਿਆਦਾ ਦਿੰਦਾ ਸੀ।

ਭਾਈ ਮਹਿਤਾਬ ਸਿੰਘ ਦੀ ਗ੍ਰਿਫਤਾਰੀ

ਉਧੱਰ ਅੱਜ ਭਾਵ ੮ ਜੂਨ,੧੭੪੫ ਈ: ਨੂੰ ਕਿਸੇ ਮੁਖਬਰ ਦੀ ਮੁਖਬਰੀ 'ਤੇ ਪਿੰਡ ਮੀਰਾਂ-ਕੋਟ ਦੇ ਰਹਿਣ ਵਾਲੇ ਸ. ਮਹਿਤਾਬ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਭਾਈ ਤਾਰੂ ਸਿੰਘ ਜੀ ਦੇ ਨਾਲ ਦੀ ਬੈਰਕ ਵਿੱਚ ਲੋਹੇ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਗਿਆ। ਜਦੋਂ ਸ.ਮਹਿਤਾਬ ਜੀ ਨੂੰ ਬੰਦ ਕਰ ਦਿੱਤਾ ਗਿਆ ਉਹ ਸ਼ੇਰਾਂ ਵਾਲੀ ਭੱਬਕ ਮਾਰ ਰਿਹਾ ਸੀ। ਉਸਦੀ ਭੱਬਕ ਸੁਣ ਕੇ ਕੋਲ ਖੜ੍ਹਾ ਜੇਲ੍ਹਰ ਅਹਿਮਦ ਖ਼ਾਂ ਡਰ ਗਿਆ ਤੇ ਪਿੱਛੇ ਹੱਟ ਗਿਆ ਤੇ ਭਾਈ ਤਾਰੂ ਸਿੰਘ ਜੀ ਨੇ ਅਹਿਮਦ ਖ਼ਾਂ ਨੂੰ ਪੁੱਛਿਆ, "ਇਹ ਸਿੰਘ ਕੌਣ ਹੈ,ਜਿਸ ਨੂੰ ਐਨੀਆਂ ਲੋਹੇ ਦੀਆਂ ਜੰਜੀਰਾਂ ਨਾਲ

ਜਕੜਿਆ ਹੈ ਤਾਂ ਵੀ ਦਸਾਂ ਬੰਦਿਆਂ ਤੇ ਭਾਰੂ ਪੈ ਰਿਹਾ ਏ?,ਇਹ ਕੋਈ ਸਿੰਘ ਨੂੰ ਪ੍ਰਸ਼ਾਦਾ ਛਕਾਉਣ ਵਾਲਾ ਤਾਂ ਲਗਦਾ ਨਹੀਂ, ਇਹ ਤਾਂ ਕੋਈ ਸਿੰਘ ਜਰਨੈਲ ਲੱਗ ਰਿਹਾ ਹੈ।"

ਅਹਿਮਦ ਖ਼ਾਂ ਨੇ ਭਾਈ ਤਾਰੂ ਸਿੰਘ ਨੂੰ ਦੱਸਿਆ,"ਅੱਜ ਤੋਂ ਪੰਜ-ਛੇ ਸਾਲ ਪਹਿਲਾਂ ਫੌਜਦਾਰ ਮੱਸਾ ਰੰਗੜ ਅੰਮ੍ਰਿਤਸਰ ਦਾ ਜਰਨੈਲ ਬਣਿਆ ਹੋਇਆ ਸੀ,ਜਿਸਦੇ ਆਸੇ-ਪਾਸੇ ਹਜ਼ਾਰਾਂ ਦੀ ਤਾਦਾਦ 'ਚ ਫੌਜਾਂ ਉਸਦੀ ਰੱਖਿਆ ਵਾਸਤੇ ਰੱਖੀਆਂ ਹੋਈਆਂ ਸਨ ਤੇ ਉੱਥੇ ਚਿੜੀ ਵੀ ਫਰ ਨਹੀਂ ਸੀ ਮਾਰ ਸਕਦੀ ਤੇ ਇਹ ਸਿੰਘ ਸਾਹਿਬ ਤੇ ਸ.ਸੁੱਖਾ ਸਿੰਘ ਭੇਸ ਬਦਲ ਕੇ ਇੰਝ ਬਣ ਗਏ ਜਿਵੇਂ ਸਰਕਾਰ ਦਾ ਮਾਲੀਆ ਉਗਰਾਹੁਣ ਵਾਲੇ ਸਿਪਾਹੀ ਹੋਣ।ਦਰਬਾਰ ਸਾਹਿਬ ਦੇ ਬਾਹਰ ਜਾ ਕੇ ਇਹਨਾਂ ਨੇ ਅੰਦਰ ਜਾਣ ਦੀ ਆਗਿਆ ਮੰਗੀ।ਬਾਹਰ ਖੜ੍ਹੇ ਸਿਪਾਹੀ ਨੇ ਕਿਹਾ ਕਿ ਉਹਨਾਂ ਨੂੰ ਵੀ ਕੁਝ ਨਾ ਕੁਝ ਇਨਾਮ ਦੇਵੇ।ਇਹਨਾਂ ਨੇ ਕਿਹਾ ਕਿ ਵਾਪਸ ਆ ਕੇ ਉਹ ਉਨ੍ਹਾਂ ਨੂੰ ਵੀ ਇਨਾਮ ਦੇਣਗੇ ਤੇ ਤੁਰੰਤ ਆਗਿਆ ਮਿਲ ਗਈ ਤੇ ਇਹ ਦੋਵੇਂ ਅੰਦਰ ਚਲੇ ਗਏ।ਅੰਦਰ ਜਾ ਕੇ ਇਨ੍ਹਾਂ ਨੇ ਠੀਕਰੀਆਂ ਵਾਲਾ ਥੈਲਾ,ਜਿਸ ਵਿੱਚ ਉੱਪਰ ਕੁਝ ਚਾਂਦੀ ਦੇ ਸਿੱਕੇ ਪਾਏ ਹੋਏ ਸਨ,ਮੱਸਾ ਰੰਘੜ ਦੇ ਪਲੰਘ ਦੇ ਹੇਠਾਂ ਸੁੱਟ ਦਿੱਤਾ।ਮੱਸਾ ਰੰਘੜ ਸ਼ਰਾਬੀ ਹੋਇਆ ਵੇਸਵਾ ਦਾ ਨਾਚ ਦੇਖ ਰਿਹਾ ਸੀ।ਉਸਨੇ ਖ਼ੁਸ਼ੀ ਵਿੱਚ ਆ ਕੇ ਨਵੇਂ ਮਿਲੇ ਧਨ ਵਿੱਚੋਂ ਵੇਸਵਾ ਨੂੰ ਇਨਾਮ ਦੇਣਾ ਚਾਹਿਆ।ਜਿਉਂ ਹੀ ਮੱਸੇ ਨੇ ਧਨ ਵਾਲੀ ਥੈਲੀ ਪਲੰਘ ਦੇ ਥੱਲਿਉਂ ਚੁੱਕਣ ਲਈ ਆਪਣਾ ਸਿਰ ਝੁਕਾਇਆ ਤਾਂ,ਤਾਂ....."

"ਤਾਂ ਕੀ..?" ਭਾਈ ਤਾਰੂ ਸਿੰਘ ਜੀ ਨੇ ਫਿਰ ਪੁੱਛਿਆ।

"ਭਾਈ ਤਾਰੂ ਸਿੰਘ,ਤਾਂ ਇਹ ਸਿੰਘ ਜੋ ਜੰਜੀਰਾਂ ਵਿੱਚ ਜਕੜ ਕੇ ਲਿਆਂਦਾ ਹੈ,ਨੇ ਮਿਆਨ ਵਿੱਚੋਂ ਤਲਵਾਰ ਖਿੱਚੀ ਤੇ ਇੱਕੋ ਝਟਕੇ ਨਾਲ ਮੱਸੇ ਰੰਘੜ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ",ਅਹਿਮਦ ਖ਼ਾਂ ਨੇ ਕੰਬਦੇ ਹੋਏ ਨੇ ਦੱਸਿਆ।

ਤਾਂ ਭਾਈ ਤਾਰੂ ਸਿੰਘ ਜੀ ਨੇ ਨਿਮਰਤਾ ਨਾਲ ਕਿਹਾ,"ਅਹਿਮਦ ਖ਼ਾਂ!ਸਿੰਘ ਕੋਲ ਤਲਵਾਰ ਨਹੀਂ,ਕ੍ਰਿਪਾਨ ਹੁੰਦੀ ਹੈ।"

ਅਹਿਮਦ ਖ਼ਾਂ ਆਖਣ ਲੱਗਾ,"ਸ਼ਸਤਰ ਤਾਂ ਇੱਕੋ ਹੈ,ਫਿਰ ਤਲਵਾਰ ਤੇ ਕ੍ਰਿਪਾਨ ਵਿੱਚ ਫਰਕ ਕੀ ਹੋਇਆ..?,ਬਾਕੀ ਤੁਸੀ ਜ਼ਿਆਦਾ ਪੜ੍ਹੇ-ਲਿਖੇ ਹੋ,ਤੁਸੀਂ ਦੱਸ ਦਿਉ।"

ਭਾਈ ਤਾਰੂ ਸਿੰਘ ਸਮਝਾਉਣ ਲੱਗੇ,"ਤਲਵਾਰ ਆਪਣੇ ਤੋਂ ਨੀਵੇਂ ਤੇ ਚਲਾਈ ਜਾਂਦੀ ਹੈ ਜਾਂ ਆਪਣੇ 'ਤਲ' ਤੋਂ ਨੀਵੇਂ ਉੱਪਰ 'ਵਾਰ' ਕਰਦੀ ਹੈ।ਤਲਵਾਰ ਨਾਲ ਜ਼ੁਲਮ ਕੀਤੇ ਜਾਂਦੇ ਨੇ ਅਤੇ ਕ੍ਰਿਪਾਨ ਨਾਲ ਜ਼ੁਲਮ ਮਿਟਾਏ ਜਾਂਦੇ ਨੇ।ਖਾਸ ਫਰਕ ਇਹ ਹੈ ਕਿ ਕ੍ਰਿਪਾਨ ਗੁਰੂ ਦੀ ਕਿਰਪਾ ਨਾਲ ਉਠਦੀ ਹੈ ਤੇ ਆਣ ਦੀ ਖ਼ਾਤਰ ਚਲਦੀ ਹੈ।"

ਅਹਿਮਦ ਖ਼ਾਂ ਆਖਣ ਲੱਗਾ,"ਵਾਹ ਵਾਹ! ਤੁਹਾਡੇ ਇਸ ਗਿਆਨ ਕਰਕੇ ਤਾਂ ਜ਼ਕਰੀਆ ਖਾਨ ਤੁਹਾਡੇ ਨਾਲ ਢਿੱਲ ਵਰਤ ਰਿਹਾ ਹੈ।ਆਹ ਜਿਹੜਾ ਮੱਸੇ ਰੰਗੜ

ਦਾ ਸਿਰ ਵੱਢ ਕੇ ਆਪਣੇ ਸਾਥੀ ਸੁੱਖਾ ਸਿੰਘ ਨਾਲ ਭੱਜ ਗਿਆ ਸੀ,ਇਸ ਨੂੰ ਅੱਜ ਫੜਿਆ ਹੈ ਤੇ ਕੱਲ੍ਹ ਨੂੰ ਫਤਵਾ ਲਾ ਕੇ ਮਾਰ ਦਿੱਤਾ ਜਾਵੇਗਾ। ਇਸ ਦੇ ਸਾਥੀ ਮਗਰ ਵੀ ਸੂਹੀਏ ਲੱਗੇ ਹੋਏ ਨੇ ਤੇ ਦੋ-ਚਾਰ ਦਿਨਾਂ 'ਚ ਫੜ ਕੇ ਉਸਨੂੰ ਵੀ ਨਵਾਬ ਨੇ ਮਾਰ ਹੀ ਦੇਣਾ ਹੈ।"

ਭਾਈ ਤਾਰੂ ਸਿੰਘ ਫਿਰ ਮੁਸਕਰਾਏ ਤੇ ਆਖਣ ਲੱਗੇ,"ਮਰਦੇ ਤਾਂ ਉਹ ਲੋਕ ਹਨ ਜੋ ਆਪਣੇ ਪੁੱਤਰ-ਧੀਆਂ,ਪਰਿਵਾਰ,ਸ਼ਾਨੋ-ਸ਼ੌਕਤ,ਧਨ-ਦੌਲਤ ਜਾਂ ਸਰੀਰਕ ਲੋੜਾਂ ਖਾਤਰ ਪ੍ਰਾਣ ਤਿਆਗਦੇ ਹਨ,ਪਰ ਜਿਹੜੇ ਆਪਣੀ ਕੌਮ ਦੀ ਖਾਤਰ ਕੁਰਬਾਨੀ ਦਿੰਦੇ ਨੇ ਉਹ ਮਰਦੇ ਨਹੀਂ,ਅਹਿਮਦ ਖ਼ਾਂ! ਉਹ ਤਾਂ ਸ਼ਹੀਦ ਹੋ ਕੇ ਅਮਰ ਹੋ ਜਾਂਦੇ ਨੇ।"

"ਕੌਣ ਹੁੰਦਾ ਹੈ ਸ਼ਹੀਦ?ਕਿਸਨੂੰ ਕਹਿੰਦੇ ਨੇ ਸ਼ਹੀਦ?",ਅਹਿਮਦ ਖ਼ਾਂ ਨੇ ਭਾਈ ਤਾਰੂ ਸਿੰਘ ਦੇ ਗਿਆਨ ਦਾ ਲਾਭ ਉਠਾਉਂਦੇ ਹੋਏ ਨੇ ਪੁੱਛਿਆ।

ਭਾਈ ਤਾਰੂ ਸਿੰਘ ਵੀ ਅਹਿਮਦ ਖ਼ਾਂ ਦੀ ਰਮਜ਼ ਪਛਾਣ ਗਏ ਤੇ ਉਸਦਾ ਜੀਵਨ ਬਦਲਣ ਦੀ ਖਾਤਰ ਸਮਝਾਉਣ ਲੱਗੇ,"ਸ਼ਹੀਦ ਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹਾਦਤ ਦੇ ਅਖਰੀ ਅਰਥ ਹਨ-'ਗਵਾਹੀ'। ਇਸ ਤਰਾਂ ਸ਼ਹੀਦ ਗਵਾਹੀ ਦੇਣ ਵਾਲੇ ਨੂੰ ਕਿਹਾ ਜਾਂਦਾ ਹੈ। ਦੀਨ-ਦੁਖੀਆਂ ਦੀ ਖਾਤਰ ਅਤੇ ਸੱਤਿ-ਧਰਮ ਦੇ ਪ੍ਰਕਾਸ਼ ਲਈ ਸਿਰ ਤੇ ਆਣ ਬਣੀ ਭੀੜ ਦਾ ਡੱਟ ਕੇ ਮੁਕਾਬਲਾ ਕਰਨਾ ਤੇ ਪਿੱਛੇ ਨਾ ਹਟਣਾ,ਭਾਂਵੇ ਇਹ ਸੇਵਾ ਕਰਦਿਆਂ ਬੰਦ-ਬੰਦ ਕਟਵਾ ਕੇ ਸਰੀਰ ਤਿਆਗਣ ਦੀ ਨੌਬਤ ਹੀ ਕਿਉਂ ਨਾ ਆ ਜਾਵੇ। ਇਹ ਹੈ ਸ਼ਹੀਦ ਸੂਰਮੇ ਦਾ ਕਰੱਤਵ ਤੇ ਉਸਦੀ ਪਹਿਚਾਣ।"

ਭਾਈ ਤਾਰੂ ਸਿੰਘ ਨੇ ਫਿਰ ਕਿਹਾ,"ਅਹਿਮਦ ਖ਼ਾਂ,ਤੂੰ ਇਹ ਗੱਲ ਆਖੀ ਹੈ ਕਿ ਹਜ਼ਾਰਾਂ ਫੌਜਾਂ ਦੇ ਵਿੱਚੋਂ ਦੀ ਮੱਸੇ ਦਾ ਸਿਰ ਵੱਢ ਕੇ ਪਤਾ ਨਹੀਂ ਇਹ ਦੋਵੇਂ ਕਿੱਧਰ ਉਡ ਗਏ...!"

ਹੁਣ ਭਾਈ ਤਾਰੂ ਸਿੰਘ ਜੀ ਥੋੜੇ ਜੋਸ਼ ਨਾਲ ਬੋਲ ਰਹੇ ਸਨ,"ਸ਼ਹੀਦ ਨਿਰਮਲ ਆਤਮਾ ਤੇ ਤੀਖਣ ਬੁੱਧੀ ਵਾਲੇ ਹੋਣ ਕਰਕੇ ਜਦੋਂ ਇਹ ਸੱਚ ਤੇ ਨਿਆਂ ਵਿੱਚ ਆਵਾਜ਼ ਉਠਾਉਂਦੇ ਹਨ ਤਾਂ ਇਹ ਸੱਚੀ-ਸੁੱਚੀ ਗਵਾਹੀ ਦਿੰਦੇ ਹਨ। ਝੂਠੇ ਤੇ ਅੰਧਵਿਸ਼ਵਾਸੀ ਲੋਕ ਉਨ੍ਹਾਂ ਦੇ ਵਿਰੁੱਧ ਹੋ ਜਾਂਦੇ ਹਨ। ਨੇਕੀ,ਸਚਾਈ ਤੇ ਹੱਕ ਲਈ ਡਟਣ ਵਾਲਿਆਂ ਨੂੰ ਉਹ ਦੁੱਖ ਤੇ ਕਸ਼ਟ ਦਿੰਦੇ ਹਨ ਤੇ ਬਹੁਤ ਵਾਰੀ ਮਾੜੀਆਂ ਸਜ਼ਾਵਾਂ ਦੇ ਕੇ ਜਾਨੋਂ ਮਾਰ ਦਿੰਦੇ ਹਨ ਪਰ ਅਜਿਹੇ ਇਨਸਾਨ ਸਚਾਈ,ਇਨਸਾਫ,ਨੇਕੀ,ਹੱਕ ਤੇ ਅਸਲੀਅਤ 'ਤੇ ਡਟੇ ਰਹਿੰਦੇ ਹਨ। ਹਥਿਆਰੇ ਕੂੜਿਆਰਾਂ ਤੇ ਕੁਰਾਹੇ ਪਏ ਲੋਕਾਂ ਦੇ ਦਿੱਤੇ ਕਸ਼ਟਾਂ ਦੀ ਪ੍ਰਵਾਹ ਨਹੀਂ ਕਰਦੇ ਤੇ ਜਾਨ ਉਤੇ ਖੇਡ ਜਾਂਦੇ ਨੇ।"

ਭਾਈ ਤਾਰੂ ਸਿੰਘ ਨੇ ਫਿਰ ਨਿਮਰਤਾ ਵਾਲੇ ਸੁਭਾਅ ਨਾਲ ਕਿਹਾ,"ਅਜਿਹੇ ਵਿਅਕਤੀਆਂ ਨੂੰ ਇਹ ਸੰਸਾਰ ਸ਼ਹੀਦ ਦੀ ਪਦਵੀ ਦੇ ਕੇ ਸਤਿਕਾਰਦਾ ਹੈ ਤੇ ਉਹ ਸੰਸਾਰ ਵਿੱਚ ਅਮਰ ਹੋ ਜਾਂਦੇ ਹਨ। ਸਿੱਖ ਤਾਂ ਇਹ ਮੰਨਦੇ ਹਨ ਕਿ ਸ਼ਹੀਦ

ਵਿਅਕਤੀ ਇਨਸਾਨੀਅਤ ਦੇ ਧਾਰਮਿਕ, ਭਾਈਚਾਰਕ ਤੇ ਰਾਜਨਿਤਕ, ਗੱਲ ਕੀ ਹਰ ਤਰਾਂ ਦੇ ਅੱਤਿਆਚਾਰ, ਵਧੀਕੀ, ਬੇ-ਇਨਸਾਫੀ, ਧੱਕੇ ਤੇ ਜ਼ਬਰ ਵਿਰੁੱਧ ਆਵਾਜ਼ ਉਠਾਉਂਦਾ ਤੇ ਕੁਰਬਾਨੀ ਕਰਦਾ ਹੈ।"

"ਦਰਅਸਲ ਸ਼ਹੀਦ ਦੇ ਕੁਝ ਹੋਰ ਲੱਛਣ ਵੀ ਸਿੱਖੀ ਵਿੱਚ ਮੰਨੇ ਜਾਂਦੇ ਹਨ,ਜਿਵੇਂ ਸਬਰ ਤੇ ਸਿਦਕ ਇਹ ਦੋ ਗੁਣ ਸ਼ਹੀਦ ਵਿੱਚ ਹੁੰਦੇ ਹਨ। ਜਿਸ ਵਿੱਚ ਸਿਦਕ ਨਾ ਹੋਵੇ ਉਹ ਕਿਸੇ ਆਸ਼ੇ ਵਿਚਾਰ ਜਾਂ ਕਰਮ ਲਈ ਕੁਰਬਾਨੀ ਨਹੀ ਕਰ ਸਕਦਾ! ਸਿਦਕ ਤੇ ਕੁਰਬਾਨੀ ਤਾਂ ਸ਼ਹੀਦ ਦੀ ਬੁਨਿਆਦ ਹੈ। ਇਸ ਤੋਂ ਬਿਨਾਂ ਸਬਰ ਹੋਣਾ ਬਹੁਤ ਜ਼ਰੂਰੀ ਹੈ। ਆਮ ਸੰਸਾਰੀ ਜੀਵ ਤੁਰੰਤ ਘਬਰਾ ਜਾਂਦਾ ਹੈ ਤੇ ਤੰਗ ਆ ਕੇ ਆਪਣਾ ਰਾਹ ਛੱਡ ਦਿੰਦਾ ਹੈ ਪਰ ਸ਼ਹੀਦ ਵਿੱਚ ਬਹੁਤ ਸਬਰ ਹੁੰਦਾ ਹੈ ਤੇ ਇਹ ਸਬਰ ਹੀ ਉਸ ਤੋਂ ਅਸਧਾਰਨ ਕੰਮ ਵੀ ਕਰਵਾ ਲੈਂਦਾ ਹੈ। ਦੂਜੇ ਪਾਸੇ ਸ਼ਹੀਦ ਦੇ ਕੋਲ ਦੋ ਔਗੁਣ ਕਦੇ ਵੀ ਨਹੀਂ ਜਾ ਸਕਦੇ। ਪਹਿਲਾ ਤਾਂ ਭਰਮ ਤੇ ਦੂਜਾ ਡਰ। ਭਰਮ ਕਰਨ ਵਾਲਾ ਸ਼ਹਾਦਤ ਨਹੀਂ ਪਾ ਸਕਦਾ ਤੇ ਡਰਨ ਵਾਲਾ ਕਿਸੇ ਚੰਗੀ ਗੱਲ ਲਈ ਡੱਟ ਨਹੀਂ ਸਕਦਾ।"

ਭਾਈ ਗੁਰਦਾਸ ਜੀ ਨੇ ਲਿਖਿਆ ਹੈ:- "ਸਬਰ ਸਿਦਕ ਸ਼ਹੀਦ, ਭਰਮ ਭਉ ਖੋਵਣਾ॥"

"ਚੰਗੇ ਖਿਆਲਾਂ ਤੇ ਚੰਗੇ ਅਮਲਾਂ ਵਾਲੇ ਨੂੰ ਦੁਨੀਆਂ ਵਿੱਚ ਕਿਸੇ ਨਾ ਕਿਸੇ ਕੰਮ ਲਈ ਕੁਰਬਾਨੀ ਕਰਨੀ ਹੀ ਪੈਂਦੀ ਹੈ। ਸ਼ਹੀਦ ਬੜੇ ਹੀ ਦ੍ਰਿੜ ਇਰਾਦੇ ਵਾਲਾ ਹੁੰਦਾ ਹੈ। ਉਹਦੇ ਵਿਚਾਰਾਂ ਨੂੰ ਕਿਸੇ ਵੀ ਤਰ੍ਹਾਂ ਬਦਲਿਆ ਨਹੀਂ ਜਾ ਸਕਦਾ। ਜੇ ਇਹ ਦ੍ਰਿੜਤਾ ਨਾ ਹੋਵੇ ਤਾਂ ਮਨੁੱਖ ਸ਼ਹਾਦਤ ਪ੍ਰਾਪਤ ਕਰ ਹੀ ਨਹੀ ਸਕਦਾ।"

ਭਾਈ ਤਾਰੂ ਸਿੰਘ ਅਤੇ ਅਹਿਮਦ ਖ਼ਾਂ ਦੀਆਂ ਇਹ ਗੱਲਾਂ ਸ.ਮਹਿਤਾਬ ਸਿੰਘ ਜੀ ਆਪਣੀ ਕੋਠੜੀ ਵਿੱਚ ਬੈਠੇ ਸੁਣ ਰਹੇ ਸਨ। ਉਹਨਾਂ ਨੂੰ ਭਾਈ ਸਾਹਿਬ ਜੀ ਦੇ ਇਹ ਮਿੱਠੇ ਬਚਨ ਇਕ ਰੂਹਾਨੀਅਤ ਤਾਕਤ ਦੀ ਤਰਾਂ ਜਾਪ ਰਹੇ ਸਨ। ਤੇ ਸ.ਮਹਿਤਾਬ ਸਿੰਘ ਉੱਠ ਕੇ ਭਾਈ ਤਾਰੂ ਸਿੰਘ ਜੀ ਦੀ ਕੋਠੜੀ ਦੇ ਨੇੜੇ ਆ ਗਏ ਤੇ ਭਾਈ ਤਾਰੂ ਸਿੰਘ ਜੀ ਨੇ ਸ.ਮਹਿਤਾਬ ਸਿੰਘ ਜੀ ਨੂੰ ਗੱਜ ਕੇ ਫ਼ਤਿਹ ਗਜਾਈ। ਭਾਈ ਸਾਹਿਬ ਜੀ ਦੀ ਫ਼ਤਿਹ ਸਾਰੀ ਜੇਲ੍ਹ 'ਚ ਗੂੰਜ ਪਾ ਗਈ ਤੇ ਜੇਲ੍ਹਰ ਅਹਿਮਦ ਖ਼ਾਂ ਤੁਰੰਤ ਉੱਥੋਂ ਚਲਾ ਗਿਆ।

ਇਹ ਬਚਨ ਕਰਦੇ-ਕਰਦੇ ਅੰਮ੍ਰਿਤ ਵੇਲਾ ਲੰਘ ਗਿਆ ਤੇ ਦਿਨ ਚੜ੍ਹ ਗਿਆ। ਭਾਈ ਤਾਰੂ ਸਿੰਘ ਜੀ ਇਸ ਮਹਾਨ ਜੋਧੇ, ਵੀਰ ਵਰਿਆਮ, ਅੱਣਖੀਂ, ਕੌਮੀ, ਪਿਆਰੇ, ਨਿਰਭਉ ਤੇ ਨਿਰਵੈਰ, ਸਿੱਖ ਕੌਮ ਦੀ ਜਾਨ, ਗੁਰੂ ਦੇ ਬਹਾਦਰ ਸਪੁੱਤਰ, ਕੁਰਬਾਨੀ ਦੀ ਜਿਉਂਦੀ ਜਾਗਦੀ ਮਿਸਾਲ, ਸਾਰੀ ਸਿੱਖ ਕੌਮ ਦਾ ਦਰਦ ਅੱਖਾਂ ਵਿੱਚ ਲੈ ਕੇ ਖਲੋਤੇ ਸ. ਮਹਿਤਾਬ ਸਿੰਘ ਮੀਰਾਂ-ਕੋਟੀ ਦੇ ਦਰਸ਼ਨ ਕਰਨ ਲਈ ਤੜਫ ਰਹੇ ਸਨ, ਥੋੜੇ ਸਮੇਂ ਬਾਅਦ ਜਦੋਂ ਭਾਈ ਸਾਹਿਬ ਨੇ ਸਰਦਾਰ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਅਤਿ ਪ੍ਰਭਾਵਸ਼ਾਲੀ ਤੇ ਮੁੱਖੜੇ 'ਤੇ ਨੂਰ ਦੇਖਕੇ ਭਾਈ ਤਾਰੂ

ਸਿੰਘ ਦਾ ਮਨ ਗਦ ਗਦ ਹੋ ਗਿਆ। ਬਹੁਤ ਸਾਰਾ ਸਮਾਂ ਸਿੰਘ ਇੱਕ-ਦੂਸਰੇ ਦੇ ਮੁੱਖ ਤਕਦੇ ਰਹੇ ਤੇ ਦਰਸ਼ਨ ਕਰਕੇ ਮਨ ਹੀ ਮਨ ਵਿਚਾਰਾਂ ਕਰਦੇ ਰਹੇ ਜਿਵੇਂ ਕਿਸੇ ਅਦੱਭੁਤ ਜਾਂ ਕਿਸੇ ਅਜੂਬੇ ਨੂੰ ਦੇਖਕੇ ਮਨ ਅਸਚਰਜਤਾ ਵਿੱਚ ਲੀਨ ਹੋ ਜਾਂਦਾ ਹੈ।

ਇੱਧਰ ਸ.ਮਹਿਤਾਬ ਸਿੰਘ ਜੀ ਨੇ ਜਦੋਂ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਉਹ ਵੀ ੨੪-੨੫ ਸਾਲ ਦੇ ਸੱਤ ਫੁੱਟ ਲੰਬੇ ਸੋਹਣੀ ਡੀਲ-ਡੋਲ,ਤਿੱਖੇ ਨੈਣ-ਨਕਸ਼,ਮੁੱਛ-ਫੁੱਟ ਗੱਭਰੂ ਤੇ ਅੱਖਾਂ ਵਿੱਚ ਨਾਮ ਦਾ ਨੂਰ ਤੇ ਰਸਨਾਂ ਵਿੱਚ ਬੀਰ ਰਸ,ਮਨ ਅੰਦਰ ਸ਼ਹੀਦੀ ਦਾ ਜਜ਼ਬੇ ਵਾਲੇ ਇਸ ਗੁਰੂ ਕੇ ਲਾਲ ਦੇ ਦਰਸ਼ਨ ਕਰਕੇ ਇਸ ਤਰਾਂ ਗਦ-ਗਦ ਹੋਏ ਜਿਵੇਂ ਗੁਰੂ ਆਪ ਸਾਹਮਣੇ ਖੜਾ ਹੈ। ਜਦੋਂ ਸ਼ਹਾਦਤ ਦੇ ਅਰਥ ਕਰਦੇ ਸੁਣਿਆ ਤਾਂ ਮਨ ਇਹਨਾਂ ਵੱਲ ਹੀ ਖਿੱਚਿਆ ਗਿਆ। ਗੱਲ-ਬਾਤ ਸ਼ੁਰੂ ਹੋਈ।

ਭਾਈ ਤਾਰੂ ਸਿੰਘ ਜੀ ਬੋਲੇ,"ਸਰਦਾਰ ਸਾਹਿਬ ਜੀ,ਆਪ ਜੀ ਦਾ ਨਾਮ ਤਾਂ ਹਰ ਸਿੱਖ ਦੇ ਹਿਰਦੇ ਵਿੱਚ ਬਹੁਤ ਸਤਿਕਾਰ ਨਾਲ ਪਰੋਇਆ ਹੋਇਆ ਹੈ। ਆਪ ਜੀ ਦੀਆਂ ਬਹਾਦਰੀ ਦੀਆਂ ਗਾਥਾਵਾਂ ਸਿੱਖਾਂ ਨੇ ਤਾਂ ਗਾਉਣੀਆਂ ਹੀ ਹਨ ਪਰ ਮੁਸਲਮਾਨ ਜੇਲ੍ਹਰ ਅਹਿਮਦ ਖ਼ਾਂ ਵਰਗੇ ਵੀ ਆਪ ਜੀ ਦੀ ਬਹਾਦਰੀ ਸੁਣਾ ਗਏ। ਜਦੋਂ ਆਪ ਜੀ ਦੀ ਖ਼ੁਸ਼ਬੋ ਮੇਰੇ ਤੱਕ ਪਹੁੰਚੀ ਤਾਂ ਉਦੋਂ ਮੇਰੀ ਉਮਰ ੨੦ ਸਾਲ ਦੀ ਸੀ ਤੇ ਪਿੰਡ ਪੂਹਲੇ ਵਿੱਚ ਜਦੋਂ ਸਿੰਘ ਲੰਗਰ ਛਕਣ ਆਉਂਦੇ ਸਨ ਤਾਂ ਉਹ ਆਪ ਜੀ ਦੀ ਬਹਾਦਰੀ ਸੁਣਾਉਂਦੇ ਸਨ। ਸਿੰਘ ਦਸੱਦੇ ਸਨ ਕਿ ਜਦੋਂ ਮੱਸਾ ਰੰਗੜ੍ਹ ਸ਼੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰ ਰਿਹਾ ਸੀ,ਅੰਮ੍ਰਿਤ ਸਰੋਵਰ ਵਿੱਚ ਸ਼ਰਾਬ ਡੋਲ ਰਿਹਾ ਸੀ ਤੇ ਇਹ ਕਹਿੰਦਾ ਸੀ ਕਿ ਜਿਸ ਅਸਥਾਨ ਉੱਪਰ ਸਦਾ ਕੀਰਤਨ ਤੇ ਪਾਠ ਚਲਦਾ ਹੈ ਉਸਨੇ ਉਥੇ ਵੇਸਵਾ ਦੇ ਨਾਚ-ਨਚਾਉਣੇ ਹਨ ਤੇ ਗੰਦੇ ਗੀਤ ਗਵਾਉਣੇ ਹਨ। ਉਸ ਪਾਪੀ ਮੱਸੇ ਰੰਗੜ੍ਹ ਦਾ ਤੁਸੀਂ ਤੇ ਤੁਹਾਡੇ ਸਾਥੀ ਸੁੱਖਾ ਸਿੰਘ ਜੀ ਨੇ ਸਿਰ ਲਾਹ ਕੇ ਸਾਰੀ ਸਿੱਖ ਕੌਮ ਦਾ ਸਿਰ ਮਾਣ ਨਾਲ ਉਚਾ ਕੀਤਾ ਹੈ।"

ਹੁਣ ਸ.ਮਹਿਤਾਬ ਸਿੰਘ ਜੀ ਨੇ ਭਾਈ ਤਾਰੂ ਸਿੰਘ ਨੂੰ ਪਛਾਣਦੇ ਹੋਏ ਕਿਹਾ,"ਕਾਕਾ ਤੇਰਾ ਨਾਮ ਤਾਰੂ ਸਿੰਘ ਹੈ,ਤੇ ਤੂੰ ਸ.ਦੀਦਾਰ ਸਿੰਘ ਦਾ ਸਪੁੱਤਰ ਹੈਂ ਨਾ..?"

ਭਾਈ ਤਾਰੂ ਸਿੰਘ ਨੇ ਅੱਖਾਂ ਨੀਵੀਆਂ ਤੇ ਹੱਥ ਜੋੜ ਕੇ ਹੈਰਾਨੀ ਨਾਲ ਪੁੱਛਿਆ,"ਤੁਸੀਂ ਮੇਰਾ ਨਾਮ ਕਿਵੇਂ ਜਾਣਦੇ ਹੋ..?"

ਸ.ਮਹਿਤਾਬ ਸਿੰਘ ਜੀ ਹੱਸ ਕੇ ਆਖਣ ਲੱਗੇ,"ਫੁੱਲ ਆਪਣੀ ਖ਼ੁਸ਼ਬੋ ਬਾਰੇ ਕਿਸੇ ਨੂੰ ਨਹੀ ਦੱਸਦਾ ਪਰ ਉਸਦੀ ਮਹਿਕ ਹੀ ਉਸਦੀ ਉਸਦੀ ਪਹਿਚਾਣ ਹੁੰਦੀ ਹੈ ਤੇ ਨਾਲੇ ਤੁਹਾਡੇ ਪਰਿਵਾਰ ਨੂੰ ਤਾਂ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ ਨਿਵਾਜਿਆ ਹੈ। ਸਿੱਖ ਕੌਮ ਵਿੱਚ ਕੌਣ ਨਹੀਂ ਜਾਣਦਾ ਆਪ ਦੇ ਪਰਿਵਾਰ ਨੂੰ? ਤੁਹਾਡੇ ਦਾਦਾ ਸ.ਗੁਰਦਿਆਲ ਸਿੰਘ ਤੇ ਦਾਦੀ ਜੀਵਨ ਕੌਰ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ।"

ਭਾਈ ਤਾਰੂ ਸਿੰਘ ਜੀ ਇੱਕਦਮ ਬੋਲੇ, "ਕੀ ਤੁਸੀ ਮੇਰੇ ਦਾਦਾ-ਦਾਦੀ ਜੀ ਦੇ ਦਰਸ਼ਨ ਕੀਤੇ ਹਨ?"

"ਨਹੀਂ, ਪਰ ਤੇਰੇ ਤਾਇਆ ਜੀ ਸ. ਜੈ ਸਿੰਘ ਜੀ ਸਾਡੇ ਬਹੁਤ ਹਰਮਨ ਪਿਆਰੇ ਹਮਜੋਲੀ ਸਨ ਤੇ ਉਸਨੇ ਸਾਡੇ ਸਾਹਮਣੇ ਰਣ ਤੱਤੇ ਜੂਝ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਉਸੇ ਕੋਲੋਂ ਹੀ ਤੁਹਾਡੇ ਪਰਿਵਾਰ ਬਾਰੇ ਜਾਣਕਾਰੀ ਮਿਲੀ ਸੀ", ਸ.ਮਹਿਤਾਬ ਸਿੰਘ ਜੀ ਨੇ ਦੱਸਿਆ।

ਸਰਦਾਰ ਸਾਹਿਬ ਨੇ ਫਿਰ ਅੱਗੇ ਦੱਸਿਆ, "ਤੇਰੇ ਪਿਤਾ ਸ.ਦੀਦਾਰ ਸਿੰਘ ਨੂੰ ਸਾਰੀ ਸਿੱਖ ਕੌਮ ਬਹੁਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਹ ਕਿਵੇਂ ਆਪਣੀ ਜਾਨ ਤੇ ਖੇਡ ਕੇ ਸਿੰਘਾਂ ਤੱਕ ਪ੍ਰਸ਼ਾਦਾ ਪਾਣੀ ਪਹੁੰਚਾਦੇ ਸਨ ਤੇ ਇਸੇ ਸੇਵਾ ਨੂੰ ਅੰਜਾਮ ਦਿੰਦਿਆਂ ਹੀ ਉਹ ਸ਼ਹੀਦੀ ਦਾ ਜਾਮ ਪੀ ਗਏ। ਸ.ਦੀਦਾਰ ਸਿੰਘ ਜੀ ਕੋਲੋਂ ਤੇ ਹੋਰ ਸਿੰਘਾਂ ਪਾਸੋਂ ਹੀ ਤੁਹਾਡੀ ਉਸਤਤ ਬਹੁਤ ਵਾਰ ਸੁਣੀ ਹੈ ਕਿ ਤਾਰੂ ਸਿੰਘ ਜਿੱਥੇ ਇੱਕ ਵਿਦਵਾਨ ਹੈ ਉੱਥੇ ਪਿਤਾ ਵਾਲੀ ਸੇਵਾ ਵੀ ਨਿਭਾ ਰਿਹਾ ਹੈ।"

ਫਿਰ ਸ.ਮਹਿਤਾਬ ਸਿੰਘ ਜੀ ਨੇ ਪੁੱਛਿਆ, "ਕਾਕਾ ਤੈਨੂੰ ਕਿਸ ਜੁਰਮ ਵਿੱਚ ਇਨ੍ਹਾਂ ਪਾਪੀਆਂ ਨੇ ਕੈਦ ਕੀਤਾ ਹੈ?"

"ਭਾਈ ਤਾਰੂ ਸਿੰਘ ਨੇ ਦੱਸਿਆ, "ਬਹਾਨੇ ਤਾਂ ਬਹੁਤ ਬਣਾਏ ਪਰ ਮੂਲ ਰੂਪ 'ਚ ਤਾਂ ਸਿੰਘਾਂ ਦੀ ਸੇਵਾ ਹੈ ਤੇ ਇਸੇ ਨੂੰ ਇਹ ਜੁਰਮ ਮੰਨਦੇ ਹਨ। ਇੱਕ ਦੁਸਟ ਪੁਰਸ਼ ਦਾ ਨਾਮ ਹਰਿਭਗਤ ਨਿਰੰਜਣੀਆ ਹੈ, ਜੰਡਿਆਲੇ ਦਾ ਰਹਿਣ ਵਾਲਾ। ਉਸ ਪਾਪੀ ਨੇ ਹੀ ਇਨਾਮ ਦੀ ਖਾਤਰ ਮੇਰੀ ਮੁਖਬਰੀ ਇੱਥੇ ਕੀਤੀ ਅਤੇ ਮੈਨੂੰ ਗ੍ਰਿਫਤਾਰ ਕਰਵਾਇਆ ਹੈ।"

ਸਰਦਾਰ ਸਾਹਿਬ ਆਖਣ ਲੱਗੇ, "ਮੇਰੀ ਵੀ ਮੁਖਬਰੀ ਕਿਸੇ ਜੰਡਿਆਲੇ ਦੇ ਹੀ ਬੰਦੇ ਨੇ ਕੀਤੀ ਹੈ। ਇਹ ਜੰਡਿਆਲੇ ਦੇ ਚੌਧਰੀਆਂ ਦੀ ਕੀ ਮੱਤ ਮਾਰੀ ਗਈ ਹੈ! ਇਹ ਸਾਰੇ ਉਹ ਦਿਨ ਭੁੱਲ ਗਏ ਜਦੋਂ ਔਰੰਗਾ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਂਦਾ ਸੀ।" ਸਰਦਾਰ ਸਾਹਿਬ ਇੱਕਦਮ ਚੁੱਪ ਕਰ ਗਏ ਤੇ ਫਿਰ ਕੁਝ ਸੋਚ ਕੇ ਇੱਕਦਮ ਬੋਲੇ, "ਸ.ਸੁੱਖਾ ਸਿੰਘ ਵੀ ਅੱਜਕਲ੍ਹ ਪੰਜਾਬ ਆਇਆ ਹੋਇਆ ਹੈ। ਕਿਤੇ ਉਹ ਇਹਨਾਂ ਪਾਪੀਆਂ ਦੇ ਹੱਥ ਨਾ ਲੱਗ ਜਾਵੇ!"

ਭਾਈ ਤਾਰੂ ਸਿੰਘ ਜੀ ਬੋਲੇ, "ਹੁਣੇ ਹੀ ਅਹਿਮਦ ਖ਼ਾਂ ਦੱਸ ਕੇ ਗਿਆ ਹੈ ਕਿ ਸੁੱਖਾ ਸਿੰਘ ਦੇ ਮਗਰ ਵੀ ਸੂਹੀਏ ਲੱਗੇ ਹੋਏ ਨੇ ਤੇ ਦੋ ਚਾਰ ਦਿਨਾਂ 'ਚ ਉਸਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।"

ਇੰਨੇ ਨੂੰ ਭਾਈ ਸੋਭਾ ਸਿੰਘ ਲਾਲੋ ਭਾਈ ਸਾਹਿਬ ਵਾਸਤੇ ਪ੍ਰਸ਼ਾਦਾ ਲੈ ਕੇ ਆ ਗਿਆ ਤੇ ਕਹਿਣ ਲੱਗਾ, "ਭਾਈ ਸਾਹਿਬ ਜੀ.ਪ੍ਰਸ਼ਾਦਾ ਛਕ ਲਉ।"

ਤਾਂ ਸ.ਮਹਿਤਾਬ ਸਿੰਘ ਨੇ ਪੁੱਛਿਆ ਕਿ ਇਹ ਸਿੱਖ ਕੌਣ ਹੈ ਜੋ ਤੁਹਾਡੇ ਲਈ ਪ੍ਰਸ਼ਾਦਾ ਲੈ ਕੇ ਆਇਆ ਹੈ?" ਭਾਈ ਤਾਰੂ ਸਿੰਘ ਜੀ ਨੇ ਦੱਸਿਆ, "ਮੈਂ ਮੁਸਲਮਾਨਾਂ ਦੇ ਹੱਥ ਦਾ ਪ੍ਰਸ਼ਾਦਾ ਨਹੀ ਛਕਦਾ, ਇਸ ਲਈ ਭਾਈ ਸੋਭਾ ਸਿੰਘ ਲਾਲੋ ਮੇਰੇ ਲਈ ਰੋਜ਼ ਪ੍ਰਸ਼ਾਦਾ ਲੈ ਕੇ ਆਉਂਦਾ ਹੈ। ਇਹ ਸਤਿਕਾਰਯੋਗ ਭਾਈ ਲਾਲੋ ਜੀ

ਦੀ ਵੰਸ਼ ਦਾ ਸਿੱਖ ਹੈ। ਮਿਹਨਤ ਮਜ਼ਦੂਰੀ ਕਰਕੇ ਭਾਈ ਲਾਲੋ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਾਦਾ ਛਕਾਇਆ ਸੀ ਤੇ ਇਹ ਵੀ ਉਹੀ ਸੇਵਾ ਨਿਭਾ ਰਿਹਾ ਹੈ। ਲਉ ਪ੍ਰਸ਼ਾਦਾ,ਅੱਜ ਆਪਾਂ ਰਲ ਕੇ ਪ੍ਰਸ਼ਾਦਾ ਛਕਾਂਗੇ। ਪਤਾ ਨਹੀ ਜ਼ਿੰਦਗੀ 'ਚ ਇਹ ਸਮਾਂ ਮਿਲੇ ਜਾਂ ਨਾ ਮਿਲੇ।"

"ਤੁਸੀ ਛਕੋ,ਨੌਜਵਾਨਾਂ ਨੂੰ ਭੁੱਖ ਵੀ ਜਿਆਦਾ ਲੱਗਦੀ ਹੈ ਤੇ ਪ੍ਰਸ਼ਾਦੇ ਵੀ ਥੋੜੇ ਹਨ",ਸ.ਮਹਿਤਾਬ ਸਿੰਘ ਜੀ ਨੇ ਕਿਹਾ।

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ,"ਪਿਤਾ ਕੋਲ ਭੁੱਖਾ ਬੈਠਾ ਹੋਵੇ ਤੇ ਪੁੱਤਰ ਰੋਟੀ ਛਕ ਲਵੇ,ਇਹ ਕਿਵੇਂ ਹੋ ਸਕਦਾ ਹੈ?ਮੇਰੀ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਨੇ ਮੈਨੂੰ ਇਹ ਸਬਕ ਨਹੀਂ ਪੜ੍ਹਾਇਆ। ਸਿੰਘਾਂ ਨੂੰ ਛਕਾ ਕੇ ਬਚਿਆ ਹੋਇਆ ਹੀ ਅਸੀ ਛਕਦੇ ਸੀ ਤੇ ਹੁਣ ਮੈਂ ਆਪਣੀ ਪੁਰਾਣੀ ਰੀਤ ਕਿਵੇਂ ਭੁੱਲ ਜਾਵਾਂ।"

ਇਸ ਤਰ੍ਹਾਂ ਭਾਈ ਸਾਹਿਬ ਨੇ ਪਹਿਲਾਂ ਤਿੰਨ ਪ੍ਰਸ਼ਾਦੇ ਸ.ਮਹਿਤਾਬ ਸਿੰਘ ਜੀ ਨੂੰ ਛਕਾਏ ਤੇ ਫਿਰ ਇੱਕ ਪ੍ਰਸ਼ਾਦਾ ਆਪ ਛਕਿਆ। ਭਾਈ ਸੋਭਾ ਸਿੰਘ ਲਾਲੋ ਵੀ ਸਰਦਾਰ ਸਾਹਿਬ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ ਤੇ ਆਪਣੇ-ਆਪ ਨੂੰ ਭਾਗਾਂ ਵਾਲਾ ਸਮਝਣ ਲੱਗਾ।

ਉੱਧਰ ਦਿਨ ਦੇ ਸਮੇਂ ਜ਼ਕਰੀਆ ਖਾਨ ਦਾ ਦਰਬਾਰ ਲੱਗਾ ਤੇ ਸ.ਮਹਿਤਾਬ ਸਿੰਘ ਨੂੰ ਕਚਿਹਰੀ 'ਚ ਪੇਸ਼ ਕਰਨ ਦਾ ਹੁਕਮ ਦਿੱਤਾ ਤੇ ਉਸਤੋਂ ਬਾਅਦ ਭਾਈ ਤਾਰੂ ਸਿੰਘ ਨੂੰ ਹਾਜ਼ਰ ਕਰਨ ਦਾ ਹੁਕਮ ਦਿੱਤਾ। ਇੱਕ ਫੌਜ਼ਦਾਰ ਤੇ ਪੰਦਰਾਂ ਸਿਪਾਹੀ ਸ.ਮਹਿਤਾਬ ਸਿੰਘ ਲੈਣ ਆ ਗਏ ਤੇ ਨਵਾਂ ਫੌਜ਼ਦਾਰ ਨਜ਼ੀਰ ਖ਼ਾਂ ਤੇ ਦਸ ਸਿਪਾਹੀ ਭਾਈ ਤਾਰੂ ਸਿੰਘ ਨੂੰ ਵੀ ਲੈਣ ਆ ਗਏ। ਇਹ ਨਜ਼ੀਰ ਖ਼ਾਂ ਉਹੀ ਫੌਜ਼ਦਾਰ ਹੈ ਜੋ ਭਾਈ ਤਾਰੂ ਸਿੰਘ ਗ੍ਰਿਫਤਾਰ ਕਰਨ ਸਮੇਂ ਇੱਕ ਸਿਪਾਹੀ ਸੀ ਤੇ ਭਾਈ ਸਾਹਿਬ ਦਾ ਦਿਲੋਂ ਸਤਿਕਾਰ ਕਰਦਾ ਸੀ। ਇਸ ਤਰ੍ਹਾਂ ਪਹਿਲਾਂ ਸ. ਮਹਿਤਾਬ ਸਿੰਘ ਮੀਰਾਂ ਕੋਟੀ ਨੂੰ ਕਚਿਹਰੀ 'ਚ ਹਾਜ਼ਰ ਕੀਤਾ।

ਇਕ ਕਾਜ਼ੀ ਨੇ ਸਵਾਲ ਕੀਤਾ, "ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਮੱਸੇ ਰੰਗੜ ਦਾ ਕਤਲ ਕੀਤਾ ਹੈ।"

ਸ.ਮਹਿਤਾਬ ਸਿੰਘ ਨੇ ਗਰਜ਼ਵੀਂ ਆਵਾਜ਼ ਨਾਲ ਭਰੀ ਕਚਿਹਰੀ 'ਚ ਜਵਾਬ ਦਿੱਤਾ, "ਹਾਂ, ਕਿਉਂਕਿ ਉਹ ਸਾਡੀਆਂ ਧਾਰਮਿਕ ਭਾਵਨਾਵਾਂ ਨੂੰ ਕੁਚਲ ਰਿਹਾ ਸੀ। ਜਿਵੇਂ ਤੁਹਾਡਾ ਮੱਕਾ-ਸ਼ਰੀਫ਼ ਹੈ ਉਸੇ ਤਰਾਂ ਸਾਡਾ ਸ੍ਰੀ ਹਰਿਮੰਦਰ ਸਾਹਿਬ ਹੈ ਤੇ ਇਸ ਪਵਿੱਤਰ ਅਸਥਾਨ ਦੇ ਅੰਦਰ ਜਾ ਕੇ ਭੈੜੇ ਕੁਕਰਮ ਕਰ ਰਿਹਾ ਸੀ। ਇਸ ਲਈ ਉਸਨੂੰ ਇਸਦੀ ਸਜ਼ਾ ਦਿੱਤੀ ਗਈ ਹੈ। ਹੋਰ ਧਿਆਨ ਨਾਲ ਸੁਣ ਲੈ!ਗੁਰੂ ਕਾ ਖਾਲਸਾ ਆਪਣਾ ਘਰ ਉਜੜਦਾ ਤਾਂ ਦੇਖ ਸਕਦਾ ਹੈ ਪਰ ਜੇ ਕਿਸੇ ਨੇ ਸਾਡੇ ਹਰਿਮੰਦਰ ਸਾਹਿਬ ਵੱਲ ਭੈੜੀ ਅੱਖ ਨਾਲ ਝਾਕਿਆ ਵੀ, ਤਾਂ ਉਸਦੀ ਅੱਖ ਹੀ ਕੱਢ ਦਿੱਤੀ ਜਾਵੇਗੀ।"

ਕਾਜ਼ੀ ਨੇ ਗੁੱਸੇ ਨਾਲ ਕਿਹਾ,"ਜੇ ਤੂੰ ਬਚੇਂਗਾ ਤਾਂ ਹੀ ਕਿਸੇ ਦੀ ਅੱਖ ਕੱਢੇਗਾਂ, ਤੇਰੀਆਂ ਅੱਖਾਂ ਤਾਂ ਅਸੀ ਹੁਣੇ ਈ ਬੰਦ ਕਰ ਦੇਣੀਆਂ ਨੇ।"

ਸ. ਮਹਿਤਾਬ ਸਿੰਘ ਫਿਰ ਗਰਜ਼ਕੇ ਆਖਣ ਲੱਗੇ, "ਗੱਲ ਸੁਣ ਓਏ ਕਾਜ਼ੀ !ਜੇ ਤੂੰ ਇੱਕ ਮਹਿਤਾਬ ਸਿੰਘ ਨੂੰ ਮਾਰੇਂਗਾ ਤਾਂ ਜਿਹੜੇ ਮੇਰੇ ਪਿੱਛੇ ਇੰਨੇ ਮਾਹਿਤਾਬ ਸਿੰਘ ਖੜ੍ਹੇ ਨੇ ਉਨ੍ਹਾਂ ਤੋਂ ਕਿਵੇਂ ਬਚੇਂਗਾ।"

ਫਿਰ 'ਕਾਜ਼ੀ' ਲਫ਼ਜ਼ ਦਾ ਸਤਿਕਾਰ ਕਰਦੇ ਹੋਏ ਕਹਿਣ ਲੱਗੇ,"ਤੁਸੀਂ ਕਾਜ਼ੀ ਹੋ ਅਰਥਾਤ ਇਸਲਾਮ ਦੇ ਬਾਨੀ ਹੋ। ਮੈਨੂੰ ਦੱਸੋ ਕਿ ਇਸਲਾਮ ਵਿੱਚ ਕਿੱਥੇ ਲਿਖਿਆ ਹੈ ਕਿ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨਾ ਠੀਕ ਹੈ...?"

ਸਰਦਾਰ ਸਾਹਿਬ ਦੀ ਗੱਲ ਸੁਣ ਕੇ ਕਾਜ਼ੀ ਚੁੱਪ ਕਰਕੇ ਬੈਠ ਗਿਆ ਤੇ ਫਿਰ ਫੌਜ਼ਦਾਰ ਅੱਗੇ ਵਧਿਆ ਤੇ ਆਖਣ ਲੱਗਾ, "ਜੇ ਤੂੰ ਆਪਣੇ ਸਾਥੀ ਸੁੱਖਾ ਸਿੰਘ ਨੂੰ ਗ੍ਰਿਫਤਾਰ ਕਰਵਾ ਦੇਵੇਂ ਤਾਂ ਨਵਾਬ ਜ਼ਕਰੀਆ ਖਾਨ ਤੁਹਾਨੂੰ ਮੁਆਫੀ ਦੇ ਦੇਣਗੇ ਤੇ ਮੌਤ ਦੀ ਸਜ਼ਾ ਤੋਂ ਬਚ ਜਾਉਗੇ"।

ਸ. ਮਹਿਤਾਬ ਸਿੰਘ ਜੀ ਹੋਰ ਵੀ ਰੋਹ ਵਿੱਚ ਆ ਗਏ, "ਤੂੰ ਮੈਨੂੰ ਮੌਤ ਦੀਆਂ ਧਮਕੀਆਂ ਦੇ ਰਿਹਾਂ ਏ, ਓਏ ! ਮੌਤ ਤਾਂ ਇੱਕ ਨਾ ਇੱਕ ਦਿਨ ਆਉਣੀ ਹੀ ਹੈ, ਫਿਰ ਅੱਜ ਕੀ ਤੇ ਕੱਲ੍ਹ ਕੀ। ਮੈਂ ਤਾਂ ਜਿਉਂਦਾ ਹੀ ਸ਼ਹੀਦੀ ਦੇਣ ਲਈ ਹਾਂ। ਮੇਰੇ ਚੰਗੇ ਭਾਗ ਹਨ ਕਿ ਮੇਰਾ ਸੀਸ ਸ੍ਰੀ ਦਰਬਾਰ ਸਾਹਿਬ ਦੇ ਚਰਨਾਂ 'ਚ ਸੇਵਾ ਦੁਆਰਾ ਗੱਲ ਰਿਹਾ ਹੈ।"

ਫੌਜ਼ਦਾਰ ਕਹਿਣ ਲੱਗਾ,"ਨਵਾਬ ਸਾਹਿਬ,ਇਸ ਨੇ ਏਦਾਂ ਨਹੀਂ ਮੰਨਣਾ,ਤੁਸੀਂ ਕਾਜ਼ੀ ਸਾਹਿਬ ਤੋਂ ਫਤਵੇ ਤਿਆਰ ਰਕਵਾ ਕੇ ਮੈਨੂੰ ਦੇਵੋ,ਮੈਂ ਦੇਖਦਾਂ ਇਹ ਕਿਵੇਂ ਨੀਂ ਮੂੰਹ ਖੋਲਦਾ। ਇਹ ਤਾਂ ਝੱਟ-ਪੱਟ ਸਭ ਦੇ ਠਿਕਾਣੇ ਦੱਸੇਗਾ।"

ਅਗਲੀ ਪੇਸ਼ੀ ਭਾਈ ਤਾਰੂ ਸਿੰਘ ਜੀ ਦੀ ਸੀ। ਸ. ਮਾਹਿਤਾਬ ਸਿੰਘ ਜੀ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਅਤੇ ਭਾਈ ਤਾਰੂ ਸਿੰਘ ਨਾਲ ਗੱਲ ਸ਼ੁਰੂ ਕੀਤੀ ਗਈ।

ਜ਼ਕਰੀਆ ਖਾਨ ਨੇ ਆਪ ਹੀ ਕਹਿਣਾ ਸ਼ੁਰੂ ਕੀਤਾ,"ਕਾਕਾ! ਤੈਨੂੰ ਸਮਝ ਨਹੀਂ ਆ ਰਹੀ..? ਤੂੰ ਮੈਨੂੰ ਜਾਣਦਾ ਨਹੀ,ਮੈਂ ਤਾਂ ਦਿਨੇ ਤਾਰੇ ਦਿਖਾ ਦੇਂਦਾ ਹਾਂ। ਤੈਨੂੰ ਬੜਾ ਕਤਾ ਨਾਲ ਸਮਝਾ ਕੇ ਥੱਕ ਗਏ ਹਾਂ ਤੇ ਤੈਨੂੰ ਕਾਜ਼ੀ ਦੇ ਫ਼ਤਵਿਆ ਦਾ ਤਾਂ ਪਤਾ ਹੀ ਹੈ। ਤੈਥੋਂ ਇੱਕ ਮਿੰਟ ਵੀ ਝੱਲ ਨਹੀਂ ਹੋਣਾ।"

ਫਿਰ ਨਵਾਬ ਨੇ ਫੌਜ਼ਦਾਰ ਵਾਲ ਦੇਖਕੇ ਉਸਨੂੰ ਕਿਹਾ,"ਨਜ਼ੀਰ ਖ਼ਾਂ, ਤੂੰ ਕੈਸਾ ਫੌਜ਼ਦਾਰ ਹੈਂ, ਇੱਕ ਛੋਟਾ ਜਿਹਾ ਸਿੰਘ ਵੀ ਤੈਥੋਂ ਕਾਬੂ ਨਹੀਂ ਆਉਂਦਾ। ਜੇ ਇਹ ਇਸਲਾਮ ਕਬੂਲ ਨਹੀਂ ਕਰਦਾ ਤਾਂ ਇਸ ਤੇ ਸਾਰੇ ਫਤਵੇ ਲਾ ਦਿੱਤੇ ਜਾਣ। ਇਸ ਨੂੰ ਵਾਪਸ ਜੇਲ੍ਹ ਲੈ ਜਾਓ ਤੇ ਨੇਕ ਸੱਚਾ-ਸੁੱਚਾ ਮੁਸਲਮਾਨ ਬਣਾਉ।"

ਇਸ ਤਰਾਂ ਜ਼ਕਰੀਆ ਖਾਨ ਗੁੱਸੇ ਨਾਲ ਕਚਿਹਰੀ 'ਚੋਂ ਚਲਾ ਗਿਆ ਤੇ ਭਾਈ ਤਾਰੂ ਸਿੰਘ ਜੀ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ।

ਦਿਨ ਚੜ੍ਹਿਆ, ਅੱਜ ਇਹਨਾਂ ਨਾਲ ਸ. ਮਹਿਤਾਬ ਸਿੰਘ ਜੀ ਮੀਰਾਂ ਕੋਟੀ ਵੀ ਨਾਲ ਹਨ। ਸ. ਮਹਿਤਾਬ ਸਿੰਘ ਕੁਝ ਸਮਾਂ ਤਾਂ ਭਾਈ ਤਾਰੂ ਸਿੰਘ ਜੀ ਦੀ ਨਾਲ ਦੀ ਲੋਹੇ

9 ਜੂਨ, 1745 (ਉਮਰ 25 ਸਾਲ, 2 ਮਹੀਨੇ, 21 ਦਿਨ)
ਸ. ਮਹਿਤਾਬ ਸਿੰਘ ਜੀ ਦੀ ਸ਼ਹੀਦੀ

ਦੀਆਂ ਸਲਾਖਾਂ ਵਾਲੀ ਕੋਠੜੀ ਵਿੱਚ ਰਹੇ ਤੇ ਭਾਈ ਸਾਹਿਬ ਨਾਲ ਬਚਨ ਕਰਦੇ ਰਹੇ ਤੇ ਫਿਰ ਬਾਕੀ ਦੀ ਸਾਰੀ ਰਾਤ ਸਿਮਰਨ ਵਿੱਚ ਲੰਘੀ। ਇਹਨਾਂ ਦੋਹਾਂ ਮਹਾਨ ਪੁਰਸ਼ਾਂ ਨੂੰ ਆਉਣ ਵਾਲਾ ਸਮਾਂ ਦਿੱਸ ਰਿਹਾ ਸੀ ਕਿਉਂਕਿ ਹੋ ਸਕਦਾ ਹੈ ਕਿ ਕੱਲ੍ਹ ਨੂੰ ਇਹ ਸਰੀਰ ਰਹੇ ਜਾਂ ਨਾ ਰਹੇ। ਇਸ ਲਈ ਆਖਰੀ ਸਮੇ ਇਸ ਸਵਾਸਾਂ ਦੀ ਪੂੰਜੀ ਨੂੰ ਵਿਰਅਥ ਨਹੀ ਸਨ ਗੁਆਣਾ ਚਾਹੁੰਦੇ। ਸ.ਮਹਿਤਾਬ ਸਿੰਘ ਦਾ ਜੀਵਨ ਬਹੁਤ ਉੱਚਾ, ਅਡੋਲ ਤੇ ਦ੍ਰਿੜਤਾ ਵਾਲਾ ਸੀ। ਉਹਨਾਂ ਦਾ ਸਰੀਰ ਦੁੱਖ-ਸੁੱਖ ਤੋਂ ਵੀ ਉੱਚਾ ਤੇ ਹਿਰਦੇ ਨਾਲ ਰਸਨਾਂ ਤੋਂ ਹਰ ਵੇਲੇ ਵਾਹਿਗੁਰੂ ਬੋਲ ਰਹੇ ਸਨ। ਓਧਰ ਭਾਈ ਤਾਰੂ ਸਿੰਘ ਜੀ ਨੇ ਕੁਝ ਚਿਰ ਆਰਾਮ ਕੀਤਾ ਤੇ ਰਾਤ ਦੇ ਤੀਜੇ ਪਹਿਰ ਉੱਠ ਕੇ,ਕਿਰਿਆ ਸੋਧ ਕੇ,ਅੱਖਾਂ ਵਿੱਚ ਪਾਣੀ ਦੇ ਛਿੱਟੇ ਮਾਰੇ ਤੇ ਨਿੱਤਨੇਮ ਵਿੱਚ ਜੁੜ ਗਏ। ਫਿਰ ਰੋਜ਼ ਦੀ ਤਰ੍ਹਾਂ ਆਸਾ ਦੀ ਵਾਰ,ਚੰਡੀ ਦੀ ਵਾਰ ਤੇ ਅਕਾਲ ਉਸਤਤ ਕੀਤੀ। ਭਾਈ ਤਾਰੂ ਸਿੰਘ ਜੀ ਦੀ ਮਿੱਠੀ ਰਸਨਾਂ 'ਚੋਂ ਇਹ ਬਾਣੀਆਂ ਸ.ਮਹਿਤਾਬ ਸਿੰਘ ਜੀ ਨੂੰ ਸੁਣ ਰਹੀਆਂ ਸਨ। ਬਾਣੀਆਂ ਸੁਣ ਕੇ ਸ.ਮਹਿਤਾਬ ਸਿੰਘ ਜੀ ਦੀ ਰਸਨਾਂ ਤੋਂ ਇਹੀ ਬਚਨ ਆਏ,"ਭਾਈ ਤਾਰੂ ਸਿੰਘ,ਇਤਨੀ ਛੋਟੀ ਉਮਰ ਤੇ ਬਖ਼ਸ਼ਿਸ਼ਾਂ ਬਹੁਤ ਵੱਡੀਆਂ!ਇਹ ਗੁਰਸਿੱਖਾਂ ਦੇ ਉਚੇ ਖਾਨ ਦਾਨ ਦੀਆਂ ਨਿਸ਼ਾਨੀਆਂ ਹਨ।"

ਭਾਈ ਤਾਰੂ ਸਿੰਘ ਆਖਣ ਲੱਗੇ,"ਖਾਨਦਾਨ ਵੀ ਉਚਾ ਨੀਵਾਂ ਹੁੰਦਾ ਹੈ..?" ਸ.ਮਹਿਤਾਬ ਸਿੰਘ ਜੀ ਆਖੱਣ ਲੱਗੇ,"ਆਮ ਲੋਕ ਤਾਂ ਉਚੀ ਜ਼ਾਤ ਜਾਂ ਬਹੁਤਾ ਧਨ ਵਾਲੇ ਨੂੰ ਉਚਾ ਖਾਨਦਾਨ ਆਖਦੇ ਨੇ,ਪਰ ਗੁਰਸਿੱਖਾਂ ਦਾ ਉਚਾ ਖਾਨਦਾਨ ਉਹ ਹੈ ਜੋ ਸੰਸਾਰੀ ਵਿੱਦਿਆ ਨਾਲ ਤੇ ਨਿਰੰਕਾਰੀ ਬਾਣੀ ਨਾਲ ਜੋੜੇ ਜੋ ਆਪਣੇ ਬੱਚਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਬਾਣੀਆਂ ਨਾਲ ਪਿਆਰ ਪਾਵੇ ਤੇ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭਾਉਣ ਦੀ ਹਿੰਮਤ ਦੇਵੇ। ਉਹੀ ਗੁਰਸਿੱਖਾਂ ਦਾ ਉਚਾ ਖਾਨਦਾਨ ਹੈ ਤੇ ਭਾਈ ਤਾਰੂ ਸਿੰਘ,ਤੇਰਾ ਖਾਨਦਾਨ ਤਾਂ ਬਹੁਤ ਉਚਾ ਹੈ।"

ਐਸੀਆਂ ਪਿਆਰ ਦੀਆਂ ਅਸੀਸਾਂ ਭਾਈ ਤਾਰੂ ਸਿੰਘ ਨੂੰ ਸ. ਮਹਿਤਾਬ ਸਿੰਘ ਜੀ ਨੇ ਦਿੱਤੀਆਂ ਤੇ ਇਹਨਾਂ ਗੱਲਾਂ ਨਾਲ ਹੀ ਦਿਨ ਚੜ੍ਹ ਗਿਆ। ਦੋਨਾਂ ਸਿੰਘਾਂ ਨੂੰ ਸਲਾਖਾਂ ਵਾਲੇ ਕਮਰੇ 'ਚੋਂ ਕੱਢ ਕੇ ਉਸ ਜਗ੍ਹਾ ਲਿਜਾਇਆ ਗਿਆ ਜਿੱਥੇ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਇਹ ਇੱਕ ਅਜਿਹੀ ਜਗ੍ਹਾ ਸੀ ਜਿੱਥੋਂ ਸਾਰੇ ਲੋਕ ਤੇ ਕੈਦੀ ਵੇਖ ਸਕਦੇ ਸਨ ਤਾਂ ਕਿ ਬਾਕੀ ਲੋਕਾਂ ਨੂੰ ਇਸ ਗੱਲ ਦਾ ਡਰ ਰਹੇ ਕਿ ਜ਼ਕਰੀਆ ਖਾਨ ਦੇ ਹੁਕਮ ਨੂੰ ਨਾਂ ਮੰਨਣ ਵਾਲੇ ਦਾ ਕੀ ਹਸ਼ਰ ਹੁੰਦਾ ਹੈ। ਇਹ ਦੋਵੇਂ ਸਿੰਘ ਜਦੋਂ ਸਜ਼ਾ ਵਾਲੀ ਜਗ੍ਹਾ ਤੇ ਪਹੁੰਚੇ ਤਾਂ ਦੋਵਾਂ ਨੇ ਫੋਜ਼ਦਾਰ ਨੂੰ ਗੱਜ ਕੇ ਫ਼ਤਿਹ ਬੁਲਾਈ ਤਾਂ ਅੱਗੋਂ ਫੋਜ਼ਦਾਰ ਨਜ਼ੀਰ ਖ਼ਾਂ ਆਖਣ ਲੱਗਾ,"ਸਿੰਘੋ,ਤੁਸੀਂ ਇਹ ਫ਼ਤਿਹ ਬਾਂਸ ਦੀ

ਬੈਂਤ ਨੂੰ,ਚਰਖੜੀ ਨੂੰ ਕੇ ਇਸ ਜੰਡ ਨੂੰ ਬੁਲਾਈ ਹੈ ਕਿਉਂਕਿ ਸਿੰਘ ਤਾਂ ਕੋਈ ਇੱਥੇ ਦਿਖਾਈ ਨਹੀਂ ਦੇ ਰਿਹਾ। ਸਰਕਾਰ ਨੂੰ ਤਾਂ ਇਸਲਾਮ ਹੀ ਚੰਗਾ ਲਗਦਾ ਹੈ ਇਸ ਲਈ ਸਲਾਮ ਕਹੋ,ਸ਼ਾਇਦ ਸਰਕਾਰ ਨੂੰ ਤੁਹਾਡੇ ਤੇ ਰਹਿਮ ਆ ਜਾਵੇ।"

ਸ. ਮਹਿਤਾਬ ਸਿੰਘ ਗਰਜਵੀਂ ਆਵਾਜ਼ 'ਚ ਬੋਲੇ,"ਨਜ਼ੀਰ ਖ਼ਾਂ,ਫ਼ਤਿਹ ਤਾਂ ਅਸੀਂ ਉਹਨਾਂ ਸ਼ਹੀਦਾਂ ਨੂੰ ਬੁਲਾਈ ਹੈ ਜਿਨ੍ਹਾਂ ਨੂੰ ਤੁਸੀਂ ਪਹਿਲਾਂ ਇੱਥੇ ਸ਼ਹੀਦ ਕਰ ਚੁੱਕੇ ਹੋ।"

ਫਿਰ ਭਾਈ ਤਾਰੂ ਸਿੰਘ ਜੀ ਬੋਲੇ,"ਤੇ ਇਹ ਫ਼ਤਿਹ ਇੰਨੀ ਉੱਚੀ ਆਵਾਜ਼ 'ਚ ਇਸ ਲਈ ਬੁਲਾਈ ਹੈ ਤਾਂ ਕਿ ਜੇਲ੍ਹ ਦੇ ਸਾਰੇ ਕੈਦੀ ਵੇਖ ਲੈਣ ਕਿ ਸਿੰਘ ਆਪਣੀ ਸਿੱਖੀ ਨੂੰ ਕਿੰਨਾ ਪਿਆਰ ਕਰਦੇ ਹਨ।"

"ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ॥"

ਸਜ਼ਾ ਦੇਣ ਲਈ ਦੋ ਜੱਲਾਦ ਤਿਆਰ ਖੜ੍ਹੇ ਸਨ ਤੇ ਇਹ ਦੋਵੇਂ ਗੁਰੂ ਕੇ ਲਾਲ ਸਜ਼ਾ ਨੂੰ ਸਵੀਕਾਰਨ ਲਈ ਤਿਆਰ ਖੜ੍ਹੇ ਮੁਸਕਰਾ ਰਹੇ ਸਨ ਮਾਨੋਂ ਇਹਨਾਂ ਮੁਗਲਾਂ ਦਾ ਤੇ ਮੌਤ ਰਾਣੀ ਨੂੰ ਸਜ਼ਾ ਮਿਲਣ ਤੋਂ ਪਹਿਲਾਂ ਹੀ ਹਾਰ ਦੇ ਚੁੱਕੇ ਹੋਣ। ਓਧਰ ਜ਼ਕਰੀਆ ਖਾਨ ਵੀ ਇੱਥੇ ਪਹੁੰਚ ਗਿਆ ਤੇ ਇਹਨਾਂ ਨੂੰ ਵੇਖ ਕੇ ਖਿੜ-ਖਿੜਾ ਕੇ ਹੱਸਿਆ ਤੇ ਉਸਨੇ ਹੁਕਮ ਦਿੱਤਾ,"ਪਹਿਲਾਂ ਬਾਂਸ ਦੀ ਬੈਂਤ ਨਾਲ ਟੋਹ ਕੇ ਦੇਖੋ,ਕਿੰਨੀ ਕੁ ਪੱਕੀ ਹੈ ਇਹਨਾਂ ਦੀ ਸਿੱਖੀ।" ਇਹ ਦੋਵੇਂ ਜੱਲਾਦ ਸ. ਮਹਿਤਾਬ ਸਿੰਘ ਵੱਲ ਬੈਂਤਾਂ ਲੈ ਕੇ ਵਧੇ ਤੇ ਸਰਦਾਰ ਸਾਹਿਬ ਨੂੰ ਜ਼ਕਰੀਏ ਦੇ ਇਸ਼ਾਰੇ ਨਾਲ ਮਾਰਨਾ ਸ਼ੁਰੂ ਕਰ ਦਿੱਤਾ।

ਤਕਰੀਬਨ ਅੱਧਾ-ਪੌਣਾ ਘੰਟਾ ਸਰਦਾਰ ਸਾਹਿਬ ਨੂੰ ਬੈਂਤਾਂ ਨਾਲ ਮਾਰਦੇ ਰਹੇ ਸਰੀਰ ਛੱਲਣੀ-ਛੱਲਣੀ ਹੋ ਗਿਆ ਪਰ ਸਰਦਾਰ ਸਾਹਿਬ ਨੇ ਮੁੱਖੋਂ 'ਹਾਏ' ਜਾਂ 'ਸੀ' ਤੱਕ ਨਾ ਕੀਤੀ ਤੇ ਵਾਹਿਗੁਰੂ ਸਿਮਰਨ ਵਿੱਚ ਲੀਨ ਹੋਏ ਰਹੇ। ਮੁੱਖ ਤੋਂ ਵਾਹਿਗੁਰੂ-ਵਾਹਿਗੁਰੂ ਦੀ ਮਿੱਠੀ ਆਵਾਜ਼ ਸੁਣਾਈ ਦੇਂਦੀ ਰਹੀ। ਇਹ ਮਹੀਨਾ ਜੂਨ ਦਾ ਭਾਵ ਹਾੜ ਦਾ ਮਹੀਨਾ ਸੀ ਅਤੇ ਅਤਿ ਦੀ ਗਰਮੀ ਸੀ। ਇਹ ਦੋਵੇਂ ਜੱਲਾਦ ਸ. ਮਹਿਤਾਬ ਸਿੰਘ ਜੀ ਨੂੰ ਮਾਰ-ਮਾਰ ਕੇ ਪਸੀਨੋਂ-ਪਸੀਨੀਂ ਹੋ ਗਏ। ਸਰਦਾਰ ਸਾਹਿਬ ਜੀ ਦੇ ਮੁੱਖ ਉੱਪਰ ਨੂਰ ਹੋਰ ਚਮਕਣ ਲੱਗ ਪਿਆ। ਇਸ ਨੂਰ ਨੂੰ ਦੇਖ ਕੇ ਭਾਈ ਤਾਰੂ ਸਿੰਘ ਜੀ ਹੋਰ ਵੀ ਪ੍ਰਭਾਵਿਤ ਹੋ ਗਏ ਤੇ ਸਮਝ ਗਏ ਕਿ ਸ. ਮਹਿਤਾਬ ਸਿੰਘ ਜੀ ਦੀ ਆਤਮਾ ਵਿੱਚ ਅਕਾਲ ਪੁਰਖ ਦਾ ਹੀ ਨਿਵਾਸ ਹੈ ਤੇ ਭਾਈ ਸਾਹਿਬ ਜੀ ਦਾ ਇਰਾਦਾ ਹੋਰ ਵੀ ਦ੍ਰਿੜ ਹੋ ਗਿਆ।

ਓਧਰ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਨੂੰ ਸਜ਼ਾ ਦੇਣ ਲਈ ਨਹੀਂ ਕਿਹਾ ਤੇ ਹੁਣ ਉਹ ਬੈਠਾ ਸੋਚ ਰਿਹਾ ਸੀ ਕਿ ਉਸਨੇ ਤਾਰੂ ਸਿੰਘ ਨੂੰ ਮਹਿਤਾਬ ਸਿੰਘ ਦੇ ਨਾਲ ਸਜ਼ਾ ਇਸ ਲਈ ਨਹੀ ਦਿੱਤੀ ਕਿਉਂਕਿ ਤਾਰੂ ਸਿੰਘ ਮਹਿਤਾਬ ਸਿੰਘ ਨੂੰ ਮਾਰ ਪੈਂਦੀ• ਦੇਖ ਕੇ ਡਰ ਜਾਵੇਗਾ ਤੇ ਇਸਲਾਮ ਕਬੂਲ ਕਰ ਲਵੇਗਾ। ਪਰ ਤਾਰੂ ਸਿੰਘ ਦੇ ਮੁੱਖ ਤੇ ਤਾਂ ਡਰ ਨਾਮ ਦੀ ਕੋਈ ਚੀਜ਼ ਹੀ ਨਹੀ ਸੀ। ਇਸ ਤਰਾਂ ਜ਼ਕਰੀਆ ਖਾਨ ਨੇ ਸੋਚਿਆ,ਪਰ ਹੋਇਆ ਉਸਦੇ ਉਲਟ। ਓਧਰ ਜੱਲਾਦ ਵੀ ਬੈਂਤਾਂ ਸੁੱਟ ਕੇ

ਪਾਣੀ ਪੀਣ ਲਈ ਜਾਣ ਲੱਗੇ ਕਿਉਂਕਿ ਪੌਣੇ ਘੰਟੇ ਤੋਂ ਲਗਾਤਾਰ ਪੂਰੇ ਜ਼ੋਰ ਨਾਲ ਕੁੱਟ ਰਹੇ ਸਨ। ਜ਼ਕਰੀਆ ਖਾਨ ਇਹਨਾਂ ਜੱਲਾਦਾਂ ਨੂੰ ਹੱਲਾ-ਸ਼ੇਰੀ ਦੇ ਰਿਹਾ ਸੀ।

ਭਾਈ ਤਾਰੂ ਸਿੰਘ ਜੀ ਜੋ ਜੰਜੀਰਾਂ 'ਚ ਜਕੜੇ ਹੋਏ ਖੜੇ ਸਨ ਨੇ ਕਿਹਾ,"ਓਏ ਜਲਾਂਦੋ,ਚੱਲੇ ਕਿੱਧਰ ਹੋ !ਅਜੇ ਮੈਂ ਵੀ ਵਾਹਿਗੁਰੂ ਸਿਮਰਨ ਦੇ ਉਸੇ ਆਨੰਦ 'ਚ ਜੁੜਨਾ ਹੈ,ਜਿਸ ਆਨੰਦ ਨੂੰ ਸ. ਮਹਿਤਾਬ ਸਿੰਘ ਮੀਰਾਂ-ਕੋਟੀਏ ਨੇ ਮਾਣਿਆ ਹੈ।

ਇਹ ਸੁਣ ਕੇ ਜ਼ਕਰੀਆ ਖਾਨ ਦਾ ਉੱਪਰਲਾ ਸਾਹ ਉੱਪਰ ਤੇ ਥੱਲੇ ਦਾ ਸਾਹ ਥੱਲੇ ਹੀ ਰਹਿ ਗਿਆ ਤੇ ਫੌਜਦਾਰ ਨਜ਼ੀਰ ਖ਼ਾਂ ਹੱਕਾ-ਬੱਕਾ ਦੇਖ ਕੇ ਕਹਿਣ ਲੱਗਾ,"ਸਰਕਾਰ ! ਜਿਹੜਾ ਮੰਤਰ ਇਹ ਵਾਰ-ਵਾਰ ਪੜ੍ਹਦੇ ਨੇ ਉਹ ਮੰਤਰ ਇਨ੍ਹਾਂ ਨੂੰ ਦੁੱਖ ਨਹੀਂ ਲੱਗਣ ਦਿੰਦਾ।"

ਜ਼ਕਰੀਆ ਖਾਨ ਨਜ਼ੀਰ ਖ਼ਾਂ ਦੀ ਗੱਲ ਸੁਣ ਕੇ ਗੁੱਸੇ 'ਚ ਪੁੱਛਣ ਲੱਗਾ,"ਕੀ ਕਹਿੰਦੇ ਨੇ ਇਹ..?"

"ਨਵਾਬ ਸਾਹਿਬ !ਕਹਿੰਦੇ ਤਾਂ ਇਹ ਵਾਹਿਗੁਰੂ ਹੀ ਹਨ",ਨਜ਼ੀਰ ਖ਼ਾਂ ਨੇ ਡਰਦੇ ਹੋਏ ਨੇ ਕਿਹਾ।

ਜ਼ਕਰੀਆ ਖਾਨ ਕਹਿਣ ਲੱਗਾ,"ਫਿਰ ਤੋਂ ਕਹਿ'ਵਾਹਿਗੁਰੂ' ਲਫਜ਼।" ਨਾਲ ਹੀ ਜ਼ਕਰੀਏ ਨੇ ਨਜ਼ੀਰ ਖ਼ਾਂ ਦੇ ਦੋ ਤਿੰਨ ਬੈਂਤਾਂ ਜੜ੍ਹ ਦਿੱਤੀਆਂ ਤੇ ਨਜ਼ੀਰ ਖ਼ਾਂ ਉੱਥੇ ਦੀ ਦੂਹਰਾ ਹੋ ਗਿਆ ਤੇ ਅੱਖਾਂ ਵਿੱਚ ਅਥੱਰੂ ਭਰ ਕੇ ਕਹਿਣ ਲੱਗਾ,"ਸਰਕਾਰ ਇਹ ਮੰਤਰ ਤਾਂ ਸਿੱਖਾਂ ਦਾ ਹੈ,ਤੁਸੀਂ ਮੁਸਲਮਾਨ ਤੇ ਹੀ ਅਜ਼ਮਾਉਣ ਲੱਗ ਪਏ ਹੋ।" ਜ਼ਕਰੀਆ ਖਾਨ ਕਹਿਣ ਲੱਗਾ,"ਜੇ ਤੈਨੂੰ ਦੁੱਖ ਲਗਦਾ ਹੈ ਤਾਂ ਦੁੱਖ ਤਾਂ ਇਨ੍ਹਾਂ ਨੂੰ ਵੀ ਲਗਦਾ ਹੈ ਪਰ ਇਹ ਆਪਣੀ ਸਿੱਖੀ ਖਾਤਰ ਸਹਿਣ ਕਰ ਰਹੇ ਨੇ।" ਫਿਰ ਜ਼ਕਰੀਆ ਖਾਨ ਆਖਣ ਲੱਗਾ,"ਇਹ ਸਿੰਘ ਆਏ ਹੋਏ ਦੁੱਖ ਨੂੰ ਖਿੜੇ-ਮੱਥੇ ਕਬੂਲਦੇ ਹਨ। ਇਸੇ ਲਈ ਤਾਂ ਇਹਨਾਂ ਸਿੰਘਾਂ ਨੇ ਦੋ-ਢਾਈ ਸੌ ਸਾਲ ਵਿੱਚ ਪੰਦਰਾਂ ਸੌ ਸਾਲ ਪੁਰਾਣੇ ਧਰਮ ਦੀਆਂ ਜੜ੍ਹਾਂ ਹਿਲਾਈਆਂ ਪਈਆਂ ਹਨ।"

ਹੁਣ ਜ਼ਕਰੀਆ ਹੋਰ ਵੀ ਗੁੱਸੇ 'ਚ ਆ ਗਿਆ ਤੇ ਭਾਈ ਤਾਰੂ ਸਿੰਘ ਦੇ ਦੁਆਲੇ ਹੋ ਗਿਆ ਤੇ ਭਾਈ ਤਾਰੂ ਸਿੰਘ ਜੀ ਨੂੰ ਅੱਖਾਂ ਕੱਢ ਕੇ ਡਰਾਉਣ ਗੱਲ ਪਿਆ। ਭਾਈ ਤਾਰੂ ਸਿੰਘ ਨੇ ਵੀ ਜ਼ਕਰੀਏ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਦੇਖਿਆ ਤੇ ਇੱਕ ਪਲ ਵੀ ਅੱਖਾਂ ਨੂੰ ਝੁਕਾਇਆ ਨਾ। ਹੁਣ ਜ਼ਕਰੀਏ ਨੇ ਖੁਦ ਬੈਂਤ ਚੁੱਕ ਲਈ ਤੇ ਭਾਈ ਸਾਹਿਬ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤੇ ਪੰਜ ਮਿੰਟ ਵਿੱਚ ਹੀ ਸਾਹੋ-ਸਾਹ ਹੋ ਕੇ ਬੈਠ ਗਿਆ। ਭਾਈ ਤਾਰੂ ਸਿੰਘ ਜੀ ਨੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਦੇ ਹੋਇਆਂ ਨੇ ਇਹ ਸਜ਼ਾ ਪ੍ਰਵਾਨ ਕੀਤੀ। ਇਹ ਭਾਈ ਸਾਹਿਬ ਜੀ ਦੀ ਪਹਿਲੀ ਸਜ਼ਾ ਸੀ। ਜਿਉਂ-ਜਿਉਂ ਇਹ ਦੋਵੇਂ ਸਿੰਘਾਂ ਤੇ ਸਖਤੀ ਵਧਦੀ ਜਾਂਦੀ ਸੀ ਤਿਉਂ-ਤਿਉਂ ਇਹ ਬੜੇ ਧੀਰਜ, ਸਤ-ਸੰਤੋਖ ਅਤੇ ਚੜ੍ਹਦੀ ਕਲਾ ਵਿੱਚ ਦਿਖਾਈ ਦੇ ਰਹੇ ਸਨ।

ਇਸ ਗੱਲ ਨੂੰ ਭਾਈ ਰਤਨ ਸਿੰਘ ਭੰਗੂ ਆਪਣੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼' 'ਚ ਲਿਖਦੇ ਹਨ :-

"ਜਿਮ ਜਿਮ ਸਿੰਘ ਕੋ ਤੁਰਕ ਸਤਾਵੈ, ਤਿਮ ਤਿਮ ਸਿੰਘ ਮੁੱਖ ਲਾਲੀ ਆਵੈ।
ਜਿਮ ਜਿਮ ਸਿੰਘ ਕਿਛੁ ਪੀਏ ਨ ਖਾਏ, ਤਿਮ ਤਿਮ ਸਿੰਘ ਸੰਤੋਖ ਹੈ ਆਏ।
ਜੀਵਨ ਤੇ ਸਿੰਘ ਆਸ ਚੁਕਾਈ, ਨਹਿੰ ਉਸ ਚਿੰਤ ਸੁ ਮਰਨੇ ਕਾਈ।
ਸਤ ਸੰਤੋਖ ਧਰਿ ਮਨ ਤਾਂਕੇ, ਗੁਰ ਕਾ ਭਾਣਾ ਸਿਰ ਪਰ ਜਾਂ ਕੈ।"

ਫਿਰ ਜਿਹੜੇ ਜੱਲਾਦ ਪਾਣੀ ਪੀਣ ਗਏ ਸਨ ਤਾਂ ਉਹਨਾਂ ਨੂੰ ਫਿਰ ਜ਼ਕਰੀਏ ਨੇ ਹੁਕਮ ਦਿੱਤਾ,"ਮਹਿਤਾਬ ਸਿੰਘ ਨੂੰ ਚਰਖੜੀਆਂ ਤੇ ਚੜ੍ਹਾਵੋ ਤੇ ਐਨਾਂ ਕੱਸੋ ਕਿ ਇੱਕ ਦੋ ਗੇੜਿਆਂ 'ਚ ਸਭ ਕੁਝ ਬੱਕ ਪਵੇ ਕਿ ਕਿੱਥੇ ਹੈ ਇਸਦੇ ਨਾਲ ਦੇ ਸਾਥੀ ਸੁੱਖਾ ਸਿੰਘ ਤੇ ਹੋਰ,ਜਿਨ੍ਹਾਂ ਨੇ ਮੱਸਾ ਰੰਘੜ ਨੂੰ ਕਤਲ ਕੀਤਾ ਹੈ"

ਜੱਲਾਦਾਂ ਨੇ ਮਹਿਤਾਬ ਨੂੰ ਚਰਖੜੀਆਂ ਵੱਲ ਜਾਣ ਦਾ ਇਸ਼ਾਰਾ ਕੀਤਾ ਤੇ ਸਰਦਾਰ ਸਾਹਿਬ ਹੱਸਦੇ ਹੋਏ ਚਰਖੜੀਆਂ ਕੋਲ ਗਏ ਤੇ ਜੱਲਾਦਾਂ ਨੇ ਸਰਦਾਰ ਸਾਹਿਬ ਨੂੰ ਚਰਖੜੀਆਂ ਉੱਪਰ ਪੂਰੀ ਤਰਾਂ ਕੱਸ ਦਿੱਤਾ ਤੇ ਗੇੜਾ ਦੇਣ ਤੋਂ ਪਹਿਲਾਂ ਇੱਕ ਵਾਰੀ ਫਿਰ ਪੁੱਛਿਆ ਕਿ ਕਿੱਥੇ ਹੈ ਤੇਰੇ ਨਾਲ ਦੇ ਸਾਥੀ। ਪਰ ਸ. ਮਹਿਤਾਬ ਸਿੰਘ ਜੀ ਨੇ ਭਾਈ ਤਾਰੂ ਸਿੰਘ ਵੱਲ ਹੱਸ ਕੇ ਦੇਖਿਆ,ਗੱਜ ਕੇ ਫ਼ਤਿਹ ਗਜਾਈ ਤੇ ਵਾਹਿਗੁਰੂ ਤੇ ਸਿਮਰਨ ਵਿੱਚ ਲੀਨ ਹੋ ਗਏ। ਜੱਲਾਦਾਂ ਨੇ ਚਰਖੜੀਆਂ ਨੂੰ ਇੱਕ ਦਮ ਜ਼ੋਰ ਨਾਲ ਘੁਮਾਇਆ ਤੇ ਕੜ-ਕੜ ਦੀ ਆਵਾਜ਼ ਆਈ। ਇਹ ਆਵਾਜ਼ ਸ. ਮਹਿਤਾਬ ਸਿੰਘ ਜੀ ਦੀਆਂ ਹੱਡੀਆਂ ਟੁੱਟਣ ਦੀ ਆਵਾਜ਼ ਸੀ। ਇਸ ਤਰਾਂ ਸ. ਮਹਿਤਾਬ ਸਿੰਘ ਕੁਝ ਦੇਰ ਚਰਖੜੀਆਂ ਤੇ ਘੁੰਮਦੇ ਹੋਏ ਆਖਰੀ ਸਵਾਸਾਂ ਤੱਕ ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਕਰਦੇ ਰਹੇ ਤੇ ਸ਼ਹੀਦੀ ਪ੍ਰਾਪਤ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

ਇੱਥੇ ਕੁਝ ਇਤਿਹਾਸਕਾਰ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਜੀ ਨੂੰ ਵੀ ਚਰਖੜੀ 'ਤੇ ਚੜ੍ਹਾਇਆ ਗਿਆ ਸੀ। ਭਾਈ ਸਾਹਿਬ ਬਹੁਤ ਜ਼ਖਮੀ ਹੋ ਗਏ ਸਨ ਪਰ ਸਵਾਸ ਨਹੀਂ ਨਿਕਲੇ ਸਨ। ਚਰਖੜੀ 'ਤੇ ਗੋਲ ਕੱਸਣ ਨਾਲ ਸਰੀਰ ਦੀਆਂ ਛੋਟੀਆਂ ਹੱਡੀਆਂ ਟੁੱਟ ਜਾਂਦੀਆਂ ਹਨ ਤੇ ਵੱਡੀਆਂ ਹੱਡੀਆਂ ਤੜਕ ਹੋ ਜਾਂਦੀਆਂ ਹਨ ਭਾਵ ਉਹ ਮਨੁੱਖ ਨਾ ਤਾਂ ਬੈਠ ਸਕਦਾ ਹੈ,ਨਾਂ ਖੜਾ ਹੋ ਸਕਦਾ ਹੈ ਤੇ ਨਾਂ ਹੀ ਤੁਰ-ਫਿਰ ਸਕਦਾ ਹੈ। ਜੇ ਜਾਨ ਹੋਵੇਗੀ ਤਾਂ ਕੇਵਲ ਪੈ ਹੀ ਸਕਦਾ ਹੈ ਭਾਵ ਲੇਟ ਸਕਦਾ ਹੈ। ਸ਼ਹੀਦੀ ਦੀ ਤਰੀਕ ੯ ਜੂਨ,੧੭੪੫ ਹੈ।

10 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 22 ਦਿਨ)

ਅੱਜ ਦੇ ਦਿਨ ਭਾਈ ਤਾਰੂ ਸਿੰਘ ਜੀ ਨੇ ਵਾਰ-ਵਾਰ ਸ. ਮਹਿਤਾਬ ਸਿੰਘ ਦੇ ਆਖਰੀ ਪਲਾਂ ਨੂੰ ਯਾਦ ਕੀਤਾ। ਅੱਜ ਬਾਣੀ ਵਿੱਚ ਮਨ ਨਹੀ ਜੁੜ ਰਿਹਾ। ਭਾਈ ਸਾਹਿਬ ਨੇ ਮਨ ਜੋੜਨ ਲਈ ਅਕਾਲ ਪੁਰਖ ਦੇ ਚਰਨਾਂ 'ਚ ਬੇਨਤੀ ਕੀਤੀ, "ਹੇ ਮੇਰੇ ਪਾਤਸ਼ਾਹ! ਮਨ ਭਾਣੇ ਅੰਦਰ ਲਿਆਵੇ, ਮਨ 'ਚ ਬਹੁਤ ਵੱਡੇ ਤੂਫਾਨ ਉੱਠ ਰਹੇ ਨੇ, ਭਾਣਾ ਮੰਨਣ ਦਾ ਬਲ ਬਖਸ਼ੋ।" ਇਸ ਤਰਾਂ ਜਿਵੇਂ-ਜਿਵੇਂ ਮਨ ਅਰਦਾਸ 'ਚ ਲੀਨ ਹੁੰਦਾ ਗਿਆ, ਤਿਵੇਂ-ਤਿਵੇਂ ਮਨ ਸ਼ਾਂਤ ਹੁੰਦਾ ਗਿਆ ਤੇ ਢਾਬ ਦੇ ਪਾਣੀ ਦੀ ਤਰ੍ਹਾਂ ਟਿਕ ਗਿਆ। ਇਸ ਤਰਾਂ ਨਿੱਤਨੇਮ ਆਰੰਭ ਕੀਤਾ। ਕੁਝ ਹੀ ਬਾਣੀਆਂ ਪੜ੍ਹੀਆਂ ਸਨ ਕਿ ਇੱਕ ਮਿੱਠੀ ਰਸਨਾਂ ਤੋਂ ਆਵਾਜ਼ ਭਾਈ ਸਾਹਿਬ ਦੇ ਕੰਨਾਂ 'ਚ ਪਈ। ਸ਼ਬਦ ਪੂਰਾ ਕੀਤਾ ਤੇ ਦੇਖਣਾ ਚਾਹਿਆ ਕਿ ਇਹ ਮਿੱਠੀ ਆਵਾਜ਼ ਕਿਸਦੀ ਹੈ। ਇਹ ਆਵਾਜ਼ ਭਾਈ ਸੋਭਾ ਸਿੰਘ ਲਾਲੋ ਦੀ ਸੀ, ਜਿਸ ਨੇ ਆਖਿਆ ਕਿ ਭਾਈ ਸਾਹਿਬ ਉੱਚੀ ਨਾ ਬੋਲਿਓ ਤੇ ਲੋਹੇ ਦੀਆਂ ਸਲਾਖਾਂ ਕੋਲ ਆਉਣ ਦਾ ਯਤਨ ਕਰੋ। ਭਾਈ ਤਾਰੂ ਸਿੰਘ ਜੀ ਵਾਹਿਗੁਰੂ-ਵਾਹਿਗੁਰੂ ਕਰਦੇ ਹੋਏ ਭਾਈ ਲਾਲੋ ਕੋਲ ਗਏ। ਪਹਿਲਾਂ ਤਾਂ ਭਾਈ ਸੋਭਾ ਸਿੰਘ ਨੇ ਸ. ਮਹਿਤਾਬ ਸਿੰਘ ਜੀ ਦੀ ਸ਼ਹੀਦੀ ਦਾ ਅਫਸੋਸ ਪ੍ਰਗਟ ਕੀਤਾ ਤੇ ਭਾਈ ਸਾਹਿਬ ਦੀ ਹਾਲਤ ਦੇਖ ਕੇ ਅੱਖਾਂ ਸੇਜਲ ਕੀਤੀਆਂ ਤੇ ਫਿਰ ਕਿਹਾ ਕਿ ਰਾਤ ਉਹ ਭਾਈ ਸਾਹਿਬ ਜੀ ਵਾਸਤੇ ਪ੍ਰਸ਼ਾਦਾ ਲੈ ਕੇ ਆਇਆ ਸੀ ਪਰ ਨਵੇਂ ਜੇਲ੍ਹਰ ਨੇ ਅੰਦਰ ਨਹੀਂ ਆਉਣ ਦਿੱਤਾ। ਇਸ ਤਰਾਂ ਆਪਣੀ ਮਜਬੂਰੀ ਦੱਸੀ ਤੇ ਵਾਰ-ਵਾਰ ਮਨ ਭਰ ਰਿਹਾ ਸੀ। ਅੱਧੀ ਰਾਤ ਤੋਂ ਬਾਅਦ ਅਹਿਮਦ ਖ਼ਾਂ ਦੀ ਡਿਊਟੀ ਸ਼ੁਰੂ ਹੋਈ ਤਾਂ ਉਸਨੇ ਅੰਦਰ ਆਉਣ ਦਿੱਤਾ, ਉਹ ਵੀ ਕਹਿ ਰਿਹਾ ਸੀ ਕਿ ਜਲਦੀ ਵਾਪਸ ਬਾਹਰ ਆਉਣਾ ਹੈ, ਨਹੀਂ ਤਾਂ ਅਹਿਮਦ ਖ਼ਾਂ ਦੀ ਨੌਕਰੀ ਨੂੰ ਖਤਰਾ ਹੋ ਸਕਦਾ ਹੈ। ਸੋਭਾ ਸਿੰਘ ਨੇ ਭਾਈ ਸਾਹਿਬ ਨੂੰ ਇੱਕ ਹੋਰ ਕਮਾਲ ਦੀ ਗੱਲ ਦੱਸੀ ਕਿ ਜੇਲ੍ਹਰ ਅਹਿਮਦ ਖ਼ਾਂ ਦੇ ਮਨ 'ਚ ਪਤਾ ਨਹੀਂ ਕੀ ਮਿਹਰ ਪਈ ਹੈ। ਉਹ ਤੇ ਕੁਝ ਸਿਪਾਹੀ ਭਾਈ ਸਾਹਿਬ ਆਪ ਨੂੰ ਪਿਆਰ ਕਰਨ ਲੱਗੇ ਹਨ। ਭਾਈ ਸੋਭਾ ਸਿੰਘ ਲਾਲੋ ਨੇ ਕਿਹਾ ਕਿ ਉਸ ਦੀ ਉਸਦੇ ਨਾਲ ਦੇ ਸਿਪਾਹੀਆਂ ਦੀ ਇਸ ਵਕਤ ਕੋਈ ਪੇਸ਼ ਨਹੀਂ ਚਲਦੀ।

ਫਿਰ ਭਾਈ ਸੋਭਾ ਸਿੰਘ ਨੇ ਭਾਈ ਤਾਰੂ ਸਿੰਘ ਨੂੰ ਪ੍ਰਸਾਦਿਆਂ ਵਾਲੀ ਪੋਟਲੀ ਦਿੰਦੇ ਹੋਏ ਕਿਹਾ, "ਆਹ ਲਓ ਤੁਸੀ ਪ੍ਰਸ਼ਾਦਾ ਲੈ ਕੇ ਰੱਖ ਲਵੋ। ਇਸ ਵਿਚ ਸੁੱਕੀ ਸਬਜ਼ੀ ਹੈ।" ਫਿਰ ਹੱਥ ਜੋੜ ਕੇ ਕਹਿਣ ਲੱਗਾ, "ਇਹ ਪ੍ਰਸ਼ਾਦਾ ਤੇ ਸਬਜ਼ੀ ਰਾਤ ਦੀ ਬਣੀ ਹੋਈ ਹੈ, ਕਿਉਂਕਿ ਸਾਰੀ ਰਾਤ ਬਾਹਰ ਬੈਠ ਕੇ ਗੁਜ਼ਾਰੀ ਹੈ ਇਸ ਲਈ ਇਹ ਬਹੁਤ ਠੰਡੀ ਹੋ ਗਈ ਹੈ।"

ਭਾਈ ਤਾਰੂ ਸਿੰਘ ਜੀ ਨੇ ਪ੍ਰਸ਼ਾਦਾ ਫੜ ਕੇ ਕਿਹਾ, "ਮੈਂ ਇਹ ਪ੍ਰਸ਼ਾਦਾ ਤਾਂ ਫੜ ਲੈਂਦਾ ਹਾਂ ਪਰ ਤੁਸੀ ਅਜਿਹਾ ਕੋਈ ਕੰਮ ਨਹੀ ਕਰਨਾ, ਜਿਸ ਨਾਲ ਤੁਹਾਡੇ ਜਾਂ ਤੁਹਾਡੇ ਪਰਿਵਾਰ 'ਤੇ ਮਾੜਾ ਅਸਰ ਪਵੇ ਜਾਂ ਕਿਸੇ ਜੇਲ੍ਹਰ ਨੂੰ ਨੌਕਰੀ ਤੋਂ ਹੱਥ ਧੋਣਾ

ਪਵੇ। ਤੁਸੀ ਹੁਣ ਜਲਦੀ ਵਾਪਸ ਜਾਉ ਤੇ ਜੇਲ੍ਹ ਦੇ ਦਰਵਾਜੇ 'ਤੇ ਸਭ ਨੂੰ ਹਦਾਇਤ ਕਰਨੀ ਹੈ। ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਸਿੰਘ ਤਾਂ ਦੁਨੀਆਂ ਤੇ ਦੂਸਰਿਆਂ ਨੂੰ ਸੁੱਖ ਦੇਣ ਆਉਂਦੇ ਹਨ ਕਿਸੇ ਨੂੰ ਦੁੱਖ ਦੇਣ ਨਹੀ। ਤੁਹਾਡੀ ਸੇਵਾ ਪ੍ਰਵਾਨ ਹੈ। ਪਹੁ ਫੁੱਟਣ ਵਾਲੀ ਹੈ,ਘਰ ਜਾ ਕੇ ਨਿੱਤਨੇਮ ਕਰੋ ਤੇ ਆਪਣੇ-ਆਪ ਨੂੰ ਭਾਣੇ ਅੰਦਰ ਲਿਆਉ।"

ਸੋਭਾ ਸਿੰਘ ਲਾਲੋ ਨੇ ਜਲ ਪੂਰਤ ਨੇਤਰ ਮਨ ਹੱਥ ਜੋੜੇ। ਜਾਂਦੇ-ਜਾਂਦੇ ਬੱਸ ਏਨਾਂ ਬਚਨ ਕਰ ਗਏ ਕਿ ਕੋਸ਼ਿਸ ਕਰਾਂਗੇ ਆਪਣੇ ਆਪ ਨੂੰ ਰੋਕਣ ਦੀ ਪਰ ਜੇ ਨਾ ਰੁਕਿਆ ਗਿਆ ਤਾਂ ਗੁਰੂ ਕਾ ਭਾਣਾ ਸਮਝ ਕੇ ਮੰਨ ਲਵਾਂਗੇ।

ਭਾਈ ਤਾਰੂ ਸਿੰਘ ਨੇ ਬਾਕੀ ਬਾਣੀਆਂ ਪੂਰੀਆਂ ਕੀਤੀਆਂ ਤੇ ਅਰਦਾਸ ਕੀਤੀ ਤੇ ਫਿਰ ਬਹੁਤ ਘਾਲਣਾ ਕਰਕੇ ਬੈਠਣ ਦਾ ਯਤਨ ਕੀਤਾ। ਭਾਈ ਸੋਭਾ ਸਿੰਘ ਜੀ ਦਾ ਆਇਆ ਹੋਇਆ ਪ੍ਰਸ਼ਾਦਾ ਛਕਣ ਲਈ ਪਹਿਲੀ ਬੁਰਕੀ ਤੋੜੀ ਤਾਂ ਸ.ਮਹਿਤਾਬ ਸਿੰਘ ਦੀ ਯਾਦ ਆ ਗਈ ਤੇ ਸੋਚਣ ਲੱਗੇ,"ਕੱਲ੍ਹ ਅਸੀਂ ਇੱਕਠਿਆਂ ਨੇ ਪ੍ਰਸ਼ਾਦਾ ਛਕਿਆ ਸੀ ਤੇ ਹੁਣ ਮੈਂ ਇੱਕਲਾ ਹਾਂ,ਕਿਵੇਂ ਛਕਾਂ ਪ੍ਰਸ਼ਾਦਾ?"

ਉਸੇ ਸਮੇਂ ਆਕਾਸ਼ 'ਚੋ ਅਗੰਮੀ ਆਵਾਜ਼ ਆਈ,"ਭਾਈ ਤਾਰੂ ਸਿੰਘ ਤੂੰ ਇਕੱਲਾ ਨਹੀਂ!ਮੈਂ ਹੁਣ ਵੀ ਤੇਰੇ ਨਾਲ ਹੀ ਹਾਂ। ਤੇਰੇ ਕੋਲ ਬੈਠ ਕੇ ਪ੍ਰਸ਼ਾਦਾ ਛਕ ਰਿਹਾ ਹਾਂ ਤੇ ਤੂੰ ਵੀ ਛਕ ਲੈ,ਸਿੰਘ ਕਦੇ ਇੱਕਲਾ ਨਹੀਂ ਹੁੰਦਾ,ਸਿੰਘ ਨਾਲ ਤਾਂ ਸ਼ਹੀਦੀ ਫੌਜਾਂ ਹਮੇਸ਼ਾਂ ਹੁੰਦੀਆਂ ਨੇ ਤੇ ਉਹ ਹਮੇਸ਼ਾਂ ਸਵਾ ਲੱਖ ਦੇ ਬਰਾਬਰ ਹੂੰਦਾ ਹੈ।"

ਫਿਰ ਭਾਈ ਤਾਰੂ ਸਿੰਘ ਜੀ ਨੇ ਅਰਦਾਸ ਕਰਕੇ ਪ੍ਰਸ਼ਾਦਾ ਛਕ ਲਿਆ ਤੇ ਮਨ ਨੂੰ ਤਿਆਰ-ਬਰ-ਤਿਆਰ ਕਰ ਲਿਆ ਕਿਉਂਕਿ ਜਿਵੇਂ ਸਿਮਰਨ ਕਰਕੇ ਆਤਮਾ ਤ੍ਰਿਪਤ ਹੋ ਗਈ ਇਸੇ ਤਰ੍ਹਾਂ ਸਰੀਰਕ ਭੋਜਨ ਨਾਲ ਸਰੀਰ ਤ੍ਰਿਪਤ ਹੋ ਗਿਆ। ਸਭ ਤੋਂ ਪਹਿਲਾਂ ਜੇਲ੍ਹਰ ਅਹਿਮਦ ਖ਼ਾਂ ਆਇਆ। ਉਸ ਦੀਆਂ ਅੱਖਾਂ ਨੀਵੀਆਂ ਸਨ। ਸਤਿਕਾਰ ਨਾਲ ਭਰੀ ਹੋਈ ਰਸਨਾਂ ਨਾਲ ਬੋਲਿਆ,"ਆਪ ਜੀ ਦੀ ਸੇਵਾ ਵਿੱਚ ਮੈਥੋਂ ਬਹੁਤ ਕਮੀਆਂ ਰਹਿ ਗਈਆਂ ਸਨ। ਮੈਨੂੰ ਮੂਰਖ ਜਾਣ ਕੇ ਮੁਆਫ਼ ਕਰਨਾ। ਆਪ ਜੀ ਨੂੰ ਸਮਝਣ ਵਿੱਚ ਭੁੱਲ ਕੀਤੀ ਹੈ। ਮੈਨੂੰ ਨਵਾਬ ਦੇ ਗੁੱਸੇ ਤੋਂ ਇੰਝ ਲੱਗ ਰਿਹਾ ਹੈ ਕਿ ਅੱਜ ਸ਼ਾਇਦ ਆਪ ਜੀ ਨੂੰ ਜੇਲ੍ਹ ਤੋਂ ਬਾਹਰ ਲੈ ਕੇ ਤਾਂ ਜਾਣਗੇ ਪਰ ਵਾਪਸ ਨਹੀ ਲੈ ਕੇ ਆਉਣਗੇ। ਦਿਨ ਦੇ ਪਹਿਲੇ ਪਹਿਰ ਤੱਕ ਮੇਰੀ ਡਿਊਟੀ ਹੈ,ਕੋਈ ਵੀ ਸੇਵਾ ਹੋਵੇ ਤਾਂ ਮੈਨੂੰ ਬਖ਼ਸ਼ੋ।"

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ,"ਅਹਿਮਦ ਖ਼ਾਂ ਤੇਰੀਆਂ ਸਾਰੀਆਂ ਗਲਤੀਆਂ ਮਾਫ਼ ਕੀਤੀਆਂ। ਤੈਨੂੰ ਇਸ ਰਸਨਾਂ ਤੋਂ ਇੱਕ ਬਚਨ ਕਰਨਾ ਚਾਹੁੰਦਾ ਹਾਂ,ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਜੇ ਕੋਈ ਸੇਵਾ ਕਰਨੀ ਹੈ ਤਾਂ ਸ. ਮਹਿਤਾਬ ਸਿੰਘ ਜੀ ਦੇ ਸਰੀਰ ਦਾ ਸੰਸਕਾਰ ਕਰ ਦਿਉ,ਉਹ ਪਿਆ ਨਾ ਰਹੇ ਤੇ ਹੁਣ ਸਰੀਰ ਪਿਆ ਕਿੱਥੇ ਹੈ..?,ਇਹ ਵੀ ਪਤਾ ਕਰੋ।"

ਅਹਿਮਦ ਖ਼ਾਂ ਆਖਣ ਲੱਗਾ, "ਤੁਸੀਂ ਬੇ-ਫਿਕਰ ਹੋ ਜਾਓ!ਮੈਂ ਹੁਣੇ

ਆਪਣੀ ਡਿਊਟੀ ਦੇ ਅੰਦਰ-ਅੰਦਰ ਸਿੰਘ ਜੀ ਦਾ ਸੰਸਕਾਰ ਕਰਕੇ ਹੀ ਵਾਪਸ ਆਵਾਂਗਾ।"

ਅਹਿਮਦ ਖ਼ਾਂ ਨੇ ਤੁਰੰਤ ਆਪਣੇ ਸਿਪਾਹੀਆਂ ਨੂੰ ਭਜਾਇਆ। ਉਸ ਸਮੇ ਦੀ ਕੋਤਵਾਲੀ ਵਿੱਚ ਇੱਕ ਸਿੱਖ ਸੁਬੇਗ ਸਿੰਘ ਤੋਂ ਹੁਕਮ ਜਾਰੀ ਕਰਵਾਇਆ ਕਿ ਗਰਮੀ ਹੋਣ ਕਾਰਣ ਲਾਸ਼ ਵਿੱਚੋਂ ਬਦਬੂ ਆਉਣ ਲੱਗੀ ਹੈ,ਇਸ ਲਈ ਲਾਸ਼ ਦਾ ਜੇਲ੍ਹ ਵਿੱਚ ਹੀ ਸੰਸਕਾਰ ਕੀਤਾ ਜਾਵੇ ਤਾਂ ਕਿ ਜੇਲ੍ਹ ਵਿੱਚ ਕੋਈ ਬਿਮਾਰੀ ਨਾ ਫੈਲ ਸਕੇ। ਇਹ ਹੁਕਮ ਇੱਕ ਸਿਪਾਹੀ ਲੈਣ ਚਲਾ ਗਿਆ ਤੇ ਅਹਿਮਦ ਖ਼ਾਂ ਨੇ ਸਖਤ ਪਹਿਰਾ ਲਗਾ ਦਿੱਤਾ ਤਾਂ ਕਿ ਕੋਈ ਵੀ ਜੇਲ੍ਹ ਵਿੱਚ ਦਾਖਲ ਨਾ ਹੋ ਸਕੇ। ਸ. ਮਹਿਤਾਬ ਸਿੰਘ ਜੀ ਦੀ ਪਵਿੱਤਰ ਦੇਹ ਕੋਲ ਭਾਈ ਤਾਰੂ ਸਿੰਘ ਜੀ ਨੂੰ ਲਿਜਾਇਆ ਗਿਆ ਤੇ ਭਾਈ ਸਾਹਿਬ ਜੀ ਨੇ ਅਰਦਾਸ ਕੀਤੀ"ਹੇ ਪਾਤਸ਼ਾਹ! ਤੇਰਾ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਸ਼ਹੀਦੀ ਪਾ ਗਿਆ ਹੈ। ਤੱਤ ਨੂੰ ਤੱਤ ਵਿੱਚ ਲੀਨ ਕਰਨਾ। ਬਿਛੜੀ ਆਤਮਾ ਨੂੰ ਚਰਨਾ ਵਿੱਚ ਨਿਵਾਸ ਬਖਸ਼ਣਾ ਤੇ ਪਿੱਛੇ ਸ.ਮਹਿਤਾਬ ਸਿੰਘ ਜੀ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣਾ। ਪੰਜ ਭੂਤਕ ਚੋਲੇ ਨੂੰ ਅਗਨ ਭੇਟ ਕਰਨ ਦੀ ਆਗਿਆ ਬਖਸ਼ੋ। ਨਾਨਕ ਨਾਮ ਚੜ੍ਹਦੀ ਕਲਾ,ਤੇਰੇ ਭਾਣੇ ਸਰੱਬਤ ਦਾ ਭਲਾ।" ਅਰਦਾਸ ਦੀ ਸਮਾਪਤੀ ਹੋਈ ਤੇ ਸਿਪਹੀ ਨੇ ਸੰਸਕਾਰ ਕਰਨ ਵਾਲਾ ਹੁਕਮ ਦਾ ਪਰਚਾ ਅਹਿਮਦ ਖ਼ਾਂ ਨੂੰ ਲਿਆ ਦਿੱਤਾ। ਭਾਈ ਤਾਰੂ ਸਿੰਘ ਜੀ ਨੇ ਸ.ਮਹਿਤਾਬ ਸਿੰਘ ਜੀ ਦੀ ਦੇਹ ਦਾ ਸੰਸਕਾਰ ਕੀਤਾ ਤੇ ਕੀਰਤਨ ਸੋਹਿਲਾ ਦੀ ਬਾਣੀ ਦਾ ਜਾਪ ਕਰਕੇ ਜੇਲ੍ਹਰ ਅਹਿਮਦ ਖ਼ਾਂ ਦਾ ਧੰਨਵਾਦ ਕੀਤਾ।*

ਦਿਨ ਦਾ ਦੂਜਾ ਪਹਿਰ ਆਰੰਭ ਹੋ ਗਿਆ, ੧੦ ਜੂਨ ਦੀ ਦੁਪਿਹਰ ਸ਼ੁਰੂ ਹੋ ਗਈ ਤੇ ਅਹਿਮਦ ਖ਼ਾਂ ਦੀ ਜਗ੍ਹਾ ਫੌਜ਼ਦਾਰ ਨਜ਼ੀਰ ਖ਼ਾਂ ਡਿਊਟੀ ਤੇ ਤਾਇਨਾਤ ਹੋ ਗਿਆ ਤੇ ਉਹ ਜ਼ਕਰੀਏ ਦੇ ਹੁਕਮ ਅਨੁਸਾਰ ਭਾਈ ਤਾਰੂ ਸਿੰਘ ਨੂੰ ਲੈਣ ਆ ਗਿਆ। ਕੁਝ ਸਿਪਾਹੀਆਂ ਦੀ ਮਦਦ ਨਾਲ ਭਾਈ ਸਾਹਿਬ ਨੂੰ ਲੈ ਕੇ ਜਾ ਰਿਹਾ ਹੈ ਤੇ ਨਾਲ ਗੱਲਾਂ ਵੀ ਕਰੀ ਜਾ ਰਿਹਾ,"ਤਾਰੂ ਸਿੰਘ ਮੈਂ ਤੈਨੂੰ ਇੱਕ ਗੱਲ ਦੱਸਦਾਂ ਹਾਂ। ਕੱਲ੍ਹ ਨਵਾਬ ਨੇ ਗੁੱਸੇ ਨਾਲ ਮੇਰੇ ਤਿੰਨ ਚਾਰ ਬੈਂਤਾਂ ਮਾਰੀਆਂ ਸਨ ਤੇ ਮੈਂ ਸਾਰੀ ਰਾਤ ਦਰਦ ਨਾਲ ਤੜਪਦਾ ਰਿਹਾ ਤੇ ਸੌਂ ਨਹੀਂ ਸਕਿਆ। ਅੱਜ ਮਸਾਂ ਹੀ ਸੇਕ ਟਕੋਰਾਂ ਕਰ-ਕਰ ਕੇ ਤੁਰਨ ਜੋਗਾ ਹੋਇਆਂ ਹਾਂ। ਤੁਹਾਡੇ ਤਾਂ ਸੈਂਕੜੇ ਬੈਂਤਾਂ ਵੱਜੀਆਂ,ਪਰ ਤੁਸੀਂ ਫਿਰ ਵੀ ਮੇਰੇ ਨਾਲ ਆਰਾਮ ਨਾਲ ਖਿੜੇ ਚਿਹਰੇ ਨਾਲ ਤੁਰੇ ਜਾ ਰਹੇ ਹੋ। ਇਸ ਦਾ ਕੀ ਰਾਜ਼ ਹੈ..?"

ਭਾਈ ਸਾਹਿਬ ਹੱਸ ਕੇ ਕਹਿਣ ਲੱਗੇ,"ਨੌਕਰੀ ਨੌਕਰੀ ਦਾ ਫ਼ਰਕ ਹੈ। ਤੂੰ ਨਵਾਬ ਦਾ ਨੌਕਰ ਹੈਂ ਤੇ ਅਸੀਂ ਆਪਣੇ ਗੁਰੂ ਦੇ ਨੌਕਰ ਹਾਂ। ਕੱਲ੍ਹ ਤਾਂ ਤੂੰ ਕੀ ਵੇਖਿਆ ਸੀ,ਅੱਜ ਵੇਖੀਂ ਸਾਡਾ ਸਿੱਖੀ ਸਿੱਦਕ ਨਾਲ ਪਿਆਰ। ਸਾਡਾ ਗੁਰੂ ਵੀ

*ਇੱਥੇ ਇਤਿਹਾਸ ਕਾਰ ਲਿਖਦੇ ਹਨ ਕਿ ਸੰਸਕਾਰ ਤੋਂ ਤੀਸਰੇ ਦਿਨ ਭਾਈ ਸੋਭਾ ਸਿੰਘ ਲਾਲੋ ਨੇ ਅਹਿਮਦ ਖ਼ਾਂ ਨਾਲ ਮਿਲ ਕੇ ਜੇਲ੍ਹ ਵਿੱਚੋਂ ਸ. ਮਹਿਤਾਬ ਸਿੰਘ ਜੀ ਦੇ ਫੁੱਲ ਚੁਗੇ ਤੇ ਬਾਕੀ ਦੀ ਰਾਖ ਜੇਲ੍ਹ ਦੇ ਕੋਲੋਂ ਹੀ ਵਗਦੀ ਰਾਵੀ ਨਦੀ ਵਿੱਚ ਉਤਾਰ ਦਿੱਤੀ ਤੇ ਆਪਣੇ ਘਰ ਸਹਿਜ-ਪਾਠ ਕਰਕੇ ਭੋਗ ਪਾਏ ਗਏ ਸਨ।

ਸਾਨੂੰ ਪਿਆਰ ਕਰਦਾ ਹੈ। ਇਹ ਸਾਰੇ ਦੁੱਖ ਸਹਿਣ ਕਰਨ ਦਾ ਬੱਲ ਸਾਨੂੰ ਸਾਡਾ ਗੁਰੂ ਬਖਸ਼ਦਾ ਹੈ,ਨਹੀਂ ਤਾਂ ਸਾਡੇ ਵਿੱਚ ਕੀ ਹਿੰਮਤ ਹੈ ਕਿ ਅਸੀਂ ਕੋਈ ਸਿੱਖ ਕੌਮ ਦੀ ਸੇਵਾ ਕਰ ਸਕੀਏ..!"

ਉੱਧਰ ਜ਼ਕਰੀਆ ਖਾਨ ਦੀ ਕਚਿਹਰੀ ਲੱਗੀ ਹੋਈ ਸੀ ਤੇ ਜ਼ਕਰੀਆ ਬੈਠਾ ਸੋਚ ਰਿਹਾ ਸੀ ਕਿ ਕੱਲ੍ਹ ਤਾਰੂ ਸਿੰਘ ਦੇ ਸਾਹਮਣੇ ਮਹਿਤਾਬ ਸਿੰਘ ਨੂੰ ਮਾਰਿਆ ਹੈ, ਇਸ ਲਈ ਸ਼ਾਇਦ ਇਹ ਡੋਲ ਜਾਵੇਗਾ ਤੇ ਧਰਮ ਬਦਲ ਲਵੇਗਾ। ਭਾਈ ਤਾਰੂ ਸਿੰਘ ਜੀ ਨੂੰ ਕਚਿਹਰੀ ਵਿੱਚ ਪੇਸ਼ ਕੀਤਾ ਗਿਆ। ਕਚਿਹਰੀ ਵਿੱਚ ਬੈਠੇ ਲੋਕ ਵੀ ਇਹੀ ਸੋਚ ਰਹੇ ਸਨ ਕਿ ਭਾਈ ਤਾਰੂ ਸਿੰਘ ਨੂੰ ਕਲ੍ਹ ਬਹੁਤ ਤਸੀਹੇ ਦਿੱਤੇ ਸਨ ਇਸ ਲਈ ਘਬਰਾਇਆ ਹੋਵੇਗਾ ਪਰ ਜਦੋਂ ਸਾਰਿਆਂ ਨੇ ਭਾਈ ਸਾਹਿਬ ਦੇ ਮੁੱਖ ਵੱਲ ਦੇਖਿਆ ਤਾਂ ਭਾਈ ਤਾਰੂ ਸਿੰਘ ਜੀ ਜ਼ਕਰੀਆ ਖਾਨ ਦੇ ਸਾਹਮਣੇ ਬੜੀ ਨਿਡਰਤਾ ਨਾਲ ਅਡੋਲ ਖੜ੍ਹੇ ਸਨ। ਜ਼ਕਰੀਆ ਖਾਨ ਦਾ ਜ਼ਹਿਰ ਭਾਈ ਤਾਰੂ ਸਿੰਘ ਨੂੰ ਦੇਖ ਕੇ ਅੰਦਰੋਂ-ਅੰਦਰੀ ਉਬਾਲੇ ਮਾਰ ਰਿਹਾ ਸੀ।

ਕਾਜ਼ੀ ਨੇ ਸੁਆਲ ਕਰਨੇ ਸ਼ੁਰੂ ਕੀਤੇ, "ਤਾਰੂ ਸਿੰਘ ਅੱਜ ਤੇਰੀ ਆਖਰੀ ਸੁਣਵਾਈ ਹੈ,ਇਸ ਤੋਂ ਬਾਅਦ ਤੇਰੀ ਕੋਈ ਫਰਿਆਦ ਨਹੀਂ ਸੁਣੀ ਜਾਣੀ, ਨਵਾਬ ਦਾ ਗੁੱਸਾ ਕੱਲ੍ਹ ਤੁਸੀਂ ਆਪਣੇ ਅੱਖੀਂ ਦੇਖਿਆ ਹੈ। ਹੁਣ ਦੱਸ ਇਸਲਾਮ ਕਬੂਲ ਹੈ ਜਾਂ ਇਸ ਸਿੱਖੀ ਖਾਤਰ ਐਂਵੇ ਜਾਨ ਗੁਆਣੀ ਹੈ..?"

ਭਾਈ ਤਾਰੂ ਸਿੰਘ ਜੀ ਨੇ ਧੀਰਜ ਨਾਲ ਬੋਲਣਾ ਸ਼ੁਰੂ ਕੀਤਾ,"ਕਾਜ਼ੀ ਸਾਹਿਬ,ਮੈਂ ਵੀ ਤੁਹਾਨੂੰ ਇਹੀ ਗੱਲ ਦੁਬਾਰਾ ਪੁੱਛਦਾ ਹਾਂ। ਮੈਨੂੰ ਦੱਸੋ ਕਿ ਜੇ ਮੈਂ ਮੁਸਲਮਾਨ ਬਣ ਜਾਵਾਂ ਤਾਂ ਕੀ ਮੈਨੂੰ ਮੌਤ ਨਹੀਂ ਆਵੇਗੀ..?" ਕਾਜ਼ੀ ਕਹਿਣ ਲੱਗਾ, "ਮੌਤ ਤਾਂ ਸਭ ਨੂੰ ਆਉਣੀ ਹੈ ਪਰ ਤੈਨੂੰ ਸੱਤਰ-ਅੱਸੀ ਸਾਲ ਦੀ ਜਿੰਦਗੀ ਮੌਜ ਕਰਨ ਦੀ ਮਿਲ ਜਾਵੇਗੀ।" ਭਾਈ ਸਾਹਿਬ ਜੀ ਨੇ ਹੱਸ ਕੇ ਸਹਿਜ-ਸੁਭਾਅ ਹੀ ਆਖ ਦਿੱਤਾ,"ਕਾਜ਼ੀ ਸਾਹਿਬ,ਤੈਨੂੰ ਇਸ ਗੱਲ ਦਾ ਭੁਲੇਖਾ ਹੈ। ਮੈਨੂੰ ਸੱਤਰ-ਅੱਸੀ ਸਾਲ ਦੀ ਜ਼ਿੰਦਗੀ ਦੇਣ ਵਾਲਿਆ,ਤੈਨੂੰ ਤੇਰੀ ਜ਼ਿੰਦਗੀ ਦਾ ਪਤਾ ਹੈ ਕਿ ਤੂੰ ਚਾਰ-ਪੰਜ ਦਿਨ ਜਿਉਣਾ ਹੈ ਜਾਂ ਮਰ ਜਾਣਾ ਹੈ..?"*

ਸਭਾ ਵਿੱਚ ਬੈਠੇ ਜ਼ਕਰੀਆ ਖਾਨ ਦੇ ਲੜਕੇ ਯਾਹਿਯਾ ਖ਼ਾਨ ਨੇ ਕਿਹਾ,"ਚਲੋ, ਕਾਜ਼ੀ ਸਾਹਿਬ ਤਾਂ ਪਹਿਲਾਂ ਹੀ ਵੱਡੀ ਉਮਰ ਦੇ ਹਨ ਪਰ ਮੈਂ ਤਾਂ ਤੁਹਾਡੇ ਹਾਣ ਦਾ ਹਾਂ, ਮੈਂ ਤੈਨੂੰ ਜ਼ਿੰਦਗੀ ਦੇ ਸਾਰੇ ਸੁੱਖ ਦੇਵਾਂਗਾ।"

ਭਾਈ ਤਾਰੂ ਸਿੰਘ ਪਤਾ ਨਹੀਂ ਕਿਹੜੇ ਰੂਪ 'ਚ ਖੜ੍ਹੇ ਸਨ। ਜ਼ਕਰੀਏ ਦੇ ਲੜਕੇ ਯਾਹਿਯਾ ਖਾਨ ਦੀ ਗੱਲ ਸੁਣ ਕੇ ਭਾਈ ਸਾਹਿਬ ਨੇ ਉਸ ਵੱਲ ਵੇਖਿਆ ਤੇ ਆਖਿਆ, "ਤੂੰ ਵੀ ਭੁਲੇਖੇ ਵਿੱਚ ਹੈਂ, ਮੌਤ ਦਾ ਕੋਈ ਵਕਤ ਨਹੀ**, ਨਾਲੇ ਜ਼ਿਲਤ ਦੀ ਜ਼ਿੰਦਗੀ ਨਾਲੋ ਇਜ਼ੱਤ ਦੀ ਮੌਤ ਬੇਹਤਰ ਹੁੰਦੀ ਹੈ!"

*ਭਾਈ ਤਾਰੂ ਸਿੰਘ ਜੀ ਦੇ ਮੁਖ 'ਚੋਂ ਨਿਕਲਿਆ ਸਹਿਜ ਸੁਭਾਅ ਬਚਨ ਸੱਚ ਹੋ ਗਿਆ ਤੇ ਕਾਜ਼ੀ ਪੰਜ ਦਿਨਾਂ ਬਾਅਦ ਹੀ ਮਰ ਗਿਆ। ਇਤਿਹਾਸ ਗਵਾਹ ਹੈ।

**ਯਾਹਿਯਾ ਖਾਨ ਬਹੁਤ ਗਰਮ ਤਬੀਅਤ, ਜਲਦਬਾਜ਼ ਤੇ ਗੁੱਸੇ ਦਾ ਮਾਲਕ ਸੀ। ੧੯ ਜੂਨ, ੧੭੪੫ ਈ: ਨੂੰ ਜਦੋਂ ਉਹ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਤੋਂ ਡਿੱਗ ਕੇ ਉਸਦੀ ਮੌਤ ਹੋ ਗਈ।

ਭਾਈ ਤਾਰੂ ਸਿੰਘ ਜੀ ਕੇਸਾਂ ਨੂੰ ਕਤਲ ਕਰਨ ਦਾ ਯਤਨ ਅਸਫਲ ਰਹਿਣਾ

ਇੱਧਰ ਜ਼ਕਰੀਆ ਖਾਨ ਵੀ ਪੂਰਾ ਕੋਬਰਾ ਨਾਗ ਬਣਿਆ ਬੈਠਾ ਸੀ। ਭਾਈ ਤਾਰੂ ਸਿੰਘ ਦੇ ਰਸਨਾ ਦੇ ਬੋਲ ਬਹੁਤ ਕੀਮਤੀ ਸਨ। ਉਹ ਕਹਿ ਰਹੇ ਸਨ, "ਇਹ ਸਿੱਖੀ ਬਹੁਤ ਉੱਚੀ-ਸੁੱਚੀ ਤੇ ਅਮੋਲਕ ਦਾਤ ਹੈ। ਇਹ ਬੜੇ ਚੰਗੇ ਭਾਗਾਂ ਸਦਕਾ ਮਿਲੀ ਹੈ ਤੇ ਮੈਂ ਇਹ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭਾਵਾਂਗਾ। ਇਹ ਸਿੱਖੀ ਸਾਡੇ ਵੱਡਿਆਂ ਨੇ ਬਹੁਤ ਮਹਿੰਗੇ ਮੋਲ ਲਿਆ ਹੈ। ਸਿਰ ਦੇ ਕੇ ਫਿਰ ਇਹ ਸਿੱਖੀ ਦੀ ਦਾਤ ਮਿਲੀ ਹੈ। ਦੀਨੋ-ਬੇਦੀਨ ਹੋ ਕੇ ਮਰਨ ਨਾਲ ਨਰਕਾਂ ਦਾ ਭਾਗੀ ਬਣਾਂਗਾ। ਇਹਦੇ ਨਾਲੋਂ ਤਾਂ ਅਣਖ ਦੀ ਮੌਤ ਪਰਵਾਨ ਹੈ।"

ਭਾਈ ਸਾਹਿਬ ਜੀ ਦੀਆਂ ਉੱਪਰ ਕਹੀਆਂ ਗੱਲਾਂ ਨੂੰ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼ ਕ੍ਰਿਤ' ਵਿੱਚ ਦਰਜ਼ ਕੀਤਾ ਹੈ ਜਿਸ ਦਾ ਉਤਾਰਾ ਹੇਠਾਂ ਕੀਤਾ ਗਿਆ ਹੈ:-

"ਤਨ ਨੂਰੀ ਸੁਖ ਅਚਲ ਦਾ ਇਹੈ। ਤਾ ਕੋ ਕੈਸੇ ਤਜਯੋ ਜਾਇ ਹੈ॥
ਸਿੱਖ ਕੇਸ ਅਮੋਲਕ ਯਾਹੈ। ਬਡੇ ਨਸੀਬਾਂ ਤੈ ਹਥ ਆ ਹੈ॥
ਤਿਸੈ ਤਿਆਗ ਕੈ ਜੇ ਤੁਰਕ ਬਨੋ।ਪੈਹੈ ਦੋਜਖ ਜਹਿ ਦੁਖ ਘਣੋ॥"

ਜਦੋਂ ਭਾਈ ਤਾਰੂ ਸਿੰਘ ਜੀ ਦਾ ਜਵਾਬ ਜ਼ਕਰੀਆ ਖਾਨ ਨੇ ਸੁਣਿਆ ਤਾਂ ਉਸਦੇ ਸੱਤੀਂ ਕਪੜੀਂ ਅੱਗ ਲੱਗ ਗਈ। ਗੁੱਸੇ ਵਿੱਚ ਅੱਗ-ਬਬੂਲਾ ਹੋ ਕੇ ਕਹਿਣ ਲੱਗਾ, "ਸਿੰਘਾ! ਜਿਸ ਸਿੱਖੀ ਨੂੰ ਅਮੋਲਕ ਦੱਸਦਾਂ ਹੈ, ਮੈਂ ਹੁਣੇ ਉਸ ਨੂੰ ਖਤਮ ਕਰ ਦਿਆਂਗਾ। ਤੇਰੇ ਸਿਰ ਦੇ ਵਾਲਾਂ ਨੂੰ(ਕੇਸਾਂ ਨੂੰ) ਉਖਾੜ ਸੁੱਟਾਂਗਾ। ਜਿਸ ਸਿੱਖੀ ਨੂੰ ਤੂੰ ਨੂਰੀ ਆਖਦਾ ਹੈਂ, ਮੈਂ ਉਸਨੂੰ ਅਧੂਰੀ ਕਰ ਦੇਵਾਂਗਾ ਤੇ ਤੇਰੇ ਸਿਰ ਦੇ ਵਾਲਾਂ ਨੂੰ ਜੁੱਤੀਆਂ ਮਾਰ-ਮਾਰ ਕੇ ਉਖਾੜ ਦੇਵਾਂਗਾ।" ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

"ਜਿਸ ਸਿੱਖੀ ਕੋ ਤੂੰ ਕਹਿ ਨੂਰੀ॥ ਤਿਸੇ ਕਰਤ ਮੈਂ ਅਬੀ ਅਧੂਰੀ॥
ਸਿੱਖੀ ਸਿਰ ਦੇ ਵਾਲ ਤੁਮਾਰੇ॥ ਮਾਰ ਜੁਤੀਅਨ ਅਬੀ ਉਖਾਰੇ॥"

ਭਾਈ ਤਾਰੂ ਸਿੰਘ ਜੀ ਨੇ ਜਦੋਂ ਜ਼ਕਰੀਆ ਖਾਨ ਦੇ ਮੂੰਹੋਂ ਗੰਦੇ ਤੇ ਜ਼ਹਿਰ ਭਰੇ ਬੋਲ ਸੁਣੇ ਤਾਂ ਭਾਈ ਸਾਹਿਬ ਵੀ 'ਵੀਰ ਰਸ' ਨਾਲ ਭਰ ਗਏ। ਅੱਖਾਂ ਲਾਲ ਹੋ ਗਈਆਂ ਤੇ ਡੌਲੇ ਫ਼ਰਕਣ ਲੱਗੇ। ਜ਼ੋਰ ਦੀ ਭੱਬਕ ਮਾਰੀ, ਜਿਨ੍ਹਾਂ ਸਿਪਾਹੀਆਂ ਨੇ ਜ਼ੰਜੀਰਾਂ ਵਿੱਚ ਜਕੜ ਕੇ ਫੜਿਆ ਸੀ ਉਹਨਾਂ ਵਿੱਚੋਂ ਇੱਕ ਸਿਪਾਹੀ ਨੇ ਨਵਾਬ ਕੋਲੋਂ ਇਨਾਮ ਲੈਣ ਦੀ ਖਾਤਰ ਆਪਣਾ ਗੁੱਸਾ ਭਾਈ ਸਾਹਿਬ ਤੇ ਦਿਖਾਣ ਲੱਗਾ ਤਾਂ ਭਾਈ ਸਾਹਿਬ ਨੇ ਉਸਨੂੰ ਇੰਨੀ ਜ਼ੋਰ ਦੀ ਲੱਤ ਮਾਰੀ ਕਿ ਉਹ ੨੦-੨੫ ਫੁੱਟ ਦੂਰ ਬੈਠੇ ਜ਼ਕਰੀਆ ਖਾਨ ਦੀ ਕੁਰਸੀ ਵਿੱਚ ਜਾ ਵੱਜਿਆ ਤੇ ਜ਼ਖਮੀ ਹੋ ਗਿਆ। ਕਚਿਹਰੀ ਵਿੱਚ ਬੈਠੇ ਮਾੜੇ ਦਿਲ ਵਾਲੇ ਆਪਣਾ ਬਚਾ ਕਰਨ ਲਈ ਤਾਂ ਇੱਧਰ-ਉਧਰ ਭੱਜਣ ਲੱਗੇ ਕਿ ਸਿੰਘ ਪਾਗਲ ਹੋ ਗਿਆ। ਬਾਕੀ ਜਿਨ੍ਹਾਂ ਨੇ ਸੰਗਲਾਂ ਨੂੰ ਫੜਿਆ ਸੀ ਉਹ ਵੀ

ਭਾਈ ਸਾਹਿਬ ਵੱਲ ਨਿਮਰਤਾ ਨਾਲ ਦੇਖਣ ਲੱਗ ਪਏ ਤੇ ਡਰ ਗਏ। ਕਾਜ਼ੀ ਨੇ ਉੱਠ ਕੇ ਮੌਕਾ ਸੰਭਾਲਿਆ ਤੇ ਸ਼ਾਂਤੀ ਨਾਲ ਸਭਾ ਬਿਠਾ ਲਈ।

ਉੱਧਰ ਭਾਈ ਤਾਰੂ ਸਿੰਘ ਗੁੱਸੇ ਵਿੱਚ ਕਹਿਣ ਲੱਗੇ, "ਸਿੰਘ ਨੂੰ ਤੂੰ ਜੁੱਤੀ ਦਿਖਾ ਰਿਹਾ ਹੈਂ, ਓਏ ਨਵਾਬਾ! ਸਿੰਘ ਤਾਂ ਤੈਨੂੰ ਜੁੱਤੀਆਂ ਮਾਰ-ਮਾਰ ਕੇ ਲਿਜਾਣਗੇ। ਮੇਰੇ ਕੇਸ ਤਾਂ ਗੁਰੂ ਦੀ ਅਮਾਨਤ ਹਨ ਤੇ ਸਿਰ ਦੇ ਨਾਲ ਹੀ ਜਾਣਗੇ।"

ਫਿਰ ਭਾਈ ਸਾਹਿਬ ਨਿਮਰਤਾ ਵਿੱਚ ਆ ਗਏ ਤੇ ਕਹਿਣ ਲੱਗੇ, "ਮੈਨੂੰ ਜੋ ਮਰਜ਼ੀ ਸਜ਼ਾ ਦੇ ਪਰ ਮੇਰੀ ਸਿੱਖੀ ਦੀ ਸ਼ਾਨ ਦੇ ਖਿਲਾਫ ਇਕ ਲਫ਼ਜ਼ ਵੀ ਨਾ ਆਖੀਂ।"

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

"ਸਹਿਜ ਭਾਇ ਫਿਰ ਸਿੰਘ ਕਹਯੋ, ਕੇਸ ਜਾਂਹਿ ਸਿਰ ਸੰਗ॥
ਤੁਮਕੋ ਆਗੈ ਲੇ ਚਲੋਂ, ਜੂਤੇ ਮਾਰ ਨਿਸੰਗ॥"

(ਪੰਥ ਪ੍ਰਕਾਸ਼ ਕ੍ਰਿਤ, ਗਿ: ਗਿਆਨ ਸਿੰਘ ਜੀ)

ਨਾਈ ਦਾ ਕਚਿਹਰੀ ਵਿੱਚੋਂ ਭੱਜਣਾ

ਜ਼ਕਰੀਆ ਖਾਨ ਨੇ ਜਦੋਂ ਭਾਈ ਸਾਹਿਬ ਨੂੰ ਨਿਮਰਤਾ ਵਿੱਚ ਦੇਖਿਆ ਤਾਂ ਉਸ ਦੀ ਜਾਨ ਵਿੱਚ ਜਾਨ ਆਈ ਅਤੇ ਉਹ ਵੀ ਠੰਡਾ ਪੈ ਗਿਆ। ਉਸਨੇ ਸੋਚਿਆ ਕਿ ਜੇ ਇਸੇ ਤਰਾਂ ਤਾਰੂ ਸਿੰਘ ਮੇਰਾ ਇੱਕ-ਇੱਕ ਸਿਪਾਹੀ ਉਡਾਉਂਦਾ ਰਿਹਾ ਤਾਂ ਇਹ ਮੇਰਾ ਵੀ ਗਲ ਫੜ ਲਵੇਗਾ। ਇਸ ਲਈ ਗਿਰਗਿਟ ਦੀ ਤਰਾਂ ਰੰਗ ਬਦਲ ਗਿਆ। ਉਸਨੇ ਕੋਲ ਖੜ੍ਹੇ ਫੌਜਦਾਰ ਨਜ਼ੀਰ ਖ਼ਾਂ ਨੂੰ ਆਪਣੇ ਕੋਲ ਬੁਲਾਇਆ ਤੇ ਉਸਦੇ ਕੰਨ ਵਿੱਚ ਹੋਲੀ ਜਿਹੀ ਕਿਹਾ, "ਨਜ਼ੀਰ ਖ਼ਾਂ! ਕਿੱਥੋਂ ਭਰਤੀ ਕੀਤੇ ਨੇ ਇਹ ਖੁਸਰੇ ਸਿਪਾਹੀ..? ਛੇਤੀ-ਛੇਤੀ ਤਕੜੇ ਸਿਪਾਹੀ ਲੈ ਕੇ ਆ ਜਿਹੜੇ ਸਿੰਘ ਨੂੰ ਕਾਬੂ ਕਰ ਸਕਣ, ਤੇ ਇੱਕ ਤਕੜੇ ਨਾਈ (ਨਊਏ) ਨੂੰ ਬੁਲਾ ਜਿਹੜਾ ਸਿੰਘ ਦੇ ਵਾਲ ਕੱਟ ਸਕੇ" ਉਸਦੇ ਕੰਨ ਵਿੱਚ ਇਹ ਕੁਝ ਆਖ ਕੇ ਸਭਾ ਵਿੱਚ ਬੋਲਣ ਲੱਗ ਗਿਆ। ਇਸ ਤਰਾਂ ਜ਼ਕਰੀਆ ਖਾਨ ਕੁਝ ਸਮਾਂ ਠੰਡੀਆਂ ਬਾਤਾਂ ਕਰਦਾ ਰਿਹਾ। ਉਸਨੂੰ ਡਰ ਸੀ ਕਿ ਜੇ ਤਾਰੂ ਸਿੰਘ ਇਹਨਾਂ ਸਿਪਾਹੀਆਂ ਤੋਂ ਛੁੱਟ ਗਿਆ ਤਾਂ ਭਾਰੀ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਜਦੋਂ ਤਕੜੇ ਸਿਪਾਹੀ ਆ ਗਏ ਤਾਂ ਉਸਨੇ ਭਾਈ ਤਾਰੂ ਸਿੰਘ ਨੂੰ ਕਾਬੂ ਕਰਨ ਦਾ ਹੁਕਮ ਦਿੱਤਾ ਤੇ ਜਦੋਂ ਸਾਰੀ ਤਿਆਰੀ ਹੋ ਗਈ ਤੇ ਪੂਰੀ ਤਸੱਲੀ ਹੋ ਗਈ ਤਾਂ ਜ਼ਕਰੀਏ ਨੇ ਫਿਰ ਰੰਗ ਬਦਲਿਆ ਤੇ ਗੁੱਸੇ ਨਾਲ ਭਰ ਕੇ ਗੱਲਾਂ ਕਰਨ ਲੱਗ ਪਿਆ। ਫੌਜਦਾਰ ਨਜ਼ੀਰ ਖ਼ਾਂ ਨੂੰ ਇਸ਼ਾਰਾ ਕੀਤਾ ਤਾਂ ਉਸਨੇ ਨਾਈ ਨੂੰ ਅੱਗੇ ਬੁਲਾਇਆ। ਜਦੋਂ ਨਾਈ ਦੇ ਹੱਥ ਉਸਤਰਾ ਤੇ ਕੈਂਚੀ ਦੇਖੀ ਤਾਂ ਭਾਈ ਤਾਰੂ ਸਿੰਘ ਜੀ ਇੱਕ ਦਮ ਬੀਰ ਰਸ ਨਾਲ ਭਰ ਗਏ। ਅੱਖਾਂ ਵਿੱਚ ਫਿਰ ਲਾਲੀ ਪਰ ਹੁਣ ਸਿਪਾਹੀ ਪਹਿਲਾਂ ਨਾਲੋਂ ਦੁੱਗਣੇ ਤੇ ਤਕੜੇ ਸਨ ਜਿਨ੍ਹਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਜਦੋਂ ਨਾਈ ਭਾਈ ਸਾਹਿਬ ਜੀ ਦੇ ਨੇੜੇ ਗਿਆ

ਤਾਂ ਭਾਈ ਸਾਹਿਬ ਨੇ ਸ਼ੇਰ ਵਰਗੀ ਭੱਬਕ ਮਾਰੀ ਤੇ ਨਾਈ ਨੂੰ ਪਸੀਨਾ ਆ ਗਿਆ। ਨਾਈ ਕੋਲ ਭਾਈ ਸਾਹਿਬ ਦੇ ਨੇੜੇ ਜਾਣ ਦੀ ਹਿੰਮਤ ਨਹੀ ਸੀ। ਨਾਈ ਨੇ ਬਹਾਨਾ ਲਗਾਇਆ ਕਿ ਉਸਦਾ ਇਹ ਉਸਤਰਾ ਖੁੰਢਾ ਹੈ ਭਾਵ ਕੰਮ ਨਹੀ ਕਰ ਰਿਹਾ। ਇਸ ਨਾਲ ਜਲਦੀ ਵਾਲ ਕੱਟੇ ਨਹੀ ਜਾਣੇ। ਉਧੱਰ ਜ਼ਕਰੀਆ ਖਾਨ ਨਾਈ ਨੂੰ ਅੱਖਾ ਦਿਖਾ ਰਿਹਾ ਸੀ ਕਿ ਜੇ ਉਹ ਬਿਨਾਂ ਵਾਲ ਕੱਟੇ ਵਾਪਸ ਆਇਆ ਤਾਂ ਮੌਤ ਦਾ ਹੱਕਦਾਰ ਹੋਵੇਗਾ ਤੇ ਇੱਧਰ ਭਾਈ ਤਾਰੂ ਸਿੰਘ ਜੀ ਵੀ ਨਾਈ ਨੂੰ ਵੰਗਾਰ ਰਹੇ ਸਨ ਕਿ ਜੇ ਮੇਰੇ ਨੇੜੇ ਵੀ ਆਇਆ ਤਾਂ ਜਾਨ ਤੋਂ ਹੱਥ ਧੋ ਬੈਠੇਂਗਾ। ਵਿਚਾਰੇ ਨਾਈ ਦੇ ਪਿੱਛੇ ਵੀ ਮੌਤ ਤੇ ਅੱਗੇ ਵੀ ਮੌਤ। ਫਿਰ ਨਾਈ ਨੇ ਸੋਚਿਆ ਕਿ ਜੇ ਉਹ ਪਿੱਛੇ ਮੁੜਦਾ ਹੈ ਤਾਂ ਨਵਾਬ ਨੇ ਹੁਣੇ ਹੀ ਮਾਰ ਦੇਣਾ ਹੈ ਤੇ ਜੇ ਉਹ ਅੱਗੇ ਵਧੱਦਾ ਹੈ ਤਾਂ ਹੋ ਸਕਦਾ ਹੈ ਕਿ ਸਿਪਾਹੀ ਇਸ ਨੂੰ ਫੜੀ ਰੱਖਣ ਤੇ ਉਹ ਆਪਣਾ ਕੰਮ ਕਰਕੇ ਵਾਪਸ ਮੁੜ ਆਵੇ ਤੇ ਉਸਨੇ ਅੱਗੇ ਜਾਣਾ ਹੀ ਠੀਕ ਸਮਝਿਆ। ਇਸ ਤਰ੍ਹਾਂ ਨਾਈ ਥੋੜੀ ਹਿੰਮਤ ਨਾਲ ਅੱਗੇ ਵੱਧਿਆ। ਇੱਕ ਤਾਂ ਵੈਸੇ ਹੀ ਘਬਰਾਹਟ ਨਾਲ ਉਸਨੂੰ ਧੁੰਦਲਾ ਦਿੱਸਣ ਲੱਗ ਪਿਆ ਤੇ ਜਦੋਂ ਉਹ ਭਾਈ ਸਾਹਿਬ ਦੇ ਨੇੜੇ ਪਹੁੰਚਿਆ ਤਾਂ ਭਾਈ ਸਾਹਿਬ ਨੇ ਇੰਨੀ ਜ਼ੋਰ ਦੀ ਆਪਣਾ ਸਿਰ ਨਾਈ ਦੇ ਸਿਰ ਵਿੱਚ ਮਾਰਿਆ ਕਿ ਉਹ ਵੀ ਸਿਪਾਹੀ ਦੀ ਤਰ੍ਹਾਂ ੧੫-੨੦ ਫੁੱਟ ਪਿੱਛੇ ਜਾ ਡਿੱਗਿਆ। ਪਹਿਲਾਂ ਤਾਂ ਬਹੁਤ ਸਮਾਂ ਉਸਨੂੰ ਹੋਸ਼ ਹੀ ਨਹੀ ਆਈ ਤੇ ਹੋਸ਼ ਆਈ ਤਾਂ ਉਹ ਖੜ੍ਹਾ-ਖੜ੍ਹਾ ਹੀ ਮੁੱਕਰ ਗਿਆ ਤੇ ਕਹਿਣ ਲੱਗਾ, "ਮੈਨੂੰ ਤਾਂ ਅੱਖਾਂ ਤੋਂ ਦਿਸਣਾ ਹੀ ਬੰਦ ਹੋ ਗਿਆ!ਹਾਏ ਓਏ ਮੇਰੀ ਨਿਗ੍ਹਾ(ਨਜ਼ਰ),ਮੈਨੂੰ ਨੀ ਕੁਝ ਵੀ ਦਿਸਦਾ ਨਵਾਬ ਸਾਹਿਬ,ਭਾਂਵੇ ਮਾਰੋ ਭਾਵੇਂ ਛੱਡੋ,ਤੁਹਾਡੀ ਮਰਜ਼ੀ ਏ..!" ਤੇ ਉੱਚੀ-ਉੱਚੀ ਰੋਣ ਲੱਗ ਪਿਆ। ਨਾਈ ਨੂੰ ਘਰ ਭੇਜ ਦਿੱਤਾ ਗਿਆ ਤੇ ਹੋਰ ਵੀ ਕਈ ਨਾਈਆਂ ਨਾਲ ਗੱਲ ਕੀਤੀ ਗਈ ਪਰ ਕਿਸੇ ਨੇ ਹਿੰਮਤ ਨਹੀਂ ਦਿਖਾਈ।

ਭਾਈ ਰਤਨ ਸਿੰਘ ਭੰਗੂ ਨੇ ਆਪਣੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਪੰਨਾ ਨੂੰ:੨੯੦ ਤੇ ਉੱਪਰ ਲਿਖੀ ਘਟਨਾ ਨੂੰ ਇਸ ਤਰਾਂ ਦਰਜ ਕੀਤਾ ਹੈ:-

"ਤਬ ਨਵਾਬ ਨੇ ਨਊਏ ਲਗਾਏ,ਉਨਕੇ ਸੰਦ ਖੁੰਢੇ ਹੋ ਆਏ।
ਜਿਮ ਜਿਮ ਨਊਏ ਫੁਰ ਲਗਾਵੈਂ,ਤਿਮ ਤਿਮ ਹੱਥ ਉਨ ਭੈੜੇ ਪਾਵੈਂ।
ਜਿਮ ਜਿਮ ਨਊਏ ਨਵਾਬ ਡਰਾਵੈਂ,ਤਿਮ ਤਿਮ ਨਊਅਨ ਹਥ ਕੰਪਾਵੈ।
ਕਲਾ ਖਾਲਸੇ ਤਬ ਐਸੀ ਕਈ,ਨਊਅਨ ਦ੍ਰਿਸ਼ਟ ਮੰਦ ਤਬ ਭਈ।
ਨਵਾਬ ਕਹਯੋ ਇਨ ਜਾਦੂ ਚਲਾਯਾ,ਕੈ ਨਊਅਨ ਕਛੁ ਲੱਬ ਦਿਵਾਯਾ॥"

ਹੁਣ ਨਾਈਆਂ ਦੇ ਫ਼ੇਲ੍ਹ ਹੋਣ ਮਗਰੋਂ ਜ਼ਕਰੀਆ ਖਾਨ ਨੇ ਮੋਚੀਆਂ ਨੂੰ ਸੱਦਿਆ ਕਿ ਉਹ ਆਪਣੀ ਰੰਬੀ ਨਾਲ ਖ਼ੋਪਰੀ ਹੀ ਛਿੱਲ ਦੇਣ ਪਰ ਜਦੋਂ ਮੋਚੀਆਂ ਨੂੰ ਨਾਈ ਨੇ ਆਪਣੀ ਹੱਡ ਬੀਤੀ ਸੁਣਾਈ ਤਾਂ ਮੋਚੀ ਵੀ ਇਸ ਕੰਮ ਲਈ ਤਿਆਰ ਨਾ ਹੋਏ। ਮੋਚੀਆਂ ਦਾ ਜੁਆਬ ਸੁਣ ਕੇ ਜ਼ਕਰੀਆ ਖਾਨ ਬਹੁਤ ਕ੍ਰੋਧ ਵਿੱਚ ਆ ਗਿਆ।

ਛੀਂਹੇ ਜੱਲਾਦ ਨੂੰ ਖ਼ੋਪਰੀ ਉਤਾਰਨ ਦਾ ਹੁਕਮ ਦੇਣਾ

ਅਖੀਰ ਛੀਂਹੇ ਨਾਮ ਦੇ ਜਲਾਦ ਨੂੰ ਬੁਲਾਇਆ ਗਿਆ। ਇਹ ਉਹ ਛੀਂਹਾ ਜੱਲਾਦ ਸੀ, ਜਿਸ ਨੇ ਪਹਿਲਾਂ ਵੀ ਕਈ ਸਿੰਘਾਂ ਨੂੰ ਸਜ਼ਾਵਾਂ ਦਿੱਤੀਆਂ ਤੇ ਸ਼ਹੀਦ ਕੀਤਾ ਸੀ। ਛੀਂਹਾ ਜੱਲਾਦ ਕਚਿਹਰੀ ਵਿੱਚ ਹਾਜ਼ਰ ਹੋਇਆ। ਇਸ ਦਾ ਸਰੀਰ ਭਾਰੀ ਭਰਕਮ ਤੇ ਕੱਦ ਭਾਈ ਤਾਰੂ ਸਿੰਘ ਦੀ ਤਰ੍ਹਾਂ ਸੱਤ ਫੁੱਟ ਸੀ। ਜ਼ਕਰੀਆ ਖਾਨ ਨੇ ਇਸ ਜੱਲਾਦ ਨੂੰ ਹੁਕਮ ਦਿੱਤਾ ਕਿ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ ਜਾਵੇ। ਹੁਕਮ ਸੁਣ ਕੇ ਛੀਂਹੇ ਜੱਲਾਦ ਨੇ ਮੋਚੀ ਕੋਲੋਂ ਰੰਬੀ ਮੰਗਵਾਈ ਤੇ ਆਪ ਭਾਈ ਤਾਰੂ ਸਿੰਘ ਜੀ ਦੇ ਬਰਾਬਰ ਖੜ੍ਹਾ ਹੋ ਗਿਆ ਤੇ ਆਖਣ ਲੱਗਾ, "ਤਾਰੂ ਸਿੰਘ ਮੈਂ ਤੇਰੇ ਵਾਲ ਨਹੀਂ ਕੱਟਾਗਾਂ, ਜਿਸ ਥਾਂ ਤੇ ਵਾਲ ਉੱਗੇ ਹਨ,ਉਹ ਖੋਪਰ ਹੀ ਉਤਾਰਾਂਗਾ।"

ਭਾਈ ਤਾਰੂ ਸਿੰਘ ਜੀ ਨੇ ਹੱਸਦੇ ਹੋਇਆਂ ਨੇ ਇਹ ਸਜ਼ਾ ਪ੍ਰਵਾਨ ਕੀਤੀ ਤੇ ਛੀਂਹੇ ਜੱਲਾਦ ਨੂੰ ਕਿਹਾ, "ਜੋ ਤੂੰ ਕਹਿ ਰਿਹਾ ਹੈਂ ਉਸਨੂੰ ਪੂਰਾ ਕਰੀਂ। ਤੂੰ ਇੱਕ ਮਰਦ ਹੈਂ ਤੇ ਸੱਚਾ ਮਰਦ ਉਹੀ ਹੁੰਦਾ ਹੈ ਜੋ ਆਪਣੀ ਗੱਲ ਉੱਤੇ ਪੂਰਾ ਉਤਰਦਾ ਹੈ ਕਿਉਂਕਿ ਮਰਦ ਕਦੇ ਥੁੱਕ ਕੇ ਨਹੀਂ ਚੱਟਦੇ।"

ਛੀਂਹਾ ਜੱਲਾਦ ਕਹਿਣ ਲੱਗਾ,"ਤਾਰੂ ਸਿੰਘ,ਤੂੰ ਫਿਕਰ ਨਾ ਕਰ,ਇਨ੍ਹਾਂ ਹੱਥਾਂ ਨਾਲ ਪਹਿਲਾਂ ਵੀ ਬਹੁਤ ਸਿੰਘ ਮਾਰੇ ਨੇ,ਮੈਂ ਜੋ ਕਹਿੰਦਾ ਹਾਂ ਉਹੀ ਕਰਦਾ ਹਾਂ।"

ਹੁਣ ਰੰਬੀ ਆ ਗਈ, ਜੱਲਾਦ ਨੇ ਰੰਬੀ ਆਪਣੇ ਹੱਥ ਵਿੱਚ ਫੜੀ ਤੇ ਦੇਖਿਆ ਕਿ ਰੰਬੀ ਪੂਰੀ ਤਰ੍ਹਾਂ ਤਿੱਖੀ ਨਹੀਂ ਸੀ ਤੇ ਉਸਨੇ ਜ਼ਕਰੀਏ ਤੋਂ ਰੰਬੀ ਤਿੱਖੀ ਕਰਨ ਦੀ ਇਜਾਜ਼ਤ ਮੰਗੀ ਤੇ ਤਾਰੂ ਸਿੰਘ ਦੇ ਸਾਹਮਣੇ ਰੰਬੀ ਤਿੱਖੀ ਕਰਨ ਲੱਗ ਪਿਆ। ਜ਼ਕਰੀਏ ਨੇ ਕਾਜ਼ੀ ਨੂੰ ਆਪਣੇ ਕੋਲ ਬੁਲਾਇਆ ਤੇ ਕਿਹਾ ਕਿ ਜਿੰਨੀ ਦੇਰ ਰੰਬੀ ਤਿੱਖੀ ਹੋ ਰਹੀ ਹੈ, ਆਖਰੀ ਵਾਰੀ ਪੁੱਛ ਕੇ ਦੇਖੋ ਕਿ ਇਸਲਾਮ ਕਬੂਲ ਕਰਦਾ ਹੈ ਜਾਂ ਨਹੀਂ?

ਕਾਜ਼ੀ ਭਾਈ ਤਾਰੂ ਸਿੰਘ ਜੀ ਦੇ ਕੋਲ ਆ ਕੇ ਕਹਿਣ ਲੱਗਾ,"ਤਾਰੂ ਸਿੰਘ!ਕਿਉਂ ਆਪਣੀ ਜਾਨ ਐਵੇਂ ਗੁਆ ਰਿਹਾ ਹੈਂ।ਦੁਨੀਆਂ ਦਾ ਸਾਰਾ ਸਾਜ਼-ਸਮਾਨ,ਇਸ ਸਮੇਂ ਦਾ ਰਾਜ ਤੇਰੇ ਕਦਮਾਂ 'ਚ ਪਿਆ ਹੈ।ਤੇਰੇ ਵਾਸਤੇ ਕੁਬੇਰ ਦੇ ਖਜ਼ਾਨਿਆਂ ਦੇ ਦਰਵਾਜੇ ਖੋਲ੍ਹ ਦਿੱਤੇ ਜਾਣਗੇ।ਇਸਲਾਮ ਕਬੂਲ ਕਰ ਲੈ ਨਹੀਂ ਤਾਂ ਇਹ ਛੀਂਹਾ ਜੱਲਾਦ ਬਹੁਤ ਜ਼ਾਲਮ ਹੈ।ਆਹ ਦੇਖ! ਤੇਰੇ ਸਾਹਮਣੇ ਰੰਬੀ ਤਿੱਖੀ ਕਰੀ ਜਾ ਰਿਹਾ ਹੈ।"

ਭਾਈ ਤਾਰੂ ਸਿੰਘ ਜੀ ਨੇ ਆਖਿਆ,"ਓਏ ਕਾਜ਼ੀ! ਤੈਨੂੰ ਇੱਕ ਵਾਰੀ ਕਹੀ ਗੱਲ ਸਮਝ ਨਹੀਂ ਆ ਰਹੀ..? ਮੇਰਾ ਸਿੱਖੀ ਧਰਮ ਅਡੋਲ ਹੈ।ਬ੍ਰਹਿਮੰਡ ਹਿੱਲ ਸਕਦਾ ਹੈ ਪਰ ਇਹ ਨਹੀਂ ਹਿੱਲ ਸਕਦਾ,ਸਮਝ ਗਿਆਂ ਏਂ!"

ਕਾਜ਼ੀ ਸਿਰ ਨੀਵਾਂ ਕਰਕੇ ਚਲਾ ਗਿਆ ਤੇ ਜ਼ਕਰੀਏ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਦੇ ਸੰਗਲ ਖੋਲ੍ਹ ਦਿੱਤੇ ਜਾਣ। ਸਿਪਾਹੀਆਂ ਨੇ ਭਾਈ ਸਾਹਿਬ ਜੀ ਦੇ ਸੰਗਲ ਤੇ ਬੇੜੀਆਂ ਖੋਲ੍ਹ ਦਿੱਤੀਆਂ ਤੇ ਭਾਈ ਸਾਹਿਬ ਤੋਂ ਪਿੱਛੇ

ਹੱਟ ਗਏ। ਜਿਉਂ ਹੀ ਜ਼ਕਰੀਏ ਨੇ ਜੱਲਾਦ ਨੂੰ ਇਸ਼ਾਰਾ ਕੀਤਾ ਤੇ ਜੱਲਾਦ ਭਾਈ ਸਾਹਿਬ ਦੇ ਕੋਲ ਆ ਗਿਆ। ਹੁਣ ਭਾਈ ਸਾਹਿਬ ਜੀ ਨੇ ਚੌਂਕੜੀ ਮਾਰ ਕੇ ਇੱਕ ਹੱਥ ਆਪਣੇ ਪੱਟ ਤੇ ਰੱਖ ਲਿਆ ਤੇ ਦੂਸਰਾ ਹੱਥ ਪਿੱਛੇ ਜ਼ਮੀਨ ਨਾਲ ਲਗਾ ਲਿਆ ਤੇ ਇਸ ਹੱਥ ਨਾਲ ਥੋੜਾ ਜਿਹਾ ਸਹਾਰਾ ਲਾ ਲਿਆ।

ਭਾਈ ਤਾਰੂ ਸਿੰਘ ਜੀ ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿੱਚ ਬਹੁਤ ਸਾਰੇ ਬ੍ਰਹਮਗਿਆਨੀਆਂ ਨੇ ਇਹ ਅਸੀਸ ਦਿੱਤੀ ਸੀ ਕਿ ਤੇਰੀ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭੇ ਤੇ ਅੱਜ ਉਹ ਸਮਾਂ ਆ ਗਿਆ। ਇੱਕ ਪਾਸੇ ਛੀਂਹਾ ਜੱਲਾਦ ਰੰਬੀ ਲੈ ਕੇ ਭਾਈ ਤਾਰੂ ਸਿੰਘ ਜੀ ਦੇ ਕੋਲ ਆ ਗਿਆ ਹੈ ਤੇ ਖੋਪਰੀ ਉਤਾਰਨ ਲਈ ਤਿਆਰ ਖੜ੍ਹਾ ਹੈ ਤੇ ਦੂਜੇ ਪਾਸੇ ਭਾਈ ਤਾਰੂ ਸਿੰਘ ਜੀ ਨੇ ਵੀ ਜ਼ਾਲਮ ਮੁਸਲਮਾਨ ਜ਼ਕਰੀਆ ਖਾਨ ਦੁਆਰਾ ਦਿੱਤੀ ਸਜ਼ਾ ਤਾਂ ਕਬੂਲ ਕਰ ਲਈ ਪਰ ਇਸਲਾਮ ਕਬੂਲ ਨਹੀਂ ਕੀਤਾ।

ਜਦੋਂ ਜੱਲਾਦ ਭਾਈ ਸਾਹਿਬ ਜੀ ਦੇ ਕੋਲ ਰੰਬੀ ਲੈ ਕੇ ਆ ਗਿਆ ਤਾਂ ਭਾਈ ਤਾਰੂ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ ਜਪੁਜੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਇਸ ਤਰਾਂ ਭਾਈ ਸਾਹਿਬ ਗੁਰੂ ਨਾਨਕ ਜੀ ਦੇ ਚਰਨਾਂ ਵਿੱਚ ਲੀਨ ਹੋ ਗਏ। ਛੀਂਹੇ ਜੱਲਾਦ ਨੇ ਭਾਈ ਤਾਰੂ ਸਿੰਘ ਜੀ ਦੇ ਕੇਸਾਂ ਨੂੰ ਹੱਥ ਪਾਇਆ ਤੇ ਰੰਬੀ ਨੂੰ ਮੱਥੇ ਵਾਲੇ ਪਾਸਿਉਂ ਚਲਾਉਣਾ ਸ਼ੁਰੂ ਕੀਤਾ। ਖ਼ੂਨ ਦੀ ਧਾਰ ਭਾਈ ਸਾਹਿਬ ਜੀ ਦੇ ਮੂੰਹ ਉੱਪਰੋਂ ਦੀ ਪੈ ਕੇ ਸਰੀਰ ਤੇ ਜਾਣ ਲੱਗੀ। ਸਾਰੀ ਸਭਾ ਵਿੱਚ ਸਨਸਨੀ ਫੈਲ ਗਈ ਤੇ ਸਾਰੇ ਇਸ ਦ੍ਰਿਸ਼ ਨੂੰ ਮੂੰਹ ਵਿੱਚ ਉਂਗਲੀਆਂ ਦੇ ਕੇ ਦੇਖ ਰਹੇ ਸਨ ਤੇ ਸਾਰਿਆਂ ਦੇ ਰੌਂਗਟੇ ਖੜੇ ਹੋ ਚੁੱਕੇ ਸਨ। ਕਾਜ਼ੀ,ਮੌਲਵੀ ਤੇ ਜ਼ਕਰੀਆ ਖਾਨ ਵੀ ਬਹੁਤ ਹੈਰਾਨੀ ਨਾਲ ਦੇਖ ਰਹੇ ਸਨ ਕਿ ਇਹ ਸਿੰਘ ਤਾਂ ਬਿਲਕੁਲ ਵੀ ਨਹੀਂ ਤੜਪ ਰਿਹਾ।

ਓਧਰ ਛੀਂਹੇ ਜੱਲਾਦ ਨੇ ਦੇਖਦੇ ਹੀ ਦੇਖਦੇ ਭਾਈ ਤਾਰੂ ਸਿੰਘ ਜੀ ਦੀ ਸਾਰੀ ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ ਪਰ ਭਾਈ ਸਾਹਿਬ ਨੇ ਸੀ ਤੱਕ ਨਾ ਕੀਤੀ। ਇਹ ਜ਼ਾਲਮਾਂ ਦਾ ਬਹੁਤ ਹੀ ਵਹਿਸ਼ੀਆਨਾ ਢੰਗ ਸੀ। ਹੁਣ ਭਾਈ ਤਾਰੂ ਸਿੰਘ ਜੀ ਦੀ ਸਾਰੀ ਖੋਪਰੀ ਲਹਿ ਚੁੱਕੀ ਸੀ ਤੇ ਸਰੀਰ ਲਹੂ-ਲੁਹਾਨ ਹੋ ਚੁੱਕਾ ਸੀ। ਇਸ ਜਗ੍ਹਾ ਤੇ ਬੈਠੇ ਕੁਝ ਸਿਆਣੇ ਮੁਸਲਮਾਨ ਜੋ ਆਪਣੇ ਮਨੋਂ ਇਹ ਕੁਝ ਨਹੀਂ ਸੀ ਹੋਣਾ ਚਾਹੁੰਦੇ,ਉਹ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਹੁਣ ਇਹ ਮੁਗਲਾਂ ਦੀ ਪਾਤਸ਼ਾਹੀ ਜਿਆਦਾ ਦੇਰ ਤੱਕ ਨਹੀ ਟਿਕੇਗੀ।

ਭਾਈ ਤਾਰੂ ਸਿੰਘ ਜੀ ਦੀ ਇਸ ਕੁਰਬਾਨੀ ਨੂੰ ਭਾਈ ਰਤਨ ਸਿੰਘ ਭੰਗੂ ਆਪਣੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼'ਵਿੱਚ ਇਸ ਤਰਾਂ ਲਿਖਦੇ ਹਨ :-

"ਤਬ ਨਵਾਬ ਬਹੁ ਕ੍ਰੋਧ ਭਰਾ,ਸੋਊ ਹੁਕਮ ਉਨ ਮੋਚੀਅਨ ਕਰਾ॥੧੮॥
ਇਸਕੀ ਖੋਪਰੀ ਸਾਥੇ ਬਾਲ,ਕਾਟ ਉਤਾਰੋ ਰੰਬੀ ਨਾਲ॥
ਤਬੈ ਕਸਾਇਨ ਵੈਸੀ ਕਰੀ,ਕਰ ਪੈਨੀ ਸਿਰ ਰੰਬੀ ਧਰੀ॥੧੯॥
ਦੋਹਰਾ- ਪੈਨੀ ਬੀ ਰੰਬੀ ਕਰੀ,ਪਰ ਮਾਥਿਯੋ ਦਈ ਦਬਾਇ॥

ਮੱਥੇ ਤੇ ਕੰਨਾ ਤਾਈਂ, ਗਿਚੀਉਂ ਦਈ ਪੁਟਾਇ॥੨੦॥"

ਇਸ ਤੋਂ ਬਾਅਦ ਭਾਈ ਰਤਨ ਸਿੰਘ ਜੀ ਭਾਈ ਤਾਰੂ ਸਿੰਘ ਜੀ ਦੇ ਰੁਖ ਦੀ ਗੱਲ ਲਿਖਦੇ ਹਨ:-

"ਸਿੰਘ ਜੀ ਮੁੱਖ ਤੇ ਸੀ ਨਾ ਕਰੀ, ਧੰਨ ਧੰਨ ਗੁਰਮੁਖ ਕਹਣੀ ਕਰੀ॥
ਹਕਾਰੋ ਦੇਖ ਲੋਕ ਬਹੁ ਭਰੇ, ਜੋ ਸੋ ਸੁਣੇ ਸੋ ਹੈ ਹੈ ਕਰੇ॥
ਲੋਕ ਸਿਆਣੇ ਐਸੇ ਕਹੈਂ, ਪਾਤਸ਼ਾਹੀ ਇਨ ਕੀ ਨ ਰਹੈ॥"

ਅੱਜ ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਨਹੀ ਉਤਾਰੀ ਸਗੋਂ ਆਪਣੀ ਨਵਾਬੀ ਭਾਵ ਗਵਰਨਰੀ ਦਾ ਤਾਜ਼ ਆਪਣੇ ਸਿਰ ਤੋਂ ਉਤਾਰਿਆ ਹੈ। ਜ਼ਕਰੀਏ ਦੇ ਦਰਬਾਰ ਦੇ ਕਾਜ਼ੀਆਂ ਨੂੰ ਭਾਈ ਤਾਰੂ ਸਿੰਘ ਜੀ ਦੇ ਮੁਕਾਬਲੇ ਕੋਈ ਗੱਲ ਨਹੀ ਆਉਂਦੀ ਸੀ, ਇਹ ਸਭ ਸ਼ਰਾ ਸ਼ਰਾ ਕਰਦੇ ਫਿਰਦੇ ਸਨ। ਜਦੋਂ ਖੋਪਰੀ ਉਤਰ ਰਹੀ ਸੀ ਤਾਂ ਸਿਆਣੇ ਮੁਸਲਮਾਨ ਗੱਲਾਂ ਕਰ ਰਹੇ ਸਨ, "ਸਾਡੇ ਮੌਲਵੀਆਂ ਨੂੰ ਮਾਇਆ ਦੇ ਕੇ ਜਿਹੜਾ ਮਰਜ਼ੀ ਫ਼ਤਵਾ ਜ਼ਾਰੀ ਕਰਵਾ ਲਉ। ਜੇ ਇਹਨਾਂ ਤੋਂ ਸਿਆਣਾ ਕੋਈ ਹੋਰ ਆ ਗਿਆ ਤਾਂ ਇਹਨਾਂ ਮੌਲਵੀਆਂ ਨੂੰ ਵੀ ਕਿਸੇ ਨੇ ਨਹੀ ਪੁੱਛਣਾ।"

ਇਕ ਕਹਿ ਰਿਹਾ ਸੀ, "ਇਹ ਗੱਲ ਤਾਂ ਪੱਕੀ ਹੈ ਕਿ ਇਹ ਨਵਾਬ ਜ਼ਕਰੀਆ ਖਾਨ ਵੀ ਹੁਣ ਥੋੜੇ ਦਿਨ ਦਾ ਹੀ ਮਹਿਮਾਨ ਹੈ ਕਿਉਂਕਿ ਭਾਈ ਤਾਰੂ ਸਿੰਘ ਕਹਿ ਰਿਹਾ ਸੀ ਕਿ ਇਹਨਾਂ ਦੇ ਸਿੰਘ ਨਵਾਬ ਨੂੰ ਜੁੱਤੀਆਂ ਮਾਰ-ਮਾਰ ਕੇ ਲੈ ਕੇ ਜਾਣਗੇ।"

ਦੂਸਰਾ ਕਹਿਣ ਲੱਗਾ, "ਇੱਕ ਗੱਲ ਮੈਂ ਖਾਸ ਦੇਖੀ ਹੈ ਇਹਨਾਂ ਸਿੱਖਾਂ ਵਿੱਚ, ਪਹਿਲਾਂ ਇਹ ਕਿਸੇ ਨੂੰ ਕੁਝ ਨਹੀਂ ਕਹਿੰਦੇ ਤੇ ਵਧੀਕੀਆਂ ਵੀ ਬਹੁਤ ਸਹਿਣ ਕਰਦੇ ਹਨ ਪਰ ਜੇ ਕੋਈ ਇਹਨਾਂ ਦੇ ਸਿੱਖ ਧਰਮ ਨੂੰ ਚੋਟ ਮਾਰਦਾ ਹੈ ਤਾਂ ਫਿਰ ਇਹ ਜੋ ਵੀ ਸਹਿਜ ਸੁਭਾਅ ਬੋਲਦੇ ਹਨ ਉਹ ਸੱਚ ਹੋ ਜਾਂਦਾ ਹੈ।"

ਤੀਸਰਾ ਬੋਲਣ ਲੱਗਾ, "ਭਰਾਵੋ ! ਸਾਡੇ ਕੋਲੋਂ ਇਹ ਅਤਿੱਆਚਾਰ ਹੋਰ ਨਹੀਂ ਦੇਖਿਆ ਜਾਂਦਾ, ਚਲੋ ਆਪਾਂ ਇੱਥੋਂ ਜਲਦੀ ਚੱਲੀਏ।"

ਉਧਰ ਛੀਂਹਾ ਜੱਲਾਦ ਨੇ ਭਾਈ ਤਾਰੂ ਸਿੰਘ ਜੀ ਦੇ ਸਿਰ ਦੀ ਸਾਰੀ ਖੋਪਰੀ ਉਤਾਰ ਦਿੱਤੀ ਤੇ ਭਾਈ ਸਾਹਿਬ ਨੇ ਜਪੁ ਜੀ ਸਾਹਿਬ ਦਾ ਪਾਠ ਵੀ ਪੂਰਾ ਕਰ ਲਿਆ।

ਭਾਈ ਸਾਹਿਬ ਜੀ ਦੀ ਖੋਪਰੀ ਉਤਰ ਜਾਣ ਮਗਰੋਂ ਜ਼ਕਰੀਆ ਜ਼ੋਰ ਨਾਲ ਹੱਸਿਆ ਤੇ ਉਸ ਦੇਖ ਕੇ ਬਾਕੀ ਜ਼ਰਨੈਲ, ਕਾਜ਼ੀ ਤੇ ਮੌਲਵੀ ਵੀ ਹੱਸਣ ਲੱਗ ਪਏ।

ਜ਼ਕਰੀਏ ਨੇ ਭਾਈ ਤਾਰੂ ਸਿੰਘ ਨੂੰ ਕਿਹਾ, "ਤੂੰ ਤਾਂ ਕਹਿੰਦਾ ਸੀ ਕਿ ਤੇਰੇ ਕੇਸ ਤੇਰੇ ਸਰੀਰ ਦੇ ਨਾਲ ਹੀ ਨਿਭਣਗੇ...ਹੁਣ ਕੀ ਹੋਇਆ.? ਕਿੱਥੇ ਗਏ ਤੇਰੇ ਕੇਸ ਤੇ ਕਿੱਥੇ ਹੈ ਤੇਰਾ ਸਿਰ...?" ਜਦੋਂ ਜ਼ਕਰੀਆ ਖਾਨ ਇਹ ਕਹਿ ਰਿਹਾ ਸੀ ਤਾਂ ਭਾਈ ਤਾਰੂ ਸਿੰਘ ਦੇ ਸਿਰ 'ਚੋਂ ਲਹੂ ਦੀਆਂ ਧਾਰਾਂ ਵੱਗ ਰਹੀਆਂ ਸਨ ਤੇ ਸਾਰਾ ਸਰੀਰ ਲਹੂ ਨਾਲ ਲੱਥ-ਪੱਥ ਹੋਇਆ ਪਿਆ ਸੀ।

ਭਾਈ ਤਾਰੂ ਸਿੰਘ ਨੇ ਜ਼ਕਰੀਆ ਖਾਨ ਵੱਲ ਤੱਕਿਆ ਤੇ ਕਹਿਣ ਲੱਗੇ, "ਧਿਆਨ ਨਾਲ ਦੇਖ ਨਵਾਬ, ਮੇਰੇ ਕੇਸ ਤਾਂ ਸਿਰ ਦੇ ਨਾਲ ਹੀ ਨਿਭੇ ਹਨ। ਤੂੰ ਮੇਰੀ ਖੋਪਰੀ ਤਾਂ ਜ਼ਰੂਰ ਉਤਾਰੀ ਹੈ ਪਰ ਮੇਰੇ ਕੇਸਾਂ ਨੂੰ ਖੋਪਰੀ ਤੋਂ ਵੱਖ ਨਹੀ ਕਰ ਸਕਿਆ। ਸਿੰਘ ਜੋ ਬਚਨ ਕਰਦੇ ਹਨ ਉਹ ਪੂਰਾ ਕਰਦੇ ਹਨ। "

"ਇਹ ਸਿੰਘ ਬਹਾਦਰ ਸੂਰੇ, ਆਪਣੀ ਹੱਠ ਦੇ ਪੂਰੇ॥" (ਡਾ: ਹਰੀ ਰਾਮ ਗੁਪਤਾ)

ਭਾਈ ਤਾਰੂ ਸਿੰਘ ਇੰਨੀਂ ਬੁਰੀ ਹਾਲਤ ਵਿੱਚ ਵੀ ਜਵਾਬ ਦਿੰਦੇ ਹੋਏ ਦੇਖ ਕੇ ਜ਼ਕਰੀਆ ਹੋਰ ਵੀ ਸੜ ਕੇ ਸੁਆਹ ਹੋ ਗਿਆ। ਉਸਨੂੰ ਭਾਈ ਤਾਰੂ ਸਿੰਘ ਜੀ ਦੁਆਰਾ ਕਹੀਆਂ ਗੱਲਾਂ ਨਾਲ ਆਪਣੀ ਹਾਰ ਹੁੰਦੀ ਸਾਫ ਦਿਖਾਈ ਦੇ ਰਹੀ ਸੀ। ਉਸਨੇ ਛੀਂਹਾ ਜਲੌਦ ਨੂੰ ਦਿੱਤਾ, "ਸਿਪਾਹੀਆਂ ਦੀ ਮਦਦ ਨਾਲ ਤਾਰੂ ਸਿੰਘ ਨੂੰ ਹਿੰਦੂ ਧਰਮਸ਼ਾਲਾ ਦੇ ਨਾਲ ਦੇ ਪੁਲ ਤੋਂ ਥੱਲੇ ਸੁੱਟ ਦਿੱਤਾ ਜਾਵੇ। ਉਹ ਰਸਤਾ ਬਹੁਤ ਚਲਦਾ ਹੈ। ਉੱਥੇ ਇਹ ਜੰਗਲੀ ਜੀਵਾਂ ਦੀ ਖ਼ੁਰਾਕ ਬਣ ਜਾਵੇਗਾ। "

ਫਿਰ ਜ਼ਕਰੀਆ ਕਹਿਣ ਲੱਗਾ, "ਮੈਨੂੰ ਇਹ ਕਹਿ ਰਿਹਾ ਸੀ ਕਿ ਸਿੰਘ ਮੈਨੂੰ ਠੁਡੇ ਮਾਰ-ਮਾਰ ਕੇ ਲਿਜਾਣਗੇ, ਉਸ ਰਸਤੇ ਤੇ ਗਿੱਦੜ, ਕੁੱਤੇ ਤੇ ਕਾਂ ਇਸ ਦੇ ਸਰੀਰ ਨੂੰ ਠੁੰਗੇ ਮਾਰਨਗੇ, ਜਾਉ ਜਿਸ ਤਰਾਂ ਮੈਂ ਕਿਹਾ ਹੈ ਉਸੇ ਤਰਾਂ ਕਰੋ। "

ਛੀਂਹਾਂ ਜੱਲਾਦ ਅਤੇ ਨਾਲ ਖੜ੍ਹੇ ਸਿਪਾਹੀ ਖ਼ਾਫੀ ਖ਼ਾਂ ਨੇ ਭਾਈ ਸਾਹਿਬ ਜੀ ਦੇ ਲਹੂ ਨਾਲ ਲੱਥ-ਪੱਥ ਸਰੀਰ ਨੂੰ ਚੁੱਕਿਆ ਤੇ ਨਵਾਬ ਦੇ ਹੁਕਮ ਮੁਤਾਬਿਕ ਉਸੇ ਪੁਲ ਕੋਲ ਆ ਗਏ। ਉਧਰ ਭਾਈ ਸਾਹਿਬ ਮਦਹੋਸ਼ੀ ਵਿੱਚ ਵਾਹਿਗੁਰੂ ਦੇ ਸਿਮਰਨ ਨਾਲ ਜੁੜੇ ਹੋਏ ਸਨ। ਜਦੋਂ ਪੁਲ ਕੋਲ ਆ ਗਏ ਤਾਂ ਫਿਰ ਜਪੁਜੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ।

ਛੀਂਹੇ ਜੱਲਾਦ ਤੇ ਸਿਪਾਹੀਆਂ ਨੇ ਭਾਈ ਤਾਰੂ ਸਿੰਘ ਜੀ ਨੂੰ ਇਸ ਪੁਲ ਤੋਂ ਹੇਠਾਂ ਸੁੱਟ ਦਿੱਤਾ ਤੇ ਵਾਪਸ ਚਲੇ ਗਏ। ਜਿੱਥੇ ਭਾਈ ਸਾਹਿਬ ਨੂੰ ਸੁੱਟਿਆ ਗਿਆ ਉੱਥੇ ਇੱਕ ਡੂੰਘੀ ਖਾਈ ਸੀ ਜਿਸ ਵਿੱਚ ਭਾਈ ਸਾਹਿਬ ਡਿੱਗੇ ਤਾਂ ਸਨ ਪਰ ਅਕਾਲ-ਪੁਰਖ ਦੀ ਕ੍ਰਿਪਾ ਨਾਲ ਜਾਨ ਫਿਰ ਬਚ ਗਈ। ਡਿਗਦੇ ਸਾਰ ਹੀ ਭਾਈ ਸਾਹਿਬ ਨੇ ਆਪਣੇ-ਆਪ ਨੂੰ ਸੰਭਾਲਿਆ ਤੇ ਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਖਾਈ ਤੋਂ ਬਾਹਰ ਇੱਕ ਸਾਫ ਜਗ੍ਹਾ ਤੇ ਬੈਠ ਗਏ। ਸ਼ਰੀਰ ਦੇ ਲਹੂ ਨੂੰ ਕੁਝ ਠੀਕ ਕੀਤਾ ਤੇ ਸਿਮਰਨ ਵਿੱਚ ਮਨ ਜੋੜ ਲਿਆ ਤਾਂ ਕਿ ਸਰੀਰ ਦੀ ਪੀੜਾ ਨੂੰ ਘੱਟ ਕੀਤਾ ਜਾ ਸਕੇ। ਸਿਰ ਵਿੱਚੋਂ ਖ਼ੂਨ ਲਗਾਤਾਰ ਰਿਸਦਾ ਜਾ ਰਿਹਾ ਸੀ ਤੇ ਬਹੁਤ ਸਾਰਾ ਖ਼ੂਨ ਵਹਿ ਚੁੱਕਿਆ ਸੀ।

ਹੁਣ ਰਾਤ ਹੋ ਗਈ ਤੇ ਭਾਈ ਸੋਭਾ ਸਿੰਘ ਲਾਲੋ ਵੀ ਭਾਈ ਸਾਹਿਬ ਜੀ ਜੀ ਬਾਰੇ ਬਹੁਤ ਫਿਕਰਮੰਦ ਹੋ ਰਿਹਾ ਸੀ ਤੇ ਸੋਚ ਰਿਹਾ ਸੀ, "ਪਤਾ ਨਹੀ ਇਹਨਾਂ ਜ਼ਾਲਮਾਂ ਨੇ ਭਾਈ ਸਾਹਿਬ ਨਾਲ ਕੀ ਕੀਤਾ ਹੈ!, ਕਿੱਥੇ ਹਨ ਭਾਈ ਤਾਰੂ ਸਿੰਘ ਜੀ!, ਕਿੱਥੇ ਲੱਭਾਂ, ਕਿਸਨੂੰ ਪੁੱਛਾਂ, ਕੁਝ ਸਮਝ ਨਹੀਂ ਸੀ ਆ ਰਿਹਾ। ਕਿਤੇ ਇਨ੍ਹਾਂ ਨੇ ਭਾਈ ਸਾਹਿਬ ਨੂੰ ਸ਼ਹੀਦ ਤਾਂ.......ਨਹੀਂ..ਨਹੀਂ..ਨਹੀਂ..ਇਹ ਨਹੀਂ ਹੋ ਸਕਦਾ। "

ਇਸ ਤਰਾਂ ਦੇ ਵਿਚਾਰਾਂ ਨਾਲ ਭਾਈ ਸੋਭਾ ਸਿੰਘ ਲਾਲੋ ਬਹੁਤ ਚਿੰਤਤ ਸੀ। ਇੱਕ ਤਾਂ ਵਿਚਾਰ ਆਇਆ ਕਿ ਕਚਿਹਰੀ ਜਾ ਕੇ ਦੇਖਾਂ, ਫਿਰ ਵਿਚਾਰ ਆਇਆ ਕਿ ਉੱਥੇ ਤਾਂ ਕੋਈ ਵੀ ਨਹੀ ਹੋਵੇਗਾ। ਫਿਰ ਸੋਚਿਆ ਕਿ ਕਿਸੇ ਮੁਸਲਮਾਨ ਸਿਪਾਹੀ ਨੂੰ ਪੁੱਛਾਂ, ਪਰ ਫਿਰ ਵਿਚਾਰ ਆਇਆ ਕਿ ਸਿਪਾਹੀ ਤਾਂ ਪਹਿਲਾਂ ਹੀ ਸਿੱਖਾਂ ਦੇ ਦੁਸ਼ਮਣ ਹਨ, ਉਨ੍ਹਾਂ ਨੇ ਨਹੀਂ ਦੱਸਣਾ। ਇਸ ਤਰਾਂ ਭਾਈ ਸੋਭਾ ਸਿੰਘ ਦਾ ਇੱਕ-ਇੱਕ ਪਲ ਇੱਕ-ਇੱਕ ਸਾਲ ਵਰਗਾ ਲੰਘ ਰਿਹਾ ਸੀ। ਰਾਤ ਵੇਲੇ ਦਾ ਸਮਾਂ ਹੋਣ ਕਰਕੇ ਇਹ ਸਾਰਾ ਕੁਝ ਪਤਾ ਕਰਨਾ ਇੱਕ ਬਹੁਤ ਵੱਡੇ ਪਹਾੜ ਦੇ ਬਰਾਬਰ ਸੀ। ਫਿਰ ਭਾਈ ਸੋਭਾ ਸਿੰਘ ਨੇ ਵਾਹਿਗੁਰੂ ਜੀ ਦੇ ਚਰਨਾ ਵਿੱਚ ਅਰਦਾਸ ਕੀਤੀ, "ਹੇ ਅਕਾਲ-ਪੁਰਖ! ਜਿੱਥੇ ਵੀ ਭਾਈ ਤਾਰੂ ਸਿੰਘ ਜੀ ਹਨ, ਉਹਨਾਂ ਦੀ ਰੱਖਿਆ ਕਰਨੀ ਤੇ ਉਹਨਾ ਨੂੰ ਤਾਕਤ, ਬੱਲ ਪ੍ਰਦਾਨ ਕਰਨਾ।" ਇਸ ਤਰਾਂ ਸੋਭਾ ਸਿੰਘ ਜੀ ਨੇ ਸਾਰੀ ਰਾਤ ਭਾਈ ਸਾਹਿਬ ਜੀ ਦੀ ਚਿੰਤਾ ਕਰਦਿਆਂ ਤੇ ਵਾਹਿਗੁਰੂ ਜੀ ਦਾ ਸਿਮਰਨ ਕਰਦਿਆਂ ਬਿਤਾਈ।

ਇਹ ਇਸਲਾਮੀ ਰਾਜ ਦੇ ਜ਼ੁਲਮ ਤੇ ਅੱਤਿਆਚਾਰ ਦਾ ਸਿਖਰ ਸੀ। ਭਾਈ ਤਾਰੂ ਸਿੰਘ ਜੀ ਨੇ ਸਿੱਖ ਗੁਰੂ ਪੰਥ ਦੇ ਰਾਹੇ ਚੱਲ ਕੇ ਸਿੱਖ ਧਰਮ ਵਿੱਚ ਦ੍ਰਿੜਤਾ ਰੱਖੀ ਤੇ ਸਬਰ, ਸੰਤੋਖ ਤੇ ਧੀਰਜ ਨਾਲ ਇਹ ਕਸ਼ਟ ਸਹੇ।

"ਹਿੰਦੁਸਤਾਨ ਦਿਲ ਭਈ ਬਧਾਈ, ਸਿੱਖੀ ਕੀ ਗੁਰ ਪੈਜ ਰਖਾਈ॥
ਭਯੋ ਤਾਰੂ ਸਿੰਘ ਕੋ ਪ੍ਰਾਣ ਪੂਰੇ, ਬਜੇ ਸਿੰਘਣ ਘਰ ਅਨਹਦ ਤੂਰੇ॥
ਮੁਸਲਮਾਨ ਕੋ ਬਹੁ ਚਿੰਤਾ ਭਈ, ਪਾਤਸ਼ਾਹੀ ਹਮ ਕੋ ਅਬ ਗਈ॥"
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ-੩੦੦-੩੦੧)

ਪਾਠਕਾਂ ਦੀ ਜਾਣਕਾਰੀ ਵਾਸਤੇ ਕੁਝ ਬਚਨ ਇੱਥੇ ਲਿਖਣੇ ਜ਼ਰੂਰੀ ਹਨ। ਭਾਈ ਤਾਰੂ ਸਿੰਘ ਜੀ ਦੀ ਖ਼ੋਪਰੀ ਉਤਾਰੇ ਜਾਣ ਦੇ ਸਬੰਧ ਵਿੱਚ ਬਹੁਤ ਸਾਰੀਆਂ ਕਿਤਾਬਾਂ ਦਾ ਅਧਿਐਨ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ ਭਾਈ ਰਤਨ ਸਿੰਘ ਭੰਗੂ ਦੀ ਪ੍ਰਸੰਗ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼' ਨੂੰ ਬਹੁਤ ਵਿਸਥਾਰ ਨਾਲ ਅਧਿਐਨ ਕੀਤਾ ਗਿਆ। ਭੰਗੂ ਸਾਹਿਬ ਆਪਣੀ ਰਚਨਾ ਵਿੱਚ ਇਹ ਗੱਲ ਦਾ ਜ਼ਿਕਰ ਕਰਦੇ ਹਨ ਕਿ ਜਦੋਂ ਨਾਈ ਭਾਈ ਸਾਹਿਬ ਜੀ ਦੇ ਕੇਸ ਕੱਟਣ ਲੱਗਾ ਤਾਂ ਨਾਈ ਦਾ ਉਸਤਰਾ ਖੁੰਢਾ ਹੋ ਗਿਆ ਤੇ ਨਾਈ ਦੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ। ਇਸ ਤੋਂ ਬਿਨਾਂ ਗਿਆਨੀ ਗਿਆਨ ਸਿੰਘ ਜੀ ਵੀ ਆਪਣੀ ਪ੍ਰਸੰਗ ਰਚਨਾ ਵਿੱਚ ਇਸੇ ਤਰਾਂ ਦੀਆਂ ਚਮਤਕਾਰੀ ਗੱਲਾਂ ਲਿਖਦੇ ਹਨ ਤੇ ਹੋਰ ਵੀ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਦੇ ਵਾਲ ਲੋਹੇ ਦੀਆਂ ਜਾਂ ਸੋਨੇ ਦੀਆਂ ਤਾਰਾਂ ਬਣ ਗਏ।

ਇੱਕ ਹੋਰ ਇਤਿਹਾਸ ਕਾਰ ਲਿਖਦਾ ਹੈ ਕਿ ਪਹਿਲਾਂ ਨਾਈ ਫਿਰ ਮੋਚੀ ਤੇ ਫਿਰ ਤਰਖਾਣ ਨੂੰ ਆਰੀ ਫੜਾਈ ਤੇ ਆਖੀਰ ਛੈਣੀ ਤੇ ਹਥੋੜੇ ਨਾਲ ਵੀ ਭਾਈ ਤਾਰੂ ਸਿੰਘ ਦੇ ਵਾਲ ਨਹੀਂ ਕੱਟੇ ਗਏ ਭਾਵ ਚਮਤਕਾਰ ਹੋਇਆ ਤੇ ਸਾਰੇ ਔਜ਼ਾਰ ਕੰਮ ਕਰਨਾ ਬੰਦ ਕਰ ਗਏ। ਉਸਤਰਾ ਖੁੰਢਾ ਹੋਣਾ, ਨਾਈ ਦਾ ਅੰਨ੍ਹਾ ਹੋਣਾ ਜਾਂ ਵਾਲ ਲੋਹੇ ਦੀਆਂ ਤਾਰਾਂ ਬਣਨਾ ਇਹ ਸਭ ਚਮਤਕਾਰੀ ਗੱਲਾਂ ਹਨ ਭਾਵ ਜਾਦੂ ਟੋਟਕੇ ਹੀ ਨਜ਼ਰ

ਆਉਂਦੇ ਹਨ। ਗੁਰੂ ਇਤਿਹਾਸ ਜੇ ਪੂਰਨ ਗੁਰਮੱਤ ਵਿੱਚ ਲਿਖਿਆ ਜਾਵੇ ਤਾਂ ਉਹ ਤਿੰਨ ਕਾਲ ਸੱਤ ਹੁੰਦਾ ਹੈ।

ਭਾਈ ਤਾਰੂ ਸਿੰਘ ਜੀ ਜਿੱਥੇ ਇੱਕ ਬਹਾਦਰ ਇਨਸਾਨ ਸਨ ਉੱਥੇ ਉਹ ਇੱਕ ਬ੍ਰਹਮਗਿਆਨੀ ਦਾ ਦਰਜਾ ਵੀ ਰੱਖਦੇ ਸਨ ਕਿਉਂਕਿ ਉਹਨਾਂ ਨੂੰ ਗੁਰਮੱਤ ਦੀ ਪੂਰੀ ਸੋਝੀ ਸੀ ਤੇ ਉਹਨਾਂ ਦੇ ਪਰਿਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਨਿਵਾਜਿਆ ਸੀ ਤੇ ਜੇ ਜ਼ਰੂਰਤ ਹੁੰਦੀ ਤਾਂ ਉਹਨਾਂ ਵਾਸਤੇ ਨਾਈ ਜਾਂ ਮੋਚੀ ਕੀ ਸਨ, ਉਹ ਜ਼ਕਰੀਆਂ ਖਾਨ ਦੀਆਂ ਅੱਖਾਂ ਵੀ ਅੰਨ੍ਹੀਆਂ ਕਰ ਸਕਦੇ ਸਨ। ਇਹ ਗ਼ਰੀਬ ਨਾਈ ਜਾਂ ਮੋਚੀ ਤਾਂ ਜ਼ਕਰੀਆ ਖਾਨ ਤੋਂ ਡਰਦੇ ਮਾਰੇ ਉਸ ਦਾ ਹੁਕਮ ਹੀ ਮੰਨ ਰਹੇ ਸਨ।

ਭਾਈ ਤਾਰੂ ਸਿੰਘ ਤਾਂ ਇੱਕ ਐਸੇ ਇਤਿਹਾਸ ਦੀ ਸਿਰਜਣਾ ਕਰਨੀ ਚਾਹੁੰਦੇ ਸਨ ਕਿ ਆਉਣ ਵਾਲੇ ਸਮੇਂ ਵਿੱਚ ਗੁਰੂ ਕੇ ਸਿੰਘਾਂ ਨੂੰ ਕੇਸਾਂ ਦੀ ਮਹਾਨਤਾ ਪਤਾ ਲੱਗ ਸਕੇ ਕਿ ਸਿੱਖ ਖ਼ੋਪਰ ਤਾਂ ਉਤਰਵਾ ਸਕਦਾ ਹੈ ਪਰ ਕੇਸ ਕਿਸੇ ਹਾਲਤ ਵਿੱਚ ਵੀ ਕਤਲ ਨਹੀ ਕਰਵਾ ਸਕਦਾ। ਇਹੀ ਸੱਚ ਹੈ ਕਿ ਭਾਈ ਸਾਹਿਬ ਨੇ ਗੁਰੂ ਕ੍ਰਿਪਾ ਸਦਕਾ ਜ਼ੁਲਮ ਸਹਿਣ ਕੀਤਾ ਤੇ ਖੋਪਰੀ ਉਤਰਵਾ ਲਈ ਪਰ ਕੇਸ ਨਹੀਂ ਕੱਟਣ ਦਿੱਤੇ ਤੇ ਛੀਂਹੇ ਜੱਲਾਦ ਨੇ ਇੰਝ ਹੀ ਕੀਤਾ।

11 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 23 ਦਿਨ)

ਅੱਜ ੧੧ ਜੂਨ ਦਾ ਅੰਮ੍ਰਿਤ ਵੇਲਾ ਆਰੰਭ ਹੋਇਆ। ਇਹਨਾਂ ਪਾਪੀਆਂ ਨੇ ਰਾਤ ਨੂੰ ਭਾਈ ਤਾਰੂ ਸਿੰਘ ਜੀ ਨੂੰ ਬਹੁਤ ਜ਼ਖਮੀ ਹਾਲਤ ਵਿੱਚ ਚੁੱਕ ਕੇ ਪੁਲ ਦੇ ਕੋਲ ਡੂੰਘੀ ਖਾਈ ਵਿੱਚ ਸੁੱਟ ਦਿੱਤਾ ਹੈ ਅਤੇ ਛੀਂਹਾ ਜੱਲਾਦ ਤੇ ਸਿਪਾਹੀਆਂ ਨੇ ਇਹ ਸਮਝ ਲਿਆ ਹੈ ਕਿ ਭਾਈ ਸਾਹਿਬ ਖਾਈ ਵਿੱਚ ਡਿੱਗ ਕੇ ਸ਼ਹੀਦੀ ਪ੍ਰਾਪਤ ਕਰ ਗਏ ਹੋਣਗੇ। ਪਰ ਭਾਈ ਸਾਹਿਬ ਜੀ ਦੀ ਜਾਨ ਬਚ ਗਈ। ਉਨ੍ਹਾਂ ਨੇ ਆਪਣੇ ਆਪ ਨੂੰ ਸੰਭਾਲ ਕੇ ਇੱਕ ਸਾਫ ਜਗ੍ਹਾ ਉੱਪਰ ਬਿਠਾ ਲਿਆ ਤੇ ਖ਼ੂਨ ਸਾਫ ਕਰਕੇ ਸਰੀਰ ਨੂੰ ਥੋੜਾ ਕੁਝ ਠੀਕ ਕਰ ਲਿਆ ਹੈ।

ਉਧਰ ਭਾਈ ਸਾਹਿਬ ਨੂੰ ਬਹੁਤ ਪਿਆਰ ਕਰਨ ਵਾਲਾ ਸਿੰਘ ਭਾਈ ਸੋਭਾ ਸਿੰਘ ਲਾਲੋ ਆਪ ਜੀ ਦੀ ਕੋਈ ਖਬਰ ਨਾ ਮਿਲਣ ਕਰਕੇ ਬਹੁਤ ਘਬਰਾਇਆ ਹੈ ਤੇ ਅੰਮ੍ਰਿਤ ਵੇਲੇ ਨਿੱਤਨੇਮ ਕਰਕੇ ਅਰਦਾਸ ਕਰਕੇ ਭਾਈ ਸਾਹਿਬ ਦੀ ਕੋਈ ਉੱਘ-ਸੁੱਘ ਪਤਾ ਕਰਨ ਲਈ ਜੇਲ੍ਹ ਦੇ ਮੁੱਖ ਦਰਵਾਜ਼ੇ ਤੇ ਆਇਆ ਤੇ ਇੱਥੇ ਇਸ ਸਮੇਂ ਜੇਲ੍ਹਰ ਅਹਿਮਦ ਖ਼ਾਂ ਦੀ ਡਿਊਟੀ ਸੀ ਤੇ ਭਾਈ ਸੋਭਾ ਸਿੰਘ ਸਿਪਾਹੀਆਂ ਦੀ ਮੱਦਦ ਨਾਲ ਅਹਿਮਦ ਖ਼ਾਂ ਮਿਲੇ ਤੇ ਪੁੱਛਿਆ, "ਅਹਿਮਦ ਖ਼ਾਂ ਸਾਹਿਬ! ਭਾਈ ਸਾਹਿਬ ਦੀ ਕੋਈ ਖਬਰ ਪਤਾ ਲੱਗੀ ਹੈ? ਕਿੱਥੇ ਹੋਣਗੇ ਉਹ, ਮੈਂ ਉਹਨਾਂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।"

ਅਹਿਮਦ ਖ਼ਾਂ ਨੇ ਸੋਭਾ ਸਿੰਘ ਨੂੰ ਦੱਸਿਆ, "ਸਿੰਘਾ! ਜਿਨ੍ਹਾਂ ਨੂੰ ਤੂੰ ਰੋਜ਼ ਪ੍ਰਸ਼ਾਦਾ ਛਕਾਉਂਦਾ ਸੀ ਤੇ ਸੇਵਾ ਕਰਦਾ ਸੀ, ਉਹ ਅੱਜ ਆਪਣੇ ਵਿੱਚ ਨਹੀਂ

ਰਹੇ।"

ਭਾਈ ਸੋਭਾ ਸਿੰਘ ਜੀ ਨੇ ਜਦੋਂ ਇਹ ਖਬਰ ਸੁਣੀ ਤਾਂ ਮਾਨੋਂ ਉਹਨਾਂ ਦੇ ਸਾਹ ਹੀ ਰੁੱਕ ਗਏ ਹੋਣ ਤੇ ਉਹ ਇੱਕ ਪਲ ਲਈ ਤਾਂ ਸੁੰਨ ਹੀ ਹੋ ਗਏ। ਫਿਰ ਆਪਣੇ-ਆਪ ਨੂੰ ਸੰਭਾਲ ਕੇ ਅਹਿਮਦ ਖ਼ਾਂ ਨੂੰ ਕਹਿਣ ਲੱਗੇ, "ਨਹੀਂ,ਇਹ ਕਿਵੇਂ ਹੋ ਸਕਦਾ ਹੈ..! ਤੁਹਾਨੂੰ ਕੋਈ ਭੁਲੇਖਾ ਲੱਗਾ ਹੋਵੇਗਾ।"

ਤਾਂ ਅਹਿਮਦ ਖ਼ਾਂ ਆੱਖਣ ਲੱਗਾ,"ਕਲ੍ਹ ਰਾਤ ਨੂੰ ਜਦੋਂ ਮੈਂ ਜੇਲ੍ਹ ਆਇਆ ਤਾਂ ਸਿਪਾਹੀ ਖ਼ਫੀ ਖ਼ਾਂ ਨੇ ਦੱਸਿਆ ਕਿ ਉਹ ਰਾਤ ਨੂੰ ਭਾਈ ਤਾਰੂ ਸਿੰਘ ਜੀ ਨੂੰ ਖੋਪਰ ਉਤਾਰ ਕੇ ਪੁਲ ਦੇ ਕੋਲ ਖਾਈ ਵਿੱਚ ਸੁੱਟ ਆਏ ਸਨ ਤੇ ਸੁੱਟਦੇ ਸਾਰ ਉਹ ਪੂਰੇ ਹੋ ਗਏ ਸਨ। ਉਸ ਜਗ੍ਹਾ ਤੇ ਬਹੁਤ ਸਾਰੇ ਜੰਗਲੀ ਜਾਨਵਰ ਫਿਰਦੇ ਰਹਿੰਦੇ ਹਨ ਤੇ ਹੁਣ ਤੱਕ ਤਾਂ ਸ਼ਾਇਦ ਉਹ ਭਾਈ ਸਾਹਿਬ ਨੂੰ.........!" ਇਹ ਕਹਿ ਕੇ ਅਹਿਮਦ ਖ਼ਾਂ ਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਮੂੰਹ 'ਚੋਂ ਬੋਲ ਨਹੀਂ ਸਨ ਨਿਕਲ ਰਹੇ।

ਫਿਰ ਕਹਿਣ ਲੱਗਾ,"ਮੈਂ ਰਾਤ ਦੇ ਤੀਸਰੇ ਪਹਿਰ ਤੋਂ ਇੱਥੇ ਤਾਇਨਾਤ ਹਾਂ ਤੇ ਅੱਜ ਦੁਪਿਹਰ ਤੱਕ ਕੁਝ ਨਹੀਂ ਕਰ ਸਕਦਾ। ਤੂੰ ਇਹ ਕੁਝ ਮਾਇਆ ਲੈ ਜਾ ਤੇ ਜਾ ਕੇ ਭਾਈ ਸਾਹਿਬ ਜੀ ਦਾ ਸਰੀਰ ਲੱਭ ਕੇ ਮੈਨੂੰ ਖਬਰ ਕਰ ਦੇਣਾ,ਮੈਂ ਵੀ ਉਹਨਾਂ ਦੀ ਆਖਰੀ ਸੇਵਾ ਵਿੱਚ ਸ਼ਾਮਲ ਹੋਵਾਂਗਾ।"

ਅਹਿਮਦ ਖ਼ਾਂ ਦੀ ਗੱਲ ਸੁਣ ਕੇ ਭਾਈ ਸੋਭਾ ਸਿੰਘ ਜੀ ਉੱਥੋਂ ਜਲਦੀ ਨਾਲ ਭੱਜੇ ਤੇ ਅਹਿਮਦ ਖ਼ਾਂ ਦੀ ਦੱਸੀ ਜਗ੍ਹਾ 'ਤੇ ਪਹੁੰਚੇ ਅਤੇ ਭਾਈ ਤਾਰੂ ਸਿੰਘ ਜੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਫਿਰ ਕੰਨਾ ਵਿੱਚ ਸਿਮਰਨ ਦੀ ਮੱਧਮ ਆਵਾਜ਼ ਪਈ ਤੇ ਸੋਭਾ ਸਿੰਘ ਉਧਰ ਨੂੰ ਚਲੇ ਗਏ ਜਿੱਥੋਂ ਆਵਾਜ਼ ਆ ਰਹੀ ਸੀ। ਭੱਜ ਕੇ ਦੇਖਿਆ ਤਾਂ ਭਾਈ ਤਾਰੂ ਸਿੰਘ ਜੀ ਜ਼ਖਮੀ ਹਾਲਤ ਵਿੱਚ ਬੈਠੇ ਸਿਮਰਨ ਵਿੱਚ ਲੀਨ ਸਨ ਤੇ ਸਿਰ ਚੋਂ ਖ਼ੂਨ ਰਿਸ ਰਿਹਾ ਸੀ। ਜਦੋਂ ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਨੂੰ ਜਿਉਂਦੇ ਦੇਖਿਆ ਤਾਂ ਉਹਨਾਂ ਦੀ ਜਾਨ ਵਿੱਚ ਜਾਨ ਆਈ ਤੇ ਅਕਾਲ-ਪੁਰਖ ਦਾ ਧੰਨਵਾਦ ਕੀਤਾ ਪਰ ਜਦੋਂ ਸਿਰ ਦਾ ਜ਼ਖ਼ਮ ਦੇਖਿਆ ਤਾਂ ਮੁੱਖ 'ਚੋਂ ਸੁਭਾਵਿਕ ਹੀ ਨਿਕਲਿਆ 'ਵਾਹਿਗੁਰੂ-ਵਾਹਿਗੁਰੂ', ਹੱਥ ਜੋੜ ਕੇ ਭਾਈ ਸਾਹਿਬ ਦੇ ਚਰਨਾਂ ਵਿੱਚ ਡਿੱਗ ਪਏ। ਭਾਈ ਤਾਰੂ ਸਿੰਘ ਜੀ ਨੇ ਨੇਤਰ ਖੋਲੇ ਤੇ ਸੋਭਾ ਸਿੰਘ ਵੱਲ ਦੇਖਿਆ। ਸੋਭਾ ਸਿੰਘ ਨੇ ਭਾਈ ਸਾਹਿਬ ਨੂੰ ਸਹਾਰਾ ਦੇ ਕੇ ਉੱਚੀ ਤੇ ਸਾਫ ਜਗ੍ਹਾ ਤੇ ਬਿਠਾਇਆ ਤੇ ਕਹਿਣ ਲੱਗੇ,"ਭਾਈ ਸਾਹਿਬ,ਤੁਸੀਂ ਠੀਕ ਹੋ..?, ਇਹ ਕੀ ਹਾਲਤ ਕੀਤੀ ਹੈ ਇਨ੍ਹਾਂ ਜ਼ਾਲਮਾਂ ਨੇ।"

ਭਾਈ ਤਾਰੂ ਸਿੰਘ ਜੀ ਨੇ ਬਹੁਤ ਹੌਲੀ ਆਵਾਜ਼ ਵਿੱਚ ਸੋਭਾ ਸਿੰਘ ਜੀ ਤੋਂ ਪਾਣੀ ਮੰਗਿਆ। ਸੋਭਾ ਸਿੰਘ ਜਲਦੀ ਨਾਲ ਇੱਧਰ-ਉੱਧਰ ਪਾਣੀ ਦੀ ਭਾਲ ਕਰਨ ਲੱਗੇ ਤੇ ਇੱਕ ਜਗ੍ਹਾ ਤੋਂ ਪਾਣੀ ਨਾਲ ਕੱਪੜਾ ਗਿੱਲਾ ਕਰ ਕੇ ਭਾਈ ਸਾਹਿਬ ਕੋਲ ਆਏ ਤੇ ਭਾਈ ਸਾਹਿਬ ਜੀ ਦੇ ਮੂੰਹ ਵਿੱਚ ਕਪੜਾ ਨਿਚੋੜ ਦਿੱਤਾ। ਭਾਈ ਸੋਭਾ ਸਿੰਘ ਨੇ ਭਾਈ ਤਾਰੂ ਸਿੰਘ ਜੀ ਨੂੰ ਕਿਹਾ, "ਭਾਈ ਸਾਹਿਬ ਜੀ,ਜ਼ਕਰੀਆ ਤੇ ਉਸ

ਦੇ ਸਾਥੀਆਂ ਨੂੰ ਯਕੀਨ ਹੋ ਗਿਆ ਹੈ ਕਿ ਤੁਸੀਂ ਸ਼ਹੀਦ ਹੋ ਗਏ ਹੋ। ਮੈਂ ਹੁਣੇ ਜਾ ਕੇ ਸਾਰਾ ਇੰਤਜ਼ਾਮ ਕਰਕੇ ਆਉਂਦਾ ਹਾਂ ਤੇ ਰਾਤ ਨੂੰ ਤੁਸੀਂ ਮੇਰੇ ਨਾਲ ਘਰ ਚੱਲੋ ਉੱਥੇ ਆਪ ਜੀ ਦਾ ਪੂਰਾ ਇਲਾਜ਼ ਹੋ ਜਾਵੇਗਾ। ਤੁਸੀਂ ਜਲਦੀ ਠੀਕ ਹੋ ਜਾਵੋਗੇ।"

ਭਾਈ ਸਾਹਿਬ ਜੀ ਨੇ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕੀਤਾ ਤੇ ਮਧਹੋਸ਼ ਆਵਾਜ਼ ਵਿੱਚ ਇੱਕ ਚਾਦਰ ਤੇ ਪਾਣੀ ਦੀ ਮੰਗ ਕੀਤੀ ਤੇ ਭਰੋਸਾ ਦਿੱਤਾ, "ਘਬਰਾਉ ਨਾ, ਉਹ ਠੀਕ-ਠਾਕ ਹਨ, ਅਜੇ ਮੈਂ ਇੱਥੇ ਹੀ ਰਹਿਣਾ ਹੈ।"

ਭਾਈ ਸੋਭਾ ਸਿੰਘ ਜੀ ਕਹਿਣ ਲੱਗੇ, "ਨਹੀਂ ਭਾਈ ਸਾਹਿਬ ਜੀ! ਤੁਸੀਂ ਮੇਰੇ ਨਾਲ ਘਰ ਚੱਲੋ, ਕਿਉਂਕਿ ਜ਼ਖ਼ਮ ਬਹੁਤ ਗਹਿਰਾ ਹੈ ਨਾਲੇ ਇੱਥੇ ਦੱਸਦੇ ਹਨ ਕਿ ਜੰਗਲੀ ਜਾਨਵਰ ਆਉਂਦੇ ਹਨ।"

ਪਰ ਭਾਈ ਤਾਰੂ ਸਿੰਘ ਜੀ ਨੇ ਫਿਰ ਹੱਥ ਦੇ ਇਸ਼ਾਰੇ ਨਾਲ ਮਨ੍ਹਾ ਕਰ ਦਿੱਤਾ ਤੇ ਉਨਾਂ ਨੂੰ ਉੱਥੋਂ ਜਾਣ ਲਈ ਕਿਹਾ ਤਾਂ ਭਾਈ ਸੋਭਾ ਸਿੰਘ ਘਰ ਵੱਲ ਨੂੰ ਦੌੜੇ। ਘਰ ਪਹੁੰਚ ਕੇ ਚਾਦਰ, ਪਾਣੀ, ਮਹਿੰਦੀ ਦੇ ਪੱਤੇ, ਨਿੰਮ ਦੇ ਪੱਤੇ, (ਮਲ੍ਹਮ ਤਿਆਰ ਕਰਨ ਲਈ), ਤੇ ਹਲਦੀ ਵਾਲਾ ਦੁੱਧ ਤੇ ਦਲੀਆ ਤਿਆਰ ਕੀਤਾ। ਇਹ ਸਭ ਚੀਜ਼ਾਂ ਲੈ ਕੇ ਭਾਈ ਸਾਹਿਬ ਜੀ ਦੇ ਕੋਲ ਪਹੁੰਚੇ ਤੇ ਦੇਖਿਆ ਕਿ ਭਾਈ ਸਾਹਿਬ ਦੀਆਂ ਅੱਖਾਂ ਦੇ ਦੁਆਲੇ ਸੋਜ਼ ਬਹੁਤ ਜ਼ਿਆਦਾ ਸੀ। ਸੋਭਾ ਸਿੰਘ ਨੇ ਜਲਦੀ ਨਾਲ ਭਾਈ ਸਾਹਿਬ ਜੀ ਨੂੰ ਪਹਿਲਾਂ ਹਲਦੀ ਵਾਲਾ ਦੁੱਧ ਛਕਾਇਆ ਤੇ ਫਿਰ ਪਾਣੀ ਨਾਲ ਸਾਰਾ ਸਰੀਰ ਸਾਫ ਕੀਤਾ ਤੇ ਜ਼ਖ਼ਮਾਂ ਉੱਪਰ ਮਲ੍ਹਮ ਲਗਾ ਕੇ ਕਪੜਾ ਲਪੇਟ ਦਿੱਤਾ। ਇਸ ਤਰਾਂ ਸੋਭਾ ਸਿੰਘ ਨੇ ਭਾਈ ਸਾਹਿਬ ਜੀ ਦੀ ਸੇਵਾ ਸ਼ੁਰੂ ਕੀਤੀ। ਕੁਝ ਘੜੀਆਂ ਬਾਅਦ ਸੋਭਾ ਸਿੰਘ ਨੇ ਭਾਈ ਸਾਹਿਬ ਜੀ ਨੂੰ ਦਲੀਆ ਛਕਾਇਆ। ਹੁਣ ਭਾਈ ਸਾਹਿਬ ਪਹਿਲਾਂ ਨਾਲੋਂ ਕੁਝ ਠੀਕ ਲੱਗ ਰਹੇ ਸਨ ਤੇ ਅੱਖਾਂ ਦੀ ਸੋਜ਼ ਕੁਝ ਉੱਤਰੀ ਹੋਈ ਸੀ।

ਦਿਨ ਦਾ ਦੂਜਾ ਪਹਿਰ ਸ਼ੁਰੂ ਹੋਇਆ। ਸੋਭਾ ਸਿੰਘ ਜੀ ਨੇ ਵਾਪਸ ਆ ਕੇ ਪਹਿਲਾਂ ਅਹਿਮਦ ਖ਼ਾਂ ਨੂੰ ਦੱਸਿਆ ਤੇ ਫਿਰ ਕੁਝ ਹਿੰਦੂ ਤੇ ਸਿੱਖ ਵੀਰਾਂ ਨੂੰ ਦੱਸਿਆ ਤੇ ਉਹ ਭਾਈ ਤਾਰੂ ਸਿੰਘ ਦੇ ਠੀਕ ਹੋਣ ਦੀ ਖਬਰ ਸੁਣ ਕੇ ਬਹੁਤ ਖੁਸ਼ ਹੋਏ ਤੇ ਭਾਈ ਸਾਹਿਬ ਦੇ ਦਰਸ਼ਨਾਂ ਲਈ ਸੋਭਾ ਸਿੰਘ ਜੀ ਨੂੰ ਬੇਨਤੀ ਕਰਨ ਲੱਗੇ। ਇੱਥੇ ਜਿੱਥੇ ਹਿੰਦੂ ਸਿੱਖ ਵੀਰਾਂ ਨੇ ਭਾਈ ਤਾਰੂ ਸਿੰਘ ਜੀ ਦੀ ਸਾਂਭ-ਸੰਭਾਲ ਲਈ ਸਾਥ ਦਿੱਤਾ ਉੱਥੇ ਅਹਿਮਦ ਖ਼ਾਂ ਨੇ ਵੀ ਸੋਭਾ ਸਿੰਘ ਨੂੰ ਬਹੁਤ ਹੌਂਸਲਾ ਦਿੱਤਾ ਤੇ ਮਾਇਆ ਆਦਿ ਨਾਲ ਮਦੱਦ ਕਰਦਾ ਰਿਹਾ। ਰਾਤ ਹੋਣ ਵਾਲੀ ਸੀ, ਭਾਈ ਸੋਭਾ ਸਿੰਘ ਤੇ ਕੁਝ ਹਿੰਦੂ-ਸਿੱਖ ਵੀਰ ਭਾਈ ਤਾਰੂ ਸਿੰਘ ਜੀ ਨੂੰ ਦੇਖਣ ਗਏ। ਭਾਈ ਸੋਭਾ ਸਿੰਘ ਨੇ ਇਨ੍ਹਾਂ ਵੀਰਾਂ ਨੂੰ ਬੇਨਤੀ ਕੀਤੀ ਕਿ ਜ਼ਕਰੀਆ ਖਾਨ ਭਾਈ ਸਾਹਿਬ ਨੂੰ ਸ਼ਹੀਦ ਹੋਇਆ ਸਮਝ ਰਿਹਾ ਹੈ, ਇਸ ਲਈ ਕਿਸੇ ਹੋਰ ਨੂੰ ਭਾਈ ਸਾਹਿਬ ਦੇ ਠੀਕ ਹੋਣ ਦਾ ਪਤਾ ਨਾ ਲੱਗੇ। ਅੱਜ ਰਾਤ ਸੋਭਾ ਸਿੰਘ ਭਾਈ ਤਾਰੂ ਸਿੰਘ ਜੀ ਕੋਲ ਹੀ ਰੁਕੇ ਤੇ ਸਾਰੀ ਰਾਤ ਭਾਈ ਸਾਹਿਬ ਜੀ ਦੀ ਸੇਵਾ ਕਰਦੇ ਰਹੇ। ਪੱਟੀਆਂ ਬਦਲਦੇ ਰਹੇ ਤੇ ਥੋੜੀ-ਥੋੜੀ ਦੇਰ ਬਾਅਦ ਭਾਈ ਸਾਹਿਬ ਨੂੰ ਕੁਝ ਨਾ ਕੁਝ (ਦੁੱਧ, ਕਾੜ੍ਹਾ ਆਦਿ) ਪਿਲਾਉਂਦੇ ਰਹੇ।

ਭਾਈ ਤਾਰੂ ਸਿੰਘ ਸਰੀਰਕ ਪੱਖੋਂ ਤਾਂ ਜ਼ਰੂਰ ਜਖ਼ਮੀ ਹੋਏ ਸਨ ਪਰ ਆਤਮਿਕ ਤੌਰ ਤੇ ਓਨੇਂ ਹੀ ਦ੍ਰਿੜ ਹੋ ਚੁੱਕੇ ਸਨ ਕਿਉਂਕਿ ਸਿਮਰਨ ਕਰਨ ਨਾਲ ਕੁਦਰਤੀ ਨੂਰ ਪੈਦਾ ਹੋ ਗਿਆ ਸੀ।

ਉਧਰ ਦਿਨ ਦੇ ਸਮੇਂ ਜੰਡਿਆਲੇ ਦਾ ਹਰਿਭਗਤ ਨਿਰੰਜਣੀਆ ਭਾਈ ਸਾਹਿਬ ਦੇ ਸ਼ਹੀਦ ਹੋਣ ਦੀ ਖ਼ਬਰ ਸੁਣ ਕੇ ਆਪਣੇ ਇਨਾਮ ਖ਼ਾਤਰ ਜ਼ਕਰੀਆ ਖਾਨ ਕੋਲ ਇੰਝ ਭੱਜਿਆ ਆਇਆ ਜਿਵੇਂ ਕੁੱਤਾ ਹੱਡੀ ਦੇ ਮਗਰ ਭੱਜਦਾ ਹੈ। ਉਹ ਖ਼ਬਰ ਮਿਲਦੇ ਸਾਰ ਆਪਣੇ ਪਿੰਡੋਂ ਲਾਹੌਰ ਵੱਲ ਨੂੰ ਤੁਰ ਪਿਆ। ਸਾਰਾ ਦਿਨ ਤੇ ਸਾਰੀ ਰਾਤ ਤੁਰ ਕੇ ਸਵੇਰ ਵੇਲੇ ਲਾਹੌਰ ਪਹੁੰਚ ਗਿਆ ਤੇ ਜ਼ਕਰੀਏ ਨੂੰ ਮਿਲਣ ਲਈ ਸਿੱਧਾ ਉਸਦੇ ਮਹਿਲਾਂ ਵੱਲ ਚਲਾ ਗਿਆ ਕਿਉਂਕਿ ਇਨਾਮ ਲੈਣ ਦੀ ਭੁੱਖ ਉਸ ਕੋਲੋਂ ਬਰਦਾਸ਼ਤ ਨਹੀ ਸੀ ਹੋ ਰਹੀ।

12 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 24 ਦਿਨ)

ਦਿਨ ਆਰੰਭ ਹੋਇਆ। ਅੱਜ ਭਾਈ ਤਾਰੂ ਸਿੰਘ ਜੀ ਦੀ ਸਿਹਤ ਪਹਿਲਾਂ ਨਾਲੋਂ ਹੋਰ ਵੀ ਸੁਧਰ ਗਈ। ਅੱਖਾਂ ਦੀ ਸੋਜ਼ ਵੀ ਕਾਫੀ ਉਤਰ ਗਈ ਤੇ ਗਰਦਨ ਦੀ ਸੋਜ਼ ਵੀ ਕਾਫੀ ਘਟ ਗਈ ਸੀ ਤੇ ਆਵਾਜ਼ ਵਿੱਚ ਵੀ ਬਹੁਤ ਸੁਧਾਰ ਹੋ ਗਿਆ ਸੀ। ਅੱਜ ਸਵੇਰੇ ਤਾਂ ਦਾਲ ਵਿੱਚ ਕੁੱਟੀ ਹੋਈ ਰੋਟੀ ਵੀ ਛਕ ਲਈ। ਰਾਤੋ-ਰਾਤ ਭਾਈ ਤਾਰੂ ਸਿੰਘ ਦੀ ਇੰਨੀ ਹਾਲਤ ਸੁਧਰਨ ਦਾ ਕਾਰਨ ਇਹ ਵੀ ਸੀ ਕਿ ਉਨ੍ਹਾਂ ਦਾ ਹੌਂਸਲਾ ਬਹੁਤ ਬੁਲੰਦ ਸੀ। ਮਨ ਦੀ ਦਲੇਰੀ ਅਤੇ ਆਤਮ ਸਿਮਰਨ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਸੀ। ਦਿਨ ਚੜ੍ਹਿਆ ਤੇ ਇੱਕ ਹਿੰਦੂ ਵੀਰ ਭਾਈ ਤਾਰੂ ਸਿੰਘ ਜੀ ਤੇ ਭਾਈ ਸੋਭਾ ਸਿੰਘ ਜੀ ਦੇ ਕੋਲ ਕੁਝ ਜ਼ਰੂਰੀ ਵਸਤਾਂ ਲੈ ਕੇ ਆਇਆ ਤੇ ਉਸਨੇ ਦੱਸਿਆ ਕਿ ਅੱਜ ਹਰਿਭਗਤ ਨਿਰੰਜਣੀਆਂ ਜ਼ਕਰੀਆ ਖਾਨ ਦੇ ਮਹਿਲਾਂ ਵੱਲ ਨੂੰ ਜਾਂਦਾ ਦੇਖਿਆ ਗਿਆ। ਭਾਈ ਸੋਭਾ ਸਿੰਘ ਨੇ ਕਿਹਾ ਕਿ ਜ਼ਰੂਰ ਭਾਈ ਸ਼ਾਹਿਬ ਜੀ ਦੀ ਮੁਖ਼ਬਰੀ ਦਾ ਇਨਾਮ ਲੈਣ ਆਇਆ ਹੋਵੇਗਾ।

ਇਸ ਸੇਵਾਦਾਰ ਨੇ ਹੋਰ ਵੀ ਦੱਸਿਆ ਕਿ ਜਿਸ ਨਾਈ ਨੂੰ ਭਾਈ ਸਾਹਿਬ ਜੀ ਨੇ ਸਿਰ ਮਾਰ ਕੇ ਸੁੱਟਿਆ ਸੀ ਉਸ ਦੀ ਗਰਦਨ ਦਾ ਮਣਕਾ ਟੁੱਟ ਗਿਆ ਸੀ ਤੇ ਉਹ ਦਰਦ ਬਰਦਾਸ਼ਤ ਨਾ ਕਰ ਸਕਿਆ ਤੇ ਅੱਜ ਤੜਕੇ ਉਸ ਦੀ ਮੌਤ ਹੋ ਗਈ। ਭਾਈ ਤਾਰੂ ਸਿੰਘ ਜੀ ਸਿਮਰਨ ਵਿੱਚ ਜੁੜੇ ਰਹੇ ਤੇ ਕੁਝ ਨਾ ਬੋਲੇ ਤੇ ਜਪੁਜੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਭਾਈ ਸੋਭਾ ਸਿੰਘ ਤੇ ਇਹ ਸੇਵਾਦਾਰ ਭਾਈ ਸਾਹਿਬ ਜੀ ਦੀ ਸੇਵਾ ਵਿੱਚ ਲੱਗ ਗਏ।

ਉੱਧਰ ਹਰਿਭਗਤ ਨਿਰੰਜਣੀਆ ਜ਼ਕਰੀਆ ਖਾਨ ਨੂੰ ਮਿਲਿਆ ਤੇ ਉਸਦੇ ਸਾਹਮਣੇ ਇਨਾਮ ਲੈਣ ਲਈ ਉਸਦੀ ਵਡਿਆਈ ਕਰਨ ਲੱਗਾ। ਜ਼ਕਰੀਏ ਨੇ ਇਸ ਲਾਲਚੀ ਮੁਖ਼ਬਰ ਨੂੰ ਇਨਾਮ ਵਾਲੀ ਥੈਲੀ ਦਿੱਤੀ। ਇਨਾਮ ਲੈ ਕੇ ਇਸ ਦੇ ਮਨ ਵਿੱਚ ਹੋਰ ਲਾਲਚ ਜਾਗਿਆ। ਇਸ ਨੇ ਜ਼ਕਰੀਆ ਖਾਨ ਨੂੰ ਕਹਿਣਾ ਸ਼ੁਰੂ

ਕੀਤਾ, "ਨਵਾਬ ਸਾਹਿਬ, ਮੇਰਾ ਭਤੀਜਾ ਦਮੋਦਰ ਨਿਰੰਜਣੀਆ ਜਿਹੜਾ ਤਾਰੂ ਸਿੰਘ ਦਾ ਘਰ ਦੱਸਣ ਗਿਆ ਸੀ, ਉਹ ਘਰ ਦਿਖਾ ਕੇ ਰਾਤ ਨੂੰ ਵਾਪਸ ਪਿੰਡ ਜਾ ਰਿਹਾ ਸੀ ਕਿ ਉਹਨੂੰ ਰਸਤੇ ਵਿੱਚ ਇਕ ਅਜਗਰ ਨੇ ਲਪੇਟਾ ਪਾ ਕੇ ਉਸਦਾ ਦਮ ਘੁੱਟ ਦਿੱਤਾ ਤੇ ਉੱਥੇ ਹੀ ਉਸਦੀ ਮੌਤ ਹੋ ਗਈ ਸੀ, ਜਨਾਬ ਉਸਦੇ ਬੱਚੇ ਛੋਟੇ ਹਨ, ਜੇ ਤੁਸੀਂ ਉਸਦੇ ਪਰਿਵਾਰ ਵਾਸਤੇ ਵੀ ਕੁਝ ਮਾਇਆ ਦੇ ਦਿੰਦੇ ਤਾਂ ਉਸਦੇ ਬੱਚਿਆਂ ਦੀਆਂ ਦੁਆਵਾਂ ਆਪ ਹੀ ਨੂੰ ਮਿਲਣਗੀਆਂ।"

ਜ਼ਕਰੀਏ ਨੇ ਉਸਦੀ ਗੱਲ ਸੁਣ ਕੇ ਹੋਰ ਧਨ ਖਜ਼ਾਨੇ ਵਿੱਚੋਂ ਮੰਗਵਾ ਕੇ ਉਸਨੂੰ ਦੇ ਦਿੱਤਾ ਤੇ ਕਿਹਾ, "ਪੂਰੇ ਇਲਾਕੇ ਵਿੱਚ ਜੇ ਕੋਈ ਸਿੰਘ ਮਿਲੇ ਜਾਂ ਕੋਈ ਉਸਦੀ ਮਦਦ ਕਰਦਾ ਹੋਵੇ ਤਾਂ ਤੁਰੰਤ ਇਸਦੀ ਖਬਰ ਸਰਕਾਰ ਨੂੰ ਦੇਣੀ ਤੇ ਹੋਰ ਇਨਾਮ ਮਿਲੇਗਾ।"

ਹਰਭਗਤ ਨਿਰੰਜਣੀਆ ਪੈਸੇ ਮਿਲਣ ਕਾਰਣ ਬਹੁਤ ਖ਼ੁਸ਼ ਹੋ ਗਿਆ ਤੇ ਕਹਿਣ ਲੱਗਾ, "ਸਰਕਾਰ ਪੂਰੇ ਜੰਡਿਆਲੇ ਦੇ ਇਲਾਕੇ ਵਿੱਚ ਮੇਰੇ ਤੋਂ ਪੁੱਛੇ ਬਿਨਾ ਚਿੜੀ ਵੀ ਫਰ ਨਹੀਂ ਮਾਰਦੀ, ਤੁਸੀ ਬੇਫਿਕਰ ਹੋ ਜਾਓ।"

ਜ਼ਕਰੀਏ ਨੇ ਹੱਸ ਕੇ ਜੁਆਬ ਦਿੱਤਾ, "ਓਏ ਨਿਰੰਜਣੀਏ! ਇਹਨਾਂ ਬਾਗ਼ੀ ਸਿੰਘਾਂ ਨੂੰ ਤੂੰ ਚਿੜੀਆਂ ਨਾ ਸਮਝ ਲਈਂ, ਇਹ ਤਾਂ ਬਾਜ਼ ਨੇ। ਤੈਨੂੰ ਪਤਾ ਵੀ ਨੀ ਲੱਗਣਾ, ਕਦੋਂ ਤੇਰੇ ਤੇ ਝਪਟ ਪੈਣਾ ਇਨ੍ਹਾਂ ਨੇ। ਤੇਰੇ ਵਾਲੀ ਗਲਤੀ ਮੇਰੇ ਫੌਜ਼ਦਾਰ ਮੱਸਾ ਰੰਘੜ ਨੇ ਕੀਤੀ ਸੀ ਤੇ ਤੈਨੂੰ ਪਤਾ ਉਸਦਾ ਸਿਰ ਇਨ੍ਹਾਂ ਸਿੰਘਾਂ ਨੇ ਪੂਰੀ ਫੌਜ ਦੇ ਘੇਰੇ ਵਿੱਚੋਂ ਵਢਿਆ ਸੀ। ਸਿੰਘਾਂ ਨੇ ਐਸਾ ਡਰ ਪਾਇਆ ਕਿ ਹੁਣ ਤੱਕ ਵੀ ਕੋਈ ਮੁਸਲਮਾਨ ਦਰਬਾਰ ਸਾਹਿਬ ਦੇ ਅੰਦਰ ਜਾਣ ਦੀ ਹਿੰਮਤ ਨਹੀਂ ਕਰਦਾ।"

ਨਿਰਜਣੀਆ ਜ਼ਕਰੀਏ ਗੱਲ ਸੁਣ ਕੇ ਥੋੜਾ ਡਰ ਗਿਆ ਤੇ ਕਹਿਣ ਲੱਗਾ, "ਜਨਾਬ ਅਸੀ ਤਾਂ ਆਪਣਾ ਪੂਰਾ ਬਚਾ ਕੇ ਰਖਾਂਗੇ ਤੇ ਤੁਸੀਂ ਵੀ ਆਪਣਾ ਬਚਾ ਰੱਖਿਓ।"

ਜ਼ਕਰੀਆ ਖਾਨ ਕਹਿਣ ਲੱਗਾ, "ਮੈਨੂੰ ਕਿਸੇ ਤੋਂ ਡਰ ਨਹੀਂ, ਫੌਜਾਂ ਮੇਰੇ ਸਾਰੇ ਪਾਸੇ ਲੱਗੀਆਂ ਨੇ। ਇਹ ਤਾਰੂ ਸਿੰਘ ਤਾਂ ਮਰ ਗਿਆ ਪਰ ਜੋ-ਜੋ ਉਸਨੇ ਸਹਿਜ-ਸੁਭਾਅ ਗੱਲਾਂ ਆਖੀਆਂ ਸਨ ਉਹ ਸਾਰੀਆਂ ਸੱਚ ਹੋ ਰਹੀਆਂ ਹਨ।"

"ਉਹ ਕਿਵੇਂ ਜਨਾਬ...?", ਨਿਰੰਜਣੀਏ ਨੇ ਪੁੱਛਿਆ।

ਨਵਾਬ ਦੱਸਣ ਲੱਗਾ, "ਨਾਈ ਨੂੰ ਮੇਰੇ ਸਾਹਮਣੇ ਆਖਿਆ ਸੀ ਕਿ ਉਹ ਅੱਗੇ ਨਾ ਵੱਧੇ, ਨਹੀਂ ਤਾਂ ਜਾਨ ਤੋਂ ਹੱਥ ਧੋ ਬੈਠੇਗਾ ਤੇ ਮੈਨੂੰ ਖਬਰ ਮਿਲੀ ਹੈ ਕਿ ਉਹ ਅੱਜ ਸਵੇਰੇ ਮਰ ਗਿਆ ਹੈ। ਕਾਜ਼ੀ ਨੂੰ ਆਖਿਆ ਸੀ ਕਿ ਉਹ ਥੋੜੇ ਦਿਨਾਂ ਦਾ ਮਹਿਮਾਨ ਹੈ ਤੇ ਉਹ ਵੀ ਮੰਜੇ ਤੇ ਪਿਆ ਹੈ। ਉਸਦੀ ਖਬਰ ਆਈ ਹੈ ਕਿ ਕਿਸੇ ਵੀ ਸਮੇਂ ਅੱਲ੍ਹਾ ਨੂੰ ਪਿਆਰਾ ਹੋ ਸਕਦਾ ਹੈ, ਮੈਨੂੰ ਬਹੁਤ ਘਬਰਾਹਟ ਲੱਗੀ ਹੋਈ ਹੈ। ਕੁਝ ਠੀਕ ਨਹੀਂ ਲੱਗ ਰਿਹਾ। ਮੈਨੂੰ ਲਗਦਾ ਹੈ ਕਿ ਤੂੰ ਮੇਰੇ ਕੋਲੋਂ ਕੋਈ ਵੱਡਾ ਪਾਪ ਕਰਵਾ ਦਿੱਤਾ। ਆਉਣ ਵਾਲਾ ਸਮਾਂ ਕੁਝ ਠੀਕ ਨਹੀ ਲੱਗ ਰਿਹਾ।"

ਹਰਭਗਤ ਨਿਰੰਜਣੀਏ ਨੂੰ ਨਵਾਬ ਦੀਆਂ ਗੱਲਾਂ ਤੋਂ ਡਰ ਪੈ ਗਿਆ ਕਿ ਕੀਤੇ ਨਵਾਬ ਇਨਾਮ ਵਾਪਸ ਹੀ ਨਾ ਲੈ ਲਵੇ ਤੇ ਉਸਨੇ ਤੁਰੰਤ ਗੱਲ ਬਦਲੀ ਤੇ ਕਹਿਣ

ਲੱਗਾ, "ਤੁਸੀ ਤਾਂ ਐਵੇਂ ਹੀ ਘਬਰਾਈ ਜਾਂਦੇ ਹੋ, ਕਾਜ਼ੀ ਸਾਹਿਬ ਦੀ ਉਮਰ ਤਾਂ ਵੈਸੇ ਵੀ ਅੱਲ੍ਹਾ ਕੋਲ ਜਾਣ ਵਾਲੀ ਹੋ ਗਈ ਸੀ, ਤੁਸੀਂ ਵਹਿਮ ਨਾ ਕਰੋ, ਤੇ ਮੈਨੂੰ ਆਗਿਆ ਦੇਵੋ ਤਾਂ ਕਿ ਮੈਂ ਜੰਡਿਆਲੇ ਵਾਸਤੇ ਜਲਦੀ ਨਿਕਲ ਸਕਾਂ।" ਇਹ ਕਹਿ ਕੇ ਉਹ ਨਵਾਬ ਕੋਲੋਂ ਖਿਸਕ ਆਇਆ ਤੇ ਜੰਡਿਆਲੇ ਦਾ ਰਸਤਾ ਫੜ ਲਿਆ। ਹੁਣ ਜਾਂਦਾ-ਜਾਂਦਾ ਸੋਚ ਰਿਹਾ ਸੀ ਕਿ ਕੰਮ ਤਾਂ ਉਸਨੇ ਚੰਗਾ ਨਹੀ ਕੀਤਾ ਕਿਉਂਕਿ ਤਾਰੂ ਸਿੰਘ ਤਾਂ ਲੋਕਾਂ ਨੂੰ ਭੋਜਨ ਹੀ ਛਕਾਉਂਦਾ ਸੀ ਤੇ ਬਚਿਆ ਹੋਇਆ ਆਪ ਖਾਂਦਾ ਸੀ, ਜਿਨ੍ਹਾਂ ਗਰੀਬਾਂ ਨੂੰ ਉਹ ਰੋਟੀ ਖਵਾਂਉਦਾ ਸੀ, ਉਹਨਾਂ ਦੀਆਂ ਬਦ-ਦੁਆਵਾਂ ਵੀ ਮੈਨੂੰ ਹੀ ਲੱਗਣੀਆਂ ਹਨ। ਐਸੀਆਂ ਸੋਚਾਂ ਸੋਚਦਾ ਹੋਇਆ ਉਹ ਜੰਡਿਆਲੇ ਪਹੁੰਚ ਗਿਆ ਤੇ ਜਦੋਂ ਉਸਨੇ ਨਵਾਬ ਕੋਲੋਂ ਮਿਲੀਆਂ ਸੋਨੇ-ਚਾਂਦੀ ਦੀਆਂ ਮੁਹਰਾਂ ਦੇਖੀਆਂ ਤਾਂ ਸਭ ਕੁਝ ਭੁੱਲ ਗਿਆ ਤੇ ਆਪਣੇ ਨਾਲ ਦੇ ਮੁਖਬਰਾਂ ਨੂੰ ਇਨਾਮ ਮਿਲਣ ਦੀ ਖ਼ੁਸ਼ੀ ਵਿੱਚ ਦਾਅਵਤ ਦੇਣ ਬਾਰੇ ਸੋਚਣ ਲੱਗਾ।

13 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 25 ਦਿਨ)

ਅੱਜ ਭਾਈ ਤਾਰੂ ਸਿੰਘ ਦੀ ਸਿਹਤ ਵਿੱਚ ਹੋਰ ਵੀ ਸੁਧਾਰ ਹੋਇਆ ਨਜ਼ਰ ਆ ਰਿਹਾ ਸੀ। ਸਰੀਰ ਦੀਆਂ ਕਿਰਿਆਵਾਂ ਵੀ ਸੋਧੀਆਂ ਤੇ ਸਿਰ ਵਿੱਚੋਂ ਡੁਲਿੱਆ ਖੂਨ ਸਰੀਰ ਤੋਂ ਬਿਲਕੁਲ ਸਾਫ ਹੋ ਗਿਆ। ਹੁਣ ਜਦੋਂ ਪਾਠ ਕਰਦੇ ਤਾਂ ਆਵਾਜ਼ ਹੋਰ ਵੀ ਉਚੀ ਹੋ ਗਈ ਤੇ ਮਿਠਾਸ ਨਾਲ ਭਰ ਗਈ। ਪਾਠ ਕਰਦਿਆਂ ਦੀ ਆਵਾਜ਼ ਉੱਪਰ ਜਾਂਦੇ ਰਾਹੀਆਂ ਨੂੰ ਸੁਣਨ ਲੱਗ ਪਈ ਸੀ। ਭਾਈ ਸੋਭਾ ਸਿੰਘ ਜੀ ਭਾਈ ਸਾਹਿਬ ਦੇ ਸਿਰ ਦੇ ਜਖ਼ਮਾਂ ਨੂੰ ਆਪਣੇ ਹੱਥੀਂ ਸਾਫ ਕਰਦੇ ਤੇ ਨਿੰਮ ਤੇ ਮਹਿੰਦੀ ਦੇ ਪੱਤਿਆਂ ਤੋਂ ਤਿਆਰ ਕੀਤੀ ਮਲ੍ਹਮ ਲਗਾਂਦੇ ਸਨ। ਜਦੋਂ ਪੱਟੀ ਕਰਦੇ ਤਾਂ ਇਸ ਦੁੱਖ ਮਈ ਸਮੇਂ ਅੰਦਰ ਭਾਈ ਸਾਹਿਬ ਸਿਮਰਨ ਕਰਦੇ ਰਹਿੰਦੇ।

ਭਾਈ ਸੋਭਾ ਸਿੰਘ ਜੀ ਨੇ ਬੇਨਤੀ ਕੀਤੀ, "ਭਾਈ ਸਾਹਿਬ ਜੀ, ਤੁਸੀਂ ਬਾਣੀਆਂ ਦੇ ਪਾਠ ਸਹਿਜੇ ਕਰਿਆ ਕਰੋ ਭਾਵ ਛੋਟੀ ਆਵਾਜ਼ ਵਿੱਚ ਬਾਣੀ ਉਚਾਰਿਆ ਕਰੋ ਕਿਉਂਕਿ ਉੱਪਰ ਚਲਦੇ ਰਸਤੇ 'ਤੇ ਲੋਕਾਂ ਨੂੰ ਸਾਫ ਸੁਣਾਈ ਦਿੰਦੀ ਹੈ। ਨਵਾਬ ਖ਼ੁਸ਼ੀਆਂ ਮਨਾ ਰਿਹਾ ਹੈ ਤੇ ਇਨ੍ਹਾਂ ਨੂੰ ਅਜੇ ਤੱਕ ਭੁਲੇਖਾ ਹੈ ਕਿ ਇਹ ਤੁਸੀਂ ਸ਼ਹੀਦ ਹੋ ਚੁੱਕੇ ਹੋ। ਇੱਕ ਗ ੱਲ ਹੋਰ ਪਤਾ ਲੱਗੀ ਹੈ ਕਿ ਨਿਰੰਜਣੀਆ ਕਲ੍ਹ ਨਵਾਬ ਕੋਲੋਂ ਦੁਗਣਾ ਇਨਾਮ ਲੈ ਕੇ ਗਿਆ ਸੀ। ਇਸ ਲਈ ਜਦੋਂ ਤੱਕ ਇਹਨਾਂ ਨੂੰ ਪਤਾ ਨਹੀਂ ਲੱਗਦਾ ਉਦੋਂ ਤੱਕ ਤੁਹਾਡਾ ਬਚਾ ਹੈ ਤੇ ਨਾਲੇ ਆਪ ਘਰ ਜਾਣ ਨੂੰ ਵੀ ਨਹੀਂ ਮੰਨਦੇ ਇਸ ਲਈ ਬਾਣੀ ਸਹਿਜੇ ਉਚਾਰਿਆ ਕਰੋ।"

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਦੀ ਗੱਲ ਸੁਣ ਕੇ ਮੁੱਖ ਤੇ ਥੋੜੀ ਜਿਹੀ ਮੁਸਕਰਾਹਟ ਲਿਆਂਦੀ ਤੇ ਮੁਖ਼ਾਤਿਬ ਕੀਤਾ, "ਭਾਈ ਲਾਲੋ ਜੀ! ਤੁਸੀਂ ਘਬਰਾਉ ਨਾ, ਇਹ ਬਾਣੀ ਦੇ ਬਾਣ ਜਿੰਨੀ ਦੂਰ ਜਾਣਗੇ, ਓਨਾਂ ਹੀ ਪਾਪਾਂ ਦਾ ਨਾਸ਼ ਕਰਨਗੇ ਤੇ ਨਾਲੇ ਇਸ ਬਾਣੀ ਦੇ ਬਾਣਾਂ ਨਾਲ ਹੀ ਤਾਂ ਇਹਨਾਂ ਪਾਪੀਆਂ ਦਾ ਸੰਘਾਰ

ਕਰਨਾ ਹੈ। ਜੋ ਕੁਝ ਇਹਨਾਂ ਨੇ ਕਰਨਾ ਸੀ ਉਹ ਕਰ ਚੁੱਕੇ ਹਨ ਤੇ ਹੁਣ ਸਾਡੀ ਵਾਰੀ ਹੈ। ਦੇਖ ਭਾਈ ਸੋਭਾ ਸਿੰਘ ਰੰਗ ਕਰਤਾਰ ਦੇ।"

ਭਾਈ ਸੋਭਾ ਸਿੰਘ ਨੇ ਭਾਈ ਸਾਹਿਬ ਨੂੰ ਘਰ ਦਾ ਸੁੱਖ ਸੁਨੇਹਾ ਦਿੱਤਾ ਤੇ ਕਿਹਾ, "ਇਕ ਗੁਰੂ ਕੇ ਲਾਲ ਨੂੰ ਮੈਂ ਆਪ ਜੀ ਦੇ ਬਾਰੇ ਦੱਸਿਆ ਸੀ ਤੇ ਉਹ ਆਪ ਜੀ ਦੇ ਘਰ ਗਿਆ ਸੀ ਤੇ ਉਸਨੇ ਦੱਸਿਆ ਕਿ ਉਸਨੇ ਕੇਵਲ ਮਾਤਾ ਹਰਜੇਈ ਕੌਰ ਤੇ ਭੈਣ ਗੁਰਜੇਈ ਕੌਰ ਨੂੰ ਹੀ ਆਪ ਜੀ ਦੇ ਬਾਰੇ ਦੱਸਿਆ ਹੈ ਤੇ ਜ਼ਕਰੀਏ ਨੇ ਜੋ ਜੋ ਆਪ ਜੀ ਉੱਪਰ ਤਸ਼ੱਦਦ ਕੀਤਾ ਹੈ ਉਸਨੇ ਸਭ ਕੁਝ ਦੱਸਿਆ ਤੇ ਭੈਣ ਜੀ ਨੂੰ ਦੱਸਿਆ ਕਿ ਇਹ ਪਾਪੀ ਇੱਟ-ਚੋਟੀ ਦਾ ਜ਼ੋਰ ਲਗਾ ਕੇ ਥੱਕ ਗਏ ਪਰ ਉਹਨਾਂ ਦੇ ਵੀਰ ਨੇ ਇੱਕ ਵਾਰ ਵੀ ਹਾਏ ਨਹੀਂ ਕੀਤੀ ਤੇ ਆਪ ਜੀ ਦੇ ਬਾਰੇ ਹੁਣ ਉਨ੍ਹਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਤੁਸੀਂ ਹੁਣ ਪਾਪੀਆਂ ਦੇ ਘੇਰੇ ਤੋਂ ਬਾਹਰ ਹੋ।"

ਭਾਈ ਤਾਰੂ ਸਿੰਘ ਜੀ ਭਾਈ ਸੋਭਾ ਸਿੰਘ ਜੀ ਦੀ ਸਾਰੀ ਗੱਲ ਬਹੁਤ ਧਿਆਨ ਨਾਲ ਸੁਣ ਰਹੇ ਸਨ ਤੇ ਭਾਈ ਸੋਭਾ ਸਿੰਘ ਨੇ ਹੋਰ ਦੱਸਿਆ, "ਆਪ ਜੀ ਨੂੰ ਇੱਕ ਹੋਰ ਗੱਲ ਦੱਸਾਂ, ਮਾਤਾ ਜੀ ਪਤਾ ਨਹੀਂ ਕਿਉਂ, ਜਦੋਂ ਦੇ ਤੁਸੀਂ ਪਿੰਡ ਛੱਡਿਆ ਹੈ, ਉਦੋਂ ਤੋਂ ਹੀ ਮਿੱਠੇ ਚਾਵਲ ਬਣਾ ਕੇ ਛੋਟੇ ਬੱਚਿਆਂ ਨੂੰ ਛਕਾਂਦੇ ਹਨ ਜੋ ਆਪ ਜੀ ਨੇ ਘਰੋਂ ਚਲੱਣ ਤੋਂ ਪਹਿਲਾਂ ਮੰਗ ਕੀਤੀ ਸੀ।"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਤੁਸੀਂ ਮੈਨੂੰ ਵਾਰ-ਵਾਰ ਪੁੱਛਦੇ ਸੀ ਕਿ ਮੈਂ ਅੰਨ-ਜਲ ਬਹੁਤ ਘੱਟ ਛਕਦਾ ਹਾਂ ਤੇ ਇਸ ਦਾ ਕੀ ਰਾਜ਼ ਹੈ..?, ਹੁਣ ਤਾਂ ਪਤਾ ਲੱਗ ਗਿਆ ਹੈ ਨਾ! ਮੈਂ ਹਰ ਰੋਜ਼ ਮਾਤਾ ਜੀ ਦੇ ਬਣੇ ਮਿੱਠੇ ਚਾਵਲ ਛਕਦਾ ਸੀ। ਜੋ ਵੀ ਚਾਵਲ ਮਾਤਾ ਜੀ ਬੱਚਿਆਂ ਨੂੰ ਛਕਾਂਉਦੇ ਸੀ ਉਹ ਸਭ ਮੈਨੂੰ ਮਿਲਦਾ ਸੀ।"

ਭਾਈ ਸੋਭਾ ਸਿੰਘ ਜੀ ਨੇ ਬਹੁਤ ਹੈਰਾਨੀ ਨਾਲ ਪੁੱਛਿਆ, "ਉਹ ਕਿਵੇਂ ਆਪ ਜੀ ਨੂੰ ਮਿਲਦਾ ਸੀ?"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਤੁਸੀਂ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋ ਨਾ?"

"ਹਾਂ ਜੀ, ਕਰਦਾ ਹਾਂ", ਭਾਈ ਸੋਭਾ ਸਿੰਘ ਨੇ ਜਵਾਬ ਦਿੱਤਾ।

ਭਾਈ ਸਾਹਿਬ ਨੇ ਸਮਝਾਇਆ, "ਤੁਸੀ ਪਾਤਸ਼ਾਹ ਜੀ ਦਾ ਇਹ ਬਚਨ ਤਾਂ ਜ਼ਰੂਰ ਦ੍ਰਿੜ ਕੀਤਾ ਹੋਵੇਗਾ।"

"ਊਡੇ ਊਡਿ ਆਵੈ ਸੈ ਕੋਸਾ, ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ, ਮਨ ਮਹਿ ਸਿਮਰਨੁ ਕਰਿਆ॥"

ਭਾਵ ਕੂੰਜਾਂ ਪਹਾੜਾਂ ਵਿੱਚ ਆਂਡੇ ਦਿੰਦੀਆਂ ਹਨ ਤੇ ਮੈਦਾਨੀ ਥਾਵਾਂ 'ਤੇ ਆ ਕੇ ਆਪਣੇ ਬੱਚਿਆਂ ਖਾਤਰ ਸਿਮਰਨ ਕਰਦੀਆਂ ਹਨ। ਇਹ ਸਿਮਰਨ ਹੀ ਉਹਨਾਂ ਦੇ ਬੱਚਿਆਂ ਲਈ ਸਹਾਈ ਹੁੰਦਾ ਹੈ। ਪ੍ਰਮਾਤਮਾ ਉਹਨਾਂ ਦੇ ਬੱਚਿਆਂ ਨੂੰ ਆਪ ਹੀ ਖਿਡਾਉਂਦਾ ਹੈ ਤੇ ਆਪ ਹੀ ਚੋਗਾ ਚੁਗਣ ਦੀ ਜਾਂਚ ਦਿੰਦਾ ਹੈ।"

ਫਿਰ ਭਾਈ ਸਾਹਿਬ ਨੇ ਸਿਰ ਦੇ ਜ਼ਖਮਾਂ ਤੇ ਹੌਲੀ ਜਿਹੀ ਹੱਥ ਫੇਰਿਆ ਤੇ ਕਿਹਾ, "ਮੇਰੇ ਸਿਰ ਦੇ ਜ਼ਖਮ ਜਲਦੀ ਠੀਕ ਹੋਣ ਪਿੱਛੇ ਜਿੱਥੇ ਆਪ ਦੀ ਸੇਵਾ ਹੈ ਉੱਥੇ ਮਾਤਾ ਹਰਜੋਈ ਜੀ ਦੇ ਸਿਮਰਨ ਤੇ ਅਰਦਾਸ ਦਾ ਫਲ ਅਤੇ ਅਸੀਸ ਹੈ। ਪਾਤਸ਼ਾਹ ਜੀ ਨੇ ਕਿਹਾ ਹੈ ਨਾ '**ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥**"

ਇਸ ਤਰਾਂ ਭਾਈ ਸੋਭਾ ਸਿੰਘ ਜੀ ਭਾਈ ਸਾਹਿਬ ਦੇ ਪਿਆਰ ਭਰੇ ਬਚਨ ਸੁਣਦੇ ਰਹੇ ਤੇ ਨਾਲ-ਨਾਲ ਭਾਈ ਸਾਹਿਬ ਦੀ ਪੱਟੀ ਕਰਦੇ ਰਹੇ। ਜਦੋਂ ਪੱਟੀ ਹੋ ਗਈ ਤਾਂ ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਦਲੀਆ ਤੇ ਦੁੱਧ ਛਕਾਇਆ ਤੇ ਆਗਿਆ ਲੈ ਕੇ ਵਾਪਸ ਘਰ ਪਰਤ ਆਏ।

ਇੱਧਰ ਭਾਈ ਸਾਹਿਬ ਜੀ ਨੇ ਬਾਣੀਆਂ ਦੇ ਜਾਪ ਆਰੰਭ ਕਰ ਦਿੱਤੇ। ਪਹਿਲਾਂ ਸਹਿਜੇ ਤੇ ਫਿਰ ਉੱਚੀ ਆਵਾਜ਼ ਵਿੱਚ ਪਾਠ ਕਰ ਰਹੇ ਸਨ। ਦਿਨ ਦਾ ਚੌਥਾ ਪਹਿਰ ਹੋਇਆ ਤਾਂ ਜ਼ਕਰੀਆ ਖਾਨ ਦਾ ਰੱਥ ਉਸੇ ਜਗ੍ਹਾ ਤੋਂ ਲੰਘ ਰਿਹਾ ਸੀ। ਜ਼ਕਰੀਏ ਦੇ ਕੰਨਾਂ ਵਿੱਚ ਪਾਠ ਦੀ ਆਵਾਜ਼ ਪਈ ਤੇ ਉਸਨੇ ਰੱਥ ਰੋਕਣ ਦਾ ਹੁਕਮ ਦਿੱਤਾ। ਰੱਥ ਰੁਕਿਆ ਤੇ ਉਸਨੂੰ ਇਹ ਸ਼ੱਕ ਪਿਆ ਕਿ ਇਹ ਉਸੇ ਤਾਰੂ ਸਿੰਘ ਦੀ ਆਵਾਜ਼ ਹੈ ਜਿਸਨੂੰ ਉਸਨੇ ਸ਼ਹੀਦ ਕਰ ਦਿੱਤਾ ਸੀ।

ਉਸਨੇ ਆਪਣਾ ਸ਼ੱਕ ਕੱਢਣ ਲਈ ਉੱਚੀ ਆਵਾਜ਼ ਵਿੱਚ ਕਿਹਾ, "ਓਏ ਸਿੱਖਾ! ਤੂੰ ਅਜੇ ਮਰਿਆ ਨਹੀਂ..?"

ਭਾਈ ਤਾਰੂ ਸਿੰਘ ਜੀ ਨੇ ਗਰਜ਼ਵੀ ਆਵਾਜ਼ 'ਚ ਉੱਤਰ ਦਿੱਤਾ, "ਪਾਪੀਆ! ਤੈਨੂੰ ਅਤੇ ਤੇਰੇ ਲੜਕੇ ਨੂੰ ਠੁੱਡੇ ਮਾਰ-ਮਾਰ ਤੇ ਘੜੀਸ-ਘੜੀਸ ਕੇ ਮਾਰ ਕੇ ਫਿਰ ਇਸ ਦੁਨੀਆਂ ਤੋਂ ਜਾਵਾਂਗਾ।"

ਜ਼ਕਰੀਏ ਦੇ ਰਥਵਾਨ ਨੇ ਕਿਹਾ, "ਨਵਾਬ ਸਾਹਿਬ! ਜ਼ਖਮੀ ਹਾਲਤ ਵਿੱਚ ਕਿੰਨਾ ਚਿਰ ਜੀਵੇਗਾ। ਲਗਦਾ ਕਿ ਅਜੇ ਕੋਈ ਜਾਨਵਰ ਇੱਧਰ ਨੂੰ ਨਹੀਂ ਆਇਆ। ਇੱਕ-ਅੱਧੇ ਦਿਨ 'ਚ ਆਪੇ ਮਰ ਜਾਵੇਗਾ। ਚਲੋ ਆਪਾਂ ਘਰ ਚੱਲੀਏ।"

ਜ਼ਕਰੀਆ ਰੱਥਵਾਨ ਦੀ ਗੱਲ ਸੁਣ ਕੇ ਹੱਸਿਆ ਤੇ ਘਰ ਚਲਾ ਗਿਆ। ਘਰ ਪਹੁੰਚ ਕੇ ਆਪਣੀ 'ਵਾਲਿਦਾ' ਭਾਵ ਮਾਂ ਨੂੰ ਦੱਸਿਆ ਕਿ ਜਿਹੜੇ ਸਿੰਘ ਦੀ ਖੋਪਰੀ ਉਤਾਰੀ ਸੀ ਉਹ ਅਜੇ ਵੀ ਜਿਉਂਦਾ ਹੈ, ਕਿਸੇ ਜਾਨਵਰ ਨੇ ਨਹੀਂ ਖਾਧਾ ਉਸਨੂੰ ਤੇ ਅਜੇ ਵੀ ਉਹ ਉੱਥੇ ਬੈਠਾ ਹੀ ਕਲਾਮ ਪੜ੍ਹੀ ਜਾ ਰਿਹਾ ਹੈ। ਨਵਾਬ ਦੀ ਵਾਲਿਦਾ(ਮਾਂ) ਆਖਣ ਲੱਗੀ, "ਪੁੱਤ! ਤੂੰ ਇਹ ਚੰਗਾ ਨਹੀਂ ਕੀਤਾ। ਆਪਾਂ ਬੱਕਰਾ ਹਲਾਲ ਕਰਦੇ ਹਾਂ ਤਾਂ ਸਭ ਤੋਂ ਪਹਿਲਾ ਉਸ ਦੀ ਸਾਹ ਰਗ ਕੱਟਦੇ ਹਾਂ, ਤੇ ਜੇ ਕੋਈ ਉਸਨੂੰ ਕਮਜ਼ੋਰ ਦਿਲ ਵਾਲਾ ਵੇਖ ਲਵੇ ਤਾਂ ਡਰ ਜਾਵੇ ਤੇ ਉਹ ਤਾਂ ਫਿਰ ਵੀ ਮਨੁੱਖ ਹੈ ਜਿਸ ਦਾ ਤੂੰ ਅੱਧਾ ਸਿਰ ਕੱਟ ਕੇ ਛੱਡ ਦਿੱਤਾ ਹੈ। ਉਸਦਾ ਕੀ ਹਾਲ ਹੋਵੇਗਾ..?, ਨਹੀਂ, ਨਹੀਂ ਪੁੱਤਰ! ਤੂੰ ਉਸਨੂੰ ਮਾਰ ਦਿੰਦਾ ਤਾਂ ਮੈਨੂੰ ਇਨਾਂ ਦੁੱਖ ਨਾ ਲਗਦਾ, ਤੂੰ ਇਹ ਠੀਕ ਨਹੀਂ ਕੀਤਾ।"

ਨਵੱਾਬ ਦੀ ਮਾਂ ਕੁਝ ਘਬਰਾ ਕੇ ਕਹਿਣ ਲੱਗੀ,"ਮੈਂ ਤੈਨੂੰ ਇੱਕ ਗੱਲ ਹੋਰ ਦੱਸਾਂ। ਇਸਲਾਮ ਵਿੱਚ ਤੇ ਹੋਰ ਧਰਮਾਂ ਵਿੱਚ ਜਿਹੜਾ ਵੀ ਇਨਸਾਨ ਕੌਮ ਦੀ ਖ਼ਾਤਰ ਕੁਰਬਾਨ ਹੁੰਦਾ ਹੈ ਉਹ ਸ਼ਹੀਦ ਹੁੰਦਾ ਹੈ ਤੇ ਉਸਦੇ ਕਹੇ ਬੋਲ ਸੱਚ ਹੁੰਦੇ ਹਨ।"

ਆਪਣੀ ਵਾਲਿਦਾ ਦੀ ਗੱਲ ਸੁਣ ਕੇ ਨਵਾਬ ਹੱਸ ਪਿਆ ਤੇ ਕਹਿਣ ਲੱਗਾ,"ਵਾਲਿਦਾ,ਇਹ ਸਭ ਫਜ਼ੂਲ ਦੀਆਂ ਗੱਲਾਂ ਹਨ।"

ਵਾਲਿਦਾ ਕਹਿਣ ਲੱਗੀ,"ਹੱਸ ਕੇ ਨਾ ਟਾਲ,ਜੇ ਮੇਰੀ ਗੱਲ ਨਹੀਂ ਮੰਨਣੀ ਤਾਂ ਬੁਲਾ ਕਿਸੇ ਕਾਜ਼ੀ ਜਾਂ ਮੌਲਵੀ ਨੂੰ ਤੇ ਪੁੱਛ ਲੈ..! ਤੂੰ ਇਹ ਨਵਾਂ ਕੰਮ ਛੱਡ ਦੇ,ਨਹੀਂ ਤਾਂ ਬਹੁਤ ਧੋਖਾ ਖਾਵੇਂਗਾ।"

ਮਾਂ ਦੀ ਗੱਲ ਸੁਣ ਜ਼ਕਰੀਆ ਚੁੱਪ ਕਰ ਗਿਆ। ਮਾਂ ਨੇ ਫਿਰ ਕਹਿਣਾ ਸ਼ੁਰੂ ਕੀਤਾ,"ਤੇਰੀ ਬੇਗ਼ਮ ਨੇ ਦੱਸਿਆ ਕਿ ਜਿਸ-ਜਿਸ ਨੂੰ ਇਸ ਤਾਰੂ ਸਿੰਘ ਨੇ ਕੁਝ ਕੀਤਾ ਤੇ ਕਿਹਾ ਉਹ ਉਂਵੇ ਹੀ ਸੱਚ ਹੋ ਰਿਹਾ ਹੈ..?,ਨਾਈ ਦੇ ਸਿਰ ਵਿੱਚ ਸਿਰ ਮਾਰਿਆ ਤੇ ਉਹ ਮਰ ਗਿਆ ਤੇ ਹੁਣ ਕਾਜ਼ੀ ਸਾਹਿਬ ਵੀ ਆਖਰੀ ਸਾਹਾਂ ਗਿਣ ਰਹੇ ਨੇ,ਕੀ ਇਹ ਸੱਚ ਹੈ...?"

"ਜੀ ਵਾਲਿਦਾ,ਇਹ ਸੱਚ ਹੈ",ਨਵਾਬ ਨੇ ਹਾਂ ਵਿੱਚ ਸਿਰ ਹਿਲਾ ਕੇ ਕਿਹਾ। "ਮੇਰੇ ਬੱਚੇ! ਤੂੰ ਆਪਣਾ ਕੋਈ ਠੀਕ ਇੰਤਜ਼ਾਮ ਕਰ ਲੈ,ਕਿਸੇ ਵੱਡੀ ਮੁਸੀਬਤ ਵਿੱਚ ਨਾ ਫਸ ਜਾਵੀਂ",ਵਾਲਿਦਾ ਨੇ ਪ੍ਰੇਸ਼ਾਨੀ ਨਾਲ ਘਬਰਾ ਕੇ ਕਿਹਾ।

ਨੋਟ :- ਇੱਥੇ ਕੁਝ ਇਤਿਹਾਸਕਾਰਾਂ ਦੀ ਰਾਇ ਹੈ ਕਿ ਜ਼ਕਰੀਆ ਖਾਨ ਦੇ ਦੋ ਲੜਕੇ ਤੇ ਇੱਕ ਲੜਕੀ ਸੀ। ਪਹਿਲਾ ਯਾਫਰ ਖ਼ਾਂ, ਜਿਹੜਾ ਨਵਾਬ ਦੇ ਕੋਲ ਰਹਿੰਦਾ ਸੀ। ਦੂਸਰਾ ਯਈਆ ਖਾਨ ਜਿਹੜਾ ਉਸ ਸਮੇਂ ਪਿਸ਼ਾਵਰ ਵਿੱਚ ਤਾਲੀਮ ਹਾਸਿਲ ਕਰਨ ਗਿਆ ਸੀ। ਯਾਫਰ ਖ਼ਾਂ ਨੇ ਕਾਜ਼ੀਆਂ ਨਾਲ ਮਿਲ ਕੇ ਫਤਵੇ ਬਹੁਤ ਸਖਤ ਲਗਵਾਏ ਸਨ,ਜਿਨ੍ਹਾਂ ਵਿੱਚੋਂ ਬਚ ਨਿਕਲਣਾ ਬਹੁਤ ਔਖਾ ਸੀ। ਜਦੋਂ ਭਾਈ ਤਾਰੂ ਸਿੰਘ ਜੀ ਨੂੰ ਕਚਿਹਰੀ ਲਿਆਂਦਾ ਜਾ ਰਿਹਾ ਸੀ ਤਾਂ ਯਾਫਰ ਖ਼ਾਂ ਘੋੜ ਤੇ ਸ਼ਿਕਾਰ ਖੇਡਣ ਆਇਆ ਸੀ ਤੇ ਇਸ ਨੇ ਭਾਈ ਸਾਹਿਬ ਨੂੰ ਪੈਰ ਦਾ ਠੁੱਡਾ ਮਾਰ ਕੇ ਸੁੱਟ ਦਿੱਤਾ ਸੀ।

14 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 26 ਦਿਨ)

ਹੁਣ ਭਾਈ ਸਾਹਿਬ ਜੀ ਦੀ ਸਿਹਤ ਪਹਿਲਾਂ ਨਾਲੋਂ ਹੋਰ ਵੀ ਠੀਕ ਹੋ ਗਈ ਸੀ ਤੇ ਸਿਰ ਦਾ ਜ਼ਖਮ ਵੀ ਭਰਨ ਲੱਗ ਪਿਆ ਸੀ। ਭਾਈ ਤਾਰੂ ਸਿੰਘ ਜੀ ਨਿੱਤਾ ਪ੍ਰਤੀ ਸਿਮਰਨ ਤੇ ਬਾਣੀਆਂ ਦਾ ਜਾਪ ਕਰਨ ਵਿੱਚ ਹੀ ਸਮਾਂ ਲਗਾਉਂਦੇ ਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਰਹਿੰਦੇ ਸਨ। ਪ੍ਰਸ਼ਾਦਾ ਵੀ ਦਿਨ ਵਿੱਚ ਇਕ ਵਾਰ ਹੀ ਛਕਦੇ। ਦਿਨ ਦਾ ਦੂਜਾ ਪਹਿਰ ਹੋਇਆ ਤੇ ਭਾਈ ਸੋਭਾ ਸਿੰਘ ਜੀ

ਮ੍ਲਮ-ਪੱਟੀ ਤੇ ਪ੍ਰਸ਼ਾਦਾ ਲੈ ਕੇ ਹਾਜ਼ਰ ਹੋਏ ਤੇ ਫ਼ਤਿਹ ਬੁਲਾ ਕੇ ਕਹਿਣ ਲੱਗੇ, "ਭਾਈ ਸਾਹਿਬ ਜੀ! ਖ਼ਿਮਾ ਕਰਨਾ, ਅੱਜ ਆਉਣ ਵਿੱਚ ਦੇਰੀ ਹੋ ਗਈ।"

ਭਾਈ ਤਾਰੂ ਸਿੰਘ ਜੀ ਨੇ ਸੋਭਾ ਸਿੰਘ ਜੀ ਨੂੰ ਕਿਹਾ, "ਭਾਈ ਸੋਭਾ ਸਿੰਘ! ਮੈਂ ਆਪ ਜੀ ਤੇ ਉਸ ਭੈਣ ਦਾ ਜਿਹੜੀ ਰੋਜ਼ ਮਲ੍ਹਮ ਤਿਆਰ ਕਰਕੇ ਤੇ ਪ੍ਰਸ਼ਾਦਾ ਤਿਆਰ ਕਰਕੇ ਭੇਜਦੀ ਹੈ, ਦਾ ਬਹੁਤ ਰਿਣੀ ਹਾਂ। ਅਕਾਲ-ਪੁਰਖ ਆਪ ਜੀ ਤੇ ਉਸ ਭੈਣ ਦੀ ਸੇਵਾ ਸਫਲ ਕਰਨ ਤੇ ਬਹੁਤਾ ਦੇਣ।"

ਭਾਈ ਸੋਭਾ ਸਿੰਘ ਜੀ ਲਾਲੋ ਨੇ ਭਾਈ ਸਾਹਿਬ ਜੀ ਦੀ ਪੱਟੀ ਖੋਲਦੇ ਹੋਇਆਂ ਨੇ ਕਿਹਾ, "ਭਾਈ ਸਾਹਿਬ ਜੀ! ਮੇਰੀ ਘਰ ਵਾਲੀ ਜਦੋਂ ਅੱਜ ਮਲ੍ਹਮ ਤਿਆਰ ਕਰ ਰਹੀ ਸੀ ਤਾਂ ਉਸ ਨੇ ਆਪ ਜੀ ਦੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ ਪਰ ਜਦੋਂ ਮੈਂ ਦੱਸਿਆ ਕਿ ਆਪ ਜੀ ਦਾ ਹੁਕਮ ਹੈ ਕਿ ਕਿਸੇ ਨੂੰ ਨਾਲ ਨਹੀਂ ਲੈ ਕੇ ਆਉਣਾ ਤਾਂ ਉਹ ਜਿੱਦ ਕਰਨ ਲੱਗ ਗਈ। ਜਿਸ ਕਾਰਣ ਆਉਣ ਵਿੱਚ ਦੇਰੀ ਹੋ ਗਈ।"

ਭਾਈ ਤਾਰੂ ਸਿੰਘ ਜੀ ਨੇ ਬਹੁਤ ਨਿਮਰਤਾ ਨਾਲ ਕਿਹਾ,"ਭਾਈ ਲਾਲੋ ਜੀ!ਉਹ ਸਮਾਂ ਜ਼ਰੂਰ ਆਵੇਗਾ ਤੇ ਮੈਂ ਉਸ ਬੀਬੀ ਭੈਣ ਦੇ ਚਰਨੀ ਹੱਥ ਲਾ ਕੇ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਹੜੀ ਮਲ੍ਹਮ ਅਤੇ ਪ੍ਰਸ਼ਾਦਾ ਤਿਆਰ ਕਰਨ ਲਗਿਆਂ ਇਸ ਵਿੱਚ ਬਾਣੀਆਂ ਦਾ ਰਸ ਘੋਲ ਕੇ ਭੇਜਦੀ ਹੈ। ਸਿਮਰਨ ਵਾਲੇ ਹੱਥਾਂ ਦਾ ਤਿਆਰ ਕੀਤਾ ਭੋਜਨ ਛਕਣ ਨਾਲ ਅਤੇ ਸਿਮਰਨ ਵਾਲੇ ਹੱਥਾਂ ਨਾਲ ਹੀ ਤਿਆਰ ਕੀਤੀ ਮਲ੍ਹਮ ਲੱਗਣ ਨਾਲ ਤਾਂ ਮੈਂ ਦਮ-ਦਮ ਸਮਾਲਦਾ ਹਾਂ। ਮੈਂ ਉਸ ਭੈਣ ਦੇ ਦਰਸ਼ਨ ਜ਼ਰੂਰ ਕਰਾਂਗਾ।"

ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਨੂੰ ਮੁਗਲਾਂ ਦੀ ਖ਼ਬਰ ਦਿੰਦੇ ਹੋਏ ਕਿਹਾ, "ਭਾਈ ਸਾਹਿਬ ਜੀ! ਜਿਸ ਕਾਜ਼ੀ ਨੇ ਫ਼ਤਵੇ ਲਗਾਏ ਸਨ, ਉਹ ਉਸੇ ਦਿਨ ਦਾ ਹੀ ਬਿਮਾਰ ਪਿਆ ਸੀ ਤੇ ਉਹ ਵੀ ਪਿਛਲੀ ਰਾਤ ਨੂੰ ਮਰ ਗਿਆ ਹੈ ਤੇ ਇੱਕ ਹੋਰ ਖ਼ਬਰ ਪਤਾ ਲੱਗੀ ਹੈ,ਉਹ ਇਹ ਕਿ ਜ਼ਕਰੀਆ ਖ਼ਾਨ ਨੂੰ ਅੱਜ ਸਵੇਰ ਦਾ ਪਿਸ਼ਾਬ ਦਾ ਬੰਨ੍ਹ ਪਿਆ ਹੈ ਤੇ ਸ਼ਾਹੀ ਵੈਦ ਭੱਜੇ ਫਿਰਦੇ ਨੇ ਤੇ ਠੰਡੀਆਂ ਦਵਾਈਆਂ ਲੱਭਦੇ ਫਿਰਦੇ ਨੇ।"

ਭਾਈ ਤਾਰੂ ਸਿੰਘ ਨੇ ਥੋੜੀ ਹੈਰਾਨੀ ਨਾਲ ਪੁੱਛਿਆ, "ਆਪ ਜੀ ਨੂੰ ਇਹ ਖ਼ਬਰ ਕਿਸ ਨੇ ਦਿੱਤੀ..?"

ਭਾਈ ਸੋਭਾ ਸਿੰਘ ਲਾਲੋ ਨੇ ਦੱਸਿਆ, "ਜਦੋਂ ਮੈਂ ਮਲ੍ਹਮ ਤਿਆਰ ਕਰਨ ਲਈ ਮਹਿੰਦੀ ਦੇ ਪੱਤੇ ਲੈਣ ਗਿਆ ਸੀ ਤਾਂ ਉਥੇ ਵੈਦ ਇੱਕ ਦੂਜੇ ਨੂੰ ਸਲਾਹਾਂ ਦੇ ਰਹੇ ਸਨ ਕਿ ਮਹਿੰਦੀ ਰਗੜ ਕੇ ਪੇਟ ਤੇ ਬੰਨਣ ਨਾਲ ਬੰਨ ਟੁੱਟ ਸਕਦਾ ਹੈ।"

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਦੀ ਗੱਲ ਸੁਣ ਕੇ ਨੇਤਰ ਬੰਦ ਕਰ ਲਏ ਅਤੇ ਸਿਮਰਨ ਕਰਨ ਲੱਗ ਪਏ ਤੇ ਫਿਰ ਕੁਝ ਦੇਰ ਬਾਅਦ ਨੇਤਰ ਖੋਲ ਕੇ ਕਹਿਣ ਲੱਗੇ, "ਇਹ ਪਾਪੀ ਬਹੁਤ ਦੇਰ ਤੋਂ ਜ਼ੁਲਮ ਕਰਦੇ ਆ ਰਹੇ ਨੇ,ਆਖਿਰ ਨਿਰੰਕਾਰ ਨੇ ਇਹਨਾਂ ਨੂੰ ਵੀ ਤਾਂ ਸਜ਼ਾਵਾਂ ਦੇਣੀਆਂ ਹਨ।"

ਭਾਈ ਸੋਭਾ ਸਿੰਘ ਲਾਲੋ ਨੇ ਦੱਸਿਆ, "ਜ਼ਕਰੀਏ ਨੂੰ ਆਪ ਜੀ ਦੇ ਜਿਉਂਦਾ ਹੋਣ ਦਾ ਸ਼ੱਕ ਪੈ ਗਿਆ ਹੈ। ਇਹ ਗੱਲਾਂ ਵੀ ਉੱਥੇ ਹੋ ਰਹੀਆਂ ਸਨ ਤੇ ਮੈਂ ਉਹਨਾਂ ਦੀ ਗੱਲ ਸੁਣ ਕੇ ਬਹੁਤ ਡਰ ਗਿਆ ਹਾਂ ਕਿ ਇਸ ਨੂੰ ਇਹ ਕਿਵੇਂ ਪਤਾ ਲੱਗ ਗਿਆ..!"

ਭਾਈ ਤਾਰੂ ਸਿੰਘ ਜੀ ਨੇ ਦੱਸਿਆ,"ਤੁਸੀ ਫਿਕਰ ਨਾ ਕਰੋ, ਹੁਣ ਇਹ ਨਵਾਬ ਮੇਰਾ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਨਿਰੰਕਾਰ ਆਪਣੇ ਨਾਲ ਹੈ। ਕੱਲ੍ਹ ਜ਼ਕਰੀਆ ਇਸ ਰਸਤੇ ਤੋਂ ਲੰਘ ਰਿਹਾ ਸੀ ਤੇ ਉਸਨੇ ਮੇਰੀ ਆਵਾਜ਼ ਸੁਣ ਲਈ ਸੀ ਤੇ ਜਦੋਂ ਉਸਨੇ ਹਾਕ ਮਾਰ ਕੇ ਪੁੱਛਿਆ ਕਿ ਮੈਂ ਅਜੇ ਜਿਉਂਦਾ ਹਾਂ..?"

"ਤਾਂ ਆਪ ਨੇ ਵੀ ਕੋਈ ਜਵਾਬ ਦਿੱਤਾ...?", ਭਾਈ ਸੋਭਾ ਸਿੰਘ ਨੇ ਬਹੁਤ ਹੈਰਾਨੀ ਨਾਲ ਪੁੱਛਿਆ।

"ਜੋ ਗੁਰੂ ਨੇ ਮੌਕੇ 'ਤੇ ਕਹਾਇਆ, ਬਸ ਉਹੀ ਕਹਿ ਦਿੱਤਾ ਤੇ ਉਹ ਰੁਕਿਆ ਨਹੀਂ ਤੇ ਚਲਾ ਗਿਆ। ਜੇ ਰੁਕ ਜਾਂਦਾ ਤਾਂ ਅਗਲੀਆਂ-ਪਿਛਲੀਆਂ ਸਾਰੀਆਂ ਭਾਜੀਆਂ ਮੋੜ ਦੇਣੀਆਂ ਸਨ।", ਭਾਈ ਤਾਰੂ ਸਿੰਘ ਜੀ ਨੇ ਜਵਾਬ ਦਿੱਤਾ।

ਇਸ ਤਰਾਂ ਬਚਨ-ਬਿਲਾਸ ਕਰਦਿਆਂ ਭਾਈ ਸਾਹਿਬ ਜੀ ਦੇ ਸਿਰ ਦੀ ਪੱਟੀ ਹੋ ਗਈ ਤੇ ਭਾਈ ਸੋਭਾ ਸਿੰਘ ਲਾਲੋ ਜੀ ਨੇ ਭਾਈ ਸਾਹਿਬ ਜੀ ਨੂੰ ਪ੍ਰਸ਼ਾਦਾ ਤੇ ਦੁੱਧ ਛਕਾਇਆ ਤੇ ਨਾਲ ਹੀ ਬੇਨਤੀ ਕਰਨ ਲੱਗੇ, "ਭਾਈ ਸਾਹਿਬ ਜੀ!ਇੱਕ ਹੋਰ ਗੱਲ ਆਪ ਜੀ ਨੂੰ ਦੱਸਣੀ ਸੀ ਕਿ ਜੇਲ੍ਹਰ ਅਹਿਮਦ ਖ਼ਾਂ ਆਪ ਜੀ ਦਾ ਪੱਕਾ ਮੁਰੀਦ ਹੈ ਤੇ ਰੋਜ਼ ਆਪ ਜੀ ਦੀ ਖੈਰ ਪੁੱਛ ਕੇ ਹੀ ਘਰ ਨੂੰ ਜਾਂਦਾ ਹੈ।"

ਭਾਈ ਤਾਰੂ ਸਿੰਘ ਜੀ ਨੇ ਨਿਮਰਤਾ ਨਾਲ ਕਿਹਾ,"ਹਾਂ ਸੋਭਾ ਸਿੰਘ!ਜਿਸ 'ਤੇ ਉਸ ਮਾਲਕ ਦੀ ਕ੍ਰਿਪਾ ਹੋ ਜਾਵੇ ਉਸਦਾ ਮਨ ਕਿਵੇਂ ਬਦਲ ਜਾਂਦਾ ਹੈ। ਪਹਿਲਾਂ-ਪਹਿਲਾਂ ਤਾਂ ਉਹ ਵੀ ਬਹੁਤ ਤੰਗ ਕਰਦਾ ਸੀ ਪਰ ਜਦੋਂ ਉਸਨੂੰ ਸੱਚਾਈ ਦਾ ਪਤਾ ਲੱਗਾ ਤਾਂ ਫਿਰ ਅੰਮ੍ਰਿਤ ਵੇਲੇ ਮੇਰੇ ਇਸ਼ਨਾਨ ਕਰਨ ਵਾਸਤੇ ਖੂਹ ਦਾ ਦਰਵਾਜ਼ਾ ਵੀ ਖੋਲ੍ਹ ਦਿੰਦਾ ਸੀ ਤੇ ਭਾਸ਼ਾ ਵੀ ਪ੍ਰੇਮ ਵਾਲੀ ਬੋਲਣ ਲੱਗ ਪਿਆ ਸੀ।"

"ਸੋਭਾ ਸਿੰਘ ਨੇ ਕਿਹਾ,"ਉਹ ਆਪ ਜੀ ਦੀ ਸੇਵਾ ਵਿੱਚ ਮਾਇਆ ਤੇ ਦੁੱਧ ਭੇਜਣਾ ਚਾਹੁੰਦਾ ਹੈ ਪਰ ਮੈਂ ਆਪ ਜੀ ਦੇ ਹੁਕਮ ਅਨੁਸਾਰ ਹੀ ਉਸਨੂੰ ਕੁਝ ਕਹਾਂਗਾ।"

ਭਾਈ ਤਾਰੂ ਸਿੰਘ ਜੀ ਨੇ ਕਿਹਾ,"ਇਨਸਾਨ ਮਾੜਾ ਨਹੀਂ ਹੁੰਦਾ ਸਗੋਂ ਉਸਦੇ ਗਲਤ ਵਿਚਾਰ ਹੀ ਉਸਨੂੰ ਮਾੜਾ ਬਣਾਉਂਦੇ ਨੇ। ਨੇਕ ਵਿਚਾਰ ਹੀ ਬੰਦੇ ਨੂੰ ਨੇਕ ਪੁਰਸ਼ ਬਣਾ ਦਿੰਦੇ ਨੇ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਬੀ ਖ਼ਾਂ ਤੇ ਗਨੀ ਖ਼ਾਂ ਦੇ ਘਰ ਪ੍ਰਸ਼ਾਦਾ ਛਕਿਆ ਹੈ ਤੇ ਅਸੀਂ ਉਸ ਗੁਰੂ ਦੇ ਹੀ ਸਿੰਘ ਹਾਂ ਤੇ ਜੇ ਅਸੀਂ ਅਹਿਮਦ ਖ਼ਾਂ ਦੇ ਘਰ ਦਾ ਦੁੱਧ ਛਕ ਲਿਆ ਤਾਂ ਕੀ ਫਰਕ ਹੈ..?,ਆਪਾਂ ਨੇ ਉਸਦੇ ਗੁਣਾ ਵੱਲ ਦੇਖਣਾ ਹੈ ਤੇ ਉਸਦੀ ਦੀ ਕੁਰਬਾਨੀ ਵੱਲ ਦੇਖਣਾ ਹੈ। ਜ਼ਰਾ ਸੋਚ ਜੇ ਸਰਕਾਰ ਨੂੰ ਉਸਦੀ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਉਸਦੀ ਨੌਕਰੀ ਤਾਂ ਜਾਵੇਗੀ ਹੀ ਇਸਦੇ ਨਾਲ ਉਸਨੂੰ ਸਜ਼ਾ ਵੀ ਮਿਲ ਸਕਦੀ ਹੈ। ਸ. ਮਹਿਤਾਬ ਸਿੰਘ

ਜੀ ਮੀਰਾਂ-ਕੋਟੀ ਦੇ ਸਰੀਰ ਦੀ ਸੰਭਾਲ ਕਰਕੇ ਉਸਦਾ ਸੰਸਕਾਰ ਕਰਨ ਵਿੱਚ ਉਸਨੇ ਸਾਡਾ ਕਿੰਨਾ ਸਾਥ ਦਿੱਤਾ ਹੈ,ਤੁਸੀਂ ਉਸਦੀ ਸੇਵਾ ਨੂੰ ਪ੍ਰਵਾਨ ਕਰਕੇ ਲੈ ਆਉ।"

"ਸੱਤ ਬਚਨ ਜੀ",ਕਹਿ ਕੇ ਸੋਭਾ ਸਿੰਘ ਆਗਿਆ ਲੈ ਕੇ ਵਾਪਸ ਘਰ ਮੁੜ ਆਏ ਅਤੇ ਭਾਈ ਸਾਹਿਬ ਸਿਮਰਨ ਵਿੱਚ ਜੁੜ ਗਏ।

15 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 27 ਦਿਨ)

ਜੇ ਅਸੀਂ ਇੱਕ ਆਮ ਇਨਸਾਨ ਦੀ ਗੱਲ ਕਰੀਏ ਤਾਂ ਇੱਕ ਛੋਟੀ ਜਿਹੀ ਸੱਟ ਲੱਗਣ ਨਾਲ ਬੰਦੇ ਤੋਂ ਦਰਦ ਬਰਦਾਸ਼ਤ ਨਹੀਂ ਹੁੰਦਾ ਤੇ ਜਦੋਂ ਤੱਕ ਕੋਈ ਨਸ਼ਾ ਜਾਂ ਦਰਦ ਨਿਵਾਰਨ ਦੀ ਗੋਲੀ ਨਹੀਂ ਖਾਂਦਾ,ਉਦੋਂ ਤੱਕ ਉਸਨੂੰ ਚੈਨ ਨਹੀਂ ਮਿਲਦਾ ਤੇ ਇੱਧਰ ਧੰਨ ਹਨ ਭਾਈ ਤਾਰੂ ਸਿੰਘ ਜੀ ਜਿਨ੍ਹਾਂ ਨੇ ਗੁਰੂ ਸਾਹਿਬਾਨਾਂ ਦੇ ਹੁਕਮ ਨੂੰ ਮੰਨਦਿਆਂ ਕੌਮ ਦੀ ਖਾਤਰ ਇੰਨੇ ਦੁੱਖ ਝੱਲੇ ਤੇ ਫਿਰ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਰਹੇ ਹਨ।ਅਜਿਹੇ ਪੁਰਸ਼ ਮਹਾਨ ਹਨ ਤੇ ਕੌਮ ਦਾ ਸਰਮਾਇਆ ਹੁੰਦੇ ਹਨ ਜਿਹੜੇ ਆਪਣੇ ਤਨ ਉੱਪਰ ਬਹੁਤ ਵੱਡੇ ਕਸ਼ਟ ਝੱਲ ਕੇ ਵੀ ਕੌਮ ਨੂੰ ਜਿਊਂਦਾ ਰੱਖਦੇ ਹਨ।ਸ਼ਹੀਦੀ ਸ਼ਹੀਦ ਤੇ ਉਸ ਦੇ ਆਸ਼ੇ ਨੂੰ ਅਮਰ ਕਰ ਦਿੰਦੀ ਹੈ।ਕੌਮ ਦੀ ਵੱਡੀ ਮਲਕੀਅਤ ਉਸਦੇ ਸ਼ਹੀਦ ਹਨ,ਉਹ ਕੌਮਾਂ ਜਿਨ੍ਹਾਂ ਦੀ ਬੁਨਿਆਦ ਦੀ ਨੀਂਹ ਸ਼ਹੀਦੀ ਖ਼ੂਨ ਨਾਲ ਰੱਖੀ ਗਈ ਹੋਵੇ,ਉਹ ਕੌਮ ਕਦਾਚਿੱਤ ਵੀ ਮਰ ਨਹੀ ਸਕਦੀ।

ਅੱਜ ਦਾ ਦਿਨ ਆਰੰਭ ਹੋਇਆ ਤੇ ਭਾਈ ਤਾਰੂ ਸਿੰਘ ਜੀ ਨੇ ਨਿੱਤ ਦੀ ਤਰਾਂ ਕਿਰਿਆ ਸੋਧੀ, ਬਾਣੀਆਂ ਦੇ ਪਾਠ ਕੀਤੇ ਤੇ ਸਿਮਰਨ ਵਿੱਚ ਜੁੜ ਗਏ।ਭਾਈ ਸਾਹਿਬ ਜੀ ਦੀ ਸਿਹਤ ਹੁਣ ਪਹਿਲਾਂ ਨਾਲੋ ਬਹੁਤ ਠੀਕ ਹੋ ਗਈ ਸੀ ਤੇ ਸਿਰ ਦੇ ਜ਼ਖ਼ਮ ਵੀ ਦਿਨੋ-ਦਿਨ ਭਰ ਰਹੇ ਸਨ। ਦਿਨੋ-ਦਿਨ ਸਿਮਰਨ ਕਰਨ ਨਾਲ ਮੁੱਖ 'ਤੇ ਰੂਹਾਨੀ ਨੂਰ ਵੱਧਦਾ ਜਾਂਦਾ ਸੀ।

ਉਧਰ ਜ਼ਕਰੀਆ ਖਾਨ ਦਾ ਪਿਸ਼ਾਬ ਦੇ ਬੰਨ੍ਹ ਪੈਣ ਨਾਲ ਉਸਦਾ ਦਰਦ ਹੋਰ ਵੀ ਵੱਧਦਾ ਜਾ ਰਿਹਾ ਸੀ ਤੇ ਤੜਪਦਾ ਹੋਇਆ ਆਪਣੀ ਮਾਂ ਨੂੰ ਆਖਦਾ ਹੈ, "ਹਾਇ ਵਾਲਿਦਾ!ਕੁਝ ਕਰੋ,ਮੈਥੋਂ ਇਹ ਦਰਦ ਬਰਦਾਸ਼ਤ ਨਹੀ ਹੋ ਰਿਹਾ.....ਹਾਇ ਬਚਾਉ ਮੈਨੂੰ...!"

ਉਸਦੀ ਵਾਲਦਾ ਆਖਦੀ ਹੈ,"ਮੈਂ ਤੈਨੂੰ ਕਿਹਾ ਸੀ ਮੇਰੇ ਬੱਚੇ!ਜਲਦੀ ਕੋਈ ਠੀਕ ਇੰਤਜ਼ਾਮ ਕਰ ਲੈ,ਇਹ ਸਿੱਖ ਦੇ ਕਹੇ ਬੋਲ ਆਲੇ ਨਹੀਂ ਜਾਣੇ ਪਰ ਤੂੰ ਘਬਰਾ ਨਾ,ਮੈਂ ਤੰਤਰ-ਮੰਤਰ ਤੇ ਕਾਲੇ ਇਲਮ ਵਾਲੇ ਬੁਲਾਏ ਨੇ,ਹੁਣੇ ਹੀ ਆ ਜਾਣਗੇ। ਜਿਸਨੇ ਵੀ ਕੁਝ ਕੀਤਾ ਹੈ ਉਸੇ 'ਤੇ ਪੁੱਠਾ ਪੈ ਜਾਏਗਾ।"

ਸ਼ਾਹੀ ਵੈਦ ਵੀ ਦੁਆਈਆਂ ਰਗੜੀ ਜਾ ਰਹੇ ਸਨ ਤੇ ਹੌਂਸਲਾ ਦੇ ਰਹੇ ਸਨ ਕਿ ਉਹ ਹੁਣੇ ਹੀ ਠੀਕ ਕਰ ਦੇਣਗੇ। ਇੱਕ ਮੌਲਵੀ ਕੋਲ ਖੜ੍ਹਾ ਜ਼ਕਰੀਏ ਨੂੰ ਕਹਿ

ਰਿਹਾ ਸੀ,"ਨਵਾਬ ਸਾਹਿਬ ਜੀ !ਤੁਸੀ ਘਬਰਾਉ ਨਾ,ਇਹ ਵੈਦ ਬਹੁਤ ਦੂਰੋਂ ਆਪ ਜੀ ਨੂੰ ਠੀਕ ਕਰਨ ਆਏ ਨੇ,ਨਾਲੇ ਤੁਸੀ ਕੋਈ ਗਲਤ ਕੰਮ ਨਹੀਂ ਕੀਤਾ ਕਿਉਂਕਿ ਤੁਸੀ ਜੋ ਵੀ ਕੀਤਾ ਹੈ ਉਹ ਆਪਣੇ ਧਰਮ ਨੂੰ ਵਧਾਉਣ ਲਈ ਕੀਤਾ ਹੈ।"

ਜ਼ਕਰੀਆ ਆਖਦਾ ਹੈ,"ਮੌਲਵੀ ਸਾਹਿਬ!ਸਿੱਖ ਤਾਂ ਮੈਂ ਬਹੁਤ ਮਾਰੇ ਨੇ ਪਰ ਲਗਦਾ ਹੈ ਕਿ ਇਹ ਤਾਰੂ ਸਿੰਘ ਮੈਨੂੰ ਮਾਰੇਗਾ।" ਇਹ ਕਹਿ ਕੇ ਦਰਦ ਨਾਲ ਚੀਕਦਾ ਹੈ। ਕਦੇ ਪਲੰਘ ਉੱਤੇ ਤੇ ਕਦੇ ਜ਼ਮੀਨ ਤੇ ਦਰਦ ਨਾਲ ਤੜਪਦਾ ਹੈ ਤੇ ਕਦੇ ਮੂੰਧਾ ਹੋ-ਹੋ ਕੇ ਲਿਟਦਾ ਹੈ ਤੇ ਕਦੇ ਕੂਕਾਂ ਮਾਰ-ਮਾਰ ਕੇ ਉਚੀ ਉਚੀ ਰੋਂਦਾ ਹੈ। ਗਿ:ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼ ਦੇ ਪੰਨਾ-੩੩੦ ਵਿੱਚ ਲਿਖਦੇ ਹਨ :-

ਦੋਹਰਾ - "ਉਸ ਵਖਤ ਜੋ ਨਵਾਬ ਕੋ ਭਯੋ ਸੁ ਬੰਦ ਪਿਸ਼ਾਬ।
ਯੋਂ ਤੜਫੇ ਜਿਸ ਥਲ ਮੱਛੀ ਪਾਵਤ ਭਯੋ ਅਜ਼ਾਬ॥"

ਚੌਪਈ - "ਕਦੇ ਭੁਮ ਕਦੇ ਪਲੰਗ ਪਵੈ, ਕਦੇ ਟਿਕੈ ਕਦੇ ਉਠਾ-ਉਠ ਪਾਵੈ।
ਕਦ ਉਧੌਂ ਕਦ ਮੂਧੌਂ ਹੋਇ, ਕਦ ਕੂਕੈ ਕਦ ਪਰੈ ਸੁ ਰੋਇ॥"

ਜ਼ਕਰੀਆ ਖਾਨ ਮੱਛੀ ਦੀ ਤਰਾਂ ਤੜਫ ਰਿਹਾ ਹੈ ਤੇ ਕੂਕਾਂ ਮਾਰ-ਮਾਰ ਕੇ ਰੋ ਰਿਹਾ ਹੈ। ਜਦੋਂ ਥੋੜਾ ਜਿਹਾ ਦਰਦ ਟਿਕ ਜਾਂਦਾ ਹੈ ਤਾਂ ਫਿਰ ਹੰਕਾਰੀ ਹੋ ਜਾਂਦਾ ਹੈ ਤੇ ਕਹਿੰਦਾ ਹੈ,"ਮੈਨੂੰ ਇੱਕ ਵਾਰ ਠੀਕ ਹੋ ਲੈਣ ਦਿਉ,ਫਿਰ ਦੱਸਾਂਗਾ ਇਨ੍ਹਾਂ ਸਿੱਖਾਂ ਨੂੰ ਸਿੱਖੀ ਦਾ ਸੁਆਦ।"

ਇੰਨੇ ਨੂੰ ਜੰਤਰ-ਤੰਤਰ ਵਾਲੇ ਆ ਗਏ ਤੇ ਅੱਗ 'ਚ ਸਾਬਤ ਲਾਲ ਮਿਰਚਾਂ ਪਾਉਣ ਲੱਗ ਪਏ। ਜਦੋਂ ਮਿਰਚਾਂ ਪਾਉਣ ਨਾਲ ਅੰਦਰ ਕੌੜਾ ਧੂੰਆਂ ਹੋ ਗਿਆ ਤਾਂ ਜਿੰਨੇ ਵੀ ਹਮਦਰਦ ਸਨ,ਸਾਰੇ ਬਾਹਰ ਨੂੰ ਭੱਜੇ ਕਿਉਂਕਿ ਇਹ ਧੂੰਆਂ ਸਹਿਣ ਕਰਨਾ ਬਰਦਾਸ਼ਤ ਤੋਂ ਬਾਹਰ ਸੀ। ਇਸ ਤਰਾਂ ਕਰਦਿਆਂ ਬਹੁਤ ਸਮਾਂ ਬੀਤ ਗਿਆ,ਪਰ ਨਵਾਬ ਦਾ ਦਰਦ ਠੀਕ ਨਾ ਹੋਇਆ ਸਗੋਂ ਉਲਟਾ ਘਬਰਾਹਟ ਨਾਲ ਵੱਧਦਾ ਗਿਆ। ਤੰਤਰ-ਮੰਤਰ ਵਾਲੇ ਮਾਇਆ ਨਾਲ ਜੇਬ੍ਹਾਂ ਭਰ ਕੇ ਚਲੇ ਗਏ। ਨਵਾਬ ਪਿਸ਼ਾਬ ਦੇ ਬੰਨ੍ਹ ਨਾਲ ਇੰਨਾਂ ਦੁਖੀ ਹੋ ਗਿਆ ਕਿ ਉਸਦੇ ਮੂੰਹੋਂ ਨਿਕਲ ਹੀ ਗਿਆ, "ਹਾਏ ਮੇਰੀ ਵਾਲਿਦਾ,ਮੈਂ ਕੀ ਕਰਾਂ ਕਿ ਇਹ ਦਰਦ ਠੀਕ ਹੋ ਜਾਵੇ ਤੇ ਬੰਨ ਟੁੱਟ ਜਾਵੇ। ਹਾਏ, ਹਾਏ ਅੱਲ੍ਹਾ! ਬੰਦੇ ਦੇ ਕੀਤੇ ਪਾਪ ਕਦੇ ਨਾ ਕਦੇ ਤਾਂ ਉਸ ਦੀਆਂ ਅੱਖਾਂ ਦੇ ਸਾਹਮਣੇ ਆ ਹੀ ਜਾਂਦੇ ਨੇ।"ਇਸ ਤਰਾਂ ਕਰਦਿਆਂ ਸਾਰਾ ਦਿਨ ਲੰਘ ਗਿਆ।

16 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 28 ਦਿਨ)

ਅੱਜ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉੱਤਰੀ ਨੂੰ ਛੇ ਦਿਨ ਪੂਰੇ ਹੋ ਗਏ ਤੇ ਸੱਤਵਾਂ ਦਿਨ ਆਰੰਭ ਹੋ ਗਿਆ। ਜਿੱਥੇ ਮੁਗਲਾਂ ਨੇ ਭਾਈ ਸਾਹਿਬ ਜੀ ਨੂੰ ਸੁੱਟਿਆ ਸੀ ਇਹ ਇਕ ਬਰਸਾਤੀ ਨਾਲਾ ਸੀ ਜੋ ਸੁੱਕਿਆ ਹੋਇਆ ਸੀ। ਇੱਸੇ ਜਗ੍ਹਾ ਤੋਂ ਕੁਝ ਦੂਰੀ ਉੱਪਰ ਭਾਈ ਸਾਹਿਬ ਜੀ ਨੇ ਸਿਮਰਨ ਕਰਦਿਆਂ ਛੇ ਦਿਨ ਬਤੀਤ ਕਰ ਲਏ। ਸਿਰ ਉੱਪਰ ਕੋਈ ਛੱਤ ਨਹੀ ਤੇ ਸੌਣ ਲਈ ਕੋਈ ਪਲੰਘ ਨਹੀਂ,ਬਸ ਇੱਕ

ਬਰਸਾਤੀ ਨਾਲੇ ਦਾ ਪੁਲ ਹੈ। ਇੱਥੇ ਹੀ ਕੁਝ ਸਮਾਂ ਆਰਾਮ ਕਰਦੇ ਤੇ ਫਿਰ ਅਕਾਲ ਪੁਰਖ ਦੇ ਸਿਮਰਨ ਵਿੱਚ ਲੀਨ ਹੋ ਜਾਂਦੇ। ਰਸਤਾ ਵੀ ਇਹੋ ਜਿਹਾ ਹੈ ਜਿੱਥੇ ਜਲਦੀ ਨਾਲ ਕੋਈ ਰਾਹੀ ਵੀ ਨਹੀਂ ਲੰਘਦਾ। ਕੇਵਲ ਪਵਨ ਹੀ ਇਸ ਗੁਰੂ ਕੇ ਸਿੱਖ ਦੇ ਚਰਨ ਚੁੰਮ ਕੇ ਜਾ ਰਹੀ ਸੀ ਜਾਂ ਫਿਰ ਭਾਈ ਸੋਭਾ ਸਿੰਘ ਲਾਲੋ ਜੀ ਭਾਈ ਤਾਰੂ ਸਿੰਘ ਜੀ ਦੀ ਸੇਵਾ ਕਰਨ ਆਉਂਦੇ ਸਨ। ਰਾਤ ਦੇ ਸਮੇਂ ਰੌਸ਼ਨੀ ਦਾ ਕੋਈ ਇੰਤਜ਼ਾਮ ਨਹੀਂ ਸੀ,ਕੇਵਲ ਚੰਦ੍ਰਮਾਂ ਹੀ ਇਸ ਗੁਰਸਿੱਖ ਦੇ ਦਰਸ਼ਨ ਕਰਨ ਆਉਂਦਾ ਤੇ ਆਪਣੀ ਮੱਧਮ ਰੌਸ਼ਨੀ ਦਿੰਦਾ ਸੀ। ਨਾਲ ਬਹੁਤ ਬਹੀੜ ਜੰਗਲ ਹੈ ਜਿੱਥੋਂ ਕੋਈ ਵੀ ਜਾਨਵਰ ਕਿਸੇ ਵੀ ਸਮੇਂ ਹਮਲਾ ਕਰ ਸਕਦਾ ਸੀ। ਇਸ ਤਰਾਂ ਜਦੋਂ ਆਪਾਂ ਉਸ ਸਮੇਂ ਦੇ ਸਾਰੇ ਹਾਲਾਤ ਵੱਲ ਝਾਤੀ ਮਾਰੀਏ ਤਾਂ ਮੁੱਖ 'ਚੋਂ ਸੁਭਾਵਿਕ ਹੀ ਨਿਕਲੇਗਾ 'ਧੰਨ ਭਾਈ ਤਾਰੂ ਸਿੰਘ ਜੀ'

ਇੰਨੇ ਕਸ਼ਟਾਂ ਵਾਲਾ ਜੀਵਨ ਚੱਲ ਰਿਹਾ ਸੀ ਫਿਰ ਵੀ ਅਰਦਾਸ ਇਹੀ ਕਰਦੇ ਸਨ ਕਿ ਇਹ ਅਕਾਲ ਪੁਰਖ'ਵਾਹਿਗੁਰੂ ਜੀਓ! ਚਾਰ ਪਹਿਰ ਦਾ ਦਿਨ ਸੁੱਖ ਨਾਲ ਬਤੀਤ ਹੋਇਆ,ਚਾਰ ਪਹਿਰ ਦੀ ਰੈਣ ਆਈ ਹੈ, ਸੁੱਖ ਨਾਲ ਭਾਣੇ ਅੰਦਰ ਬਤੀਤ ਕਰਨੀਂ ਜੀ'।

ਅੱਜ ਜਦੋਂ ਭਾਈ ਸੋਭਾ ਸਿੰਘ ਜੀ ਭਾਈ ਤਾਰੂ ਸਿੰਘ ਜੀ ਦੇ ਕੋਲ ਆਏ ਤਾਂ ਭਾਈ ਸਾਹਿਬ ਜੀ ਦੀ ਸਿਹਤ ਵਿੱਚ ਵੱਧ ਸੁਧਾਰ ਦੇਖ ਕੇ ਬਹੁਤ ਪ੍ਰਸੰਨ ਹੋਏ। ਭਾਈ ਸੋਭਾ ਸਿੰਘ ਜੀ ਨੇ ਪਿਆਰ ਦੇ ਬਚਨ ਆਰੰਭ ਕੀਤੇ। ਪਹਿਲਾਂ ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਦੱਸ ਭਾਈ ਸੋਭਾ ਸਿੰਘ! ਤੇਰੇ ਪਰਿਵਾਰ ਦਾ ਕੀ ਹਾਲ ਹੈ? ਤੇ ਸਾਡੇ ਕਰਕੇ ਤੇਰੀ ਉਪ-ਜੀਵਿਕਾ (ਕੰਮ-ਕਾਰ) ਵਿੱਚ ਕੋਈ ਫਰਕ ਤਾਂ ਨਹੀਂ ਪਿਆ...?"

ਭਾਈ ਸੋਭਾ ਸਿੰਘ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਕਿਹਾ,"ਭਾਈ ਸਾਹਿਬ ਜੀਓ! ਘਰ ਵਾਲੀ
ਤੇ ਬੱਚੇ ਆਪ ਜੀ ਦੀ ਸੇਵਾ ਲਈ ਤੱਤਪਰ ਰਹਿੰਦੇ ਨੇ। ਹੁਣ ਤਾਂ ਬੱਚੇ ਆਪ ਹੀ ਮਲੁਮ ਤਿਆਰ ਕਰਦੇ ਨੇ ਅਤੇ ਆਪ ਜੀ ਦੇ ਦਰਸ਼ਨਾ ਲਈ ਬੇਨਤੀ ਕਰਦੇ ਰਹਿੰਦੇ ਨੇ ਪਰ ਮੈਂ ਰੋਜ਼ ਕਿਸੇ ਨਵੇਂ ਬਹਾਨੇ ਨਾਲ ਟਾਲ ਦਿੰਦਾ ਹਾਂ। ਅੱਜ ਵੀ ਸਾਰਾ ਪਰਿਵਾਰ ਨਾਲ ਆਉਣ ਲਈ ਤਿਆਰ ਸੀ।"

"ਅੱਜ ਕੀ ਬਹਾਨਾ ਲਗਾਇਆ ਫਿਰ ਤੁਸੀਂ..?"ਭਾਈ ਤਾਰੂ ਸਿੰਗ ਜੀ ਨੇ ਥੋੜਾ ਹੱਸ ਕੇ ਕਿਹਾ।

ਭਾਈ ਸੋਭਾ ਸਿੰਘ ਜੀ ਕਹਿਣ ਲੱਗੇ,"ਮੈਂ ਕਿਹਾ ਕਿ ਭਾਈ ਸਾਹਿਬ ਜੀ ਨੇ ਤੁਹਾਡੀ ਬੇਨਤੀ ਨੂੰ ਮੰਨ ਲਿਆ ਹੈ,ਬਸ ਥੋੜਾ ਹੋਰ ਠੀਕ ਹੋ ਲੈਣ ਦਿਓ,ਫਿਰ ਮੈਂ ਤੁਹਾਨੂੰ ਸਾਰਿਆਂ ਨੂੰ ਭਾਈ ਸਾਹਿਬ ਜੀ ਕੋਲ ਲੈ ਕੇ ਜਾਵਾਂਗਾ। ਬਾਕੀ ਕਾਰੋਬਾਰ ਬਾਰੇ ਵੀ ਦੱਸਾਂ,ਜਦੋਂ ਦੀ ਆਪ ਜੀ ਦੀ ਸੇਵਾ ਮਿਲੀ ਹੈ,ਕਾਰੋਬਾਰ ਵਾਲੇ ਤਾਂ ਮੇਰੇ ਪਿੱਛੇ-ਪਿੱਛੇ ਫਿਰਦੇ ਨੇ। ਪਹਿਲਾਂ ਮੈ ਕੰਮ ਲੱਭਦਾ ਹੁੰਦਾ ਸੀ ਪਰ ਹੁਣ ਤਾਂ ਕੋਈ ਵੀ ਦਿਨ ਖਾਲੀ ਨਹੀਂ ਜਾਂਦਾ। ਆਪ ਜੀ ਦੀ ਕਿਰਪਾ ਨਾਲ ਘਰ ਦੀ ਹਾਲਤ ਵਿੱਚ ਬਹੁਤ ਸੁਧਾਰ ਹੋਇਆ ਹੈ।"

ਫਿਰ ਭਾਈ ਸੋਭਾ ਸਿੰਘ ਹੱਸ ਕੇ ਕਹਿਣ ਲੱਗੇ, "ਲਉ ਜੀ! ਮੈਂ ਤਾਂ ਆਪਣੀਆਂ ਹੀ ਤਾਰੀਫਾਂ ਕਰੀ ਜਾ ਰਿਹਾ ਹਾਂ, ਮੈਂ ਆਪ ਜੀ ਨੂੰ ਮੁਗਲਾਂ ਦੀ ਖਬਰ ਦੇਣਾ ਤਾਂ ਭੁੱਲ ਹੀ ਗਿਆ। ਭਾਈ ਸਾਹਿਬ ਜੀ,ਮੈਂ ਆਪ ਜੀ ਨੂੰ ਜੋ ਜ਼ਕਰੀਆ ਖਾਨ ਦੇ ਪਿਸ਼ਾਬ ਬੰਦ ਹੋਣ ਦੀ ਗੱਲ ਦੱਸੀ ਸੀ,ਉਹ ਪੂਰੀ ਦਰੁੱਸਤ ਹੈ ਤੇ ਅਜੇ ਤੱਕ ਵੀ ਜ਼ਕਰੀਏ ਦੇ ਪਿਸ਼ਾਬ ਦਾ ਬੰਨ੍ਹ ਖੁੱਲਿਆ ਨਹੀਂ। ਬਹੁਤ ਸਾਰੇ ਹਕੀਮਾਂ ਨੇ ਬਹੁਤ ਜ਼ੋਰ ਲਗਾਇਆ ਪਰ ਕੋਈ ਫਰਕ ਨਹੀਂ ਪਿਆ। ਮੈਂ ਸੁਣਿਆ ਹੈ ਕਿ ਜ਼ਕਰੀਏ ਦਾ ਪੁੱਤਰ ਯਈਆ ਖਾਨ ਪਿਸ਼ਾਵਰ ਤੋਂ ਵੀ ਹਕੀਮ ਲੈ ਕੇ ਆਇਆ ਸੀ ਤੇ ਉਸ ਨੇ ਵੀ ਬਹੁਤ ਜ਼ੋਰ ਲਗਾਇਆ ਪਰ ਜ਼ਕਰੀਆ ਉਵੇਂ ਹੀ ਤੜਫ ਰਿਹਾ ਹੈ।"

ਭਾਈ ਤਾਰੂ ਸਿੰਘ ਜੀ ਭਾਈ ਸੋਭਾ ਸਿੰਘ ਲਾਲੋ ਦੀ ਗੱਲ ਸੁਣ ਕੇ ਚੁੱਪ ਰਹੇ ਤੇ ਭਾਈ ਸੋਭਾ ਸਿੰਘ ਲਾਲੋ ਉਨ੍ਹਾਂ ਦੀ ਮਲ੍ਹਮ ਪੱਟੀ ਕਰਦੇ ਰਹੇ। ਪੱਟੀ ਕਰਦੇ ਹੋਇਆਂ ਨੇ ਫਿਰ ਗੱਲ ਸੁਰੂ ਕੀਤੀ ਤੇ ਕਹਿਣਾ ਸ਼ੁਰੂ ਕੀਤਾ, "ਭਾਈ ਸਾਹਿਬ ਜੀ, ਮੈਂ ਇੱਕ ਹੋਰ ਵੱਡੀ ਖਬਰ ਸੁਣੀ ਹੈ, ਉਹ ਇਹ ਕਿ ਜਿਸ ਜੰਡਿਆਲੇ ਦੇ ਬੰਦੇ ਹਰਿਭਗਤ ਨਿਰੰਜਣੀਏ ਨੇ ਆਪ ਜੀ ਦੀ ਮੁਖਬਰੀ ਕਰਕੇ ਨਵਾਬ ਕੋਲੋਂ ਇਨਾਮ ਲਿਆ ਸੀ, ਉਸਨੇ ਪਿੰਡ ਜਾ ਕੇ ਇੱਕ ਬਹੁਤ ਵੱਡੀ ਦਾਅਵਤ ਰੱਖੀ ਸੀ ਤੇ ਇਸ ਵਿੱਚ ਹੋਰ ਵੀ ਬਹੁਤ ਸਾਰੇ ਮੁਖਬਰ, ਜਰਨੈਲ ਤੇ ਫੌਜਦਾਰ ਬੁਲਾਏ ਗਏ ਸਨ। ਜਦੋਂ ਦਾਅਵਤ ਚੱਲ ਰਹੀ ਸੀ ਤਾਂ ਕਿਸੇ ਨੇ ਰੌਲਾ ਪਾ ਦਿੱਤਾ ਕਿ ਸਿੰਘ ਆ ਗਏ ਤੇ ਘੇਰਾ ਪੈ ਗਿਆ। ਇਹ ਅਫਵਾਹ ਸੁਣ ਕੇ ਸਾਰਿਆਂ ਨੂੰ ਅਜਿਹੀਆਂ ਭਾਜੜਾਂ ਪਈਆਂ ਕਿ ਬਹੁਤੇ ਤਾਂ ਉੱਥੇ ਹੀ ਇੱਕ ਦੂਜੇ ਦੀਆਂ ਤਲਵਾਰਾਂ ਨਾਲ ਵੱਢੇ ਗਏ ਤੇ ਕੁਝ ਤਾਂ ਮਾਰੇ ਵੀ ਗਏ ਤੇ ਹੋਰ ਵੀ ਸੁਣਿਆ ਹੈ ਕਿ ਨਿਰੰਜਣੀਆਂ ਤਾਂ ਉਸ ਤੋਂ ਬਾਅਦ ਮੰਜੇ ਤੇ ਹੀ ਪਿਆ ਹੈ ਤੇ ਉਸਦੇ ਸਾਰੇ ਸਰੀਰ 'ਤੇ ਚਿੱਟੇ ਮੂੰਹ ਵਾਲੀਆਂ ਫਿਨਸੀਆਂ ਨਿਕਲੀਆਂ ਹੋਈਆਂ ਹਨ। ਤੜਫ ਕੇ ਕਹਿੰਦਾ ਹੈ ਕਿ ਇਹ ਜਾਨ ਕਿਉਂ ਨਹੀਂ ਨਿਕਲਦੀ ਤੇ ਰੋ ਰੋ ਕੇ ਬੇਹਾਲ ਹੈ। ਸਾਰੇ ਪਿੰਡ ਵਾਲੇ ਉਸਨੂੰ ਲਾਹਨਤਾਂ ਪਾ ਰਹੇ ਨੇ। ਮੇਰੇ ਘਰ ਦੇ ਨਾਲ ਇੱਕ ਫੌਜਦਾਰ ਦਾ ਘਰ ਹੈ ਤੇ ਉਹ ਵੀ ਉੱਥੇ ਗਿਆ ਸੀ, ਉਸਦੀ ਬੇਗਮ ਨੇ ਮੈਨੂੰ ਇਹ ਸਾਰੀ ਖਬਰ ਦੱਸੀ ਹੈ।"

ਭਾਈ ਤਾਰੂ ਸਿੰਘ ਜੀ ਭਾਈ ਸੋਭਾ ਸਿੰਘ ਜੀ ਦੀ ਗੱਲ ਸੁਣ ਕੇ ਕੁਝ ਗੰਭੀਰ ਹੋ ਗਏ ਤੇ ਕੋਈ ਜਵਾਬ ਨਾ ਦਿੱਤਾ। ਸਿਮਰਨ ਕਰਦੇ ਹੋਇਆਂ ਨੇ ਨੇਤਰ ਬੰਦ ਕਰ ਲਏ। ਭਾਈ ਸੋਭਾ ਸਿੰਘ ਲਾਲੋ ਨੇ ਵੀ ਭਾਈ ਸਾਹਿਬ ਜੀ ਦੀ ਪੱਟੀ ਕਰ ਦਿੱਤੀ ਸੀ ਤੇ ਉਹ ਸਮਝ ਗਏ ਸਨ ਕਿ ਭਾਈ ਸਾਹਿਬ ਜੀ ਦੀ ਸੋਚ ਉੱਚੀ ਹੈ ਅਤੇ ਇਹ ਬਹੁਤ ਗੰਭੀਰ ਪੁਰਸ਼ ਹਨ। ਨਿਰੰਕਾਰ ਵਾਹਿਗੁਰੂ ਦੇ ਭਾਣੇ ਅੰਦਰ ਆਪਣੇ ਆਪ ਨੂੰ ਮਕਬੂਲ ਰੱਖਦੇ ਹਨ। ਭਾਈ ਤਾਰੂ ਸਿੰਘ ਜੀ ਕਦੇ ਵੀ ਆਪਣੇ ਦੁਸ਼ਮਣਾਂ ਦਾ ਮਾੜਾ ਹੁੰਦਾ ਦੇਖ ਕੇ ਖੁਸ਼ ਨਹੀਂ ਹੁੰਦੇ ਸਨ। ਉਹ ਇਕ ਪੂਰਨ ਬ੍ਰਹਮਗਿਆਨੀ ਸਨ ਜਿਨ੍ਹਾਂ 'ਤੇ ਸਾਹਿਬ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ ਬਹੁਤ ਮਿਹਰ ਸੀ। ਭਾਈ ਸੋਭਾ ਸਿੰਘ ਜੀ ਦੇ ਜੀਵਨ ਤੇ ਭਾਈ ਸਾਹਿਬ ਜੀ ਦਾ ਬਹੁਤ ਅਸਰ ਹੋਇਆ ਜਿਸ ਕਾਰਣ ਭਾਈ ਸੋਭਾ ਸਿੰਘ ਜੀ ਦਿਨ ਦੇ ਸਮੇਂ ਹਮੇਸ਼ਾਂ ਜਪੁਜੀ ਸਾਹਿਬ ਦਾ ਪਾਠ ਅਤੇ ਹੋਰ

ਬਾਣੀਆਂ ਦੇ ਪਾਠ ਕਰਦੇ ਰਹਿੰਦੇ ਸਨ। ਇਸ ਤਰਾਂ ਭਾਈ ਸਾਹਿਬ ਜੀ ਨੂੰ ਭਾਈ ਸੋਭਾ ਸਿੰਘ ਲਾਲੋ ਨੇ ਪ੍ਰਸ਼ਾਦਾ ਛਕਾਇਆ ਤੇ ਆਗਿਆ ਲੈ ਕੇ ਵਾਪਸ ਘਰ ਨੂੰ ਪਰਤ ਆਏ।

17 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 29 ਦਿਨ) ਭਾਈ ਸੁੱਖਾ ਸਿੰਘ ਸੰਖੇਪ ਜੀਵਨ ਤੇ ਗ੍ਰਿਫਤਾਰੀ

ਅੱਜ ਭਾਈ ਤਾਰੂ ਸਿੰਘ ਜੀ ਖੋਪਰੀ ਉਤਰੀ ਨੂੰ ਅੱਠਵਾਂ ਦਿਨ ਸ਼ੁਰੂ ਹੋਇਆ ਹੈ ਤੇ ਜਿੱਥੇ ਭਾਈ ਸਾਹਿਬ ਜੀ ਦੀ ਸਿਹਤ ਵਿੱਚ ਬਹੁਤ ਸੁਧਾਰ ਹੋਇਆ,ਉੱਥੇ ਭਾਈ ਸਾਹਿਬ ਜੀ ਦੇ ਸਿਰ ਦੇ ਜਖ਼ਮ ਵੀ ਕਾਫੀ ਭਰ ਗਏ ਸਨ। ਜਦੋਂ ਭਾਈ ਸਾਹਿਬ ਜੀ ਨੂੰ ਚਰਖੜੀ ਉੱਪਰ ਘੁਮਾਇਆ ਗਿਆ ਸੀ ਤਾਂ ਛਾਤੀ ਦੀਆਂ ਛੋਟੀਆਂ ਹੱਡੀਆਂ ਟੁੱਟ ਗਈਆਂ ਸਨ। ਭਾਈ ਸੋਭਾ ਸਿੰਘ ਜੀ ਨੇ ਪੁਰਾਨੇ ਵੈਦਾਂ ਨਾਲ ਇਸ ਗੱਲ ਦੀ ਸਲਾਹ ਕੀਤੀ ਤੇ ਵੈਦਾਂ ਅਨੁਸਾਰ ਹੀ ਭਾਈ ਸਾਹਿਬ ਜੀ ਦਾ ਇਲਾਜ਼ ਕੀਤਾ। ਉਸ ਸਮੇਂ ਇੱਕ ਗਲਾਸ ਦੇ ਪਿੱਛੇ ਪੰਪ ਲਗਾ ਕੇ ਉਲਟੀ ਹਵਾ ਖਿੱਚੀ ਜਾਂਦੀ ਸੀ ਜਿਸ ਨਾਲ ਪਸਲੀਆਂ ਬਾਹਰ ਨੂੰ ਆ ਕੇ ਜੁੜ ਜਾਂਦੀਆਂ ਸਨ। ਇਸ ਪ੍ਰੀਕਿਰਿਆ ਨੂੰ ਕਰਨ ਨਾਲ ਭਾਈ ਤਾਰੂ ਸਿੰਘ ਜੀ ਦੀ ਛਾਤੀ ਦਾ ਦਰਦ ਵੀ ਕਾਫੀ ਘਟ ਗਿਆ ਸੀ ਜਿਸ ਨਾਲ ਭਾਈ ਸਾਹਿਬ ਜੀ ਸਰੀਰ ਦੀਆਂ ਬਹੁਤ ਸਾਰੀ ਕਿਰਿਆਵਾਂ ਆਪ ਹੀ ਸੋਧਣ ਲੱਗ ਗਏ ਸਨ। ਹੁਣ ਭਾਈ ਸਾਹਿਬ ਜੀ ਭਾਈ ਸੋਭਾ ਸਿੰਘ ਲਾਲੋ ਜੀ ਨਾਲ ਪਿਆਰ ਦੇ ਬਚਨਾਂ ਤੋਂ ਬਿਨਾਂ ਜੀਵਨ ਦੀ ਰਹਿਣੀ-ਸਹਿਣੀ ਤੇ ਜੀਵਣ ਜਾਂਚ ਦੀਆਂ ਵਿਚਾਰਾਂ ਦੀ ਸਾਂਝ ਕਰਦੇ ਰਹਿੰਦੇ ਸਨ।

ਅੱਜ ਜਦੋਂ ਭਾਈ ਸੋਭਾ ਸਿੰਘ ਜੀ ਭਾਈ ਤਾਰੂ ਸਿੰਘ ਜੀ ਕੋਲ ਸੇਵਾ ਲਈ ਆਏ ਤਾਂ ਉਹਨਾਂ ਦੇ ਮੁਖ ਤੇ' ਨਿਰਾਸ਼ਾ ਦੇਖ ਕੇ ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਕੀ ਗੱਲ ਹੈ ਭਾਈ ਸੋਭਾ ਸਿੰਘ ਲਾਲੋ, ਅੱਜ ਆਪ ਦੇ ਮੁੱਖ 'ਤੇ ਨਿਰਾਸ਼ਾ ਕਿਉਂ ਹੈਂ, ਸਭ ਠੀਕ ਤਾਂ ਹੈ.......?"

ਭਾਈ ਸੋਭਾ ਸਿੰਘ ਲਾਲੋ ਨੇ ਦੱਸਿਆ, "ਭਾਈ ਸਾਹਿਬ ਜੀ,ਅੱਜ ਕੋਈ ਚੰਗੀ ਖਬਰ ਨਹੀਂ ਹੈ"।

ਭਾਈ ਤਾਰੂ ਸਿੰਘ ਜੀ ਥੋੜਾ ਹੈਰਾਨ ਹੋ ਕੇ ਬੋਲੇ, "ਕੀ ਭਾਣਾ ਵਰਤ ਗਿਆ, ਜ਼ਰਾ ਮੈਨੂੰ ਵੀ ਦੱਸੋ..?"

"ਸ਼ਹੀਦ ਸ. ਮਹਿਤਾਬ ਸਿੰਘ ਜੀ ਦੇ ਨਾਲ ਦਾ ਸਿੰਘ ਸੁੱਖਾ ਸਿੰਘ ਕੱਲ੍ਹ ਇਨ੍ਹਾਂ ਨੇ ਗ੍ਰਿਫਤਾਰ ਕਰ ਲਿਆ ਹੈ ਤੇ ਜੇਲ੍ਹ ਵਿੱਚ ਬੰਦ ਕਰ ਹੋਇਆ ਹੈ",ਭਾਈ ਸੋਭਾ ਸਿੰਘ ਜੀ ਨੇ ਦੱਸਿਆ।

ਭਾਈ ਸਾਹਿਬ ਜੀ ਨੇ ਪੁੱਛਿਆ, "ਜੇਲ੍ਹਰ ਕੌਣ ਹੈ?"

ਭਾਈ ਸੋਭਾ ਸਿੰਘ ਨੇ ਦੱਸਿਆ,"ਮੈਨੂੰ ਤਾਂ ਜੇਲ੍ਹਰ ਅਹਿਮਦ ਖ਼ਾਂ ਨੇ ਇਹ ਖਬਰ ਦੱਸੀ ਹੈ। ਉਸਨੇ ਦੱਸਿਆ ਕਿ ਨਵਾਬ ਦਾ ਪਿਸ਼ਾਬ ਬੰਦ ਹੋਣ ਕਾਰਣ ਉਹ ਤਾਂ

ਮੰਜੇ ਤੇ ਹੀ ਪਿਆ ਤੜਫ ਰਿਹਾ ਹੈ ਤੇ ਉਸ ਦੀ ਜਗ੍ਹਾ ਉਸਦਾ ਪੁੱਤਰ ਯਾਫਰ ਖ਼ਾਂ ਕਚਿਹਰੀ ਆਉਂਦਾ ਹੈ। ਕਹਿੰਦੇ ਨੇ ਇਹ ਯਾਫਰ ਖ਼ਾਂ ਜ਼ਕਰੀਏ ਤੋਂ ਵੱਧ ਜ਼ਾਲਮ ਹੈ। ਉਸਨੇ ਕਲ੍ਹ ਰਾਤ ਨੂੰ ਭਾਈ ਸੁੱਖਾ ਸਿੰਘ ਨੂੰ ਆਪਣੀ ਨਿਗਰਾਨੀ ਵਿੱਚ ਬਹੁਤ ਤਸੀਹੇ ਦਿੱਤੇ ਨੇ।"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਭਾਈ ਸੋਭਾ ਸਿੰਘ ਲਾਲੋ, ਆਪ ਨੂੰ ਪਤਾ ਹੈ ਕਿ ਇਹ ਸੁੱਖਾ ਸਿੰਘ ਆਪ ਜੀ ਦੇ ਕਾਰੋਬਾਰੀ ਵੀ ਹਨ ਤੇ ਭਾਈ ਵੀ ਹਨ...!"

ਭਾਈ ਸੋਭਾ ਸਿੰਘ ਹੈਰਾਨੀ ਨਾਲ ਪੁੱਛਣ ਲੱਗੇ, "ਮੇਰੇ ਭਾਈ! ਉਹ ਕਿਵੇਂ ਤੇ ਮੇਰੇ ਕਾਰੋਬਾਰੀ! ਤੇ ਤੁਸੀ ਸੁੱਖਾ ਸਿੰਘ ਬਾਰੇ ਕਿਵੇਂ ਜਾਣਦੇ ਹੋ..?"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਜੇਲ੍ਹ ਵਿੱਚ ਇਕ ਰਾਤ ਜਦੋਂ ਭਾਈ ਮਹਿਤਾਬ ਸਿੰਘ ਜੀ ਨਾਲ ਬਿਤਾਈ ਸੀ ਤਾਂ ਉਹਨਾਂ ਨੇ ਭਾਈ ਸੁੱਖਾ ਸਿੰਘ ਜੀ ਬਾਰੇ ਦੱਸਿਆ ਸੀ। ਭਾਈ ਸੁੱਖਾ ਸਿੰਘ ਨੇ ਸ. ਮਹਿਤਾਬ ਸਿੰਘ ਜੀ ਨੂੰ ਰਾਜਸਥਾਨ ਦੇ ਜੈਪੁਰ ਇਲਾਕੇ ਵਿੱਚ ਜੋ ਜੋ ਦੱਸਿਆ, ਉਹ ਸਾਰਾ ਕੁਝ ਉਹਨਾਂ ਨੇ ਮੈਨੂੰ ਦੱਸਿਆ ਸੀ। ਉਹਨਾਂ ਦਾ ਜੀਵਨ ਵੀ ਬਹੁਤ ਮਹਾਨ ਹੈ।"

ਭਾਈ ਸੋਭਾ ਸਿੰਘ ਜੀ ਬੇਨਤੀ ਕਰਨ ਲੱਗੇ, "ਐਸੇ ਮਹਾਨ ਗੁਰਸਿੱਖ ਦਾ ਜੀਵਨ ਮੈਨੂੰ ਵੀ ਸੁਣਾਉ ਤੇ ਦੱਸੋ ਕਿ ਉਹ ਮੇਰਾ ਭਾਈ ਕਿਵੇਂ ਹੈ..?"

ਭਾਈ ਤਾਰੂ ਸਿੰਘ ਜੀ ਨੇ ਬਚਨ ਕੀਤਾ, "ਗੁਰਸਿੱਖੀ ਨਾਤੇ ਤਾਂ ਅਸੀਂ ਸਾਰੇ ਹੀ ਭਾਈ ਹਾਂ। ਕਾਰੋਬਾਰੀ ਕਿਰਤ ਪ੍ਰਮਾਤਮਾ ਨੇ ਸਭ ਨੂੰ ਆਪੋ-ਆਪਣੀ ਦਿੱਤੀ ਹੈ ਤੇ ਨਿਰੰਕਾਰ ਨੇ ਸਭ ਨੂੰ ਆਪੋ-ਆਪਣੇ ਧੰਦੇ ਲਾਇਆ ਹੈ। ਜੋ ਕਾਰੋਬਾਰ ਵਾਹਿਗੁਰੂ ਜੀ ਨੇ ਆਪ ਜੀ ਨੂੰ ਬਖਸ਼ਿਆ ਹੈ, ਉਹੀ ਕਾਰੋਬਾਰ ਸ. ਸੁੱਖਾ ਸਿੰਘ ਦੇ ਪਿਤਾ ਸ. ਜੈਦੇਵ ਸਿੰਘ ਜੀ ਕਰਦੇ ਸਨ। ਉਨ੍ਹਾਂ ਵਿੱਚ ਸਿੰਘਾਂ ਵਾਲੇ ਸਾਰੇ ਗੁਣ ਸਨ ਪਰ ਉਨ੍ਹਾਂ ਦਾ ਵਿਆਹ ਇੱਕ ਸਨਾਤਨ ਧਰਮ ਨੂੰ ਮੰਨਣ ਵਾਲੀ ਲੜਕੀ ਸਰੋਜ ਦੇਵੀ ਨਾਲ ਹੋਈ ਸੀ। ਜੇ ਮਨੁੱਖ ਨੂੰ ਉਸਦੀ ਘਰ ਵਾਲੀ ਸਿਆਣੀ ਤੇ ਸੁਚੱਜੀ ਮਿਲ ਜਾਵੇ ਤਾਂ ਉਹ ਘਰ ਨੂੰ ਸਵਰਗ ਬਣਾ ਦਿੰਦੀ ਹੈ। ਘਰ ਦੇ ਪੁਰਖਾਂ ਦਾ ਨਾਮ ਉਚਾ ਕਰ ਦਿੰਦੀ ਹੈ ਪਰ ਜੇ ਮੂਰਖ ਤੇ ਦੁਹਾਗਣ ਮਿਲ ਜਾਵੇ ਤਾਂ ਘਰ ਨੂੰ ਨਰਕ ਬਣਾ ਦਿੰਦੀ ਹੈ। ਵਿਆਹ ਤੋਂ ਬਾਅਦ ਜੈਦੇਵ ਸਿੰਘ ਜੀ ਨੇ ਅਕਾਲ-ਪੁਰਖ ਅੱਗੇ ਅਰਦਾਸ ਕੀਤੀ ਤਾਂ ਉਹਨਾਂ ਦੇ ਘਰ ਵਾਹਿਗੁਰੂ ਜੀ ਨੇ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ। ਇਸ ਜੀਵ ਦੇ ਘਰ ਵਿਚ ਆਉਣ ਨਾਲ ਘਰ ਸੁੱਖਾਂ ਨਾਲ ਭਰ ਗਿਆ ਤੇ ਇਸ ਬੱਚੇ ਦਾ ਨਾਮ ਵੀ ਸੁੱਖਾ ਸਿੰਘ ਰੱਖਿਆ ਗਿਆ। ਸੁੱਖਾ ਸਿੰਘ ਦਾ ਜਨਮ ਪਿੰਡ ਮਾੜੀ ਕੰਬੋਆ ਵਿਖੇ ਹੋਇਆ ਸੀ।"

ਇਨੇਂ ਨੂੰ ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦੀ ਪੱਟੀ ਖੋਲਣੀ ਆਰੰਭ ਕਰ ਦਿੱਤੀ ਤੇ ਭਾਈ ਸਾਹਿਬ ਭਾਈ ਸੋਭਾ ਸਿੰਘ ਜੀ ਨੂੰ ਸੁੱਖਾ ਸਿੰਘ ਦੇ ਜੀਵਨ ਬਾਰੇ ਅੱਗੇ ਦੱਸਣ ਲੱਗੇ, "ਸ. ਸੁੱਖਾ ਸਿੰਘ ਦੀ ਉਮਰ ਢਾਈ-ਤਿੰਨ ਸਾਲ ਦੀ ਹੋਈ ਤਾਂ ਉਸ ਸਮੇਂ ਵੀ ਸਿੰਘਾਂ ਨੂੰ ਚੁਣ-ਚੁਣ ਮਾਰਿਆ ਗਿਆ ਸੀ। ਨਾਨਕਾ

ਪਰਿਵਾਰ ਸਾਰਾ ਹਿੰਦੂ ਸੀ,ਇਸ ਲਈ ਸ.ਸੁੱਖਾ ਸਿੰਘ ਦੀ ਪਤਨੀ ਸਰੋਜ ਦੇਵੀ ਨੇ ਜੈਦੇਵ ਸਿੰਘ ਦੀ ਇੱਕ ਨਾ ਚੱਲਣ ਦਿੱਤੀ ਤੇ ਜੈਦੇਵ ਸਿੰਘ ਵੀ ਮੂਨੀ ਬਣ ਕੇ ਚੁੱਪ ਧਾਰਨ ਕਰ ਕੇ ਬੈਠ ਗਿਆ।ਅਸਲ ਵਿੱਚ ਸ.ਸੁੱਖਾ ਸਿੰਘ ਦਾ ਨਾਨਕਾ ਪਰਿਵਾਰ ਉਸ ਦਾ ਮੁੰਡਣ ਕਰਵਾਉਣਾ ਚਾਹੁੰਦੇ ਸਨ ਪਰ ਜੈਦੇਵ ਇਸ ਗੱਲ ਲਈ ਰਾਜ਼ੀ ਨਹੀ ਸੀ ਪਰ ਉਸਦੀ ਕੋਈ ਪੇਸ਼ ਨਾ ਗਈ ਤੇ ਮੁੰਡਣ ਦੀ ਤਾਰੀਖ ਪੱਕੀ ਕਰ ਦਿੱਤੀ।"

"ਫਿਰ ਕੀ ਹੋਇਆ, ਮੁੰਡਣ ਕਰ ਦਿੱਤਾ ਸੁੱਖਾ ਸਿੰਘ ਦਾ...?", ਭਾਈ ਸੋਭਾ ਸਿੰਘ ਨੇ ਭਾਈ ਸਾਹਿਬ ਜੀ ਦਾ ਸਿਰ ਦਾ ਜ਼ਖ਼ਮ ਸਾਫ ਕਰਦਿਆਂ ਬਹੁਤ ਉਤਸੁਕਤਾ ਨਾਲ ਪੁੱਛਿਆ।

ਭਾਈ ਤਾਰੂ ਸਿੰਘ ਜੀ ਨੇ ਦੱਸਿਆ, "ਅੱਗੇ ਸੁਣੋ, ਮੁੰਡਣ ਤੋਂ ਇੱਕ ਦਿਨ ਪਹਿਲਾਂ ਪੰਡਿਤ ਘਰ ਵਿੱਚ ਆਇਆ ਜਦੋਂ ਉਹ ਮੁੰਡਣ ਦਾ ਸਾਮਾਨ ਲਿਖਾ ਰਿਹਾ ਸੀ ਤਾਂ ਇੰਨੇ ਨੂੰ ਸ. ਸੁੱਖਾ ਸਿੰਘ ਜੀ ਬਾਹਰੋਂ ਖੇਡ ਕੇ ਆ ਰਹੇ ਸਨ ਤੇ ਆਉਂਦਿਆਂ ਹੀ ਪੰਡਿਤ ਨੂੰ ਫ਼ਤਿਹ ਬੁਲਾ ਦਿੱਤੀ। ਪੰਡਿਤ ਪਹਿਲਾਂ ਤਾਂ ਠੰਡਾ ਜਿਹਾ ਹੋ ਗਿਆ, ਕਿਉਂਕਿ ਸੁੱਖਾ ਸਿੰਘ ਦੇ ਸਿਰ 'ਤੇ ਇੱਕ ਵੱਡਾ ਜੂੜਾ ਕੀਤਾ ਹੋਇਆ ਸੀ ਤੇ ਬਹੁਤ ਸੋਹਣਾ ਪਟਕਾ (ਛੋਟੀ ਦਸਤਾਰ) ਬੰਨ੍ਹੀ ਹੋਈ ਸੀ।ਪੰਡਿਤ ਨੇ ਪਹਿਲਾਂ ਮਨ ਵਿੱਚ ਸੋਚਿਆ ਕਿ ਮੁੰਡਣ ਵਾਲਾ ਬੱਚਾ ਇਹ ਤਾਂ ਲਗਦਾ ਨਹੀਂ ਪਰ ਫਿਰ ਉਸਨੇ ਬੀਬੀ ਸਰੋਜ ਦੇਵੀ ਤੋਂ ਪੁੱਛ ਹੀ ਲਿਆ ਕਿ ਇਹੀ ਬੱਚਾ ਹੈ ਜਿਸ ਦਾ ਮੁੰਡਣ ਕਰਨਾ ਹੈ..? ਤਾਂ ਸਰੋਜ ਦੇਵੀ ਨੇ ਸੁੱਖਾ ਸਿੰਘ ਨੂੰ ਕੋਲ ਬੁਲਾ ਕੇ ਹਾਂ ਵਿੱਚ ਸਿਰ ਹਿਲਾ ਕੇ ਕਿਹਾ ਕਿ ਜੀ ਪੰਡਿਤ ਜੀ ਇਹੀ ਮੇਰਾ ਲੜਕਾ ਹੈ।"

ਭਾਈ ਸੋਭਾ ਸਿੰਘ ਨੇ ਫਿਰ ਪੁੱਛਿਆ, "ਫਿਰ ਕੀ ਹੋਇਆ..?"

ਭਾਈ ਤਾਰੂ ਸਿੰਘ ਨੇ ਕਿਹਾ, "ਫਿਰ ਸੁੱਖਾ ਸਿੰਘ ਪੰਡਿਤ ਦੇ ਸਾਹਮਣੇ ਆ ਗਿਆ ਤੇ ਪੁੱਛਣ ਲੱਗਿਆ, "ਇਹ ਮੁੰਡਣ ਕੀ ਹੁੰਦਾ ਹੈ..?"

ਪੰਡਿਤ ਨੇ ਬਹੁਤ ਪਿਆਰ ਨਾਲ ਸਮਝਾਇਆ, "ਮਾਂ ਦੇ ਪੇਟ ਵਿੱਚ ਜਦੋਂ ਬੱਚਾ ਹੁੰਦਾ ਹੈ ਤਾਂ ਉਸ ਦੇ ਵਾਲ ਅਪਵਿੱਤਰ ਹੋ ਜਾਂਦੇ ਨੇ ਤੇ ਸਨਾਤਨ ਧਰਮ ਅਨੁਸਾਰ ਇਨ੍ਹਾਂ ਵਾਲਾਂ ਨੂੰ ਕੱਟ ਕੇ ਸਾਫ ਕਰ ਦੇਈਦਾ ਹੈ ਅਤੇ ਫਿਰ ਨਵੇਂ ਵਾਲ ਆ ਜਾਂਦੇ ਨੇ।ਇਹਨਾਂ ਵਾਲਾਂ ਨੂੰ ਸਿਰ ਦੀ ਸ਼ਾਨ ਬਣਾਈਦਾ ਹੈ,ਸਮਝ ਗਿਆ ਹੈਂ ਪੁੱਤਰ!"ਸ.ਸੁੱਖਾ ਸਿੰਘ ਪੰਡਿਤ ਦੀ ਗੱਲ ਸੁਣ ਕੇ ਸੋਚਾਂ ਵਿੱਚ ਪੈ ਗਏ ਤੇ ਉਸ ਸਮੇਂ ਕੁਝ ਨਾ ਬੋਲੇ।ਅਗਲੇ ਦਿਨ ਜਦੋਂ ਪੰਡਿਤ ਪੂਰੀ ਤਿਆਰੀ ਨਾਲ ਸਾਰਾ ਸਮਾਨ ਲੈ ਕੇ ਘਰ ਆਇਆ ਤਾਂ ਪੰਡਿਤ ਨੂੰ ਦੇਖ ਕੇ ਸ. ਸੁੱਖਾ ਸਿੰਘ ਕੁਲਾਹੜੀ ਲੱਭਣ ਲੱਗ ਪਏ।ਪੂਰੀ ਤਿਆਰੀ ਹੋ ਗਈ। ਇੱਕ ਪਾਸੇ ਪੰਡਿਤ ਤੇ ਨਾਈ ਬੈਠ ਗਏ ਤੇ ਨਾਈ ਆਪਣਾ ਉਸਤਰਾ ਤਿੱਖਾ ਕਰਨ ਲੱਗ ਪਿਆ ਤੇ ਦੂਜੇ ਪਾਸੇ ਸ. ਸੁੱਖਾ ਸਿੰਘ ਆਪਣੀ ਕੁਲਾਹੜੀ ਤਿੱਖੀ ਕਰਨ ਲੱਗ ਪਏ।"

"ਫਿਰ ਕੀ ਹੋਇਆ, ਜਲਦੀ ਦੱਸੋ", ਭਾਈ ਸੋਭਾ ਸਿੰਘ ਬਹੁਤ ਉਤਸੁਕਤਾ ਨਾਲ ਪੁੱਛ ਰਹੇ ਸਨ ਤੇ ਨਾਲ-ਨਾਲ ਪੱਟੀ ਕਰ ਰਹੇ ਸਨ।

ਭਾਈ ਤਾਰੂ ਸਿੰਘ ਜੀ ਬੋਲੇ,"ਤੁਸੀਂ ਸੁਣੋ ਤਾਂ ਸਹੀ, ਬਹੁਤ ਹਾਸਾ ਵੀ

ਆਵੇਗਾ ਤੇ ਮਾਣ ਵੀ ਹੋਵੇਗਾ। ਸੁੱਖਾ ਸਿੰਘ ਦੀ ਮਾਂ ਸਰੋਜ ਦੇਵੀ ਪੰਡਿਤ ਦਾ ਦੱਸਿਆ ਸਮਾਨ ਲੈਣ ਚਲੀ ਗਈ ਤੇ ਪੰਡਿਤ ਨੇ ਨਾਈ ਨੂੰ ਕਿਹਾ ਕਿ ਬੱਚੇ ਨੂੰ ਬੁਲਾ ਕੇ ਲਿਆ।ਜਦੋਂ ਨਾਈ ਤੇ ਪੰਡਿਤ ਨੇ ਦੇਖਿਆ ਕਿ ਸੁੱਖਾ ਸਿੰਘ ਕੁਲਾਹੜੀ ਤਿੱਖੀ ਕਰ ਰਿਹਾ ਹੈ ਤਾਂ ਉਨ੍ਹਾਂ ਨੇ ਥੋੜਾ ਘਬਰਾ ਕੇ ਪੁੱਛਿਆ,"ਮੇਰੇ ਲਾਲ ਇਹ ਕੁਲਾਹੜੀ ਕਿਉਂ ਤਿੱਖੀ ਕਰ ਰਿਹਾ ਹੈਂ?"

ਸੁੱਖਾ ਸਿੰਘ ਨੇ ਤਿੱਖੀ ਆਵਾਜ਼ ਵਿੱਚ ਆਖਿਆ, "ਪੰਡਿਤ ਜੀ, ਤੁਸੀਂ ਕੱਲ੍ਹ ਆਖਿਆ ਸੀ ਕਿ ਮਾਂ ਦੇ ਪੇਟ ਵਾਲੇ ਵਾਲ ਅਪਵਿੱਤਰ ਹੁੰਦੇ ਹਨ,ਇਸ ਲਈ ਇਨ੍ਹਾਂ ਦਾ ਮੁੰਡਣ ਕੀਤਾ ਜਾਂਦਾ ਹੈ।ਮੈਂ ਆਪ ਦੀ ਕਹੀ ਗੱਲ ਨੂੰ ਸੋਚਿਆ ਹੈ।ਜੇ ਮਾਂ ਦੇ ਪੇਟ ਵਾਲੇ ਵਾਲ ਅਪਵਿੱਤਰ ਹੋ ਸਕਦੇ ਨੇ ਤਾਂ ਬਾਕੀ ਅੰਗ-ਪੈਰ ਵੀ ਤਾਂ ਅਪਵਿੱਤਰ ਹੋਏ,ਕਿਉਂਕਿ ਮੈਂ ਦੇਖ ਰਿਹਾ ਹਾਂ ਕਿ ਆਪ ਦੇ ਸਿਰ ਦੇ ਵਾਲ ਤਾਂ ਸੁੱਚੇ ਹੋ ਗਏ ਹੋਣਗੇ ਪਰ ਆਪ ਦੇ ਸਰੀਰ ਦੇ ਬਾਕੀ ਅੰਗਾਂ ਦੇ ਵਾਲ ਤਾਂ ਅਜੇ ਅਪੱਵਿਤਰ ਹੀ ਹਨ ਇਸ ਲਈ ਮੈਂ ਪਹਿਲਾਂ ਇਹਨਾਂ ਦਾ ਮੁੰਡਣ ਕਰ ਕੇ ਇਹਨਾਂ ਨੂੰ ਸੁੱਚੇ ਕਰਾਂਗਾ ਤੇ ਫਿਰ ਬਾਕੀ ਦਾ ਪੂਰਾ ਮੁੰਡਣ ਕਰਾਂਗਾ।"

"ਪੂਰਾ ਮੁੰਡਣ...! ਇਹ ਪੂਰਾ ਮੁੰਡਣ ਕੀ..?", ਨਾਈ ਨੇ ਡਰ ਨਾਲ ਪੁੱਛਿਆ।

ਸੁੱਖਾ ਸਿੰਘ ਨੇ ਕੁਲਾਹੜੀ ਹੱਥ ਵਿੱਚ ਫੜ ਕੇ ਪੰਡਿਤ ਵੱਲ ਵਧਦੇ ਹੋਇਆਂ ਨੇ ਕਿਹਾ, "ਪੂਰਾ ਮੁੰਡਣ ਦਾ ਮਤਲਬ, ਆਹ ਤੁਹਾਡੇ ਹੱਥਾਂ ਦੀਆਂ ਉਂਗਲਾਂ ਤੇ ਬਾਹਾਂ, ਲੱਤਾਂ ਤੇ ਪੈਰਾਂ ਇਹ ਸਾਰੇ ਅੰਗ ਵੀ ਤਾਂ ਅਪਵਿੱਤਰ ਹੋ ਗਏ ਨੇ, ਪਹਿਲਾਂ ਇਹਨਾਂ ਦਾ ਪੂਰਾ ਮੁੰਡਣ ਕਰਕੇ ਇਹਨਾਂ ਨੂੰ ਪਵਿੱਤਰ ਕਰਾਂਗਾ।"

ਸੁੱਖਾ ਸਿੰਘ ਦੀ ਗੱਲ ਸੁਣ ਕੇ ਨਾਈ ਨੇ ਇੱਕ ਦਮ ਰੰਗ ਬਦਲਿਆ ਤੇ ਪੰਡਿਤ ਨੂੰ ਕਹਿਣ ਲੱਗਾ, "ਚੱਲ ਇੱਥੋਂ ਭੱਜ ਲੈ ਜੇ ਜਾਨ ਪਿਆਰੀ ਆ।ਇਹ ਮੁੰਡਾ ਤਰਖਾਣਾ ਦੇ ਘਰ ਜੰਮਿਆ ਹੈ, ਜੰਮਦੇ ਸਾਰ ਇਹਨਾਂ ਦੇ ਹੱਥ ਵਿੱਚ ਤੇੱਸੀ-ਕਰੰਡੀ ਤੇ ਹਥੌੜੀ ਆ ਜਾਂਦੀ ਹੈ। ਮੈਂ ਤਾਂ ਚੱਲਿਆਂ।ਮੈਨੂੰ ਨੀਂ ਚਾਹੀਦੀ ਤੇਰੀ ਮਾਇਆ" ਇਹ ਕਹਿ ਕੇ ਨਾਈ ਤਾਂ ਭੱਜ ਗਿਆ ਤੇ ਮਗਰ ਹੀ ਪੰਡਿਤ ਵੀ ਤੁਰਦਾ ਬਣਿਆ।"

ਭਾਈ ਸੋਭਾ ਸਿੰਘ ਭਾਈ ਤਾਰੂ ਸਿੰਘ ਜੀ ਦੀ ਗੱਲ ਸੁਣ ਕੇ ਹੱਸ ਪਏ ਤੇ ਫਿਰ ਪੁੱਛਿਆ, "ਇੱਕ ਛੋਟੇ ਜਿਹੇ ਬੱਚੇ ਨੂੰ ਇੰਨਾ ਗਿਆਨ..! ਇਹ ਤਾਂ ਵਾਕਿਆ ਹੀ ਮਾਣ ਵਾਲੀ ਗੱਲ ਹੈ।ਫਿਰ ਕੀ ਹੋਇਆ..?"

ਭਾਈ ਤਾਰੂ ਸਿੰਘ ਜੀ ਨੇ ਅੱਗੇ ਦੱਸਿਆ, "ਉਹਨਾਂ ਦੋਵਾਂ ਦੇ ਜਾਣ ਤੋਂ ਬਾਅਦ ਵਿੱਚ ਸੁੱਖਾ ਸਿੰਘ ਦੀ ਮਾਂ ਸਰੋਜ ਦੇਵੀ ਮੁੰਡਣ ਦਾ ਸਾਮਾਨ ਲੈ ਕੇ ਆ ਗਈ ਤੇ ਸੁੱਖਾ ਸਿੰਘ ਨੂੰ ਪੰਡਿਤ ਤੇ ਨਾਈ ਬਾਰੇ ਪੁੱਛਿਆ,ਕਿ ਉਹ ਦੋਵੇਂ ਕਿੱਥੇ ਗਏ ਤਾਂ ਸੁੱਖਾ ਸਿੰਘ ਨੇ ਮਾਂ ਨੂੰ ਬਹੁਤ ਚਲਾਕੀ ਨਾਲ ਜਵਾਬ ਦਿੱਤਾ।ਪਤਾ ਕੀ ਕਿਹਾ..?"

"ਕੀ ਕਿਹਾ, ਭਾਈ ਸਾਹਿਬ ਜੀ..?"

"ਸੁੱਖਾ ਸਿੰਘ ਨੇ ਆਪਣੀ ਮਾਂ ਨੂੰ ਕਿਹਾ ਕਿ ਪੰਡਿਤ ਜੀ ਨੇ ਜਦੋਂ ਮੰਤਰਾਂ ਵਾਲੀ ਕਿਤਾਬ ਵੇਖੀ ਤਾਂ ਉਹਨਾਂ ਨੇ ਕਿਹਾ ਕਿ ਇਹ ਸਮਾਂ ਮੁੰਡਣ ਵਾਸਤੇ ਠੀਕ

ਨਹੀਂ ਹੈ। ਜੇ ਉਹ ਗਲਤੀ ਨਾਲ ਅੱਜ ਮੇਰਾ ਮੁੰਡਣ ਕਰ ਦਿੰਦੇ ਤਾਂ ਉਹਨਾਂ ਦੋਵਾਂ ਨੇ ਮਰ ਜਾਣਾ ਸੀ ਤੇ ਤੁਹਾਡੀ ਵੀ ਖ਼ੈਰ ਨਹੀਂ ਸੀ। ਇਸ ਲਈ ਬਹੁਤ ਵੱਡਾ ਬਚਾ ਹੋ ਗਿਆ। ਸੁੱਖਾ ਸਿੰਘ ਜੀ ਦੀ ਗੱਲ ਸੁਣ ਕੇ ਉਸਦੀ ਮਾਂ ਨੇ ਕਿਹਾ ਕਿ ਚਲੋ ਸ਼ੁਕਰ ਹੈ, ਨਹੀਂ ਤਾਂ ਪਤਾ ਨਹੀਂ ਕਿੰਨਾਂ ਕੁ ਨੁਕਸਾਨ ਹੋ ਜਾਣਾ ਸੀ ਤੇ ਸਾਡੇ ਘਰ ਘੋਰ ਪਾਪ ਹੋ ਜਾਣਾ ਸੀ। ਇਸ ਤਰਾਂ ਭਾਈ ਸੁੱਖਾ ਸਿੰਘ ਨੇ ਬਹੁਤ ਹੁਸ਼ਿਆਰੀ ਨਾਲ ਆਪਣੇ ਕੇਸ ਕਤਲ ਹੋਣ ਤੋਂ ਬਚਾ ਲਏ ਸਨ..", ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਇਹ ਗੱਲ ਸੁਣਾਈ।

ਇੱਥੇ ਪਾਠਕਾਂ ਦੀ ਜਾਣਕਾਰੀ ਲਈ ਦੱਸਣਾ ਚਾਹਾਂਗਾ ਕਿ ਕਿਸੇ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਮੁੰਡਣ ਦੀ ਰਸਮ ਪਿੱਛੇ ਕੀ ਰਾਜ਼ ਹੈ। ਜੇ ਮਾਂ ਦੇ ਪੇਟ ਵਿਚਲੇ ਵਾਲ ਅਪਵਿੱਤਰ ਹੋ ਸਕਦੇ ਹਨ ਤਾਂ ਬਾਕੀ ਅੰਗ ਕਿਉਂ ਨਹੀਂ। ਦੂਸਰੀ ਗੱਲ ਜਿਨ੍ਹਾਂ ਉੱਪਰ ਗੁਰੂ ਦੀ ਮਿਹਰ ਦੀ ਨਜ਼ਰ ਪੈ ਜਾਵੇ ਉਨ੍ਹਾਂ ਨੂੰ ਬਚਪਨ ਤੋਂ ਹੀ ਗਿਆਨ ਹੋ ਜਾਂਦਾ ਹੈ। ਜਿਵੇਂ ਭਗਤ ਸ੍ਰੀ ਕਬੀਰ ਜੀ ਨੇ ਅਜੇਹੇ ਹਿੰਦੂਆਂ ਨੂੰ ਗਿਆਨ ਤੋਂ ਬਿਨਾਂ ਅੰਨ੍ਹੇ ਦੱਸਿਆ ਹੈ-"ਹਿੰਦੂ ਅੰਨਾ ਤੁਰਕੂ ਕਾਣਾ ਦੋਨਾਂ ਤੇ ਗਿਆਨੀ ਸਿਆਣਾ॥"

ਸਿੱਖ ਇਤਿਹਾਸ ਵਿੱਚ ਇੱਕ ਨਹੀਂ ਸਗੋਂ ਅਨੇਕਾਂ ਬੱਚਿਆਂ ਨੇ ਸੁਨਿਹਰੀ ਇਤਿਹਾਸ ਰਚਿਆ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪੰਜ ਸਾਲ ਦੀ ਉਮਰ ਵਿੱਚ ਗੁਰੂ ਗੱਦੀ ਤੇ ਬਿਰਾਜੇ ਸਨ। ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ ਦੋਵੇਂ ਗੁਰੂ ਦੇ ਲਾਲਾਂ ਬਚਪਨ ਵਿੱਚ ਬਾਬਿਆਂ ਦਾ ਰੁਤਬਾ ਹਾਸਲ ਕੀਤਾ। ਇਸੇ ਤਰਾਂ ਸੁੱਖਾ ਸਿੰਘ ਵੀ ਪਿੱਛੋਂ ਪੜ੍ਹ ਕੇ ਆਇਆ ਸੀ ਇਸੇ ਲਈ ਸਾਰਾ ਜੀਵਨ ਸਿੱਖੀ ਅਸੂਲਾਂ ਖਾਤਰ ਲਾ ਦਿੱਤਾ।

ਇਸ ਤਰਾਂ ਭਾਈ ਤਾਰੂ ਸਿੰਘ ਜੀ,ਭਾਈ ਸੋਭਾ ਸਿੰਘ ਜੀ ਨੂੰ ਭਾਈ ਸੁੱਖਾ ਸਿੰਘ ਜੀ ਦੀ ਜੀਵਨ ਗਾਥਾ ਸੁਣਾ ਰਹੇ ਸਨ ਤੇ ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਨੂੰ ਪੁੱਛਿਆ, "ਭਾਈ ਸਾਹਿਬ ਜੀ,ਸੁੱਖਾ ਸਿੰਘ ਜੀ ਸ. ਮਹਿਤਾਬ ਸਿੰਘ ਜੀ ਨੂੰ ਕਿਵੇਂ ਮਿਲੇ..?"

ਭਾਈ ਤਾਰੂ ਸਿੰਘ ਜੀ ਨੇ ਫੁਰਮਾਇਆ,"ਜਦੋਂ ਸੁੱਖਾ ਸਿੰਘ ਦੀ ਉਮਰ ਦਸ-ਗਿਆਰਾਂ ਸਾਲ ਦੀ ਹੋਈ ਤਾਂ ਇਸ ਨੇ ਆਪਣੇ ਪਿਤਾ ਸ.ਜੈਦੇਵ ਸਿੰਘ ਨੂੰ ਕਿਹਾ ਕਿ ਉਸਨੇ ਵੀ ਅੰਮ੍ਰਿਤ ਛਕਣਾ ਹੈ। ਉਸਦੀ ਗੱਲ ਸੁਣ ਕੇ ਪਿਤਾ ਤਾਂ ਕੁਝ ਨਹੀਂ ਬੋਲ ਸਕਿਆ ਪਰ ਕੋਲ ਬੈਠੇ ਮਾਮੇ ਨੇ ਆਪਣੀ ਭੈਣ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਜੇ ਸੁੱਖਾ ਸਿੰਘ ਨੇ ਅੰਮ੍ਰਿਤ ਛਕ ਲਿਆ ਤਾਂ ਮੁਗਲਾਂ ਨੇ ਮਾਰ ਦੇਣਾ ਹੈ। ਉਸਨੇ ਸਰੋਜ ਦੇਵੀ ਨੂੰ ਕਿਹਾ ਕਿ ਉਸਨੇ ਉਸਨੂੰ ਕਿੰਨਾ ਸਮਝਾਇਆ ਸੀ ਕਿ ਬਚਪਨ ਵਿੱਚ ਇਸਦਾ ਮੁੰਡਣ ਕਰਵਾ ਦਿੰਦੀ ਤਾਂ ਠੀਕ ਰਹਿੰਦਾ,ਹੁਣ ਜੇ ਇਹ ਜਿੱਦ ਨਾਲ ਸਿੰਘ ਸਜ ਗਿਆ ਤਾਂ ਮੁੰਡਾ ਹੱਥੋਂ ਗਿਆ ਸਮਝ। ਇਸ ਤਰਾਂ ਦੀਆਂ ਗੱਲਾਂ ਕਰ-ਕਰ ਕੇ ਸੁੱਖਾ ਸਿੰਘ ਦੀ ਮਾਂ ਦੇ ਚੰਗੇ ਕੰਨ ਭਰ ਦਿੱਤੇ ਗਏ।"

ਭਾਈ ਤਾਰੂ ਸਿੰਘ ਜੀ ਨੇ ਅੱਗੇ ਦੱਸਿਆ,"ਸੁੱਖਾ ਸਿੰਘ ਦੇ ਅੰਮ੍ਰਿਤ ਛਕਣ

ਦੀ ਗੱਲ ਸੁਣ ਕੇ ਉਸਦੇ ਮਾਮੇ ਨੂੰ ਤਾਂ ਬਿਲਕੁਲ ਵੀ ਚੈਨ ਨਹੀਂ ਸੀ। ਉਹ ਤਿਸਰੇ ਕੁ ਦਿਨ ਫਿਰ ਸਰੋਜ ਦੇਵੀ ਕੋਲ ਆਇਆ ਤੇ ਉਸਨੂੰ ਭੈੜੀਆਂ ਸਲਾਹਾਂ ਦੇਣ ਲੱਗਾ,"ਜੇ ਤੂੰ ਮੇਰੀ ਗੱਲ ਮੰਨੇ ਤਾਂ ਇਹ ਮਸਲਾ ਹੱਲ ਹੋ ਸਕਦਾ ਹੈ। ਦੇਖ ਮੇਰੀਏ ਭੈਣੇ,ਜੇ ਤੂੰ ਚਾਹੇਂ ਤਾਂ ਸੁੱਖਾ ਸਿੰਘ ਦੇ ਵਾਲ ਕੱਟ ਹੋ ਸਕਦੇ ਹਨ। ਜਾਗਦੇ ਨੇ ਤਾਂ ਇਨ੍ਹੇਂ ਤੈਨੂੰ ਹੱਥ ਨਹੀਂ ਲਗਾਣ ਦੇਣਾ। ਜਦੋਂ ਇਹ ਸੁੱਤਾ ਪਿਆ ਹੋਵੇ ਤਾਂ ਇਹਦੇ ਵਾਲ ਆਰਾਮ ਨਾਲ ਕੱਟ ਦੇਵੀ।"'

ਸਰੋਜ ਦੇਵੀ ਨੇ ਕਿਹਾ,"ਨਾ ਵੀਰਾ ਮੈਨੂੰ ਤਾਂ ਡਰ ਲਗਦਾ ਹੈ,ਮੈਂ ਇਹ ਕੰਮ ਨਹੀਂ ਕਰ ਸਕਦੀ। ਤੈਨੂੰ ਪਤਾ ਸੁੱਖੇ ਦਾ,ਕਿੰਨਾ ਡਾਢਾ ਹੈ ਇਹ,ਨਾ ਨਾ ਵੀਰਾ,ਮੈਨੂੰ ਤਾਂ ਬਹੁਤ ਡਰ ਲਗਦਾ ਹੈ। "

ਭਾਈ ਸੋਭਾ ਸਿੰਘ ਨੇ ਕਿਹਾ,"ਭਾਈ ਸਾਹਿਬ ਜੀ!ਮੁਗਲ ਤਾਂ ਸਿੱਖਾਂ ਦੇ ਦੁਸ਼ਮਣ ਬਣੇ ਹੀ ਨੇ,ਇਹ ਦਰਪੋਕ ਹਿੰਦੂ ਵੀ ਸਿੱਖੀ ਨੂੰ ਢਾਹ ਲਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ,ਫਿਰ ਅੱਗੇ ਕੀ ਹੋਇਆ...?"

ਭਾਈ ਤਾਰੂ ਸਿੰਘ ਜੀ ਨੇ ਦੱਸਿਆ, "ਸੁੱਖਾ ਸਿੰਘ ਦਾ ਮਾਮਾ ਸਰੋਜ ਦੇਵੀ ਦੇ ਮਨ੍ਹਾ ਕਰਨ ਨਾਲ ਵੀ ਨਾ ਟਲਿਆ ਸਗੋਂ ਉਸਨੂੰ ਹੋਰ ਭੜਕਾਉਣ ਲੱਗ ਪਿਆ ਤੇ ਕਹਿਣ ਲੱਗਾ, 'ਲੋਕ ਤਾਂ ਸੁੱਤੇ ਪਏ ਸ਼ੇਰ ਤੇ ਵਾਰ ਕਰਕੇ ਉਸਨੂੰ ਕਾਬੂ ਕਰ ਲੈਂਦੇ ਨੇ ਤੇ ਤੇਰੇ ਕੋਲੋਂ ਤੇਰੇ ਮੁੰਡੇ ਦੇ ਵਾਲ ਵੀ ਨਾ ਕੱਟੇ ਜਾਣਗੇ, ਉਹ ਵੀ ਜਦੋਂ ਉਹ ਸੁੱਤਾ ਪਿਆ ਹੋਵੇਗਾ', ਫਿਰ ਮਾਂ ਨੇ ਕਿਹਾ, "ਇੰਝ ਕਰਨ ਨਾਲ ਬੱਚਾ ਹੀ ਹੱਥੋਂ ਨਾ ਨਿਕਲ ਜਾਵੇ",ਫਿਰ ਮਾਮਾ ਕਹਿਣ ਲੱਗਾ, 'ਜੇ ਇਸ ਤਰਾਂ ਨਾ ਕੀਤਾ ਤਾਂ ਬੱਚਾ ਤਾਂ ਤੇਰਾ ਫਿਰ ਵੀ ਮੁਗਲਾਂ ਨੇ ਮਾਰ ਹੀ ਦੇਣਾ ਹੈ, ਫਿਰ ਬੈਠੀ ਰਹੀਂ ਉਸਦੇ ਕੇਸਾਂ ਨੂੰ ਫੜ ਕੇ, ਓਏ ਕਮਲੀਏ! ਜੇ ਉਸਦੇ ਕੇਸ ਤੂੰ ਕੱਟ ਦਿੱਤੇ ਤਾਂ ਹੋ ਸਕਦਾ ਹੈ ਉਹ ਕੁਝ ਦਿਨਾਂ ਬਾਅਦ ਆਪੇ ਹੀ ਸੰਭਲ ਜਾਵੇ, ਫਿਰ ਘੱਟੋ-ਘੱਟ ਮੁੰਡਾ ਤਾਂ ਤੇਰੀਆਂ ਅੱਖਾਂ ਦੇ ਸਾਹਮਣੇ ਰਹੇਗਾ।'ਜਦੋਂ ਸੁੱਖਾ ਸਿੰਘ ਦਾ ਮਾਮਾ ਸਰੋਜ ਦੇਵੀ ਨੂੰ ਭੜਕਾਉਣ ਤੋਂ ਨਾ ਹਟਿਆ ਤਾਂ ਸਰੋਜ ਦੇਵੀ ਨੇ ਉਸਨੂੰ ਕਿਹਾ,"ਦੇਖ ਵੀਰਾ, ਮੈਂ ਤਾਂ ਇਹ ਕੰਮ ਨਹੀਂ ਕਰ ਸਕਦੀ ਪਰ ਤੂੰ ਬੰਦਾ ਹੈਂ, ਤੂੰ ਕੱਟ ਦੇ ਉਸਦੇ ਕੇਸ ਤੇ ਗੱਲ ਮੁਕਾ। "

ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਚਰਨਾਂ ਵਿੱਚ ਬੈਠ ਕੇ ਬਹੁਤ ਗੰਭੀਰ ਹੋ ਕੇ ਪੁੱਛਿਆ, "ਫਿਰ ਕੀ ਹੋਇਆ, ਕੱਟ ਦਿੱਤੇ ਕੇਸ.?"

ਭਾਈ ਤਾਰੂ ਸਿੰਘ ਜੀ ਨੇ ਲੰਬਾ ਹੌਂਕਾ ਲੈ ਕੇ ਕਿਹਾ, "ਹਾਂ, ਭਾਈ ਸੋਭਾ ਸਿੰਘ ਲਾਲੋ, ਇਸ ਪਾਪੀ ਨੇ ਸੁੱਖਾ ਸਿੰਘ ਜੀ ਦੇ ਸੁੱਤੇ ਹੋਇਆਂ ਦੇ ਕੇਸ ਕਤਲ ਕਰ ਦਿੱਤੇ ਤੇ ਉੱਥੋਂ ਚਲਾ ਗਿਆ ਤੇ ਜਦੋਂ ਇਹ ਸ਼ੇਰ ਜਾਗਿਆ ਤੇ ਆਪਣੇ ਕੇਸ ਕਤਲ ਹੋਏ ਵੇਖੇ ਤਾਂ ਮੰਜੇ 'ਤੋਂ ਉੱਠ ਕੇ ਭੱਜ ਕੇ ਜਾ ਕੇ ਖੂਹ ਵਿੱਚ ਛਾਲ ਮਾਰ ਦਿੱਤੀ। ਮਗਰ ਹੀ ਸਾਰੇ ਘਰ ਵਾਲੇ ਵੀ ਭੱਜੇ ਤੇ ਰੋਲਾ ਪਾ ਦਿੱਤਾ ਤਾਂ ਇੱਕ ਗੁਰਸਿੱਖ ਰਾਹੀ ਨੇ ਸੁੱਖਾ ਸਿੰਘ ਨੂੰ ਖੂਹ ਵਿੱਚੋਂ ਬਾਹਰ ਕੱਢਿਆ ਤੇ ਉਸਦੀ ਜਾਨ ਬਚ ਗਈ ਪਰ ਜਦੋਂ ਫਿਰ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਇਹ ਰਾਹੀ ਨੇ ਕਿਹਾ,"ਪੁੱਤਰ ਖ਼ੁਦਕੁਸ਼ੀ ਕਰਨ ਵਾਲੇ ਤਾਂ ਬੁਜ਼ਦਿਲ ਹੁੰਦੇ ਨੇ। ਅਸਲੀ ਇਨਸਾਨ ਤਾਂ ਉਹ ਹੁੰਦੇ ਨੇ ਜੋ ਹਾਲਾਤ ਦਾ

ਡੱਟ ਕੇ ਮੁਕਾਬਲਾ ਕਰਨ", ਗੁਰੂ ਕੇ ਸਿੱਖ ਦੇ ਕਹੇ ਬੋਲ ਮਨ 'ਤੇ ਅਸਰ ਕਰ ਗਏ ਤੇ ਸੁਖਾ ਸਿੰਘ ਨੇ ਹੱਥ ਜੋੜ ਕੇ ਇਸ ਸਿੱਖ ਨੂੰ ਆਪਣੀ ਹੱਡ-ਬੀਤੀ ਸੁਣਾਈ ਕਿ ਉਸ ਨਾਲ ਕੀ ਹੋਇਆ ਹੈ। ਉਸ ਦੇ ਕੋਲ ਉਸਦੀ ਮਾਂ ਸਰੋਜ ਦੇਵੀ ਵੀ ਖੜੀ ਸੀ ਤੇ ਉਸ ਨੇ ਵੀ ਰੋ-ਰੋ ਕੇ ਉਸ ਗੁਰਸਿੱਖ ਤੇ ਆਪਣੇ ਪੁੱਤਰ ਕੋਲੋਂ ਮੁਆਫੀ ਮੰਗੀ ਤੇ ਕਹਿਣ ਲੱਗੀ ਕਿ ਮੈਂ ਤਾਂ ਆਪਣਾ ਪੁੱਤਰ ਖੋ ਦੇਣਾ ਸੀ ਜੇ ਇਹ ਗੁਰਸਿੱਖ ਉਸਦੀ ਜਾਨ ਨਾ ਬਚਾਉਂਦਾ ਤੇ ਕਿਹਾ ਕਿ ਇਹ ਵਾਲ ਉਸਨੇ ਨਹੀਂ ਸਗੋਂ ਉਸ ਦੇ ਭਰਾ ਭਾਵ ਸੁੱਖਾ ਸਿੰਘ ਦੇ ਮਾਮੇ ਨੇ ਕੱਟੇ ਹਨ। ਇਸ ਤਰਾਂ ਸਰੋਜ ਦੇਵੀ ਬਹੁਤ ਸ਼ਰਮਿੰਦੀ ਹੋਈ। ਉਸ ਗੁਰਸਿੱਖ ਨੇ ਸੁੱਖਾ ਸਿੰਘ ਨੂੰ ਕਿਹਾ ਕਿ ਉਹ ਆਪਣੀ ਮਾਂ ਨੂੰ ਮੁਆਫ ਕਰ ਦੇਵੇ ਤੇ ਉਸਦੇ ਮਾਮੇ ਨੂੰ ਨਿਰਕਾਰ ਆਪੇ ਹੀ ਸਜ਼ਾ ਦੇਵੇਗਾ। ਤੂੰ ਬੇ-ਫਿਕਰ ਹੋ ਜਾ ਤੇ ਮੈਂ ਤੈਨੂੰ ਤੇਰੇ ਘਰ ਆ ਕੇ ਮਿਲਦਾ ਰਹਾਂਗਾ",ਜਦੋਂ ਸੁੱਖਾ ਸਿੰਘ ਤੇ ਉਸਦੀ ਮਾਤਾ ਘਰ ਪਹੁੰਚੇ ਤਾਂ ਉਹਨਾਂ ਨੂੰ ਖਬਰ ਮਿਲੀ ਕਿ ਉਸਦੇ ਭਰਾ ਨੂੰ ਪਠਾਣਾਂ ਨੇ ਮਾਰ ਦਿੱਤਾ ਹੈ ਤੇ ਉਸਦੀ ਘਰ ਵਾਲੀ ਨੂੰ ਪਠਾਣ ਚੁੱਕ ਕੇ ਲੈ ਗਏ ਹਨ ਕਿਉਂਕਿ ਉਹ ਸੋਨੇ ਦੇ ਗਹਿਣਿਆਂ ਨਾਲ ਭਰੀ ਪਈ ਸੀ। ਇਹ ਖਬਰ ਸੁਣ ਕੇ ਸੁੱਖਾ ਸਿੰਘ ਦੀ ਮਾਂ ਦਾ ਰੋ ਰੋ ਕੇ ਬੁਰਾ ਹਾਲ ਹੋ ਗਿਆ ਪਰ ਸੁੱਖਾ ਸਿੰਘ ਨੇ ਇਸ ਗੱਲ ਦੀ ਕੋਈ ਖੁਸ਼ੀ ਨਹੀਂ ਮਨਾਈ ਤੇ ਮੁਖ ਚੋਂ ਇਹੀ ਨਿਕਲਿਆ 'ਪਾਪੀ ਕੇ ਮਾਰਨੇ ਕੋ ਪਾਪ ਮਹਾਬਲੀ ਹੈ। 'ਸੁੱਖਾ ਸਿੰਘ ਨੇ ਥੋੜੇ ਸਮੇਂ ਬਾਅਦ ਹੀ ਅੰਮ੍ਰਿਤ ਛਕ ਲਿਆ ਤੇ ਫਿਰ ਘਰ ਜਾਣਾ ਬੰਦ ਕਰ ਦਿੱਤਾ। ਫਿਰ ਇੱਕ ਦਿਨ ਸੁੱਖਾ ਸਿੰਘ ਨੂੰ ਸਿੰਘਾਂ ਨਾਲ ਰਹਿ ਕੇ ਖਬਰ ਮਿਲੀ ਕਿ ਉਸਦੇ ਮਾਤਾ-ਪਿਤਾ ਨੇ ਵੀ ਅੰਮ੍ਰਿਤ ਪਾਨ ਕਰ ਲਿਆ ਹੈ ਤੇ ਉਹ ਭਾਈ ਸੁੱਖਾ ਸਿੰਘ ਨੂੰ ਬਹੁਤ ਯਾਦ ਕਰਦੇ ਹਨ। ਜਦੋਂ ਇਹ ਖਬਰ ਮਿਲੀ ਤਾਂ ਭਾਈ ਸੁੱਖਾ ਸਿੰਘ ਆਪ ਤਾਂ ਘਰ ਨਹੀ ਗਏ ਪਰ ਇਕ ਸਿੰਘ ਦੇ ਹੱਥ ਖ਼ੱਤ ਭੇਜ ਦਿੱਤਾ ਜਿਸ ਵਿੱਚ ਉਸਨੇ ਲਿਖਿਆ ਕਿ 'ਆਪ ਜੀ ਦੇ ਗੁਰੂ ਵਾਲੇ ਬਣਨ ਦੀ ਖਬਰ ਮਿਲੀ ਤੇ ਇਹ ਵੀ ਪਤਾ ਲੱਗਾ ਕਿ ਤੁਸੀਂ ਪੰਥ ਕੋਲੋਂ ਮੁਆਫੀ ਮੰਗ ਲਈ ਹੈ ਤੇ ਮੈਂ ਵੀ ਇਸੇ ਪੰਥ ਵਿੱਚ ਹੀ ਸ਼ਾਮਲ ਹਾਂ। ਜੇ ਮੌਕਾ ਮਿਲਿਆ ਤਾਂ ਇੱਕ ਵਾਰ ਜ਼ਰੂਰ ਘਰ ਆਵਾਂਗਾ,ਨਹੀਂ ਤਾਂ ਇਹ ਸਰੀਰ ਪੰਥ ਦੇ ਲੇਖੇ ਲਗਾ ਦੇਣਾ ਹੈ-ਆਪ ਜੀ ਦਾ ਪੁੱਤਰ'।"

ਭਾਈ ਤਾਰੂ ਸਿੰਘ ਜੀ ਨੇ ਕਿਹਾ,"ਇਸ ਤਰਾਂ ਇਹ ਗਾਥਾ ਸ.ਮਹਿਤਾਬ ਸਿੰਘ ਜੀ ਨੇ ਮੈਨੂੰ ਸੁਣਾਈ ਜੋ ਮੈਂ ਆਪ ਜੀ ਨੂੰ ਸੁਣਾਈ ਹੈ। ਸ.ਮਹਿਤਾਬ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਭਾਈ ਸੁੱਖਾ ਸਿੰਘ ਮੇਰੇ ਕੋਲ ਜੈਪੁਰ ਪਹੁੰਚ ਗਿਆ ਤੇ ਉੱਥੇ ਇਹਨਾਂ ਦੋਵਾਂ ਨੇ ਰਲ ਕੇ ਸਫਰ ਕੀਤਾ ਤੇ ਗਰਮੀ ਦੀ ਪਰਵਾਹ ਨਾ ਕੀਤੀ। ਰਾਹ ਵਿੱਚ ਬਹੁਤ ਔਕੜਾਂ ਆਈਆਂ ਪਰ ਉਹ ਬਚਦੇ ਹੋਏ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਜਿੱਥੇ ਪੂਰੇ ਯੋਜਨਾ-ਬੱਧ ਤਰੀਕੇ ਨਾਲ ਉਹਨਾਂ ਦੋਵਾਂ ਸੂਰਬੀਰਾਂ ਨੇ ਮੱਸੇ ਰੰਘੜ ਦਾ ਸਿਰ ਵੱਢਿਆ ਤੇ ਵਾਪਸ ਜੈਪੁਰ ਪਹੁੰਚ ਗਏ।"

ਭਾਈ ਤਾਰੂ ਸਿੰਘ ਜੀ ਨੇ ਸੋਭਾ ਸਿੰਘ ਨੂੰ ਕਿਹਾ, "ਭਾਈ ਸੋਭਾ ਸਿੰਘ ਲਾਲੋ ਜੀ !ਤੁਸੀਂ ਹੁਣ ਘਰ ਜਾਉ, ਕਿਉਂਕਿ ਸਮਾਂ ਬਹੁਤ ਹੋ ਗਿਆ ਹੈ।"

ਭਾਈ ਸੋਭਾ ਸਿੰਘ ਨੇ ਭਾਈ ਸਾਹਿਬ ਨੂੰ ਪ੍ਰਸ਼ਾਦਾ ਛਕਾਇਆ ਤੇ ਸੁੱਖਾ ਸਿੰਘ ਦੀ ਜੀਵਨੀ ਸੁਣ ਕੇ ਆਗਿਆ ਲਈ ਤੇ ਕਿਹਾ, "ਭਾਈ ਸਾਹਿਬ ਜੀ! ਅੱਜ ਮੈਂ ਅਹਿਮਦ ਖ਼ਾਂ ਦੀ ਮਦਦ ਨਾਲ ਜੇਲ੍ਹ ਵਿੱਚ ਪ੍ਰਸ਼ਾਦਾ ਲੈ ਕੇ ਜਾਵਾਂਗਾ ਤੇ ਭਾਈ ਸੁੱਖਾ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਨੂੰ ਆਪ ਜੀ ਦੀ ਕੁਰਬਾਨੀ ਬਾਰੇ ਵੀ ਦੱਸਾਂਗਾ।"

ਭਾਈ ਤਾਰੂ ਸਿੰਘ ਜੀ ਨੇ ਕਿਹਾ, "ਜੇ ਆਪ ਜੀ ਨੂੰ ਭਾਈ ਸੁੱਖਾ ਸਿੰਘ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਗਿਆ ਤਾਂ ਉਹਨਾਂ ਦੀ ਚਰਨਾਂ ਦੀ ਧੂੜੀ ਮੇਰੇ ਵਾਸਤੇ ਵੀ ਲੈ ਕੇ ਆਇਓ ਤਾਂ ਕਿ ਅਸੀਂ ਅਰਦਾਸ ਕਰ ਸਕੀਏ ਕਿ ਜਿਨ੍ਹਾਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦੀ ਖ਼ਾਤਰ ਕੁਰਬਾਨੀਆਂ ਕੀਤੀਆਂ ਹਨ,ਅਸੀਂ ਵੀ ਉਨ੍ਹਾਂ ਦੇ ਮਹਾਨ ਪੂਰਨਿਆਂ 'ਤੇ ਚੱਲ ਕੇ ਇਹ ਜੀਵਨ ਕੌਮ ਦੇ ਲੇਖੇ ਲਾ ਸਕੀਏ।"

ਭਾਈ ਸੋਭਾ ਸਿੰਘ ਲਾਲੋ ਨੇ ਘਰ ਜਾ ਕੇ ਪਰਿਵਾਰ ਨੂੰ ਭਾਈ ਸੁੱਖਾ ਸਿੰਘ ਜੀ ਦੀ ਸਾਰੀ ਜੀਵਨੀ ਦੱਸੀ ਤੇ ਰਾਤ ਦਾ ਪ੍ਰਸ਼ਾਦਾ ਲੈ ਕੇ ਜੇਲ੍ਹ ਵਿੱਚ ਭਾਈ ਸੁੱਖਾ ਸਿੰਘ ਜੀ ਨੂੰ ਦੇਣ ਚਲੇ ਗਏ। ਉੱਥੇ ਜਾ ਕੇ ਜੇਲ੍ਹਰ ਅਹਿਮਦ ਖ਼ਾਂ ਦੀ ਮਦਦ ਨਾਲ ਭਾਈ ਸੁੱਖਾ ਸਿੰਘ ਜੀ ਦੇ ਦਰਸ਼ਨ ਕੀਤੇ ਤੇ ਮਨ ਗਦ-ਗਦ ਹੋ ਗਿਆ। ਜਿਸ ਮਹਾਨ ਸਿੱਖ ਦੀ ਜੀਵਨੀ ਅੱਜ ਦਿਨ ਵੇਲੇ ਸੁਣੀ ਸੀ ਉਸ ਮਹਾਨ ਸਿੱਖ ਦੇ ਹੁਣ ਦਰਸ਼ਨ ਹੋ ਰਹੇ ਨੇ। ਭਾਵੇਂ ਕਿ ਜ਼ਾਲਮ ਯਾਫਰ ਖ਼ਾਂ ਨੇ ਬਹੁਤ ਸਾਰੀਆਂ ਹੱਡੀਆਂ ਤੋੜ ਦਿੱਤੀਆਂ ਸਨ ਪਰ ਸਿੰਘ ਫਿਰ ਵੀ ਪੂਰੀ ਚੜ੍ਹਦੀ ਕਲਾ ਵਿੱਚ ਰਹਿ ਕੇ ਸਿਮਰਨ ਕਰੀ ਜਾ ਰਿਹਾ ਸੀ। ਭਾਈ ਸੋਭਾ ਸਿੰਘ ਜੀ ਨੇ ਪਹਿਲਾਂ ਮਿਲ ਕੇ ਫ਼ਤਿਹ ਗਜਾਈ ਤੇ ਫਿਰ ਆਪਣੇ ਆਪ ਨੂੰ ਜਾਣੂ ਕਰਵਾਇਆ। ਭਾਈ ਸੁੱਖਾ ਸਿੰਘ ਜੀ ਨੇ ਵੀ ਫ਼ਤਿਹ ਬੁਲਾਈ ਤੇ ਹੈਰਾਨੀ ਨਾਲ ਪੁੱਛਿਆ,"ਤੁਸੀਂ ਤਾਂ ਗੁਰਸਿੱਖ ਹੋ ਤੇ ਫਿਰ ਮੁਗਲਾਂ ਦੀ ਜੇਲ੍ਹ ਵਿੱਚ ਕਿਵੇਂ ਆਏ?ਕਿਸੇ ਨੇ ਰੋਕਿਆ ਜਾਂ ਟੋਕਿਆ ਨਹੀਂ,ਇਹ ਕੀ ਰਾਜ਼ ਹੈ ਕਿਰਪਾ ਕਰਕੇ ਮੈਨੂੰ ਵੀ ਦੱਸੋ..?"

ਭਾਈ ਸੋਭਾ ਸਿੰਘ ਜੀ ਨੇ ਕਿਹਾ,"ਸਿੰਘ ਸਾਹਿਬ ਜੀ,ਮੈਂ ਬਹੁਤ ਵੱਡੇ ਭਾਗਾਂ ਵਾਲਾਂ ਹਾਂ ਜੋ ਆਪ ਜੀ ਦੇ ਦਰਸ਼ਨ ਕਰ ਰਿਹਾ ਹਾਂ,ਮੈਂ ਆਪ ਜੀ ਨੂੰ ਆਪਣੇ ਬਾਰੇ ਤਾਂ ਦੱਸ ਹੀ ਦਿੱਤਾ। ਜ਼ਿਆਦਾ ਸ਼ਬਦਾਂ ਵਿੱਚ ਸ਼ਾਇਦ ਨਾ ਦੱਸ ਸਕਾਂ ਪਰ ਫਿਰ ਵੀ ਦੱਸਦਾ ਹਾਂ ਕਿ ਇਹ ਜੋ ਜੇਲ੍ਹਰ ਹੈ ਇਸ ਦਾ ਨਾਮ ਅਹਿਮਦ ਖ਼ਾਂ ਹੈ ਤੇ ਇਹ ਬਹੁਤ ਚੰਗਾ ਇਨਸਾਨ ਹੈ। ਤੁਹਾਡੇ ਤੋਂ ਪਹਿਲਾਂ ਭਾਈ ਤਾਰੂ ਸਿੰਘ ਜੀ ਇਸ ਜੇਲ੍ਹ ਵਿੱਚ ਆਪ ਜੀ ਵ਼ਾਲੀ ਹੀ ਕੋਠੜੀ ਵਿੱਚ ਰਹਿ ਕੇ ਗਏ ਨੇ ਤੇ ਭਾਈ ਤਾਰੂ ਸਿੰਘ ਜੀ ਨੇ ਹੀ ਇਸ ਜੇਲ੍ਹਰ ਦਾ ਮਨ ਬਦਲਿਆ ਹੈ ਤੇ ਹੁਣ ਇਹ ਸਿੱਖਾਂ ਦਾ ਵਫ਼ਾਦਾਰ ਤੇ ਨੇਕ ਮੁਸਲਮਾਨ ਬਣ ਗਿਆ ਹੈ। ਇਸ ਨੇ ਹੀ ਆਪ ਜੀ ਦੇ ਸਾਥੀ ਸ.ਮਹਿਤਾਬ ਸਿੰਘ ਜੀ ਦੇ ਸਰੀਰ ਸੰਭਾਲਣ ਅਤੇ ਉਨ੍ਹਾਂ ਦਾ ਸੰਸਕਾਰ ਕਰਨ ਵਿੱਚ ਬਹੁਤ ਮਦਦ ਕੀਤੀ ਤੇ ਇਸੇ ਜੇਲ੍ਹ ਵਿੱਚ ਹੀ ਸ.ਮਹਿਤਾਬ ਸਿੰਘ ਮੀਰਾਂ ਕੋਟੀ ਦਾ ਸੰਸਕਾਰ ਕੀਤਾ ਗਿਆ ਸੀ। ਮੈਂ ਉਨ੍ਹਾਂ ਦੇ ਵੀ ਦਰਸ਼ਨ ਕਰ ਚੁੱਕਾਂ ਹਾਂ।"

"ਪਰ ਤੁਸੀਂ ਇੱਥੇ ਕਿਵੇਂ ਪਹੁੰਚੇ..?",ਭਾਈ ਸੁੱਖਾ ਸਿੰਘ ਜੀ ਨੇ ਇੱਕ ਅਚੰਭੇ ਨਾਲ ਪੁੱਛਿਆ।

ਭਾਈ ਸੋਭਾ ਸਿੰਘ ਜੀ ਨੇ ਦੱਸਿਆ,"ਜ਼ਕਰੀਏ ਨੇ ਮੇਰੀ ਸੇਵਾ ਭਾਈ ਤਾਰੂ ਸਿੰਘ ਜੀ ਨੂੰ ਪ੍ਰਸ਼ਾਦਾ ਛਕਾਉਣ ਦੀ ਲਗਾਈ ਸੀ ਤੇ ਉਸੇ ਸਮੇਂ ਦੌਰਾਨ ਹੀ ਇਹ ਸਾਰਾ ਕੁਝ ਹੋਇਆ ਤੇ ਮੈਂ ਹੁਣ ਵੀ ਇੱਥੇ ਤਾਂ ਹੀ ਆ ਸਕਿਆ ਹਾਂ ਕਿਉਂਕਿ ਬਾਹਰ ਅਹਿਮਦ ਖ਼ਾਂ ਦੀ ਡਿਊਟੀ ਲੱਗੀ ਹੋਈ ਹੈ ਤੇ ਮੈਂ ਆਪ ਜੀ ਨੂੰ ਪ੍ਰਸ਼ਾਦਾ ਛਕਾਉਣਾ ਚਾਹੁੰਦਾ ਸੀ।ਕਿਰਪਾ ਕਰਕੇ ਇਹ ਪ੍ਰਸ਼ਾਦਾ ਛਕ ਲਵੋ ਤੇ ਮੇਰੀ ਇਹ ਸੇਵਾ ਪ੍ਰਵਾਨ ਕਰੋ।"

ਭਾਈ ਸੁੱਖਾ ਸਿੰਘ ਜੀ ਨੇ ਪ੍ਰਸ਼ਾਦਾ ਛਕਿਆ ਤੇ ਫਿਰ ਪੁੱਛਿਆ,"ਕੀ ਭਾਈ ਤਾਰੂ ਸਿੰਘ ਜੀ ਨੂੰ ਵੀ ਇਹਨਾਂ ਜ਼ਾਲਮਾਂ ਨੇ ਸ਼ਹੀਦ ਕਰ ਦਿੱਤਾ ਹੈ..?"

ਭਾਈ ਸੋਭਾ ਸਿੰਘ ਜੀ ਨੇ ਦੱਸਿਆ, "ਕੋਈ ਕਸਰ ਤਾਂ ਨਹੀਂ ਛੱਡੀ ਪਰ ਗੁਰੂ ਜੀ ਦੀ ਕਿਰਪਾ ਨਾਲ ਭਾਈ ਸਾਹਿਬ ਠੀਕ-ਠਾਕ ਹਨ ਤੇ ਇਹਨਾਂ ਜ਼ਾਲਮਾਂ ਦੀ ਕੈਦ ਤੋਂ ਬਾਹਰ ਇੱਕ ਸੁਰਖਿੱਅਤ ਜਗ੍ਹਾ ਤੇ ਹਨ।"

ਭਾਈ ਸੋਭਾ ਸਿੰਘ ਜੀ ਨੇ ਭਾਈ ਸੁੱਖਾ ਸਿੰਘ ਨੂੰ ਭਾਈ ਤਾਰੂ ਸਿੰਘ ਨਾਲ ਜੋ-ਜੋ ਇਹਨਾਂ ਜ਼ਾਲਮਾਂ ਨੇ ਕੀਤਾ ਸਾਰਾ ਕੁਝ ਦੱਸਿਆ। ਭਾਈ ਸੋਭਾ ਸਿੰਘ ਦੀ ਗੱਲ ਸੁਣ ਕੇ ਭਾਈ ਸੁੱਖਾ ਸਿੰਘ ਜੀ ਦੇ ਮੂੰਹੋਂ ਨਿਕਲਿਆ ਧੰਨ ਹੈ ਭਾਈ ਤਾਰੂ ਸਿੰਘ ਜੀ ਜਿਨ੍ਹਾਂ ਨੇ ਖੋਪਰੀ ਤਾਂ ਉਤਰਵਾ ਲਈ ਪਰ ਸਿੱਖੀ ਸਿਦਕ ਨਾ ਛੱਡਿਆ। ਉਹਨਾਂ ਨੇ ਭਾਈ ਸਾਹਿਬ ਨੂੰ ਉਸ ਸਮੇਂ ਜਿਉਂਦਾ ਸ਼ਹੀਦ ਦਾ ਰੁਤਬਾ ਦੇ ਕੇ ਨਿਵਾਜਿਆ।

ਭਾਈ ਸੁੱਖਾ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਬੇਨਤੀ ਕੀਤੀ,"ਭਾਈ ਸੋਭਾ ਸਿੰਘ ਜੀ!ਸ.ਮਿਹਤਾਬ ਸਿੰਘ ਜੀ ਨਾਲ ਬਹੁਤ ਪਿਆਰ ਹੈ ਤੇ ਮੈਨੂੰ ਕਾਜ਼ੀ ਫ਼ਤਵਾ ਦੇ ਗਿਆ ਹੈ। ਕੱਲ੍ਹ ਇਸ ਸਿੰਘ ਨੇ ਸੱਚਖੰਡ ਨੂੰ ਚਲ ਜਾਣਾ ਹੈ। ਇਸ ਸਰੀਰ ਦਾ ਠੀਕਰਾ ਇਹਨਾਂ ਪਾਪੀਆਂ ਨੇ ਭੰਨ ਦੇਣਾ ਹੈ ਤੇ ਮੇਰੀ ਆਪ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਜਿੱਥੇ ਸ.ਮਹਿਤਾਬ ਸਿੰਘ ਜੀ ਦਾ ਸੰਸਕਾਰ ਕੀਤਾ ਹੈ,ਉੱਥੇ ਹੀ ਮੇਰਾ ਸੰਸਕਾਰ ਕਰਨਾ ਤੇ ਜਿੱਥੇ ਉਨ੍ਹਾਂ ਦੇ ਫੁੱਲ ਪਾਏ ਹਨ ਉੱਥੇ ਹੀ ਮੇਰੇ ਫੁੱਲ ਪਾ ਦੇਣੇ।ਮੈਨੂੰ ਮੇਰੇ ਵੀਰ ਤੋਂ ਦੂਰ ਨਾ ਕਰਨਾ। ਇਹ ਬੇਨਤੀ ਪਰਵਾਨ ਕਰਨੀ।"

ਭਾਈ ਸੁੱਖਾ ਸਿੰਘ ਜੀ ਦੇ ਬਚਨ ਸੁਣ ਕੇ ਭਾਈ ਸੋਭਾ ਸਿੰਘ ਜੀ ਦੇ ਨੇਤਰ ਜਲ ਨਾਲ ਭਰ ਗਏ ਤੇ ਰਸਨਾਂ ਤੋਂ ਬੋਲ ਨਾ ਨਿਕਲ ਸਕੇ ਤੇ ਮਨ ਹੀ ਮਨ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਇਸ ਸਿੰਘ ਦੀ ਰੱਖਿਆ ਕਰਨੀ। ਭਾਈ ਸੁੱਖਾ ਜੀ ਨੇ ਦੱਸਿਆ, "ਭਾਈ ਸੋਭਾ ਸਿੰਘ ਜੀ,ਭਾਈ ਤਾਰੂ ਸਿੰਘ ਪੂਹਲੇ ਦੀ ਖਬਰ ਤਾਂ ਸਾਨੂੰ ਪਹਿਲਾਂ ਵੀ ਪਤਾ ਲੱਗੀ ਸੀ ਤੇ ਸਾਨੂੰ ਇਹ ਵੀ ਪਤਾ ਲੱਗਿਆ ਸੀ ਕਿ ਮੌਤ ਦੀ ਰਾਣੀ ਇਸ ਸਿੰਘ ਦੇ ਕੋਲ ਕਈ ਵਾਰ ਆਈ ਪਰ ਚਰਨੀ ਹੱਥ ਲਾ ਕੇ ਵਾਪਸ ਮੁੜ ਜਾਂਦੀ ਰਹੀ ਹੈ। ਗੁਰੂ ਸਾਹਿਬ ਇਸ ਸਿੰਘ ਨੂੰ ਚੜ੍ਹਦੀ ਕਲਾ ਬਖਸ਼ਿਸ਼ ਕਰਨ।"

ਇਹ ਦੋਵੇਂ ਸਿੰਘ ਬਚਨ ਕਰ ਰਹੇ ਸਨ ਕਿ ਅਹਿਮਦ ਖ਼ਾਂ ਦੇ ਇੱਕ ਸਿਪਾਹੀ ਨੇ ਆਵਾਜ਼ ਦਿੱਤੀ ਕਿ ਉਹ ਜਲਦੀ ਬਾਹਰ ਆ ਜਾਣ,ਨਹੀਂ ਤਾਂ ਕਿਸੇ ਹੋਰ ਦੇ

ਆਉਣ ਨਾਲ ਕੋਈ ਮੁਸੀਬਤ ਖੜੀ ਹੋ ਸਕਦੀ ਹੈ। ਆਵਾਜ਼ ਸੁਣ ਕੇ ਭਾਈ ਸੋਭਾ ਸਿੰਘ ਨੇ ਭਾਈ ਸੁੱਖਾ ਸਿੰਘ ਜੀ ਕੋਲੋਂ ਆਗਿਆ ਮੰਗੀ ਤੇ ਭਾਈ ਸਾਹਿਬ ਦੇ ਚਰਨਾਂ ਦੀ ਧੂੜ ਲੈ ਕੇ ਅਹਿਮਦ ਖ਼ਾਂ ਕੋਲ ਬਾਹਰ ਆ ਗਏ ਤੇ ਇਸ ਸਿੰਘ ਬਾਰੇ ਦੱਸਿਆ ਤੇ ਆਖਰੀ ਇੱਛਾ ਵੀ ਦੱਸੀ ਕਿ ਇਸ ਦੀ ਆਖਰੀ ਇੱਛਾ ਜ਼ਰੂਰ ਪੂਰੀ ਕਰਨੀ।

ਅਹਿਮਦ ਖ਼ਾਂ ਨੇ ਕਿਹਾ, "ਤੁਸੀਂ ਬੇ-ਫਿਕਰ ਹੋ ਜਾਵੋ, ਪਹਿਲਾਂ ਤਾਂ ਅੱਲ੍ਹਾ ਇਸ ਸਿੰਘ ਨੂੰ ਲੰਬੀ ਉਮਰ ਬਖਸ਼ੇ ਪਰ ਜੇ ਕੋਈ ਅਜਿਹਾ ਸਮਾਂ ਬਣ ਵੀ ਗਿਆ ਤਾਂ ਤੁਸੀਂ ਫਿਕਰ ਨਾ ਕਰੋ। ਤੁਸੀ ਕੋਤਵਾਲ ਸੁਬੇਗ ਸਿੰਘ ਨੂੰ ਵੀ ਮਿਲ ਲੈਣਾ ਕਿਉਂਕਿ ਜੇਲ੍ਹ ਵਿੱਚ ਕੁਝ ਲੱਕੜ ਦਾ ਕੰਮ ਮੁਰੰਮਤ ਹੋਣ ਵਾਲਾ ਹੈ ਤੇ ਇਹ ਕੰਮ ਉਹਨਾਂ ਨੇ ਤੁਹਾਨੂੰ ਹੀ ਦੇਣਾ ਹੈ, ਬਾਕੀ ਮੈਂ ਆਪੇ ਸੰਭਾਲ ਲਵਾਂਗਾ।"

ਰਾਤ ਬਹੁਤ ਹੋ ਚੁੱਕੀ ਸੀ ਤੇ ਭਾਈ ਸੋਭਾ ਸਿੰਘ ਅਹਿਮਦ ਖ਼ਾਂ ਦੀ ਗੱਲ ਸੁਣ ਕੇ ਘਰ ਚਲੇ ਗਏ।

18 ਜੂਨ, 1745 (ਉਮਰ 25 ਸਾਲ, ਦੋ ਮਹੀਨੇ, 30 ਦਿਨ) ਭਾਈ ਸੁੱਖਾ ਸਿੰਘ ਜੀ ਦੀ ਸ਼ਹੀਦੀ

ਅੱਜ ਦਾ ਦਿਨ ਆਰੰਭ ਹੋਇਆ ਤੇ ਭਾਈ ਤਾਰੂ ਸਿੰਘ ਜੀ ਨੇ ਅੰਮ੍ਰਿਤ ਵੇਲੇ ਦੀਆਂ ਸਾਰੀਆਂ ਬਾਣੀਆਂ ਦੇ ਜਾਪ ਕੀਤੇ ਤੇ ਮਨ ਨੂੰ ਸਿਮਰਨ ਵਿੱਚ ਜੋੜਿਆ। ਜਦੋਂ ਭਾਈ ਸੋਭਾ ਸਿੰਘ ਜੀ ਦੇ ਆਉਣ ਦਾ ਸਮਾਂ ਹੋ ਗਿਆ ਤਾਂ ਭਾਈ ਸਾਹਿਬ ਦੇ ਮਨ ਵਿੱਚ ਸੋਭਾ ਸਿੰਘ ਜੀ ਦੀ ਉਡੀਕ ਵੱਧ ਗਈ ਤੇ ਮਨ ਵਿੱਚ ਸੋਚਿਆ ਕਿ ਸੋਭਾ ਸਿੰਘ ਅਜੇ ਤੱਕ ਆਇਆ ਨਹੀਂ। ਉਸਨੇ ਕੱਲ੍ਹ ਰਾਤ ਜੇਲ੍ਹ ਵਿੱਚ ਭਾਈ ਸੁੱਖਾ ਸਿੰਘ ਜੀ ਨੂੰ ਮਿਲਣ ਜਾਣਾ ਸੀ, ਕੀਤੇ ਉੱਥੇ ਕੁਝ ਐਸਾ-ਵੈਸਾ ਤਾਂ ਨਹੀਂ ਹੋ ਗਿਆ। ਐਸੀਆਂ ਵਿਚਾਰਾਂ ਮਨ ਵਿੱਚ ਚਲਦੀਆਂ ਰਹੀਆਂ। ਇੰਨੇ ਨੂੰ ਭਾਈ ਸੋਭਾ ਸਿੰਘ ਪ੍ਰਸ਼ਾਦਾ ਤੇ ਮਲ੍ਹਮ-ਪੱਟੀ ਦਾ ਸਮਾਨ ਲੈ ਕੇ ਪਹੁੰਚ ਗਏ ਤੇ ਫ਼ਤਿਹ ਬੁਲਾਈ। ਪਹਿਲਾਂ ਦੇਰੀ ਹੋਣ ਦੀ ਮਾਫ਼ੀ ਮੰਗੀ ਤੇ ਕਿਹਾ ਅੱਜ ਆਪ ਜੀ ਨੂੰ ਪ੍ਰਸ਼ਾਦਾ ਛਕਣ ਵਿੱਚ ਕੁਝ ਦੇਰੀ ਹੋ ਗਈ।

ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਭਾਈ ਲਾਲੋ ਜੀ ਪ੍ਰਸ਼ਾਦੇ ਦੀ ਕੋਈ ਗੱਲ ਨਹੀਂ ਜੇ ਨਹੀਂ ਵੀ ਮਿਲੇਗਾ ਤਾਂ ਵੀ ਕੋਈ ਪਰਵਾਹ ਨਹੀਂ, ਮੈਂ ਤਾਂ ਤੁਹਾਡੇ ਮੂੰਹੋਂ ਭਾਈ ਸੁੱਖਾ ਸਿੰਘ ਜੀ ਖਬਰ ਸੁਣਨਾ ਚਾਹੁੰਦਾ ਹਾਂ। ਜਲਦੀ ਦੱਸੋ! ਤੁਸੀ ਕੱਲ੍ਹ ਗਏ ਸੀ ਜੇਲ੍ਹ...ਕੀ ਹਾਲ ਹੈ ਭਾਈ ਸੁੱਖਾ ਸਿੰਘ ਜੀ ਦਾ...?"

ਭਾਈ ਸੋਭਾ ਸਿੰਘ ਜੀ ਲਾਲੋ ਨੇ ਨਿਮਰਤਾ ਨਾਲ ਕਿਹਾ, "ਭਾਈ ਸਾਹਿਬ ਜੀ ਪਹਿਲਾਂ ਤੁਸੀਂ ਪ੍ਰਸ਼ਾਦਾ ਛਕੋ, ਮੈਂ ਆਪ ਜੀ ਨੂੰ ਸਾਰਾ ਕੁਝ ਦੱਸਾਂਗਾ ਤੇ ਮੈਂ ਕੱਲ੍ਹ ਰਾਤ ਜੇਲ੍ਹ ਗਿਆ ਸੀ ਭਾਈ ਸੁੱਖਾ ਸਿੰਘ ਜੀ ਦਰਸ਼ਨ ਕਰਨ।"

ਭਾਈ ਸੋਭਾ ਸਿੰਘ ਜੀ ਨੇ ਪਹਿਲਾਂ ਭਾਈ ਤਾਰੂ ਸਿੰਘ ਜੀ ਨੂੰ ਪ੍ਰਸ਼ਾਦਾ ਛਕਾਇਆ ਤੇ ਫਿਰ ਸਿਰ ਦੇ ਜ਼ਖਮਾਂ ਦੀ ਪੱਟੀ ਕੀਤੀ। ਭਾਈ ਤਾਰੂ ਸਿੰਘ ਜੀ ਨੇ

ਕਿਹਾ,"ਮੈਂ ਆਪ ਜੀ ਦਾ ਬਚਨ ਮੰਨਿਆ ਹੈ ਤੇ ਤੁਸੀਂ ਵੀ ਕਿਰਪਾ ਕਰੋ ਤੇ ਜਲਦੀ ਦੱਸੋ ਕਿ ਭਾਈ ਸੁੱਖਾ ਸਿੰਘ ਦਾ ਕੀ ਹਾਲ ਹੈ?"

ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਭਾਈ ਸੁੱਖਾ ਸਿੰਘ ਜੀ ਦੀ ਚਰਨਾਂ ਦੀ ਧੂੜੀ ਦਿੱਤੀ ਤੇ ਕਿਹਾ, "ਪਹਿਲਾਂ ਆਹ ਲਓ ਆਪਣੀ ਅਮਾਨਤ ਜਿਹੜੀ ਤੁਸੀਂ ਮੇਰੇ ਤੋਂ ਮੰਗਵਾਈ ਸੀ,ਭਾਈ ਸੁੱਖਾ ਸਿੰਘ ਜੀ ਦੇ ਚਰਨਾਂ ਦੀ ਧੂੜ।"

ਭਾਈ ਸਾਹਿਬ ਜੀ ਨੇ ਇਹ ਧੂੜ ਲੈ ਕੇ ਪਹਿਲਾਂ ਆਪਣੇ ਮਸਤਕ ਨਾਲ ਲਗਾਈ ਤੇ ਫਿਰ ਸਿਰ ਵਿੱਚ ਪਾ ਕੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ।

ਫਿਰ ਭਾਈ ਤਾਰੂ ਸਿੰਘ ਜੀ ਇਸ ਤਰਾਂ ਕਰ ਰਹੇ ਸਨ ਤਾਂ ਭਾਈ ਲਾਲੋ ਜੀ ਦੇ ਨੇਤਰਾਂ ਵਿਚੋਂ ਜਲ ਵਗਣਾ ਸ਼ੁਰੂ ਹੋ ਗਿਆ ਤੇ ਉਨਾਂ ਨੇ ਭਾਈ ਤਾਰੂ ਸਿੰਘ ਜੀ ਦੇ ਚਰਨਾਂ ਵਿੱਚ ਸੀਸ ਰੱਖ ਕੇ ਰੋ ਕੇ ਦੱਸਣਾ ਸ਼ੁਰੂ ਕੀਤਾ, "ਭਾਈ ਸਾਹਿਬ ਜੀ, ਮੈਂ ਇਨ੍ਹਾਂ ਹੱਥਾਂ ਨਾਲ ਕੁਝ ਘੜੀਆਂ ਪਹਿਲਾਂ ਭਾਈ ਸੁੱਖਾ ਸਿੰਘ ਜੀ ਦੇ ਸਰੀਰ ਦਾ ਸੰਸਕਾਰ ਕਰ ਕੇ ਆ ਰਿਹਾ ਹਾਂ, ਇਸੇ ਲਈ ਹੀ ਮੈਨੂੰ ਆਉਣ ਵਿੱਚ ਦੇਰੀ ਹੋ ਗਈ।"

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਮੋਢਿਆਂ ਤੋਂ ਫੜ ਕੇ ਖੜ੍ਹਾ ਕੀਤਾ ਤੇ ਕਿਹਾ, "ਉਠੋ ਭਾਈ ਸਾਹਿਬ ਜੀ!ਤੁਸੀ ਬਹੁਤ ਭਾਗਾਂ ਵਾਲੇ ਹੋ ਜੋ ਇਹ ਸੇਵਾ ਆਪ ਜੀ ਨੇ ਨਿਭਾਈ ਹੈ।"

ਫਿਰ ਭਾਈ ਲਾਲੋ ਨੇ ਅੱਗੇ ਦੱਸਿਆ,"ਜ਼ਕਰੀਏ ਦੇ ਲੜਕੇ ਯਾਫਰ ਖ਼ਾਂ ਨੇ ਭਾਈ ਸੁੱਖਾ ਸਿੰਘ ਜੀ ਨੂੰ ਬਹੁਤ ਤਸੀਹੇ ਦਿੱਤੇ ਸਨ। ਇਸ ਪਾਪੀ ਨੂੰ ਤਾਂ ਸਿੰਘ ਠੁੱਡੇ ਮਾਰ ਕੇ ਨਰਕਾਂ ਨੂੰ ਲੈ ਕੇ ਜਾਣਗੇ, ਮੇਰੀ ਅਕਾਲ-ਪੁਰਖ ਅੱਗੇ ਇਹੀ ਅਰਦਾਸ ਹੈ।"

ਭਾਈ ਤਾਰੂ ਸਿੰਘ ਜੀ ਨੇ ਹੱਥ ਜੋੜੇ ਤੇ ਕਿਹਾ,"ਭਾਈ ਸੋਭਾ ਸਿੰਘ ਜੀ!ਤੁਸੀਂ ਵੱਡੇ ਹੋ,ਅਸੀ ਆਪ ਜੀ ਨੂੰ ਸਮਝਾ ਨਹੀ ਸਕਦੇ ਪਰ ਕੋਈ ਵੀ ਅਜਿਹਾ ਬਚਨ ਨਹੀ ਕਰਨਾ ਜਿਸ ਨਾਲ ਮਨ ਨੂੰ ਹਉਮੈ ਦੀ ਮੈਲ ਲਗ ਜਾਵੇ, ਤੁਸੀਂ ਮੈਨੂੰ ਦੱਸੋ ਕਿ ਜਦੋਂ ਤੁਸੀਂ ਭਾਈ ਸੁੱਖਾ ਸਿੰਘ ਜੀ ਨੂੰ ਮਿਲੇ,ਵਿਸਥਾਰ ਨਾਲ ਦੱਸਣ ਦੀ ਕ੍ਰਿਪਾਲਤਾ ਕਰੋ।"

ਭਾਈ ਸੋਭਾ ਸਿੰਘ ਜੀ ਨੇ ਪਹਿਲਾਂ ਹੱਥ ਜੋੜ ਕੇ ਖ਼ਿਮਾਂ ਮੰਗੀ ਤੇ ਫਿਰ ਉਸ ਸਮੇਂ ਦਾ ਸਾਰਾ ਹਾਲ ਬਿਆਨ ਕੀਤਾ ਜੋ ਉਨ੍ਹਾਂ ਨੇ ਸੁੱਖਾ ਸਿੰਘ ਜੀ ਨਾਲ ਬਿਤਾਇਆ ਸੀ ਤੇ ਕਿਹਾ, "ਭਾਈ ਸੁੱਖਾ ਸਿੰਘ ਜੀ ਨੂੰ ਯਾਫਰ ਖ਼ਾਂ ਨੇ ਬਹੁਤ ਤਸੀਹੇ ਦਿਤੇ ਸਨ ਤੇ ਭਾਈ ਸਾਹਿਬ ਜੀ ਦੀਆਂ ਸਾਰੀਆਂ ਹੱਡੀਆਂ ਤੋੜ ਦਿੱਤੀਆਂ ਸਨ। ਜਦੋਂ ਮੈਂ ਭਾਈ ਸਾਹਿਬ ਜੀ ਨੂੰ ਮਿਲਿਆ ਤਾਂ ਉਹਨਾਂ ਨੂੰ ਆਪਣੇ ਬਾਰੇ ਤੇ ਆਪ ਜੀ ਦੇ ਬਾਰੇ ਦੱਸਿਆ ਤਾਂ ਉਨ੍ਹਾਂ ਨੇ ਅਕਾਲ-ਪੁਰਖ ਦਾ ਸ਼ੁਕਰਾਨਾ ਕੀਤਾ ਕਿ ਆਪ ਜੀ ਠੀਕ-ਠਾਕ ਹੋ ਤੇ ਇਹਨਾਂ ਜ਼ਾਲਮਾਂ ਦੀ ਕੈਦ ਤੋਂ ਬਾਹਰ ਹੋ ਤੇ ਉਨ੍ਹਾ ਨੇ ਦੱਸਿਆ ਕਿ ਸ. ਮਹਿਤਾਬ ਸਿੰਘ ਜੀ ਨਾਲ ਉਹਨਾਂ ਦਾ ਬਹੁਤ ਪਿਆਰ ਸੀ ਤੇ ਉਹਨਾਂ ਨੇ ਅਪਣੀ ਆਖਰੀ ਇੱਛਾ ਵੀ ਮੈਨੂੰ ਦੱਸੀ ਕਿ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦਾ

ਸੰਸਕਾਰ ਵੀ ਸ. ਮਹਿਤਾਬ ਸਿੰਘ ਜੀ ਵਾਲੇ ਸਥਾਨ ਤੇ ਕਰਨਾ ਤੇ ਫੁੱਲ ਵੀ ਉਨ੍ਹਾਂ ਦੇ ਸਥਾਨ ਤੇ ਪਾਉਣੇ ਹਨ, ਇਸੇ ਲਈ ਜੇਲ੍ਹਰ ਅਹਿਮਦ ਖ਼ਾਂ ਨੇ ਮੈਨੂੰ ਜੇਲ੍ਹ ਵਿੱਚ ਕੁਝ ਮੁਰੰਮਤ ਦਾ ਕੰਮ ਕਰਨ ਦਾ ਹੁਕਮ ਦੁਆਇਆ ਸੀ ਤੇ ਜਦੋਂ ਮੈਂ ਤੇ ਮੇਰਾ ਇੱਕ ਸਹਾਇਕ ਜੇਲ੍ਹ ਵਿੱਚ ਮੁਰੰਮਤ ਦਾ ਕੰਮ ਕਰਨ ਲਈ ਪਹੁੰਚੇ ਤਾਂ ਉੱਥੇ ਜਾ ਕੇ ਅਹਿਮਦ ਖ਼ਾਂ ਨੇ ਦੱਸਿਆ ਕਿ ਭਾਈ ਸੁੱਖਾ ਸਿੰਘ ਅਖੀਰਲੇ ਦਮ ਤੱਕ ਸ਼ੇਰਾਂ ਵਾਂਗ ਭੱਬਕ ਮਾਰਦਾ ਰਿਹਾ ਪਰ ਮੁੱਖ ਤੋਂ ਇੱਕ ਵਾਰ ਵੀ ਹਾਏ ਨਾ ਕੀਤੀ ਤੇ ਵਾਹਿਗੁਰੂ ਦਾ ਸਿਮਰਨ ਕਰਦਾ ਹੋਇਆ ਸ਼ਹੀਦੀ ਪ੍ਰਾਪਤ ਕਰ ਗਿਆ ਤੇ ਉਸਨੇ ਕੋਤਵਾਲ ਸੁਬੇਗ ਸਿੰਘ ਤੋਂ ਸੰਸਕਾਰ ਕਰਨ ਦਾ ਹੁਕਮ ਤਿਆਰ ਕਰਕੇ ਰੱਖਿਆ ਹੋਇਆ ਸੀ ਤੇ ਸ. ਮਹਿਤਾਬ ਸਿੰਘ ਜੀ ਦੇ ਹੀ ਸਥਾਨ ਤੇ ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਅੰਤਿਮ ਇੱਛਾ ਪੂਰੀ ਕਰਨ ਦੀ ਸੇਵਾ ਨੂੰ ਨਿਭਾਉਣ ਦੀ ਸੇਵਾ ਗੁਰੂ ਸਾਹਿਬ ਨੇ ਮੇਰੀ ਲਗਾ ਦਿੱਤੀ।"

ਭਾਈ ਸੋਭਾ ਸਿੰਘ ਜੀ ਨੇ ਅੱਗੇ ਦੱਸਿਆ, "ਭਾਈ ਸਾਹਿਬ ਜੀ! ਇੱਕ ਹੋਰ ਕਮਾਲ ਦੀ ਘਟਨਾ ਉੱਥੇ ਵਾਪਰੀ।"

"ਉਹ ਕੀ ਭਾਈ ਲਾਲੋ ਜੀ! ਜ਼ਰਾ ਜਲਦੀ ਦੱਸੋ", ਭਾਈ ਤਾਰੂ ਸਿੰਘ ਜੀ ਨੇ ਪੁੱਛਿਆ।

ਭਾਈ ਸੋਭਾ ਸਿੰਘ ਜੀ ਨੇ ਦੱਸਿਆ, "ਜਦੋਂ ਮੈਂ ਭਾਈ ਸਾਹਿਬ ਜੀ ਦਾ ਸੰਸਕਾਰ ਕਰ ਕੇ ਜੇਲ੍ਹ ਤੋਂ ਬਾਹਰ ਨਿਕਲਿਆ ਤਾਂ ਬਾਹਰ ਮੁੱਖ ਦਰਵਾਜੇ 'ਤੇ ਇੱਕ ਕਾਲੇ ਰੰਗ ਦਾ ਘੋੜਾ ਬੰਨਿਆ ਹੋਇਆ ਸੀ ਜਿਸ ਦੀਆਂ ਅੱਖਾਂ ਵਿੱਚੋਂ ਹੰਝੂ ਪਰਲ-ਪਰਲ ਵਗ ਰਹੇ ਸਨ। ਜਦੋਂ ਮੈਂ ਦਰਬਾਨ ਨੂੰ ਪੁੱਛਿਆ ਕਿ ਇਹ ਘੋੜਾ ਕਿਉਂ ਰੋ ਰਿਹਾ ਹੈ..? ਤਾਂ ਉਹਨੇ ਦੱਸਿਆ ਕਿ ਇਹ ਘੋੜਾ ਉਸ ਸਿੱਖ ਦਾ ਹੈ ਜਿਸ ਨੂੰ ਕੱਲ੍ਹ ਰਾਤ ਨੂੰ ਸ਼ਹੀਦ ਕੀਤਾ ਗਿਆ ਹੈ। ਜਦੋਂ ਉਸਨੇ ਇਹ ਗੱਲ ਆਖੀ ਤਾਂ ਮੈਂ ਉਸਨੂੰ ਕਿਹਾ ਕਿ ਇਹ ਘੋੜਾ ਤਾਂ ਬਹੁਤ ਸੁੰਦਰ ਤੇ ਤੇਜ ਦੌੜਾਕ ਹੈ ਫਿਰ ਭਾਈ ਸੁੱਖਾ ਸਿੰਘ ਇਹਨਾਂ ਦੇ ਹੱਥ ਕਿਵੇਂ ਆ ਗਿਆ ਤਾਂ ਉਸਨੇ ਦੱਸਿਆ ਕਿ ਭਾਈ ਸੁੱਖਾ ਸਿੰਘ ਨੂੰ ਉਦੋਂ ਕਾਬੂ ਕੀਤਾ ਗਿਆ ਜਦੋਂ ਉਹ ਆਰਾਮ ਕਰ ਰਿਹਾ ਸੀ।"

ਭਾਈ ਤਾਰੂ ਸਿੰਘ ਜੀ ਨੇ ਬਚਨ ਕੀਤਾ, "ਤੁਸੀਂ ਸਮਝ ਗਏ ਕਿ ਉਹ ਘੋੜਾ ਕਿਉਂ ਰੋ ਰਿਹਾ ਸੀ..?"

"ਤੁਸੀ ਕਿਰਪਾ ਕਰਕੇ ਦੱਸੋ ਜੀ", ਭਾਈ ਸੋਭਾ ਸਿੰਘ ਜੀ ਨੇ ਕਿਹਾ। ਭਾਈ ਤਾਰੂ ਸਿੰਘ ਜੀ ਨੇ ਦੱਸਿਆ, "ਕਿਉਂਕਿ ਇਸ ਕੋਲੋਂ ਆਪਣੇ ਮਾਲਕ ਦੀ ਸੇਵਾ ਵਿੱਚ ਕਮੀ ਰਹਿ ਗਈ ਸੀ। ਭਾਈ ਸੁੱਖਾ ਸਿੰਘ ਜੀ ਨੂੰ ਆਰਾਮ ਕਰਦੇ ਹੋਏ ਘੇਰਾ ਪਾ ਕੇ ਫੜਿਆ ਗਿਆ ਸੀ ਤੇ ਇਸ ਘੋੜਾ ਚਾਹੁੰਦਾ ਹੋਇਆ ਵੀ ਭਾਈ ਸਾਹਿਬ ਵਾਸਤੇ ਕੁਝ ਨਾ ਕਰ ਸਕਿਆ ਜਿਸ ਕਾਰਣ ਇਹ ਰੋ ਰਿਹਾ ਸੀ।"

ਫਿਰ ਭਾਈ ਸਾਹਿਬ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਕਿਹਾ, "ਭਾਈ ਸੋਭਾ ਸਿੰਘ ਜੀ, ਆਉਣ ਵਾਲੀਆ ਪੀੜ੍ਹੀਆਂ ਇਹਨਾਂ ਦੋਵਾਂ ਸ਼ਹੀਦਾਂ ਨੂੰ ਪੂਰੇ ਸਤਿਕਾਰ ਨਾਲ ਯਾਦ ਕਰਨਗੀਆਂ। ਇਹਨਾਂ ਸਿੰਘ ਨੇ ਆਪਣੇ ਗੁਰੂ ਧਾਮਾਂ ਦੀ ਪਵਿੱਤਰਤਾ ਨੂੰ

ਕਾਇਮ ਰੱਖਣ ਲਈ ਆਪਣੀ ਕੁਰਬਾਨੀ ਦਿੱਤੀ ਹੈ। ਅੱਗੇ ਤੋਂ ਵੀ ਜੇ ਕੋਈ ਸਾਡੇ ਗੁਰੂ ਧਾਮਾਂ ਦੀ ਪਵਿਤੱਰਤਾ ਨੂੰ ਨੁਕਸਾਨ ਪਹੁੰਚਾਏਗਾ,ਕੋਈ ਨਾ ਕੋਈ ਸਿੱਖ ਸੁੱਖਾ ਸਿੰਘ ਦੇ ਮਹਿਤਾਬ ਸਿੰਘ ਦਾ ਰੂਪ ਧਾਰ ਕੇ ਇਸਦਾ ਬਦਲਾ ਲੈਣਗੇ ਤੇ ਲੋੜ ਪੈਣ 'ਤੇ ਆਪਣੀ ਕੁਰਬਾਨੀ ਵੀ ਦੇਣਗੇ। ਤੁਸੀ ਭਾਈ ਸੁੱਖਾ ਸਿੰਘ ਜੀ ਦੀਆਂ ਅਸਥੀਆਂ ਭਾਵ ਫੁੱਲਾਂ ਨੂੰ ਵੀ ਸ. ਮਹਿਤਾਬ ਸਿੰਘ ਵਾਲੀ ਜਗ੍ਹਾ ਤੇ ਤਾਰਨ ਦੀ ਸੇਵਾ ਕਰਨੀ ਹੈ ਤੇ ਸੇਵਾ ਵਿੱਚ ਕੋਈ ਕਮੀ ਨਹੀ ਰਹਿਣ ਦੇਣੀ ਤੇ ਮੇਰੀ ਕੋਈ ਫਿਕਰ ਨਹੀਂ ਕਰਨਾ।"

ਭਾਈ ਸੋਭਾ ਸਿੰਘ ਨੇ ਬੇਨਤੀ ਕੀਤੀ, "ਭਾਈ ਸਾਹਿਬ ਜੀ, ਤੁਹਾਡੀ ਸੇਵਾ 'ਚੋਂ ਤਾਂ ਮੈਨੂੰ ਸਿੱਖੀ ਦਾ ਪਿਆਰ ਮਿਲਿਆ ਹੈ। ਆਪ ਜੀ ਦੇ ਪ੍ਰੇਮ ਸਦਕਾ ਹੀ ਜੇਲ੍ਹਰ ਅਹਿਮਦ ਖ਼ਾਂ ਨੇ ਇਸ ਸਾਰੀ ਸੇਵਾ ਵਿੱਚ ਮਦਦ ਕੀਤੀ ਹੈ,ਨਹੀ ਤਾਂ ਇਹੋ ਜਿਹੇ ਮਹਾਨ ਜੋਧਿਆਂ ਦੇ ਦਰਸ਼ਨ ਹੋਣੇ ਬਹੁਤ ਮੁਸ਼ਕਲ ਸਨ। ਆਪ ਜੀ ਦੀ ਆਗਿਆ ਅਨੁਸਾਰ ਬਾਕੀ ਦੀ ਸੇਵਾ ਵੀ ਪੂਰੀ ਹੋਵੇਗੀ ਅਤੇ ਆਪ ਜੀ ਦੇ ਦਰਸ਼ਨ ਵੀ ਹੋਣਗੇ ਕਿਉਂਕਿ ਆਪ ਜੀ ਦੇ ਦਰਸ਼ਨਾਂ ਤੋਂ ਬਿਨਾਂ ਤਾਂ ਹੁਣ ਇੱਕ ਘੜੀ ਵੀ ਨਹੀਂ ਨਿਕਲਦੀ।"

ਇਸ ਤਰਾਂ ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਤੋਂ ਆਗਿਆ ਲਈ ਤੇ ਸ਼ਾਮ ਤੱਕ ਦੁਆਰਾ ਅਹਿਮਦ ਖ਼ਾਂ ਦੀ ਮਦਦ ਨਾਲ ਜੇਲ੍ਹ ਵਿੱਚ ਜਾ ਕੇ ਫੁੱਲ ਚੁਗਣ ਦੀ ਸੇਵਾ ਨਿਭਾਈ ਤੇ ਨੇੜੇ ਹੀ ਰਾਵੀ ਦਰਿਆ ਵਿੱਚ ਸ.ਮਹਿਤਾਬ ਸਿੰਘ ਜੀ ਵਾਲੇ ਸਥਾਨ ਤੇ ਫੁੱਲਾਂ ਨੂੰ ਜਲ ਪਰਵਾਹ ਕਰ ਦਿੱਤਾ ਤੇ ਅਰਦਾਸ ਕੀਤੀ ਕਿ ਸਿੰਘ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ ਤੇ ਘਰ ਜਾ ਸਹਿਜ ਪਾਠ ਆਰੰਭ ਕਰ ਦਿੱਤਾ। ਭਾਈ ਸੁੱਖਾ ਸਿੰਘ ਜੀ ਦੀਆਂ ਆਖਰੀ ਨਿਸ਼ਾਨੀਆਂ ਜਿਵੇਂ ਗੁਟਕਾ, ਕੜਾ, ਕ੍ਰਿਪਾਨ ਆਦਿ ਉਨ੍ਹਾਂ ਦੇ ਪਰਿਵਾਰ ਨੂੰ ਉਹਨਾਂ ਦੇ ਪਿੰਡ ਭੇਜ ਦਿੱਤੀਆਂ ਗਈਆਂ।

ਇੱਥੇ ਇੱਕ ਹਲੂਣਾ ਦੇਣਾ ਚਾਹੁੰਦਾ ਹਾਂ ਕਿ ਮੈਂ ਨੌਜਵਾਨ ਪਾਠਕਾਂ ਪ੍ਰਤੀ ਇਹ ਕਹਿਣਾ ਚਾਹੁੰਦਾ ਹਾਂ ਕਿ ਆਪਾਂ ਸਾਰੇ ਇਹ ਨਾਅਰੇ ਤਾਂ ਲਗਾਉਂਦੇ ਹਾਂ ਕਿ ਕਿਰਤ ਕਰੋ,ਵੰਡ ਛਕੋ ਤੇ ਨਾਮ ਜਪੋ ਪਰ ਇਨ੍ਹਾਂ ਪੂਰਨਿਆਂ ਤੇ ਚੱਲਦੇ ਨਹੀਂ ਹਾਂ। ਦਰਅਸਲ ਚਲਣਾ ਬਹੁਤ ਔਖਾ ਹੈ ਕਿਉਂਕਿ "ਖੰਨਿਓ ਤੀਖੀ ਵਾਹਲੋਂ ਨੀਕੀ ਇਤ ਮਾਰਗ ਜਾਣਾ"। ਪਰ ਭਾਈ ਤਾਰੂ ਸਿੰਘ ਜੀ ਕਹਿਣੀ ਤੇ ਕਰਨੀ ਦੇ ਪੂਰੇ ਸਨ। ਅੱਜ ਉਹ ਘਰ ਵਿੱਚ ਇਕਲੌਤੀ ਮਾਂ ਨੂੰ ਛੱਡ ਕੇ ਤੁਰ ਪਏ ਸਨ। ਤੁਰਨ ਲੱਗਿਆਂ ਮਨ ਵਿੱਚ ਇਕ ਵਾਰ ਵੀ ਇਹ ਨਹੀ ਸੋਚਿਆ ਕਿ ਮਾਂ ਦਾ ਕੀ ਬਣੇਗਾ। ਜੇ ਉਹ ਚਾਹੁੰਦੇ ਤਾਂ ਪਿੰਡ ਵਾਲਿਆਂ ਦੀ ਮਦਦ ਨਾਲ ਗ੍ਰਿਫਤਾਰੀ ਦੇਣ ਤੋਂ ਇਨਕਾਰ ਕਰ ਸਕਦੇ ਸਨ ਜਾਂ ਸਿੱਖੀ ਧਰਮ ਛਡ ਸਕਦੇ ਸਨ ਅਤੇ ਨਾਨਕੇ ਪਿੰਡ ਵਿੱਚ ਵੀ ਪਿੰਡ ਵਾਲਿਆਂ ਦੀ ਮਦਦ ਨਾਲ ਆਪਣਾ ਬਚਾ ਕਰ ਸਕਦੇ ਸਨ। ਉਹ ਸਿੱਖੀ ਜਾਂ ਪਰਿਵਾਰ ਦੋਹਾਂ ਚੋਂ ਚੋਣ ਕਰ ਸਕਦੇ ਸਨ ਪਰ ਨਹੀਂ। ਉਹਨਾਂ ਨੇ ਚੋਣ ਵਾਲੀ ਕੋਈ ਗੱਲ ਹੀ ਨਹੀ ਰੱਖੀ। ਪਰਪੱਕ ਹੋ ਕੇ ਸਿੱਖੀ ਨੂੰ ਪਹਿਲ ਦਿੱਤੀ।

ਐ ਨੌਜਵਾਨ! ਜੇ ਤੂੰ ਭਾਈ ਤਾਰੂ ਸਿੰਘ ਜੀ ਦੀ ਜਗ੍ਹਾ ਤੇ ਖੁਦ ਆਪ ਖੜ੍ਹਾ ਹੋ ਕੇ ਸੋਚੇਂਗਾ ਤਾਂ ਸਿੱਖੀ ਕਕਾਰਾਂ ਨੂੰ ਕਦੇ ਨਹੀਂ ਤਿਆਗੇਂਗਾ। ਤੇਰੇ ਹੱਥ ਵਿਚਲੀ

ਕੈਂਚੀ,ਉਸਤਰਾ ਜਾਂ ਮੋਚਨਾਂ ਅਤੇ ਸ਼ਰਾਬ ਦੀਆਂ ਬੋਤਲਾਂ ਨੂੰ ਕਦੇ ਹੱਥ ਨਹੀਂ ਲਗਾਵੇਂਗਾ। ਭਾਈ ਤਾਰੂ ਸਿੰਘ ਦੀ ਉਮਰ ਭਰੀ ਜਵਾਨੀ ਵਾਲੀ ਉਮਰ ਸੀ ਭਾਵ ੨੫ ਸਾਲ,੩ ਮਹੀਨੇਂ, ੧੩ ਦਿਨ ਦੀ ਸੀ। ਸੋ ਐ ਮੇਰੇ ਵੀਰੋ ਸੰਭਾਲੋ ਕੇਸ ਗੁਰੂ ਦੀ ਮੋਹਰ ਨੂੰ ।ਅੱਜ ਉਨ੍ਹਾਂ ਸ਼ਹੀਦਾਂ ਦੀਆਂ ਸ਼ਹੀਦੀਆਂ ਇੱਕ ਅਕੀਬ ਦੀ ਕਲਮ ਰਾਹੀਂ ਇਹ ਕਹਿ ਰਹੀਆਂ ਨੇ,

"ਕਿੱਧਰ ਜਾ ਰਿਹਾਂ ਏਂ ਸਿੰਘਾਂ..! ਜ਼ਰਾ ਹੋਸ਼ ਕਰ ।
ਤਕ ਇਤਿਹਾਸ ਆਪਣਾ ਤੇ ਕੁਝ ਸੰਕੋਚ ਕਰ ।
ਚਰਖੜੀਆਂ ਤੇ ਚੜ੍ਹੇ ਤੇ ਖੋਪਰੀਆਂ ਲੁਹਾ ਗਏ।
ਧਰਮ ਦਾ ਹੈ ਵਾਸਤਾ ਈ, ਨ ਜ਼ਿੰਦਗੀ ਦਾ ਰੋਲ ਕਰ।
ਸੁੱਖਾ ਸਿੰਘ ਮਹਿਤਾਬ ਸਿੰਘ, ਕੀ ਤੈਨੂੰ ਯਾਦ ਨਹੀਂ..?
ਮਿਲਦਾ ਨਹੀਂ ਏ ਮੌਕਾ ਫਿਰ ਵੇਲੇ ਦਾ, ਗੌਰ ਕਰ।
ਤੱਕ ਸਹਿਬਜ਼ਾਦੇ ਕੰਧਾਂ ਵਿੱਚ ਰਾਜ਼ੀ ਨੇ ਰਜ਼ਾ ਲਈ।
ਛੱਡ ਬੇਮੁਖੀ, ਨਾ ਧਰਮ ਨਾਲ ਐਵੇਂ ਮਖੌਲ ਕਰ।
ਨਲੂਏ ਵਾਲੀ ਅਣਖ ਤੇਰੀ ਕਿਧੱਰ ਹੈ ਚਲੀ ਗਈ..?
ਸੰਭਾਲ ਅਪਣੀ ਜਵਾਨੀ ਨੂੰ ਐਨਾ ਨਾ ਮਧੋਲ ਕਰ ।

19 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ)
ਸ. ਸੁੱਖਾ ਸਿੰਘ ਦੇ ਘੋੜੇ ਦਾ ਕਮਾਲ ਤੇ ਯਾਫ਼ਰ ਖ਼ਾਂ ਦੀ ਮੌਤ

ਅੱਜ ਭਾਈ ਤਾਰੂ ਸਿੰਘ ਜੀ ਦੀ ਉਮਰ ੨੫ ਸਾਲ ਤਿੰਨ ਮਹੀਨੇ ਪੂਰੇ ਹੋ ਗਏ ਹਨ ਤੇ ਭਾਈ ਸਾਹਿਬ ਜੀ ਦੀ ਖੋਪਰੀ ਉਤਰੀ ਨੂੰ ਅੱਜ ਦਸ ਦਿਨ ਹੋ ਗਏ ਹਨ, ਕਿਉਂਕਿ ਭਾਈ ਸਾਹਿਬ ਜੀ ਦਾ ਜਨਮ ੧੯ ਮਾਰਚ, ੧੭੨੦ ਦਾ ਹੈ। ਭਾਈ ਤਾਰੂ ਸਿੰਘ ਜੀ ਦਾ ਨਿੱਤਨੇਮ ਬਹੁਤ ਵੱਡਾ ਸੀ। ਕਈ ਵਾਰੀ ਤਾਂ ਭਾਈ ਸਾਹਿਬ ਨਿੱਤਨੇਮ ਕਰਦਿਆਂ ਦਿਨ ਦੇ ਦੂਸਰੇ ਦਿਨ ਵਿੱਚ ਪ੍ਰਵੇਸ਼ ਹੋ ਜਾਂਦੇ ਸਨ।

ਅੱਜ ਭਾਈ ਸੋਭਾ ਸਿੰਘ ਜੀ ਲਾਲੋ ਵੀ ਭਾਈ ਸਾਹਿਬ ਜੀ ਕੋਲ ਦਿਨ ਦੇ ਪਹਿਲੇ ਪਹਿਰ ਵਿੱਚ ਹੀ ਆ ਗਏ ਭਾਵ ਪਹਿਲਾਂ ਨਾਲੋਂ ਬਹੁਤ ਜਲਦੀ ਆ ਗਏ। ਭਾਈ ਤਾਰੂ ਸਿੰਘ ਜੀ ਦਾ ਨਿੱਤਨੇਮ ਵੀ ਪੂਰਾ ਨਹੀਂ ਸੀ ਹੋਇਆ। ਭਾਈ ਤਾਰੂ ਸਿੰਘ ਜੀ ਨੇ ਪਹਿਲਾਂ ਨਿੱਤਨੇਮ ਪੂਰਾ ਕੀਤਾ ਤੇ ਅਰਦਾਸ ਕਰਕੇ ਭਾਈ ਸੋਭਾ ਸਿੰਘ ਜੀ ਨੂੰ ਨਾਲ ਫ਼ਤਿਹ ਦੀ ਸਾਂਝ ਕਰਕੇ ਪੁੱਛਣ ਲੱਗੇ, "ਭਾਈ ਸੋਭਾ ਸਿੰਘਲਾਲੋ ਜੀ, ਘਰ ਵਿੱਚ ਸਭ ਸੁੱਖ-ਸਾਂਦ ਤਾਂ ਹੈ, ਕੀ ਗੱਲ ਅੱਜ ਬਹੁਤ ਖ਼ੁਸ਼ ਨਜ਼ਰ ਆ ਰਹੇ ਹੋ, ਮੈਨੂੰ ਵੀ ਦੱਸੋ ਕੀ ਭਾਣਾ ਵਰਤਿਆ ਹੈ?"

ਭਾਈ ਸੋਭਾ ਸਿੰਘ ਜੀ ਕੋਲ ਜੋ ਖ਼ੁਸ਼ੀ ਦੀ ਖਬਰ ਸੀ ਉਸਨੂੰ ਸੁਣਾਉਣ ਲਈ ਅੱਜ ਉਹ ਬਹੁਤ ਉਤਸਕ ਸਨ,ਤਾਂ ਹੀ ਉਹ ਅੱਜ ਭਾਈ ਤਾਰੂ ਸਿੰਘ ਜੀ ਕੋਲ ਜਲਦੀ ਪਹੁੰਚੇ ਸਨ। ਭਾਈ ਤਾਰੂ ਸਿੰਘ ਜੀ ਦੇ ਪੁੱਛਣ ਤੇ ਭਾਈ ਸੋਭਾ ਸਿੰਘ ਜੀ ਨੇ ਦੱਸਿਆ, "ਅੱਜ ਆਪ ਜੀ ਨੂੰ ਦੋ ਖ਼ਬਰਾਂ ਦੇਣੀਆਂ ਹਨ ਜੋ ਕਿ ਬਹੁਤ ਕਮਾਲ ਦੀਆਂ ਹਨ। ਪਹਿਲੀ ਖਬਰ ਤਾਂ ਇਹ ਕਿ ਮੈਂ ਆਪ ਜੀ ਨੂੰ ਸ਼ਹੀਦ ਭਾਈ ਸੁੱਖਾ ਸਿੰਘ ਜੀ ਦੇ ਘੋੜੇ ਬਾਰੇ ਦੱਸਿਆ ਸੀ, ਉਸ ਘੋੜੇ ਨੇ ਜ਼ਕਰੀਏ ਦੇ ਪੁੱਤਰ ਯਾਫ਼ਰ ਖ਼ਾਂ ਨੂੰ ਓਦਾਂ ਹੀ ਹੱਡੀਆਂ ਤੋੜ-ਤੋੜ ਕੇ ਮਾਰਿਆ ਹੈ ਜਿਵੇਂ ਉਸ ਪਾਪੀ ਨੇ ਭਾਈ ਸੁੱਖਾ ਸਿੰਘ ਜੀ ਕੀਤਾ ਸੀ।"

"ਉਹ ਕਿਵੇਂ..?', ਭਾਈ ਤਾਰੂ ਸਿੰਘ ਜੀ ਨੇ ਹੈਰਾਨੀ ਨਾਲ ਪੁੱਛਿਆ।

ਭਾਈ ਸੋਭਾ ਸਿੰਘ ਜੀ ਨੇ ਕਿਹਾ,"ਅੱਜ ਅਹਿਮਦ ਖ਼ਾਂ ਦੇ ਸਿਪਾਹੀ ਮਿਹਰ ਅਲੀ ਨੇ ਉਸਨੂੰ ਇਹ ਅੱਖੀਂ ਦੇਖੀ ਘਟਨਾ ਦੱਸੀ ਤੇ ਅਹਿਮਦ ਖ਼ਾਂ ਨੇ ਅੱਜ ਸਵੇਰੇ ਇਹ ਗੱਲ ਮੈਨੂੰ ਦੱਸੀ। ਭਾਈ ਸੁੱਖਾ ਸਿੰਘ ਜੀ ਦਾ ਕਾਲਾ ਘੋੜਾ ਆਪਣੇ-ਆਪ ਯਾਫ਼ਰ ਖ਼ਾਂ ਦੇ ਨੇੜੇ ਚਲਾ ਗਿਆ ਤੇ ਜਦੋਂ ਉਸਨੇ ਘੋੜੇ ਵੱਲ ਦੇਖਿਆ ਕਿ ਉਸਨੇ ਨਾਲ ਦੇ ਸਿਪਾਹੀਆਂ ਨੂੰ ਕਿਹਾ ਕਿ ਅੱਜ ਉਹ ਇਸ ਸਿੰਘ ਦੇ ਘੋੜੇ 'ਤੇ ਸ਼ਿਕਾਰ ਖੇਡਣ ਜਾਵੇਗਾ ਤੇ ਜਦੋਂ ਉਸਨੇ ਘੋੜੇ ਤੇ ਹੱਥ ਫੇਰਿਆ ਤਾਂ ਘੋੜਾ ਅਰਾਮ ਨਾਲ ਖੜ੍ਹਾ ਰਿਹਾ ਤੇ ਉਸਨੇ ਕੋਈ ਵੀ ਵਿਰੋਧੀ ਪ੍ਰਕਿਰਿਆ ਨਹੀਂ ਕੀਤੀ ਫਿਰ ਜਦੋਂ ਕਾਠੀ ਪਾਈ ਗਈ ਤਾਂ ਵੀ ਇਹ ਉਸੇ ਤਰਾਂ ਖੜ੍ਹਾ ਰਿਹਾ। ਜਿਉਂ ਹੀ ਯਾਫ਼ਰ ਖ਼ਾਂ ਇਸ ਘੋੜੇ ਉੱਪਰ ਚੜ੍ਹਿਆ ਤਾਂ ਇਹ ਇਸ ਪਾਪੀ ਨੂੰ ਲੈ ਕੇ ਪਲ ਭਰ ਵਿੱਚ ਹੀ ਹਵਾ ਦੀ ਤਰਾਂ ਦਿਸਣ ਤੋਂ ਉੱਡ ਗਿਆ ਤੇ ਸਿਪਾਹੀ ਮਿਹਰ ਅਲੀ ਨੇ ਆਪਣਾ ਘੋੜਾ ਉਸਦੇ ਪਿੱਛੇ

ਲਗਾ ਲਿਆ। ਮਿਹਰ ਅਲੀ ਉਸੇ ਸਮੇਂ ਸਮਝ ਗਿਆ ਕਿ ਯਾਫਰ ਖ਼ਾਂ ਨੇ ਸਿੰਘ ਦੇ ਘੋੜੇ 'ਤੇ ਬੈਠ ਕੇ ਬਹੁਤ ਭਾਰੀ ਗਲਤੀ ਕੀਤੀ ਹੈ। ਇਹ ਘੋੜਾ ਜਾਂ ਤਾਂ ਇਸ ਨੂੰ ਕਿਸੇ ਸਿੰਘ ਦੇ ਕੋਲ ਲੈ ਜਾਵੇਗਾ ਤੇ ਉੱਥੇ ਇਸ ਨੂੰ ਮਾਰ ਦੇਣਗੇ ਤੇ ਜਾਂ ਫਿਰ ਇਹ ਘੋੜਾ ਇਸਨੂੰ ਸੁੱਟ ਕੇ ਮਾਰੇਗਾ ਤੇ ਅੱਜ ਯਾਫਰ ਖ਼ਾਂ ਜਿਉਂਦਾ ਨਹੀਂ ਮੁੜੇਗਾ। ਮਿਹਰ ਅਲੀ ਨੇ ਬਹੁਤ ਕੋਸ਼ਿਸ਼ ਕੀਤੀ ਕਿ ਇਸ ਘੋੜੇ ਨਾਲ ਰਲ ਸਕਾਂ ਪਰ ਉਹ ਅਸਫਲ ਰਿਹਾ।"

ਭਾਈ ਤਾਰੂ ਸਿੰਘ ਜੀ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ ਤੇ ਚੁੱਪ-ਚਾਪ ਭਾਈ ਸੋਭਾ ਸਿੰਘ ਜੀ ਦੀ ਗੱਲ ਸੁਣਦੇ ਰਹੇ ਤੇ ਵਾਹਿਗੁਰੂ ਦਾ ਸਿਮਰਨ ਕਰਦੇ ਰਹੇ।

ਭਾਈ ਸੋਭਾ ਸਿੰਘ ਜੀ ਨੇ ਅੱਗੇ ਦੱਸਣਾ ਸ਼ੁਰੂ ਕੀਤਾ, "ਕੁਝ ਦੇਰ ਬਾਅਦ ਮਿਹਰ ਅਲੀ ਨੂੰ ਘੋੜੇ ਦੀਆਂ ਪੈੜਾਂ ਦੀ ਆਵਾਜ਼ ਸੁਣਾਈ ਦਿੱਤੀ ਤੇ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਸਨੇ ਦੇਖਿਆ ਕਿ ਇਹ ਘੋੜਾ ਯਾਫਰ ਖ਼ਾਂ ਨੂੰ ਜ਼ਮੀਨ 'ਤੇ ਤੇਜ਼ ਗਤੀ ਨਾਲ ਘੜੀਸ ਕੇ ਲਿਆ ਰਿਹਾ ਹੈ ਤੇ ਘੋੜੇ ਦੀ ਲਗਾਮ ਉਸਦੇ ਪੈਰ ਵਿੱਚ ਫਸੀ ਹੋਈ ਸੀ। ਮਿੱਟੀ-ਘਟਾ ਉੱਡ ਰਿਹਾ ਸੀ। ਜਦੋਂ ਮਿਹਰ ਅਲੀ ਨੇ ਇਸ ਦੇ ਨੇੜੇ ਜਾ ਕੇ ਦੇਖਿਆ ਤਾਂ ਉਸਦੇ ਦੇਖਦਿਆਂ-ਦੇਖਦਿਆਂ ਹੀ ਘੋੜੇ ਨੇ ਜ਼ੋਰ ਨਾਲ ਦਲਤੀਆਂ ਮਾਰ-ਮਾਰ ਕੇ ਉਸਦੀ ਕੋਈ ਵੀ ਹੱਡੀ ਸਾਬਤ ਨਾ ਛੱਡੀ ਤੇ ਮਿਹਰ ਅਲੀ ਨੇ ਬਹੁਤ ਮੁਸ਼ਕਲ ਨਾਲ ਆਪਣੀ ਤਲਵਾਰ ਨਾਲ ਘੋੜੇ ਦੀ ਲਗਾਮ ਕੱਟ ਕੇ ਯਾਫਰ ਖ਼ਾਂ ਨੂੰ ਛੁਡਾਇਆ। ਫਿਰ ਇਹ ਘੋੜਾ ਦੁਆਰਾ ਜੰਗਲਾਂ ਨੂੰ ਦੌੜ ਗਿਆ। ਮਿਹਰ ਅਲੀ ਯਾਫਰ ਖ਼ਾਂ ਨੂੰ ਚੁੱਕ ਕੇ ਮਹਿਲਾਂ ਵਿੱਚ ਪਹੁੰਚਿਆ ਤੇ ਹਕੀਮਾਂ ਨੇ ਉਸਨੂੰ ਮਰਿਆ ਹੋਇਆ ਘੋਸ਼ਿਤ ਕਰ ਦਿੱਤਾ। ਇਸ ਤਰਾਂ ਭਾਈ ਸੁੱਖਾ ਸਿੰਘ ਨੇ ਘੋੜੇ ਦੇ ਰੂਪ ਵਿੱਚ ਆਪਣੇ ਆਖਰੀ ਬਚਨ ਪੂਰੇ ਕੀਤੇ ਕਿ ਉਹ ਉਸਨੂੰ ਵੀ ਉਸੇ ਤਰਾਂ ਹੱਡੀਆਂ ਤੋੜ ਕੇ ਮਾਰੇਗਾ।"

ਭਾਈ ਸਾਹਿਬ ਜੀ ਨੇ ਕਹਿਣਾ ਸ਼ੁਰੂ ਕੀਤਾ, "ਭਾਈ ਲਾਲੋ ਅਕਾਲ-ਪੁਰਖ ਸਭ ਨੂੰ ਦੇਖਦਾ ਹੈ ਤੇ ਉਸਨੇ ਸਭ ਨੂੰ ਕਰਮਾਂ ਅਨੁਸਾਰ ਫਲ ਦੇਣਾ ਹੈ। ਬਸ ਤੁਸੀਂ ਕੋਈ ਵੀ ਅਜਿਹਾ ਬਚਨ ਨਹੀਂ ਕਰਨਾ ਜਿਸ ਨਾਲ ਹਉਮੈਂ ਦੀ ਮੈਲ ਲੱਗ ਜਾਵੇ।"

ਭਾਈ ਸੋਭਾ ਸਿੰਘ ਜੀ ਨੇ ਨਿਮਰਤਾ ਨਾਲ ਕਿਹਾ, "ਭਾਈ ਸਾਹਿਬ ਜੀ !ਜੇ ਮੇਰੇ ਕੋਲੋਂ ਕੋਈ ਅਜਿਹੀ ਗੱਲ ਹੋ ਵੀ ਜਾਵੇ ਤਾਂ ਕਿਰਪਾ ਕਰਕੇ ਇਸ ਨੂੰ ਸੁਧਾਰ ਦੇਣਾ। ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਆਪ ਜੀ ਨੂੰ ਦੂਸਰੀ ਗੱਲ ਵੀ ਸੁਣਾਉਣੀ ਚਾਹੁੰਦਾ ਹਾਂ।"

ਭਾਈ ਸਾਹਿਬ ਜੀ ਦੇ ਹਾਂ ਕਰਨ 'ਤੇ ਭਾਈ ਸੋਭਾ ਸਿੰਘ ਨੇ ਦੱਸਿਆ, "ਜੰਡਿਆਲੇ ਦਾ ਹਰਿਭਗਤ ਨਿਰੰਜਣੀਆ, ਜਿਸ ਨੇ ਆਪ ਜੀ ਦੀ ਮੁਖਬਰੀ ਕੀਤੀ ਸੀ, ਉਹ ਚਿੱਟੇ ਮੂੰਹ ਵਾਲੀਆਂ ਫਿਨਸੀਆਂ ਨਾਲ ਤਾਂ ਪਹਿਲਾਂ ਹੀ ਤੜਫ ਰਿਹਾ ਸੀ, ਹੁਣ ਉਸਨੂੰ ਚੇਚਕ ਦੀ ਬਿਮਾਰੀ ਨੇ ਘੇਰ ਲਿਆ ਹੈ ਤੇ ਉਹ ਵੀ ਜ਼ਕਰੀਏ ਵਾਂਗ ਮੰਜੇ ਤੇ ਪਿਆ ਮੌਤ ਨੂੰ ਤਰਸ ਰਿਹਾ ਹੈ।"

ਭਾਈ ਸਾਹਿਬ ਨੇ ਸੋਭਾ ਸਿੰਘ ਜੀ ਦੀ ਗੱਲ ਸੁਣ ਕੇ ਨੇਤਰ ਬੰਦ ਕਰ ਲਏ ਤੇ

ਸਿਮਰਨ ਵਿੱਚ ਜੁੜ ਗਏ। ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਦੀ ਮਲ੍ਹਮ ਪੱਟੀ ਕੀਤੀ ਤੇ ਭਾਈ ਸਾਹਿਬ ਜੀ ਨੂੰ ਪ੍ਰਸ਼ਾਦਾ ਛਕਾਇਆ। ਪ੍ਰਸ਼ਾਦਾ ਛੱਕ ਕੇ ਭਾਈ ਸਾਹਿਬ ਜੀ ਨੇ ਭਾਈ ਸੋਭਾ ਸਿੰਘ ਨੂੰ ਆਪਣੇ ਕੋਲ ਬੁਲਾ ਲਿਆ ਤੇ ਬਹੁਤ ਨਿਮਰਤਾ ਸਹਿਤ ਬਚਨ ਕਰਨ ਲੱਗੇ, "ਭਾਈ ਸੋਭਾ ਸਿੰਘ ਜੀ !ਜਾਫਰ ਖ਼ਾਂ ਦੀ ਮੌਤ ਕੋਈ ਖ਼ਾਸ ਗੱਲ ਨਹੀਂ ਹੈ। ਇਸ ਤਰਾਂ ਦੇ ਪਾਪੀ ਤੇ ਦੁਰਾਚਾਰੀ ਤਾਂ ਨਿੱਤ ਜੰਮਦੇ ਨੇ ਤੇ ਮਰਦੇ ਨੇ। ਲੱਖਾਂ ਲੋਕ ਕਾਮ,ਕ੍ਰੋਧ,ਲੋਭ,ਮੋਹ ਅਹੰਕਾਰ ਦੇ ਅਧੀਨ ਜੰਮਦੇ ਹਨ ਤੇ ਇਨ੍ਹਾਂ ਵਿਕਾਰਾਂ ਦੀ ਚੱਕੀ ਵਿੱਚ ਪਿਸ ਕੇ ਮਰ ਜਾਂਦੇ ਹਨ। ਪਿਛੋਂ ਚੁਰਾਸੀ ਲੱਖ ਜੂਨਾਂ ਵਿੱਚੋਂ ਆਪੋ-ਆਪਣੀਆਂ ਸਜ਼ਾਵਾਂ ਕੱਟ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਮਨੁੱਖਾ ਜੀਵਨ ਵਿੱਚ ਜਨਮ ਲੈ ਰਹੇ ਹਨ ਤੇ ਉੱਧਰ ਜੀਵ ਜੰਤੂ ਲੁਪਤ ਹੋ ਰਹੇ ਹਨ। ਇਹ ਜੀਵ-ਜੰਤੂ ਤਰੱਕੀਆਂ ਕਰਕੇ ਮਨੁੱਖ ਬਣ ਰਹੇ ਹਨ ਮਨੁੱਖ ਬਣ ਕੇ ਫਿਰ ਪਸ਼ੂਆਂ ਵਾਲੇ ਕੰਮ ਕਰ ਰਹੇ ਹਨ। ਜਦੋਂ ਇਹ ਯਾਫਰ ਖ਼ਾਂ ਵਰਗੇ ਲੋਕ ਮਰਦੇ ਹਨ ਤਾਂ ਮੈਨੂੰ ਇਹਨਾਂ ਦੇ ਮਰਨ ਦੀ ਕੋਈ ਖ਼ੁਸ਼ੀ ਨਹੀਂ ਹੁੰਦੀ ਕਿਉਂਕਿ ਇਹਨਾਂ ਨੇ ਜਨਮ ਲੈ ਕੇ ਫਿਰ ਇਹੀ ਪਸ਼ੂਆਂ ਵਾਲੇ ਕੰਮ ਕਰਨੇ ਹਨ।

ਭਾਈ ਤਾਰੂ ਸਿੰਘ ਜੀ ਨੇ ਥੋੜੀ ਉਦਾਸ ਮੁਦਰਾ ਵਿੱਚ ਕਿਹਾ, "ਭਾਈ ਸੋਭਾ ਸਿੰਘ ਜੀ !ਜੇ ਮੈਨੂੰ ਦੁੱਖ ਹੈ ਤਾਂ ਇਸ ਗੱਲ ਦਾ ਕਿ ਉਹ ਅਕਾਲ-ਪੁਰਖ,ਸ੍ਰਿਸ਼ਟੀ ਨੂੰ ਸਾਜਨ ਵਾਲਾ ਜੇ ਪ੍ਰਸੰਨ ਹੋ ਕੇ ਜੇ ਕਿਤੇ ਇੱਕ-ਦੋ ਮੋਤੀ ਇਸ ਧਰਤੀ ਤੇ ਸੁੱਟਦਾ ਵੀ ਹੈ ਜੋ ਸਭ ਨੂੰ ਸੁੱਖ ਤੇ ਖੁਸ਼ੀਆਂ ਵੰਡਦੇ ਹਨ ਤੇ ਮਨੁੱਖਤਾ ਦੀ ਖਾਤਰ ਆਪਣੇ ਸਾਰੇ ਸੁੱਖਾਂ ਦੀ ਕੁਰਬਾਨ ਕਰਦੇ ਹਨ,ਉਹ ਵੀ ਇਸ ਸੰਸਾਰ ਨੂੰ ਛੱਡ ਕੇ ਜਲਦੀ ਹੀ ਉਸ ਹਰੀ ਦੇ ਘਰ ਪਰਤ ਜਾਂਦੇ ਹਨ ਜਿਸ ਹਰੀ ਦੇ ਘਰੋਂ ਉਹ ਆਏ ਹੁੰਦੇ ਹਨ। ਜਦੋਂ ਭਾਈ ਸੁੱਖਾ ਸਿੰਘ ਸ.ਮਹਿਤਾਬ ਸਿੰਘ ਵਰਗੀਆਂ ਮਹਾਨ ਰੂਹਾਂ ਜਦੋਂ ਸੰਸਾਰ ਤੋਂ ਜਾਂਦੀਆਂ ਹਨ ਤਾਂ ਇਸ ਸਾਰੀ ਮਨੁੱਖਤਾ ਨੂੰ ਘਾਟਾ ਪੈਂਦਾ ਹੈ ਤੇ ਮਨ ਵਿੱਚ ਵੈਰਾਗ ਪੈਦਾ ਹੋ ਜਾਂਦਾ ਹੈ। ਹੁਣ ਪਤਾ ਨਹੀ ਅਕਾਲ ਪੁਰਖ ਕਦੋਂ ਤੁੱਠੇਗਾ ਤੇ ਕਦੋਂ ਕੋਈ ਮੋਤੀ ਇਸ ਧਰਤੀ ਤੇ ਨਿਵਾਜੇਗਾ।"

ਭਾਈ ਤਾਰੂ ਸਿੰਘ ਜੀ ਦੇ ਇਸ ਬਚਨ ਨੂੰ ਇਸ ਤਰਾਂ ਵੀ ਬਿਆਨ ਕੀਤਾ ਗਿਆ ਹੈ:-

"ਹਜ਼ਾਰੋਂ ਸਾਲ ਨਰਗਸ ਬੇ ਨੂਰੀ ਪੇ ਰੋਤੀ ਹੈ,
ਬੜੀ ਹੀ ਮੁਸ਼ਕਲ ਸੇ ਹੋਤਾ ਹੈ ਚਮਨ ਮੇ ਦੀਦਾਵਰ॥"

ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦੇ ਚਿਹਰੇ ਦੀ ਉਦਾਸੀ ਨੂੰ ਸਮਝਦਿਆਂ ਹੋਇਆਂ ਆਪਣੇ ਮਨ ਵਿੱਚ ਸੋਚਿਆ ਕਿ ਧੰਨ ਹਨ ਭਾਈ ਤਾਰੂ ਸਿੰਘ ਜੀ ਜਿਹੜੇ ਸਾਰੇ ਬ੍ਰਹਮੰਡ ਦੀ ਸੋਝੀ ਰੱਖਦੇ ਹਨ। ਇਸ ਦੇ ਨਾਲ ਹੀ ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਤੋਂ ਖ਼ਿਮਾ ਮੰਗ ਕੇ ਜਾਣ ਦੀ ਆਗਿਆ ਮੰਗੀ ਤੇ ਘਰ ਪਰਤ ਗਏ ਤੇ ਭਾਈ ਸਾਹਿਬ ਦੁਆਰਾ ਸਿਮਰਨ ਵਿੱਚ ਲੀਨ ਹੋ ਗਏ।

ਪਾਠਕਾਂ ਦੀ ਜਾਣਕਾਰੀ ਲਈ ਸਿੱਖ ਇਤਿਹਾਸ ਵਿੱਚ ਸੁੱਖਾ ਸਿੰਘ ਨਾਮ ਦੇ ਕਿੰਨੇ ਵਿਅਕਤੀ ਹੋਏ ਹਨ,ਜਿਨ੍ਹਾਂ ਨੇ ਸਿੱਖੀ ਸਿਦਕ ਨੂੰ ਨਿਭਾਉਂਦਿਆਂ ਆਪਣੀਆਂ

ਕੁਰਬਾਨੀਆਂ ਦਿੱਤੀਆਂ ਸਨ। ਇਹ ਜਾਣਕਾਰੀ ਇਸ ਕਿਤਾਬ ਦੇ ਆਖੀਰ ਵਿੱਚ ਦਿੱਤੀ ਗਈ ਹੈ ਜੋ ਕਿ ਇੱਕ ਬਹੁਤ ਹੀ ਖੋਜ ਭਰਪੂਰ ਜਾਣਕਾਰੀ ਹੈ। ਇੱਥੇ ਇਹ ਜਾਣਕਾਰੀ ਇਸ ਲਈ ਨਹੀਂ ਦਿੱਤੀ ਗਈ ਕਿਉਂਕਿ ਭਾਈ ਤਾਰੂ ਸਿੰਘ ਜੀ ਦਾ ਲੜੀਵਾਰ ਇਤਿਹਾਸ ਚਲ ਰਿਹਾ ਹੈ ਜਿਸਨੂੰ ਪੜਦਿਆਂ ਕਿਤੇ ਧਿਆਨ ਉੱਥਾਨ ਨਾ ਹੋ ਜਾਵੇ। ਹੁਣ ਆਪ ਜੀ ਅੱਗੇ ਪੜ੍ਹੋ ਵੀਹ ਜੂਨ ਨੂੰ ਕੀ ਹੋਇਆ...!

20 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 2 ਦਿਨ)

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਰੀ ਨੂੰ ਅੱਜ ਗਿਆਰਵਾਂ ਦਿਨ ਆਰੰਭ ਹੋ ਗਿਆ ਸੀ। ਸਿਹਤ ਵਿੱਚ ਵੀ ਬਹੁਤ ਸੁਧਾਰ ਹੋ ਰਿਹਾ ਸੀ ਕਿਉਂਕਿ ਇੱਕ ਤਾਂ ਅਕਾਲ-ਪੁਰਖ ਦੀ ਮਿਹਰ ਸੀ ਤੇ ਦੂਸਰੀ ਗੱਲ ਇਹ ਕਿ ਭਾਈ ਸਾਹਿਬ ਜੀ ਦੀ ਉਮਰ ਭਰ ਜੋਬਨ ਵਿੱਚ ਸੀ ਜਿਸ ਕਾਰਣ ਸਰੀਰ ਤਕੜਾ ਤੇ ਸਹਿਣਸ਼ੀਲ ਹੋਣ ਕਾਰਣ ਜ਼ਖਮ ਜਲਦੀ ਭਰਨ ਵਿੱਚ ਸਹਾਈ ਹੋ ਰਿਹਾ ਸੀ। ਸਿਮਰਨ ਨਾਲ ਮਨ ਤਾਂ ਆਰੋਗ ਪਹਿਲਾਂ ਹੀ ਸੀ ਤੇ ਤਨ ਵੀ ਆਰੋਗ ਹੋ ਗਿਆ ਸੀ।

ਅੱਜ ਭਾਈ ਸੋਭਾ ਸਿੰਘ ਜੀ ਦੇ ਘਰ ਉਨ੍ਹਾਂ ਦੇ ਇੱਕ ਰਿਸ਼ਤੇਦਾਰ ਆਏ ਹੋਏ ਸਨ ਜਿਹਨਾਂ ਦਾ ਨਾਮ ਸੀ ਸ. ਪ੍ਰੇਮ ਸਿੰਘ ਜੀ, ਜੋ ਕਿ ਇੱਕ ਵੈਦ ਸਨ ਅਤੇ ਹੱਡੀਆਂ ਦੇ ਮਾਹਰ ਸਨ। ਜਦੋਂ ਭਾਈ ਸੋਭਾ ਸਿੰਘ ਜੀ ਪਤਨੀ ਭਾਗ ਕੌਰ ਪ੍ਰਸ਼ਾਦਾ ਤਿਆਰ ਕਰਨ ਲੱਗੀ ਤਾਂ ਉਸਨੂੰ ਇੰਨੀ ਮਰਿਯਾਦਾ ਵਿੱਚ ਪ੍ਰਸ਼ਾਦਾ ਤਿਆਰ ਕਰਦੀ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਤੇ ਝਿਜਕਦੇ ਹੋਇਆਂ ਨੇ ਪੁੱਛ ਹੀ ਲਿਆ, "ਭੈਣੇ! ਪਹਿਲਾਂ ਤਾਂ ਤੁਸੀਂ ਕਦੇ ਇਸ ਤਰਾਂ ਪ੍ਰਸ਼ਾਦਾ ਤਿਆਰ ਨਹੀਂ ਕੀਤਾ। ਹੁਣ ਤੁਹਾਨੂੰ ਇਹ ਮੱਤ ਕਿਸ ਮਹਾਨ ਪੁਰਸ਼ ਨੇ ਦਿੱਤੀ ਹੈ.?"

ਭਾਗ ਕੌਰ ਨੇ ਕਿਹਾ, "ਜੇ ਤੁਸੀ ਵੀ ਉਸ ਮਹਾਨ ਪੁਰਸ਼ ਦੇ ਦਰਸ਼ ਕਰਨੇ ਨੇ ਤਾਂ ਸਰਦਾਰ ਜੀ ਦੇ ਨਾਲ ਹੀ ਤਿਆਰ ਹੋ ਜਾਓ।"

"ਪਰ ਉਹ ਹੈ ਕੌਣ, ਉਸ ਮਹਾਨ-ਪੁਰਸ਼ ਦਾ ਨਾਮ ਕੀ ਹੈ?", ਸ. ਪ੍ਰੇਮ ਸਿੰਘ ਨੇ ਪੁੱਛਿਆ।

ਇਸ ਗੱਲ ਦਾ ਜੁਆਬ ਭਾਈ ਸੋਭਾ ਸਿੰਘ ਜੀ ਨੇ ਦਿੱਤਾ ਤੇ ਕਿਹਾ, "ਉਹਨਾਂ ਦਾ ਨਾਮ ਹੈ- ਭਾਈ ਤਾਰੂ ਸਿੰਘ ਜੀ ਪੂਹਲਾ" ਸ. ਪ੍ਰੇਮ ਸਿੰਘ ਆਖਣ ਲੱਗੇ, "ਇਹ ਉਹੀ ਤਾਰੂ ਸਿੰਘ ਜੀ ਹਨ ਜਿਨ੍ਹਾਂ ਨੇ ਨਵਾਬ ਜ਼ਕਰੀਏ ਨੂੰ ਵੰਗਾਰਿਆ ਸੀ ਤੇ ਖੋਪਰੀ ਉਤਾਰ ਦਿੱਤੀ ਪਰ ਧਰਮ ਨਹੀਂ ਛੱਡਿਆ।"

"ਹਾਂ ਜੀ, ਉਹੀ ਮਹਾਨ-ਪੁਰਸ਼ ਤੇ ਬ੍ਰਹਮਗਿਆਨੀ ਭਾਈ ਤਾਰੂ ਸਿੰਘ ਜੀ", ਭਾਈ ਸੋਭਾ ਸਿੰਘ ਜੀ ਹੱਥ ਜੋੜ ਕੇ ਨਿਮਰਤਾ ਤੇ ਸਤਿਕਾਰ ਸਹਿਤ ਕਿਹਾ।

"ਫਿਰ ਤਾਂ ਮੈਂ ਬਹੁਤ ਭਾਗਾਂ ਵਾਲਾਂ ਹਾਂ ਕਿ ਅੱਜ ਉਨ੍ਹਾ ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ ਹੈ." ਸ. ਪ੍ਰੇਮ ਸਿੰਘ ਜੀ ਨੇ ਕਿਹਾ।

ਸ.ਪ੍ਰੇਮ ਸਿੰਘ ਜੀ ਗੱਲ ਸੁਣ ਕੇ ਭਾਈ ਸੋਭਾ ਸਿੰਘ ਜੀ ਨੇ ਕਿਹਾ, "ਸਾਡੇ ਤੇ

ਗੁਰੂ ਨਾਨਕ ਦੀ ਬਖਸ਼ਿਸ਼ ਹੋਈ ਹੈ ਕਿ ਐਸੇ ਮਹਾਨ ਗੁਰਸਿੱਖ ਦੀ ਸੇਵਾ ਮਿਲੀ ਹੈ। ਤੁਸੀ ਮੇਰੇ ਨਾਲ ਜ਼ਰੂਰ ਚੱਲੋ ਪਰ ਤੁਹਾਨੂੰ ਕੁਝ ਦੂਰੀ ਤੇ ਰੁੱਕ ਕੇ ਇੰਤਜ਼ਾਰ ਕਰਨਾ ਪਵੇਗਾ। ਪਹਿਲਾਂ ਮੈਂ ਭਾਈ ਸਾਹਿਬ ਜੀ ਤੋਂ ਆਗਿਆ ਲਵਾਂਗਾ ਪਰ ਜੇ ਆਗਿਆ ਨਾ ਮਿਲੀ ਤਾਂ ਆਪ ਜੀ ਨੂੰ ਅਗਲੇ ਹੁਕਮ ਤੱਕ ਇੰਤਜ਼ਾਰ ਕਰਨਾ ਪਵੇਗਾ। ਜੇਲ੍ਹਰ ਅਹਿਮਦ ਖ਼ਾਂ ਕਈ ਵਾਰ ਦਰਸ਼ਨਾਂ ਲਈ ਬੇਨਤੀ ਕਰ ਚੁੱਕਾ ਹੈ ਹੋਰ ਤਾਂ ਹੋਰ ਮੇਰੀ ਪਤਨੀ ਭਾਗ ਕੌਰ ਤੇ ਬੱਚਿਆਂ ਨੂੰ ਵੀ ਅਜੇ ਦਰਸ਼ਨ ਨਹੀਂ ਹੋਏ ਇਸ ਲਈ ਜੇ ਹੁਕਮ ਨਾ ਹੋਇਆ ਤਾਂ ਮਨ ਗੁੱਸਾ ਨਾ ਲਿਆਉਣਾ।"

ਸ. ਪ੍ਰੇਮ ਸਿੰਘ ਜੀ ਕਹਿਣ ਲੱਗੇ, "ਤੁਸੀਂ ਮੇਰੇ ਵੱਲੋਂ ਬੇਨਤੀ ਕਰ ਦੇਣਾ ਕਿ ਹੱਡੀਆਂ ਦੇ ਮਾਹਿਰ ਤੇ ਵੈਦ ਹਨ। ਜੇ ਹੁਕਮ ਹੋਇਆ ਤਾਂ ਹੀ ਅੱਗੇ ਆਵਾਂਗਾ ਨਹੀਂ ਤਾਂ ਵਾਪਸ ਘਰ ਪਰਤ ਜਾਵਾਂਗਾ ਤੇ ਭੈਣ ਭਾਗ ਕੌਰ ਦੀ ਤਰਾਂ ਬਾਣੀ ਤੇ ਸਿਮਰਨ ਕਰਕੇ ਦਰਸ਼ਨਾਂ ਲਈ ਅਰਦਾਸ ਕਰਾਂਗਾ।"

ਇਸ ਤਰਾਂ ਭਾਈ ਸੋਭਾ ਸਿੰਘ ਜੀ ਸ. ਪ੍ਰੇਮ ਸਿੰਘ ਨੂੰ ਲੈ ਕੇ ਚੱਲ ਪਏ ਤੇ ਪੁਲ ਦੇ ਕੋਲ ਉਹਨਾਂ ਨੂੰ ਰੋਕ ਦਿੱਤਾ ਤੇ ਆਪ ਭਾਈ ਤਾਰੂ ਸਿੰਘ ਜੀ ਦੇ ਕੋਲ ਆ ਗਏ ਤੇ ਭਾਈ ਸਾਹਿਬ ਜੀ ਨੂੰ ਫ਼ਤਿਹ ਬੁਲਾਈ।

ਭਾਈ ਤਾਰੂ ਸਿੰਘ ਜੀ ਸਿਮਰਨ ਵਿੱਚ ਜੁੜੇ ਸਨ। ਭਾਈ ਸੋਭਾ ਸਿੰਘ ਜੀ ਨੇ ਪ੍ਰਸ਼ਾਦਾ ਰੱਖਿਆ ਤੇ ਹੱਥ ਜੋੜ ਕੇ ਬੇਨਤੀ ਕਰਨ ਹੀ ਵਾਲੇ ਸਨ ਕਿ ਭਾਈ ਤਾਰੂ ਸਿੰਘ ਜੀ ਕਿਹਾ,"ਕੀ ਗੱਲ ਭਾਈ ਲਾਲੋ ਜੀ !ਘਰੋਂ ਤਾਂ ਤੁਸੀ ਦੋ ਜਾਣੇ ਆਏ ਸੀ ਪਰ ਇੱਥੇ ਤੁਸੀ ਇੱਕਲੇ ਹੀ ਪਹੁੰਚੇ ਹੋ,ਦੂਸਰਾ ਸਿੰਘ ਕਿੱਥੇ ਨੂੰ ਕਿੱਥੇ ਛੱਡ ਆਏ ਹੋ?"

ਭਾਈ ਤਾਰੂ ਸਿੰਘ ਜੀ ਦੀ ਗੱਲ ਸੁਣ ਕੇ ਭਾਈ ਸੋਭਾ ਸਿੰਘ ਜੀ ਹੈਰਾਨ ਰਹਿ ਗਏ ਤੇ ਕਿਹਾ,"ਭਾਈ ਸਾਹਿਬ ਜੀ ਆਪ ਜੀ ਨੂੰ ਕਿਵੇਂ ਪਤਾ ਲੱਗ ਗਿਆ।"

ਭਾਈ ਤਾਰੂ ਸਿੰਘ ਜੀ ਬ੍ਰਹਮ ਗਿਆਨੀ ਹੁੰਦੇ ਹੋਏ ਵੀ ਇਸ ਗੱਲ ਤੇ ਪੜਦਾ ਪਾ ਗਏ ਤੇ ਕਿਹਾ,"ਆਹ ਜਿੰਨਾਂ ਸਮਾਨ ਤੁਸੀਂ ਇੱਥੇ ਲਿਆਏ ਹੋ ਇਹ ਇੱਕ ਜਾਣਾ ਤਾਂ ਲਿਆ ਨਹੀਂ ਸਕਦਾ।""ਇਹ ਦੂਸਰਾ ਸਿੰਘ ਮੇਰਾ ਰਿਸ਼ਤੇਦਾਰ ਹੈ ਤੇ ਪੁਲ ਤੇ ਖੜਾ ਹੈ। ਮੈਂ ਹੀ ਉਸਨੂੰ ਉੱਥੇ ਰੋਕਿਆ ਹੈ ਤਾਂ ਕਿ ਪਹਿਲਾਂ ਆਪ ਜੀ ਦੀ ਆਗਿਆ ਹੋਵੇ ਤਾਂ ਹੀ ਉਸਨੂੰ ਬੁਲਾਵਾਂਗਾ",ਭਾਈ ਸੋਭਾ ਸਿੰਘ ਜੀ ਨੇ ਕਿਹਾ।

"ਤੁਸੀਂ ਇੱਥੇ ਰੁਕੋ,ਮੈਂ ਆਪ ਉਸ ਸਿੰਘ ਨੂੰ ਸਤਿਕਾਰ ਨਾਲ ਬੁਲਾ ਲੈਂਦਾ ਹਾਂ",ਭਾਈ ਤਾਰੂ ਸਿੰਘ ਜੀ ਨੇ ਕਿਹਾ।

"ਨਹੀਂ,ਨਹੀਂ ਭਾਈ ਸਾਹਿਬ ਜੀ !ਮੈਂ ਹੁਣੇ ਆਵਾਜ ਮਾਰਦਾਂ ਹਾਂ",ਕਹਿ ਕੇ ਸੋਭਾ ਸਿੰਘ ਨੇ ਖੜੇ ਹੋ ਕੇ ਜ਼ੋਰ ਦੀ ਆਵਾਜ਼ ਮਾਰੀ,"ਭਾਈ ਸਾਹਿਬ ਜੀ ਤੋਂ ਆਗਿਆ ਮਿਲ ਗਈ ਹੈ ਤੇ ਉਹ ਉਹਨਾਂ ਕੋਲ ਆ ਸਕਦੇ ਹਨ।"

ਭਾਈ ਸੋਭਾ ਸਿੰਘ ਜੀ ਦੀ ਆਵਾਜ਼ ਸੁਣ ਕੇ ਸ.ਪ੍ਰੇਮ ਸਿੰਘ ਜੀ ਉਨ੍ਹਾਂ ਕੋਲ ਆ ਗਏ ਤੇ ਹੱਥ ਜੋੜ ਕੇ ਫ਼ਤਿਹ ਗਜਾਈ ਤੇ ਸਤਿਕਾਰ ਵਿੱਚ ਭਾਈ ਸਾਹਿਬ ਜੀ ਤੋਂ ਹੇਠਾਂ ਬੈਠ ਗਏ। ਪਹਿਲਾਂ ਭਾਈ ਤਾਰੂ ਸਿੰਘ ਜੀ ਨੇ ਸਰਦਾਰ ਸਾਹਿਬ ਜੀ ਦੀ ਖੈਰ-

ਸੁੱਖ ਪੁੱਛੀ ਤੇ ਫਿਰ ਸਰਦਾਰ ਸਾਹਿਬ ਜੀ ਨੇ ਭਾਈ ਸਾਹਿਬ ਜੀ ਦੀ ਸਿਹਤ ਦਾ ਹਾਲ-ਚਾਲ ਪੁੱਛਿਆ ਤੇ ਆਗਿਆ ਲੈ ਕੇ ਸੇਵਾ ਵਿੱਚ ਲੱਗ ਗਏ। ਅੱਜ ਪਹਿਲੀ ਵਾਰ ਕਿਸੇ ਮਹਾਨ-ਪੁਰਸ਼ ਦੇ ਸਰੀਰ ਨੂੰ ਹੱਥ ਲਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹੱਥ ਲਗਾਉਂਦੇ ਹੀ ਮਨ ਦੇ ਵਿਚਾਰਾਂ ਦੀ ਸ਼ੁੱਧਤਾ ਹੋਣ ਲੱਗੀ। ਸ. ਪ੍ਰੇਮ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਦੇ ਸਰੀਰ ਦੀ ਜਾਂਚ ਕਰਕੇ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਜੇ ਉਹ ਆਗਿਆ ਦੇਣ ਤਾਂ ਅੱਜ ਉਹ ਰਾਤ ਉਨ੍ਹਾਂ ਕੋਲ ਰਹਿ ਕੇ ਸੇਵਾ ਕਰਨੀ ਚਾਹੁੰਦੇ ਹਨ ਤਾਂ ਕਿ ਭਾਈ ਸਾਹਿਬ ਜੀ ਨੂੰ ਹੱਡੀਆਂ ਦੇ ਦਰਦ ਤੋਂ ਛੁਟਕਾਰਾ ਮਿਲ ਸਕੇ।

ਸ. ਪ੍ਰੇਮ ਸਿੰਘ ਜੀ ਦੀ ਗੱਲ ਸੁਣ ਕੇ ਪਹਿਲਾਂ ਤਾਂ ਭਾਈ ਸੋਭਾ ਸਿੰਘ ਜੀ ਨੇ ਵੀ ਭਾਈ ਸਾਹਿਬ ਜੀ ਵੱਲ ਨਿਮਰਤਾ ਨਾਲ ਦੇਖਿਆ ਤੇ ਹੱਥ ਜੋੜ ਕੇ ਖੜ੍ਹ ਗਏ ਪਰ ਕਿਹਾ ਕੁਝ ਨਹੀਂ। ਭਾਈ ਸੋਭਾ ਸਿੰਘ ਦੀ ਤੱਕਣੀ ਵੇਖ ਕੇ ਭਾਈ ਸਾਹਿਬ ਜੀ ਸਮਝ ਗਏ ਕਿ ਭਾਈ ਲਾਲੋ ਵੀ ਚਾਹੁੰਦਾ ਹੈ ਕਿ ਉਹ ਸ. ਪ੍ਰੇਮ ਸਿੰਘ ਜੀ ਨੂੰ ਆਗਿਆ ਮਿਲ ਜਾਵੇ ਤਾਂ ਕਿ ਸ਼ਰੀਰ ਠੀਕ ਹੋ ਸਕੇ। ਭਾਈ ਸਾਹਿਬ ਜੀ ਨੇ ਆਗਿਆ ਦੇ ਦਿੱਤੀ ਤੇ ਦੋਵੇਂ ਸੇਵਾਦਾਰ ਸਿੰਘ ਬਹੁਤ ਪ੍ਰਸੰਨ ਹੋ ਗਏ ਤੇ ਸੇਵਾ ਵਿੱਚ ਲੱਗ ਗਏ।

ਉਧਰ ਜ਼ਕਰੀਆ ਖਾਨ ਪਹਿਲਾਂ ਦੀ ਤਰਾਂ ਹੀ ਪਿਸ਼ਾਬ ਦਾ ਬੰਨ੍ਹ ਪੈਣ ਕਾਰਣ ਤੜਪ ਰਿਹਾ ਸੀ। ਉਸਦੀ ਹਾਲਤ ਹੁਣ ਇਸ ਤਰਾਂ ਦੀ ਹੋ ਗਈ ਸੀ ਕਿ ਉਹ ਖੁਦ ਮੌਤ ਨੂੰ ਤਰਸ ਰਿਹਾ ਸੀ ਪਰ ਨਾ ਤਾਂ ਉਸਨੂੰ ਮੌਤ ਆ ਰਹੀ ਸੀ ਤੇ ਨਾ ਹੀ ਪਿਸ਼ਾਬ ਦਾ ਬੰਨ੍ਹ ਟੁੱਟ ਰਿਹਾ ਸੀ। ਉਸਦੀ ਹਾਲਤ ਬਹੁਤ ਖਰਾਬ ਹੋ ਰਹੀ ਸੀ।

ਇੱਧਰ ਭਾਈ ਸੋਭਾ ਸਿੰਘ ਜੀ ਨੂੰ ਪ੍ਰਸ਼ਾਦਾ ਛਕਾਇਆ ਤੇ ਜ਼ਕਰੀਆ ਖਾਨ ਦੀ ਹਾਲਤ ਬਾਰੇ ਦੱਸਿਆ ਤੇ ਆਗਿਆ ਲੈ ਕੇ ਵਾਪਸ ਪਰਤ ਆਏ ਤੇ ਸਿਮਰਨ ਕਰਦੇ ਹੋਏ ਆਪਣੇ ਕੰਮ ਤੇ ਚਲੇ ਗਏ। ਸ. ਪ੍ਰੇਮ ਸਿੰਘ ਭਾਈ ਤਾਰੂ ਸਿੰਘ ਜੀ ਦੀ ਸੇਵਾ ਵਿੱਚ ਲੱਗ ਗਏ। ਭਾਈ ਸਾਹਿਬ ਜੀ ਸ.ਪ੍ਰੇਮ ਸਿੰਘ ਜੀ ਨਾਲ ਬਚਨ ਕਰਨ ਲੱਗੇ। ਸ. ਪ੍ਰੇਮ ਸਿੰਘ ਜੀ ਨੇ ਬੇਨਤੀ ਕੀਤੀ, "ਅੱਜ ਜਦੋਂ ਮੈਂ ਭੈਣ ਦੇ ਘਰ ਆਇਆ ਤਾਂ ਭੈਣ ਭਾਗ ਕੌਰ ਵਿੱਚ ਬਹੁਤ ਤਬਦੀਲੀ ਦੇਖੀ। ਉਹ ਮੁੱਖ 'ਤੇ ਕੱਪੜਾ ਬੰਨ੍ਹ ਕੇ ਪਾਠ ਕਰਦੀ ਹੋਈ ਪ੍ਰਸ਼ਾਦਾ ਤਿਆਰ ਕਰ ਰਹੀ ਸੀ। ਜਦੋਂ ਪੂਰਨ ਪ੍ਰਸ਼ਾਦਾ ਤਿਆਰ ਹੋ ਗਿਆ ਤਾਂ ਹੀ ਮੈਨੂੰ ਮਿਲਣ ਆਈ। ਇਹ ਸਾਰਾ ਕੁਝ ਦੇਖ ਕੇ ਮਨ ਬਹੁਤ ਪ੍ਰਸੰਨ ਹੋਇਆ ਹੈ।"

ਭਾਈ ਤਾਰੂ ਸਿੰਘ ਹੀ ਆਖਣ ਲੱਗੇ ਇਹ ਮਰਿਯਾਦਾ ਮੇਰੀ ਨਹੀਂ ਹੈ,ਇਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖ਼ਸ਼ੀ ਹੈ ਤੇ ਮੇਰੀ ਦਾਦੀ ਜੀਵਨ ਕੌਰ ਨੂੰ ਪਾਤਸ਼ਾਹ ਨੇ ਆਪ ਸੁੱਮਤ ਦਿੱਤੀ ਹੈ। ਇਹੀ ਸੁੱਮਤ ਮੇਰੀ ਮਾਤਾ ਹਰਜੋਈ ਕੌਰ ਦੀ ਝੋਲੀ ਵਿੱਚ ਪਾਈ ਤੇ ਉਹਨਾਂ ਪਾਸੋਂ ਮੇਰੀ ਭੈਣ ਗੁਰਜੋਈ ਕੌਰ ਨੇ ਪ੍ਰਾਪਤ ਕੀਤੀ ਤੇ ਭੈਣ ਗੁਰਜੋਈ ਕੌਰ ਨੇ ਇਹ ਸੁੱਮਤ ਮੈਨੂੰ ਬਖ਼ਸ਼ੀ ਹੈ ਜਿਸ ਨਾਲ ਗੁਰੂ ਸਾਹਿਬ ਨੇ ਲੰਗਰ ਦੀ ਸੇਵਾ ਲੈਣੀ ਸ਼ੁਰੂ ਕੀਤੀ।"

ਸ. ਪ੍ਰੇਮ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ,

"ਭਾਈ ਸਾਹਿਬ ਜੀਓ! ਕਿਰਪਾ ਕਰਕੇ ਇਹ ਸੁੱਮਤ ਮੈਨੂੰ ਵੀ ਬਖ਼ਸ਼ੋ।"

ਭਾਈ ਤਾਰੂ ਸਿੰਘ ਜੀ ਨੇ ਸੁਮੱਤ ਦੇਣੀ ਸ਼ੁਰੂ ਕੀਤੀ, "ਪਹਿਲਾਂ ਕਣਕ ਨੂੰ ਧੋਣਾ ਤੇ ਫਿਰ ਸੁਕਾਉਣਾ ਫਿਰ ਵਾਹਿਗੁਰੂ ਦਾ ਸਿਮਰਨ ਕਰਦੇ ਹੋਏ ਇੱਕ-ਇੱਕ ਮੁੱਠੀ ਚੱਕੀ ਵਿੱਚ ਪੀਸ ਕੇ ਆਟਾ ਤਿਆਰ ਕਰਨਾ। ਇਸੇ ਤਰਾਂ ਵਾਹਿਗੁਰੂ-ਵਹਿਗੁਰੂ ਕਰਦੇ ਹੋਏ ਦਾਲ ਨੂੰ ਚੁਣਨਾ ਅਤੇ ਧੋ-ਸਵਾਂਰ ਕੇ ਜਾਪ ਕਰਦੇ ਹੋਏ ਮੁੱਖ ਤੇ ਕੱਪੜਾ ਬੰਨ੍ਹ ਕੇ ਦਾਲ ਤੇ ਪ੍ਰਸ਼ਾਦੇ ਤਿਆਰ ਕਰਨੇ। ਮੁੱਖ ਤੇ ਕੱਪੜਾ ਇਸ ਲਈ ਬੰਨ੍ਹਣਾ ਹੈ ਕਿ ਜਾਪ ਕਰਦੇ ਹੋਏ ਮੁੱਖ ਦੀ ਹਵਾ ਆਦਿ ਵੀ ਲੰਗਰ ਤੱਕ ਨਾ ਜਾ ਸਕੇ। ਇਸ ਤਰਾਂ ਕਰਨ ਨਾਲ ਲੰਗਰ ਦੀ ਸੁੱਚਤਾ ਕਾਇਮ ਰਹਿ ਸਕੇਗੀ ਤੇ ਇਸ ਤਰਾਂ ਹੀ ਸੱਚ ਤੱਕ ਪਹੁੰਚਣ ਦੀ ਹਿਮੰਤ ਆਵੇਗੀ। ਭੋਜਨ ਤਿਆਰ ਕਰਦਿਆਂ ਕੋਈ ਵੀ ਸੰਸਾਰੀ ਗੱਲ ਨਹੀਂ ਕਰਨੀ। ਕਿਸੇ ਦੀ ਨਿੰਦਾ ਚੁਗਲੀ ਨਹੀਂ ਕਰਨੀ। ਜੇ ਇਸ ਤਰਾਂ ਕਰਦੇ ਹੋਏ ਅਜਿਹਾ ਲੰਗਰ ਗੁਰੂ ਨਹੀਂ ਛਕਦਾ ਤੇ ਜਿਹੜਾ ਲੰਗਰ ਗੁਰੂ ਨੇ ਨਹੀਂ ਛਕਿਆ ਉਹ ਗੁਰੂ ਕਾ ਸਿੱਖ ਕਿਵੇਂ ਛਕ ਸਕਦਾ ਹੈ। 'ਜੈਸਾ ਅੰਨ ਵੈਸਾ ਮਨ' ਅੰਨ ਦਾ ਅਸਰ ਮਨ ਤੇ ਪੈਂਦਾ ਹੈ। ਜਿੰਨਾਂ ਸ੍ਰਿਸ਼ਟ ਭੋਜਨ ਹੋਵੇਗਾ,ਓਨਾਂ ਭਜਨ ਵਿੱਚ ਮਨ ਲੱਗੇਗਾ। ਤਨ ਅੰਦਰ ਅੰਮ੍ਰਿਤ ਪ੍ਰਸ਼ਾਦ ਜਾਵੇਗਾ ਤੇ ਮਨ ਅੰਦਰ ਅੰਮ੍ਰਿਤ ਬਾਣੀ ਦੀ ਭੁੱਖ ਪੈਦਾ ਹੋਵੇਗੀ ਤੇ ਅੰਮ੍ਰਿਤ ਬਾਣੀ ਨੇ ਹੀ ਸਭ ਭੁੱਖਾਂ ਗਵਾਣੀਆਂ ਹਨ।"

ਸ.ਪ੍ਰੇਮ ਸਿੰਘ ਜੀ ਭਾਈ ਤਾਰੂ ਸਿੰਘ ਜੀ ਤੋਂ ਇਹ ਦਾਤ ਪ੍ਰਾਪਤ ਕਰ ਰਹੇ ਸਨ ਤੇ ਨਾਲ-ਨਾਲ ਭਾਈ ਸਾਹਿਬ ਜੀ ਦੀਆਂ ਹੱਡੀਆਂ ਦੀ ਮਾਲਸ਼ ਵੀ ਬਹੁਤ ਪ੍ਰੇਮ ਨਾਲ ਕਰ ਰਹੇ ਸਨ। ਭਾਈ ਸਾਹਿਬ ਨੇ ਸ. ਪ੍ਰੇਮ ਸਿੰਘ ਜੀ ਨੂੰ ਕਿਹਾ, "ਸ. ਪ੍ਰੇਮ ਸਿੰਘ ਜੀ !ਤੁਹਾਡੇ ਹੱਥਾਂ ਵਿੱਚ ਵੀ ਬਹੁਤ ਕਮਾਲ ਹੈ, ਤੁਹਾਡੀ ਇਸ ਸੇਵਾ ਨਾਲ ਮੈਨੂੰ ਬਹੁਤ ਆਰਾਮ ਮਿਲ ਰਿਹਾ ਹੈ।"ਸ. ਪ੍ਰੇਮ ਸਿੰਘ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ, "ਤਾਂ ਫਿਰ ਹਰ ਰੋਜ਼ ਦੀ ਸੇਵਾ ਬਖਸ਼ੋ। ਮੈਂ ਵੀ ਭੈਣ ਭਾਗ ਕੌਰ ਤੇ ਭਾਈ ਸੋਭਾ ਸਿੰਘ ਦੀ ਤਰਾਂ ਆਪਣੇ ਭਾਗ ਜਗਾ ਲਵਾਂ।"

ਭਾਈ ਤਾਰੂ ਸਿੰਘ ਜੀ ਨੇ ਆਗਿਆ ਬਖ਼ਸ਼ ਦਿੱਤੀ ਤੇ ਕਿਹਾ ਕਿ ਭਾਈ ਸੋਭਾ ਸਿੰਘ ਜੀ ਦੀ ਤਰਾਂ ਵੱਧ ਤੋਂ ਵੱਧ ਸਿਮਰਨ ਕਰਕੇ ਜਨਮ ਨੂੰ ਸਫਲ ਕਰੋ। ਇਸ ਤਰਾਂ ਸ਼ਾਮ ਢਲ ਗਈ ਤੇ ਅੱਜ ਭਾਈ ਸੋਭਾ ਸਿੰਘ ਜੀ ਫਿਰ ਭਾਈ ਸਾਹਿਬ ਜੀ ਕੋਲ ਆ ਗਏ ਤਾਂ ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਕੀ ਗੱਲ ਭਾਈ ਲਾਲੋ ਜੀ? ਸੁੱਖ ਤਾਂ ਹੈ,ਅੱਜ ਫਿਰ ਤੋਂ ਦਰਸ਼ਨ ਦੇ ਰਹੇ ਹੋ!"

"ਸਭ ਸੁੱਖ ਸਾਂਦ ਹੈ ਜੀ,ਬੱਸ ਕੁਝ ਖਬਰਾਂ ਆਪ ਜੀ ਤੱਕ ਪਹੁੰਚਾਉਣੀਆਂ ਸਨ, ਇਸੇ ਲਈ ਹਾਜ਼ਰ ਹੋਇਆਂ ਹਾਂ", ਭਾਈ ਸੋਭਾ ਸਿੰਘ ਜੀ ਨੇ ਫ਼ਤਿਹ ਬੁਲਾ ਕੇ ਕਿਹਾ।

ਇਸ ਤਰਾਂ ਭਾਈ ਤਾਰੂ ਸਿੰਘ ਜੀ ਨੇ ਸ. ਪ੍ਰੇਮ ਸਿੰਘ ਜੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, "ਸਰਦਾਰ ਸਾਹਿਬ ਹੀ ਦੇ ਹੱਥਾਂ ਵਿੱਚ ਬਹੁਤ ਹੁਨਰ ਹੈ। ਇਹਨਾਂ ਦੀ ਸੇਵਾ ਨਾਲ ਮੈਨੂੰ ਬਹੁਤ ਸੁੱਖ ਮਿਲਿਆ ਹੈ ਤੇ ਇਹਨਾਂ ਨਾਲ ਬਹੁਤ ਪ੍ਰੇਮ ਦੇ ਬਚਨ ਹੋਏ ਹਨ।"

ਭਾਈ ਸੋਭਾ ਸਿੰਘ ਨੇ ਜ਼ਕਰੀਏ ਦੇ ਮਹਿਲਾਂ ਦੀ ਖਬਰ ਦਿੱਤੀ ਕਿ ਉਸਦੇ ਪੁੱਤਰ ਯਾਫਰ ਖ਼ਾਂ ਦੀ ਮੌਤ ਦੀ ਖਬਰ ਅੱਗ ਵਾਂਗ ਫੈਲ ਗਈ ਕਿ ਸੁੱਖਾ ਸਿੰਘ ਦੇ ਘੋੜੇ ਨੇ ਉਸਨੂੰ ਮਾਰ ਦਿੱਤਾ ਹੈ। ਅੱਜ ਉਸਨੂੰ ਦਫਨਾ ਦਿੱਤਾ ਗਿਆ ਤੇ ਉਸਦੀ ਕਬਰ ਤੇ ਜ਼ਕਰੀਆ ਨਹੀਂ ਜਾ ਸਕਿਆ। ਉਸਦੇ ਪਰਿਵਾਰ ਵਿੱਚੋਂ ਕੇਵਲ ਉਸ ਦੀਆਂ ਭੈਣਾ ਹੀ ਸਨ। ਸਾਰੇ ਮਹਿਲ ਵਿੱਚ ਹਾਹਾਕਾਰ ਮਚਿਆ ਪਿਆ ਹੈ। ਜਿਸ ਤਰਾਂ ਯਾਫਰ ਖ਼ਾਂ ਨੇ ਭਾਈ ਸੁੱਖਾ ਸਿੰਘ ਜੀ ਨੂੰ ਸਜ਼ਾਵਾਂ ਦਿੱਤੀਆਂ ਸਨ ਉਵੇਂ ਹੀ ਉਸਦੇ ਘੋੜੇ ਨੇ ਯਾਫਰ ਖ਼ਾਂ ਨੂੰ ਸਜ਼ਾ ਦੇ ਕੇ ਮਾਰਿਆ ਹੈ। ਜਦੋਂ ਇਹ ਖਬਰ ਜ਼ਕਰੀਏ ਨੂੰ ਪਤਾ ਲੱਗੀ ਤਾਂ ਉਸਦਾ ਹੌਂਸਲਾ ਹੋਰ ਵੀ ਢਹਿ ਢੇਰੀ ਹੋ ਗਿਆ ਤੇ ਘਬਰਾਹਟ ਨਾਲ ਉਸਦਾ ਦਰਦ ਹੋਰ ਵੀ ਵੱਧ ਗਿਆ। ਜਿਵੇਂ ਯਾਫਰ ਖ਼ਾਂ ਨੇ ਸੁੱਖਾ ਸਿੰਘ ਦੀਆਂ ਹੱਥਾਂ-ਪੈਰਾਂ ਦੀਆਂ ਉਂਗਲਾਂ ਹਥੌੜੇ ਮਾਰ ਕੇ ਤੋੜੀਆਂ ਸਨ ਉਵੇਂ ਹੀ ਉਸਦੇ ਘੋੜੇ ਨੇ ਯਾਫਰ ਖ਼ਾਂ ਦੀਆਂ ਹੱਢੀਆਂ ਆਪਣੇ ਲੋਹੇ ਦੀਆਂ ਖੁਰੀਆਂ ਮਾਰ-ਮਾਰ ਕੇ ਤੋੜੀਆਂ ਸਨ। ਇਹ ਸਾਰਾ ਕੁਝ ਮਹਿਰ ਅਲੀ ਨੇ ਆਪਣੇ ਅੱਖੀਂ ਦੇਖਿਆ ਤੇ ਅਹਿਮਦ ਖ਼ਾਂ ਨੂੰ ਦੱਸਿਆ। ਨਵਾਬ ਦੀ ਬੇਗ਼ਮ ਵੀ ਚੀਕਾਂ ਮਾਰ-ਮਾਰ ਕੇ ਰੋ ਰਹੀ ਸੀ ਤੇ ਕਹਿ ਰਹੀ ਸੀ ਕਿ ਅੱਲ੍ਹਾ-ਤਾਲਾ ਸਾਡੇ ਤੋਂ ਕੀ ਗੁਨਾਹ ਹੋਇਆ ਹੈ। ਤੇਰੇ ਧਰਮ ਨੂੰ ਵਧਾਉਣ ਦੀ ਖਾਤਰ ਇਸ ਸਭ ਕੁਝ ਕੀਤਾ ਹੈ। ਜ਼ਕਰੀਆ ਖਾਨ ਵੀ ਰੋ-ਰੋ ਕੇ ਕਹਿ ਰਿਹਾ ਸੀ ਕਿ ਅੱਲਾਹ-ਤਾਲਾ, ਤੂੰ ਇਹਨਾਂ ਸਿੱਖਾਂ ਦੀ ਸੁਣਦਾ ਹੈਂ ਸਾਡੀ ਕਿਉਂ ਨਹੀ ਸੁਣਦਾ। ਉਸੇ ਸਮੇਂ ਕੁਝ ਸਿਆਣੇ ਮੁਸਲਮਾਨਾਂ ਦੀ ਸਲਾਹ ਨਾਲ ਕੋਤਵਾਲ ਸੁਬੇਗ ਸਿੰਘ ਨੂੰ ਮਹਿਲ ਵਿੱਚ ਬੁਲਾਇਆ ਗਿਆ ਤੇ ਉਸਨੂੰ ਜ਼ਕਰੀਏ ਨੇ ਕਿਹਾ, "ਤੂੰ ਇੱਕ ਸਿੱਖ ਹੈਂ, ਤੈਨੂੰ ਤੇਰੇ ਹਜ਼ਰਤ ਬਾਬੇ ਨਾਨਕ ਦਾ ਵਾਸਤਾ, ਤੂੰ ਜਾ ਕੇ ਤਾਰੂ ਸਿੰਘ ਕੋਲੋਂ ਮੇਰੇ ਲਈ ਮੁਆਫੀ ਮੰਗ ਤੇ ਉਸਨੂੰ ਪੁੱਲ ਥੱਲਿਉਂ ਚੁੱਕ ਕੇ ਕਿਸੇ ਧਰਮ ਸ਼ਾਲਾ ਵਿੱਚ ਬਿਠਾ। ਉਸਦਾ ਇਲਾਜ਼ ਸ਼ਾਹੀ ਹਕੀਮਾਂਕੋਲੋਂ ਕਰਵਾ ਪਰ ਮੇਰੀ ਜਾਨ ਛੁਡਵਾ, ਮੈਂ ਹੁਣ ਬਹੁਤ ਔਖਾ ਹਾਂ। ਜੇ ਉਹ ਮੇਰੇ ਜੁੱਤੀਆਂ ਮਾਰ ਕੇ ਖੁਸ਼ ਹੁੰਦਾ ਹੈ ਤਾਂ ਮੈਂ ਉਸ ਦੀਆਂ ਜੁੱਤੀਆਂ ਖਾਣ ਲਈ ਵੀ ਤਿਆਰ ਹਾਂ।"

ਉਹ ਅਜੇ ਇਹ ਗੱਲ ਕਰ ਹੀ ਰਿਹਾ ਸੀ ਕਿ ਮੁਲਤਾਨ ਸ਼ਹਿਰ ਤੋਂ ਵੱਡੇ ਵੈਦ-ਹਕੀਮ ਆ ਗਏ ਤੇ ਉਨ੍ਹਾਂ ਨੇ ਤੁਰੰਤ ਉਸਦਾ ਇਲਾਜ਼ ਸ਼ੁਰੂ ਕਰ ਦਿੱਤਾ ਤੇ ਉਹ ਉਨ੍ਹਾਂ ਵਿੱਚ ਹੀ ਉਲਝ ਗਿਆ।

ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਦੱਸਿਆ,"ਭਾਈ ਸਾਹਿਬ ਜੀ,ਲਗਦਾ ਹੈ ਕਿ ਸਵੇਰ ਨੂੰ ਆਪ ਜੀ ਦੇ ਕੋਲ ਇੱਥੇ ਕੋਤਵਾਲ ਸੁਬੇਗ ਸਿੰਘ ਆਵੇਗਾ। ਅੱਜ ਰਾਤ ਨੂੰ ਮੁਲਤਾਨੀ ਵੈਦਾਂ ਨੇ ਜ਼ੋਰ ਲਗਾਉਣਾ ਹੈ। ਜ਼ਕਰੀਆ ਬਹੁਤ ਡਰਿਆ ਹੋਇਆ ਹੈ।" ਭਾਈ ਸੋਭਾ ਸਿੰਘ ਦੀ ਗੱਲ ਸੁਣ ਕੇ ਭਾਈ ਤਾਰੂ ਸਿੰਘ ਜੀ ਸ਼ਾਂਤ ਰਹੇ ਤੇ ਚੁੱਪ ਧਾਰਨ ਕਰਕੇ ਬੈਠੇ ਰਹੇ। ਸ.ਪ੍ਰੇਮ ਸਿੰਘ ਨੇ ਕੋਲ ਰਹਿਣ ਦੀ ਆਗਿਆ ਲੈ ਲਈ ਤੇ ਸੋਭਾ ਸਿੰਘ ਜੀ ਵਾਪਸ ਘਰ ਆ ਗਏ।

21 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 3 ਦਿਨ)

ਅੱਜ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਰੀ ਨੂੰ ੧੨ਵਾਂ ਦਿਨ ਸ਼ੁਰੂ ਹੋ ਗਿਆ ਤੇ ਭਾਈ ਸਾਹਿਬ ਜੀ ਦੀ ਸਿਹਤ ਪਹਿਲਾਂ ਨਾਲੋਂ ਬਹੁਤ ਠੀਕ ਹੋ ਗਈ ਸੀ। ਸ. ਪ੍ਰੇਮ ਸਿੰਘ ਜੀ ਨੇ ਭਾਈ ਸਾਹਿਬ ਜੀ ਦੀਆਂ ਹੱਡੀਆਂ ਦੀ ਮਾਲਸ਼ ਕਰਕੇ ਬਹੁਤ ਆਰਾਮ ਦਿੱਤਾ ਸੀ ਜਿਸ ਕਾਰਨ ਅੱਜ ਭਾਈ ਸਾਹਿਬ ਜੀ ਨੂੰ ਬਹੁਤ ਆਰਾਮ ਮਹਿਸੂਸ ਹੋ ਰਿਹਾ ਸੀ। ਆਪ ਹਮੇਸ਼ਾਂ ਦੀ ਤਰ੍ਹਾਂ ਰਾਤ ਦੇ ਤੀਜੇ ਪਹਿਰ ਉੱਠ ਕੇ ਕਿਰਿਆ ਸੋਧ ਕੇ ਸਿਮਰਨ ਵਿੱਚ ਬੈਠ ਜਾਂਦੇ ਸਨ। ਭਾਈ ਸਾਹਿਬ ਜੀ ਦਾ ਚੌਂਕੜਾ ਕਈ ਘੰਟਿਆਂ ਦਾ ਲਗੱਦਾ ਸੀ। ਭਾਈ ਸਾਹਿਬ ਜੀ ਸਿਮਰਨ ਵਿੱਚ ਇੰਨੀ ਇਕਾਗਰਤਾ ਨਾਲ ਬੈਠਦੇ ਸਨ ਕਿ ਸਰੀਰ ਦਾ ਕੋਈ ਅੰਗ ਪੈਰ ਹਿੱਲਦਾ ਨਹੀਂ ਸੀ। ਕਈ ਵਾਰੀ ਭਾਈ ਸੋਭਾ ਸਿੰਘ ਜੀ ਬਹੁਤ ਸਮਾਂ ਭਾਈ ਸਾਹਿਬ ਜੀ ਦੇ ਕੋਲ ਆ ਕੇ ਬੈਠ ਜਾਂਦੇ ਸਨ ਪਰ ਬਹੁਤ ਇੰਤਜ਼ਾਰ ਕਰਨ ਤੋਂ ਬਾਅਦ ਹੀ ਭਾਈ ਸਾਹਿਬ ਨੇਤਰ ਖੋਲਦੇ ਸਨ।

ਇੱਕ ਵਾਰੀ ਭਾਈ ਸੋਭਾ ਸਿੰਘ ਜੀ ਦੇ ਬੇਨਤੀ ਕਰਨ 'ਤੇ ਭਾਈ ਸੋਭਾ ਸਿੰਘ ਜੀ ਨੇ ਸਮਝਾਇਆ, "ਜਦੋਂ ਗੁਰੂ ਜੀ ਦੇ ਓਟ ਆਸਰੇ ਨਾਲ ਧਿਆਨ ਜੋੜਨਾ ਹੈ ਤਾਂ ਅਜਿਹੀ ਅਵਸਥਾ ਆਪਣੇ-ਆਪ ਸਹਿਜੇ-ਸਹਿਜੇ ਬਣ ਜਾਂਦੀ ਹੈ। ਪਹਿਲਾਂ ਦੁਨਿਆਵੀ ਖਿਆਲ ਰੁਕਦੇ ਹਨ, ਫਿਰ ਸਰੀਰਕ ਕਿਰਿਆ ਨੂੰ ਠੀਕ ਸੋਧ ਕਰਨਾ ਹੈ ਤੇ ਸਰੀਰ ਵਿੱਚੋਂ ਧਿਆਨ ਪ੍ਰਮਾਤਮਾ ਨਾਲ ਜੋੜਨਾ ਹੈ। ਜਦੋਂ ਇਹ ਅਵਸਥਾ ਬਣ ਗਈ ਤਾਂ ਵਾਹਿਗੁਰੂ ਆਪ ਹੀ ਸਾਰੇ ਕਾਰਜ ਕਰਦਾ ਹੈ। ਅਸੀਂ ਤਾਂ ਆਪਣਾ ਮਨ ਗੁਰੂ ਨੂੰ ਅਰਪਣ ਕਰਨਾ ਹੈ। ਮਨ ਦੇ ਅੰਦਰੋਂ ਜੋਤ ਸਰੂਪ ਦਿੱਸਦਾ ਹੈ ਫਿਰ ਪਤਾ ਲਗਦਾ ਹੈ ਕਿ ਆਪਾਂ ਦੁਨੀਆਂ 'ਤੇ ਕੀ ਕਰਨ ਆਏ ਹਾਂ ਤੇ ਕੀ ਕਰ ਰਹੇ ਹਾਂ।"

ਸ.ਪ੍ਰੇਮ ਸਿੰਘ ਜੀ ਵੀ ਇਸ ਸਮੇਂ ਭਾਈ ਤਾਰੂ ਸਿੰਘ ਜੀ ਤੇ ਭਾਈ ਸੋਭਾ ਸਿੰਘ ਜੀ ਦਰਮਿਆਨ ਹੋ ਰਹੇ ਰੂਹਾਨੀ ਵਿਚਾਰਾਂ ਨੂੰ ਧਿਆਨ ਨਾਲ ਸੁਣ ਰਹੇ ਸਨ ਤੇ ਭਾਈ ਸੋਭਾ ਸਿੰਘ ਜੀ ਨੂੰ ਇੱਕ ਮਨ ਚਿੱਤ ਵਿੱਚ ਬੈਠੇ ਦੇਖ ਕੇ ਬਹੁਤ ਹੈਰਾਨ ਸਨ। ਸਰੀਰ ਵਿੱਚੋਂ ਧਿਆਨ ਕੱਢ ਕੇ ਸਿਮਰਨ ਵਿੱਚ ਜੋੜਨਾ ਭਾਂਵੇ ਬਹੁਤ ਔਖਾ ਹੈ ਪਰ ਜਿਹੜੇ ਇਹ ਸਾਧਨਾ ਕਰ ਲੈਂਦੇ ਹਨ ਉਹਨਾਂ ਦਾ ਚਾਹੇ ਬੰਦ-ਬੰਦ ਕੱਟਿਆ ਜਾਵੇ ਜਾਂ ਖੋਪਰੀ ਉਤਰ ਜਾਵੇ, ਉਹ ਸਰੀਰ ਦੀ ਪਰਵਾਹ ਨਹੀਂ ਕਰਦੇ। ਉਹ ਗੁਰੂ ਦੀ ਰਜ਼ਾ ਵਿੱਚ ਲੀਨ ਰਹਿੰਦੇ ਹਨ ਤੇ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਦੇ ਹਨ। ਗੁਰੂ ਤੇ ਗੁਰਸਿੱਖੀ ਦੀ ਖਾਤਰ ਸ਼ਰੀਰ ਤਾਂ ਕੀ ਸਾਰਾ ਸਰਬੰਸ ਵੀ ਵਾਰ ਦਿੰਦੇ ਹਨ।

ਅੱਜ ਜਦੋਂ ਭਾਈ ਤਾਰੂ ਸਿੰਘ ਜੀ ਦੀ ਬਿਰਤੀ ਉਥਾਨ ਹੋਈ ਤੇ ਨੇਤਰ ਖੋਲੇ ਤਾਂ ਸਾਹਮਣੇ ਭਾਈ ਸੋਭਾ ਸਿੰਘ ਤੇ ਸ. ਪ੍ਰੇਮ ਸਿੰਘ ਜੀ ਬੈਠੇ ਸਨ। ਭਾਈ ਸੋਭਾ ਸਿੰਘ ਜੀ 'ਤੇ ਤਾ ਪਹਿਲਾਂ ਵੀ ਕਈ ਵਾਰ ਇਹ ਅੰਮ੍ਰਿਤ ਵਰਖਾ ਹੋਈ ਸੀ ਪਰ ਸ.ਪ੍ਰੇਮ ਸਿੰਘ ਜੀ ਉੱਪਰ ਅੱਜ ਪਹਿਲੀ ਵਾਰ ਸਿਮਰਨ ਦੀਆਂ ਕਿਰਨਾਂ ਭਾਈ ਤਾਰੂ ਸਿੰਘ ਜੀ ਦੇ ਨੇਤਰਾਂ ਰਾਹੀਂ ਪੈ ਰਹੀਆਂ ਸਨ, ਜਿਸ ਨਾਲ ਸਰਦਾਰ ਸਾਹਿਬ ਜੀ ਦਾ ਤਪਦਾ

ਮਨ ਸ਼ਾਂਤ ਹੋ ਗਿਆ, ਮਾਨੋਂ ਸੈਂਕੜੇ ਮੀਲਾਂ ਵਿੱਚ ਫੈਲੀ ਹੋਈ ਅੱਗ ਮੋਹਲੇ ਧਾਰ ਮੀਂਹ ਪੈਣ ਨਾਲ ਬੁਝ ਗਈ ਹੋਵੇ। ਐਸੀ ਠੰਡ ਜੀਵਨ ਦੀ ਹਿਆਤੀ ਵਿੱਚ ਪਹਿਲਾਂ ਕਦੇ ਨਹੀਂ ਮਿਲੀ। ਉਸ ਆਨੰਦ ਨੂੰ ਵਰਨਣ ਕਰਨ ਲਈ ਮੁੱਖ ਵਿੱਚ ਕੋਈ ਬੋਲ ਨਹੀਂ ਸੀ। ਕੇਵਲ ਵਾਹ-ਵਾਹ ਤੇ ਅਖੀਰ ਵਾਹਿਗੁਰੂ ਵਿੱਚ ਹੀ ਜੁੜ ਗਏ।

ਭਾਈ ਸੋਭਾ ਸਿੰਘ ਨੇ ਸੇਵਾ ਆਰੰਭ ਕੀਤੀ। ਪਹਿਲਾਂ ਪ੍ਰਸ਼ਾਦਾ ਛਕਾਇਆ ਫਿਰ ਸੀਸ ਦੀ ਪੱਟੀ ਖੋਲ੍ਹ ਕੇ ਜ਼ਖਮ ਸਾਫ ਕਰਕੇ ਮਲ੍ਹਮ ਲਗਾਈ ਤੇ ਸ. ਪ੍ਰੇਮ ਸਿੰਘ ਜੀ ਨੇ ਵੀ ਜ਼ਖਮ ਦੇਖਿਆ ਤੇ ਤੱਸਲੀ ਪ੍ਰਗਟ ਕੀਤੀ ਤੇ ਦੁਆਰਾ ਪੱਟੀ ਕਰ ਦਿੱਤੀ। ਭਾਈ ਸੋਭਾ ਸਿੰਘ ਜੀ ਨੇ ਬੇਨਤੀ ਕੀਤੀ,"ਭਾਈ ਸਾਹਿਬ ਜੀ! ਅੱਜ ਆਪ ਜੀ ਕੋਲ ਸੁਬੇਗ ਸਿੰਘ ਆਵੇਗਾ ਤੇ ਜ਼ਕਰੀਆ ਖਾਨ ਦੇ ਵਲੋਂ ਆਪ ਜੀ ਤੋਂ ਮੁਆਫੀ ਮੰਗੇਗਾ।"

ਸ. ਸੁਬੇਗ ਸਿੰਘ ਅਤੇ ਸ. ਸਹਿਬਾਜ਼ ਸਿੰਘ ਜੀ ਦੀ ਉਸਤਤ

ਭਾਈ ਤਾਰੂ ਸਿੰਘ ਜੀ ਨੇ ਪੁੱਛਿਆ,"ਭਾਈ ਸੋਭਾ ਸਿੰਘ ਜੀ! ਮੈਨੂੰ ਇੱਕ ਗੱਲ ਦੱਸੋ ਕਿ ਇਹ ਸੁਬੇਗ ਸਿੰਘ ਜ਼ਕਰੀਆ ਖਾਨ ਦੇ ਹੱਥ ਕਿਵੇਂ ਆ ਗਿਆ?ਉਹ ਤਾਂ ਸਿੰਘਾਂ ਕੋਲੋਂ ਇੰਨੀ ਨਫ਼ਰਤ ਕਰਦਾ ਹੈ,ਫਿਰ ਇੰਨੇ ਵੱਡੇ ਅਹੁੱਦੇ ਤੇ ਇੱਕ ਸਿੰਘ ਨੂੰ ਕਿਵੇਂ ਲਗਾ ਦਿੱਤਾ...?"

ਭਾਈ ਸੋਭਾ ਸਿੰਘ ਜੀ ਨੇ ਬੇਨਤੀ ਕੀਤੀ, "ਭਾਈ ਸਾਹਿਬ ਜੀ ਇਹ ਇੱਕ ਲੰਬੀ ਕਹਾਣੀ ਹੈ। ਸ. ਸੁਬੇਗ ਸਿੰਘ ਜੀ ਦੇ ਪਿਤਾ ਸ. ਭਾਨ ਸਿੰਘ ਜੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਕੋਲੋਂ ਰਾਜ-ਭਾਗ ਅਤੇ ਉੱਚ ਘਰਾਣੇ ਦੀ ਬਖ਼ਸ਼ਿਸ ਪ੍ਰਾਪਤ ਹੋਈ ਸੀ ਅਤੇ ਇਹੀ ਬਖ਼ਸ਼ਿਸ਼ ਅੱਗੇ ਜਾ ਕੇ ਸ. ਸਬੇਗ ਸਿੰਘ ਜੀ ਨੂੰ ਮਿਲੀ। ਜ਼ਕਰੀਆ ਖਾਨ ਦਾ ਪਿਤਾ ਅਬਦੁਸ ਸਮਦ ਖ਼ਾਂ ਜੋ ਪਹਿਲਾਂ ਲਾਹੌਰ ਦਾ ਗਵਰਨਰ ਸੀ ਤੇ ਉਹ ਸ. ਸਬੇਗ ਸਿੰਘ ਜੀ ਕੋਲੋਂ ਧੰਨ ਦੌਲਤ ਲੈ ਲੈਂਦਾ ਸੀ ਪਰ ਵਾਪਸ ਅੱਧ-ਪਚੱਧ ਹੀ ਕਰਦਾ ਸੀ। ਇਸ ਤਰਾਂ ਉਸ ਦਾ ਰਾਜ ਚਲਦਾ ਰਿਹਾ ਫਿਰ ਉਸਦੀ ਬਦਲੀ ਮੁਲਤਾਨ ਹੋ ਗਈ ਅਤੇ ਇਹ ਜ਼ਕਰੀਆ ਖਾਨ ਪਹਿਲਾਂ ੧੭੧੩ ਤੋਂ ੧੭੨੦ ਤੱਕ ਜੰਮੂ ਦਾ ਤੇ ੧੭੨੦ ਤੋਂ ੧੭੨੬ ਤੱਕ ਕਸ਼ਮੀਰ ਦਾ ਸੂਬੇਦਾਰ ਰਹਿ ਚੁੱਕਾ ਸੀ। ਅਬਦੁਸ ਸਮਦ ਖ਼ਾਂ ੧੭੨੬ ਵਿੱਚ ਮਰਨ ਤੋਂ ਪਹਿਲਾਂ ਆਪਣੇ ਪੁੱਤਰ ਜ਼ਕਰੀਆ ਖਾਨ ਨਵਾਬ ਨਿਯੁਕਤ ਕਰਵਾ ਦਿੱਤਾ ਤੇ ਜਾਣ ਲੱਗਾ ਇਹ ਵੀ ਦੱਸ ਗਿਆ ਕਿ ਸ. ਸਬੇਗ ਸਿੰਘ ਨਾਲ ਕਦੇ ਨਾ ਵਿਗਾੜੀਂ। ਇਸ ਨਾਲ ਹਮੇਸ਼ਾਂ ਬਣਾ ਕੇ ਰੱਖੀਂ। ਇਹ ਤੇਰੇ ਬਹੁਤ ਕੰਮ ਆਵੇਗਾ। ਹੁਣ ਸ. ਸੁਬੇਗ ਸਿੰਘ ਜੀ ਸਰਕਾਰੀ ਠੇਕੇਦਾਰ ਹਨ। ਲਾਹੌਰ ਤੋਂ ਕੁਝ ਮੀਲ ਦੂਰੀ ਤੇ ਇਹਨਾਂ ਦਾ ਪਿੰਡ ਹੈ-ਝੰਬਰ, ਜਿੱਥੋਂ ਦੇ ਇਹ ਵਸਨੀਕ ਹਨ ਤੇ ਹੁਣ ਇੱਕ ਘਰ ਲਾਹੌਰ ਵਿੱਚ ਵੀ ਬਣਾਇਆ ਹੈ। ਬਹੁਤ ਹੀ ਸੂਝਵਾਨ ਤੇ ਨੀਤੀਵਾਨ ਵਪਾਰੀ ਹਨ ਤੇ ਬਹੁਤ ਮਿਲਣਸਾਰ ਹਨ। ਆਪਣੇ ਇਹਨਾਂ ਗੁਣਾ ਕਾਰਣ ਹੀ ਸਾਰੇ ਸ਼ਹਿਰ ਤੇ ਆਲੇ-ਦੁਆਲੇ ਦੇ ਇਲਾਕਿਆਂ

ਵਿੱਚ ਇਹਨਾਂ ਦਾ ਬਹੁਤ ਸਤਿਕਾਰ ਹੈ। ਜ਼ਾਲਮ ਜ਼ਕਰੀਆ ਖਾਨ ਵਰਗੇ ਵੀ ਇਨ੍ਹਾਂ ਨੂੰ ਸਿੱਖ ਹੋਣ ਦੇ ਬਾਵਜੂਦ ਨੇੜੇ ਰੱਖਦੇ ਹਨ ਤੇ ਅੱਜ ਕਲ੍ਹ ਕੋਤਵਾਲ ਦਾ ਅਹੁਦਾ ਦਿੱਤਾ ਹੋਇਆ ਹੈ। ਇੱਕ ਸਿੱਖ ਦਾ ਇਸ ਸਮੇਂ ਸਰਕਾਰੀ ਅਹੁਦੇ ਤੇ ਲੱਗਣਾ ਜੇ ਅਸੰਭਵ ਤਾਂ ਇੱਕ ਕਠਿਨ ਘਟਨਾ ਜ਼ਰੂਰ ਹੈ। ਸ.ਸੁਬੇਗ ਸਿੰਘ ਪੂਰਨ ਗੁਰੂ ਕੇ ਸਿੰਘ ਹਨ। ਗੁਰਸਿੱਖਾਂ ਦੀ ਬਹੁਤ ਮਦਦ ਕਰਦੇ ਹਨ। "

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਦੀ ਗੱਲ ਸੁਣ ਕੇ ਕਿਹਾ,"ਹਾਂ ਹਾਂ ਭਾਈ ਲਾਲੋ ਜੀ !ਮੈਨੂੰ ਪਤਾ ਹੈ,ਜਦੋਂ ਸ.ਮਹਿਤਾਬ ਸਿੰਘ ਜੀ ਦੀ ਸ਼ਹੀਦੀ ਹੋਈ ਸੀ ਤਾਂ ਉਨ੍ਹਾਂ ਦੇ ਅੰਤਿਮ ਸੰਸਕਾਰ ਕਰਨ ਵਿੱਚ ਉਹਨਾਂ ਦੀ ਬਹੁਤ ਵੱਡੀ ਮਦਦ ਮਿਲੀ ਸੀ। "

ਭਾਈ ਸੋਭਾ ਸਿੰਘ ਜੀ ਨੇ ਅੱਗੇ ਦੱਸਿਆ,"ਜੀ ਭਾਈ ਸਾਹਿਬ !ਸ.ਸੁੱਖਾ ਸਿੰਘ ਜੀ ਦੀ ਸ਼ਹੀਦੀ ਦੇ ਸਮੇਂ ਉਨ੍ਹਾਂ ਦੇ ਸੰਸਕਾਰ ਕਰਵਾਉਣ ਲਈ ਵੀ ਸ.ਸੁਬੇਗ ਸਿੰਘ ਜੀ ਨੇ ਬਹੁਤ ਮਦਦ ਕੀਤੀ ਸੀ। ਬਹੁਤ ਹੀ ਨੇਕ ਗੁਰਸਿੱਖ ਹਨ। ਉਹਨਾਂ ਦਾ ਇੱਕ ਸਪੁੱਤਰ ਵੀ ਹੈ ਜਿਸ ਦਾ ਨਾਮ ਸ਼ਾਹਬਾਜ਼ ਸਿੰਘ ਹੈ ਤੇ ਉਹ ਵੀ ਆਪਣੇ ਪਿਤਾ ਦੇ ਨਕਸ਼ੇ-ਕਦਮਾਂ ਤੇ ਚਲ ਰਿਹਾ ਹੈ। ਸਤਿਗੁਰੂ ਦੀ ਅਪਾਰ ਕਿਰਪਾ ਹੈ। ਅਜੇ ਉਹ ਪੜ੍ਹ ਰਿਹਾ ਹੈ ਤੇ ਕਈ ਭਾਸ਼ਾਵਾਂ ਬੋਲ ਲੈਂਦਾ ਹੈ ਤੇ ਗੁਰੂ ਕਾ ਸਿੰਘ ਸਜਿਆ ਹੋਇਆ ਹੈ। "

ਭਾਈ ਤਾਰੂ ਸਿੰਘ ਜੀ ਨੇ ਅਸੀਸ ਵਜੋਂ ਕਿਹਾ, "ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਸਿੰਘ ਦਾ ਪਿਆਰ ਹਮੇਸ਼ਾਂ ਗੁਰਸਿੱਖੀ ਨਾਲ ਬਣਾਈ ਰੱਖਣ। " ਇਸ ਤਰਾਂ ਭਾਈ ਤਾਰੂ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਭਾਈ ਸੋਭਾ ਸਿੰਘ ਜੀ ਕੋਲੋਂ ਸ. ਸੁਬੇਗ ਸਿੰਘ ਤੇ ਉਸਦੇ ਸਪੁੱਤਰ ਸ. ਸਹਿਬਾਜ਼ ਸਿੰਘ ਦੇ ਜੀਵਨ ਬਾਰੇ ਸੁਣਦੇ ਰਹੇ ਤੇ ਭਾਈ ਤਾਰੂ ਸਿੰਘ ਜੀ ਨੇ ਵੀ ਇਹਨਾਂ ਦੋਵਾਂ ਪਿਉ-ਪੁੱਤਰ ਦੀ ਉਸਤਤ ਕੀਤੀ ਤੇ ਅਸੀਸਾਂ ਦਿੱਤੀਆਂ।

ਭਾਈ ਤਾਰੂ ਸਿੰਘ ਜੀ ਦਾ ਭਾਈ ਸੋਭਾ ਸਿੰਘ ਜੀ ਨੂੰ ਉਪਦੇਸ਼

ਭਾਈ ਤਾਰੂ ਸਿੰਘ ਜੀ ਨੇ ਜਦੋਂ ਸ. ਸੁਬੇਗ ਸਿੰਘ ਤੇ ਉਸਦੇ ਪੁੱਤਰ ਸ. ਸਹਿਬਾਜ਼ ਸਿੰਘ ਜੀ ਦੇ ਗੁਰਸਿੱਖੀ ਪਿਆਰ ਵਾਲੇ ਜੀਵਨ ਬਾਰੇ ਸੁਣਿਆ ਤਾਂ ਭਾਈ ਸਾਹਿਬ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਉਪਦੇਸ਼ ਬਖ਼ਸ਼ਿਸ਼ ਕੀਤਾ। ਸ. ਪ੍ਰੇਮ ਸਿੰਘ ਜੀ ਨੇ ਵੀ ਭਾਈ ਸੋਭਾ ਸਿੰਘ ਜੀ ਦੇ ਨਾਲ ਰਹਿ ਕੇ ਆਪਣਾ ਜੀਵਨ ਸਫਲ ਕੀਤਾ।

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਆਮ ਮਨੁੱਖ ਘਰ ਵਿੱਚ ਧਨ ਆਉਂਦਿਆਂ ਹੀ ਆਪਣਾ ਧਰਮ ਭੁੱਲ ਜਾਂਦੇ ਹਨ। ਜੇ ਧਰਮ ਤੇ ਧਨ ਇੱਕਠੇ ਵੱਧਣ ਤਾਂ ਰਹਿੰਦੀ ਦੁਨੀਆਂ ਤੱਕ ਅਜਿਹੇ ਮਨੁੱਖ ਨੂੰ ਯਾਦ ਰੱਖਿਆ ਜਾਂਦਾ ਹੈ। ਮੇਰੇ ਦਾਦਾ ਜੀ ਸ.ਗੁਰਦਿਆਲ ਸਿੰਘ ਅਤੇ ਦਾਦੀ ਜੀਵਨ ਕੌਰ ਨੂੰ ਗੁਰੂ ਪਾਤਸ਼ਾਹ ਨੇ ਧਰਮ ਤੇ

ਧਨ ਇੱਕਠਿਆਂ ਬਖ਼ਸ਼ਿਸ ਕੀਤਾ ਤੇ ਮੇਰੇ ਤਾਇਆ ਜੀ ਸ.ਜੈ ਸਿੰਘ ਜੀ ਨੇ ਤਾਂ ਸਿਰਫ ਧਰਮ ਵੱਲ ਹੀ ਮੁੱਖ ਕਰਕੇ ਸਿੰਘਾਂ ਨਾਲ ਮਿਲ ਕੇ ਧਰਮ ਦੀ ਖਾਤਰ ਬਹੁਤ ਸਾਰੀਆਂ ਲੜਾਈਆਂ ਲੜੀਆਂ ਤੇ ਸ਼ਹੀਦੀ ਪ੍ਰਾਪਤ ਕੀਤੀ ਤੇ ਮੇਰੇ ਪਿਤਾ ਸ.ਦੀਦਾਰ ਸਿੰਘ ਜੀ ਨੇ ਧਨ ਤੇ ਧਰਮ ਨੂੰ ਬਰਾਬਰ ਰੱਖਿਆ ਤੇ ਅਖੀਰ ਉਹਨਾਂ ਨੇ ਵੀ ਧਰਮ ਨੂੰ ਨਿਭਾਉਂਦਿਆਂ ਸ਼ਹੀਦੀ ਪ੍ਰਾਪਤ ਕੀਤੀ ਤੇ ਉਨ੍ਹਾਂ ਦੇ ਸਦਕੇ ਤੇ ਗੁਰੂ ਦੀ ਬਖ਼ਸ਼ਿਸ ਨਾਲ ਗੁਰੂ ਕੇ ਸਾਰੇ ਸਿੰਘ ਮੈਨੂੰ ਬਹੁਤ ਪਿਆਰ ਕਰਦੇ ਸਨ।"

ਸ. ਪ੍ਰੇਮ ਸਿੰਘ ਜੀ ਇੱਕ ਵੈਦ ਹੋਣ ਦੇ ਕਰਕੇ ਭਾਈ ਸਾਹਿਬ ਜੀ ਨੂੰ ਬਹੁਤ ਦੇਰ ਤੋਂ ਬੋਲਦੇ ਹੋਏ ਦੇਖ ਕੇ ਕੁਝ ਚਿੰਤਤ ਸਨ ਇਸ ਲਈ ਵਿੱਚੋਂ ਹੀ ਬੋਲ ਪਏ, "ਭਾਈ ਸੋਭਾ ਸਿੰਘ ਜੀ, ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ।"

ਭਾਈ ਸੋਭਾ ਸਿੰਘ ਜੀ ਨੇ ਸਤਿਕਾਰ ਨਾਲ ਕਿਹਾ, "ਤੁਸੀਂ ਤਾਂ ਹੁਕਮ ਕਰਨਾ ਹੈ।" ਸ. ਪ੍ਰੇਮ ਸਿੰਘ ਜੀ ਕਹਿਣ ਲੱਗੇ,"ਭਾਈ ਸਾਹਿਬ ਜੀ ਦਾ ਜ਼ਿਆਦਾ ਬੋਲਣਾ ਠੀਕ ਨਹੀਂ, ਕਿਉਂਕਿ ਜ਼ਖਮ ਸਿਰ ਦੇ ਹਨ ਇਸ ਲਈ ਜਿੰਨਾਂ ਭਾਈ ਸਾਹਿਬ ਘੱਟ ਬੋਲਣ ਤੇ ਜਿੰਨਾਂ ਆਰਾਮ ਕਰਨਗੇ ਉਨਾਂ ਹੀ ਜਲਦੀ ਠੀਕ ਹੋਣਗੇ।"

ਭਾਈ ਤਾਰੂ ਸਿੰਘ ਜੀ ਨੇ ਆਪਣੇ ਦੋਵਾਂ ਸਿੰਘਾਂ ਵਿੱਚ ਪਿਆਰ ਦੇਖਕੇ ਕਿਹਾ, "ਵਾਹਿਗੁਰੂ ਆਪ ਜੀ ਦਾ ਪਿਆਰ ਇਸੇ ਤਰਾਂ ਬਣਾਈ ਰੱਖਣ, ਭਾਈ ਸੋਭਾ ਸਿੰਘ ਜੀ, ਤੁਹਾਡੀ ਸੇਵਾ ਹੁਣ ਪੂਰੀ ਹੋ ਗਈ ਹੈ, ਤੁਸੀਂ ਹੁਣ ਜਾ ਕੇ ਆਪਣਾ ਕੰਮ ਧੰਦਾ ਵੀ ਕਰਨਾ ਹੈ। ਪਿਆਰ ਦੇ ਬਚਨ ਤਾਂ ਹੁੰਦੇ ਹੀ ਰਹਿਣਗੇ।"

ਭਾਈ ਸੋਭਾ ਸਿੰਘ ਜੀ ਸ. ਪ੍ਰੇਮ ਸਿੰਘ ਜੀ ਦੀ ਵਡਿਆਈ ਕਰਦੇ ਹੋਏ ਕਿਹਾ, "ਸਰਦਾਰ ਸਾਹਿਬ ਜੀ ਦਾ ਨਾਮ ਵੀ ਪ੍ਰੇਮ ਸਿੰਘ ਹੈ ਤੇ ਸੇਵਾ ਵੀ ਪ੍ਰੇਮ ਨਾਲ ਹੀ ਕਰਦੇ ਹਨ।"

ਭਾਈ ਤਾਰੂ ਸਿੰਘ ਜੀ ਨੇ ਹਾਮੀ ਭਰਦੇ ਹੋਏ ਕਿਹਾ, "ਤੁਸੀਂ ਠੀਕ ਕਹਿ ਰਹੇ ਹੋ, ਜਦੋਂ ਇਹ ਸਰੀਰ ਦੀ ਸੇਵਾ ਕਰਨ ਲੱਗੇ ਹਨ, ਉਦੋਂ ਦਾ ਸਰੀਰ ਨੂੰ ਬਹੁਤ ਆਰਾਮ ਤੇ ਸੁੱਖ ਮਿਲਿਆ ਹੈ।"

ਭਾਈ ਸੋਭਾ ਸਿੰਘ ਜੀ ਸ. ਪ੍ਰੇਮ ਸਿੰਘ ਜੀ ਦੀ ਸੇਵਾ ਦੀ ਸੋਭਾ ਸੁਣ ਕੇ ਬਹੁਤ ਖ਼ੁਸ਼ ਹੋਏ ਤੇ ਆਗਿਆ ਲੈ ਕੇ ਜਾਣ ਲੱਗੇ ਕਿ ਮਨ ਵਿੱਚ ਆਈ ਗੱਲ ਕਹਿਣ ਲੱਗੇ, "ਲਗਦਾ ਹੈ ਕਿ ਅੱਜ ਸ. ਸੁਬੇਗ ਸਿੰਘ ਇੱਥੇ ਨਾ ਆਵੇ ਕਿਉਂਕਿ ਦੇਰ ਬਹੁਤ ਹੋ ਗਈ ਹੈ ਜਾਂ ਹੋ ਸਕਦਾ ਹੈ ਕਿ ਕੱਲ੍ਹ ਨੂੰ ਆ ਜਾਵੇ।" ਇਹ ਕਹਿ ਕੇ ਵਾਪਸ ਘਰ ਨੂੰ ਆ ਗਏ ਤੇ ਸ. ਪ੍ਰੇਮ ਸਿੰਘ ਭਾਈ ਸਾਹਿਬ ਜੀ ਦੀਆਂ ਹੱਡੀਆਂ ਦੀ ਮਾਲਸ਼ ਕਰਨ ਲੱਗੇ ਤੇ ਭਾਈ ਸਾਹਿਬ ਜੀ ਵਾਹਿਗੁਰੂ-ਵਾਹਿਗੁਰੂ ਕਰਦੇ ਹੋਏ ਸਿਮਰਨ ਵਿੱਚ ਜੁੜ ਗਏ।

22 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 4 ਦਿਨ)

ਅੱਜ ਭਾਈ ਸਾਹਿਬ ਜੀ ਦੀ ਖੋਪਰੀ ਉਤਰੀ ਨੂੰ ੧੨ ਦਿਨ ਪੂਰੇ ਹੋ ਗਏ ਤੇ ੧੩ਵਾਂ ਦਿਨ ਆਰੰਭ ਹੋ ਗਿਆ। ਭਾਈ ਸਾਹਿਬ ਜੀ ਦੀ ਸਰੀਰਕ ਅਵਸਥਾ ਪਹਿਲਾਂ ਨਾਲੋਂ ਬਹੁਤ ਤੰਦਰੁਸਤੀ ਵਾਲੀ ਸੀ ਤੇ ਮਾਨਸਿਕ ਅਵਸਥਾ ਤਾਂ ਪਹਿਲਾਂ ਹੀ ਦ੍ਰਿੜਤਾ ਵਾਲੀ ਸੀ। ਭਾਈ ਤਾਰੂ ਸਿੰਘ ਜੀ ਅੰਮ੍ਰਿਤ ਵੇਲੇ ਉੱਠੇ, ਕਿਰਿਆ ਸੋਧ ਕੇ ਨਿੱਤਨੇਮ ਵਿੱਚ ਜੁੜ ਗਏ। ਜਦੋਂ ਨਿੱਤਨੇਮ ਕਰਕੇ ਦੇਖਿਆ ਕਿ ਸ. ਪ੍ਰੇਮ ਸਿੰਘ ਜੀ ਅਜੇ ਵੀ ਸੁੱਤੇ ਪਏ ਸਨ। ਭਾਈ ਸਾਹਿਬ ਜੀ ਨੇ ਉਹਨਾਂ ਨੂੰ ਜਗਾਉਣਾ ਠੀਕ ਨਾ ਸਮਝਿਆ। ਪਹੁ-ਫੁਟਾਲਾ ਹੋਇਆ, ਚਿੜੀਆਂ ਦੀ ਚਹਿਚਹਾਟ ਤੇ ਜੰਗਲੀ ਜੀਵਾਂ ਦੇ ਸ਼ੋਰ ਨਾਲ ਸ. ਪ੍ਰੇਮ ਸਿੰਘ ਜੀ ਦੀ ਜਾਗ ਖੁੱਲੀ ਤੇ ਦੇਖਿਆ ਕਿ ਭਾਈ ਸਾਹਿਬ ਜੀ ਸਿਮਰਨ ਵਿੱਚ ਲੀਨ ਹੋ ਕੇ ਬੈਠੇ ਸਨ। ਸਰਦਾਰ ਸਾਹਿਬ ਜੀ ਨੇ ਜਲਦੀ ਨਾਲ ਕਿਰਿਆ ਸੋਧੀ ਤੇ ਜਦੋਂ ਭਾਈ ਸਾਹਿਬ ਜੀ ਦੇ ਕੋਲ ਆਏ ਤਾਂ ਭਾਈ ਸਾਹਿਬ ਉਹਨਾਂ ਨੂੰ ਦੇਖ ਕੇ ਹੱਸ ਪਏ। ਸ. ਪ੍ਰੇਮ ਸਿੰਘ ਜੀ ਨੇ ਪਹਿਲਾਂ ਭਾਈ ਸਾਹਿਬ ਜੀ ਕੋਲੋਂ ਮੁਆਫੀ ਮੰਗੀ ਤੇ ਫਿਰ ਬੇਨਤੀ ਕਰਨ ਲੱਗੇ, "ਭਾਈ ਸਾਹਿਬ ਜੀ! ਖ਼ਿਮਾ ਕਰਨਾ, ਅੱਜ ਉੱਠਣ ਵਿੱਚ ਦੇਰੀ ਹੋ ਗਈ। ਅੱਜ ਇਸ ਤਰਾਂ ਲੱਗ ਰਿਹਾ ਹੈ ਜਿਵੇਂ ਬਹੁਤ ਦੇਰ ਦੀ ਨੀਂਦ ਪੂਰੀ ਹੋ ਗਈ ਹੋਵੇ। ਘਰ ਵਿੱਚ ਆਰਾਮ ਕਰਨ ਵਾਲੇ ਗੱਦੇ ਅਤੇ ਬਿਸਤਰੇ ਉੱਪਰ ਵੀ ਕਦੇ ਅਜਿਹੀ ਨੀਂਦ ਨਹੀਂ ਆਈ ਜਿਸ ਤਰਾਂ ਦੀ ਇਸ ਪੁਲ ਦੇ ਥੱਲੇ ਧਰਤੀ ਦੀ ਗੋਦ ਵਿੱਚ ਆਈ ਹੈ। ਅਜਿਹਾ ਆਰਾਮ ਤਾਂ ਪਹਿਲੀ ਵਾਰ ਮਿਲਿਆ ਹੈ।"

ਸ. ਪ੍ਰੇਮ ਸਿੰਘ ਜੀ ਆਪਣੇ ਮਨ ਦੀ ਅਵਸਥਾ ਦੱਸ ਰਹੇ ਸਨ ਤੇ ਆਪਣੇ ਹਿਰਦੇ ਵਿੱਚ ਸੋਚ ਰਹੇ ਸਨ ਕਿ ਬਾਣੀ ਵਿੱਚ ਇਹ ਗੱਲ ਤਾਂ ਪੜ੍ਹੀ ਹੈ ਕਿ ਜਿੱਥੇ ਗੁਰੂ ਜਾ ਕੇ ਬੈਠਦਾ ਹੈ, ਉਹ ਸਥਾਨ ਸੁਹਾਵਾ ਹੋ ਜਾਂਦਾ ਹੈ ਪਰ ਜਿੱਥੇ ਗੁਰੂ ਕੇ ਸਿੰਘ ਨਾਮ ਅਭਿਆਸੀ ਤੇ ਬ੍ਰਹਮਗਿਆਨੀ ਜਾ ਕੇ ਨਾਮ ਜੱਪਦੇ ਹਨ ਉਹ ਜਗ੍ਹਾ ਵੀ ਬਹੁਤ ਸੁਹਾਵਣੀ ਤੇ ਪਵਿੱਤਰ ਬਣ ਜਾਂਦੀ ਹੈ।

ਸ. ਸੁਬੇਗ ਸਿੰਘ ਜੀ ਦਾ ਭਾਈ ਤਾਰੂ ਸਿੰਘ ਕੋਲ ਆਉਣਾ

ਅਜੇ ਇਹ ਗੱਲ ਸੋਚ ਹੀ ਰਹੇ ਸਨ ਕਿ ਭਾਈ ਸੋਭਾ ਸਿੰਘ ਜੀ ਵੀ ਪ੍ਰਸ਼ਾਦਾ ਤੇ ਮਲ੍ਹਮ-ਪੱਟੀ ਦਾ ਸਮਾਨ ਲੈ ਕੇ ਪਹੁੰਚ ਗਏ। ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਤੇ ਸ. ਪ੍ਰੇਮ ਸਿੰਘ ਜੀ ਨੂੰ ਬਚਨ ਕਰਦੇ ਹੋਏ ਸਮਝਾਇਆ, "ਗੁਰਮੁਖੋ! ਰਾਤ ਦਾ ਤੀਸਰਾ ਪਹਿਰ ਮਨੁੱਖ ਦੇ ਜਾਗਣ ਦਾ ਹੈ। ਜੇ ਮਨੁੱਖ ਤੀਸਰੇ ਪਹਿਰ ਵਿੱਚ ਨਹੀਂ ਜਾਗਦਾ ਤਾਂ ਸਵੇਰੇ ਮੁਰਗੇ ਬਾਂਗ ਦਿੰਦੇ ਹਨ ਕਿ ਹੇ ਮਨੁੱਖ ਤੂੰ ਜਾਗ ਜਾ, ਹੁਣ ਤਾਂ ਅਸੀਂ ਵੀ ਜਾਗ ਗਏ ਹਾਂ। ਜੇ ਮਨੁੱਖ ਫਿਰ ਵੀ ਨਹੀਂ ਉੱਠਦਾ ਤਾਂ ਚਿੜੀਆਂ-ਪੰਛੀ

ਸ਼ੋਰ ਕਰਦੇ ਹਨ ਤੇ ਕਹਿੰਦੇ ਹਨ ਕਿ ਹੇ ਬੰਦਿਆ! ਹੁਣ ਤਾਂ ਉੱਠ ਜਾ ਕਿਉਂਕਿ ਹੁਣ ਤਾਂ ਅਸੀਂ ਵੀ ਸਿਮਰਨ ਕਰਨ ਲੱਗ ਗਏ ਹਾਂ। ਜੇ ਮਨੁੱਖ ਫਿਰ ਵੀ ਨਾ ਜਾਗੇ ਤਾਂ ਪਸ਼ੂ-ਜਾਨਵਰ, ਮੱਝਾਂ-ਗਾਵਾਂ, ਘੋੜੇ ਆਦਿ ਆਪਣੇ ਖੁਰਾਂ ਨਾਲ ਖੜਕਾ ਕਰ ਕੇ ਮਨੁੱਖ ਨੂੰ ਉਠਾਉਂਦੇ ਹਨ ਕਿ ਹੇ ਮਨੁੱਖ ਜਾਤ! ਤੂੰ ਤਾਂ ਸਾਡੇ ਨਾਲੋਂ ਵੀ ਪਛੜ ਗਿਆ ਹੈਂ। ਜੇ ਬੰਦਾ ਸੂਰਜ ਚੜ੍ਹਨ ਤੋਂ ਬਾਅਦ ਜਾਗਦਾ ਹੈ ਤਾਂ ਉਹ ਪੰਛੀਆਂ,ਜਾਨਵਰਾਂ ਤੋਂ ਵੀ ਪਿਛਲੀ ਕਤਾਰ ਵਿੱਚ ਖਲੋਤਾ ਹੈ।"

ਭਾਈ ਤਾਰੂ ਸਿੰਘ ਜੀ ਇਹ ਬਚਨ ਕਰ ਰਹੇ ਸਨ ਕਿ ਜਿਸ ਸਿੰਘ ਦੀ ਕੱਲ੍ਹ ਤੋਂ ਉਡੀਕ ਸੀ ਉਹ ਸਿੰਘ ਸ. ਸੁਬੇਗ ਸਿੰਘ ਭਾਈ ਸਾਹਿਬ ਜੀ ਦੇ ਕੋਲ ਪਹੁੰਚ ਗਿਆ ਤੇ ਆ ਕੇ ਭਾਈ ਸਾਹਿਬ ਜੀ ਤੇ ਦੋਵਾਂ ਸਿੰਘਾਂ ਨੂੰ ਫ਼ਤਿਹ ਬੁਲਾਈ। ਭਾਈ ਸਾਹਿਬ ਜੀ ਨੇ ਦੋਵਾਂ ਸਿੰਘਾਂ ਨੇ ਫ਼ਤਿਹ ਦਾ ਜੁਆਬ ਦਿੱਤਾ। ਜਦੋਂ ਸ. ਸੁਬੇਗ ਸਿੰਘ ਨੇ ਆ ਕੇ ਇੱਕਦਮ ਫ਼ਤਿਹ ਬੁਲਾਈ ਤਾਂ ਭਾਈ ਤਾਰੂ ਸਿੰਘ, ਭਾਈ ਸੋਭਾ ਸਿੰਘ ਤੇ ਸ.ਪ੍ਰੇਮ ਸਿੰਘ ਹੱਥ ਜੋੜ ਕੇ ਖੜ੍ਹੇ ਹੋ ਗਏ। ਇਸ ਦਾ ਕਾਰਨ ਸੀ ਕਿ ਭਾਈ ਤਾਰੂ ਸਿੰਘ ਦੀ ਉਮਰ ੨੫ ਸਾਲ ਦੀ ਸੀ, ਸੋਭਾ ਸਿੰਘ ਜੀ ਦੀ ਉਮਰ ੩੫ ਸਾਲ ਦੀ ਸੀ ਤੇ ਸ. ਪ੍ਰੇਮ ਸਿੰਘ ਜੀ ਦੀ ਉਮਰ ਵੀ ੩੯ ਸਾਲ ਦੇ ਕਰੀਬ ਸੀ ਤੇ ਦੂਸਰੇ ਪਾਸੇ ਸ. ਸੁਬੇਗ ਸਿੰਘ ਜੀ ਉਮਰ ੪੫ ਸਾਲ ਦੀ ਸੀ। ਇਸ ਤਰਾਂ ਇੱਕ ਤਾਂ ਸ. ਸੁਬੇਗ ਸਿੰਘ ਉਮਰ ਵਿੱਚ ਵੱਡੇ ਸਨ ਤੇ ਦੂਸਰੀ ਗੱਲ ਇਹ ਕਿ ਭਾਈ ਸੋਭਾ ਸਿੰਘ ਜੀ ਇਹਨਾਂ ਦੀ ਉਸਤਤ ਵਿੱਚ ਕੋਈ ਕਮੀ ਨਹੀਂ ਛੱਡੀ ਸੀ ਇਸ ਲਈ ਜਦੋਂ ਸ. ਸਬੇਗ ਸਿੰਘ ਜੀ ਆਏ ਤਾਂ ਸਤਿਕਾਰ ਵਜੋਂ ਭਾਈ ਸਾਹਿਬ ਜੀ ਨੇ ਖੜ੍ਹਾ ਹੋਣਾ ਆਪਣਾ ਧਰਮ ਸਮਝਿਆ ਤੇ ਇਸ ਗੱਲ ਨੂੰ ਸ. ਸੋਭਾ ਸਿੰਘ ਤੇ ਸ. ਪ੍ਰੇਮ ਸਿੰਘ ਜੀ ਨੇ ਵੀ ਮੰਨਿਆ।

ਉੱਧਰ ਸ.ਸੁਬੇਗ ਸਿੰਘ ਜੀ ਨੇ ਵੀ ਭਾਈ ਤਾਰੂ ਸਿੰਘ ਜੀ ਬਾਰੇ ਸੁਣਿਆ ਸੀ ਕਿ ਇੱਕ ਗਭੱਰੂ ਨੌਜਵਾਨ ਨੇ ਸੂਬੇ ਜ਼ਕਰੀਏ ਨੂੰ ਹਿਲਾ ਕੇ ਰੱਖ ਦਿੱਤਾ ਹੈ। ਖੋਪਰੀ ਤਾਂ ਉਤਰਵਾ ਲਈ ਪਰ ਧਰਮ ਨਹੀਂ ਛੱਡਿਆ। ਸ. ਸਬੇਗ ਸਿੰਘ ਨੇ ਇਹ ਵੀ ਸੁਣਿਆ ਸੀ ਕਿ ਇਸ ਨੌਜਵਾਨ ਨੇ ਜੋ ਜੋ ਕਿਹਾ ਸੀ ਉਹ ਸੱਚ ਹੋਇਆ ਤੇ ਇਸ ਨੇ ਜ਼ਕਰੀਏ ਨੂੰ ਇਹ ਵੀ ਕਿਹਾ ਕਿ ਜੇ ਮੈਂ ਜਾਵਾਂਗਾ ਤਾਂ ਤੈਨੂੰ ਨਾਲ ਲੈ ਕੇ ਹੀ ਜਾਵਾਂਗਾ।

ਸ.ਸੁਬੇਗ ਸਿੰਘ ਜੀ ਆਉਂਦਿਆ ਹੀ ਭਾਈ ਸਾਹਿਬ ਜੀ ਅੱਗੇ ਹੱਥ ਜੋੜ ਕੇ ਬੇਨਤੀ ਕਰਨ ਲਗੇ, "ਮੇਰੇ ਗੁਰੂ ਕੇ ਲਾਲ! ਤੇਰੀ ਜਿੱਤ ਹੈ। ਵੈਦ, ਹਕੀਮ, ਜੰਤਰ-ਤੰਤਰ ਤੇ ਕਲਾਮਾਂ ਪੜ੍ਹਨ ਵਾਲੇ ਸਾਰੇ ਜ਼ੋਰ ਲਾ ਕੇ ਥੱਕ ਗਏ ਹਨ ਪਰ ਜ਼ਕਰੀਏ ਨੂੰ ਕੋਈ ਵੀ ਠੀਕ ਨਹੀਂ ਕਰ ਸਕਿਆ ਸਗੋਂ ਉਸਦੀ ਤਕਲੀਫ ਦਿਨ-ਬ-ਦਿਨ ਵਧਦੀ ਹੀ ਜਾ ਰਹੀ ਹੈ। ਸਾਰੀਆਂ ਦੁਆਈਆਂ ਤੇ ਦੁਆਵਾਂ ਬੇ ਅਸਰ ਹੋ ਗਈਆਂ ਹਨ। ਉੱਧਰ ਹਰਿਭਗਤ ਨਿਰੰਜਣੀਆ ਵੀ ਦਰਦ ਨਾਲ ਤੜਫ ਰਿਹਾ ਹੈ। ਸਾਰੇ ਸਰੀਰ ਵਿੱਚ ਖੂਨ ਤੇ ਪਾਰ (ਮਵਾਦ) ਚੱਲ ਪਈ ਹੈ। ਮੰਜੇ ਤੇ ਪਿਆ ਮੌਤ ਨੂੰ ਉਡੀਕ ਰਿਹਾ ਹੈ ਪਰ ਮੌਤ ਨਹੀਂ ਆ ਰਹੀ। ਅਸਲੀ ਗੁਣਾਹਗਾਰ ਤਾਂ ਉਹੀ ਹੈ। ਨਵਾਬ ਦੀ ਇਹੀ ਗਲਤੀ ਹੈ ਕਿ ਉਸਨੇ ਉਸਦਾ ਕਹਿਣਾ ਮੰਨਿਆ। ਮੇਰੇ ਗੁਰੂ ਕੇ ਲਾਲ ਜੀ! ਹੁਣ ਜ਼ਕਰੀਆ ਇੰਨੇ ਦੁੱਖ ਭੋਗ ਚੁੱਕਾ ਹੈ ਕਿ ਕਦੇ ਪਲੰਘ 'ਤੇ ਅਤੇ ਕਦੇ ਜ਼ਮੀਨ ਤੇ

ਉੱਥਲ-ਪੁੱਥਲ ਹੋ ਰਿਹਾ ਹੈ। ਮੂੰਹ ਅਤੇ ਪੈਰਾਂ ਤੇ ਇੰਨੀ ਸੋਜ਼ ਹੈ ਕਿ ਮੈਂ ਤਾਂ ਪਛਾਣ ਹੀ ਨਹੀਂ ਸਕਿਆ। ਉਸਦੇ ਪੁੱਤਰ ਯਾਫ਼ਰ ਖ਼ਾਂ ਦੀ ਮੌਤ ਨੇ ਤਾਂ ਉਸਦਾ ਲੱਕ ਹੀ ਤੋੜ ਦਿੱਤਾ ਹੈ। ਸਾਰਾ ਪਰਿਵਾਰ ਹੀ ਅੱਲ੍ਹਾ-ਤਾਲਾ ਦੀ ਤੌਬਾ ਕਰ ਰਿਹਾ ਹੈ, ਮੇਰੇ ਗੁਰੂ ਕੇ ਲਾਲ ਜੀ ਤੁਹਾਡੇ 'ਤੇ ਉਸਨੇ ਬਹੁਤ ਜ਼ੁਲਮ ਕੀਤੇ ਹਨ, ਤੇ ਹੁਣ ਉਸਨੇ ਤੁਹਾਡੇ ਇਲਾਜ਼ ਵਾਸਤੇ ਸ਼ਾਹੀ ਹਕੀਮਾਂ ਨੂੰ ਵੀ ਹੁਕਮ ਦਿੱਤਾ ਹੈ।"

ਭਾਈ ਸਾਹਿਬ ਜੀ ਸ.ਸੁਬੇਗ ਸਿੰਘ ਜੀ ਦੀ ਸਾਰੀ ਗੱਲ ਬੜੇ ਪਿਆਰ ਨਾਲ ਸੁਣਦੇ ਰਹੇ ਤੇ ਜਦੋਂ ਸ.ਸੁਬੇਗ ਸਿੰਘ ਜੀ ਆਪਣੀ ਗੱਲ ਕਹਿ ਕੇ ਚੁੱਪ ਕਰ ਗਏ ਤਾਂ ਭਾਈ ਸਾਹਿਬ ਜੀ ਬਹੁਤ ਪਿਆਰ ਨਾਲ ਆਖਣ ਲੱਗੇ, "ਜਿਹੜੇ ਸ਼ਾਹੀ ਹਕੀਮ ਇੰਨੇ ਵੱਡੇ ਨਵਾਬ ਨੂੰ ਠੀਕ ਨਹੀਂ ਕਰ ਸਕੇ ਉਹ ਮੈਨੂੰ ਕਿਵੇਂ ਠੀਕ ਕਰਨਗੇ? ਮੈਂ ਤਾਂ ਕਦੋਂ ਦਾ ਵਾਹਿਗੁਰੂ ਨੂੰ ਪਿਆਰਾ ਹੋ ਜਾਣਾ ਸੀ ਪਰ ਉਸ ਅਕਾਲ ਪੁਰਖ ਦਾ ਅਜੇ ਹੁਕਮ ਹੀ ਨਹੀਂ ਸੀ ਤੇ ਵਾਹਿਗੁਰੂ ਜੀ ਨੇ ਵੱਡੇ ਵੀਰ ਭਾਈ ਸੋਭਾ ਸਿੰਘ ਜੀ ਦੀ ਮੈਨੂੰ ਸੰਭਾਲਣ ਦੀ ਡਿਊਟੀ ਲਗਾ ਦਿੱਤੀ ਤੇ ਮੈਂ ਹੁਣ ਠੀਕ ਹੋ ਰਿਹਾ ਹਾਂ।"

ਭਾਈ ਸਾਹਿਬ ਜੀ ਦੀ ਗੱਲ ਸੁਣ ਕੇ ਭਾਈ ਸੋਭਾ ਸਿੰਘ ਜੀ ਹੱਥ ਜੋੜ ਕੇ ਬੇਨਤੀ ਕਰਨ ਲੱਗੇ, "ਨਹੀਂ ਭਾਈ ਸਾਹਿਬ ਜੀ!ਮੈਨੂੰ ਇੰਨੀ ਵਡਿਆਈ ਨਾ ਦੇਵੋ, ਮੇਰੇ ਵਿੱਚ ਆਪ ਨੂੰ ਸੰਭਾਲਣ ਦੀ ਕੋਈ ਤਾਕਤ ਨਹੀਂ ਹੈ। ਇਹ ਤਾਂ ਤੁਸੀਂ ਆਪਣੀ ਸੇਵਾ ਦਾਸ ਤੋਂ ਆਪ ਹੀ ਲਈ ਹੈ।"

ਭਾਈ ਸੋਭਾ ਸਿੰਘ ਜੀ ਦੀ ਗੱਲ ਸੁਣ ਕੇ ਸ.ਸੁਬੇਗ ਸਿੰਘ ਜੀ ਦਾ ਮਨ ਪਿਆਰ ਨਾਲ ਭਿੱਜ ਗਿਆ ਤੇ ਹੱਥ ਜੋੜ ਬੇਨਤੀ ਕਰਨ ਲੱਗੇ, "ਮੇਰੇ ਗੁਰੂ ਕੇ ਲਾਲ ਜੀਓ! ਜਿਵੇਂ ਆਪ ਜੀ ਦਾ ਹੁਕਮ ਹੋਵੇਗਾ ਉਸੇ ਤਰਾਂ ਹੀ ਹੋਵੇਗਾ। ਜ਼ਕਰੀਆ ਖ਼ਾਨ ਆਪਣੇ ਕੀਤੇ ਹੋਏ ਕਰਮਾਂ 'ਤੇ ਬਹੁਤ ਸ਼ਰਮਸਾਰ ਹੈ ਤੇ ਹੁਣ ਉਹ ਆਪ ਜੀ ਤੋਂ ਮੁਆਫ਼ੀ ਮੰਗ ਰਿਹਾ ਹੈ। ਉਸਨੇ ਇਹ ਵੀ ਬੇਨਤੀ ਭੇਜੀ ਹੈ ਕਿ ਜੇ ਗੁਰੂ ਕਾ ਸਿੱਖ ਮੇਰੀ ਸਿਹਤ ਠੀਕ ਹੋਣ ਦੀ ਅਰਦਾਸ ਕਰੇਗਾ ਤਾਂ ਹੀ ਉਸ ਨੂੰ ਇਸ ਪੀੜਾ ਤੋਂ ਛੁਟਕਾਰਾ ਮਿਲ ਸਕਦਾ ਹੈ ਤੇ ਜੋ ਉਸ ਸਮੇਂ ਗੁੱਸੇ ਨਾਲ ਜ਼ਕਰੀਏ ਨੇ ਜੁੱਤੀ ਮਾਰਨ ਦੀ ਗੱਲ ਕਹੀ ਸੀ,ਉਸ ਬਾਰੇ ਵੀ ਉਸਨੇ ਇਹ ਸੁਨੇਹਾ ਭੇਜਿਆ ਹੈ,ਉਹ ਆਪ ਜੀ ਦੀਆਂ ਜੁੱਤੀਆਂ ਖਾਣ ਲਈ ਵੀ ਤਿਆਰ ਹੈ ਪਰ ਅੱਲ੍ਹਾ ਮੇਰਾ ਗੁਨਾਹ ਮੁਆਫ਼ ਕਰ ਦੇਵੇ ਤੇ ਇਸ ਪੀੜਾ ਤੋਂ ਨਿਜ਼ਾਤ ਮਿਲ ਜਾਵੇ।"

ਭਾਈ ਤਾਰੂ ਸਿੰਘ ਪੂਹਲੇ ਨੇ ਬਹੁਤ ਹੀ ਸਤਿਕਾਰ ਨਾਲ ਬੇਨਤੀ ਕੀਤੀ, "ਸਰਦਾਰ ਜੀ! ਤੁਸੀਂ ਮੇਰੇ ਪਿਤਾ ਦੀ ਉਮਰ ਦੇ ਹੋ ਤੇ ਮੈਂ ਆਪ ਜੀ ਦਾ ਬੱਚਾ ਹਾਂ। ਫਿਰ ਤੁਸੀਂ ਗੁਰੂ ਕੇ ਸਿੰਘ ਵੀ ਹੋ ਤੇ ਗੁਰੂ ਘਰ ਦੀ ਹਰ ਮਰਿਯਾਦਾ ਨੂੰ ਜਾਣਦੇ ਹੋ ਤੇ ਫਿਰ ਜੋ ਆਪ ਜੀ ਦੀ ਰਸਨਾ ਤੋਂ ਬੋਲ ਆਏ ਹਨ ਕਿ ਮੈਂ ਖਾਨ ਨੂੰ ਮੁਆਫ ਕਰ ਦੇਵਾਂ, ਇਸਦਾ ਮਤਲਬ ਇਹੀ ਹੋਵੇਗਾ ਕਿ ਜਿਸ ਤਕਲੀਫ ਨਾਲ ਖਾਨ ਤੜਫ ਰਿਹਾ, ਉਹ ਸਜ਼ਾ ਉਸਨੂੰ ਮੈਂ ਦਿੱਤੀ ਹੈ। ਨਹੀਂ ਨਹੀਂ ਤੁਸੀਂ ਭੁਲੇਖੇ ਵਿੱਚ ਹੋ, ਮੇਰੇ ਵਿੱਚ ਕਿਸੇ ਨੂੰ ਸਜ਼ਾ ਦੇਣ ਦੀ ਕੋਈ ਤਾਕਤ ਨਹੀਂ ਹੈ ਤੇ ਨਾਂ ਹੀ ਮੈਂ ਉਸਨੂੰ ਇਸ ਸਜ਼ਾ ਦਿੱਤੀ ਹੈ, ਫਿਰ ਮੈਂ ਉਸਨੂੰ ਕਿਸ ਸਜ਼ਾ ਦੇ ਬਦਲੇ ਮੁਆਫ ਕਰਾਂ। ਇਸ

ਨਾਟਕ-ਚੇਟਕ ਤੋਂ ਤਾਂ ਸਾਨੂੰ ਸਾਡੇ ਗੁਰੂ ਜੀ ਨੇ ਵਰਜਿਆ ਹੈ ਤੇ ਕਰਾਮਾਤ ਨੂੰ ਕਹਿਰ ਦਾ ਨਾਮ ਆਖਿਆ ਹੈ ਤੇ ਜੇ ਕੋਈ ਅਜਿਹਾ ਕਰਦਾ ਹੈ ਤਾਂ ਉਹ ਗੁਰੂ ਕਾ ਸਿੱਖ ਨਹੀਂ ਹੋ ਸਕਦਾ ਹੈ। ਸਿੱਖੀ ਅੰਦਰ ਸਾਨੂੰ ਸਾਡੇ ਗੁਰੂ ਨੇ ਇਹੀ ਸਿੱਖਿਆ ਦਿੱਤੀ ਹੈ। ਆਪ ਜੀ ਨੇ ਸਿੱਖ ਇਤਿਹਾਸ ਦੇ ਦਰਸ਼ਨ ਤਾਂ ਕੀਤੇ ਹੀ ਹਨ। ਜੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਐਸਾ ਕੁਝ ਕਰਨਾ ਚਾਹੁੰਦੇ ਤਾਂ ਬਹੁਤ ਕੁਝ ਕਰਨ ਦੀ ਹਿੰਮਤ ਰੱਖਦੇ ਸਨ। ਧਰਤ-ਪਾਤਾਲ ਤੇ ਆਕਾਸ਼ ਇੱਕ ਕਰ ਸਕਦੇ ਸਨ ਪਰ ਉਨ੍ਹਾਂ ਨੇ ਅਜਿਹਾ ਕੁਝ ਨਹੀਂ ਕੀਤਾ। ਉਹ ਆਪਣੇ ਪਿਆਰੇ-ਪਿਆਰੇ ਸਿੱਖਾਂ ਦੀ ਝੋਲੀ ਵਿੱਚ ਅਜਰ ਦਾਤ ਪਾਉਣਾ ਚਾਹੁੰਦੇ ਸਨ ਕਿ ਰਿੱਧੀਆਂ-ਸਿੱਧੀਆਂ ਤਾਂ ਸਿੱਖ ਦੇ ਪਿੱਛੇ-ਪਿੱਛੇ ਹੱਥ ਜੋੜ ਕੇ ਖੜੀਆਂ ਹਨ। ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ ਤੇ ਉਸ ਅਕਾਲ-ਪੁਰਖ ਦੀ ਰਜ਼ਾ ਵਿੱਚ ਰਹਿਣਾ ਹੈ ਤੇ ਇਹੀ ਸਬਕ ਸਾਨੂੰ ਦਿੱਤਾ ਹੈ। ਜੇ ਅਸੀ ਆਪਣੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਭੁੱਲ ਜਾਈਏ ਤਾਂ ਗੁਰੂ ਕੇ ਸਿੰਘ ਕਿਵੇਂ ਅਖਵਾ ਸਕਦੇ ਹਾਂ।"

ਸ. ਸੁਬੇਗ ਸਿੰਘ ਜੀ ਚੁੱਪ-ਚਾਪ ਭਾਈ ਤਾਰੂ ਸਿੰਘ ਜੀ ਦੁਆਰਾ ਕੀਤੇ ਜਾ ਰਹੇ ਬਚਨਾਂ ਨੂੰ ਸੁਣ ਰਹੇ ਸਨ। ਉਹਨਾਂ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਗੁਰੂ ਆਪ ਸਾਹਮਣੇ ਬੈਠਾ ਹੈ ਤੇ ਇਹ ਬਚਨ ਕਰ ਰਿਹਾ ਹੈ। ਭਾਈ ਤਾਰੂ ਸਿੰਘ ਜੀ ਦੇ ਮੁੱਖ 'ਚੋਂ ਨਿਕਲ ਰਹੇ ਬਚਨਾਂ ਨੂੰ ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਵੀ ਬਹੁਤ ਆਨੰਦ ਭਰਪੂਰ ਨਾਲ ਸੁਣ ਰਹੇ ਸਨ।

ਭਾਈ ਤਾਰੂ ਸਿੰਘ ਜੀ ਨੇ ਅੱਗੇ ਬੇਨਤੀ ਕੀਤੀ, "ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਮੱਖਣ ਸ਼ਾਹ ਲੁਬਾਣੇ ਦੀ ਅਰਦਾਸ ਸੁਣ ਕੇ ਉਸਦਾ ਬੇੜਾ ਕੰਢੇ ਲਾਇਆ ਸੀ ਤਾਂ ਉਸ ਵਿੱਚ ਪਾਤਸ਼ਾਹ ਜੀ ਨੇ ਅਨੇਕਾਂ ਦੁਖੀਆਂ ਦੇ ਦੁੱਖ ਦੂਰ ਕੀਤੇ ਸਨ ਤੇ ਅੱਜ ਵੀ ਕੋਈ ਸਿੱਖ ਉਸੇ ਮਨ ਨਾਲ ਗੁਰੂ ਚਰਨਾਂ ਵਿੱਚ ਅਰਦਾਸ ਕਰੇ ਤਾਂ **'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ'** ਵਾਲਾ ਬਚਨ ਸੱਚ ਹੁੰਦਾ ਹੈ ਤੇ ਇਹ ਨੌਂ ਨਿੱਧੀਆਂ ਤੇ ਅਠ੍ਹਾਰਾਂ ਸਿੱਧੀਆਂ ਉਸਦੇ ਪਿੱਛੇ-ਪਿੱਛੇ ਫਿਰਦੀਆਂ ਹਨ। ਗੁਰੂ ਜੀ ਨੇ ਸਾਨੂੰ ਇਹੀ ਸਿਖਾਇਆ ਹੈ ਕਿ ਜ਼ਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਦਾਦੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚੱਲ ਕੇ ਗੁਰੂ ਕਾ ਭਾਣਾ ਮਿੱਠਾ ਕਰਕੇ ਮੰਨਿਆ ਹੈ। ਜਦੋਂ ਭਾਈ ਮਨੀ ਸਿੰਘ ਜੀ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਦੇ ਸਨ ਤਾਂ ਗੁਰੂ ਦੀ ਮੱਤ ਦ੍ਰਿੜ ਕਰਵਾ ਕੇ ਕਹਿੰਦੇ ਸਨ ਕਿ ਅੱਜ ਤੋਂ ਬਾਅਦ ਤੁਹਾਡੇ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਤੇ ਮਾਤਾ ਸਾਹਿਬ ਕੌਰ ਜੀ ਹਨ ਤੇ ਤੁਸੀਂ ਆਨੰਦਪੁਰ ਦੇ ਵਾਸੀ ਹੋ। ਸਰਦਾਰ ਸਾਹਿਬ ਜੀ ਹੁਣ ਤੁਸੀਂ ਹੀ ਮੈਨੂੰ ਦੱਸੋ ਕਿ ਜੇ ਅਸੀਂ ਆਪਣੇ ਦਾਦੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਏ ਪੂਰਨਿਆਂ ਨੂੰ ਭੁੱਲ ਜਾਈਏ ਤਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਸਪੁੱਤਰ ਕਿਵੇਂ ਅਖਵਾਵਾਂਗੇ ? ਇਸ ਲਈ ਮੇਰੀ ਬੇਨਤੀ ਹੈ ਕਿ ਨਵਾਬ ਜ਼ਕਰੀਏ ਖਾਨ ਦੀ ਮੁਆਫੀ ਮੇਰੇ ਕੋਲ ਮੰਗਣ ਨਾ ਆਵੇ। ਜੇ ਉਸਨੂੰ ਕੋਈ ਮੁਆਫ ਕਰ ਸਕਦਾ ਹੈ ਤਾਂ ਉਹ ਹੈ

ਗੁਰੂ ਜਾਂ ਗੁਰੂ ਦਾ ਸਾਜਿਆ ਹੋਇਆ ਪੰਥ। ਮੇਰੇ ਅੰਦਰ ਕੋਈ ਤਾਕਤ ਨਹੀ ਕਿਸ ਨੂੰ ਸਜ਼ਾ ਦੇਣ ਜਾਂ ਮੁਆਫ ਕਰਨ ਦੀ।"

ਸਰਦਾਰ ਸੁਬੇਗ ਸਿੰਘ ਜੀ ਨੇ ਬਚਨ ਸੁਣ ਕੇ ਬੇਨਤੀ ਕੀਤੀ,"ਭਾਈ ਸਾਹਿਬ ਜੀ, ਜਿਵੇਂ ਆਪ ਜੀ ਦਾ ਹੁਕਮ ਹੋਵੇਗਾ, ਉਸੇ ਤਰਾਂ ਹੀ ਹੋਵੇਗਾ ਤੇ ਆਪ ਜੀ ਦਾ ਹੁਕਮ ਸੱਤ ਬਚਨ ਹੈ। ਮੈਨੂੰ ਵੀ ਸੇਵਾ ਦਾ ਮੌਕਾ ਬਖਸ਼ੋ, ਮੇਰੇ ਘਰ ਚੱਲੋ ਤੇ ਉੱਥੇ ਚਲ ਕੇ ਰਹੋ।"

ਭਾਈ ਤਾਰੂ ਸਿੰਘ ਜੀ ਆਖਣ ਲੱਗੇ,"ਤੁਸੀਂ ਸਰਕਾਰੀ ਕਰਮਚਾਰੀ ਹੋ ਤੇ ਸਾਡੇ ਕਰਕੇ ਕਿਸੇ ਸਿੱਖ ਨੂੰ ਤਕਲੀਫ ਹੋਵੇ, ਇਹ ਸਾਨੂੰ ਮਨਜ਼ੂਰ ਨਹੀਂ। ਤੁਹਾਡੇ ਤੋਂ ਪਹਿਲਾਂ ਭਾਈ ਸੋਭਾ ਸਿੰਘ ਜੀ ਨੇ ਵੀ ਕਈ ਵਾਰ ਕਿਹਾ ਹੈ ਪਰ ਮੈਂ ਆਪਣੇ ਕਰਕੇ ਕਿਸੇ ਸਿੱਖ ਨੂੰ ਤਕਲੀਫ ਨਹੀਂ ਦ ਸਕਦਾ, ਇਸ ਲਈ ਅਸੀਂ ਇੱਥੇ ਹੀ ਠੀਕ ਹਾਂ। ਆਪ ਜੀ ਦਾ ਬਹੁਤ-ਬਹੁਤ ਧੰਨਵਾਦ ਹੈ ਜੋ ਆਪ ਜੀ ਨੇ ਮੈਨੂੰ ਇਸ ਲਾਇਕ ਸਮਝਿਆ ਹੈ। ਗੁਰੂ ਪਾਤਸ਼ਾਹ ਅੱਗੇ ਅਰਦਾਸ ਕਰੋ ਕਿ ਉਹ ਮੈਨੂੰ ਵੀ ਬਖਸ਼ ਲਏ।" ਭਾਈ ਸਾਹਿਬ ਜੀ ਦੇ ਬਚਨ ਸੁਣ ਕੇ ਸ.ਸੁਬੇਗ ਸਿੰਘ ਸਮਝ ਗਏ ਕਿ ਪਹਿਲਾਂ ਭਾਈ ਸਾਹਿਬ ਜੀ ਦਾ ਇਹ ਅਸਥਾਨ ਬਦਲਿਆ ਜਾਵੇ ਤੇ ਤੁਰੰਤ ਬੇਨਤੀ ਕੀਤੀ,"ਭਾਈ ਸਾਹਿਬ ਜੀ ਇੱਕ ਬੇਨਤੀ ਮੈਂ ਆਪ ਜੀ ਨੂੰ ਕਰਨੀ ਹੈ, ਉਹ ਇਹ ਕਿ ਜੇ ਤੁਸੀਂ ਮੇਰੇ ਘਰ ਨਹੀਂ ਜਾਣਾ ਤਾਂ ਲਾਹੌਰ ਦੀ ਇੱਕ ਧਰਮਸ਼ਾਲਾ ਵਿੱਚ ਆਪ ਜੀ ਦੇ ਰਹਿਣ ਦਾ ਪ੍ਰਬੰਧ ਕਰ ਦਿੰਦੇ ਹਾਂ। ਬੇਨਤੀ ਹੈ ਕਿ ਇਹ ਸੇਵਾ ਆਪ ਜੀ ਜ਼ਰੂਰ ਪ੍ਰਵਾਨ ਕਰੋ। ਇਹ ਮੈਂ ਆਪਣੇ ਵੱਲੋਂ ਆਪ ਜੀ ਨੂੰ ਬੇਨਤੀ ਕੀਤੀ ਹੈ। ਕਿਰਪਾ ਕਰਕੇ ਆਪਣੇ ਗੁਰੂ ਕੇ ਸਿੱਖ ਦੀ ਬੇਨਤੀ ਨੂੰ ਮੋੜਿਓ ਨਾ।"

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਵੱਲ ਦੇਖਿਆ ਤਾਂ ਉਹ ਵੀ ਇਹ ਬੇਨਤੀ ਵਿੱਚ ਖ਼ੁਸ਼ ਸਨ ਤੇ ਭਾਈ ਸਾਹਿਬ ਜੀ ਨੇ ਆਗਿਆ ਦੇ ਦਿੱਤੀ। ਸ. ਸੁਬੇਗ ਸਿੰਘ ਜੀ ਤੇ ਭਾਈ ਸੋਭਾ ਸਿੰਘ ਜੀ ਭਾਈ ਤਾਰੂ ਸਿੰਘ ਜੀ ਇਸ ਫੈਸਲੇ ਨਾਲ ਬਹੁਤ ਖ਼ੁਸ਼ ਹੋਏ ਤੇ ਭਾਈ ਸਾਹਿਬ ਜੀ ਤੋਂ ਆਗਿਆ ਲੈ ਕੇ ਵਾਪਸ ਇੰਤਜ਼ਾਮ ਕਰਨ ਚਲੇ ਗਏ ਤੇ ਸ. ਪ੍ਰੇਮ ਸਿੰਘ ਭਾਈ ਸਾਹਿਬ ਜੀ ਦੇ ਕੋਲ ਹੀ ਰਹੇ ਤੇ ਉਹਨਾਂ ਦੀ ਸੇਵਾ ਕਰਨ ਲੱਗੇ।

ਜਦੋਂ ਸ. ਸੁਬੇਗ ਸਿੰਘ ਜੀ ਭਾਈ ਸੋਭਾ ਸਿੰਘ ਜੀ ਨੂੰ ਨਾਲ ਲੈ ਕੇ ਧਰਮਸ਼ਾਲਾ ਵਿੱਚ ਭਾਈ ਤਾਰੂ ਸਿੰਘ ਦੇ ਠਹਿਰਨ ਦਾ ਇੰਤਜ਼ਾਮ ਕਰਨ ਆਏ ਸਨ ਤਾਂ ਸ.ਸੁਬੇਗ ਸਿੰਘ ਨੇ ਧਰਮਸ਼ਾਲਾ ਦੀ ਸਫਾਈ ਲਈ ਕੁਝ ਸਰਕਾਰੀ ਕਰਮਚਾਰੀ ਸਫਾਈ ਕਰਨ ਵਾਲੇ ਬੁਲਾ ਲਏ। ਸ.ਸੁਬੇਗ ਸਿੰਘ ਜੀ ਇੱਕ ਮਾਇਆ ਧਾਰੀ ਸਿੰਘ ਸਨ ਤੇ ਅੱਜ ਉਹ ਜੋ ਕੁਝ ਕਰ ਰਹੇ ਸਨ ਉਹ ਜ਼ਕਰੀਏ ਲਈ ਕਰ ਰਹੇ ਸਨ, ਇਸ ਲਈ ਉਹ ਇਹ ਧਰਮਸ਼ਾਲਾ ਨੂੰ ਇੱਕ ਸੋਹਣੇ ਮਹਿਲ ਦਾ ਰੂਪ ਦੇ ਕੇ ਅਤੇ ਇਸ ਵਿੱਚ ਸੰਸਾਰ ਦੇ ਸਾਰੇ ਸੁੱਖ ਭਰਕੇ ਭਾਈ ਤਾਰੂ ਸਿੰਘ ਜੀ ਨੂੰ ਖ਼ੁਸ਼ ਕਰਨਾ ਚਾਹੁੰਦੇ ਸਨ। ਜਦੋਂ ਉਨ੍ਹਾਂ ਅਜਿਹੀ ਰੂਪ-ਰੇਖਾ ਬਾਰੇ ਭਾਈ ਸੋਭਾ ਸਿੰਘ ਜੀ ਨਾਲ ਵਿਚਾਰ ਕੀਤੀ ਤਾਂ ਭਾਈ ਸੋਭਾ ਸਿੰਘ ਜੀ ਨੇ ਸ. ਸੁਬੇਗ ਸਿੰਘ ਜੀ ਦੀ ਬਾਂਹ ਫੜ ਲਈ ਤੇ ਇੱਕ ਪਾਸੇ ਜਾ ਕੇ

ਉਹਨਾਂ ਨੂੰ ਬੇਨਤੀ ਕਰਨ ਲੱਗੇ,"ਜਦੋਂ ਦਾ ਮੈਨੂੰ ਭਾਈ ਤਾਰੂ ਸਿੰਘ ਜੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਉਦੋਂ ਦਾ ਮੈਂ ਉਹਨਾਂ ਦੇ ਸੁਭਾਅ ਨੂੰ ਪਾਇਆ ਹੈ। ਇਸ ਸੇਵਾ ਤੋਂ ਮੈਨੂੰ ਸੰਪੂਰਨ ਗੁਰਸਿੱਖਾਂ ਦੀ ਰਹਿਣੀ-ਬਹਿਣੀ ਦਾ ਪਤਾ ਲੱਗਾ ਹੈ। ਇਸ ਲਈ ਜੋ ਤੁਸੀਂ ਇਹ ਸਭ ਕੁਝ ਕਰ ਰਹੇ ਹੋ,ਇਹ ਸਾਰਾ ਕੁਝ ਦੇਖ ਕੇ ਭਾਈ ਤਾਰੂ ਸਿੰਘ ਜੀ ਖੁਸ਼ ਨਹੀਂ ਹੋਣਗੇ ਅਤੇ ਇਹ ਵੀ ਹੋ ਸਕਦਾ ਹੈ ਕਿ ਇਹ ਸਾਰਾ ਕੁਝ ਦੇਖ ਕੇ ਉਹ ਇਸ ਨੂੰ ਜ਼ਕਰੀਏ ਦਾ ਜਾਲ ਸਮਝ ਕੇ ਧਰਮਸ਼ਾਲਾ ਦੇ ਅੰਦਰ ਹੀ ਨਾ ਜਾਣ ਤੇ ਤੁਸੀਂ ਦੇਖਦੇ ਹੀ ਰਹਿ ਜਾਓਗੇ ਅਤੇ ਭਾਈ ਸਾਹਿਬ ਜੀ ਮੁੜ ਉਸੇ ਪੁਲ ਥੱਲੇ ਚਲੇ ਜਾਣਗੇ। ਫਿਰ ਖੁਸ਼ੀ ਦੀ ਜਗ੍ਹਾ ਨਰਾਜ਼ਗੀ ਮਿਲੇਗੀ। "

ਸ.ਸੁਬੇਗ ਸਿੰਘ ਜੀ ਨੇ ਹੱਥ ਜੋੜ ਕੇ ਭਾਈ ਸੋਭਾ ਸਿੰਘ ਜੀ ਨੂੰ ਬੇਨਤੀ ਕੀਤੀ, "ਮੁਆਫ਼ ਕਰਨਾ ਸਿੰਘ ਸਾਹਿਬ ਜੀ !ਮੈਨੂੰ ਅਮੀਰੀ ਵਾਲੀਆਂ ਜੁਗਤਾਂ ਤਾਂ ਬਹੁਤ ਆਉਂਦੀਆਂ ਹਨ ਪਰ ਗ਼ਰੀਬੀ ਵਾਲੀਆਂ ਜੁਗਤਾਂ ਦਾ ਮੈਨੂੰ ਪਤਾ ਨਹੀਂ ਹੈ,ਕਿਰਪਾ ਕਰਕੇ ਆਪ ਹੀ ਸਮਝਾਉ ਕਿ ਕਿਸ ਤਰੀਕੇ ਨਾਲ ਭਾਈ ਤਾਰੂ ਸਿੰਘ ਜੀ ਖ਼ੁਸ਼ ਹੋ ਸਕਣਗੇ। "

ਭਾਈ ਸੋਭਾ ਸਿੰਘ ਜੀ ਕਹਿਣ ਲੱਗੇ, "ਸਵਾਲ ਅਮੀਰੀ ਜਾਂ ਗ਼ਰੀਬੀ ਦਾ ਨਹੀਂ ਹੈ, ਮੈਂ ਆਪ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਈ ਸਾਹਿਬ ਜੀ ਪਿੰਡ ਪੂਹਲੇ ਦੇ ਬਹੁਤ ਤਕੜੇ ਜ਼ਿਮੀਂਦਾਰ ਹਨ। ਸੈਂਕੜੇ ਏਕੜ ਜ਼ਮੀਨ ਹੈ। ਬਹੁਤ ਅਮੀਰ ਹਨ। ਘਰ ਵਿੱਚ ਹਮੇਸ਼ਾ ਗੁਰੂ ਕਾ ਲੰਗਰ ਲਗਾਉਂਦੇ ਹਨ ਤੇ ਹਜ਼ਾਰਾਂ ਹਿੰਦੂ-ਮੁਸਲਮਾਨ ਤੇ ਸਿੱਖ ਪ੍ਰਸ਼ਾਦਾ ਛਕ ਕੇ ਜਾਂਦੇ ਹਨ ਤੇ ਗੁਰੂ ਕੇ ਸਿੰਘਾਂ ਤੱਕ ਪਹੁਚਾਉਂਦੇ ਹਨ ਪਰ ਭਾਈ ਸਾਹਿਬ ਜੀ ਦੇ ਰੋਮ-ਰੋਮ ਵਿੱਚ ਗੁਰਸਿੱਖੀ ਵਸੀ ਹੋਈ ਹੈ। ਬਸ ਤੁਸੀਂ ਦੇਖੋ ਤੇ ਅਸੀਂ ਸੇਵਾ ਕਰਦੇ ਹਾਂ ਤੇ ਭਾਈ ਸਾਹਿਬ ਕਿਵੇਂ ਪ੍ਰਸੰਨ ਹੁੰਦੇ ਹਨ। ਗੁਰੂ ਕੇ ਸਿੱਖਾਂ ਦਾ ਸੁਭਾਅ ਵੀ ਗੁਰੂ ਵਰਗਾ ਹੀ ਹੈ। ਗੁਰੂ ਨਾਨਕ ਦੇਵ ਪਾਤਸ਼ਾਹ ਵੀ ਮਲਕ ਭਾਗੋ ਦੇ ਘਰ ਨੂੰ ਛੱਡ ਕੇ ਸਾਡੇ ਵੱਡੇ-ਵਡੇਰਿਆਂ ਭਾਈ ਲਾਲੋ ਜੀ ਦੇ ਘਰ ਚਲੇ ਗਏ ਸਨ। "

ਸ. ਸੁਬੇਗ ਸਿੰਘ ਜੀ ਇੱਕ ਪਾਸੇ ਬੈਠ ਗਏ ਤੇ ਦੇਖਣ ਲੱਗੇ ਕਿ ਗੁਰੂ ਕੇ ਸਿੱਖ ਦੀ ਸੇਵਾ ਤੇ ਪਿਆਰ ਦਾ ਕੀ ਰਾਜ਼ ਹੈ। ਭਾਈ ਸੋਭਾ ਸਿੰਘ ਜੀ ਨੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਸਫਾਈ ਕਰਨ ਤੋਂ ਹਟਾ ਦਿੱਤਾ ਤੇ ਭੱਜੇ-ਭੱਜੇ ਆਪਣੇ ਘਰ ਗਏ। ਆਪਣੀ ਪਤਨੀ ਭਾਗ ਨੂੰ ਕਿਹਾ, "ਭਾਗਾਂ ਵਾਲੀਏ ! ਅੱਜ ਭਾਗ ਜਗਾਉਣ ਦਾ ਸਮਾਂ ਬਣਿਆ ਹੈ, ਚੱਲ ਉਠ !ਅੱਜ ਆਪਾਂ ਸੇਵਾ ਕਰਕੇ ਭਾਗ ਜਗਾ ਲਈਏ। "

ਭਾਗ ਕੌਰ ਨੇ ਹੈਰਾਨੀ ਨਾਲ ਪੁੱਛਿਆ,"ਪਰ ਗੱਲ ਕੀ ਹੋਈ ਹੈ,ਕੁਝ ਦੱਸੋ ਤਾਂ ਸਹੀ। "

ਭਾਈ ਸੋਭਾ ਸਿੰਘ ਜੀ ਨੇ ਖੁਸ਼ੀ ਨਾਲ ਕਿਹਾ,"ਭਾਗ ਕੌਰੇ !ਅੱਜ ਭਾਈ ਸਾਹਿਬ ਜੀ ਦੀ ਜਿੱਤ ਹੋਈ ਹੈ ਤੇ ਜ਼ਕਰੀਆ ਹਾਰ ਗਿਆ ਹੈ। ਭਾਈ ਸਾਹਿਬ ਜੀ ਆਪਣੇ ਨੇੜੇ ਦੀ ਧਰਮਸ਼ਾਲਾ ਵਿੱਚ ਰਹਿਣ ਆ ਰਹੇ ਨੇ। ਚੱਲ ਜਲਦੀ ਕਰ ਤੇ ਬੱਚਿਆਂ ਨੂੰ ਵੀ ਨਾਲ ਲੈ ਚੱਲ। "

ਇਸ ਤਰਾਂ ਭਾਈ ਲਾਲੋ,ਭਾਗ ਕੌਰ ਤੇ ਬੱਚੇ ਕੁਝ ਜ਼ਰੂਰੀ ਸਮਾਨ ਜਿਵੇਂ ਸਾਫ ਚਾਦਰਾਂ,ਬਾਲਟੀਆਂ ਤੇ ਝਾੜੂ ਆਦਿ ਲੈ ਕੇ ਧਰਮਸ਼ਾਲਾ ਵਿੱਚ ਪਹੁੰਚੇ ਤੇ ਸਫਾਈ ਕਰਨ ਲੱਗੇ। ਸਫਾਈ ਕਰ ਕੇ ਇੱਕ ਪਾਸੇ ਥੜੇ ਉੱਪਰ ਸਾਫ-ਸੁਥੱਰੀਆਂ ਚਾਦਰਾਂ ਵਿਛਾ ਦਿੱਤੀਆਂ ਤੇ ਆਲੇ-ਦੁਆਲੇ ਪਾਣੀ ਦਾ ਛਿੜਕਾ ਕਰ ਦਿੱਤਾ। ਸ.ਸੁਬੇਗ ਸਿੰਘ ਜੀ ਇਹ ਸਾਰਾ ਕੁਝ ਦੇਖ ਕੇ ਸਮਝ ਗਏ ਤੇ ਭਾਈ ਸੋਭਾ ਸਿੰਘ ਜੀ ਦਾ ਧੰਨਵਾਦ ਕਰਨ ਲੱਗੇ ਤੇ ਭਾਈ ਤਾਰੂ ਸਿੰਘ ਜੀ ਨੂੰ ਲੈਣ ਲਈ ਚਲੇ ਗਏ। ਜਦੋਂ ਭਾਈ ਸੋਭਾ ਸਿੰਘ ਜੀ ਤੇ ਸ.ਸੁਬੇਗ ਸਿੰਘ ਪੁਲ ਥੱਲੇ ਭਾਈ ਤਾਰੂ ਸਿੰਘ ਜੀ ਲੈਣ ਲਈ ਗਏ ਤਾਂ ਭਾਈ ਸਾਹਿਬ ਸਿਮਰਨ ਵਿੱਚ ਜੁੜੇ ਹੋਏ ਸਨ ਤੇ ਸ.ਪ੍ਰੇਮ ਸਿੰਘ ਜੀ ਵੀ ਕੋਲ ਬੈਠ ਕੇ ਸਿਮਰਨ ਕਰ ਰਹੇ ਸਨ। ਉੱਧਰ ਬੀਬੀ ਭਾਗ ਕੌਰ ਦੇ ਪੈਰ ਖ਼ੁਸ਼ੀ ਨਾਲ ਧਰਤੀ 'ਤੇ ਨਹੀ ਲੱਗ ਰਹੇ ਸਨ ਕਿਉਂਕਿ ਬਹੁਤ ਦੇਰ ਤੋਂ ਭਾਈ ਤਾਰੂ ਸਿੰਘ ਜੀ ਦੇ ਦਰਸ਼ਨਾਂ ਦੀ ਤਾਂਘ ਮਨ ਵਿੱਚ ਸੀ ਪਰ ਹੁਕਮ ਨਾ ਹੋਣ ਕਰਕੇ ਦਰਸ਼ਨ ਨਹੀਂ ਹੋ ਰਹੇ ਸਨ। ਕੁਝ ਦੇਰ ਬਾਅਦ ਇੱਕ ਭੀੜ ਦਿਖਾਈ ਦਿੱਤੀ ਤੇ ਮਨ ਵਿੱਚ ਖਆਲ ਆਇਆ ਕਿ ਆ ਗਏ ਹੋਣਗੇ। ਜਦੋਂ ਬੱਚਿਆਂ ਨੇ ਆ ਕੇ ਦੱਸਿਆ ਕਿ ਭਾਈ ਤਾਰੂ ਸਿੰਘ ਜੀ ਪਿਤਾ ਜੀ ਨਾਲ ਆ ਰਹੇ ਹਨ ਤਾਂ ਮਨ ਭਰ ਗਿਆ। ਹੁਣ ਭਾਈ ਤਾਰੂ ਸਿੰਘ ਜੀ ਧਰਮਸ਼ਾਲਾ ਵਿੱਚ ਪਹੁੰਚ ਚੁੱਕੇ ਸਨ। ਭਾਈ ਸਾਹਿਬ ਜੀ ਨੂੰ ਧਰਮਸ਼ਾਲਾ ਵਿੱਚ ਥੜ੍ਹੇ ਉੱਪਰ ਸਤਿਕਾਰ ਨਾਲ ਬਿਠਾਇਆ ਗਿਆ। ਆਲਾ-ਦੁਆਲਾ ਦੇਖ ਕੇ ਭਾਈ ਸਾਹਿਬ ਜੀ ਨੇ ਹੱਸ ਕੇ ਕਹਿ ਹੀ ਦਿੱਤਾ,"ਇਤਨੀ ਸਫਾਈ ਕਰਨ ਤੇ ਪਾਣੀ ਛਿੜਕਣ ਦੀ ਕੀ ਲੋੜ ਸੀ। ਅਸੀਂ ਤਾਂ ਸਿੱਧੇ-ਸਾਦੇ ਜ਼ਿਮੀਂਦਾਰ ਹਾਂ। ਖੇਤਾਂ ਵਿੱਚ ਕੌਣ ਝਾੜੂ ਮਾਰਦਾ ਹੈ?ਉਸ ਕਾਦਰ ਦੀ ਕੁਦਰਤ ਹੀ ਸਫਾਈ ਕਰਦੀ ਹੈ।"

ਭਾਈ ਸੋਭਾ ਸਿੰਘ ਜੀ ਨੇ ਆਪਣੀ ਪਤਨੀ ਤੇ ਬੱਚਿਆਂ ਨੂੰ ਕਿਹਾ,"ਲੈ ਭਾਗ ਕੌਰੇ!ਕਰ ਲੈ ਦਰਸ਼ਨ ਰੱਜ-ਰੱਜ ਕੇ,ਅੱਜ ਗੁਰੂ ਕਾ ਸਿੰਘ ਆਪ ਤੇਰੇ ਕੋਲ ਆਇਆ ਹੈ ਦਰਸ਼ਨ ਦੇਣ ਲਈ।"

ਭਾਈ ਸੋਭਾ ਸਿੰਘ ਜੀ ਦੇ ਪਰਿਵਾਰ ਨੇ ਅੱਗੇ ਵਧ ਕੇ ਭਾਈ ਤਾਰੂ ਸਿੰਘ ਜੀ ਨੂੰ ਗੱਜ ਕੇ ਫ਼ਤਿਹ ਬੁਲਾਈ ਤੇ ਭਾਈ ਸਾਹਿਬ ਜੀ ਨੇ ਵੀ ਫ਼ਤਿਹ ਦਾ ਜੁਆਬ ਦਿੱਤਾ ਤੇ ਉੱਠ ਕੇ ਖੜ੍ਹੇ ਹੋ ਗਏ। ਬੀਬੀ ਭਾਗ ਕੌਰ ਨੇ ਬੇਨਤੀ ਕੀਤੀ,"ਤੁਸੀਂ ਬੈਠੋ ਭਾਈ ਸਾਹਿਬ ਜੀ!ਅੱਜ ਦਾ ਦਿਨ ਬਹੁਤ ਭਾਗਾਂ ਵਾਲਾ ਹੈ ਜੋ ਆਪ ਜੀ ਦੇ ਦਰਸ਼ਨ ਹੋ ਰਹੇ ਨੇ,ਹੁਣ ਆਪ ਜੀ ਦੀ ਸਿਹਤ ਦਾ ਕੀ ਹਾਲ ਹੈ..?"

ਭਾਈ ਤਾਰੂ ਸਿੰਘ ਜੀ ਨੇ ਕਿਹਾ,"ਅਸੀਂ ਸਾਰਿਆਂ ਦੀ ਫ਼ਤਿਹ ਦਾ ਸਤਿਕਾਰ ਖੜ੍ਹੇ ਹੋ ਕੇ ਜੀ ਕਰਨਾ ਹੈ। ਬੈਠ ਕੇ ਫ਼ਤਿਹ ਦਾ ਪੂਰਨ ਸਤਿਕਾਰ ਨਹੀਂ ਹੁੰਦਾ। ਫ਼ਤਿਹ ਦਾ ਅਰਥ ਹੈ ਕਿ ਦੋ ਸਿੱਖਾਂ ਵਿਚਾਲੇ ਗੁਰੂ ਆਪ ਖੜ੍ਹਾ ਹੈ। ਗੁਰੂ ਖੜ੍ਹਾ ਹੋਵੇ ਤੇ ਸਿੱਖ ਬੈਠਾ ਹੋਵੇ ਇਸ ਵਿੱਚ ਸਤਿਕਾਰ ਕਿਵੇਂ ਹੋ ਸਕਦਾ ਹੈ।"

ਭਾਈ ਸੋਭਾ ਸਿੰਘ ਜੀ ਨੇ ਆਪਣੇ ਪਰਿਵਾਰ ਬਾਰੇ ਦੱਸਿਆ ਤਾਂ ਭਾਈ ਤਾਰੂ ਸਿੰਘ ਜੀ ਨੇ ਭੈਣ ਭਾਗ ਕੌਰ ਜੀ ਦਾ ਧੰਨਵਾਦ ਕਰਦੇ ਹੋਏ ਕਿਹਾ,"ਮੇਰੇ ਬਹੁਤ ਸਤਿਕਾਰ ਯੋਗ ਭੈਣ ਜੀ!ਤੁਸੀਂ ਬਹੁਤ ਦਿਨਾਂ ਤੋਂ ਮੇਰੇ ਨਿਮਾਣੇ ਜਿਹੇ ਵਾਸਤੇ

ਪ੍ਰਸ਼ਾਦਾ ਤਿਆਰ ਕਰਕੇ ਭੇਜਦੇ ਰਹੇ ਹੋ ਤੇ ਮਲ੍ਹਮ-ਪੱਟੀ ਦਾ ਸਮਾਨ ਵੀ ਤਿਆਰ ਕਰਕੇ ਭੇਜਦੇ ਰਹੇ ਹੋ। ਤੁਸੀ ਮੈਨੂੰ ਨਵਾਂ ਜੀਵਣ ਦਾਨ ਦਿੱਤਾ ਹੈ। ਆਪ ਜੀ ਦਾ ਧੰਨਵਾਦ ਕਰਨ ਲਈ ਮੇਰੇ ਕੋਲ ਅਲਫ਼ਾਜ਼ ਨਹੀਂ ਹਨ। ਮੈਂ ਕਿਹੜੇ ਸ਼ਬਦਾਂ ਨਾਲ ਆਪ ਜੀ ਦਾ ਧੰਨਵਾਦ ਕਰਾਂ। ਵਾਹਿਗੁਰੂ ਜੀ ਆਪ ਜੀ ਅਤੇ ਆਪ ਜੀ ਦੇ ਪਰਿਵਾਰ ਦੀਆਂ ਹਰੇਕ ਮਨ-ਮੁਰਾਦਾਂ ਪੂਰੀਆਂ ਕਰਨ ਤੇ ਗੁਰਸਿੱਖੀ ਨਿਭਾਉਣ ਦਾ ਬਲ ਬਖ਼ਸ਼ਿਸ ਕਰਨ। "

ਇਸ ਤਰਾਂ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਨੇੜੇ ਦੀਆਂ ਸੰਗਤਾਂ ਧਰਮਸ਼ਾਲਾ ਵਿੱਚ ਆਉਣ ਲੱਗ ਪਈਆਂ ਜਿਨ੍ਹਾਂ ਵਿੱਚ ਮੁਸਲਮਾਨਾਂ ਦੀ ਗਿਣਤੀ ਵੱਧ ਸੀ। ਇਸ ਤਰਾਂ ਸ਼ਾਮਾਂ ਢਲ ਗਈਆਂ ਤੇ ਸੋਭਾ ਸਿੰਘ ਜੀ ਵੀ ਭਾਈ ਸਾਹਿਬ ਜੀ ਤੋਂ ਆਗਿਆ ਲੈ ਕੇ ਪਰਿਵਾਰ ਸਮੇਤ ਘਰ ਵਾਪਸ ਪਰਤ ਆਏ। ਭਾਈ ਸਾਹਿਬ ਜੀ ਦੇ ਕੋਲ ਸ. ਪ੍ਰੇਮ ਸਿੰਘ ਜੀ ਉਹਨਾਂ ਦੀ ਸੇਵਾ ਵਿੱਚ ਉਥੇ ਹੀ ਰਹੇ। ਸ. ਸੁਬੇਗ ਸਿੰਘ ਜੀ ਵੀ ਆਗਿਆ ਲੈ ਕੇ ਘਰ ਪਰਤ ਗਏ। ਜਦੋਂ ਸ. ਸੁਬੇਗ ਸਿੰਘ ਜੀ ਘਰ ਪਹੁੰਚੇ ਤਾਂ ਉਹਨਾਂ ਨੇ ਆਪਣੇ ਪੁੱਤਰ ਸ. ਸ਼ਹਿਬਾਜ਼ ਸਿੰਘ ਨੂੰ ਭਾਈ ਤਾਰੂ ਸਿੰਘ ਜੀ ਦੇ ਦਰਸ਼ਨਾ ਬਾਰੇ ਦੱਸਿਆ ਕਿ ਅੱਜ ਉਹਨਾਂ ਨੇ ਇੱਕ ਪੂਰਨ ਗੁਰੱਸਿਖ ਤੇ ਬ੍ਰਹਮਗਿਆਨੀ ਦੇ ਦਰਸ਼ਨ ਕੀਤੇ ਹਨ। ਸ਼ਹਿਬਾਜ਼ ਸਿੰਘ ਭਾਈ ਤਾਰੂ ਸਿੰਘ ਜੀ ਦੀ ਉਮਰ ਨਾਲੋਂ ਕੇਵਲ ਚਾਰ ਸਾਲ ਹੀ ਛੋਟੇ ਸਨ। ਆਪਣੇ ਪਿਤਾ ਸ. ਸੁਬੇਗ ਸਿੰਘ ਜੀ ਕੋਲੋਂ ਭਾਈ ਤਾਰੂ ਸਿੰਘ ਜੀ ਕੁਰਬਾਨੀ ਸੁਣ ਕੇ ਸ. ਸ਼ਹਿਬਾਜ਼ ਸਿੰਘ ਦਾ ਮਨ ਭਰ ਆਇਆ ਤੇ ਕਹਿਣ ਲੱਗੇ, "ਜਿਸ ਗੁਰਸਿੱਖ ਦੀ ਕੁਰਬਾਨੀ ਸੁਣ ਕੇ ਮਨ ਇੰਨਾ ਭਰ ਆਇਆ ਹੈ, ਜਦੋਂ ਉਸ ਮਹਾਨ ਪੁਰਖ ਦੇ ਦਰਸ਼ਨ ਹੋਣਗੇ ਤਾਂ ਮਨ ਕਿੰਨਾ ਪ੍ਰਭਾਵਿਤ ਹੋਵੇਗਾ। ਤੁਸੀਂ ਆਪਣੇ ਘਰ ਲਿਆਉਣ ਬਾਰੇ ਬੇਨਤੀ ਕਰਨੀ ਸੀ। "

ਸ. ਸੁਬੇਗ ਸਿੰਘ ਜੀ ਕਹਿਣ ਲੱਗੇ, "ਮੈਂ ਤਾਂ ਬੇਨਤੀ ਕੀਤੀ ਸੀ ਪਰ ਉਹਨਾਂ ਨੇ ਕਿਹਾ ਕਿ ਮੇਰੇ ਕਰਕੇ ਕਿਸੇ ਨੂੰ ਕੋਈ ਦੁੱਖ ਨਹੀਂ ਪਹੁੰਚਣਾ ਚਾਹੀਦਾ, ਇਸ ਲਈ ਬੇਨਤੀ ਕਰਨ 'ਤੇ ਬਹੁਤ ਮੁਸ਼ਕਿਲ ਨਾਲ ਧਰਮਸ਼ਾਲਾ ਵਿੱਚ ਇੰਤਜ਼ਾਮ ਕੀਤਾ ਹੈ ਤੇ ਹੁਣ ਉਥੇ ਹੀ ਠਹਿਰੇ ਹਨ। ਇੱਕ ਹੋਰ ਬਹੁਤ ਕਮਾਲ ਦੀ ਗੱਲ ਹੈ। ਉਹ ਗੁਰਸਿੱਖ ਦੀ ਅਮੀਰੀ ਦੇਖ ਕੇ ਨਹੀ ਸਿੱਖੀ ਦੀ ਉਚੀ ਸ਼ਾਨ ਦੇਖ ਕੇ ਪ੍ਰਸੰਨ ਹੁੰਦੇ ਹਨ। ਉਹ ਬਹੁਤ ਧਰਮੀ, ਪਵਿੱਤਰ ਜੀਵਨ ਵਾਲਾ ਤੇ ਸੱਚੇ-ਸੁੱਚੇ ਇਨਸਾਨ ਹਨ। ਉਹ ਬਹੁਤ ਦ੍ਰਿੜ ਇਰਾਦੇ ਵਾਲੇ ਤੇ ਅਡੋਲ ਰਹਿਣ ਵਾਲੇ ਗੁਰਸਿੱਖ ਹਨ। ਸੇਵਾ ਤੇ ਸਿੱਖੀ ਪਿਆਰ ਦਾ ਜਜ਼ਬਾ ਉਨ੍ਹਾਂ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਉਹ ਹੱਡ-ਭੰਨ ਮਿਹਨਤੀ ਤੇ ਕਿਰਤ ਕਰਨ ਵਾਲੇ ਜ਼ਿਮੀਦਾਰ ਹਨ। ਆਏ-ਗਏ ਦੀ ਸੇਵਾ ਕਰਨੀ, ਸ਼ਰਨ ਦੇਣੀ ਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ ਉਹਨਾਂ ਦੇ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਹੈ। ਸੇਵਾ, ਸਿਮਰਨ ਤੇ ਪ੍ਰਚਾਰਕ ਵਜੋਂ ਉਹ ਆਪਣੀ ਮਿਸਾਲ ਖ਼ੁਦ ਆਪ ਹੀ ਹਨ। ਸਰੀਰਕ ਪੱਖੋਂ ਉਚਾ ਕੱਦ, ਰਿਸ਼ਟ-ਪੁਸ਼ਟ ਤੇ ਗੱਠਿਆ ਹੋਇਆ ਸਰੀਰ ਹੈ। ਜਦੋਂ ਮੈਂ ਅੱਜ ਉਹਨਾਂ ਕੋਲ ਜ਼ਕਰੀਏ ਦੇ ਕਹਿਣ 'ਤੇ ਉਸ ਵਲੋਂ ਮੁਆਫ਼ੀ ਮੰਗਣ ਗਿਆ ਤਾਂ ਉਹਨਾਂ ਨੇ ਇਤਿਹਾਸ ਵਿੱਚੋਂ ਅਜਿਹੀਆਂ

ਦਲੀਲਾਂ ਦੇ ਕੇ ਚੁੱਪ ਕਰਾ ਦਿੱਤਾ ਕਿ ਉਹਨਾਂ ਦੇ ਹਰੇਕ ਬਚਨ ਵਿੱਚੋਂ ਗੁਰਬਾਣੀ ਦੀ ਖ਼ੁਸ਼ਬੋ ਆ ਰਹੀ ਸੀ।"

ਆਪਣੇ ਪਿਤਾ ਦੇ ਕੋਲੋਂ ਭਾਈ ਤਾਰੂ ਸਿੰਘ ਜੀ ਦੇ ਬਾਰੇ ਸੁਣ ਕੇ ਸ.ਸ਼ਹਿਬਾਜ਼ ਸਿੰਘ ਜੀ ਦੇ ਮਨ ਵਿਚ ਉਹਨਾਂ ਦੇ ਦਰਸ਼ਨਾਂ ਦੀ ਇੱਛਾ ਹੋਰ ਵੀ ਤੀਬਰ ਹੋ ਗਈ ਤੇ ਉਹ ਸੋਚ ਰਹੇ ਸਨ ਕਿ ਇਹ ਰਾਤ ਕਦੋਂ ਬਿਤੇਗੀ। ਕਦੋਂ ਸਵੇਰਾ ਹੋਵੇਗਾ ਕਿ ਉਹ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਲਈ ਜਾ ਸਕੇ।

ਪਾਠਕ ਵੀਰਾਂ ਦੀ ਜਾਣਕਾਰੀ ਵਾਸਤੇ"ਸ. ਸੁਬੇਗ ਸਿੰਘ ਤਾਂ ਗੁਰਸਿੱਖੀ ਵਿੱਚ ਪੂਰਾ ਹੈ ਹੀ ਸੀ ਪਰ ਉਸਦਾ ਸਪੁੱਤਰ ਸ.ਸ਼ਹਿਬਾਜ਼ ਸਿੰਘ ਜੀ ਨੇ ਜਦੋਂ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕੀਤੇ ਤੇ ਬਚਨ ਬਿਲਾਸ ਕੀਤੇ ਤਾਂ ਉਸ ਅੰਦਰ ਵੀ ਗੁਰਸਿੱਖੀ ਪਿਆਰ ਭਾਈ ਤਾਰੂ ਸਿੰਘ ਜੀ ਵਾਲਾ ਹੀ ਬਣ ਗਿਆ ਜਿਵੇਂ ਦੀਵੇ ਨਾਲ ਦੀਵਾ ਜਗ ਜਾਂਦਾ ਹੈ ਤੇ ਦੋਵਾਂ ਦੀਵਿਆਂ ਵਿੱਚ ਕੋਈ ਭੇਦ ਨਹੀਂ ਰਹਿੰਦਾ, ਉਵੇਂ ਹੀ ਭਾਈ ਤਾਰੂ ਸਿੰਘ ਅਤੇ ਸ. ਸ਼ਹਿਬਾਜ਼ ਸਿੰਘ ਸਰੀਰ ਤਾਂ ਦੋ ਸਨ ਪਰ ਅੰਦਰਲਾ ਰੂਪ ਇੱਕ ਹੋ ਗਿਆ ਸੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਦੀ ਗੱਲ ਹੈ, ਸ਼ਾਹਬਾਜ਼ ਸਿੰਘ ਬਹੁਤ ਹੀ ਸੋਹਣਾ,ਸੁਨੱਖਾ,ਚੁਸਤ,ਹੋਣਹਾਰ ਤੇ ਪ੍ਰਭਾਵਸ਼ਾਲੀ ਦਿੱਖ ਵਾਲਾ ੨੧ ਸਾਲ ਦੀ ਉਮਰ ਦਾ ਜਵਾਨ ਸਿੰਘ ਸੀ। ਜਿਸ ਮੌਲਵੀ ਤੋਂ ਉਹ ਵਿੱਦਿਆ ਲੈ ਰਿਹਾ ਸੀ ਉਸ ਦੇ ਮਨ ਵਿੱਚ ਲਾਲਚ ਜਾਗਿਆ ਕਿ ਜੇ ਇਸ ਜਵਾਨ ਸਿੱਖ ਨੂੰ ਮੁਸਲਮਾਨ ਬਣਾ ਦੇਵਾਂ ਤਾਂ ਆਪਣੀ ਬੇਟੀ ਨਾਲ ਇਸਦਾ ਨਿਕਾਹ(ਵਿਆਹ) ਕਰ ਦੇਵਾਂਗਾ। ਜ਼ਕਰੀਆ ਵੀ ਉਸ ਸਮੇਂ ਮਰ ਚੁੱਕਿਆ ਸੀ ਤੇ ਮੌਲਵੀ ਨੇ ਜ਼ਕਰੀਏ ਦੇ ਪੁੱਤਰ ਯਹੀਆ ਖਾਨ ਦੀ ਹਕੂਮਤ ਵਿੱਚ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਸ਼ਹਿਬਾਜ਼ ਸਿੰਘ ਭਾਈ ਤਾਰੂ ਸਿੰਘ ਜੀ ਦੀ ਤਰ੍ਹਾਂ ਅਡੋਲ ਰਿਹਾ ਤੇ ਮੌਲਵੀ ਇਸ ਨੂੰ ਧਰਮ ਬਦਲੀ ਕਰਵਾਉਣ ਵਿੱਚ ਅਸਫਲ ਰਿਹਾ ਅਖੀਰ ਸ. ਸੁਬੇਗ ਸਿੰਘ ਤੇ ਉਸਦੇ ਪੁੱਤਰ ਸ. ਸ਼ਹਿਬਾਜ਼ ਸਿੰਘ ਨੂੰ ਚਰਖੜੀਆਂ ਤੇ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।"

23 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 5 ਦਿਨ)

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਰੀ ਨੂੰ ਅੱਜ ੧੩ ਦਿਨ ਪੂਰੇ ਹੋ ਗਏ ਤੇ ੧੪ਵਾਂ ਦਿਨ ਆਰੰਭ ਹੋ ਗਿਆ ਸੀ। ਅੱਜ ਦਾ ਅੰਮ੍ਰਿਤ ਵੇਲਾ ਲਾਹੌਰ ਦੀ ਇੱਕ ਧਰਮਸ਼ਾਲਾ ਵਿਚ ਹੋਇਆ। ਭਾਈ ਸਾਹਿਬ ਜੀ ਦੇ ਧਰਮਸ਼ਾਲਾ ਵਿੱਚ ਆਉਣ ਨਾਲ ਅਤੇ ਜ਼ਕਰੀਆ ਖਾਨ ਦੇ ਬਿਮਾਰ ਪੈਣ ਨਾਲ ਕਾਨੂੰਨੀ ਡਰ ਕੁਝ ਘਟ ਗਿਆ ਸੀ। ਨਿੱਤਨੇਮ ਦੀ ਸਮਾਪਤੀ ਹੋਈ ਅਤੇ ਭਾਈ ਸੋਭਾ ਸਿੰਘ ਜੀ ਆਪਣੇ ਪਰਿਵਾਰ ਨਾਲ ਧਰਮਸ਼ਾਲਾ ਵਿੱਚ ਭਾਈ ਸਾਹਿਬ ਜੀ ਕੋਲ ਪ੍ਰਸ਼ਾਦਾ ਆਦਿ ਲੈ ਕੇ ਪਹੁੰਚ ਗਏ। ਉਹਨਾਂ ਦੇ ਨਾਲ ਹੋਰ ਸੰਗਤਾਂ ਵੀ ਆ ਗਈਆਂ ਸਨ। ਸ਼ਹਿਰ ਦਾ ਮਾਹੌਲ ਠੀਕ ਹੋਣ ਕਾਰਣ ਆਮ ਲੋਕਾਂ ਦੇ ਮਨ ਅੰਦਰ ਇਹ ਗੱਲ ਸੀ ਕਿ ਉਹ ਮਨੁੱਖ ਨੂੰ ਦੇਖੀਏ ਜਿਸ ਦੀ ਖੋਪਰੀ ਉਤਰੀ ਹੈ ਤੇ ਅਜੇ ਵੀ ਜੀਵਤ ਹੈ। ਗੁਰਸਿੱਖਾਂ ਦੇ ਮਨਾਂ

ਅੰਦਰ ਸ਼ਰਧਾ ਤੇ ਸਤਿਕਾਰ ਸੀ। ਜਿੱਥੇ ਸੰਗਤਾਂ ਦੇ ਮਨਾਂ ਅੰਦਰ ਮਿਲਣ ਦਾ ਚਾਅ ਸੀ ਉੱਥੇ ਭਾਈ ਤਾਰੂ ਸਿੰਘ ਜੀ ਵੀ ਉਹਨਾਂ ਨੂੰ ਜ਼ਕਰੀਏ ਦੀ ਸੱਚਾਈ ਦੱਸਣਾ ਚਾਹੁੰਦੇ ਸਨ ਕਿ ਇਸ ਮੁਗਲ ਹਕੂਮਤ 'ਤੇ ਕਿਸੇ ਵੀ ਤਰਾਂ ਦਾ ਭਰੋਸਾ ਨਹੀਂ ਕਰਨਾ। ਇਸ ਹਕੂਮਤ ਨੇ ਬਹੁਤ ਸਾਰੇ ਸਿੰਘਾਂ ਨੂੰ ਸ਼ੱਕ ਦੇ ਅਧਾਰ ਤੇ ਹੀ ਜ਼ੇਲਾਂ ਵਿਚ ਡੱਕ ਕੇ ਸ਼ਹੀਦ ਕਰ ਦਿੱਤਾ ਹੈ ਤੇ ਉਹਨਾਂ ਦੇ ਪਰਿਵਾਰ ਅਜੇ ਵੀ ਉਹਨਾਂ ਦੀ ਡੀਕ ਕਰ ਰਹੇ ਹਨ। ਭਾਈ ਸਾਹਿਬ ਜੀ ਨੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕੀਤਾ ਕਿ ਜਿਹੜੇ ਸਿੰਘ ਜੰਗਲਾਂ ਵਿੱਚ ਰਹਿ ਕੇ ਇਹਨਾਂ ਸ਼ਹੀਦਾਂ ਦਾ ਬਦਲਾ ਲੈਂਦੇ ਹਨ ਉਹਨਾਂ ਸਿੰਘਾਂ ਦੀ ਮਦਦ ਕਰੋ ਤੇ ਪੰਥ ਦੇ ਦੱਸੇ ਹੋਏ ਮਾਰਗ ਤੇ ਚੱਲੋ। ਅਲੱਗ ਰਸਤੇ ਤੇ ਚਲੋਗੇ ਤਾਂ ਜ਼ਕਰੀਏ ਦੇ ਜ਼ੁਲਮਾਂ ਦਾ ਸ਼ਿਕਾਰ ਹੋਣਾ ਪਏਗਾ। ਇਸ ਤਰਾਂ ਭਾਈ ਸਾਹਿਬ ਜੀ ਨੇ ਲੋਕਾਂ ਦੇ ਮਨਾਂ ਵਿੱਚ ਕ੍ਰਾਂਤੀ ਬੋਲਾਂ ਨਾਲ ਜਾਗਰੂਕਤਾ ਭਰ ਦਿੱਤੀ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ-ਸਵਾਸਾਂ ਸੰਗ ਨਿਭਾ ਕੇ ਪ੍ਰਚਾਰ ਕੀਤਾ।*

ਅੱਜ ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਪ੍ਰਸ਼ਾਦਾ ਛਕਾਇਆ ਤੇ ਪੱਟੀ ਕਰ ਕੇ ਸਿਰ ਤੇ ਇੱਕ ਛੋਟੀ ਦਸਤਾਰ ਸਜਾ ਦਿੱਤੀ। ਇੰਨੇ ਨੂੰ ਸ. ਸੁਬੇਗ ਸਿੰਘ ਪਰਿਵਾਰ ਸਮੇਤ ਧਰਮਸ਼ਾਲਾ ਵਿੱਚ ਹਾਜ਼ਰ ਹੋਏ। ਭਾਈ ਸਾਹਿਬ ਜੀ ਨੇ ਕਿਸੇ ਤੋਂ ਵੀ ਚਰਨੀਂ ਹੱਥ ਨਾ ਲਗਵਾਇਆ ਬਸ ਫ਼ਤਿਹ ਬੁਲਾ ਕੇ ਸਭ ਨੂੰ ਮਿਲਦੇ ਸਨ। ਸ.ਸੁਬੇਗ ਸਿੰਘ ਦਾ ਸਪੁੱਤਰ ਜਿਸਨੇਂ ਆਪਣੇ ਪਿਤਾ ਕੋਲੋਂ ਇੱਕ ਰਾਤ ਪਹਿਲਾਂ ਭਾਈ ਸਾਹਿਬ ਜੀ ਦੀ ਉਸਤਤ ਸੁਣੀ ਸੀ,ਨੇ ਜਦੋਂ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਭਾਈ ਸਾਹਿਬ ਜੀ ਦੇ ਚਿਹਰੇ ਦੇ ਨੂਰ ਅਤੇ ਨੇਤਰਾਂ ਅੰਦਰ ਇੱਕ ਪ੍ਰੇਮ ਦੀ ਖਿੱਚ ਦੇਖੀ ਤਾਂ ਉਸ ਕੋਲੋਂ ਰਹਿ ਨਾ ਹੋਇਆ ਤੇ ਭਾਈ ਸਾਹਿਬ ਜੀ ਚਰਨਾਂ ਤੇ ਆਪਣਾ ਸੀਸ ਰੱਖ ਦਿੱਤਾ ਤੇ ਅੱਖਾਂ ਦੇ ਜਲ ਨਾਲ ਚਰਨ ਧੋ ਦਿੱਤੇ। ਭਾਈ ਸਾਹਿਬ ਜੀ ਨੇ ਸ. ਸ਼ਹਿਬਾਜ਼ ਸਿੰਘ ਨੂੰ ਪ੍ਰੇਮ ਨਾਲ ਉਠਾਇਆ ਤੇ ਆਪਣੇ ਗਲ ਨਾਲ ਲਾ ਲਿਆ। ਇਸ ਤਰਾਂ ਇਹਨਾਂ ਦੋਵਾਂ ਸਿੰਘਾਂ ਦੇ ਮਿਲਾਪ ਨਾਲ ਦੋਵਾਂ ਦੇ ਨੇਤਰਾਂ ਵਿੱਚੋਂ ਸਾਉਣ ਦੀਆਂ ਝੜੀਆਂ ਲੱਗੀਆਂ ਰਹੀਆਂ। ਇੰਝ ਲੱਗ ਰਿਹਾ ਸੀ ਜਿਵੇਂ ਬਹੁਤ ਪੁਰਾਣੇ ਵਿਛੜੇ ਹੋਏ ਪਿਆਰਿਆਂ ਦਾ ਮਿਲਾਪ ਹੋ ਰਿਹਾ ਸੀ ਤੇ ਸਮਾਂ ਵੀ ਰੁਕ ਗਿਆ ਜਾਪਦਾ ਸੀ। ਇੰਝ ਲੱਗ ਰਿਹਾ ਸੀ ਜਿਵੇਂ ਇੱਕ ਦੀਵੇ ਤੋਂ ਦੂਸਰਾ ਦੀਵਾ ਜਗ ਰਿਹਾ ਹੋਵੇ। ਸ. ਸੁਬੇਗ ਸਿੰਘ ਜੀ ਨੇ ਦੋਵਾਂ ਸਿੰਘਾਂ ਦੇ ਮਿਲਾਪ ਵਿੱਚ ਆਪਣਾ ਹਿੱਸਾ ਪਾਉਂਦੇ ਹੋਏ ਉਹਨਾਂ ਨੂੰ ਬਿਠਾਇਆ ਤੇ ਬਚਨ ਬਿਲਾਸ ਸ਼ੁਰੂ ਹੋ ਗਏ। ਸ. ਸੁਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਨਿਮਰਤਾ ਨਾਲ ਬੇਨਤੀ ਕੀਤੀ,"ਭਾਈ ਸਾਹਿਬ ਜੀ !ਹੁਣ ਕਿਰਪਾ ਕਰੋ,ਜ਼ਕਰੀਏ ਨੂੰ ਮੁਆਫ਼ ਕਰਕੇ ਉਸਦਾ ਉਧਾਰ ਕਰੋ ਤੇ ਕੋਈ ਸੌਖਾ ਮਾਰਗ ਦੱਸੋ।"

* "ਇਤਿਹਾਸਕਾਰ ਲਿਖਦੇ ਹਨ ਕਿ ੨੩ ਜੂਨ,੧੭੪੫ ਤੋਂ ਲੈ ਕੇ ੩੧ ਜੂਨ ੧੭੪੫ ਤੱਕ ਭਾਈ ਤਾਰੂ ਸਿੰਘ ਜੀ ਸੰਗਤਾਂ ਨੂੰ ਮਿਲਦੇ ਰਹੇ ਤੇ ਇਹਨਾਂ ਨੇ ਦਿਨਾਂ ਵਿਚ ਭਾਈ ਸਾਹਿਬ ਜੀ ਨੇ ਸਿੱਖਾਂ ਅੰਦਰ ਅਜਿਹੀ ਨਵੀਂ ਕ੍ਰਾਂਤੀ ਭਰ ਦਿੱਤੀ ਕਿ ਸਮੁੱਦਾ ਖਾਲਸਾ ਪੰਥ ਮੁਗਲਾਂ ਦੇ ਖਿਲਾਫ਼ ਡੱਟ ਕੇ ਖੜ੍ਹ ਗਿਆ ਤੇ ਸਿੰਘਾਂ ਨੇ ਜੰਗਲਾਂ 'ਚੋਂ ਨਿਕਲ ਕੇ ਇਹਨਾਂ ਮੁਗਲਾਂ ਦਾ ਸਾਹਮਣਾ ਕੀਤਾ ਸੀ।"

ਭਾਈ ਤਾਰੂ ਸਿੰਘ ਜੀ ਨੇ ਪਹਿਲਾਂ ਭਾਈ ਸੋਭਾ ਸਿੰਘ ਜੀ ਵੱਲ ਦੇਖਿਆ ਤੇ ਫਿਰ ਸ. ਸ਼ਹਿਬਾਜ਼ ਸਿੰਘ ਜੀ ਵੱਲ ਨਜ਼ਰ ਮਾਰੀ ਤੇ ਸ. ਸੁਬੇਗ ਸਿੰਘ ਜੀ ਨੂੰ ਕਹਿਣਾ ਸ਼ੁਰੂ ਕੀਤਾ, "ਇੱਕੋ ਹੀ ਸੌਖਾ ਮਾਰਗ ਹੈ, ਉਸਨੂੰ ਸਮਝਾਉ ਕਿ ਇੱਕਲਾ ਸਿੱਖ ਕੁਝ ਵੀ ਨਹੀਂ ਕਰ ਸਕਦਾ ਕਿਉਂਕਿ ਸਿੱਖਾਂ ਦੀ ਤਾਕਤ ਤਾਂ ਗੁਰੂ ਪੰਥ ਹੈ। ਜੇ ਪੰਥ ਖਾਲਸਾ ਕਿਸੇ ਵੀ ਸਿੱਖ ਦੇ ਸਿਰ 'ਤੇ ਹੱਥ ਰੱਖ ਦੇਵੇ ਤਾਂ ਉਹ ਕੋਈ ਵੀ ਕੁਰਬਾਨੀ ਦੇ ਸਕਦਾ ਹੈ। ਜਿਸ ਦੇ ਸਿਰ ਤੇ ਪੰਥ-ਖਾਲਸਾ ਨਹੀਂ ਉਹ ਸਿੱਖ ਕੁਝ ਵੀ ਨਹੀਂ ਕਰ ਸਕਦਾ, ਇਸ ਲਈ ਜ਼ਕਰੀਆ ਖਾਨ ਪੰਥ ਤੋਂ ਮੁਆਫੀ ਮੰਗੇ, ਮੇਰੇ ਕੋਲੋਂ ਨਹੀਂ।"

ਸ. ਸੁਬੇਗ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੇ ਮੈਂ ਉਸਨੂੰ ਇਹ ਆਖਿਆ ਕਿ ਪੰਥ ਤੋਂ ਮੁਆਫੀ ਮੰਗੋ ਤਾਂ ਵੀ ਉਸਦੀ ਹਾਲਤ ਇੰਨੀ ਖਰਾਬ ਹੈ ਕਿ ਮੰਜੇ ਤੋਂ ਵੀ ਹਿੱਲ ਨਹੀਂ ਸਕਦਾ ਤੇ ਫਿਰ ਹੁਣ ਦੀ ਤਰਾਂ ਉਸਨੇ ਮੈਨੂੰ ਹੀ ਮੁਆਫੀ ਮੰਗਣ ਭੇਜ ਦੇਣਾ ਹੈ। ਉਸ ਹਾਲਤ ਵਿਚ ਕੀ ਬਣੇਗਾ..?"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਸਰਦਾਰ ਸਾਹਿਬ ਜੀ, ਮੈਨੂੰ ਪਤਾ ਹੈ ਕਿ ਇਹ ਜ਼ਕਰੀਆ ਖਾਨ ਪਹਿਲਾਂ ਵੀ ਪੰਥ ਕੋਲੋਂ ਮੁਆਫੀ ਮੰਗ ਚੁੱਕਾ ਹੈ..!"

"ਜੀ ਹਾਂ, ਭਾਈ ਸਾਹਿਬ ਜੀ, ਮੈਂ ਆਪ ਜੀ ਨੂੰ ਦੱਸਦਾਂ ਹਾਂ ਕਿ ਕਿਵੇਂ!" ਸ.ਸੁਬੇਗ ਸਿੰਘ ਜੀ ਨੇ ਨਿਮਰਤਾ ਨਾਲ ਬੇਨਤੀ ਕੀਤੀ।

"ਹਾਂ ਹਾਂ ਤੁਸੀਂ ਕਿਰਪਾ ਕਰਕੇ ਦੱਸੋ", ਭਾਈ ਤਾਰੂ ਸਿੰਘ ਜੀ ਨੇ ਆਖਿਆ।

ਸ. ਸੁਬੇਗ ਸਿੰਘ ਜੀ ਨੇ ਦੱਸਣਾ ਸ਼ੁਰੂ ਕੀਤਾ, "ਇਹ ਗੱਲ ਜ਼ਿਲਾ ਲਾਹੌਰ ਦੇ ਕਸੂਰ ਸ਼ਹਿਰ ਦੇ ਨੇੜੇ ਦੇ ਪਿੰਡ ਬਾਂਇਡੱਲ ਦੇ ਨੌਜਵਾਨ ਸਿੰਘ ਭਾਈ ਤਾਰਾ ਸਿੰਘ ਦੇ ਜੀਵਨ ਦੀ ਹੈ ਇਸ ਨੂੰ ਭਾਈ ਤਾਰਾ ਸਿੰਘ 'ਵਾਂ' ਵੀ ਕਹਿੰਦੇ ਸਨ ਕਿਉਂਕਿ ਉਸ ਪਿੰਡ ਨੂੰ 'ਵਾਂ' ਪਿੰਡ ਵੀ ਕਿਹਾ ਜਾਂਦਾ ਸੀ। ਇਹ ਨੌਜਵਾਨ ਗੁਰੂ ਕਾ ਲਾਲ ਭਾਈ ਤਾਰਾ ਸਿੰਘ ਵਾਂ ਆਪ ਜੀ ਦੀ ਤਰਾਂ ਗੁਰਸਿੱਖਾਂ ਤੇ ਸਿੰਘ ਫੌਜਾਂ ਦੀ ਮਦਦ ਕਰਦਾ ਸੀ। ਇੱਥੋਂ ਦੇ ਜਿਮੀਂਦਾਰ ਸ. ਗੁਰਦਾਸ ਸਿੰਘ ਦੇ ਘਰ ਵਿੱਚ ਜਨਮੇਂ ਭਾਈ ਤਾਰਾ ਸਿੰਘ ਬੁਟਰ ਆਪਣੀ ਜ਼ਮੀਨ ਤੇ ਮਿਹਨਤ ਕਰਕੇ ਕਿਰਤ ਕਮਾਈ ਕਰਦੇ ਤੇ ਆਉਂਦੇ-ਜਾਂਦੇ ਸਿੰਘਾਂ ਦੀ ਸੇਵਾ ਕਰਕੇ ਖੁਸ਼ ਹੁੰਦੇ ਸਨ। ਇਹਨਾਂ ਦਾ ਘਰ ਪਿੰਡ ਤੋਂ ਥੋੜਾ ਹੱਟ ਕੇ ਇਨ੍ਹਾਂ ਦੀ ਜ਼ਮੀਨ ਵਿਚ ਹੀ ਬਣਿਆ ਹੋਇਆ ਸੀ। ਇਹਨਾਂ ਦੇ ਪਿਤਾ ਸ.ਗੁਰਦਾਸ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਭਾਈ ਤਾਰਾ ਸਿੰਘ ਵਾਂ ਨੇ ਵੀ ਆਪ ਜੀ ਦੀ ਤਰਾਂ ਭਾਈ ਮਨੀ ਸਿੰਘ ਜੀ ਕੋਲੋਂ ਅੰਮ੍ਰਿਤ ਪਾਨ ਕੀਤਾ ਸੀ ਤੇ ਉਹ ਗੁਰੂ ਦੀ ਕਿਰਪਾ ਦੁਆਰਾ ਤਿਆਰ-ਬਰ-ਤਿਆਰ ਸਿੰਘ ਸੀ। ਉਹ ਜਿਥੇ ਮਿੱਠ ਬੋਲੜੇ ਸਨ ਉਥੇ ਚੰਗੇ ਘੋੜ-ਸਵਾਰ,ਤੀਰ-ਅੰਦਾਜ਼ੀ ਤੇ ਤਲਵਾਰ ਬਾਜ਼ੀ ਵਿਚ ਵੀ ਨਿਪੁੰਨ ਸਨ। ਉਹ ਸਿੱਖਾਂ ਨੂੰ ਪਈ ਹੋਈ ਹਰੇਕ ਵੰਗਾਰ ਵਿਚ ਅੱਗੇ ਹੁੰਦੇ ਸਨ। ਤਾਰਾ ਸਿੰਘ ਦਾ ਘਰ ਪਿੰਡ ਨਾਲੋਂ ਉੱਚਾ ਬਣਾਇਆ ਹੋਇਆ ਸੀ ਅਤੇ ਇਸ ਮੁਗਲ ਹਕੂਮਤ ਦੇ ਸਤਾਏ ਹੋਏ ਸਿੰਘਾਂ ਦੀ ਆਰਾਮ-ਗਾਹ ਬਣ ਗਿਆ ਸੀ। ਭਾਈ ਤਾਰਾ ਸਿੰਘ ਦੇ ਜੀਵਨ ਤੋਂ ਪ੍ਰਭਾਵਿਤ ਹੋ

ਕੇ ਅਨੇਕਾਂ ਸਹਿਜਧਾਰੀ ਸਿੱਖ ਅੰਮ੍ਰਿਤ ਛਕ ਕੇ ਸਿੰਘ ਬਣ ਗਏ ਸਨ।

ਉਹ ਸਮੇਂ ਨੌਸ਼ਹਿਰਾ ਭੜਾਣਾ ਦਾ ਚੌਧਰੀ ਸਾਹਿਬ ਰਾਇ ਸੀ ਤੇ ਉਹ ਸਰਕਾਰੀ ਮੁਖਬਰੀ ਵੀ ਕਰਦਾ ਸੀ। ਇਲਾਕੇ ਦਾ ਨੰਬਰਦਾਰ ਹੋਣ ਕਰਕੇ ਉਹ ਗ਼ਰੀਬਾਂ ਦਾ ਵੈਰੀ ਤੇ ਲੋਕ ਹਿੱਤਾਂ ਦਾ ਦੁਸ਼ਮਣ ਸੀ। ਇਹ ਇੰਨਾਂ ਜਿਆਦਾ ਪਾਪੀ ਸੀ ਕਿ ਆਪਣੀਆਂ ਮੱਝਾਂ-ਗਾਵਾਂ ਗਰੀਬ ਲੋਕਾਂ ਦੇ ਖੇਤਾਂ ਵਿਚ ਖੁਲੀਆਂ ਛੱਡ ਦਿੰਦਾ ਸੀ ਪਰ ਇਹਨਾਂ ਗਰੀਬ ਕਿਸਾਨਾਂ ਦਾ ਹੌਂਸਲਾ ਨਹੀਂ ਸੀ ਪੈਂਦਾ ਕਿ ਉਹ ਉਸ ਦੇ ਡੰਗਰਾਂ ਨੂੰ ਮਾਰਨ, ਰੋਕ ਦੇਣ ਜਾਂ ਖੇਤਾਂ 'ਚੋਂ ਕੱਢ ਦੇਣ। ਗਰੀਬ ਕਿਸਾਨ ਤਾਂ ਡਰਦੇ ਸਨ ਪਰ ਭਾਈ ਤਾਰਾ ਸਿੰਘ ਵਾਂ ਦੇ ਮੂਹਰੇ ਇਹ ਟਿਕਦਾ ਨਹੀ ਸੀ। ਇੱਕ ਵਾਰ ਉੱਥੇ ਸ.ਮਲਾਹਾ ਸਿੰਘ ਤੇ ਸ.ਗੁਰਬਖਸ਼ ਸਿੰਘ ਨੇ ਚੌਧਰੀ ਸਾਹਿਬ ਰਾਇ ਨੂੰ ਰੋਕਿਆ ਕਿ ਉਹ ਆਪਣੇ ਡੰਗਰ ਤੇ ਘੋੜੀਆਂ ਆਦਿ ਸਾਡੇ ਖੇਤਾਂ ਵਿਚ ਨਾ ਛੱਡੇ ਤਾਂ ਇਸ ਚੌਧਰੀ ਅੱਗੋਂ ਬਹੁਤ ਭੈੜੇ ਬੋਲ ਬੋਲਿਆ। ਇਹਨਾਂ ਸਿੰਘਾਂ ਨੇ ਇਹ ਗੱਲ ਸ.ਬਘੇਲ ਸਿੰਘ ਜੀ ਨੂੰ ਦੱਸੀ ਤਾਂ ਉਸਦੀਆਂ ਘੋੜੀਆਂ ਫੜ ਕੇ ਪਟਿਆਲੇ ਵਾਲੇ ਸ.ਆਲਾ ਸਿੰਘ ਨੂੰ ਵੇਚ ਦਿੱਤੀਆਂ ਤੇ ਜੋ ਵੱਟਿਆ ਉਹ ਸਾਰੀ ਮਾਇਆ ਭਾਈ ਤਾਰਾ ਸਿੰਘ ਦੇ ਲੰਗਰ ਵਿੱਚ ਪਾ ਦਿੱਤੀ। ਜਦੋਂ ਇਹ ਖਬਰ ਚੌਧਰੀ ਨੌਸ਼ਹਿਰੇ ਨੂੰ ਮਿਲੀ ਤਾਂ ਮੱਚ ਕੇ ਕੋਲਾ ਹੋ ਗਿਆ। ਪਹਿਲਾਂ ਪੱਟੀ ਦੇ ਫੌਜਦਾਰ ਜਾਫਰ ਬੇਗ ਕੋਲ ਫਰਿਆਦ ਕੀਤੀ ਪਰ ਉੱਥੇ ਕੋਈ ਪੇਸ਼ ਨਾ ਚੱਲੀ ਤਾਂ ਜ਼ਕਰੀਆ ਖਾਨ ਕੋਲ ਆ ਗਿਆ। ਇਸਦੀ ਫਰਿਆਦ ਸੁਣ ਕੇ ਜ਼ਕਰੀਏ ਨੇ ਮੋਮਨ ਖ਼ਾਂ ਨੂੰ ਬਹੁਤ ਸਾਰੀ ਫੌਜ ਦੇ ਕੇ ਚੌਧਰੀ ਨਾਲ ਭੇਜਿਆ ਤੇ ਅੱਗੋਂ ਸਿੰਘਾਂ ਨੇ ਨੀ ਬਹੁਤ ਡੱਟ ਕੇ ਮੁਕਾਬਲਾ ਕੀਤਾ। ਇਸ ਜੰਗ ਵਿੱਚ ਜਿੱਥੇ ਮੁਗਲ ਜਰਨੈਲ ਮਰੇ ਉੱਥੇ ਕਈ ਸਿੰਘ ਵੀ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਸੇ ਜੰਗ ਵਿੱਚ ਸਿੰਘਾਂ ਦੇ ਆਗੂ ਭਾਈ ਤਾਰਾ ਸਿੰਘ ਜੀ 'ਵਾਂ' ਸਨ ਤੇ ਉਹ ਵੀ ਮੁਗਲਾਂ ਨਾਲ ਲੜਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਤੋਂ ਬਾਅਦ ਕੌਮ ਵਿੱਚ ਇੱਕ ਨਵੀਂ ਜਾਗਰਿਤੀ ਆਈ ਤੇ ਸਿੰਘਾਂ ਨੇ ਇਨਾਂ ਦੀ ਕੁਰਬਾਨੀ ਦਾ ਸਿੱਖ ਕੌਮ ਨੂੰ ਅਜਿਹਾ ਹਲੂਣਾ ਦਿੱਤਾ ਕਿ ਸ.ਕਪੂਰ ਸਿੰਘ ਫ਼ੈਜਲਪੁਰੀਏ ਦੀ ਅਗਵਾਈ ਵਿੱਚ ਫੈਸਲਾ ਹੋਇਆ ਕਿ ਲਾਹੌਰ ਸਰਕਾਰ ਤੋਂ ਭਾਈ ਤਾਰਾ ਸਿੰਘ 'ਵਾਂ' ਦੀ ਸ਼ਹੀਦੀ ਦਾ ਬਦਲਾ ਲਿਆ ਜਾਵੇਗਾ ਤੇ ਅਜਿਹੀ ਆਰਥਿਕ ਨਾਕਾ ਬੰਦੀ ਕੀਤੀ ਕਿ ਜ਼ਕਰੀਏ ਖਾਨ ਦੇ ਕੰਨ ਵਿਚ ਦਮ ਆ ਗਿਆ ਤੇ ਉਹ ਸਿੰਘਾਂ ਦੀ ਇਸ ਕਾਰਵਾਈ ਨਾਲ ਘਬਰਾ ਗਿਆ। ਸਰਕਾਰੀ ਖਜ਼ਾਨਾ ਖਾਲੀ ਹੋ ਰਿਹਾ ਸੀ ਕਿਉਂਕਿ ਬਾਹਰੋਂ ਆਉਂਦੀਆਂ ਸਾਰੀਆਂ ਰਕਮਾਂ ਨੂੰ ਸਿੰਘ ਲੁੱਟ ਲੈਂਦੇ ਸਨ। ਫੌਜੀ ਕਾਰਵਾਈਆਂ ਵੀ ਸਫਲ ਨਾ ਹੋਈਆਂ। ਅਖੀਰ ਹਾਰ ਕੇ ਜ਼ਕਰੀਆ ਖਾਨ ਨੇ ਸਿੰਘਾਂ ਨਾਲ ਸਮਝੌਤਾ ਕਰਨ ਦਾ ਫੈਸਲਾ ਕੀਤਾ ਤੇ ਇਸ ਕੰਮ ਲਈ ਉਸਨੇ ਮੇਰੀ ਮਦਦ ਲੈਣੀ ਠੀਕ ਸਮਝੀ। ਇਸ ਜ਼ਕਰੀਏ ਨੇ ਉਸ ਸਮੇਂ ਵੀ ਮੈਨੂੰ ਇਸੇ ਤਰਾਂ ਹੀ ਆਪਣੇ ਘਰ ਸੱਦਿਆ ਸੀ ਤੇ ਕਿਹਾ ਸੀ ਕਿ ਉਹ ਮੇਰੇ ਕਹਿਣ ਮੁਤਾਬਿਕ ਸਿੰਘਾਂ ਨਾਲ ਵਿਗਾੜਣਾ ਨਹੀਂ ਚਾਹੁੰਦਾ ਤੇ ਮੈਂ ਉਸਦਾ ਤੇ ਸਿੰਘਾਂ ਦਾ ਆਪਸੀ ਸਮਝੌਤਾ ਕਰਵਾ ਦਿਆਂ। ਫਿਰ ਮੈਂ ਉਸਨੂੰ ਪੁੱਛਿਆ ਕਿ ਸਮਝੌਤੇ ਵਿਚ ਉਹ ਕੀ ਚਾਹੁੰਦਾ ਹੈ

ਭਾਵ ਸਮਝੌਤੇ ਦੀਆਂ ਸ਼ਰਤਾਂ ਦੱਸੇ।"

ਭਾਈ ਤਾਰੂ ਸਿੰਘ ਜੀ ਨੇ ਪੁੱਛਿਆ, "ਕੀ ਸ਼ਰਤਾਂ ਰੱਖੀਆਂ ਸਨ ਇਸ ਜ਼ਕਰੀਏ ਨੇ?"ਸ. ਸੁਬੇਗ ਸਿੰਘ ਨੇ ਦੱਸਿਆ, "ਉਸਨੇ ਕਿਹਾ ਕਿ ਉਹ ਤਾਂ ਸਿਰਫ ਇਹੀ ਚਾਹੁੰਦਾ ਹੈ ਕਿ ਸਿੱਖ ਉਸਦੇ ਰਾਜ ਵਿੱਚ ਗੜਬੜ ਕਰਨੀ ਛੱਡ ਦੇਵੇ। ਫਿਰ ਮੈਂ ਉਸਨੂੰ ਕਿਹਾ ਕਿ ਸਿੱਖ ਕੋਈ ਗੜਬੜ ਨਹੀਂ ਕਰਦੇ ਸਗੋਂ ਤੁਹਾਡੇ ਕੀਤੇ ਹੋਏ ਗਲਤ ਕੰਮਾ ਦਾ ਫਲ ਦਿੰਦੇ ਹਨ। ਤੁਸੀਂ ਵੀ ਸਿੰਘਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਛੱਡ ਦਿਉ। ਜ਼ਕਰੀਆ ਕਹਿਣ ਲੱਗਾ ਕਿ ਚਲੋ ਠੀਕ ਹੈ ਪਰ ਸਿੰਘ ਮੇਰੇ ਰਾਜ ਵਿੱਚ ਕੋਈ ਦਖਲ ਨਾ ਦੇਣ ਤਾਂ ਮੈਂ ਉਸਤੋਂ ਪੁੱਛਿਆ ਕਿ ਇਸ ਬਦਲੇ ਤੁਸੀਂ ਸਿੰਘਾਂ ਨੂੰ ਕੀ ਦੇਵੋਗੇ। ਨਵਾਬ ਨੇ ਉਸ ਸਮੇਂ ਇਹ ਗੱਲ ਕਹੀ ਸੀ ਕਿ ਉਹ ਸਿੰਘਾਂ ਦੇ ਇੱਕ ਜਰਨੈਲ ਨੂੰ ਨਵਾਬ ਦੀ ਪਦਵੀ ਤੇ ਨਿਯੁਕਤ ਕਰੇਗਾ ਤੇ ਇਸ ਤੋਂ ਇਲਾਵਾ ਜੋ ਵੀ ਸਿੰਘਾਂ ਲੈਣਾ ਚਾਹੁੰਦੇ ਹਨ ਉਹ ਵੀ ਉਸਨੂੰ ਮਨਜ਼ੂਰ ਹੋਵੇਗਾ।"

ਭਾਈ ਤਾਰੂ ਸਿੰਘ ਹੀ ਪੁੱਛਣ ਲੱਗੇ, "ਫੇਰ ਤੁਸੀਂ ਕੀ ਕੀਤਾ..?"

ਸ. ਸੁਬੇਗ ਸਿੰਘ ਜੀ ਆਖਣ ਲੱਗੇ, "ਮੈਂ ਸਿੰਘਾਂ ਕੋਲ ਜਾਣ ਤੋਂ ਪਹਿਲਾਂ ਹੀ ਉਸਨੂੰ ਕਹਿ ਦਿੱਤਾ ਸੀ ਕਿ ਸਿੰਘਾਂ ਨੂੰ ਗੁਰੂਧਾਮਾਂ ਦੀ ਖੁੱਲ੍ਹੀ ਯਾਤਰਾ ਤੇ ਗੁਰਦੁਆਰਿਆ ਦੀ ਸੇਵਾ-ਸੰਭਾਲ ਦੀ ਪੂਰੀ ਖੁੱਲ੍ਹ ਹੋਣੀ ਚਾਹੀਦੀ ਹੈ ਕਿਉਂਕਿ ਭਾਈ ਸਾਹਿਬ ਜੀ, ਇਹ ਸਿੰਘ ਹੀ ਹਨ ਜੋ ਦੁਨੀਆਂ ਦੀ ਸਾਰੀ ਦੌਲਤ ਤੇ ਨਵਾਬੀਆਂ ਇੱਕ ਪਾਸੇ ਰੱਖ ਕੇ ਸਭ ਤੋਂ ਪਹਿਲਾਂ ਆਪਣੇ ਧਰਮ ਨੂੰ ਦੇਖਦੇ ਹਨ ਤੇ ਆਪਣੇ ਗੁਰਦੁਆਰਿਆਂ ਦੀ ਖਾਤਰ ਇਹ ਸਾਰਾ ਕੁਝ ਕੁਰਬਾਨ ਕਰ ਦਿੰਦੇ ਹਨ ਤੇ ਦੂਜੇ ਪਾਸੇ ਇਸ ਮੁਸਲਮਾਨ ਕੌਮ ਅਜਿਹੀ ਹੈ ਕਿ ਆਪਣੇ ਪਿਤਾ, ਭਰਾ ਜਾਂ ਬਾਗੀ ਹੋਏ ਪੁੱਤਰ ਨੂੰ ਮਾਰ ਕੇ ਵੀ ਨਵਾਬੀ ਮਿਲ ਜਾਵੇ ਤਾਂ ਪਿੱਛੇ ਨਹੀਂ ਹਟਦੇ। ਔਰੰਗਜ਼ੇਬ ਨੇ ਵੀ ਤਾਂ ਆਪਣਿਆਂ ਨੂੰ ਹੀ ਮਾਰਿਆ ਸੀ। ਆਪਣੇ ਸੁਖ ਆਰਾਮ ਦੀ ਖਾਤਰ ਉਸਨੇ ਹੋਰ ਵੀ ਕਈ ਲੋਕਾਂ ਤੇ ਸਿੱਖਾਂ ਨੂੰ ਬੇਰਹਿਮੀ ਨਾਲ ਸ਼ਹੀਦ ਕੀਤਾ ਸੀ। ਇਸ ਲਈ ਭਾਈ ਸਾਹਿਬ ਜੀ, ਮੈਂ ਗੁਰੂ ਘਰਾਂ ਦੀ ਸੇਵਾ-ਸੰਭਾਲ ਦੀ ਖੁੱਲ ਤੇ ਹੋਰ ਬਹੁਤ ਸਾਰੀਆਂ ਸ਼ਰਤਾਂ ਮਨਾਈਆਂ ਤੇ ਲਿਖਤੀ ਰੂਪ ਲੈ ਕੇ ੨੧ ਮਾਰਚ, ੧੭੩੩ ਨੂੰ ਕੁਝ ਹੋਰ ਸਿੱਖਾਂ ਨੂੰ ਨਾਲ ਲੈ ਕੇ ਸ਼੍ਰੀ ਅੰਮ੍ਰਿਤਸਰ ਵਿੱਖੇ ਪਹੁੰਚੇ ਤੇ ਸ਼੍ਰੀ ਅਕਾਲ-ਤਖਤ ਤੇ ਹਾਜ਼ਰ ਹੋ ਕੇ ਜ਼ਕਰੀਏ ਵਲੋਂ ਬੇਨਤੀ ਕੀਤੀ।

ਫਿਰ ਉਸ ਸਮੇਂ ਦੇ ਜੱਥੇਦਾਰ ਭਾਈ ਦਰਵਾਰਾ ਸਿੰਘ ਜੀ ਨੇ ਮੈਨੂੰ ਆਖਿਆ ਕਿ ਮੇਰੀ ਹਾਜ਼ਰੀ ਪੰਥ ਵਿਚ ਲੱਗ ਗਈ ਹੈ ਤੇ ਮੈਂ ਉਹਨਾਂ ਦੇ ਅਗਲੇ ਹੁਕਮਾਂ ਦਾ ਇੰਤਜ਼ਾਰ ਕਰਨ ਲੱਗਾ। ਕੁਝ ਸਮੇਂ ਬਾਅਦ ਮੈਨੂੰ ਬੁਲਾਇਆ ਗਿਆ। ਬਹੁਤ ਸਾਰੇ ਸਿੰਘ ਬੈਠੇ ਸਨ ਜਿਨ੍ਹਾਂ ਵਿੱਚੋਂ ਕੁਝ ਤਾਂ ਖੁਸ਼ ਹੋ ਕੇ ਦੇਖ ਰਹੇ ਸਨ ਪਰ ਕੁਝ ਮੈਨੂੰ ਘੂਰ ਰਹੇ ਸਨ। ਮੈਂ ਖੜ੍ਹੇ ਹੋ ਕੇ ਪੰਥ ਕੋਲੋਂ ਖਿਮਾ ਮੰਗਦੇ ਹੋਏ ਕਿਹਾ ਕਿ ਅਗਰ ਕੋਈ ਗਲਤੀ ਹੋਈ ਹੈ ਤਾਂ ਮੇਰੀ ਝੋਲੀ ਵਿੱਚ ਪਾਈ ਜਾਵੇ ਤੇ ਜੋ ਵੀ ਪੰਥ ਦਾ ਫੈਸਲਾ ਹੈ ਉਹ ਮੈਨੂੰ ਸੁਣਾਇਆ ਜਾਵੇ। ਇੱਕੀ ਦਿਨ ਦੀ ਜੋੜਿਆਂ ਦੀ ਸੇਵਾ ਦੀ ਤਨਖਾਹ ਪੂਰੀ ਹੋਣ ਤੋਂ ਬਾਅਦ ਮਨ ਖਿਲ ਉੱਠਿਆ ਤੇ ਮੇਰਾ ਰੋਮ ਰੋਮ ਉਸ ਅਕਾਲ-ਪੁਰਖ ਦਾ

ਸ਼ੁਕਰਾਨਾ ਕਰ ਰਿਹਾ ਸੀ। ਫਿਰ ਮੈਨੂੰ ਸੰਗਤ ਵਿੱਚ ਬੋਲਣ ਦੀ ਆਗਿਆ ਦਿੱਤੀ ਗਈ। ਮੈਂ ਸੰਗਤ ਵਿੱਚ ਖੜ੍ਹੇ ਹੋ ਕੇ ਫ਼ਤਿਹ ਬੁਲਾਈ ਤੇ ਨਵਾਬ ਦੀਆਂ ਲਿਖੀਆਂ ਸ਼ਰਤਾਂ ਅਤੇ ਨਵਾਬ ਦੀ ਸਹੀ ਦਿਖਾਈ ਤੇ ਕਿਹਾ ਕਿ ਨਵਾਬ ਸਿੱਖ ਪੰਥ ਤੋਂ ਲਿਖਤੀ ਰੂਪ ਵਿੱਚ ਮੁਆਫ਼ੀ ਮੰਗਦਾ ਹੈ ਤੇ ਸਿੰਘਾਂ ਨਾਲ ਸਮਝੌਤਾ ਕਰਨਾ ਚਾਹੁੰਦਾ ਹੈ। ਫਿਰ ਮੈਂ ਸੰਗਤਾਂ ਨੂੰ ਉਹ ਸ਼ਰਤਾਂ ਵੀ ਦੱਸੀਆਂ ਜਿਹੜੀਆਂ ਜ਼ਕਰੀਏ ਕੋਲੋਂ ਮਨਵਾਈਆਂ ਸਨ ਜਿਵੇਂ ਗੁਰੂ ਧਾਮਾ ਦੀ ਹੋ ਰਹੀ ਬੇਅਦਬੀ ਨੂੰ ਰੋਕ ਕੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨੀ ਤੇ ਸੰਗਤਾਂ ਨੂੰ ਇਹ ਵੀ ਕਿਹਾ ਕਿ ਜ਼ਕਰੀਏ ਦੀ ਸਰਕਾਰ ਭਾਵੇਂ ਸਿੰਘਾਂ ਦੀ ਕਿਰਪਾ ਨਾਲ ਝੁਕੀ ਹੈ ਪਰ ਝੁਕੀ ਤਾਂ ਹੈ। ਇਸ ਗੱਲ ਦਾ ਸਿੱਖ ਕੌਮ ਨੂੰ ਭਰਪੂਰ ਫਾਇਦਾ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਜ਼ਕਰੀਏ ਦੁਆਰਾ ਦਿੱਤੀ ਗਈ ਨਵਾਬੀ ਅਤੇ ਦਿਆਲਪੁਰ, ਕੰਗਣਪੁਰ ਤੇ ਝਬਾਲ ਦੇ ਘਰਾਣਿਆਂ ਦੀ ਜ਼ਗੀਰ ਜਿਸ ਦੀ ਆਮਦਨ ਤਕਰੀਬਨ ਇੱਕ ਲੱਖ ਰੁਪਿਆ ਹੈ ਦੀ ਲਿਖਤ ਪੇਸ਼ ਕੀਤੀ ਪਰ ਜੱਥੇਦਾਰ ਸ. ਦਰਬਾਰਾ ਸਿੰਘ ਜੀ ਨੇ ਇਹ ਸਭ ਕੁਝ ਠੁਕਰਾ ਦਿੱਤਾ। ਜਦੋਂ ਬਹੁਤ ਬੇਨਤੀਆਂ ਕੀਤੀਆਂ ਤਾਂ ਖਾਲਸੇ ਨੇ ਜਗੀਰ ਲੈਣੀ ਮੰਨ ਲਈ ਪਰ ਨਵਾਬੀ ਲੈਣ ਲਈ ਕੋਈ ਵੀ ਤਿਆਰ ਨਹੀ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਗਿਆਨੀ ਰਤਨ ਸਿੰਘ ਭੰਗੂ ਦੀ ਕਲਮ ਲਿਖਤ :-

"ਦੇਈ ਨਗਰੀ ਭੀ ਖਰਚ ਤਾਈਂ, ਸੁਬੇਗ ਸਿੰਘ ਤੁਰਯੋ ਜੁਗਤ ਬਣਾਈ।
ਜਹਿੰ ਡੇਰੇ ਥੇ ਖਾਲਸੇ ਲਾਯੋ, ਬਜਿਹੰ ਨਗਾਰੇ ਨਿਸ਼ਾਨ ਝੁਲਾਯੋ॥੨੨॥
ਜਾ ਪਹੁੰਚਿਯੋ ਵਹਿ ਸਿੰਘ ਸੁਜਾਨ, ਆਗੈ ਲਗਯੋ ਹੁਤ ਖਾਲਸੇ ਦੀਵਾਨ॥"
(ਪੰਨਾ੨੧੩)
"ਦਰਬਾਰੈ ਸਿੰਘ ਅਗਯੋ ਕਹੀ। ਅਸੀ ਨਿਵਾਬੀ ਕਦ ਚਹੈ ਲਈ॥
ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ। ਹਮ ਕੌ ਜਾਪਤ ਢਿਗ ਸੋਊ ਆਹੀ॥
ਪਾਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ। ਪਰਾਧੀਨ ਜਿਹ ਮਾਹਿ ਖਰਾਬੀ॥"
(ਪੰਨਾ-੨੧੩)

"ਫਿਰ ਕੀ ਹੋਇਆ,ਸਰਦਾਰ ਜੀ",ਭਾਈ ਸੋਭਾ ਸਿੰਘ ਜੀ ਨੇ ਉਤਸੁਕਤਾ ਨਾਲ ਪੁੱਛਿਆ।

ਸ. ਸੁਬੇਗ ਸਿੰਘ ਜੀ ਨੇ ਦੱਸਿਆ, "ਫਿਰ ਕੀ ਹੋਣਾ ਸੀ, ਮੈਂ ਬਹੁਤ ਬੇਨਤੀਆਂ ਕੀਤੀਆਂ ਤਾਂ ਕਿ ਜ਼ਗੀਰ ਦੇ ਨਾਲ ਨਵਾਬੀ ਵੀ ਲੈਣ ਦੀ ਕ੍ਰਿਪਾਲਤਾ ਕਰੋ ਤਾਂ ਉੱਥੇ ਬੈਠੇ ਪੰਜ ਸਿੰਘ ਸਾਹਿਬਾਨਾਂ ਨੇ ਇਹ ਫੈਸਲਾ ਕੀਤਾ ਕਿ ਚਲੋ ਠੀਕ ਹੈ ਕਿ ਖਾਲਸਾ ਨਵਾਬੀ ਵੀ ਲੈਣ ਲਈ ਤਿਆਰ ਹੈ ਪਰ ਇਹ ਨਵਾਬੀ ਕਿਸੇ ਗਰੀਬ ਪੂਰਨ ਗੁਰਸਿੱਖ ਨੂੰ ਦਿੱਤੀ ਜਾਵੇਗੀ। ਇਸ ਤਰਾਂ ਇਹ ਨਵਾਬੀ ਸੰਗਤਾਂ ਨੂੰ ਪੱਖਾ ਝੱਲ ਰਹੇ ਇੱਕ ਗਰੀਬ ਸੇਵਾਦਾਰ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਨਾਮ ਕਪੂਰ ਸਿੰਘ ਸੀ, ਜੋ ਕਿ ਪੰਥ ਵਿੱਚ ਨਵਾਬ ਕਪੂਰ ਸਿੰਘ ਦੇ ਨਾਮ ਨਾਲ ਪ੍ਰਸਿਧ ਹੋਇਆ। ਮੈਂ ਜਦੋਂ ਇਹ ਸਭ ਕੁਝ ਦੇਖਿਆ ਤਾਂ ਮੇਰੇ ਮੁੱਖ ਚੋਂ ਸਹਿਜ ਹੀ ਨਿਕਲ ਗਿਆ ਕਿ 'ਧੰਨ ਗੁਰੂ ਤੇ ਧੰਨ ਤੇਰਾ ਖਾਲਸਾ'।"

ਭਾਈ ਤਾਰੂ ਸਿੰਘ ਜੀ ਨੇ ਬਚਨ ਕੀਤਾ, "ਇਹੀ ਤਾਂ ਅੰਮ੍ਰਿਤ ਦੀ ਸ਼ਕਤੀ ਹੈ ਜੋ ਖਾਲਸੇ ਨੂੰ ਗੁਰੂ ਨਾਲੋਂ ਵੱਖ ਨਹੀਂ ਹੋਣ ਦਿੰਦੀ ਤੇ ਜਿਹੜਾ ਉਹ ਪਾਤਸ਼ਾਹ ਦਾ ਬਣ ਗਿਆ, ਉਸ ਨੇ ਨਵਾਬੀਆ ਤੋਂ ਕੀ ਲੈਣਾ ਹੈ।"

ਸ. ਸੁਬੇਗ ਸਿੰਘ ਜੀ ਨੇ ਆਖਿਆ, "ਜੀ ਹਾਂ, ਭਾਈ ਸਾਹਿਬ ਜੀ, ਇਹਨਾਂ ਨਵਾਬੀਆਂ ਦੀ ਖਾਤਰ ਲੋਕ ਕਿੰਨੇ ਖੂਨ-ਖਰਾਬੇ ਕਰਦੇ ਹਨ ਪਰ ਖਾਲਸਾ ਉਸਨੂੰ ਨਵਾਬੀ ਬਖਸ਼ ਰਿਹਾ ਹੈ ਜੋ ਸੰਗਤਾਂ ਦੀ ਸੇਵਾ ਕਰ ਰਿਹਾ ਹੈ, ਪੱਖਾ ਝੱਲ ਰਿਹਾ ਹੈ ਤੇ ਉਹ ਵੀ ਇਸ ਨਵਾਬੀ ਨੂੰ ਠੁਕਰਾ ਰਿਹਾ ਹੈ। ਉਹ ਵੀ ਇਹੀ ਕਿਹ ਰਿਹਾ ਹੈ ਕਿ ਜੇ ਇਸ ਨਵਾਬੀ ਨੂੰ ਪੰਜ ਪਿਆਰਿਆਂ ਦੀ ਜੁੱਤੀ ਵਿੱਚ ਰੱਖਿਆ ਜਾਵੇ ਤਾਂ ਉਹ ਇਸ ਨਵਾਬੀ ਨੂੰ ਸਵਿਕਾਰ ਕਰੇਗਾ ਤੇ ਇਸੇ ਤਰਾਂ ਹੀ ਕੀਤਾ ਗਿਆ। ਨਵਾਬੀ ਨੂੰ ਪੰਜ ਪਿਆਰਿਆਂ ਦੀ ਜੁੱਤੀ ਵਿੱਚ ਰੱਖਿਆ ਗਿਆ। ਫਿਰ ਜੇ ਕੇ ਉਸ ਨੇ ਇਹ ਨਵਾਬੀ ਸਵੀਕਾਰ ਕੀਤੀ।" ਗਿ: ਰਤਨ ਸਿੰਘ ਭੰਗੂ ਦੀ ਲਿਖਤ 'ਪ੍ਰਚੀਨ ਪੰਥ ਪ੍ਰਕਾਸ਼' (ਪੰਨਾ-੨੧੩)

"ਪੰਜ ਭੁਜੰਗੀਅਨ ਚਰਨੀ ਛੁਹਾਇ। ਧਰੋ ਸੀਸ ਮੋਹੇ ਪਵਿਤ੍ਰ ਕਰਾਇ॥
ਪੰਜ ਭੁਜੰਗੀਅਨ ਚਰਨ ਬਲ ਪਾਈ। ਸਿੰਘ ਸਸੋ ਹੁਇ, ਪ੍ਰਬਤ ਭਏ ਭਾਈ॥"

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਨਵਾਬ ਕਪੂਰ ਸਿੰਘ ਜੀ ਨੇ ਪੂਰੀ ਮਰਿਯਾਦਾ ਨਾਲ ਨਵਾਬੀ ਚਲਾਈ ਅਤੇ ਕਿੰਨੀ ਦੇਰ ਸ਼ਾਂਤੀ ਬਣੀ ਰਹੀ ਸੀ।"

ਸ. ਸੁਬੇਗ ਸਿੰਘ ਜੀ ਕਹਿਣ ਲੱਗੇ, "ਸਿੰਘਾਂ ਨੇ ਇਸ ਸਮੇਂ ਦਾ ਸੰਪੂਰਨ ਲਾਭ ਉਠਾਇਆ ਤੇ ਗੁਰੂ ਧਾਮਾਂ ਦੀ ਪੂਰੀ ਸੇਵਾ ਸੰਭਾਲ ਕੀਤੀ ਗਈ। ਖਾਲਸੇ ਨੂੰ ਵੱਧਣ-ਫੁੱਲਣ ਦਾ ਸਮਾਂ ਮਿਲਿਆ ਪਰ ਜਦੋਂ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਹੋਈ ਤਾਂ ਫਿਰ ਬਿਗਾੜ ਪੈ ਗਿਆ।"

ਸ. ਸੁਬੇਗ ਸਿੰਘ ਜੀ ਖੜ੍ਹੇ ਹੋ ਗਏ ਤੇ ਹੱਥ ਜੋੜ ਕੇ ਨਿਮਰਤਾ ਨਾਲ ਕਹਿਣ ਲੱਗੇ, "ਭਾਈ ਸਾਹਿਬ ਜੀ! ਹੁਣ ਮੈਂ ਦੂਜੀ ਵਾਰੀ ਗੁਰੂ ਕਾ ਖਾਲਸਾ ਪੰਥ ਅਤੇ ਜ਼ਕਰੀਏ ਦੇ ਵਿਚਕਾਰ ਆ ਗਿਆ ਹਾਂ ਤੇ ਹੁਣ ਮੈਂ ਦੁਆਰਾ ਮੁਆਫੀ ਮੰਗਣ ਨਹੀਂ ਜਾਣਾ, ਜੇ ਕੋਈ ਹੋਰ ਹੁਕਮ ਹੈ ਤਾਂ ਮੈਨੂੰ ਕਿਰਪਾ ਕਰਕੇ ਦੱਸੋ।"

ਭਾਈ ਤਾਰੂ ਸਿੰਘ ਜੀ ਨੇ ਸ. ਸੁਬੇਗ ਸਿੰਘ ਜੀ ਦੀ ਇਸ ਗੱਲ ਨੂੰ ਬਹੁਤ ਗੰਭੀਰਤਾ ਨਾਲ ਲਿਆ ਤੇ ਕੁਝ ਸਮੇਂ ਲਈ ਸ਼ਾਂਤ ਬੈਠੇ ਰਹੇ। ਉਸ ਸਮੇਂ ਭਾਈ ਸਾਹਿਬ ਜੀ ਕੋਲ ਸ. ਸੁਬੇਗ ਸਿੰਘ ਜੀ ਤੋਂ ਇਲਾਵਾ ਸ. ਸ਼ਹਿਬਾਜ਼ ਸਿੰਘ, ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਬੈਠੇ ਸਨ ਭਾਵ ਪੰਜ ਸਿੰਘ ਪੂਰੇ ਚੜ੍ਹਦੀ ਕਲਾ ਵਾਲੇ ਸਨ। ਕਿਉਂਕਿ ਪੰਜ ਪਿਆਰਿਆਂ ਵਿੱਚ ਪੰਥ ਖਾਲਸਾ ਆਪ ਵਸਦਾ ਹੈ ਇਸ ਲਈ ਪੰਜਾਂ ਪਿਆਰਿਆਂ ਦਾ ਫੈਸਲਾ ਹੀ ਪੰਥ ਖਾਲਸੇ ਦਾ ਫੈਸਲਾ ਮੰਨਿਆ ਜਾਂਦਾ ਹੈ। ਇਹਨਾਂ ਪੰਜਾਂ ਗੁਰੂ ਕੇ ਪਿਆਰਿਆਂ ਦੇ ਸਾਹਮਣੇ ਇਹਨਾਂ ਦੇ ਪਰਿਵਾਰਾਂ ਤੋਂ ਬਿਨਾਂ ਹੋਰ ਵੀ ਸੰਗਤ ਬੈਠੀ ਸੀ। ਇਨ੍ਹਾਂ ਪੰਜਾਂ ਪਿਆਰਿਆਂ ਨੇ ਵਿਚਾਰ ਕੀਤੀ ਅਤੇ ਸ. ਸ਼ਹਿਬਾਜ਼ ਸਿੰਘ ਜੀ ਨੇ ਖੜ੍ਹੇ ਹੋ ਕੇ ਭਾਈ ਤਾਰੂ ਸਿੰਘ ਜੀ ਤੋਂ ਆਗਿਆ ਲੈ ਕੇ ਫੈਸਲਾ ਸੁਣਾਇਆ ਤੇ ਕਿਹਾ, "ਭਾਈ ਤਾਰੂ ਸਿੰਘ ਪੂਹਲੇ ਦੀ ਜੁੱਤੀ ਲੈ ਕੇ ਰਾਜ

ਬਹਾਦਰ ਨਵਾਬ ਜ਼ਕਰੀਆ ਖਾਨ ਦੇ ਸਿਰ ਵਿੱਚ ਮਾਰੀ ਜਾਵੇ, ਇਸ ਤਰਾਂ ਕਰਨ ਨਾਲ ਉਸਨੂੰ ਆਰਾਮ ਤਾਂ ਮਿਲੇਗਾ ਪਰ ਫੈਸਲਾ ਗੁਰੂ ਦੇ ਹੱਥ 'ਚ ਹੈ ਕਿ ਉਸਨੇ ਧਰਮ ਨਿਆਂ ਕਿਵੇਂ ਕਰਨਾ ਹੈ"।

ਇਹ ਫੈਸਲਾ ਜਦੋਂ ਨਵਾਬ ਜ਼ਕਰੀਆ ਖਾਨ ਨੂੰ ਸੁਣਾਇਆ ਗਿਆ ਤਾਂ ਉਸਦੇ ਲੜਕੇ ਯਹੀਆ ਖਾਨ ਨੇ ਇਤਰਾਜ਼ ਕੀਤਾ ਪਰ ਬਾਕੀਆਂ ਨੇ ਇਸ ਫੈਸਲੇ ਨੂੰ ਖੁਦਾ ਦਾ ਫੈਸਲਾ ਮੰਨਣ ਦੀ ਸਲਾਹ ਦਿੱਤੀ। ਜ਼ਕਰੀਆਂ ਤਾਂ ਪਹਿਲਾਂ ਹੀ ਬਹੁਤ ਦੁਖੀ ਸੀ। ਉਹ ਤਾਂ ਕਹਿੰਦਾ ਸੀ ਕਿ ਜਲਦੀ ਮੇਰੇ ਸਿਰ ਵਿੱਚ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਮਾਰੋ ਤੇ ਮੇਰੀ ਜਾਨ ਛੁਡਾਉ। ਇਸ ਤਰਾਂ ਭਾਈ ਤਾਰੂ ਸਿੰਘ ਪੂਹਲੇ ਦੀ ਜੁੱਤੀ ਮਹਿਲਾਂ ਵਿੱਚ ਲਿਜਾਈ ਗਈ। ਜਦੋਂ ਜ਼ਕਰੀਏ ਦੇ ਸਿਰ ਵਿੱਚ ਸ. ਸੁਬੇਗ ਸਿੰਘ ਜੀ ਨੇ ਜੁੱਤੀ ਮਾਰੀ ਤਾਂ ਪਿਸ਼ਾਬ ਦੀਆਂ ਬੂੰਦਾਂ ਡਿਗਣੀਆਂ ਸ਼ੁਰੂ ਹੋ ਗਈਆਂ ਤੇ ਇਸ ਨਾਲ ਉਸਨੂੰ ਕੁਝ ਆਰਾਮ ਮਿਲਿਆ। ਇਹ ਦੇਖ ਕੇ ਉਸਦੀ ਮਾਂ, ਧੀ, ਪੁੱਤਰ ਯਹੀਆ ਖਾਨ ਤੇ ਹੋਰ ਲੋਕ ਬਹੁਤ ਹੈਰਾਨ ਹੋਏ।

ਇਸ ਤਰਾਂ ਸ.ਸੁਬੇਗ ਸਿੰਘ ਨੇ ਜ਼ਕਰੀਏ ਨੂੰ ਕਿਹਾ, "ਜਦੋਂ ਵੀ ਤਕਲੀਫ ਵਧੇ ਤਾਂ ਫਿਰ ਤੋਂ ਇਸੇ ਤਰਾਂ ਜੁੱਤੀ ਆਪਣੇ ਸਿਰ ਵਿੱਚ ਮਰਵਾਈ ਜਾਵੀਂ ਤੇ ਆਰਾਮ ਮਿਲੇਗਾ।"

ਇਸ ਤਰਾਂ ਜ਼ਕਰੀਏ ਦੇ ਸਿਰ ਵਿੱਚ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਪੈਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੱਥੇ ਕੁਝ ਇਤਿਹਾਸਕਾਰ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਜੀ ਜੁੱਤੀ ਆਪਣੇ ਸਿਰ 'ਚ ਖਾ-ਖਾ ਕੇ ਜ਼ਕਰੀਏ ਦਾ ਬੰਨ ਟੁੱਟ ਗਿਆ ਤੇ ਉਸਨੇ ਖਾਲਸਾ ਪੰਥ ਤੋਂ ਮੁਆਫੀ ਵੀ ਮੰਗੀ ਸੀ।

24 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 6 ਦਿਨ)

ਇਸ ਤਰਾਂ ਜ਼ਕਰੀਏ ਦੇ ਸਿਰ ਵਿੱਚ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਪੈਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੱਥੇ ਕੁਝ ਇਤਿਹਾਸਕਾਰ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਜੀ ਜੁੱਤੀ ਆਪਣੇ ਸਿਰ 'ਚ ਖਾ-ਖਾ ਕੇ ਜ਼ਕਰੀਏ ਦਾ ਬੰਨ ਟੁੱਟ ਗਿਆ ਤੇ ਉਸਨੇ ਖਾਲਸਾ ਪੰਥ ਤੋਂ ਮੁਆਫੀ ਵੀ ਮੰਗੀ ਸੀ।

ਭਾਈ ਤਾਰੂ ਸਿੰਘ ਜੀ ਨੂੰ ਅੱਜ ਧਰਮਸ਼ਾਲਾ ਵਿੱਚ ਆਇਆਂ ਨੂੰ ਦੂਸਰਾ ਦਿਨ ਆਰੰਭ ਹੋ ਗਿਆ ਅਤੇ ਖੋਪਰੀ ਉਤਰੀ ਨੂੰ ਅੱਜ ੧੪ ਦਿਨ ਪੂਰੇ ਹੋ ਗਏ ਅਤੇ ੧੫ਵਾਂ ਦਿਨ ਆਰੰਭ ਹੋ ਗਿਆ। ੧੩ ਦਿਨ ਬਰਸਾਤੀ ਪੁਲ ਹੇਠਾਂ ਰਹੇ ਅਤੇ ਲਾਹੌਰ ਵਿੱਚ ਆਇਆਂ ਨੂੰ ੨੪ ਦਿਨ ਹੋ ਗਏ ਸਨ। ੨੯ ਦਿਨ ਪਿੰਡ ਪੂਹਲੇ ਤੋਂ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਤੋਂ ਵਿਛੜਿਆਂ ਨੂੰ ਹੋ ਗਏ ਸਨ।

ਅੱਜ ਨਿੱਤਨੇਮ ਦੀ ਸਮਾਪਤੀ ਤੋਂ ਬਾਅਦ ਭਾਈ ਤਾਰੂ ਸਿੰਘ ਜੀ ਸ.ਪ੍ਰੇਮ ਸਿੰਘ ਜੀ ਨਾਲ ਪਿਆਰ ਦੇ ਬਚਨ ਕਰਦਿਆਂ ਆਪਣੀ ਮਾਤਾ ਜੀ ਅਤੇ ਭੈਣ ਗੁਰਜੋਈ ਦੇ ਬਚਨ ਸਾਂਝੇ ਕਰ ਰਹੇ ਸਨ। ਇੱਧਰ ਲਾਹੌਰ ਦੀਆਂ ਅਤੇ ਆਲੇ-

ਦੁਆਲੇ ਦੀਆਂ ਸੰਗਤਾਂ ਨੂੰ ਜਿਵੇਂ-ਜਿਵੇਂ ਭਾਈ ਸਾਹਿਬ ਜੀ ਬਾਰੇ ਪਤਾ ਲੱਗ ਰਿਹਾ ਸੀ ਕਿ ਸਰਕਾਰ ਵਲੋਂ ਭਾਈ ਸਾਹਿਬ ਜੀ ਨੂੰ ਮਿਲਣ ਦੀ ਪੂਰੀ ਖੁੱਲ ਹੈ ਅਤੇ ਕਿਸੇ ਸਜ਼ਾ ਦਾ ਡਰ ਨਹੀਂ ਹੈ ਉਹਨਾਂ ਨੇ ਧਰਮਸ਼ਾਲਾ ਵਿੱਚ ਪਹੁੰਚ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਨੇ ਵੀ ਜ਼ਕਰੀਏ ਨਾਲ ਮਿਲ ਕੇ ਭਾਈ ਸਾਹਿਬ ਜੀ ਮਾੜਾ ਕੀਤਾ ਸੀ ਉਹਨਾਂ ਨੂੰ ਵਾਹਿਗੁਰੂ ਜੀ ਨੇ ਆਪ ਸਜ਼ਾ ਦਿੱਤੀ। ਕੁਝ ਤਾਂ ਮਰ ਗਏ ਤੇ ਕੁਝ ਮਰਨ ਲਈ ਮੰਜੇ ਤੇ ਪਏ ਸਨ। ਇਹ ਸਾਰਾ ਕੁਝ ਦੇਖ ਕੇ ਜਿਹੜੇ ਸਿੰਘਾਂ ਦੀਆਂ ਮੁਖਬਰੀਆਂ ਕਰਦੇ ਸਨ,ਉਹ ਵੀ ਸਹੀ ਮਾਰਗ ਤੇ ਚੱਲਣ ਲੱਗੇ ਤੇ ਮੁਖਬਰੀਆ ਕਰਨੀਆਂ ਬੰਦ ਕਰ ਦਿੱਤੀਆਂ। ਇਸ ਲਈ ਸੰਗਤਾਂ ਦਾ ਪਿਆਰ ਉਭਰ ਆਇਆ ਤੇ ਸੰਗਤਾਂ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆ ਰਹੀਆਂ ਸਨ। ਪਹਿਲਾਂ ਤਾਂ ਭਾਈ ਤਾਰੂ ਸਿੰਘ ਜੀ ਨੇ ਕਿਸੇ ਨਾਲ ਵੀ ਮਿਲਣ ਲਈ ਹਾਮੀ ਨਹੀਂ ਭਰੀ;ਭਾਵੇਂ ਕਿ ਕਈਆਂ ਨੇ ਬਹੁਤ ਵਾਰੀ ਬੇਨਤੀ ਕੀਤੀ ਸੀ ਜਿਨ੍ਹਾਂ ਵਿਚ ਭਾਈ ਸੋਭਾ ਸਿੰਘ ਜੀ ਦਾ ਪਰਿਵਾਰ ਅਤੇ ਜੇਲ੍ਹਰ ਅਹਿਮਦ ਖ਼ਾਂ ਵੀ ਸੀ। ਇਸ ਪਿੱਛੇ ਭਾਈ ਸਾਹਿਬ ਜੀ ਦਾ ਕੋਈ ਅਹੰਕਾਰ ਨਹੀ ਸੀ,ਬਲਕਿ ਉਹ ਤਾਂ ਇਹ ਚਾਹੁੰਦੇ ਸਨ ਕਿ ਉਹਨਾਂ ਕਰਕੇ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ।

ਜਿਵੇਂ ਕਿ ਆਪਾਂ ਪਿੱਛੇ ਪੜ੍ਹਿਆ ਹੈ ਕਿ ਜਦੋਂ ਭਾਈ ਤਾਰੂ ਸਿੰਘ ਜੀ ਪਿੰਡ ਪੂਹਲੇ ਤੋਂ ਗ੍ਰਿਫਤਾਰ ਕਰਕੇ ਲਾਹੌਰ ਲਿਆਉਂਦਾ ਜਾਣਾ ਸੀ ਤਾਂ ਭਾਈ ਸਾਹਿਬ ਜੀ ਦੇ ਪਿੱਛੇ ਬਹੁਤ ਸਾਰੀਆਂ ਸੰਗਤਾਂ ਜਿਨ੍ਹਾਂ ਵਿਚ ਹਿੰਦੂ,ਸਿੱਖ ਤੇ ਮੁਸਲਮਾਨ ਵੀ ਸਨ ਨੇ ਭਾਈ ਸਾਹਿਬ ਜੀ ਦੀ ਗ੍ਰਿਫਤਾਰੀ ਨੂੰ ਰੋਕਣ ਦਾ ਯਤਨ ਕੀਤਾ ਸੀ ਤਾਂ ਭਾਈ ਸਾਹਿਬ ਹੀ ਨੇ ਸਰਿਆਂ ਨੂੰ ਬੇਨਤੀ ਕੀਤੀ ਸੀ ਕਿ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਨਾ ਹੈ ਤੇ ਸਾਰੀਆਂ ਸੰਗਤਾਂ ਨੂੰ ਕੋਈ ਵੀ ਕਾਰਵਾਈ ਕਰਨ ਤੋਂ ਵਰਜਿਆ ਸੀ। ਉਹ ਸਾਰੀ ਸੰਗਤ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆ ਰਹੀ ਸੀ ਤੇ ਭਾਈ ਸਾਹਿਬ ਜੀ ਨੇ ਉਨ੍ਹਾਂ ਸੰਗਤਾਂ ਨੂੰ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਕੇ ਦਿਖਾਇਆ।

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਰਣ ਕਾਰਨ ਸਿਰ ਦੇ ਜ਼ਖਮਾਂ ਨੂੰ ਆਰਾਮ ਤਾਂ ਆ ਰਿਹਾ ਸੀ ਪਰ ਭਾਈ ਸਾਹਿਬ ਜੀ ਸੰਗਤਾਂ ਨਾਲ ਜਦੋਂ ਉਪਦੇਸ਼ ਕਰਦੇ ਸਨ ਤਾਂ ਬੋਲਣ ਨਾਲ ਤਕਲੀਫ ਹੁੰਦੀ ਸੀ ਪਰ ਭਾਈ ਸਾਹਿਬ ਜੀ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਪ੍ਰਚਾਰ ਕਰਦੇ ਰਹੇ। ਭਾਈ ਸਾਹਿਬ ਜੀ ਦੇ ਪ੍ਰਚਾਰ ਵਿਚ ਇੱਕ ਅਜਿਹਾ ਰਸ ਸੀ ਜੋ ਉਹਨਾਂ ਨੇ ਖੁੱਦ ਚੱਖ ਕੇ ਦੇਖਿਆ ਸੀ। ਇਸ ਲਈ ਭਾਈ ਸਾਹਿਬ ਜੀ ਦੇ ਪ੍ਰਚਾਰ ਦਾ ਰਸ ਬਹੁਤ ਜੀ ਅਸਰਦਾਰ ਸੀ ਜੋ ਸੰਗਤਾਂ ਵਿੱਚ ਇੱਕ ਨਵੀਂ ਰੂਹ ਪੈਦਾ ਕਰ ਰਿਹਾ ਸੀ।

ਜਦੋਂ ਭਾਈ ਸੋਭਾ ਸਿੰਘ ਜੀ ਪਰਿਵਾਰ ਸਮੇਤ ਪ੍ਰਸ਼ਾਦਾ ਲੈ ਕੇ ਪਹੁੰਚੇ ਤਾਂ ਬੇਨਤੀ ਕੀਤੀ, "ਭਾਈ ਸਾਹਿਬ ਜੀ ਪਹਿਲਾਂ ਆਪ ਪ੍ਰਸ਼ਾਦਾ ਛੱਕ ਲਵੋ ਤੇ ਫਿਰ ਸਿਰ ਦੀ ਪੱਟੀ ਵੀ ਕਰਨੀ ਹੈ। "

ਸੰਗਤ ਬੈਠੀ ਹੋਈ ਸੀ। ਭਾਈ ਤਾਰੂ ਸਿੰਘ ਜੀ ਨੇ ਕਿਹਾ, "ਪਹਿਲਾਂ ਆਈ

ਹੋਈ ਸੰਗਤ ਨੂੰ ਮਿਲ ਲਈਏ, ਕਿਉਂਕਿ ਮੇਰੇ ਕਾਰਣ ਸੰਗਤ ਬੈਠੀ ਰਹੇ, ਇਹ ਗੱਲ ਠੀਕ ਨਹੀ ਹੈ।"

ਸ. ਪ੍ਰੇਮ ਸਿੰਘ ਜੀ ਤੇ ਭਾਈ ਸੋਭਾ ਸਿੰਘ ਜੀ ਨੇ ਬੇਨਤੀ ਕੀਤੀ ਤਾ ਭਾਈ ਸਾਹਿਬ ਜੀ ਨੇ ਪਹਿਲਾਂ ਪ੍ਰਸ਼ਾਦਾ ਛਕਿਆ ਤੇ ਫਿਰ ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਨੇ ਭਾਈ ਸਾਹਿਬ ਜੀ ਦੀ ਪੱਟੀ ਖੋਲ੍ਹੀ ਤੇ ਦੇਖਿਆ ਕਿ ਜ਼ਖਮ ਤਾਂ ਠੀਕ ਹਨ ਪਰ ਜਿਆਦਾ ਮੋੜ ਨਹੀਂ ਪਿਆ। ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਘੱਟ ਬੋਲਣ ਦੀ ਬੇਨਤੀ ਕੀਤੀ ਤਾਂ ਕਿ ਜ਼ਖਮ ਜਲਦੀ ਠੀਕ ਹੋ ਸਕੇ। ਇੱਧਰ ਭਾਈ ਸਾਹਿਬ ਜੀ ਨੂੰ ਆਈ ਹੋਈ ਸੰਗਤ ਨੂੰ ਮਿਲਣ ਦਾ ਚਾਅ ਸੀ। ਪੱਟੀ ਕਰਵਾ ਕੇ ਭਾਈ ਸਾਹਿਬ ਜੀ ਸੰਗਤਾਂ ਦੇ ਰੂ-ਬਰੂ ਹੋ ਹੋਏ ਤੇ ਫ਼ਤਿਹ ਗਜਾਈ। ਭਾਈ ਸਾਹਿਬ ਜੀ ਨੇ ਸਰਬ ਸਾਂਝੀ ਗੁਰਬਾਣੀ ਵਿੱਚੋਂ ਸੰਗਤਾਂ ਨੂੰ ਉਪਦੇਸ਼ ਦਿੱਤਾ ਤੇ ਸਦਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਲਈ ਪ੍ਰਚਾਰ ਕੀਤਾ। ਅੱਜ ਭਾਈ ਸਾਹਿਬ ਜੀ ਸੰਗਤ ਨੂੰ ਕਹਿ ਰਹੇ ਸਨ, "ਅੱਜ ਮੈਨੂੰ ਇਸ ਸੰਗਤ ਵਿੱਚੋਂ ਇੱਕੋ ਪਿਆਰ ਦਿੱਸ ਰਿਹਾ ਹੈ। ਜਿਸ ਸੰਗਤੀ ਰੂਪ ਵਿੱਚ ਤੁਸੀਂ ਜ਼ਾਤ-ਪਾਤ, ਊਚ-ਨੀਚ ਤੇ ਫਿਰਕਾ-ਪ੍ਰਸਤ ਤੋਂ ਉਪਰ ਉਠ ਕੇ ਅੱਜ ਮੇਰੇ ਕੋਲ ਆਏ ਹੋ, ਇਨਸਾਨੀਅਤ ਵਿੱਚ ਇਹ ਸਰਬ-ਉਚਤਾ ਦੀ ਦਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਿਲਦੀ ਹੈ।"

ਇਸ ਤਰਾਂ ਦਿਨ ਭਰ ਭਾਈ ਤਾਰੂ ਸਿੰਘ ਜੀ ਸਭ ਧਰਮਾਂ ਨੂੰ ਸੱਚ ਦਾ ਉਪਦੇਸ਼ ਦਿੰਦੇ ਤੇ ਇਨਸਾਨੀ ਭਾਈਚਾਰੇ ਨੂੰ ਕੁਦਰਤ ਦੇ ਬੰਦੇ ਦੱਸਦੇ ਸਨ। ਸ਼ਾਮ ਨੂੰ ਰਹਿਰਾਸ ਸਾਹਿਬ ਜੀ ਪਾਠ ਕੀਤਾ ਤੇ ਹੁਣ ਭਾਈ ਸਾਹਿਬ ਜੀ ਕੋਲ ਕੁਝ ਹੋਰ ਪ੍ਰੇਮ ਵਾਲੇ ਵੀ ਰੁਕਣ ਲੱਗੇ ਸਨ।

25 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 7 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ	- ੩੦ ਦਿਨ
ਲਾਹੌਰ ਆਇਆਂ ਨੂੰ ਹੋਏ	- ੨੫ ਦਿਨ
ਖੋਪਰੀ ਸੀਸ ਤੋਂ ਉਤਰੀ ਨੂੰ ਹੋਏ	- ੧੯ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੩ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ	- ੦੨ ਦਿਨ

ਸਿਰ ਦੇ ਜ਼ਖ਼ਮ ਖ਼ਰਾਬ ਹੋਣਾ

ਅੱਜ ਅੰਮ੍ਰਿਤ ਵੇਲੇ ਦੇ ਨਿਤਨੇਮ ਸੰਪੂਰਨ ਕਰਕੇ ਭਾਈ ਤਾਰੂ ਸਿੰਘ ਜੀ ਨੇ ਸ. ਪ੍ਰੇਮ ਸਿੰਘ ਜੀ ਨੂੰ ਆਖਿਆ, "ਦਿਨ ਦਾ ਪਹਿਲਾ ਪਹਿਰ ਸਮਾਪਤ ਹੋਣ ਵਾਲਾ ਹੈ ਪਰ ਭਾਈ ਸੋਭਾ ਸਿੰਘ ਜੀ ਅਜੇ ਤੱਕ ਨਹੀਂ ਪਹੁੰਚੇ, ਪਤਾ ਨਹੀਂ ਕੀ ਗੱਲ ਹੈ..!" ਅਜੇ ਇਹ ਗੱਲ ਕਰ ਹੀ ਰਹੇ ਸਨ ਕਿ ਭਾਈ ਸੋਭਾ ਸਿੰਘ ਜੀ ਆਪਣੀ ਪਤਨੀ ਭਾਗ ਕੌਰ ਨਾਲ ਪਹੁੰਚ ਗਏ।

ਸ. ਪ੍ਰੇਮ ਸਿੰਘ ਜੀ ਨੇ ਉਹਨਾਂ ਨੂੰ ਦੇਖਕੇ ਕਿਹਾ, "ਆਹ ਲਓ! ਭਾਈ ਸੋਭਾ ਸਿੰਘ ਤੇ ਭੈਣ ਭਾਗ ਕੌਰ ਆ ਰਹੇ ਨੇ ਜੀ।" ਭਾਈ ਸੋਭਾ ਸਿੰਘ ਜੀ ਨੇ ਫ਼ਤਿਹ ਬੁਲਾਈ ਤੇ ਆਖਿਆ, "ਅੱਜ ਲਗਦਾ ਹੈ ਕਿ ਨਿੱਤਨੇਮ ਜਲਦੀ ਸਮਾਪਤ ਕਰ ਲਿਆ ਹੈ, ਸੰਗਤਾਂ ਨੂੰ ਮਿਲਣ ਦਾ ਚਾਅ ਲਗ ਰਿਹਾ ਹੈ।"

ਭਾਈ ਤਾਰੂ ਸਿੰਘ ਜੀ ਆਖਣ ਲੱਗੇ, "ਭਾਈ ਲਾਲੋ ਜੀ,ਹੁਣ ਤੁਸੀਂ ਜਲਦੀ ਆਇਆ ਕਰੋ, ਕਿਉਂਕਿ ਸੰਗਤਾਂ ਜਲਦੀ ਅੰਮ੍ਰਿਤ ਵੇਲੇ ਹੀ ਆ ਜਾਂਦੀਆਂ ਹਨ। ਗੁਰੂ ਕੇ ਪਿਆਰਿਆਂ ਨੂੰ ਮੇਰਾ ਇੰਤਜ਼ਾਰ ਕਰਨਾ ਪੈਂਦਾ ਹੈ ਤੇ ਮੈਂ ਸੰਗਤਾਂ ਦਾ ਇੰਤਜ਼ਾਰ ਨਹੀਂ ਕਰਵਾ ਸਕਦਾ।"

ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਭਾਈ ਸਾਹਿਬ ਜੀ ਦੇ ਸਿਰ ਦੀ ਪੱਟੀ ਹੌਲੀ-ਹੌਲੀ ਖੋਲ੍ਹ ਰਹੇ ਸਨ ਤੇ ਭਾਈ ਸਾਹਿਬ ਜੀ ਵਾਹਿਗੁਰੂ ਦਾ ਸਿਮਰਨ ਕਰ ਰਹੇ ਸਨ।ਜਦੋਂ ਪੱਟੀ ਖੋਲੀ ਤਾਂ ਸ.ਪ੍ਰੇਮ ਸਿੰਘ ਜੀ ਭਾਈ ਸੋਭਾ ਸਿੰਘ ਜੀ ਨੂੰ ਕਿਹਾ,"ਆਹ ਦੇਖੋ ਭਾਈ ਸੋਭਾ ਸਿੰਘ ਜੀ! ਭਾਈ ਸਾਹਿਬ ਜੀ ਦੇ ਸਿਰ ਦੇ ਜ਼ਖਮਾਂ ਨੂੰ ਮੋੜ ਪੈਣ ਦੀ ਬਜਾਇ ਕੁਝ ਖਰਾਬ ਦਿੱਸ ਰਹੇ ਹਨ। ਇਸ ਜਗ੍ਹਾ ਤੇ ਕੱਲ੍ਹ ਜ਼ਖਮ ਕੁਝ ਠੀਕ ਸਨ ਪਰ ਕੱਲ੍ਹ ਤੋਂ ਅੱਜ ਤੱਕ ਇਹ ਜ਼ਖਮ ਕੁਝ ਖਰਾਬ ਹੋ ਰਹੇ ਹਨ।"

ਜ਼ਖਮਾਂ ਦੀ ਹਾਲਤ ਖਰਾਬ ਹੁੰਦੀ ਦੇਖ ਕੇ ਭਾਈ ਸੋਭਾ ਸਿੰਘ ਜੀ ਕੁਝ ਚਿੰਤਤ ਹੋਏ ਤੇ ਭਾਈ ਤਾਰੂ ਸਿੰਘ ਜੀ ਨੂੰ ਕਹਿਣ ਲੱਗੇ, "ਭਾਈ ਸਾਹਿਬ ਜੀ,ਤੁਹਾਡੇ ਜ਼ਖਮ ਠੀਕ ਹੋਣ ਦੀ ਬਜਾਇ ਖਰਾਬ ਹੋ ਰਹੇ ਨੇ, ਕੱਲ੍ਹ ਤੁਸੀਂ ਸ਼ਰੀਰ ਨੂੰ ਥੋੜ੍ਹਾ ਸਮਾਂ ਵੀ ਆਰਾਮ ਨਹੀਂ ਦਿੱਤਾ ਤੇ ਸੰਗਤਾਂ ਨਾਲ ਬਚਨ-ਬਿਲਾਸ ਕਰਦੇ ਰਹੇ ਹੋ। ਬੋਲਣ ਨਾਲ ਸਿਰ ਦੇ ਜ਼ਖਮਾਂ 'ਤੇ ਮਾੜਾ ਅਸਰ ਪੈਂਦਾ ਹੈ। ਇਸੇ ਲਈ ਜ਼ਖਮ ਕੱਲ੍ਹ ਨਾਲੋਂ ਅੱਜ

ਜਿਆਦਾ ਖਰਾਬ ਹਨ। ਸਾਡੀ ਬੇਨਤੀ ਹੈ ਕਿ ਅੱਜ ਤੁਸੀਂ ਦੁਆਈ ਲਗਵਾ ਕੇ ਤੇ ਪੱਟੀ ਕਰਵਾ ਕੇ ਪ੍ਰਸ਼ਾਦਾ ਛੱਕ ਕੇ ਸੰਪੂਰਨ ਆਰਾਮ ਕਰਨਾ ਹੈ,ਤਾਂ ਹੀ ਇਹਨਾਂ ਜ਼ਖਮਾਂ ਵਿੱਚ ਆਈ ਖਰਾਬੀ ਠੀਕ ਹੋ ਸਕੇਗੀ।"

ਭਾਈ ਸਾਹਿਬ ਜੀ ਸੋਭਾ ਸਿੰਘ ਜੀ ਦੀ ਗੱਲ ਸੁਣ ਕੇ ਹੱਸ ਪਏ। ਭਾਈ ਸੋਭਾ ਸਿੰਘ ਜੀ ਨੇ ਫਿਰ ਬੇਨਤੀ ਕੀਤੀ,"ਤੁਸੀਂ ਸੰਗਤਾਂ ਦੀ ਫਿਕਰ ਨਾ ਕਰੋ। ਮੈਂ ਸੰਗਤਾਂ ਨੂੰ ਬੇਨਤੀ ਕਰ ਕੇ ਵਾਪਸ ਮੋੜ ਦਿੰਦਾ ਹਾਂ ਪਰ ਤੁਸੀਂ ਆਰਾਮ ਹੀ ਕਰਨਾ ਹੈ।" ਇਹ ਕਹਿੰਦਿਆਂ ਹੋਇਆਂ ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਪੱਟੀ ਕਰਕੇ ਛੋਟੀ ਦਸਤਾਰ ਸਜਾਈ ਤੇ ਪ੍ਰਸ਼ਾਦਾ ਛਕਾ ਕੇ ਹੱਥ ਧੁਆਏ ਤੇ ਭਾਈ ਸਾਹਿਬ ਜੀ ਸੋਭਾ ਸਿੰਘ ਜੀ ਨੂੰ ਬੇਨਤੀ ਕਰਨ ਲੱਗੇ,"ਭਾਈ ਲਾਲੋ ਜੀ,ਤੁਸੀਂ ਇਸ ਤਨ ਰੂਪੀ ਠੀਕਰੇ ਦੀ ਫਿਕਰ ਨਾ ਕਰੋ,ਇਹ ਤਾਂ ਇੱਕ ਨਾ ਇੱਕ ਦਿਨ ਭੰਨ ਹੀ ਹੋ ਜਾਣਾ ਹੈ। ਕੋਈ ਦਸ ਸਾਲ ਵੱਧ ਜੀਉਂਦਾ ਹੈ ਕੋਈ ਘੱਟ ਪਰ ਸੰਗਤਾਂ ਦੀ ਸੇਵਾ ਤਾਂ ਭਾਗਾਂ ਨਾਲ ਹੀ ਮਿਲਦੀ ਹੈ। ਰਹੀ ਗੱਲ ਇਹਨਾਂ ਜ਼ਖਮਾਂ ਦੀ,ਇਹ ਸ਼ਰੀਰ ਗੁਰੂ ਪੰਥ ਦਾ ਹੈ ਤੇ ਲੱਗਣਾ ਵੀ ਗੁਰੂ ਪੰਥ ਦੇ ਲੇਖੇ ਹੈ।" ਇਸ ਤਰਾਂ ਦੇ ਬਚਨ ਕਰਦੇ-ਕਰਦੇ ਭਾਈ ਸਾਹਿਬ ਜੀ ਸੰਗਤਾਂ ਦੇ ਰੂ-ਬਰੂ ਹੋ ਗਏ ਤੇ ਫ਼ਤਿਹ ਬੁਲਾ ਕੇ ਦੇਖਿਆ ਕਿ ਅੱਜ ਸੰਗਤ ਵਿੱਚ ਨਵੇਂ ਚਿਹਰੇ ਖੜੇ ਸਨ। ਜੰਡਿਆਲੇ ਤੋਂ ਆਏ ਇੱਕ ਪ੍ਰੇਮੀ ਸਿੱਖ ਨੇ ਅੱਗੇ ਹੋ ਕੇ ਆਗਿਆ ਲੈ ਕੇ ਬੇਨਤੀ ਕੀਤੀ,"ਜਿਸ ਮੁਖਬਰ ਹਰਭਗਤ ਨਿਰੰਜਣੀਏ ਨੇ ਆਪ ਜੀ ਦੀ ਮੁਖਬਰੀ ਕੀਤੀ,ਉਹ ਬਹੁਤ ਬਿਮਾਰ ਹੈ ਤੇ ਮੰਜੇ ਤੇ ਪਿਆ ਮੌਤ ਨੂੰ ਉਡੀਕ ਰਿਹਾ ਹੈ ਪਰ ਉਸਦੀ ਜਾਨ ਨਹੀਂ ਨਿਕਲ ਰਹੀ। ਉਸਦੇ ਸ਼ਰੀਰ ਤੇ ਕੋਹੜ ਪੈ ਗਿਆ ਹੈ।"

ਭਾਈ ਤਾਰੂ ਸਿੰਘ ਜੀ ਨੇ ਇਸ ਸਿੱਖ ਦੀ ਗੱਲ ਸੁਣ ਕੇ ਬਸ ਇੰਨਾ ਬਚਨ ਹੀ ਕੀਤਾ ਕਿ ਜਿਸ ਤਰਾਂ ਦੇ ਮਨੁੱਖ ਕਰਮ ਕਰਦਾ ਹੈ,ਉਸੇ ਤਰਾਂ ਦਾ ਫਲ ਉਸਨੂੰ ਭੋਗਣਾ ਪੈਂਦਾ ਹੈ। ਵਾਹਿਗੁਰੂ ਸਾਨੂੰ ਸਭ ਨੂੰ ਸੁਮੱਤ ਬਖਸ਼ਿਸ਼ ਕਰਨ ਤੇ ਮਿਹਰ ਭਰਿਆ ਹੱਥ ਰੱਖਣ। ਇਸੇ ਦੌਰਾਨ ਭਾਈ ਸੋਭਾ ਸਿੰਘ ਜੀ ਵੀ ਸੰਗਤਾਂ ਵਿੱਚ ਆ ਗਏ ਤੇ ਖੜ੍ਹੇ ਹੋ ਕੇ ਫ਼ਤਿਹ ਬੁਲਾ ਕੇ ਬੇਨਤੀ ਕਰਨ ਲੱਗੇ,"ਆਪ ਸਾਰਿਆਂ ਨੂੰ ਜੀ ਆਇਆਂ,ਸਾਰੀ ਸੰਗਤ ਨੇ ਲੰਗਰ ਛੱਕ ਕੇ ਜਾਣਾ ਹੈ। ਵੈਦ ਜੀ ਨੇ ਭਾਈ ਸਾਹਿਬ ਜੀ ਨੂੰ ਜਿਆਦਾ ਬਚਨ ਕਰਨ ਤੋਂ ਮਨ੍ਹਾ ਕੀਤਾ ਹੈ ਇਸ ਲਈ ਹੁਣ ਭਾਈ ਸਾਹਿਬ ਜੀ ਨੂੰ ਆਰਾਮ ਕਰਨ ਲਈ ਕਿਹਾ ਗਿਆ ਹੈ ਤੇ ਹੁਣ ਭਾਈ ਸਾਹਿਬ ਜੀ ਦਿਨ ਦੇ ਚੌਥੇ ਪਹਿਰ ਮਿਲਣਗੇ।"

ਜਦੋਂ ਭਾਈ ਸੋਭਾ ਸਿੰਘ ਜੀ ਨੇ ਸੰਗਤ ਨੂੰ ਇਹ ਬੇਨਤੀ ਕਰ ਦਿੱਤੀ ਤਾਂ ਭਾਈ ਤਾਰੂ ਸਿੰਘ ਜੀ ਸੰਗਤ ਨੂੰ ਫ਼ਤਿਹ ਬੁਲਾ ਕੇ ਆਰਾਮ ਕਰਨ ਲਈ ਧਰਮਸ਼ਾਲਾ ਦੇ ਅੰਦਰ ਚਲੇ ਗਏ ਤੇ ਪੂਰਾ ਦਿਨ ਆਰਾਮ ਕੀਤਾ।

26 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 8 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ	- ੩੧ ਦਿਨ
ਲਾਹੌਰ ਆਇਆਂ ਨੂੰ ਹੋਏ	- ੨੯ ਦਿਨ
ਖੋਪਰੀ ਸੀਸ ਤੋਂ ਉੱਤਰੀ ਨੂੰ ਹੋਏ	- ੧੭ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੪ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ	- ੦੩ ਦਿਨ

ਅੱਜ ਦਿਨ ਦੇ ਪਹਿਲੇ ਪਹਿਰ ਦੀ ਸਮਾਪਤੀ ਕਰਨ ਤੋਂ ਤੁਰੰਤ ਬਾਅਦ ਭਾਈ ਸੋਭਾ ਸਿੰਘ ਜੀ ਪ੍ਰਸ਼ਾਦਾ ਆਦਿ ਲੈ ਕੇ ਧਰਮਸ਼ਾਲਾ ਪਹੁੰਚ ਗਏ। ਭਾਈ ਸਾਹਿਬ ਜੀ ਤੇ ਸ. ਪ੍ਰੇਮ ਸਿੰਘ ਜੀ ਨੂੰ ਫ਼ਤਿਹ ਬੁਲਾ ਕੇ ਭਾਈ ਸਾਹਿਬ ਜੀ ਦੇ ਸਿਰ ਦੀ ਪੱਟੀ ਕਰਨ ਲੱਗੇ। ਭਾਈ ਸੋਭਾ ਸਿੰਘ ਜੀ ਨੂੰ ਅੱਜ ਭਾਈ ਸਾਹਿਬ ਜੀ ਦੇ ਜ਼ਖਮਾਂ ਦੀ ਬਹੁਤ ਚਿੰਤਾ ਸੀ। ਜਦੋਂ ਪੱਟੀ ਖੋਲੀ ਗਈ ਤਾਂ ਜ਼ਖਮਾਂ ਦੀ ਹਾਲਤ ਵਿੱਚ ਕੱਲ੍ਹ ਨਾਲੋਂ ਕੋਈ ਬਹੁਤਾ ਸੁਧਾਰ ਨਹੀਂ ਸੀ। ਪੱਟੀ ਕਰ ਕੇ ਛੋਟੀ ਦਸਤਾਰ ਸਜਾਈ ਤੇ ਪ੍ਰਸ਼ਾਦਾ ਛਕਾਇਆ।

ਅੱਜ ਆਉਣ ਵਾਲੀਆਂ ਸੰਗਤਾਂ ਵਿੱਚ ਭਾਈ ਤਾਰੂ ਸਿੰਘ ਜੀ ਦੇ ਬਚਪਨ ਦੇ ਮਿੱਤਰ ਦਿਲਾ ਖ਼ਾਂ, ਆਲਮ ਖ਼ਾਂ ਵੀ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਆਏ ਤੇ ਇਸ ਤੋਂ ਇਲਾਵਾ ਜੇਲ੍ਹ ਅਹਿਮਦ ਖ਼ਾਂ ਵੀ ਭਾਈ ਸਾਹਿਬ ਜੀ ਨੂੰ ਮਿਲਣ ਆਇਆ। ਜੋ ਵੀ ਸੰਗਤਾਂ ਭਾਈ ਤਾਰੂ ਸਿੰਘ ਜੀ ਨੂੰ ਮਿਲਣ ਆਉਂਦੀਆਂ ਸਨ ਉਹਨਾਂ ਵਾਸਤੇ ਲੰਗਰ ਆਦਿ ਦਾ ਪ੍ਰਬੰਧ ਸ.ਸੁਬੇਗ ਸਿੰਘ ਜੀ ਵਲੋਂ ਕੀਤਾ ਗਿਆ ਸੀ ਤੇ ਆਏ ਗਏ ਦੀ ਸੇਵਾ ਲਈ ਸੇਵਾਦਾਰ ਹਰ ਪਲ ਤਿਆਰ ਸਨ। ਜਦੋਂ ਭਾਈ ਸਾਹਿਬ ਆਪਣੇ ਮਿੱਤਰਾਂ ਨੂੰ ਮਿਲੇ ਤਾਂ ਪਿਆਰ ਦੇ ਹੰਝੂਆਂ ਦੀ ਝੜੀ ਲੱਗ ਗਈ ਤੇ ਪਿਆਰ ਦੇ ਬਚਨ ਹੋਏ। ਬਚਨ ਬਿਲਾਸ ਤੋਂ ਬਾਅਦ ਭਾਈ ਸਾਹਿਬ ਜੀ ਨੇ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਦਾ ਹਾਲ ਪੁੱਛਿਆ।

ਦਿਲਾ ਖ਼ਾਂ ਕਹਿਣ ਲੱਗੇ, "ਭਾਈ ਤਾਰੂ ਸਿੰਘ ਜੀ, ਪੂਰੇ ਇਲਾਕੇ ਵਿੱਚ ਤੁਹਾਡੀ ਜੈ-ਜੈਕਾਰ ਹੋ ਰਹੀ ਹੈ। ਸਿੱਖਾਂ ਵਿੱਚ ਤਾਂ ਇੱਕ ਕ੍ਰਾਂਤੀ ਆਈ ਹੀ ਹੈ, ਮੁਸਲਮਾਨਾਂ ਨੇ ਆਪ ਜੀ ਦੀ ਨਿਤੀ ਨੂੰ ਸਮਝਿਆ ਹੈ ਤੇ ਆਪ ਦੇ ਮੁਰੀਦ ਬਣ ਗਏ ਹਨ। ਅਸੀਂ ਆਪ ਜੀ ਕੋਲ ਆਉਣ ਤੋਂ ਪਹਿਲਾਂ ਅੰਮੀ ਜਾਨ ਤੇ ਭੈਣ ਜੀ ਨੂੰ ਮਿਲ ਕੇ ਆਏ ਹਾਂ। ਜਦੋਂ ਦਾ ਸਾਨੂੰ ਪਤਾ ਲੱਗਾ ਹੈ ਕਿ ਆਪ ਠੀਕ-ਠਾਕ ਹੋ ਤੇ ਇਹਨਾਂ ਪਾਪੀਆਂ ਦੀ ਕੈਦ ਤੋਂ ਬਾਹਰ ਹੋ ਉਦੋਂ ਦਾ ਹੀ ਅਸੀਂ ਆਪ ਜੀ ਨੂੰ ਮਿਲਣ ਲਈ ਤਰਸ ਰਹੇ ਸੀ ਤੇ ਮਾਲਕ ਦਾ ਸ਼ੁਕਰਾਨਾ ਕਰ ਰਹੇ ਸੀ ਕਿ ਆਪ ਨੂੰ ਅੱਲ੍ਹਾ ਨੇ ਰਹਿਮ

ਕਰਕੇ ਬਚਾਇਆ ਹੈ। ਅਸੀਂ ਹੁਣ ਆਪ ਜੀ ਨੂੰ ਪਿੰਡ ਪੂਹਲੇ ਲੈ ਕੇ ਜਾਣਾ ਹੈ। ਉੱਥੇ ਸਾਰੇ ਲੋਕ ਆਪ ਜੀ ਦੇ ਦਰਸ਼ਨ ਕਰਨਗੇ। ਮਾਤਾ ਜੀ ਤੇ ਭੈਣ ਜੀ ਆਪ ਜੀ ਨੂੰ ਮਿਲਣ ਆਉਣ ਲ ੱਗੇ ਸਨ ਪਰ ਪਿੰਡ ਵਾਲਿਆਂ ਨੇ ਆਉਣ ਨਹੀਂ ਦਿੱਤਾ ਕਿਉਂਕਿ ਸਾਰੇ ਕਹਿਣ ਲੱਗੇ ਕਿ ਜੇ ਉਹ ਚਲੇ ਗਏ ਤਾਂ ਭਾਈ ਸਾਹਿਬ ਜੀ ਨੂੰ ਮਿਲ ਕੇ ਨਾਲ ਨਹੀਂ ਲਿਆ ਸਕਦੇ ਪਰ ਜੇ ਉਹ ਘਰ ਰਹਿਣਗੇ ਤਾਂ ਉਹਨਾਂ ਕਰਕੇ ਭਾਈ ਸਾਹਿਬ ਜੀ ਜਲਦੀ ਪਿੰਡ ਵਾਪਸ ਆ ਜਾਣਗੇ ਤੇ ਸਾਰੇ ਪਿੰਡ ਵਾਲੇ ਆਪ ਜੀ ਦੇ ਦਰਸ਼ਨ ਕਰ ਸਕਣਗੇ।"

ਭਾਈ ਤਾਰੂ ਸਿੰਘ ਜੀ ਨੂੰ ਆਉਣ ਵਾਲਾ ਸਮਾਂ ਦਿੱਸ ਰਿਹਾ ਸੀ ਪਰ ਆਪ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਨਾ ਚਾਹੁੰਦੇ ਸਨ। ਭਾਇ ਸਾਹਿਬ ਜੀ ਕਹਿਣ ਲੱਗੇ,"ਅਜੇ ਮੇਰੀ ਸਿਹਤ ਪੂਰੀ ਠੀਕ ਨਹੀਂ ਹੈ ਇਸ ਲਈ ਇੱਥੇ ਰੁਕਣਾ ਹੀ ਠੀਕ ਹੈ। ਜੇ ਸਤਿਗੁਰੂ ਨੇ ਕ੍ਰਿਪਾ ਕੀਤੀ ਤਾਂ ਜ਼ਰੂਰ ਆਪਣੇ ਘਰ ਜਾਵਾਂਗਾ।"

ਇਸ ਤਰਾਂ ਦਿਲਾ ਖ਼ਾਂ ਤੇ ਆਲਮ ਖ਼ਾਂ ਨਾਲ ਪਿਆਰ ਦੇ ਬਚਨ ਹੁੰਦੇ ਰਹੇ। ਹੁਣ ਅਹਿਮਦ ਖ਼ਾਂ ਭਾਈ ਸਾਹਿਬ ਜੀ ਦੇ ਨੇੜੇ ਆਇਆ ਤੇ ਭਾਈ ਸਾਹਿਬ ਜੀ ਦੇ ਚਰਨਾਂ ਤੇ'ਡਿੱਗ ਪਿਆ ਤੇ ਕਹਿਣ ਲੱਗਾ,"ਭਾਈ ਤਾਰੂ ਸਿੰਘ ਜੀ!ਮੈਂ ਆਪਣੀ ਜਿੰਦਗੀ ਵਿੱਚ ਬਹੁਤ ਪਾਪ ਕੀਤੇ ਨੇ ਬਹੁਤ ਮਨੁੱਖਾਂ ਨੂੰ ਮਾਰਿਆ ਹੈ। ਮੈਂ ਇਨਸਾਨੀਅਤ ਦਾ ਦੁਸ਼ਮਣ ਹਾਂ ਪਰ ਜਦੋਂ ਦੇ ਮੈਂ ਆਪ ਜੀ ਦੇ ਦਰਸ਼ਨ ਕੀਤੇ ਹਨ,ਇਹ ਮੇਰਾ ਖੁਦਾ ਜਾਣਦਾ ਹੈ,ਮੈਨੂੰ ਇਸ ਗੱਲ ਦੀ ਸਮਝ ਲੱਗ ਗਈ ਹੈ ਕਿ ਖੁਦਾ ਤਾਂ ਹਰ ਇੱਕ ਬੰਦੇ ਦੇ ਅੰਦਰ ਹੈ ਤੇ ਮੈਂ ਖੁਦਾ ਦੇ ਰੂਪ ਵਿੱਚ ਆਪ ਜੀ ਦੇ ਦਰਸ਼ਨ ਕਰ ਰਿਹਾ ਹਾਂ। ਮੇਰੇ ਤੇ ਕਿਰਪਾ ਕਰੋ ਤੇ ਮੇਰੇ ਗੁਨਾਹਾਂ ਨੂੰ ਬਖ਼ਸ਼ ਲਓ। ਮੈਂ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹਾਂ। ਇਹ ਨੌਕਰੀ ਆਪ ਜੀ ਚਰਨਾਂ ਤੋਂ ਚੰਗੀ ਨਹੀਂ ਹੈ।"

ਇਹ ਦੇਖ ਕੇ ਦਿਲਾ ਖ਼ਾਂ ਤੇ ਆਲਮ ਖ਼ਾਂ ਬਹੁਤ ਹੈਰਾਨ ਹੋਏ ਕਿ ਇਹ ਤਾਂ ਉਹੀ ਜੇਲ੍ਹਰ ਹੈ ਜਿਸ ਨੂੰ ਉਹਨਾ ਨੇ ਚਾਚਾ ਬਣਾ ਕੇ ਭਾਈ ਤਾਰੂ ਸਿੰਘ ਨੂੰ ਮਿਲਣ ਲਈ ਚਲਾਕੀ ਵਰਤੀ ਸੀ ਤੇ ਇਸ ਨੇ ਭਾਈ ਤਾਰੂ ਸਿੰਘ ਜੀ ਨੂੰ ਧਰਮ ਬਦਲਣ ਦੀ ਸ਼ਰਤ ਰੱਖ ਕੇ ਮਿਲਣ ਦਿੱਤਾ ਸੀ। ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਅਹਿਮਦ ਖ਼ਾਂ, ਤੇਰੇ ਅੰਦਰ ਦਾ ਸ਼ੈਤਾਨ ਤਾਂ ਕਦੋਂ ਦਾ ਮਰ ਚੁੱਕਾ ਹੈ। ਅਸੀ ਤਾਂ ਤੇਰੇ ਅਹਿਸਾਨਮੰਦ ਹਾਂ। ਤੂੰ ਸਾਡੀ ਬਹੁਤ ਮਦਦ ਕੀਤੀ ਹੈ। ਤੂੰ ਇੱਕ ਨੇਕ ਮੁਸਲਮਾਨ ਬਣ ਗਿਆ ਹੈਂ ਤੇ ਤੂੰ ਅੱਲ੍ਹਾ ਅੱਗੇ ਫ਼ਰਿਯਾਦ ਕਰ ਕਿ ਉਹ ਤੇਰੇ ਗੁਨਾਹਾਂ ਨੂੰ ਬਖ਼ਸ਼ ਦੇਣ। ਸੱਚੇ ਦਿਲ ਨਾਲ ਕੀਤੀ ਫ਼ਰਿਆਦ ਜਾਂ ਅਰਦਾਸ ਕਦੇ ਵੀ ਬਿਰਥੀ ਨਹੀਂ ਜਾਂਦੀ। ਆਪਣੇ ਖ਼ੁਦਾ 'ਤੇ ਭਰੋਸਾ ਰੱਖ।"

ਭਾਈ ਸਾਹਿਬ ਜੀ ਨੇ ਅਹਿਮਦ ਖ਼ਾਂ ਨੂੰ ਦਿਲਾ ਖ਼ਾਂ ਤੇ ਆਲਮ ਖ਼ਾਂ ਨਾਲ

ਮਿਲਾਇਆ ਤੇ ਉਹਨਾਂ ਨੇ ਅਹਿਮਦ ਖ਼ਾਂ ਤੋਂ ਪਿਛਲੀ ਚਲਾਕੀ ਦੀ ਖ਼ਿਮਾਂ ਮੰਗੀ ਤੇ ਉਸਨੂੰ ਚਾਚਾ ਜਾਨ ਕਹਿ ਕੇ ਹੀ ਬੁਲਾਇਆ। ਫਿਰ ਭਾਈ ਸੋਭਾ ਸਿੰਘ ਜੀ ਦੱਸਿਆ, "ਅਹਿਮਦ ਖ਼ਾਂ ਮਲ੍ਹਮ-ਪੱਟੀ ਆਦਿ ਵਾਸਤੇ ਪੈਸਿਆਂ ਦੀ ਮਦਦ ਕਰਦਾ ਰਿਹਾ ਹੈ ਤੇ ਮੇਰੇ ਕੋਲ ਇਸ ਦਾ ਧੰਨਵਾਦ ਕਰਨ ਲਈ ਕੋਈ ਸ਼ਬਦ ਨਹੀਂ ਹਨ। "

ਹੁਣ ਸ਼ਾਮ ਪੈਣ ਵਾਲੀ ਸੀ। ਦਿਲਾ ਖ਼ਾਂ, ਆਲਮ ਖ਼ਾਂ ਤੇ ਹੋਰ ਸੰਗਤਾਂ ਨੇ ਭਾਈ ਤਾਰੂ ਸਿੰਘ ਜੀ ਤੇ ਭਾਈ ਸੋਭਾ ਸਿੰਘ ਜੀ ਕੋਲੋਂ ਆਗਿਆ ਲਈ ਵਾਪਸ ਪਿੰਡ ਪੂਹਲੇ ਲਈ ਰਵਾਨਾ ਹੋ ਗਏ। ਅਹਿਮਦ ਖ਼ਾਂ ਵੀ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਖ਼ੁਸ਼ ਹੋਇਆ ਤੇ ਆਗਿਆ ਲੈ ਕੇ ਵਾਪਸ ਚਲਾ ਗਿਆ।

ਨੋਟ :- ਇੱਥੇ ਕੁਝ ਇਤਿਹਾਸ ਕਾਰ ਲਿਖਦੇ ਹਨ ਕਿ ਭਾਈ ਤਾਰੂ ਸਿੰਘ ਜੀ ਦੇ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਭਾਈ ਸਾਹਿਬ ਜੀ ਨੂੰ ਲਾਹੌਰ ਜਾ ਕੇ ਮਿਲੇ ਸਨ ਤੇ ਦਰਸ਼ਨ ਕਰਕੇ ਵਾਪਸ ਪਿੰਡ ਪੂਹਲੇ ਆ ਗਏ ਸਨ ਪਰ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਮਿਲਦਾ ਕਿਉਂਕਿ ਉਹਨਾਂ ਦਿਨਾਂ ਵਿੱਚ ਬੀਬੀਆਂ ਦਾ ਜੰਗਲ ਰਸਤੇ ਵਿੱਚ ਸਫਰ ਕਰਨਾ ਬਹੁਤ ਔਖਾ ਸੀ।

27 ਜੂਨ,1745 (ਉਮਰ 25 ਸਾਲ,ਤਿੰਨ ਮਹੀਨੇ,9 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ	- ੩੨ ਦਿਨ
ਲਾਹੌਰ ਆਇਆਂ ਨੂੰ ਹੋਏ	- ੨੭ ਦਿਨ
ਖੋਪਰੀ ਸੀਸ ਤੋਂ ਉਤੱਰੀ ਨੂੰ ਹੋਏ	- ੧੮ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੫ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ	- ੦੪ ਦਿਨ

ਸ. ਸੁਬੇਗ ਸਿੰਘ ਵਲੋਂ ਜ਼ਕਰੀਏ ਦੀ ਖ਼ਬਰ ਦੇਣੀ

ਅੱਜ ਜਦੋਂ ਭਾਈ ਤਾਰੂ ਸਿੰਘ ਜੀ ਨੇ ਨਿੱਤਨੇਮ ਸੰਪੂਰਨ ਕੀਤਾ ਤਾਂ ਭਾਈ ਸੋਭਾ ਸਿੰਘ ਜੀ ਵਲੋਂ ਮਲ੍ਹਮ-ਪੱਟੀ ਆਦਿ ਕਰਕੇ ਭਾਈ ਸਾਹਿਬ ਜੀ ਨੂੰ ਪ੍ਰਸ਼ਾਦਾ ਛਕਾਇਆ ਗਿਆ। ਉਸੇ ਸਮੇਂ ਧਰਮਸ਼ਾਲਾ ਵਿੱਚ ਸ. ਸੁਬੇਗ ਸਿੰਘ ਤੇ ਉਸਦਾ ਪੁੱਤਰ ਸ. ਸ਼ਹਿਬਾਜ਼ ਸਿੰਘ ਆ ਗਏ ਤੇ ਆ ਕੇ ਫ਼ਤਿਹ ਬੁਲਾਈ। ਇਹ ਦੋਵੇ ਪਿਉ-ਪੁੱਤਰ ਇਸ ਗੱਲ ਦਾ ਧਿਆਨ ਰੱਖ ਰਹੇ ਸਨ ਕਿ ਭਾਈ ਸਾਹਿਬ ਜੀ ਮਿਲਣ ਆ ਰਹੀ ਸੰਗਤ ਦੀ ਸੇਵਾ ਵਿੱਚ ਕੋਈ ਕਮੀਂ ਨਾ ਰਹਿ ਜਾਵੇ। ਹਰੇਕ ਨੂੰ ਲੰਗਰ ਛਕਣ ਤੋਂ ਬਗੈਰ ਜਾਣ ਨਹੀਂ ਸੀ ਦਿੰਦੇ।

ਸ.ਸੁਬੇਗ ਸਿੰਘ ਜੀ ਭਾਈ ਤਾਰੂ ਸਿੰਘ ਜੀ ਨੂੰ ਕਹਿਣ ਲੱਗੇ,"ਮੇਰੇ ਗੁਰੂ ਕੇ ਲਾਲ ਜੀ,ਤੁਹਾਡੇ ਜੋੜੇ(ਜੁੱਤੀ) ਨੇ ਤਾਂ ਕਮਾਲ ਕਰ ਦਿੱਤੀ। ਜਿਵੇਂ-ਜਿਵੇਂ ਆਪ ਜੀ ਦੀ ਜੁੱਤੀ ਜ਼ਕਰੀਏ ਦੇ ਸਿਰ ਵਿੱਚ ਮਾਰਦੇ ਹਾਂ, ਉਵੇਂ-ਉਵੇਂ ਉਸਨੂੰ ਆਰਾਮ ਮਿਲ ਰਿਹਾ ਹੈ। ਜਿੰਨੀ ਜ਼ੋਰ ਨਾਲ ਜੁੱਤੀ ਵੱਜਦੀ ਹੈ,ਉਨਾਂ ਹੀ ਉਸਨੂੰ ਵੱਧ ਆਰਾਮ ਮਿਲਦਾ ਹੈ। ਇੱਕ ਹੋਰ ਕਮਾਲ ਦੀ ਗੱਲ, ਜਿੱਥੇ-ਜਿੱਥੇ ਵੀ ਉਸਨੂੰ ਦਰਦ ਹੁੰਦਾ ਹੈ ਉੱਥੇ ਹੀ ਉਹ ਆਪ ਜੀ ਦੀ ਜੁੱਤੀ ਰਗੜ ਲੈਂਦਾ ਹੈ ਤੇ ਉਸਨੂੰ ਦਰਦ ਤੋਂ ਆਰਾਮ ਮਿਲ ਜਾਂਦਾ ਹੈ। ਉਸਦਾ ਪਿਸ਼ਾਬ ਦਾ ਬੰਨ੍ਹ ਵੀ ਟੁੱਟਦਾ ਜਾ ਰਿਹਾ ਹੈ।"

ਫਿਰ ਸ਼ਾਹਬਾਜ਼ ਸਿੰਘ ਜੀ ਕਹਿਣ ਲੱਗੇ,"ਵੀਰ ਜੀ, ਲਾਹੌਰ ਦੇ ਘਰ-ਘਰ ਆਪ ਜੀ ਦੀ ਗੱਲ ਹੋ ਰਹੀ ਹੈ ਕਿ ਆਪ ਜੀ ਨਿਰਦੋਸ਼ ਸੀ ਤੇ ਜੋ ਨਿਰਦੋਸ਼ਾਂ ਨੂੰ ਸਜ਼ਾ ਦਿੰਦਾ ਹੈ ਉਹਨੂੰ ਅੱਲ੍ਹਾ-ਤਾਲਾ ਇੰਝ ਹੀ ਸਜ਼ਾ ਦਿੰਦਾ ਹੈ। ਜਿਹੜੇ ਮੁਸਲਮਾਨ ਜ਼ਕਰੀਏ ਦੇ ਪੈਰੋਕਾਰ ਸਨ ਉਹ ਸਾਰੇ ਘਬਰਾਏ ਹੋਏ ਹਨ ਕਿ ਕਿਤੇ ਲਾਹੌਰ ਵਿੱਚ ਕੋਈ ਪਰਲੋ ਨਾ ਆ ਜਾਵੇ ਤੇ ਸਿਆਣੇ ਮੁਸਲਮਾਨ ਤਾਂ ਇਹ ਵੀ ਕਹਿੰਦੇ ਹਨ ਕਿ ਹੁਣ ਮੁਗਲ ਰਾਜ ਦਾ ਅੰਤ ਆਉਣ ਵਾਲਾ ਹੈ। ਇਹ ਦੁਨੀਆਂ ਵਿੱਚ ਪਹਿਲੀ ਘਟਨਾ ਹੈ ਜਦੋਂ ਇੱਕ ਸਿੰਘ ਦੀ ਜੁੱਤੀ ਜ਼ੁਲਮ ਕਰਨ ਵਾਲੇ ਨੂੰ ਸਜ਼ਾ ਦੇ ਰਹੀ ਹੋਵੇ।"

ਸ. ਸ਼ਹਿਬਾਜ਼ ਸਿੰਘ ਜੀ ਨੇ ਅੱਗੇ ਦੱਸਿਆ, "ਵੀਰ ਜੀ ਹੋਰ ਤਾਂ ਹੋਰ ਇਹ ਮੁਸਲਮਾਨ ਤਾਂ ਪਹਿਲਾਂ ਇਹ ਸਮਝਦੇ ਸਨ ਕਿ ਜਦੋਂ ਸ. ਸੁੱਖਾ ਸਿੰਘ ਮਾੜੀ ਕੰਬੋਆ ਦੇ ਘੋੜੇ ਨੇ ਜ਼ਕਰੀਏ ਦੇ ਪੁੱਤਰ ਯਾਫਰ ਖ਼ਾਂ ਨੂੰ ਮਾਰਿਆ ਸੀ ਤਾਂ ਇਹ ਹੋ ਸਕਦਾ ਹੈ ਕਿ ਇਸ ਦੇ ਮਾਲਕ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਤਸ਼ਦਦ ਕਰਕੇ ਮਾਰਿਆ ਸੀ, ਇਸੇ ਲਈ ਘੋੜੇ ਨੇ ਯਾਫਰ ਖ਼ਾਂ ਨੂੰ ਮਾਰਿਆ ਸੀ ਤੇ ਲੋਕ ਇਹ ਵੀ ਸੋਚਦੇ ਹਨ ਕਿ ਘੋੜਾ ਤਾਂ ਚਲੋ ਇੱਕ ਜਾਨਵਰ ਹੈ ਤੇ ਉਸ ਵਿੱਚ ਜਾਨ ਹੈ ਪਰ ਇਸ ਜੁੱਤੀ ਵਿੱਚ ਕਿਹੜੀ ਸ਼ਕਤੀ ਹੈ। ਸਿੰਘ ਦੇ ਘੋੜੇ ਨੇ ਤਾਂ ਸਜ਼ਾ ਦਿੱਤੀ ਹੀ ਸੀ ਪਰ ਸਿੰਘ ਦੀ ਜੁੱਤੀ ਵੀ ਸਜ਼ਾ ਦੇ ਰਹੀ ਹੈ। ਇਹ ਲੋਕਾਂ ਲਈ ਬਹੁਤ ਅਸਚਰਜ ਦੀ ਗੱਲ ਹੈ। ਹੁਣ ਤਾਂ ਨਵਾਬ ਵੀ ਬਹੁਤ ਨਿਮਰਤਾ ਵਿੱਚ ਰਹਿੰਦਾ ਹੈ। ਜਿਹੜੇ ਸਿੰਘ ਜੇਲ੍ਹ ਵਿੱਚ ਬੰਦ ਸਨ ਉਹਨਾਂ ਨੂੰ ਉਸਨੇ ਰਿਹਾਅ ਕਰ ਦਿੱਤਾ ਹੈ ਤੇ ਇਹ ਸਭ ਕਮਾਲ ਆਪ ਜੀ ਦੀ ਹੈ।"

ਸ. ਸ਼ਹਿਬਾਜ਼ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਇਹ ਗੱਲ ਇਸ ਕਰਕੇ ਆਖੀ ਕਿ ਸ਼ਾਇਦ ਭਾਈ ਤਾਰੂ ਸਿੰਘ ਜੀ ਆਪਣੇ ਦੁਸ਼ਮਣਾਂ ਦੀ ਢਹਿੰਦੀ-ਕਲਾ ਦੀ ਗੱਲ ਸੁਣ ਕੇ ਖ਼ੁਸ਼ ਹੋਣਗੇ ਪਰ ਭਾਈ ਸਾਹਿਬ ਜੀ ਬਹੁਤ ਉਚੀ ਅਵਸਥਾ ਦੇ ਮਾਲਕ ਸਨ। ਉਹ ਮੁਗਲਾਂ ਦੇ ਸੁਭਾਅ ਨੂੰ ਜਾਣਦੇ ਸਨ।

ਸ. ਸ਼ਹਿਬਾਜ਼ ਸਿੰਘ ਦੀ ਗੱਲ ਸੁਣ ਕੇ ਭਾਈ ਸਾਹਿਬ ਜੀ ਕਹਿਣ ਲੱਗੇ, "ਮੇਰੇ ਵੀਰ ਜੀ, ਤੁਸੀਂ ਅਮੀਰ ਘਰਾਣੇ ਵਿੱਚ ਜੰਮੇ ਹੋ ਤੇ ਅਮੀਰੀ ਵਿੱਚ ਹੀ ਪਲੇ ਹੋ, ਇਸ ਲਈ ਤੁਹਾਨੂੰ ਇਹਨਾਂ ਜ਼ਾਲਮਾਂ ਵਿੱਚ ਨਿਮਰਤਾ ਦਿੱਸ ਰਹੀ ਹੈ ਤੇ ਤੁਸੀ ਇਹ ਗੱਲ ਸੋਚ ਰਹੇ ਹੋ ਕਿ ਹੁਣ ਇਹ ਮੁਸਲਮਾਨ ਕਿਸੇ ਸਿੱਖ ਨੂੰ ਤੰਗ-ਪ੍ਰੇਸ਼ਾਨ ਨਹੀਂ ਕਰਨਗੇ ਤੇ ਨਾ ਹੀ ਕੋਈ ਸਜ਼ਾ ਦੇਣਗੇ। ਮੈਂ ਤੁਹਾਨੂੰ ਇਹਨਾਂ ਬਾਰੇ ਇੱਕ ਗੱਲ ਦੱਸਦਾਂ ਹਾਂ। ਜ਼ਕਰੀਆ ਖਾਨ ਜੁੱਤੀਆਂ ਖਾ-ਖਾ ਕੇ ਮਰ ਵੀ ਜਾਵੇ ਤਾਂ ਵੀ ਇਹ ਜ਼ਾਲਮ ਮੁਸਲਮਾਨ ਬਦਲ ਨਹੀਂ ਸਕਦੇ। ਇਹ ਮੁਗਲ ਤਾਂ ਅਜਿਹੇ ਹਨ ਕਿ ਆਪਣੇ ਗੌਂ ਭਾਵ ਮਤਲਬ ਦੀ ਖਾਤਰ ਕਿਸੇ ਅੱਗੇ ਝੁਕਦੇ ਹਨ ਤੇ ਜਦੋਂ ਮਤਲਬ ਨਿਕਲ ਜਾਂਦਾ ਹੈ ਤਾਂ ਅਹਿਸਾਨ ਭੁੱਲਣ ਵਿੱਚ ਦੇਰ ਨਹੀਂ ਲਗਾਉਂਦੇ।"

ਸ. ਸ਼ਹਿਬਾਜ਼ ਸਿੰਘ ਜੀ ਸਿਰ ਨੀਵਾਂ ਕਰ ਕੇ ਸੁਣ ਰਹੇ ਸਨ ਤੇ ਉਸ ਦੇ ਨਾਲ ਉਸਦੇ ਪਿਤਾ ਸ. ਸੁਬੇਗ ਸਿੰਘ, ਸ. ਪ੍ਰੇਮ ਸਿੰਘ, ਭਾਈ ਸੋਭਾ ਸਿੰਘ ਲਾਲੋ ਤੇ ਹੋਰ ਸੰਗਤ ਵੀ ਭਾਈ ਸਾਹਿਬ ਜੀ ਦੇ ਬਚਨ ਸੁਣ ਰਹੇ ਸਨ। ਭਾਈ ਤਾਰੂ ਸਿੰਘ ਜੀ ਨੇ ਅੱਗੇ ਕਿਹਾ, "ਇਹਨਾਂ ਮੁਗਲਾਂ ਦਾ ਮੂੰਹ ਨਿਮਰਤਾ ਵੱਲ ਉਤਨੀਂ ਕੁ ਦੇਰ ਰਹੇਗਾ ਜਿੰਨੀ ਦੇਰ ਇਹਨਾਂ ਦੀ ਚੌਧਰ ਦੁਆਰਾ ਕਾਇਮ ਨਾ ਹੋ ਜਾਵੇ। ਚੌਧਰ ਕਾਇਮ ਹੁੰਦਿਆਂ ਹੀ 'ਤੂੰ ਕੌਣ ਤੇ ਮੈਂ ਕੌਣ'। ਸੰਸਾਰ ਵਿੱਚ ਬਹੁਤ ਘੱਟ ਮੁਸਲਮਾਨ ਹਨ ਜੋ ਮਰਤਬੇ ਉੱਪਰ ਚੜ੍ਹ ਕੇ ਵੀ ਨਿਮਰਤਾ ਨਹੀਂ ਭੁੱਲਦੇ ਪਰ ਨਵਾਬ ਦੀ ਨਿਮਰਤਾ ਉਸ

ਹਿਰਨ ਦੇ ਸ਼ਿਕਾਰੀ ਦੀ ਤਰਾਂ ਹੈ ਜੋ ਸਿਰ ਨਿਵਾਂ ਕਰ ਕੇ ਆਪਣਾ ਤੀਰ ਹਿਰਨ ਵੱਲ ਕਰਕੇ ਬੈਠਾ ਹੈ। ਸਿਰ ਨੀਵਾਂ ਕਰਕੇ ਉਹ ਹਿਰਨ ਨੂੰ ਮੱਥਾ ਨਹੀਂ ਟੇਕ ਰਿਹਾ ਬਲਕਿ ਉਹ ਤਾਂ ਸਮੇਂ ਦੀ ਤਾਕ ਵਿੱਚ ਹੈ ਕਿ ਕਦੋਂ ਹਿਰਨ ਉਹਦੇ ਨਿਸ਼ਾਨੇ ਵਿੱਚ ਆਵੇ ਤੇ ਕਦੋਂ ਉਹ ਉਸਨੂੰ ਮਾਰ ਸਕੇ।"

ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਦੇ ਬਚਨ ਸੁਣ ਕੇ ਹਾਮੀਂ ਭਰ ਕੇ ਕਿਹਾ,"ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ ਭਾਈ ਸਾਹਿਬ ਜੀ। ਸਤਿਕਾਰ ਯੋਗ ਭਾਈ ਮਨੀ ਸਿੰਘ ਜੀ,ਹਕੀਕਤ ਰਾਇ ਜੀ ਜੋ ਬ੍ਰਹਮਗਿਆਨੀ ਦੀ ਅਵਸਥਾ ਵਾਲੇ ਸਨ ਤੇ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੇ ਨਾਲ ਬਹੁਤ ਸਾਰੇ ਮੁਸਲਮਾਨਾਂ ਨੂੰ ਵੀ ਵਿੱਦਿਆ ਦਿੱਤੀ ਸੀ ਤੇ ਜਦੋਂ ਐਸੇ ਮਹਾਨ ਵਿੱਦਿਆ ਦੇ ਦਾਨੀ ਨੂੰ ਇਸ ਜ਼ਕਰੀਏ ਨੇ ਨਹੀਂ ਬਖਸਿਆ ਤਾਂ ਆਪਾਂ ਕਿਸ ਦੇ ਪਾਣੀਹਾਰ ਹਾਂ।"

ਭਾਈ ਤਾਰੂ ਸਿੰਘ ਜੀ ਕਹਿਣ ਲੱਗੇ,"ਜੀ ਹਾਂ,ਭਾਈ ਲਾਲੋ ਜੀ ਠੀਕ ਕਹਿ ਰਹੇ ਨੇ। ਇਹਨਾਂ ਮੁਗਲਾਂ ਵਿੱਚ ਕੋਈ ਨਿਮਰਤਾ ਨਹੀਂ ਹੈ। ਇਹ ਤਾਂ ਸਮੇਂ ਦੀ ਤਾਕ ਵਿੱਚ ਹਨ ਕਿ ਕਦੋਂ ਇਹ ਠੀਕ ਹੋਵੇ ਤੇ ਕਦੋਂ ਉਹ ਸਿੱਖਾਂ ਨੂੰ ਦੱਸੇ ਕਿ ਜ਼ਕਰੀਆ ਕੀ ਚੀਜ਼ ਹੈ। ਇੱਕ ਪਾਸੇ ਤਾਂ ਸੂਬਾ ਸਰਹੰਦ ਵਜ਼ੀਰ ਖ਼ਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮੁਆਫੀਆਂ ਮੰਗ ਰਿਹਾ ਸੀ ਕਿ ਮੇਰੇ ਤੋਂ ਗਲਤੀ ਹੋ ਗਈ ਹੈ। ਇਹ ਕਸੂਰ ਮੇਰੇ ਤੋਂ ਸੁੱਚਾ ਨੰਦ ਤੇ ਗੰਗੂ ਨੇ ਕਰਵਾਇਆ ਹੈ। ਮੈਨੂੰ ਇਸ ਬਾਰੇ ਨਹੀਂ ਸੀ ਪਤਾ ਤੇ ਮੈਂ ਬੇਕਸੂਰ ਹਾਂ ਪਰ ਦੂਜੇ ਪਾਸੇ ਉਸਨੇ ਦੋ ਪਠਾਣਾਂ ਗੁਲਫਾਮ ਖ਼ਾਂ ਤੇ ਜਮਸ਼ੇਦ ਖ਼ਾਂ ਨੂੰ ਬੁਲਾ ਕੇ ਗੁਰੂ ਸਾਹਿਬ ਜੀ ਨੂੰ ਮਾਰਨ ਲਈ ਭੇਜਿਆ ਸੀ ਤੇ ਕਿਹਾ ਸੀ ਕਿ ਜੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਾਰ ਕੇ ਆਉਣਗੇ ਤਾਂ ਉਹ ਉਹਨਾਂ ਨੂੰ ਧਨ ਨਾਲ ਮਾਲਾਮਾਲ ਕਰ ਦੇਵੇਗਾ ਤੇ ਜਦੋਂ ਇਹ ਦੋਵੇਂ ਪਠਾਣ ਗੁਰੂ ਜੀ ਨੂੰ ਮਾਰਨ ਗਏ ਤਾਂ ਇੱਕ ਨੂੰ ਤਾਂ ਗੁਰੂ ਜੀ ਨੇ ਉਥੇ ਹੀ ਮਾਰ ਦਿੱਤਾ ਸੀ ਤੇ ਦੂਸਰੇ ਨੂੰ ਸਿੰਘਾਂ ਨੇ ਫੜ ਕੇ ਜਦੋਂ ਸੋਧਾ ਚਾੜ੍ਹਿਆ ਤਾਂ ਉਸਨੇ ਦੱਸ ਦਿੱਤਾ ਕਿ ਉਹਨੂੰ ਵਜ਼ੀਰ ਖ਼ਾਂ ਨੇ ਭੇਜਿਆ ਸੀ। ਹੁਣ ਦੱਸੋ ਸ.ਸ਼ਹਿਬਾਜ਼ ਸਿੰਘ ਜੀ,ਪਾਪੀ ਸੂਬੇ ਦੀਆਂ ਮੁਆਫੀਆਂ ਕਿਸ ਵਾਸਤੇ ਹਨ। ਇਹ ਜ਼ਕਰੀਆ ਤਾਂ ਸਮਾਂ ਟਾਲ ਰਿਹਾ ਹੈ। ਇਸ ਤੇ ਯਕੀਨ ਕਰਨਾ ਤਾਂ ਆਪਣੇ-ਆਪ ਨੂੰ ਧੋਖਾ ਦੇਣ ਦੇ ਬਰਾਬਰ ਹੈ। ਇਸ ਲਈ ਤੁਸੀਂ ਖ਼ੁਸ਼ ਨਾ ਹੋਵੋ। ਸਿੰਘਾਂ ਨੇ ਅਜੇ ਬਹੁਤ ਕੁਰਬਾਨੀਆਂ ਦੇਣੀਆਂ ਹਨ ਤੇ ਮੁਗਲ ਰਾਜ ਦੀ ਜੜ੍ਹ ਇੱਕ ਵਾਰ ਫੇਰ ਪੱਟੀ ਜਾਵੇਗੀ ਤੇ ਇਹ ਸਮਾਂ ਅਜੇ ਦੂਰ ਹੈ।"

ਇਹ ਬਚਨ ਸੁਣ ਕੇ ਕੋਲ ਬੈਠੇ ਸ.ਸੁਬੇਗ ਸਿੰਘ,ਸ.ਪ੍ਰੇਮ ਸਿੰਘ ਤੇ ਭਾਈ ਸੋਭਾ ਸਿੰਘ ਲਾਲੋ ਜੀ ਦੇ ਨੇਤਰ ਸੇਜ਼ਲ ਹੋ ਗਏ ਤੇ ਇਹ ਸੋਚ ਰਹੇ ਸਨ ਕਿ ਅਜੇ ਸਿੰਘਾਂ ਨੂੰ ਪਤਾ ਨਹੀਂ ਕਿੰਨੀਆਂ ਕੁ ਕੁਰਬਾਨੀਆਂ ਦੇਣੀਆਂ ਪੈਣਗੀਆਂ। ਸ.ਸੁਬੇਗ ਸਿੰਘ ਜੀ ਨੇ ਸ.ਸ਼ਹਿਬਾਜ਼ ਸਿੰਘ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ,"ਸੁਣ ਲਿਆ

ਮੇਰੇ ਪੁੱਤਰ ਜੀ, ਇਹ ਹਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਇਹਨਾਂ ਮੁਗਲਾਂ ਨੂੰ ਚੰਗੀ ਤਰਾਂ ਘੋਖਿਆ ਤੇ ਪਰਖਿਆ ਹੈ ਤੇ ਸਿੱਖ ਇਤਿਹਾਸ ਇਹਨਾਂ ਦੇ ਰੋਮ-ਰੋਮ ਵਿੱਚ ਵੱਸਿਆ ਹੋਇਆ ਹੈ। ਖੋਪਰੀ ਤਾਂ ਉਤਾਰਨੀ ਮੰਨ ਲਈ ਪਰ ਧਰਮ ਨਹੀਂ ਛੱਡਿਆ। ਐਸੇ ਗੁਰੂ ਕੇ ਲਾਲਾਂ ਦੇ ਸਿਰ ਹੀ ਸਿੱਖੀ ਦਾ ਮਹਿਲ ਉਸਾਰਨਾ ਹੈ। ਇਹ ਸਾਡੀ ਸਿੱਖੀ ਦੀ ਬੁਨਿਆਦ ਹਨ।"

ਸ.ਸ਼ਹਿਬਾਜ਼ ਸਿੰਘ ਨੇ ਭਾਈ ਤਾਰੂ ਸਿੰਘ ਜੀ ਦੇ ਬਚਨ ਸੁਣ ਕੇ ਪ੍ਰਣ ਲਿਆ ਕਿ ਮੇਰਾ ਇਹ ਸਰੀਰ ਵੀ ਗੁਰੂ ਪੰਥ ਦੇ ਲੇਖੇ ਲੱਗੇ। ਮੇਰੀ ਅਕਾਲ-ਪੁਰਖ ਅੱਗੇ ਇਹੀ ਅਰਦਾਸ ਹੈ ਕਿ ਮੇਰਾ ਇੰਹ ਬਾਕੀ ਦਾ ਜੀਵਨ ਵੱਡੇ ਵੀਰ ਭਾਈ ਤਾਰੂ ਸਿੰਘ ਜੀ ਵਾਂਗ ਹੀ ਸਿੱਖ ਕੌਮ ਨੂੰ ਸਮਰਪਿਤ ਹੋਵੇ।"

ਇਹਨਾਂ ਬਚਨਾਂ ਦੇ ਨਾਲ ਹੀ ਸ.ਸੁਬੇਗ ਸਿੰਘ ਤੇ ਸ.ਸ਼ਹਿਬਾਜ਼ ਸਿੰਘ ਸੰਗਤਾਂ ਦੇ ਲੰਗਰ ਪਾਣੀ ਦਾ ਇੰਤਜ਼ਾਮ ਕਰਨ ਲਈ ਆਗਿਆ ਲੈ ਕੇ ਚਲੇ ਗਏ। ਇਸ ਤਰਾਂ ਭਾਈ ਤਾਰੂ ਸਿੰਘ ਜੀ ਨੇ ਸ.ਸ਼ਹਿਬਾਜ਼ ਸਿੰਘ ਜੀ ਦੇ ਜੀਵਨ ਨੂੰ ਆਪਣੇ ਬਚਨਾਂ ਨਾਲ ਸਿੱਖੀ ਦੇ ਰੰਗ ਵਿੱਚ ਰੰਗਿਆ।

ਜਦੋਂ ਭਾਈ ਸੋਭਾ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਪੁੱਛਿਆ ਕਿ ਇੰਨੀ ਛੋਟੀ ਉਮਰ ਵਿੱਚ ਇੰਨਾ ਵੱਡਾ ਗੁਰੂ ਇਤਿਹਾਸ ਉਨ੍ਹਾਂ ਕੋਲ ਕਿਵੇਂ ਆਇਆ ਤਾਂ ਭਾਈ ਸਾਹਿਬ ਦੱਸਿਆ, "ਮੇਰੇ ਦਾਦਾ ਜੀ ਤੇ ਦਾਦੀ ਜੀ ਅਤੇ ਮੇਰੇ ਮਾਤਾ-ਪਿਤਾ ਜੀ ਤੇ ਮੇਰੀ ਭੈਣ ਗੁਰਜੋਈ ਕੌਰ ਜੀ ਤੋਂ ਇਹ ਦਾਤ ਮੈਨੂੰ ਮਿਲੀ ਹੈ ਤੇ ਮੈਂ ਇਸ ਨੂੰ ਸਾਰੇ ਸੰਸਾਰ ਵਿੱਚ ਵੰਡਣਾ ਹੈ।"

ਰਾਤ ਹੋ ਗਈ ਸੀ। ਸੰਗਤਾਂ ਵੀ ਧਰਮਸ਼ਾਲਾ 'ਚੋਂ ਚਲੀਆਂ ਗਈਆਂ ਸਨ ਤੇ ਭਾਈ ਸੋਭਾ ਸਿੰਘ ਤੇ ਪਰਿਵਾਰ ਨੇ ਵੀ ਭਾਈ ਸਾਹਿਬ ਜੀ ਤੋਂ ਆਗਿਆ ਲਈ ਤੇ ਘਰ ਵਾਪਸ ਪਰਤ ਗਏ।

28 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 10 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ	- ੩੩ ਦਿਨ
ਲਾਹੌਰ ਆਇਆਂ ਨੂੰ ਹੋਏ	- ੨੮ ਦਿਨ
ਖੋਪਰੀ ਸੀਸ ਤੋਂ ਉਤੱਰੀ ਨੂੰ ਹੋਏ	- ੧੯ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੬ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ	- ੦੫ ਦਿਨ

ਅੱਜ ਜਦੋਂ ਭਾਈ ਤਾਰੂ ਸਿੰਘ ਜੀ ਨਿੱਤਨੇਮ ਕਰਕੇ ਹਟੇ ਤਾਂ ਸੰਗਤਾਂ ਦਰਸ਼ਨਾਂ ਵਾਸਤੇ ਬਹੁਤ ਆ ਗਈਆਂ। ਸ. ਪ੍ਰੇਮ ਸਿੰਘ ਜੀ ਨੇ ਸੰਗਤਾਂ ਨੂੰ ਬੈਠਣ ਲਈ ਕਿਹਾ। ਭਾਈ ਤਾਰੂ ਸਿੰਘ ਜੀ ਨੇ ਸੰਗਤਾਂ ਨੂੰ ਫ਼ਤਿਹ ਬੁਲਾਈ ਤੇ ਸਹਿਜੇ ਹੀ ਆਸਾ ਜੀ ਦੀ

ਵਾਰ ਦਾ ਪਾਠ ਕਰਨਾ ਆਰੰਭ ਕਰ ਦਿੱਤਾ। ਆਸਾ ਦੀ ਵਾਰ ਦੀ ਸਮਾਪਤੀ ਹੋਈ। ਭਾਈ ਸਾਹਿਬ ਸੰਗਤਾਂ ਨੂੰ ਅੱਜ ਪਹਿਲਾਂ ਨਾਲੋਂ ਕੁਝ ਸਹਿਜੇ ਬੋਲ ਕੇ ਬਚਨ ਕਰ ਰਹੇ ਸਨ। ਸ. ਪ੍ਰੇਮ ਸਿੰਘ ਜੀ ਨੇ ਭਾਂਪ ਲਿਆ ਕਿ ਅੱਜ ਭਾਈ ਸਾਹਿਬ ਜੀ ਦੀ ਸਿਹਤ ਕੁਝ ਠੀਕ ਨਹੀਂ ਹੈ। ਭਾਈ ਸਾਹਿਬ ਜੀ ਬਚਨ ਕਰਨ ਲੱਗੇ, "ਜੇ ਭਰਮਾਂ-ਭੁਲੇਖਿਆਂ ਤੋਂ ਬਚਨਾਂ ਚਾਹੁੰਦੇ ਹੋ ਤੇ ਮਨ ਦੀਆਂ ਆਸਾਂ ਪੂਰੀਆਂ ਕਰਨੀਆਂ ਚਾਹੁੰਦੇ ਹੋ ਤਾਂ ਰੋਜ਼ਾਨਾ ਆਸਾ ਦੀ ਵਾਰ ਪੜ੍ਹਿਆ ਕਰੋ ਤੇ ਸਮਝਿਆ ਕਰੋ। ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਬਖ਼ਸ਼ਿਸ਼ਾਂ ਨਾਲ ਤੁਹਾਡਾ ਘਰ ਭਰ ਜਾਵੇਗਾ।"

ਉਧਰ ਜਦੋਂ ਭਾਈ ਸੋਭਾ ਸਿੰਘ ਜੀ ਤੇ ਭਾਗ ਕੌਰ ਜੀ ਮਲ੍ਹਮ-ਪੱਟੀ ਤੇ ਪ੍ਰਸ਼ਾਦਾ ਤਿਆਰ ਕਰਕੇ ਲਿਆਏ ਤਾਂ ਸ. ਪ੍ਰੇਮ ਸਿੰਘ ਜੀ ਨੇ ਭਾਈ ਸੋਭਾ ਸਿੰਘ ਲਾਲੋ ਜੀ ਨੂੰ ਭਾਈ ਸਾਹਿਬ ਜੀ ਦੀ ਸਿਹਤ ਦਾ ਹਾਲ ਦੱਸਿਆ। ਭਾਈ ਸੋਭਾ ਸਿੰਘ ਜੀ ਦੇ ਬੇਨਤੀ ਕਰਨ ਤੇ ਭਾਈ ਸਾਹਿਬ ਜੀ ਨੇ ਸੰਗਤਾਂ ਨੂੰ ਜਪੁਜੀ ਸਾਹਿਬ ਜੀ ਦਾ ਪਾਠ ਕਰਨ ਲਈ ਕਿਹਾ ਤੇ ਆਪ ਧਰਮਸ਼ਾਲਾ ਦੇ ਅੰਦਰ ਪੱਟੀ ਕਰਵਾਉਣ ਲਈ ਆ ਗਏ। ਹੁਣ ਧਰਮਸ਼ਾਲਾ ਦੇ ਬਾਹਰ ਜਪੁਜੀ ਸਾਹਿਬ ਜੀ ਦਾ ਪਾਠ ਹੋ ਰਿਹਾ ਸੀ ਅੰਦਰ ਭਾਈ ਸਾਹਿਬ ਜੀ ਦੀ ਪੱਟੀ ਸੀਸ ਤੋਂ ਉਤਰ ਰਹੀ ਸੀ। ਜਿਉਂ ਹੀ ਪੱਟੀ ਉਤਰੀ ਤਾਂ ਸੋਭਾ ਸਿੰਘ ਜੀ ਨੇ ਦੇਖਿਆ ਕਿ ਜ਼ਖਮ ਪਹਿਲਾਂ ਨਾਲੋਂ ਵੀ ਖ਼ਰਾਬ ਹੋ ਰਹੇ ਸਨ। ਸ.ਪ੍ਰੇਮ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਨੂੰ ਕਿਹਾ ਕਿ ਇੰਨੇ ਜ਼ਖ਼ਮ ਖ਼ਰਾਬ ਹੋਣੇ ਤਾਂ ਇੱਕ ਚਿੰਤਾ ਦੀ ਗੱਲ ਹੈ। ਇਸ ਤਰਾਂ ਇਹ ਦੋਵੇਂ ਸਿੰਘ ਫਿਕਰ ਵਿੱਚ ਆ ਗਏ।

ਭਾਈ ਸੋਭਾ ਸਿੰਘ ਜੀ ਕਹਿਣਾ ਸ਼ੁਰੂ ਕੀਤਾ, "ਭਾਈ ਸਾਹਿਬ ਜੀ ਨੂੰ ਬਹੁਤ ਵਾਰੀ ਬੇਨਤੀ ਕੀਤੀ ਹੈ ਕਿ ਸਿਰ ਦੇ ਜ਼ਖ਼ਮ ਹੋਣ ਕਾਰਣ ਆਰਾਮ ਦੀ ਸਖਤ ਜ਼ਰੂਰਤ ਹੈ। ਭਾਈ ਸਾਹਿਬ ਜੀ,ਅੱਜ ਆਪ ਜੀ ਨੂੰ ਫਿਰ ਬੇਨਤੀ ਹੈ ਕਿ ਦਿਨ ਸਮੇਂ ਆਪ ਸੰਗਤਾਂ ਨੂੰ ਜਦੋਂ ਉਚੀ ਆਵਾਜ਼ ਵਿੱਚ ਬਚਨ ਕਰਦੇ ਹੋ ਤਾਂ ਸਿਰ ਦੇ ਜ਼ਖ਼ਮਾਂ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ ਜਿਸ ਕਾਰਨ ਜ਼ਖ਼ਮ ਖ਼ਰਾਬ ਹੋ ਗਏ ਹਨ ਅਤੇ ਜੇ ਤੁਸੀਂ ਹੁਣ ਸਾਡੀ ਬੇਨਤੀ ਨੂੰ ਨਾ ਮੰਨਿਆ ਤਾਂ ਇਹ ਜ਼ਖ਼ਮ ਹੋਰ ਵੀ ਖ਼ਰਾਬ ਹੋ ਸਕਦੇ ਹਨ।"

ਸ. ਪ੍ਰੇਮ ਸਿੰਘ ਜੀ ਨੇ ਵੀ ਬੇਨਤੀ ਕੀਤੀ, "ਭਾਈ ਸਾਹਿਬ ਜੀ !ਅੱਜ ਤੁਸੀਂ ਆਈ ਹੋਈ ਸੰਗਤ ਦੀ ਬੇਨਤੀ ਸੁਣਨੀ ਹੈ ਪਰ ਆਪ ਨਹੀਂ ਬੋਲਣਾ। ਆਪ ਜੀ ਦੀਆਂ ਅੱਖਾਂ ਉਪਰ ਵੀ ਸੋਜ਼ ਹੈ ਅਤੇ ਆਪ ਜੀ ਦੀ ਗਰਦਨ ਵੀ ਪੂਰੀ ਨਹੀਂ ਮੁੜ ਰਹੀ। ਜ਼ਖਮ ਠੀਕ ਹੋਣ ਦੀ ਬਜਾਏ ਖ਼ਰਾਬ ਹੋ ਰਹੇ ਹਨ। ਤੁਸੀਂ ਆਪਣੀ ਸਿਹਤ ਦਾ ਕੋਈ ਖਿਆਲ ਨਹੀਂ ਕਰਦੇ। ਜੇ ਤੁਸੀਂ ਅੱਜ ਸਾਡੀ ਬੇਨਤੀ ਨਾ ਸੁਣੀ ਤਾਂ ਕੱਲ੍ਹ ਤੋਂ ਅਸੀਂ ਆਈ ਹੋਈ ਸੰਗਤ ਨੂੰ ਦੂਰ ਤੋਂ ਹੀ ਲੰਗਰ ਛਕਾ ਕੇ ਵਾਪਸ ਮੋੜ

ਦਿਆਂਗੇ। "ਭਾਈ ਤਾਰੂ ਸਿੰਘ ਜੀ ਹੱਸ ਪਏ ਤੇ ਕਹਿਣ ਲੱਗੇ,"ਠੀਕ ਹੈ ਠੀਕ ਹੈ,ਜਿਵੇਂ ਤੁਸੀਂ ਆਖੋਗੇ ਉਵੇਂ ਹੀ ਕਰਾਂਗਾ

ਪਰ ਤੁਸੀਂ ਮੈਨੂੰ ਸੰਗਤਾਂ ਦੇ ਦਰਸ਼ਨ ਕਰਨ ਤੋਂ ਨਾ ਰੋਕੋ। ਸੰਗਤ ਆਉਂਦੀ ਹੈ ਤੇ ਮੇਰੇ ਲਈ ਅਰਦਾਸ ਕਰਦੀ ਹੈ ਤਾਂ ਹੀ ਮੈਂ ਠੀਕ ਹੁੰਦਾ ਹਾਂ। "

ਇਸ ਤਰਾਂ ਭਾਈ ਸਾਹਿਬ ਜੀ ਆਈ ਹੋਈ ਸੰਗਤ ਵਿੱਚ ਫ਼ਤਿਹ ਬੁਲਾ ਕੇ ਬੈਠ ਗਏ। ਸੰਗਤ ਵਿੱਚ ਭਾਈ ਮਾਨ ਸਿੰਘ ਜੰਡਿਆਲਾ ਵੀ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕਰਨ ਆਇਆ ਹੋਇਆ ਸੀ।

ਹਰਭਗਤ ਨਿਰੰਜਣੀਏ ਦੀ ਮੌਤ

ਭਾਈ ਮਾਨ ਸਿੰਘ ਜੰਡਿਆਲਾ ਨੇ ਭਾਈ ਸਾਹਿਬ ਜੀ ਨੂੰ ਹੱਥ ਜੋੜ ਬੇਨਤੀ ਕੀਤੀ, "ਭਾਈ ਸਾਹਿਬ ਜੀਓ! ਮੈਂ ਗੁਰੂ ਕੇ ਜੰਡਿਆਲੇ ਤੋਂ ਆਇਆ ਹਾਂ। ਕੁਝ ਦਿਨ ਪਹਿਲਾਂ ਮੇਰਾ ਲੜਕਾ ਆਪ ਜੀ ਦੇ ਦਰਸ਼ਨ ਕਰਨ ਆਇਆ ਸੀ ਉਸਨੇ ਹੀ ਜਾ ਕੇ ਆਪ ਜੀ ਦੀ ਉਸਤਤ ਸਾਰੇ ਘਰ-ਗਰਾਂ ਵਿੱਚ ਕੀਤੀ ਤੇ ਅੱਜ ਅਸੀਂ ਪੰਜ-ਛੇ ਸਿੰਘ ਆਪ ਜੀ ਦੇ ਦਰਸ਼ਨ ਕਰਨ ਆਏ ਹਾਂ। ਆਪ ਜੀ ਨੂੰ ਮੇਰੇ ਲੜਕੇ ਨੇ ਦੱਸਿਆ ਸੀ ਕਿ ਹਰਭਗਤ ਨਿਰੰਜਣੀਆ ਜਿਸਨੇ ਆਪ ਜੀ ਦੀ ਮੁਖ਼ਬਰੀ ਕੀਤੀ ਸੀ, ਬਹੁਤ ਦਿਨਾਂ ਤੋਂ ਕਸ਼ਟ ਭੋਗ ਰਿਹਾ ਹੈ ਤੇ ਕੋਹੜ ਦੀ ਬਿਮਾਰੀ ਨਾਲ ਤੜਪ ਰਿਹਾ ਹੈ। ਉਸਨੂੰ ਵੈਦਾਂ-ਹਕੀਮਾਂ ਦੀ ਸਲਾਹ ਅਨੁਸਾਰ ਘੋੜੇ ਤੇ ਮੂਤਰ, ਗਾਂ ਦੇ ਮੂਤਰ ਤੇ ਗੰਦੇ ਨਾਲੇ ਦੇ ਪਾਣੀ ਨਾਲ ਨਹਾਇਆ ਗਿਆ ਸੀ ਪਰ ਸਾਰੇ ਯਤਨਾਂ ਦੇ ਬਾਵਜੂਦ ਵੀ ਉਹ ਪਾਪੀ ਬਚ ਨਾ ਸਕਿਆ ਤੇ ਅੱਜ ਸਵੇਰੇ ਉਹ ਇਸ ਦੁਨੀਆਂ ਨੂੰ ਛੱਡ ਗਿਆ ਭਾਵ ਮਰ ਗਿਆ। "

ਭਾਈ ਮਾਨ ਸਿੰਘ ਨੇ ਦੱਸਿਆ,"ਉਸ ਦੀ ਮੌਤ ਇੰਨੀ ਭੈੜੀ ਸੀ ਕਿ ਸਾਰਾ ਜੰਡਿਆਲਾ ਕੰਬ ਗਿਆ। ਹੁਣ ਸਾਰੇ ਚੌਧਰੀ ਕੰਬ ਰਹੇ ਨੇ ਕਿ ਸਾਡਾ ਵੀ ਕਿਧਰੇ ਇਹੀ ਹਾਲ ਨਾ ਹੋ ਜਾਵੇ। ਇਹਨਾਂ ਕਰਮਾਂ ਦੇ ਮਾਰੇ ਨਿਰੰਜਣੀਆਂ ਕੋਲੋਂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਬਖ਼ਸ਼ੀ ਹੋਈ ਦਾਤ 'ਮੰਜੀ' ਵੀ ਸੰਭਾਲੀ ਨਹੀਂ ਗਈ ਤੇ ਪੁੱਠੇ ਕੰਮਾਂ ਵਿੱਚ ਪੈ ਗਏ। ਗੁਰੂ ਕੇ ਸਿੰਘਾਂ ਨੇ ਇਹਨਾਂ ਨੂੰ ਧੰਨ-ਦੌਲਤ,ਜ਼ਮੀਨ-ਜਾਇਦਾਦ ਦਿੱਤੀ ਪਰ ਇਹ ਗੁਰੂ ਕੇ ਸਿੰਘਾਂ ਦੇ ਹੀ ਦੁਸ਼ਮਣ ਬਣ ਕੇ ਬੈਠ ਗਏ। ਜਦੋਂ ਉਹ ਮੰਜੇ ਤੇ ਪਿਆ ਤੜਫ ਰਿਹਾ ਸੀ ਤਾਂ ਆਪ ਜੀ ਦਾ ਨਾਮ ਲੈ-ਲੈ ਕੇ ਰੋਂਦਾ ਹੋਇਆ ਕਹਿ ਰਿਹਾ ਸੀ ਕਿ 'ਤਾਰੂ ਸਿੰਘ ਜੀ, ਮੈਨੂੰ ਮਾਫ਼ ਕਰਦੇ, ਅੱਗੇ ਤੋਂ ਮੈਂ ਕਿਸੇ ਵੀ ਸਿੰਘ ਦਾ ਮਾੜਾ ਨਹੀਂ ਕਰਾਂਗਾ',ਮੇਰਾ ਲੜਕਾ ਜਦੋਂ ਆਪ ਜੀ ਦੇ ਦਰਸ਼ਨ ਕਰਨ ਆਇਆ ਸੀ ਤਾਂ ਆਉਣ ਤੋਂ ਪਹਿਲਾਂ ਹਰਭਗਤ ਨਿੰਰਜਣੀਏ ਦੇ

ਘਰ ਗਿਆ ਸੀ ਤੇ ਉਸਨੂੰ ਕਿਹਾ ਸੀ ਕਿ ਉਹ ਆਪ ਜੀ ਦੇ ਦਰਸ਼ਨ ਕਰਨ ਜਾ ਰਿਹਾ ਹੈ ਤੇ ਉਸਦੇ ਵਾਸਤੇ ਸੁੱਖ ਮੰਗੇਗਾ,ਬਸ ਉਹ ਇੰਨਾ ਕੰਮ ਕਰੇ ਕਿ ਕਿਸਾਨਾਂ ਦੀਆਂ ਧੱਕੇ ਨਾਲ ਖੋਹੀਆਂ ਹੋਈਆਂ ਜ਼ਮੀਨਾਂ ਉਨ੍ਹਾਂ ਨੂੰ ਵਾਪਸ ਕਰ ਦੇਵੇ ਤੇ ਗਲਤ ਕਾਗਜ਼ਾਂ ਨੂੰ ਉਸਦੇ ਸਾਹਮਣੇ ਅੱਗ ਲਾ ਦੇਵੇ,ਜਿਹਨਾਂ ਸਿੰਘਾਂ ਨੂੰ ਉਸਨੇ ਮੁਖਬਰੀ ਕਰਕੇ ਸ਼ਹੀਦ ਕਰਵਇਆ ਹੈ,ਉਹਨਾਂ ਦੇ ਪਰਿਵਾਰਾਂ ਨੂੰ ਉਹ ਸਹਾਇਤਾ ਰਾਸ਼ੀ ਦੇਵ.. ਆਦਿ।"

"ਫਿਰ ਕੀ ਉਹ ਮੰਨ ਗਿਆ...?",ਭਾਈ ਸੋਭਾ ਸਿੰਘ ਨੇ ਪੁੱਛਿਆ।

ਭਾਈ ਮਾਨ ਸਿੰਘ ਜੀ ਨੇ ਦੱਸਿਆ,"ਮਰਦਾ ਕੀ ਨਾ ਕਰਦਾ,ਉਸਨੇ ਉਹ ਸਾਰਾ ਕੁਝ ਕੀਤਾ,ਜੋ-ਜੋ ਉਸਨੂੰ ਕਿਹਾ ਗਿਆ। ਜਿਨ੍ਹਾਂ ਦੇ ਉਸਨੇ ਘਰ ਢਾਹ ਕੇ ਆਪਣੇ ਤਬੇਲੇ ਬਣਾਏ ਸਨ ਉਹਨਾਂ ਪਰਿਵਾਰਾਂ ਨੂੰ ਉਸਨੇ ਘਰਾਂ ਦਾ ਪੂਰਾ ਮੁਆਵਜ਼ਾ ਦਿੱਤਾ ਤੇ ਗ਼ਰੀਬ ਪਰਿਵਾਰਾਂ ਨੂੰ ਧੰਨ ਦਿੱਤਾ ਤੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਕੋਲੋਂ ਮੁਆਫੀ ਮੰਗ ਕੇ ਉਹਨਾਂ ਨੂੰ ਮਦਦ ਦੇ ਤੌਰ ਤੇ ਧੰਨ ਦੇ ਦਿੱਤਾ। ਉਸਨੇ ਮੈਨੂੰ ਬੁਲਾ ਕੇ ਕਿਹਾ ਕਿ ਪਿੰਡ ਦੇ ਸਿੰਘਾਂ ਨੂੰ ਨਾਲ ਲੈ ਕੇ ਉਸਦੇ ਵਲੋਂ ਆਪ ਜੀ ਕੋਲੋਂ ਮੁਆਫੀ ਮੰਗਣ ਜਾਵਾਂ। ਇਸ ਲਈ ਅਸੀਂ ਆਪ ਜੀ ਕੋਲ ਸੰਗਤੀ ਰੂਪ ਵਿੱਚ ਆਪ ਜੀ ਦੇ ਦਰਸ਼ਨ ਕਰਨ ਆ ਰਹੇ ਸਾਂ ਕਿ ਸਾਨੂੰ ਰਾਹ ਵਿੱਚ ਪਤਾ ਲੱਗਾ ਕਿ ਹਰਭਗਤ ਨਿਰੰਜਣੀਆਂ ਤਾਂ ਅੱਜ ਸਵੇਰੇ ਨੂੰ ਹੀ ਪੂਰਾ ਹੋ ਗਿਆ ਹੈ।"

ਇਹ ਕਹਿ ਕੇ ਭਾਈ ਮਾਨ ਸਿੰਘ ਜੀ ਇੱਕ ਦਮ ਚੁੱਪ ਕਰ ਗਏ। ਕੁਝ ਦੇਰ ਸੰਗਤ ਵਿੱਚ ਚੁੱਪ ਛਾਈ ਰਹੀ। ਫਿਰ ਭਾਈ ਤਾਰੂ ਸਿੰਘ ਜੀ ਕਹਿਣ ਲੱਗੇ,"ਭਾਈ ਮਾਨ ਸਿੰਘ ਜੀ,ਅੱਜ ਮੇਰੀ ਸਿਹਤ ਪੂਰੀ ਠੀਕ ਨਹੀਂ ਹੈ। ਭਾਈ ਸੋਭਾ ਸਿੰਘ ਤੇ ਸ.ਪ੍ਰੇਮ ਸਿੰਘ ਨੇ ਬੋਲਣ ਤੋਂ ਮਨ੍ਹਾ ਕੀਤਾ ਹੈ। ਸਾਡਾ ਗੁਰੂ ਵੱਡੇ-ਵੱਡੇ ਪਾਪੀਆਂ ਨੂੰ ਬਖ਼ਸ਼ਦਾ ਆਇਆ ਹੈ ਤੇ ਤੁਸੀ ਉਸ ਪਾਪੀ ਕੋਲੋਂ ਅੰਤ ਸਮੇਂ ਵਿੱਚ ਨੇਕ ਕੰਮ ਕਰਵਾ ਕੇ ਉਸ ਨੂੰ ਬਖ਼ਸ਼ਾਇਆ ਹੈ। ਜਿਸ ਨੂੰ ਸੰਗਤ ਬਖ਼ਸ਼ ਦੇਵੇ ਉਸਨੂੰ ਹੋਰ ਕਿਸੇ ਦੀ ਲੋੜ ਨਹੀਂ ਹੈ। ਤੁਸੀਂ ਜਿੱਥੇ ਉਸਦੇ ਵਾਸਤੇ ਅਰਦਾਸ ਕਰਨੀ ਹੈ,ਉੱਥੇ ਮੇਰੇ ਵਾਸਤੇ ਵੀ ਅਰਦਾਸ ਕਰੋ ਕਿ ਗੁਰੂ ਮੈਨੂੰ ਵੀ ਬਖ਼ਸ਼ ਦੇਵੇ।"

ਨੋਟ :- ਹਰਭਗਤ ਨਿਰੰਜਣੀਏ ਦੀ ਮੌਤ ੨੯ ਜੂਨ,੧੭੪੫ ਨੂੰ ਹੋਈ ਸੀ। ਇੱਕ ਹੋਰ ਅਹਿਮ ਗੱਲ ਇਹ ਹੈ ਕਿ ਜਿਹੜੇ ਚੋਧਰੀ ਉਸਦੀ ਮੌਤ ਤੋਂ ਪ੍ਰਭਾਵਿਤ ਹੋਏ ਸਨ ਉਹਨਾਂ ਸਾਰਿਆਂ ਨੇ ਗੁਰੂ ਵਾਲੇ ਬਣ ਕੇ ਸਿੰਘਾਂ ਦੀ ਮਦਦ ਕੀਤੀ ਤੇ ਸੁੱਖਾਂ ਵਾਲਾ ਜੀਵਨ ਬਤੀਤ ਕੀਤਾ ਸੀ।

29 ਜੂਨ, 1745 (ਉਮਰ 25 ਸਾਲ, ਤਿੰਨ ਮਹੀਨੇ, 11 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ	- ੩੪ ਦਿਨ
ਲਾਹੌਰ ਆਇਆਂ ਨੂੰ ਹੋਏ	- ੨੯ ਦਿਨ
ਖੋਪਰੀ ਸੀਸ ਤੋਂ ਉਤੱਰੀ ਨੂੰ ਹੋਏ	- ੨੦ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੭ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ	- ੦੬ ਦਿਨ

ਅੱਜ ਭਾਈ ਤਾਰੂ ਸਿੰਘ ਜੀ ਨੂੰ ਮਿਲਣ ਆਈਆਂ ਸੰਗਤਾਂ ਦੀ ਗਿਣਤੀ ਬਹੁਤ ਜਿਆਦਾ ਸੀ। ਇਹ ਸਾਰੀ ਸੰਗਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇੱਕ ਰਾਤ ਪਹਿਲਾਂ ਹੀ ਲਾਹੌਰ ਪਹੁੰਚੀ ਸੀ ਤੇ ਭਾਈ ਤਾਰੂ ਸਿੰਘ ਜੀ ਦੇ ਦਰਸ਼ਨ ਕਰਨਾ ਚਾਹੁੰਦੀ ਸੀ। ਇਹਨਾਂ ਸੰਗਤਾਂ ਵਿੱਚ ਬਹੁਤ ਹੀ ਅਹਿਮ ਸ਼ਖਸ਼ੀਅਤਾਂ ਪਹੁੰਚੀਆਂ ਸਨ ਜਿਹਨਾਂ ਵਿੱਚ ਮੁੱਖ ਸਨ ਸ਼੍ਰੀ ਦਰਬਾਰ ਸਾਹਿਬ ਜੀ ਦੇ ਸ਼੍ਰੋਮਣੀ ਗ੍ਰੰਥੀ 'ਭਾਈ ਜਵਾਹਰ ਸਿੰਘ ਜੀ'। ਇਹ ਉਹੀ ਭਾਈ ਜਵਾਹਰ ਸਿੰਘ ਜੀ ਸਨ ਜਿਨ੍ਹਾਂ ਦੇ ਪਿਤਾ ਸਤਿਕਾਰ ਯੋਗ 'ਭਾਈ ਦਇਆ ਸਿੰਘ ਜੀ' ਸਨ ਜੋ ਪੰਜਾਂ ਪਿਆਰਿਆਂ ਵਿੱਚ ਸਭ ਤੋਂ ਪਹਿਲਾਂ ਪ੍ਰਵਾਨ ਹੋਏ ਸਨ। ਭਾਈ ਜਵਾਹਰ ਸਿੰਘ ਜੀ ਭਾਈ ਤਾਰੂ ਸਿੰਘ ਜੀ ਦੀ ਕੁਰਬਾਨੀ ਸੁਣ ਕੇ ਜਿੱਥੇ ਸੰਗਤ ਸਮੇਤ ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਆਏ ਸਨ ਉੱਥੇ ਭਾਈ ਤਾਰੂ ਸਿੰਘ ਜੀ ਵਾਸਤੇ ਗੁਰੂ ਘਰ ਦੀ ਅਹਿਮ ਬਖ਼ਸ਼ਿਸ਼ 'ਸਿਰੋਪਾਓ' ਤੇ ਅੰਮ੍ਰਿਤ ਸਰੋਵਰ ਵਿੱਚੋਂ ਇੱਕ ਗਾਗਰ ਅੰਮ੍ਰਿਤ ਜਲ ਦੀ ਭਰ ਕੇ ਲਿਆਏ ਸਨ।

ਅੱਜ ਜਦੋਂ ਅੰਮ੍ਰਿਤ ਵੇਲਾ ਹੋਇਆ ਤਾਂ ਉਸ ਅੰਮ੍ਰਿਤ ਜਲ ਵਿੱਚੋਂ ਭਾਈ ਸਾਹਿਬ ਜੀ ਨੂੰ ਭਾਈ ਸੋਭਾ ਸਿੰਘ ਜੀ ਤੇ ਸ.ਪ੍ਰੇਮ ਸਿੰਘ ਜੀ ਇਸ਼ਨਾਨ ਕਰਵਾਇਆ ਤੇ ਫਿਰ ਬਾਕੀ ਸਿੰਘ ਸਹਿਬਾਨਾਂ ਨੇ ਵੀ ਇਸ਼ਨਾਨ ਕੀਤਾ ਤੇ ਭਾਈ ਸਾਹਿਬ ਜੀ ਦੇ ਨਾਲ ਨਿੱਤਨੇਮ ਕਰਨ ਬੈਠ ਗਏ। ਜਦੋਂ ਨਿੱਤਨੇਮ ਹੋ ਰਿਹਾ ਸੀ ਤਾਂ ਉਹ ਸਮਾਂ ਇਨਾਂ ਆਨੰਦ ਭਰਪੂਰ ਬਣ ਗਿਆ ਸੀ ਕਿ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿਵੇਂ ਦੀਵੇ ਨਾਲ ਦੀਵਾ ਜਗਦਾ ਹੈ ਤੇ ਫਿਰ ਰੌਸ਼ਨੀ ਹੀ ਰੌਸ਼ਨੀ ਤੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ,ਬਸ ਉਸੇ ਤਰਾਂ ਨਾਮ ਅਭਿਆਸੀਆਂ ਦੀ ਸੰਗਤ ਨਾਲ ਆਨੰਦ ਹੀ ਆਨੰਦ, ਖੇੜਾ ਹੀ ਖੇੜਾ ਤੇ ਅਰਸ਼ਾ ਤੋਂ ਫਰਸ਼ਾਂ ਤੱਕ ਸੱਚਖੰਡ ਬਣ ਗਿਆ। ਇਹ ਅਗੰਮੀ ਆਨੰਦ ਜਿਨ੍ਹਾਂ ਨੇ ਮਾਣਿਆਂ, ਉਹ ਵੀ ਪੂਰਨ ਤੌਰ ਤੇ ਬਿਆਨ ਨਹੀਂ ਕਰ ਸਕੇ।

ਅਮ੍ਰਿੰਤ ਵੇਲੇ ਦੇ ਨਿੱਤਨੇਮ ਸੰਪੂਰਨ ਹੋਏ। ਅੱਜ ਅਰਦਾਸ ਵੀ ਭਾਈ ਜਵਾਹਰ ਸਿੰਘ ਜੀ ਨੇ ਸ਼੍ਰੀ ਦਰਬਾਰ ਸਾਹਿਬ ਦੀ ਮਰਿਯਾਦਾ ਅਨੁਸਾਰ ਹੋਈ। ਗੁਰੂ

ਪਾਸੋਂ ਪੰਥ ਦੀ ਚੜ੍ਹਦੀ ਕਲ੍ਹਾ ਤੇ ਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ, ਭਰੋਸਾ ਦਾਨ ਤੇ ਭਾਈ ਤਾਰੂ ਸਿੰਘ ਜੀ ਦੇ ਪ੍ਰਤੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ ਦੀ ਅਰਦਾਸ ਕੀਤੀ ਗਈ ਤੇ ਪੰਜਾਂ ਸਿੰਘਾਂ ਵਲੋਂ ਪੰਜ ਜੈਕਾਰੇ ਬੁਲਾਏ ਗਏ। ਅੱਜ ਲਾਹੌਰ ਸ੍ਰੀ ਅੰਮ੍ਰਿਤਸਰ ਬਣ ਗਿਆ ਸੀ। ਸਾਰੇ ਸਿਫਤਾਂ ਕਰਨ ਲੱਗੇ। ਸ.ਸੁਬੇਗ ਸਿੰਘ ਤੇ ਸ.ਸ਼ਹਿਬਾਜ਼ ਸਿੰਘ ਜੀ ਨੇ ਸਾਰੇ ਸਿੰਘਾਂ ਨੂੰ ਤੇ ਆਈ ਹੋਈ ਸੰਗਤ ਨੂੰ ਪ੍ਰੇਮ ਨਾਲ ਲੰਗਰ ਛਕਾਇਆ।

ਉੱਧਰ ਜਦੋਂ ਭਾਈ ਤਾਰੂ ਸਿੰਘ ਜੀ ਦੀ ਪੱਟੀ ਖੋਲ੍ਹੀ ਗਈ ਤਾਂ ਜ਼ਖਮਾਂ ਦੀ ਹਾਲਤ ਪਹਿਲਾਂ ਨਾਲੋਂ ਹੋਰ ਵੀ ਖਰਾਬ ਹੋ ਰਹੀ ਸੀ। ਇਹ ਦੇਖ ਕੇ ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਬਹੁਤ ਚਿੰਤਾ ਵਿੱਚ ਸਨ ਕਿ ਇਹ ਜ਼ਖਮ ਠੀਕ ਹੋਣ ਦੀ ਬਜਾਇ ਖਰਾਬ ਕਿਉਂ ਹੋ ਰਹੇ ਹਨ। ਭਾਈ ਸਾਹਿਬ ਜੀ ਮਲ੍ਹਮ-ਪੱਟੀ ਉਸੇ ਤਰਾਂ ਕਰ ਦਿੱਤੀ ਗਈ ਤੇ ਭਾਈ ਸੋਭਾ ਸਿੰਘ ਜੀ ਵਲੋਂ ਭਾਈ ਸਾਹਿਬ ਜੀ ਨੂੰ ਲੰਗਰ ਛਕਾਇਆ ਗਿਆ। ਸਾਰੀ ਸੇਵਾ ਸੰਪੂਰਨ ਹੋਈ। ਸਿੰਘ ਸਾਹਿਬ ਭਾਈ ਜਵਾਹਰ ਸਿੰਘ ਜੀ ਨੇ ਭਾਈ ਸਾਹਿਬ ਜੀ ਤੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਭਾਈ ਸਾਹਿਬ ਜੀ ਦੇ ਨੇਤਰਾਂ ਵਿੱਚ ਜਲ ਆ ਗਿਆ। ਭਾਈ ਸੋਭਾ ਸਿੰਘ ਜੀ ਨੇ ਜਦੋਂ ਭਾਈ ਤਾਰੂ ਸਿੰਘ ਜੀ ਦੇ ਨੇਤਰਾਂ ਵਿਚੋਂ ਜਲ ਵਗਦਾ ਦੇਖਿਆ ਤਾਂ ਉਹਨਾਂ ਨੇ ਸਿੰਘ ਸਾਹਿਬ ਭਾਈ ਜਵਾਹਰ ਸਿੰਘ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਈ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਕੀਤੀ, "ਗੁਰੂ ਪਿਆਰਿਓ! ਜਦੋਂ ਦਾ ਮੈਂ ਭਾਈ ਤਾਰੂ ਸਿੰਘ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਹਾਂ,ਇਹਨਾਂ ੩੨ ਦਿਨਾਂ ਵਿੱਚ ਭਾਈ ਸਾਹਿਬ ਜੀ ਉੱਪਰ ਅਨੇਕਾਂ ਉਤਰਾਅ-ਚੜ੍ਹਾਅ ਆਏ। ਜ਼ਾਲਮ ਸਰਕਾਰ ਨੇ ਭਾਈ ਸਾਹਿਬ ਜੀ ਨੂੰ ਬਹੁਤ ਕਸ਼ਟ ਦਿੱਤੇ, ਖੋਪਰੀ ਵੀ ਉਤਾਰ ਦਿੱਤੀ ਤੇ ਅੱਜ ਤੱਕ ਜ਼ਖਮਾਂ ਦਾ ਦੁੱਖ ਸਹਾਰ ਰਹੇ ਹਨ ਪਰ ਅਜੇ ਤੱਕ ਅੱਖਾਂ ਵਿੱਚੋਂ ਅੱਥਰੂ ਆਉਣਾ ਤਾਂ ਬਹੁਤ ਦੂਰ ਦੀ ਗੱਲ, ਕਦੇ ਇੱਕ ਵਾਰ ਹਾਏ ਵੀ ਨਹੀਂ ਕੀਤਾ ਪਰ ਅੱਜ ਮੈਂ ਪਹਿਲੀ ਵਾਰ ਭਾਈ ਸਾਹਿਬ ਜੀ ਦੀਆਂ ਅੱਖਾਂ ਵਿੱਚੋਂ ਨੀਰ ਵਗਦਾ ਦੇਖ ਰਿਹਾ ਹਾਂ। ਇਹ ਸਭ ਆਪ ਜੀ ਦਾ ਪਿਆਰ ਹੈ। ਇਸ ਲਈ ਮੈਂ ਭਾਈ ਸਾਹਿਬ ਜੀ ਵਲੋਂ ਬੇਨਤੀ ਕਰਦਾ ਹਾਂ ਕਿ ਇੱਕ-ਦੋ ਦਿਨ ਹੋਰ ਇੱਥੇ ਜੀ ਰੁੱਕ ਜਾਵੋ।"

ਭਾਈ ਸੋਭਾ ਸਿੰਘ ਜੀ ਗੱਲ ਸੁਣ ਕੇ ਭਾਈ ਜਵਾਹਰ ਸਿੰਘ ਜੀ ਨੇ ਸਾਰੀ ਸੰਗਤ ਨੂੰ ਬੇਨਤੀ ਕਰਦੇ ਹੋਏ ਕਿਹਾ, "ਜਦੋਂ ਤੱਕ ਇਹ ਨੌਜਵਾਨ ਬੀਰ ਬਹਾਦਰ ਭਾਈ ਤਾਰੂ ਸਿੰਘ ਹੱਸ ਕੇ ਆਗਿਆ ਨਹੀਂ ਦੇਵੇਗਾ, ਅਸੀਂ ਵਾਪਸ ਸ੍ਰੀ ਦਰਬਾਰ ਸਾਹਿਬ ਨਹੀਂ ਜਾਵਾਂਗੇ।"

ਇੰਨੀ ਬੇਨਤੀ ਹੋਣ ਦੀ ਦੇਰ ਸੀ ਕਿ ਪਹਿਲਾਂ ਭਾਈ ਤਾਰੂ ਸਿੰਘ ਜੀ ਨੇ ਖੁਸ਼ੀ ਵਿੱਚ ਜੈਕਾਰਾ ਲਗਾਇਆ ਫਿਰ ਸੈਂਕੜੇ ਜੈਕਾਰਿਆਂ ਨਾਲ ਅਸਮਾਨ ਗੂੰਜ

ਉੱਠਿਆ। ਜੈਕਾਰਿਆਂ ਦੀ ਗੂੰਜ ਸੁਣ ਕੇ ਉੱਥੋਂ ਦੇ ਮੁਸਲਮਾਨ ਜੋ ਜ਼ਕਰੀਏ ਦੇ ਪੈਰੋਕਾਰ ਸਨ, ਉਹਨਾਂ ਨੂੰ ਇੰਝ ਲੱਗਿਆ ਜਿਵੇਂ ਮੁਗਲ ਰਾਜ ਦੀ ਸਮਾਪਤੀ ਹੋ ਗਈ ਹੈ ਤੇ ਸਿੰਘਾਂ ਦਾ ਰਾਜ ਸ਼ੁਰੂ ਹੋ ਗਿਆ ਹੋਵੇ।

ਭਾਈ ਤਾਰੂ ਸਿੰਘ ਜੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਮੇਰੇ ਤੋਂ ਆਗਿਆ ਨਹੀਂ ਮੰਗਣੀ ਕਿਉਂਕਿ ਆਗਿਆ ਗੁਰੂ ਹੀ ਦੇ ਸਕਦਾ ਹੈ। ਮੈਂ ਵੀ ਗੁਰੂ ਤੋਂ ਹੀ ਆਗਿਆ ਮੰਗਦਾ ਹਾਂ ਕਿ ਮੇਰੀ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭ ਜਾਵੇ। ”

ਇਸ ਤਰਾਂ ਸ਼ਾਮ ਹੋਈ। ਦੀਵਾਨ ਸਜਾਏ ਗਏ। ਰਹਿਰਾਸ ਦੇ ਪਾਠ ਹੋਏ ਤੇ ਕੀਰਤਨ ਹੋਇਆ। ਅਜਿਹਾ ਰੂਹਾਨੀ ਮਾਹੌਲ ਲਾਹੌਰ ਵਿੱਚ ਪਹਿਲੀ ਵਾਰ ਬਣਿਆ। ਸਿੰਘ ਸਾਹਿਬ ਜੀ ਨੇ ਸ਼ਬਦ ਦੀ ਵਿਚਾਰ ਕੀਤੀ ਤੇ ਭਾਈ ਤਾਰੂ ਸਿੰਘ ਜੀ ਨੇ ਬਹੁਤ ਥੋੜੇ ਬਚਨ ਕੀਤੇ। ਅੱਜ ਭਾਈ ਸਾਹਿਬ ਜੀ ਨੂੰ ਥੋੜਾ ਸਮਾਂ ਵੀ ਆਰਾਮ ਨਹੀਂ ਮਿਲਿਆ ਇਸ ਲਈ ਭਾਈ ਸਾਹਿਬ ਦੀ ਸਿਹਤ ਕੁਝ ਖਰਾਬ ਜਿਹੀ ਹੋ ਰਹੀ ਸੀ। ਗੁਰੂ ਦੀਆਂ ਸੰਗਤਾਂ ਨੇ ਲੰਗਰ ਛਕੇ। ਇਹਨਾਂ ਸੰਗਤਾਂ ਵਿੱਚ ਕੇਵਲ ਸਿੱਖ ਹੀ ਨਹੀਂ ਬਲਕਿ ਇਲਾਕੇ ਦੇ ਹਿੰਦੂ ਤੇ ਕੁਝ ਨੇਕ ਮੁਸਲਮਾਨ ਵੀ ਸਨ ਜੋ ਸੰਗਤ ਕਰ ਰਹੇ ਸਨ। ਇਸ ਤਰਾਂ ਦਿਨ ਦੀ ਸਮਾਪਤੀ ਹੋਈ।

30 ਜੂਨ,1745 (ਉਮਰ 25 ਸਾਲ,ਤਿੰਨ ਮਹੀਨੇ,12 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਹੋਏ - ੩੫ ਦਿਨ
ਲਾਹੌਰ ਆਇਆਂ ਨੂੰ ਹੋਏ - ੩੦ ਦਿਨ
ਖੋਪਰੀ ਸੀਸ ਤੋਂ ਉਤਰੀ ਨੂੰ ਹੋਏ - ੨੧ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ - ੦੯ ਦਿਨ
ਪਾਪੀ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਵਜਦਿਆਂ ਨੂੰ ਹੋਏ - ੦੭ ਦਿਨ

ਕੱਲ੍ਹ ਦੀ ਤਰਾਂ ਅੱਜ ਵੀ ਰਾਤ ਦੇ ਤੀਜੇ ਪਹਿਰ ਭਾਵ ਸਵੇਰੇ ੩ ਵਜੇ ਉੱਠ ਕੇ ਭਾਈ ਸੋਭਾ ਸਿੰਘ ਜੀ ਤੇ ਸ.ਪ੍ਰੇਮ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਇਸ਼ਨਾਨ ਕਰਵਾਇਆ ਤੇ ਫਿਰ ਸਾਰੀ ਸੰਗਤ ਨੇ ਇਸ਼ਨਾਨ ਕਰਕੇ ਭਾਈ ਸਾਹਿਬ ਜੀ ਨਾਲ ਨਿੱਤਨੇਮ ਵਿੱਚ ਜੁੜ ਗਏ। ਪੰਜਾਂ ਬਾਣੀਆਂ ਦੇ ਜਾਪ ਤੋਂ ਬਾਅਦ ਗੁਰਮੰਤ੍ਰ ਦਾ ਜਾਪ ਹੋਇਆ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਨਾਲ ਸਤਿਸੰਗ ਦਾ ਅੰਨਦ ਬਿਆਨ ਤੋਂ ਬਾਹਰ ਸੀ। ਉਪਰੰਤ ਗੁਰੂ ਕੇ ਲੰਗਰ ਵਰਤਾਏ ਗਏ।

ਜਦੋਂ ਭਾਈ ਸਾਹਿਬ ਜੀ ਦੇ ਸੀਸ ਦੀ ਪੱਟੀ ਖੋਲੀ ਗਈ ਤਾਂ ਉਸ ਸਮੇਂ ਅੱਜ ਸਿੰਘ ਸਾਹਿਬ ਤੋਂ ਇਲਾਵਾ ਸ.ਸ਼ਹਿਬਾਜ਼ ਸਿੰਘ ਜੀ ਵੀ ਨਾਲ ਜੀ ਖੜ੍ਹੇ ਸਨ। ਜਿਉਂ ਹੀ ਪੱਟੀ ਖੋਲੀ ਗਈ ਤਾਂ ਜ਼ਖਮ ਦੇਖ ਕੇ ਸਿੰਘ ਸਾਹਿਬ ਤਾਂ ਹੈਰਾਨ ਹੋਏ ਹੀ ਸਨ, ਸ. ਸ਼ਹਿਬਾਜ਼ ਸਿੰਘ ਜੀ ਦੀਆਂ ਅੱਖਾਂ ਭਰ ਆਈਆਂ ਤੇ ਉਹ ਬਾਹਰ ਚਲੇ ਗਏ। ਅੱਜ ਜ਼ਖਮਾਂ ਦੀ ਹਾਲਤ ਹੋਰ ਵੀ ਖਰਾਬ ਹੋ ਗਈ ਸੀ। ਜ਼ਖਮ ਇੰਨੇ ਜ਼ਿਆਦਾ ਖਰਾਬ ਹੋ ਜਾਣਗੇ, ਇਹ ਭਾਈ ਸੋਭਾ ਸਿੰਘ ਤੇ ਸ. ਪ੍ਰੇਮ ਸਿੰਘ ਜੀ ਨੇ ਕਦੇ ਸੋਚਿਆ ਵੀ ਨਹੀਂ ਸੀ। ਇਹ ਦੋਵੇਂ ਸਿੰਘ ਬਹੁਤ ਘਬਰਾ ਗਏ। ਭਾਈ ਤਾਰੂ ਸਿੰਘ ਜੀ ਅਡੋਲ ਬੈਠੇ ਹੋਏ ਸਨ ਤੇ ਜਪੁਜੀ ਸਾਹਿਬ ਜੀ ਦਾ ਪਾਠ ਕਰ ਰਹੇ ਸਨ। ਭਾਈ ਸੋਭਾ ਸਿੰਘ ਜੀ ਨੇ ਜ਼ਖਮਾਂ ਨੂੰ ਸਾਫ ਕੀਤਾ ਤੇ ਉਸੇ ਤਰਾਂ ਮਲ੍ਹਮ ਲਗਾ ਕੇ ਪੱਟੀ ਕਰ ਦਿੱਤੀ ਤੇ ਭਾਈ ਸਾਹਿਬ ਜੀ ਨੂੰ ਆਰਾਮ ਕਰਨ ਦੀ ਬੇਨਤੀ ਕੀਤੀ। ਭਾਈ ਤਾਰੂ ਸਿੰਘ ਜੀ ਆਰਾਮ ਕਰਨ ਲੱਗ ਪਏ ਤੇ ਸਿੰਘ ਸਾਹਿਬ ਵੀ ਕੋਲ ਹੀ ਬੈਠ ਕੇ ਗੁਰਬਾਣੀ ਦਾ ਪਾਠ ਉਚਾਰਨ ਲੱਗ ਗਏ।

ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਬਾਹਰ ਆ ਕੇ ਇੱਕ ਦੂਜੇ ਦੇ ਗੱਲ ਲੱਗ ਕੇ ਰੋਏ ਤੇ ਫਿਰ ਬਚਨ ਕਰਨ ਲੱਗੇ, "ਭਾਈ ਸਾਹਿਬ ਜੀ ਦੇ ਜ਼ਖਮ ਇੰਨੇ ਜ਼ਿਆਦਾ ਖਰਾਬ ਹੋ ਜਾਣਗੇ, ਇਹ ਤਾਂ ਕਦੇ ਸੋਚਿਆ ਵੀ ਨਹੀਂ ਸੀ।"

ਸ. ਪ੍ਰੇਮ ਸਿੰਘ ਜੀ ਕਹਿਣ ਲੱਗੇ, "ਇਸ ਸਭ ਦਾ ਕਾਰਨ ਹੈ ਭਾਈ ਸਾਹਿਬ ਦੀ ਬੇਆਰਾਮੀ। ਅਸੀਂ ਭਾਈ ਸਾਹਿਬ ਜੀ ਨੂੰ ਬੇਨਤੀਆਂ ਕਰ-ਕਰ ਥੱਕ ਗਏ ਹਾਂ।"

ਭਾਈ ਸੋਭਾ ਸਿੰਘ ਜੀ ਕਹਿਣ ਲੱਗੇ, "ਨਾ ਤਾਂ ਸੰਗਤਾਂ ਦਾ ਪਿਆਰ ਖਤਮ ਹੁੰਦਾ ਹੈ ਤੇ ਨਾ ਹੀ ਭਾਈ ਸਾਹਿਬ ਦਾ ਸੰਗਤਾਂ ਪ੍ਰਤੀ ਪਿਆਰ ਰੁਕਦਾ ਹੈ। ਜੇ ਇਹੀ

ਹਾਲ ਰਿਹਾ ਤਾਂ ਆਉਣ ਵਾਲਾ ਸਮਾਂ ਠੀਕ ਨਹੀਂ ਦਿੱਸ ਰਿਹਾ, ਕੀ ਕਰੀਏ, ਕੁਝ ਸਮਝ ਨਹੀਂ ਲੱਗਦੀ।"

ਸ. ਪ੍ਰੇਮ ਸਿੰਘ ਕਹਿਣ ਲੱਗੇ, "ਭਾਈ ਸੋਭਾ ਸਿੰਘ ਲਾਲੋ ਜੀ! ਇਸ ਨੂੰ ਗੁਰੂ ਦਾ ਹੁਕਮ ਮੰਨ ਕੇ ਭਾਣੇ ਵਿੱਚ ਆਈਏ ਤਾਂ ਹੀ ਠੀਕ ਹੈ।" ਇਸ ਤਰਾਂ ਇਹ ਦੋਵੇਂ ਸਿੰਘ ਆਪਸ ਵਿੱਚ ਭਾਈ ਸਾਹਿਬ ਜੀ ਦੇ ਠੀਕ ਹੋਣ ਬਾਰੇ ਅਰਦਾਸ ਕਰਨ ਲੱਗੇ।

ਜ਼ਕਰੀਆ ਖਾਨ ਦੀ ਮੌਤ

ਉੱਧਰ ਜ਼ਕਰੀਆ ਖਾਨ ਨੇ ਸ.ਸੁਬੇਗ ਸਿੰਘ ਜੀ ਨੂੰ ਆਪਣੇ ਮਹਿਲਾਂ ਵਿੱਚ ਬੁਲਾਇਆ। ਸ. ਸੁਬੇਗ ਸਿੰਘ ਜੀ ਜ਼ਕਰੀਏ ਦੇ ਮਹਿਲਾਂ ਵਿੱਚ ਪਹੁੰਚੇ ਤਾਂ ਦੇਖਿਆ ਕਿ ਜ਼ਕਰੀਏ ਦੀ ਹਾਲਤ ਵੀ ਠੀਕ ਨਹੀਂ ਸੀ। ਸ. ਸੁਬੇਗ ਸਿੰਘ ਨੇ ਦੇਖਿਆ ਤਾਂ ਉਸਨੂੰ ਇਝ ਲੱਗਿਆ ਜਿਵੇਂ ਜ਼ਕਰੀਆ ਖਾਨ ਅੱਜ ਅਖੀਰਲੇ ਸਮੇਂ ਦੀਆਂ ਬਾਤਾਂ ਕਰ ਰਿਹਾ ਹੋਵੇ। ਉਹ ਆਪਣੀ ਬੇਗ਼ਮ ਨਸੀਮ ਅਖਤਰ ਤੇ ਆਪਣੀ ਵਾਲਿਦਾ (ਮਾਂ) ਨੂੰ ਕੋਲ ਬੁਲਾ ਕੇ ਕੁਝ ਕਹਿ ਰਿਹਾ ਸੀ ਤੇ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਉਸਨੇ ਆਪਣੇ ਸਿਰ ਦੇ ਥੱਲੇ ਰੱਖੀ ਹੋਈ ਸੀ।

ਜ਼ਕਰੀਆ ਕਹਿ ਰਿਹਾ ਸੀ,"ਇਹ ਜੋ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਹੈ,ਇਸ ਨੂੰ ਕਿਧਰੇ ਸੁੱਟਣਾ ਨਹੀਂ ਹੈ ਤੇ ਘਰ ਵਿੱਚ ਸੰਭਾਲ ਕੇ ਰੱਖਣਾ ਹੈ। ਪਹਿਲਾਂ ਮੈਂ ਬਹੁਤ ਔਖਾ ਸੀ ਤੇ ਦੁੱਖ ਤਕਲੀਫ ਝੱਲੀ ਨਹੀਂ ਸੀ ਜਾਂਦੀ। ਜਿਸ ਦੋਜ਼ਖ ਦੀ ਅੱਗ ਵਿੱਚੋਂ ਮੈਨੂੰ ਇਸ 'ਸਿੱਖ ਦੀ ਜੁੱਤੀ' ਨੇ ਕੱਢਿਆ ਹੈ,ਉਹ ਮੈਂ ਹੀ ਜਾਣਦਾ ਹਾਂ, ਇਹ ਗੱਲ ਤੁਸੀ ਨਹੀ ਜਾਣਦੇ। ਜਿਹੜੇ ਸਿੰਘਾਂ ਨੂੰ ਮੇਰੇ ਹੁਕਮ ਨਾਲ ਜਿਵੇਂ-ਜਿਵੇਂ ਸ਼ਹੀਦ ਕੀਤਾ ਗਿਆ ਸੀ, ਉਹਨਾਂ ਸਿੰਘਾਂ ਦੀਆ ਰੂਹਾਂ ਨੇ ਮੈਨੂੰ ਉਸੇ ਤਰਾਂ ਹੀ ਸਜ਼ਾ ਦਿੱਤੀ ਹੈ। ਇਹਨਾਂ ਰੂਹਾਂ ਨੇ ਮੈਨੂੰ ਇੱਕ ਦਿਨ ਵੀ ਚੈਨ ਨਹੀਂ ਸੀ ਦਿੱਤਾ, ਪਰ ਜਿਸ ਦਿਨ ਤੋਂ ਮੇਰੇ ਤੇ ਰਹਿਮ ਕਰਕੇ ਸ. ਸੁਬੇਗ ਸਿੰਗ ਜੀ ਨੇ ਮੈਨੂੰ ਇਹ ਜੁੱਤੀ ਲਿਆ ਕੇ ਦਿੱਤੀ ਹੈ ਤੇ ਮੇਰੇ ਸਿਰ ਵਿੱਚ ਵੱਜਣੀ ਸ਼ੁਰੂ ਹੋਈ ਹੈ ਉਦੋਂ ਤੋਂ ਇਹ ਭਟਕਦੀਆਂ ਰੂਹਾਂ ਨੇ ਮੈਨੂੰ ਤੰਗ ਕਰਨਾ ਛੱਡਿਆ ਹੋਇਆ ਹੈ ਤੇ ਸਰੀਰ ਦੀਆਂ ਤਕਲੀਫਾਂ ਵੀ ਦੂਰ ਹੋ ਰਹੀਆ ਹਨ। ਮੈਂ ਉਦੋਂ ਤੋਂ ਹੀ ਬਹੁਤ ਚੈਨ ਨਾਲ ਪਲੰਘ ਤੇ ਪਿਆ ਹਾਂ। ਇਹ ਸਾਰੀ ਅਜਮਤ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਦੀ ਹੈ।"

ਜ਼ਕਰੀਏ ਖਾਨ ਨੇ ਸ. ਸੁਬੇਗ ਸਿੰਘ ਨੂੰ ਆਪਣੇ ਕੋਲ ਆਉਣ ਦਾ ਇਸ਼ਾਰਾ ਕੀਤਾ ਤੇ ਹੱਥ ਫੜ ਕੇ ਕਹਿਣ ਲੱਗਾ, "ਅੱਗੇ ਮੈਨੂੰ ਲਗਦਾ ਸੀ ਕਿ ਮੈਂ ਮਰ ਕੇ ਨਰਕਾਂ ਨੂੰ ਜਾਵਾਂਗਾ ਭਾਵ ਦੋਜ਼ਖ ਦੀ ਅੱਗ ਵਿੱਚ ਪਵਾਂਗਾ ਪਰ ਹੁਣ ਇਸ ਸਿੱਖ ਦੀ ਜੁੱਤੀ ਨੇ ਮੈਨੂੰ ਨਰਕਾਂ ਤੋਂ ਬਚਾ ਲਿਆ ਹੈ। ਹੁਣ ਮੈਨੂੰ ਪੂਰਾ ਯਕੀਨ ਹੈ ਕਿ ਇਸ ਸਿੱਖ ਦੀ ਜੁੱਤੀ ਮੈਨੂੰ ਬਹਿਸਤਾ (ਸਵਰਗਾਂ) ਵਿੱਚ ਛੱਡ ਕੇ ਆਵੇਗੀ। ਹੁਣ ਮੇਰੇ ਕੋਲ ਸਮਾਂ ਬਹੁਤ ਥੋੜਾ ਹੈ। ਮੈਂ ਆਪ ਨੂੰ ਇਹੀ ਫਰਿਆਦ ਕਰਨਾ ਚਾਹੁੰਦਾ ਹਾਂ ਕਿ ਇੰਨੇ ਸਮੇਂ ਅੰਦਰ ਮੇਰੇ ਕੋਲੋਂ ਜੋ ਵੀ ਗਲਤੀਆਂ ਹੋਈਆਂ ਸਨ ਉਹਨਾਂ ਦੀ ਸਜ਼ਾ ਮੈਂ ਭੁਗਤ

ਚੁੱਕਾ ਹਾਂ। ਬੱਸ ਮੇਰੀ ਇੱਕੋ ਫਰਿਆਦ ਹੈ ਕਿ ਮੇਰਾ ਹੁਣ ਇੱਕੋ ਪੁੱਤਰ ਯਈਆ ਖ਼ਾਂ ਜੋ ਮੇਰੇ ਵਾਲੀਆਂ ਗਲਤੀਆਂ ਕਰ ਰਿਹਾ ਹੈ, ਤੁਸੀ ਉਸਨੂੰ ਸਮਝਾਉਣਾ ਹੈ ਤਾਂ ਕਿ ਉਸਦਾ ਵੀ ਮੇਰੇ ਵਾਲਾ ਹਾਲ ਨਾ ਹੋ ਜਾਵੇ।" ਇਹ ਸੁਣ ਕੇ ਸ.ਸੁਬੇਗ ਸਿੰਘ ਜੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਸ. ਸੁਬੇਗ ਸਿੰਘ ਨੂੰ ਰੋਂਦੇ ਦੇਖ ਕੇ ਉਸਦੀ ਮਾਂ ਤੇ ਬੇਗਮ ਵੀ ਰੋਣ ਲੱਗ ਪਈ ਤੇ ਉਹ ਸਮਝ ਗਏ ਕਿ ਇਹ ਜ਼ਕਰੀਏ ਦੇ ਆਖਰੀ ਬੋਲ ਹਨ।

ਹੁਣ ਜ਼ਕਰੀਆ ਬਹੁਤ ਹੀ ਔਖਾ ਹੋ ਕੇ ਬੋਲ ਰਿਹਾ ਸੀ ਤੇ ਕਹਿ ਰਿਹਾ ਸੀ, "ਮੇਰੇ ਤੋਂ ਬਾਅਦ ਯਈਆ ਖ਼ਾਂ ਨੂੰ ਗਵਰਨਰ ਬਣਾਨ ਵਿੱਚ ਤੁਸੀਂ ਜ਼ੋਰ ਲਗਾਉਣਾ ਹੈ ਤੇ ਅੱਜ ਹੀ ਜਾ ਕੇ ਭਾਈ ਤਾਰੂ ਸਿੰਘ ਜੀ ਕੋਲੋਂ ਮੇਰੇ ਵਲੋਂ ਮਾਫ਼ੀ ਮੰਗਣੀ ਹੈ। ਯਈਆ ਖਾਨ ਨੂੰ ਵੀ ਇਹੀ ਕਹਿਣਾ ਹੈ ਕਿ ਉਹ ਸਿੱਖਾਂ ਤੋਂ ਮੁਆਫੀ ਮੰਗੇ ਤੇ ਮੇਰੇ ਮਰਨ ਤੋਂ ਬਾਅਦ ਕਿਸੇ ਸਿੱਖ ਨੂੰ ਤੰਗ ਪ੍ਰਸ਼ਾਨ ਨਾ ਕੀਤਾ ਜਾਵੇ। ਜੇਲ੍ਹਰ ਅਹਿਮਦ ਖ਼ਾਂ ਨੇ ਮੈਨੂੰ ਦੱਸਿਆ ਕਿ ਭਾਈ ਤਾਰੂ ਸਿੰਘ ਜੀ ਕੋਲ ਬਹੁਤ ਸਿੱਖ ਆਏ ਹੋਏ ਨੇ। ਤੁਸੀ ਸਭ ਨੂੰ ਸ਼ਾਂਤ ਰੱਖਣਾ ਹੈ। ਇਸ ਸਾਰੀ ਗੱਲ ਦੀ ਜਿੰਮੇਵਾਰੀ ਤੁਹਾਡੀ ਹੈ।" ਬਸ ਇਸ ਤਰਾਂ ਦੇ ਆਖਰੀ ਬੋਲ ਬੋਲਦਾ ਹੋਇਆ ਜ਼ਕਰੀਆ ਸ.ਸੁਬੇਗ ਸਿੰਘ ਜੀ ਨੂੰ ਕਹਿਣ ਲੱਗਾ, "ਮੇਰੇ ਸਿਰ ਥੱਲਿਉਂ ਭਾਈ ਤਾਰੂ ਸਿੰਘ ਜੀ ਜੁੱਤੀ ਚੁੱਕੋ ਤੇ ਉਨੀਂ ਦੇਰ ਤੱਕ ਮੇਰੇ ਸਿਰ ਵਿੱਚ ਮਾਰਦੇ ਰਹੋ ਜਦੋਂ ਤੱਕ ਮੇਰੇ ਪ੍ਰਾਣ ਨਾ ਨਿਕਲ ਜਾਣ। ਇਸ ਜੁੱਤੀ ਨੇ ਹੀ ਮੈਨੂੰ ਬਹਿਸਤ ਵਿੱਚ ਪਹੁੰਚਾਉਣਾ ਹੈ ਤੇ ਇਹੀ ਮੇਰੀ ਆਖੀਰੀ ਇੱਛਾ ਵੀ ਹੈ"। ਇਸ ਤਰਾਂ ਜ਼ਕਰੀਆ ਖਾਨ ਨੇ ਹੱਥ ਜੋੜ ਕੇ ਅੱਖਾਂ ਬੰਦ ਕਰ ਲਈਆਂ ਤੇ ਸ.ਸੁਬੇਗ ਸਿੰਘ ਨੇ ਭਾਈ ਸਾਹਿਬ ਜੀ ਦੀ ਜੁੱਤੀ ਉਸਦੇ ਸਿਰ ਵਿੱਚ ਮਾਰਨੀ ਸ਼ੁਰੂ ਕਰ ਦਿੱਤੀ ਤੇ ਉਹ ਅੱਲ੍ਹਾ ਨੂੰ ਪਿਆਰਾ ਹੋ ਗਿਆ।

ਜਿਉਂ ਹੀ ਜ਼ਕਰੀਆ ਖਾਨ ਦੀ ਮੌਤ ਹੋਈ ਤਾਂ ਮਹਿਲ ਵਿੱਚ ਰੋਣਾ-ਪਿੱਟਣਾ ਸ਼ੁਰੂ ਹੋ ਗਿਆ। ਸ.ਸੁਬੇਗ ਸਿੰਘ ਜੀ ਨੇ ਅਹਿਮਦ ਖ਼ਾਂ ਦੀ ਮਦਦ ਨਾਲ ਸਾਰੇ ਪਾਸੇ ਉਸਦੀ ਮੌਤ ਦੇ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ। ਜ਼ਕਰੀਆ ਖਾਨ ਦੀ ਮੌਤ ਦਿਨ ਦੇ ਦੂਜੇ ਪਹਿਰ ਨੂੰ ਹੋਈ ਅਤੇ ਦਿਨ ਦੇ ਚੌਥੇ ਪਹਿਰ ਵਿੱਚ ਉਸਨੂੰ ਕਬਰਿਸਤਾਨ ਵਿੱਚ ਦਫਨਾ ਦਿੱਤਾ ਗਿਆ। ਇਸ ਦੀ ਮਈਅਤ ਨਾਲ ਜਾਣ ਵਾਲੇ ਬਹੁਤ ਥੋੜੇ ਲੋਕ ਸਨ।

ਜ਼ਕਰੀਆ ਖਾਨ ਦੀ ਮੌਤ ਨਾਲ ਮੁਸਲਮਾਨਾਂ ਅੰਦਰ ਇਕ ਡਰ ਪੱਕਾ ਬਣ ਗਿਆ ਸੀ ਕਿ ਜਿਸ ਜਿਸ ਨੇ ਵੀ ਭਾਈ ਤਾਰੂ ਸਿੰਘ ਜੀ ਨੂੰ ਤਸੀਹੇ ਦੇਣ ਵਿੱਚ ਜ਼ਕਰੀਏ ਦਾ ਸਾਥ ਦਿੱਤਾ ਸੀ ਉਹ ਸਾਰੇ ਹੀ ਸਦਾ ਦੀ ਨੀਂਦ ਸੌਂ ਚੁੱਕੇ ਸਨ। ਇਹੀ ਕਾਰਣ ਸੀ ਕਿ ਜ਼ਕਰੀਏ ਦੀ ਮਈਅਤ ਨਾਲ ਵੀ ਡਰਦਾ ਮਾਰਾ ਕੋਈ ਨਾ ਤੁਰਿਅਤ। ਮੁਸਲਮਾਨ ਇਹ ਗੱਲ ਨੂੰ ਸਮਝ ਚੁੱਕੇ ਸਨ ਕਿ ਜਿਸ ਸਿੰਘ ਨੂੰ ਤੰਗ ਕਰਨ ਕਰਕੇ ਇੰਨਾ ਵੱਡਾ ਨਵਾਬ ਵੀ ਆਪਣੀ ਜਾਨ ਨਾ ਬਚਾ ਸਕਿਆ, ਉੱਥੇ ਆਮ ਬੰਦੇ ਦੀ ਕੀ ਔਕਾਤ ਹੋ ਸਕਦੀ ਹੈ।

ਇੱਧਰ ਭਾਈ ਤਾਰੂ ਸਿੰਘ ਜੀ ਦੇ ਦਰਸ਼ਨਾ ਨੂੰ ਆਈ ਹੋਈ ਸੰਗਤ ਨੇ ਭਾਈ ਸਾਹਿਬ ਜੀ ਦੇ ਹੁਕਮ ਨਾਲ ਰਾਤ ਦੇ ਦੀਵਾਨ ਸਜਾਏ। ਜਦੋਂ ਰਾਤ ਦੇ ਦੀਵਾਨ ਵਿੱਚ

ਸ.ਸੁਬੇਗ ਸਿੰਘ ਜੀ ਨੇ ਹਾਜ਼ਰੀ ਭਰੀ ਤਾਂ ਭਾਈ ਸਾਹਿਬ ਜੀ ਤੋਂ ਆਗਿਆ ਲੈ ਕੇ ਸਾਰੀ ਸੰਗਤ ਨੂੰ ਜ਼ਕਰੀਏ ਆਖ਼ਰੀ ਬੋਲ ਸੁਣਾਏ ਤੇ ਉਸਦੀ ਆਖਰੀ ਇੱਛਾ ਵੀ ਦੱਸੀ ਕਿ ਉਸਦੇ ਪ੍ਰਾਣ ਭਾਈ ਸਾਹਿਬ ਜੀ ਦੀ ਜੁੱਤੀ ਨਾਲ ਨਿਕਲਣ। ਸ.ਸੁਬੇਗ ਸਿੰਘ ਜੀ ਦੀ ਗੱਲ ਸੁਣ ਕੇ ਆਈ ਹੋਈ ਸੰਗਤ ਦਾ ਗੁੱਸਾ ਸ਼ਾਂਤ ਹੋਇਆ ਤੇ ਕੁਝ ਭੋਲੇ ਸਿੱਖਾਂ ਨੇ ਤਾਂ ਜ਼ਕਰੀਏ ਦੀ ਮੌਤ ਦੀ ਖੁਸ਼ੀ ਵੀ ਮਨਾਉਣੀ ਚਾਹੀ ਪਰ ਭਾਈ ਸਾਹਿਬ ਜੀ ਦੇ ਮਨ੍ਹਾ ਕਰਨ ਤੇ ਇਹ ਕੰਮ ਰੁਕ ਗਿਆ। ਭਾਈ ਸਾਹਿਬ ਜੀ ਸਾਰੀ ਸੰਗਤ ਨੂੰ ਬੇਨਤੀ ਕਰਦੇ ਹੋਏ ਕਿਹਾ, "ਗੁਰੂ ਪਿਆਰਿਓ! ਜ਼ਕਰੀਆ ਖਾਨ ਦੇ ਪਾਪਾਂ ਨੇ ਉਸਨੂੰ ਪਾਪੀ ਬਣਾਇਆ ਤੇ ਅੱਜ ਉਸਦਾ ਅਤੇ ਉਸਦੇ ਪਾਪਾਂ ਦਾ ਅੰਤ ਹੋ ਗਿਆ। ਇਸ ਨੂੰ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੀ ਗੁਰੂ ਦਾ ਹੁਕਮ ਹੈ। ਇੱਕ ਗੱਲ ਹੋਰ ਆਪ ਜੀ ਨੂੰ ਦੱਸਣਾ ਚਾਹਾਂਗਾ ਕਿ ਇਹ ਅੰਤ ਮੁਗਲ ਰਾਜ ਦਾ ਅੰਤ ਨਹੀ ਹੈ। ਅਜੇ ਤਾਂ ਸਿੰਘਾਂ ਨੇ ਪੰਥ ਵਾਸਤੇ ਬਹੁਤ ਕੁਰਬਾਨੀਆਂ ਦੇਣੀਆਂ ਹਨ।"

ਇੰਨੇ ਬਚਨ ਕਰਕੇ ਭਾਈ ਸਾਹਿਬ ਜੀ ਚੁੱਪ ਹੋ ਗਏ ਕਿਉਂਕਿ ਸਰੀਰ ਬਹੁਤ ਕਮਜ਼ੋਰ ਹੋ ਚੁੱਕਾ ਸੀ। ਭਾਈ ਤਾਰੂ ਸਿੰਘ ਜੀ ਨੂੰ ਬਹੁਤ ਸਾਰੇ ਮੁਸਲਮਾਨ ਆਪਣਾ ਮੁਰਸ਼ਦ (ਗੁਰੂ) ਮੰਨਣ ਲੱਗ ਪਏ ਸਨ। ਉਹ ਭਾਈ ਸਾਹਿਬ ਜੀ ਦੇ ਹੁਕਮ ਨੂੰ ਅੱਲਾ ਦਾ ਹੁਕਮ ਹੀ ਮੰਨਦੇ ਸਨ ਤੇ ਭਾਈ ਸਾਹਿਬ ਵੀ ਇਹਨਾਂ ਨੇਕ ਮੁਸਲਮਾਨਾਂ ਨੂੰ ਬਹੁਤ ਪਿਆਰ ਕਰਦੇ ਸਨ।

ਭਾਈ ਤਾਰੂ ਸਿੰਘ ਜੀ ਦੀ ਕਮਜ਼ੋਰੀ ਦਾ ਕਾਰਣ ਇਹ ਸੀ ਕਿ ਆਪ ਪ੍ਰਸ਼ਾਦਾ ਅੱਠੀਂ ਪਹਿਰ ਇੱਕ ਵਾਰ ਛਕਦੇ ਸੀ ਤੇ ਸਿਰ ਦੇ ਜ਼ਖਮ ਦਿਨੋਂ ਦਿਨ ਖਰਾਬ ਹੋ ਰਹੇ ਸਨ। ਇਸ ਤਰਾਂ ਰਾਤ ਹੋ ਗਈ ਤੇ ਭਾਈ ਤਾਰੂ ਸਿੰਘ ਜੀ ਧਰਮਸ਼ਾਲਾ ਵਿੱਚ ਆਰਾਮ ਕਰਨ ਚਲੇ ਗਏ। ਸ.ਸੁਬੇਗ ਸਿੰਘ ਜੀ ਵੀ ਆਈ ਹੋਈ ਸੰਗਤ ਲਈ ਲੰਗਰ ਤੇ ਰਹਿਣ ਦਾ ਇੰਤਜ਼ਾਮ ਕਰਨ ਚਲੇ ਗਏ। ਅੱਜ ਲਾਹੌਰ ਵਿੱਚ ਜ਼ਕਰੀਏ ਦੀ ਮੌਤ ਹੋਣ ਕਾਰਣ ਸੋਗ ਹੋਣ ਦੀ ਬਜਾਇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਸੀ।

01 ਜੁਲਾਈ,1745 (ਉਮਰ 25 ਸਾਲ,ਤਿੰਨ ਮਹੀਨੇ,13 ਦਿਨ)

ਪਿੰਡ ਪੂਹਲੇ ਆਪਣੇ ਘਰ ਤੋਂ ਮਾਤਾ ਤੇ ਭੈਣ ਨਾਲੋਂ ਵਿਛੜੇ ਨੂੰ ਹੋਏ	- ੩੬ ਦਿਨ
ਲਾਹੌਰ ਵਿੱਚ ਰਹਿੰਦਿਆਂ ਨੂੰ ਹੋਏ	- ੩੧ ਦਿਨ
ਖੋਪਰੀ ਸੀਸ ਤੋਂ ਉਤੱਰੀ ਨੂੰ ਹੋਏ	- ੨੨ ਦਿਨ
ਧਰਮਸ਼ਾਲਾ ਵਿੱਚ ਗੁਰਮੱਤ ਦਾ ਪ੍ਰਚਾਰ ਕਰਦਿਆਂ ਨੂੰ ਹੋਏ	- ੦੯ ਦਿਨ
ਸ੍ਰੀ ਅੰਮ੍ਰਿਤਸਰ ਤੋਂ ਸੰਗਤ ਨੂੰ ਲਾਹੌਰ ਵਿੱਚ ਆਇਆਂ ਨੂੰ ਹੋਏ	- ੦੩ ਦਿਨ

ਅੱਜ ਦਾ ਦਿਨ ਇੱਕ ਸਾਵਣ ੧੮੦੨ ਬਿਕ੍ਰਮੀ (੧ ਜੁਲਾਈ, ੧੭੪੫ ਈ:), ਨਾਨਕਸ਼ਾਹੀ ੨੭੭, ਅੰਮ੍ਰਿਤ ਵੇਲੇ ਫਿਰ ਦਰਬਾਰ ਸਾਹਿਬ ਤੋਂ ਆਏ ਸਿੰਘ ਸਾਹਿਬ ਭਾਈ ਜਵਾਹਰ ਸਿੰਘ ਜੀ, ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਸਰੋਵਰ ਤੋਂ ਲਿਆਂਦੇ ਜਲ ਨਾਲ ਇਸ਼ਨਾਨ ਕਰਵਾਇਆ ਤੇ ਬਾਅਦ ਵਿੱਚ ਖੁਦ ਇਸ਼ਨਾਨ ਕੀਤਾ। ਅੱਜ ਭਾਈ ਸਾਹਿਬ ਜੀ ਸਿਹਤ ਪਹਿਲਾਂ ਨਾਲੋਂ ਵੀ ਬਹੁਤ ਖਰਾਬ ਹੋ ਗਈ ਜਾਪਦੀ ਸੀ। ਇਸ਼ਨਾਨ ਕਰਵਾਉਣ ਤੋਂ ਪਹਿਲਾਂ ਭਾਈ ਸੋਭਾ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਅੱਜ ਉਹਨਾਂ ਦੀ ਸਿਹਤ ਬਹੁਤ ਜਿਆਦਾ ਵਿਗੜੀ ਹੋਈ ਲਗਦੀ ਹੈ ਤੇ ਜੇ ਉਹ ਅੱਜ ਇਸ਼ਨਾਨ ਨਾ ਹੀ ਕਰਨ ਤਾਂ ਠੀਕ ਹੈ ਪਰ ਭਾਈ ਤਾਰੂ ਸਿੰਘ ਜੀ ਨੇ ਮੱਧਮ ਆਵਾਜ਼ ਵਿੱਚ ਕਿਹਾ ਕਿ ਜੇ ਉਹਨਾਂ ਨੇ ਅੱਜ ਇਸ਼ਨਾਨ ਨਾ ਕੀਤਾ ਤਾਂ ਗੁਰੂ ਨਾਰਾਜ਼ ਹੋ ਜਾਵੇਗਾ। ਭਾਈ ਸਾਹਿਬ ਜੀ ਨੂੰ ਆਉਣ ਵਾਲਾ ਸਮਾਂ ਨਜ਼ਰ ਆ ਰਿਹਾ ਸੀ।

ਅੰਮ੍ਰਿਤ ਵੇਲੇ ਨਿੱਤਨੇਮ ਸ਼ੁਰੂ ਹੋਏ। ਅੱਜ ਭਾਈ ਸਾਹਿਬ ਜੀ ਤੋਂ ਚੌਂਕੜੀ ਮਾਰ ਕੇ ਬੈਠ ਨਹੀਂ ਸੀ ਹੋ ਰਿਹਾ, ਇਸ ਲਈ ਭਾਈ ਸੋਭਾ ਸਿੰਘ ਜੀ ਨੇ ਪਿੱਠ ਦੇ ਪਿੱਛੇ ਇੱਕ ਸਿਰਹਾਣੇ ਦਾ ਸਹਾਰਾ ਦੇ ਕੇ ਬਿਠਾਇਆ। ਬਾਕੀ ਸੰਗਤ ਨਿਰੰਤਰ ਨਿੱਤਨੇਮ ਵਿੱਚ ਲੀਨ ਸੀ। ਸਹਿਜੇ-ਸਹਿਜੇ ਬਾਣੀਆਂ ਦੇ ਜਾਪ ਹੁੰਦੇ ਰਹੇ। ਭਾਈ ਸਾਹਿਬ ਜੀ ਵੀ ਨਾਲ-ਨਾਲ ਮੱਧਮ ਆਵਾਜ਼ ਨਾਲ ਬਾਣੀਆਂ ਦੇ ਪਾਠ ਕਰਦੇ ਰਹੇ। ਨਿੱਤਨੇਮ ਦੀ ਸਮਾਪਤੀ ਤੱਕ ਭਾਈ ਤਾਰੂ ਸਿੰਘ ਜੀ ਪੂਰੇ ਜ਼ਮੀਨ ਤੇ ਸਿੱਧੇ ਹੋ ਗਏ ਸਨ ਤੇ ਇਹ ਦੇਖ ਕੇ ਭਾਈ ਸੋਭਾ ਸਿੰਘ ਜੀ ਬਹੁਤ ਹੈਰਾਨ ਤੇ ਚਿੰਤਤ ਹੋ ਗਏ। ਸਾਰੀ ਸੰਗਤ ਵੀ ਕੁਝ ਨਿਰਾਸ਼ ਜਿਹੀ ਹੋ ਗਈ। ਅਰਦਾਸ ਸ਼ੁਰੂ ਹੋਈ ਤਾਂ ਭਾਈ ਸਾਹਿਬ ਜੀ ਤੋਂ ਖੜਾ ਹੋਣਾ ਮੁਸ਼ਕਲ ਸੀ ਇਸ ਲਈ ਸਿੰਘ ਸਾਹਿਬ ਜੀ ਦੇ ਕਹਿਣ 'ਤੇ ਭਾਈ ਸਾਹਿਬ ਜੀ ਨੂੰ ਸਹਾਰਾ ਦੇ ਕੇ ਬਿਠਾਇਆ ਗਿਆ। ਜਦੋਂ ਅਰਦਾਸ ਵਿੱਚ ਭਾਈ ਸਾਹਿਬ ਜੀ ਦੀ ਦੇਹ ਅਰੋਗਤਾ ਦੀ ਬੇਨਤੀ ਕੀਤੀ ਗਈ ਤਾਂ ਭਾਈ ਸਾਹਿਬ ਜੀ ਨੇ ਹੌਲੀ ਜਿਹੀ ਕਿਹਾ, "ਚਰਨਾਂ ਵਿੱਚ ਨਿਵਾਸ ਬਖ਼ਸ਼ਣਾ।"

ਇਹ ਸੁਣ ਕੇ ਭਾਈ ਸੋਭਾ ਸਿੰਘ ਜੀ ਨੇਤਰ ਜਲ ਨਾਲ ਭਰ ਆਏ। ਸਾਰੀਆਂ ਸੰਗਤਾਂ ਜਿਨ੍ਹਾਂ ਵਿੱਚ ਹਿੰਦੂ-ਮੁਸਲਮਾਨ ਵੀ ਸਨ, ਸਭ ਦੇ ਨੇਤਰਾਂ ਵਿੱਚ ਨੀਰ

ਸੀ। ਸਭ ਦੀ ਰਸਨਾਂ ਵਿੱਚ ਆਵਾਜ਼ ਆਈ, "ਧੰਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ।" ਫਿਰ ਸਾਰੀ ਸੰਗਤ ਨੇ ਭਾਈ ਤਾਰੂ ਸਿੰਘ ਜੀ ਦੀ ਲੰਬੀ ਉਮਰ ਦੀ ਅਰਦਾਸ ਕੀਤੀ। ਜਦੋਂ ਨਿੱਤਨੇਮ ਦੀ ਸਮਾਪਤੀ ਹੋਈ ਤਾਂ ਭਾਈ ਸੋਭਾ ਸਿੰਘ ਤੇ ਸ.ਪ੍ਰੇਮ ਸਿੰਘ ਜੀ ਨੇ ਸਾਰੀ ਸੰਗਤ ਨੂੰ ਬੇਨਤੀ ਕੀਤੀ ਕਿ ਅੱਜ ਭਾਈ ਸਾਹਿਬ ਦੀ ਸਿਹਤ ਜਿਆਦਾ ਖਰਾਬ ਹੈ ਇਸ ਲਈ ਭਾਈ ਸਾਹਿਬ ਜੀ ਅੱਜ ਬਚਨ ਨਹੀਂ ਕਰਨਗੇ ਕਿਉਂਕਿ ਭਾਈ ਸਾਹਿਬ ਜੀ ਨੂੰ ਆਰਾਮ ਦੀ ਸਖਤ ਲੋੜ ਹੈ। ਭਾਈ ਸੋਭਾ ਸਿੰਘ ਜੀ ਨੂੰ ਭਾਈ ਸਾਹਿਬ ਜੀ ਨੇ ਇਸ਼ਾਰਾ ਕਰ ਕੇ ਕੋਲ ਬੁਲਾ ਕੇ ਕਿਹਾ ਕਿ ਅੱਜ ਉਹ ਉਹਨਾਂ ਨੂੰ ਬਚਨ ਕਰਨ ਤੋਂ ਨਾ ਰੋਕਣ। ਭਾਈ ਸੋਭਾ ਸਿੰਘ ਜੀ ਦੀ ਬੇਨਤੀ 'ਤੇ ਪਹਿਲਾਂ ਭਾਈ ਸਾਹਿਬ ਜੀ ਨੇ ਸਿਰ ਦੀ ਪੱਟੀ ਕਰਵਾਉਣੀ ਮੰਨ ਲਈ। ਜਦੋਂ ਭਾਈ ਸੋਭਾ ਸਿੰਘ ਤੇ ਸ.ਪ੍ਰੇਮ ਸਿੰਘ ਜੀ ਨੇ ਭਾਈ ਸਾਹਿਬ ਜੀ ਦੇ ਸਿਰ ਦੀ ਪੱਟੀ ਖੋਲੀ ਤਾਂ ਦੇਖ ਕੇ ਬਹੁਤ ਹੈਰਾਨ ਹੋਏ। ਭਾਈ ਸਾਹਿਬ ਜੀ ਦੇ ਸਿਰ ਦੇ ਜਖਮ ਪੂਰੀ ਤਰਾਂ ਗਲ ਚੁੱਕੇ ਸਨ ਤੇ ਸਿਰ ਵਿੱਚੋਂ ਪਹਿਲਾ ਦੀ ਤਰਾਂ ਹੀ ਖ਼ੂਨ ਸਿੰਮ ਰਿਹਾ ਸੀ।

ਸ. ਪ੍ਰੇਮ ਸਿੰਘ ਜੀ ਨੇ ਕਿਹਾ, "ਭਾਈ ਸਾਹਿਬ ਜੀ ਇੰਨੀ ਜ਼ਿਆਦਾ ਤਕਲੀਫ ਝੱਲ ਰਹੇ ਸਨ ਪਰ ਭਾਈ ਸਾਹਿਬ ਜੀ ਨੇ ਇੱਕ ਵਾਰ ਵੀ ਹਾਏ ਨਹੀਂ ਕੀਤਾ। ਧੰਨ ਹਨ ਭਾਈ ਸਾਹਿਬ ਜੀ, ਜਿਹੜੇ ਇੰਨਾ ਦੁੱਖ ਸਹਾਰ ਕੇ ਵੀ ਸੰਗਤ ਨੂੰ ਗੁਰੂ ਨਾਲ ਜੋੜ ਰਹੇ ਹਨ।"

ਜ਼ਖਮ ਦੇਖ ਕੇ ਭਾਈ ਸੋਭਾ ਸਿੰਘ ਜੀ ਸਮਝ ਗਏ ਕਿ ਭਾਈ ਸਾਹਿਬ ਜੀ ਦਾ ਆਉਣ ਵਾਲਾ ਸਮਾਂ ਠੀਕ ਨਹੀਂ ਹੈ ਤੇ ਭਰੇ ਮਨ ਨਾਲ ਕਹਿਣ ਲੱਗੇ, "ਪਤਾ ਨਹੀਂ ਕੀ ਭਾਣਾ ਵਰਤਣਾ ਹੈ, ਗੁਰੂ ਨੂੰ ਕੀ ਭਾਉਂਦਾ ਹੈ, ਕੀ ਕਮੀ ਰਹਿ ਗਈ ਹੈ ਮਲ੍ਹਮ-ਪੱਟੀ ਦੀ ਸੇਵਾ ਵਿੱਚ, ਇਹ ਜ਼ਖ਼ਮ ਤਾਂ ਠੀਕ ਹੋ ਰਹੇ ਸਨ, ਫਿਰ ਇੰਨੇ ਖ਼ਰਾਬ ਕਿਵੇਂ ਹੋ ਗਏ। ਹੇ ਵਾਹਿਗੁਰੂ! ਆਪ ਹੀ ਸੁਮੱਤ ਬਖ਼ਸ਼ੋ ਤੇ ਅਜਿਹੀ ਸੇਵਾ ਲਵੋ ਕਿ ਭਾਈ ਸਾਹਿਬ ਜੀ ਦੇ ਦੁੱਖਾਂ ਦਾ ਨਿਵਾਰਨ ਹੋ ਜਾਵੇ।"

ਭਾਈ ਤਾਰੂ ਸਿੰਘ ਜੀ ਨੇ ਭਾਈ ਸੋਭਾ ਸਿੰਘ ਜੀ ਪ੍ਰੇਮ ਵਾਲੇ ਬਚਨ ਸੁਣ ਕੇ ਉਹਨਾਂ ਨੂੰ ਸਮਝਾਉਂਦੇ ਹੋਏ ਕਿਹਾ, "ਭਾਈ ਸੋਭਾ ਸਿੰਘ ਲਾਲੋ ਜੀ, ਤੁਹਾਡੀ ਸੇਵਾ ਸਫਲ ਹੈ, ਤੁਹਾਡੀ ਸੇਵਾ ਵਿੱਚ ਕੋਈ ਕਮੀਂ ਨਹੀਂ ਹੈ ਪਰ ਗੁਰੂ ਦਾ ਹੁਕਮ ਮੰਨਣਾ ਹੀ ਗੁਰਸਿੱਖ ਦਾ ਪਹਿਲਾ ਫਰਜ ਹੈ, ਤੁਸੀਂ ਘਬਰਾਓ ਨਾ, ਗੁਰੂ ਸਭ ਭਲੀ ਕਰੇਗਾ।"

"ਪਰ ਭਾਈ ਸਾਹਿਬ ਜੀ, ਜੇ ਅੱਜ ਤੁਸੀਂ ਆਰਾਮ ਕਰੋਂ ਤਾਂ ਹੋ ਸਕਦਾ ਹੈ ਕਿ ਜ਼ਖ਼ਮਾਂ ਨੂੰ ਮੋੜਾ ਪੈ ਜਾਏ", ਭਾਈ ਸੋਭਾ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ।

"ਨਹੀਂ, ਭਾਈ ਸੋਭਾ ਸਿੰਘ ਜੀ, ਜੋ ਬਚਨ ਅੱਜ ਹੋਣੇ ਹਨ ਉਹ ਗੁਰੂ ਦੇ ਹੁਕਮ ਨਾਲ ਹੋਣੇ ਹਨ", ਭਾਈ ਤਾਰੂ ਸਿੰਘ ਜੀ ਨੇ ਹੋਲੀ ਜਿਹੀ ਆਵਾਜ਼ ਵਿੱਚ ਕਿਹਾ।

ਭਾਈ ਤਾਰੂ ਸਿੰਘ ਜੀ ਪੂਹਲੇ ਦੇ ਆਖਰੀ ਬਚਨ ਤੇ ਸ਼ਹੀਦੀ

ਇਸ ਤਰਾਂ ਪਹਿਲਾਂ ਭਾਈ ਸਾਹਿਬ ਜੀ ਨੇ ਥੋੜਾ ਜਿਹਾ ਦਲੀਆ ਛਕਿਆ ਤੇ ਫਿਰ ਥੋੜਾ ਜਿਹਾ ਦੁੱਧ ਛੱਕ ਕੇ ਸੰਗਤ ਵਿੱਚ ਬੈਠਣ ਦੀ ਬੇਨਤੀ ਕੀਤੀ। ਭਾਈ ਸੋਭਾ ਸਿੰਘ ਜੀ ਤੇ ਸ. ਪ੍ਰੇਮ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਨੂੰ ਧਰਮਸ਼ਾਲਾ ਤੋਂ ਬਾਹਰ ਸੰਗਤ ਦੇ ਸਨਮੁੱਖ ਸਹਾਰਾ ਦੇ ਕੇ ਬਿਠਾਇਆ ਤੇ ਭਾਈ ਸਾਹਿਬ ਜੀ ਨੇ ਨੇਤਰ ਬੰਦ ਕਰਕੇ ਮਧੱਮ ਰਸਨਾਂ ਨਾਲ ਬਚਨ ਕਰਨੇ ਸ਼ੁਰੂ ਕੀਤੇ, "ਗੁਰੂ ਕੇ ਪਿਆਰਿਓ! ਉਹੀ ਸਿੱਖ ਮਹਾਨ ਹੈ ਜੋ ਸਿੱਖੀ ਨੂੰ ਪਿਆਰ ਕਰਦਾ ਹੈ। ਇਹ ਸਿੱਖੀ ਸਾਨੂੰ ਮਹਿੰਗੇ ਮੋਲ ਮਿਲੀ ਹੈ ਤੇ ਜਿਹੜੀ ਚੀਜ਼ ਮਹਿੰਗੇ ਮੋਲ ਵਿੱਚ ਮਿਲੇ ਉਸਨੂੰ ਕਦੇ ਛੱਡਿਆ ਨਹੀਂ ਜਾਂਦਾ। ਇਸ ਸਿੱਖੀ ਦੀ ਖਾਤਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀ ਤਵੀ ਤੇ ਬੈਠੇ, ਸੀਸ ਵਿੱਚ ਤੱਤ ਰੇਤਾ ਪਾਇਆ ਗਿਆ, ਦੇਗਾਂ ਵਿੱਚ ਉਬਾਲੇ ਗਏ ਪਰ ਸਿੱਖੀ ਸਿਦਕ ਨਹੀਂ ਹਾਰਿਆ ਤੇ ਸਿੱਖੀ ਨੂੰ ਤੱਤੀ ਹਵਾ ਵੀ ਨਾ ਲੱਗਣ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਜਿੱਥੇ ਤਿਲਕ ਜੰਞੂ ਦੀ ਰਾਖੀ ਕੀਤੀ ਉੱਥੇ ਇਹ ਵੀ ਸੰਦੇਸ਼ ਦਿੱਤਾ ਕਿ ਸਿੱਖੀ ਜਦੋਂ ਕਿਸੇ ਦੀ ਬਾਂਹ ਫੜ ਲੈਂਦਾ ਹੈ ਤਾਂ 'ਸਿਰੁ ਦੀਜੈ ਬਾਂਹਿ ਨਾ ਛੋਡੀਐ'। ਸਿੱਖੀ ਦੀ ਸ਼ਾਨ ਨੂੰ ਚਾਰ ਚੰਨ ਲਗਾਏ। ਇਹਨਾਂ ਜ਼ਾਲਮਾਂ ਨੇ ਦੇਖਿਆ ਕਿ ਸਿੱਖੀ ਦਾ ਰੰਗ ਪੱਕਾ ਹੈ ਤੇ ਭਾਈ ਦਿਆਲਾ ਜੀ ਨੇ ਦੇਗ ਵਿੱਚ ਉੱਬਲ ਕੇ ਦੱਸਿਆ ਕਿ ਸਿੱਖੀ ਦਾ ਰੰਗ ਕਿੰਨਾ ਪੱਕਾ ਹੈ, ਫਿਰ ਜਦੋਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਤਾਂ ਉਹਨਾਂ ਦੇ ਖੂਨ ਦੀ ਇੱਕ-ਇੱਕ ਬੂੰਦ ਵਿੱਚੋਂ ਸਿੱਖੀ ਦੇ ਗੂੜ੍ਹੇ ਰੰਗ ਦੀ ਝਲਕ ਪੈ ਰਹੀ ਸੀ। ਫਿਰ ਸਿੱਖ ਦੀ ਪਰਖ ਹੋਈ ਭਾਈ ਸਤੀ ਦਾਸ ਜੀ ਨਾਲ ਜਿਨ੍ਹਾਂ ਨੇ ਸਿੱਖੀ ਸਿਦਕ ਵਿੱਚ ਪੂਰੇ ਉਤਰ ਕੇ ਸਿੱਖੀ ਦੇ ਰੰਗ ਨੂੰ ਹੋਰ ਵੀ ਗੂੜ੍ਹਾ ਕਰ ਦਿੱਤਾ। ਭਾਈ ਸਤੀ ਦਾਸ ਨੂੰ ਜ਼ਾਲਮਾਂ ਨੇ ਕਿਹਾ ਸੀ ਕਿ ਤੇਰਾ ਸਰੀਰ ਰੂੰ ਦੀ ਤਰਾਂ ਕੋਮਲ ਹੈ,ਜਿਵੇਂ ਰੂੰ ਨੂੰ ਸੜਨ ਲਈ ਵਕਤ ਨਹੀਂ ਲਗਦਾ ਉਵੇਂ ਤੇਰਾ ਸਰੀਰ ਵੀ ਸੜ ਜਾਵੇਗਾ। ਪਰ ਭਾਈ ਸਤੀ ਦਾਸ ਜੀ ਨੇ ਜ਼ਾਲਮਾਂ ਦੀ ਹਰੇਕ ਵੰਗਾਰ ਨੂੰ ਖਿੜੇ-ਮੱਥੇ ਪ੍ਰਵਾਨ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਨੇ ਸਿੱਖੀ ਨੂੰ ਦਾਗ਼ ਨਹੀਂ ਲੱਗਣ ਦਿੱਤਾ ਤੇ ਆਪਣੇ ਆਪ ਨੂੰ ਸ਼ਹੀਦ ਕਰਵਾ ਲਿਆ। ਅੱਜ ਤੱਕ ਸਿੱਖ ਇਤਿਹਾਸ ਵਿੱਚ ਸਭ ਤੋਂ ਛੋਟੇ ਸ਼ਹੀਦ ਹਨ ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ। ਇਹਨਾਂ ਨਿੱਕੀਆਂ-ਨਿੱਕੀਆਂ ਜਿੰਦਾਂ ਨੇ ਵੱਡੇ-ਵੱਡੇ ਸਾਕੇ ਕਰ ਵਿਖਾਏ। ਜਿਉਂਦੇ-ਜੀਅ ਨੀਹਾਂ ਵਿੱਚ ਚਿਣਵਾ ਦਿੱਤਾ ਗਿਆ ਪਰ ਸਿੱਖੀ ਨੂੰ ਦਾਗ਼ ਨਾ ਲੱਗਣ ਦਿੱਤਾ। ਉਹਨਾਂ ਮਹਾਨ ਸ਼ਹੀਦਾਂ ਦੀ ਸ਼ਹੀਦੀ ਇੱਕ ਚਾਨਣ ਮੁਨਾਰਾ ਹੈ। ਕੇਵਲ ਉਹੀ ਸਿੱਖ ਸਿੱਖੀ ਨਾਲ ਪਿਆਰ ਕਰਦੇ ਹਨ ਜੋ ਗੁਰੂ ਸਾਹਿਬ ਦੀ ਮੋਹਰ ਰੂਪੀ ਰੋਮਾਂ ਭਾਵ ਕੇਸਾਂ ਦੀ ਬੇ-ਅਦਬੀ ਨਹੀਂ ਕਰਦੇ। ਕੇਸ ਸਿੱਖ ਕੌਮ ਤੇ ਸਿੱਖ ਏਕਤਾ ਦੇ ਪਹਿਰੇਦਾਰ ਹਨ। ਇਹ ਸਿੱਖੀ ਵਿੱਚ ਸਾਂਝੀਵਾਲਤਾ ਦੇ ਚਿੰਨ ਹਨ। ਕੇਸ ਸਿੱਖ ਦੀ ਸਿੱਖੀ ਪ੍ਰਤੀ ਦ੍ਰਿੜਤਾ ਦਾ ਮਾਪ ਦੰਡ ਹਨ। ਕੇਸ ਸਿੱਖ ਨੂੰ ਕੁਕਰਮ ਭਾਵ ਨੀਚ ਕਰਮ ਕਰਨ ਤੋਂ ਰੋਕਦੇ ਹਨ ਤੇ ਗੁਰੂ ਆਸ਼ੇ ਅਨੁਸਾਰ ਜੀਵਨ

ਬਤੀਤ ਕਰਨ ਦੀ ਪ੍ਰੇਰਨਾ ਦਿੰਦੇ ਹਨ। ਸਿੱਖੀ ਦੇ ਅਸਲੀ ਵਾਰਸ ਉਹ ਹੀ ਹਨ ਜਿਹੜੇ ਕੇਸਾਂ,ਦਾੜ੍ਹੀ ਨਾਲ ਪਿਆਰ ਕਰਦੇ ਹਨ। ਗੁਰੂ ਦੀ ਹੋਂਦ ਉਹਨਾਂ ਸਿੱਖਾਂ ਨੂੰ ਨਸੀਬ ਹੁੰਦੀ ਹੈ ਜਿਹੜੇ ਅੰਮ੍ਰਿਤ ਛਕ ਕੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਂਦੇ ਹਨ ਤੇ ਏਹੀ ਅਰਦਾਸ ਗੁਰੂ ਅੱਗੇ ਕਰਦੇ ਹਨ।"

ਜਦੋਂ ਭਾਈ ਤਾਰੂ ਸਿੰਘ ਜੀ ਸੰਗਤਾਂ ਨੂੰ ਇਹ ਬਚਨ ਕਰ ਰਹੇ ਸਨ ਤਾਂ ਭਾਈ ਸਾਹਿਬ ਜੀ ਨੇ ਇੱਕ ਲੰਬਾ ਸਾਹ ਲਿਆ ਤੇ ਆਵਾਜ਼ ਹੋਰ ਮੱਧਮ ਹੋ ਗਈ। ਹੁਣ ਭਾਈ ਸਾਹਿਬ ਜੀ ਤੋਂ ਬਹੁਤ ਮੁਸ਼ਕਲ ਨਾਲ ਬੋਲ ਹੋ ਰਿਹਾ ਸੀ। ਇਹ ਦੇਖ ਕੇ ਭਾਈ ਸੋਭਾ ਸਿੰਘ ਜੀ ਅਤੇ ਹੋਰ ਸਿੰਘਾਂ ਨੇ ਭਾਈ ਸਾਹਿਬ ਜੀ ਨੂੰ ਚੁੱਪ ਰਹਿਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਉਹ ਆਰਾਮ ਕਰਨ ਪਰ ਭਾਈ ਸਾਹਿਬ ਜੀ ਔਖੇ ਹੋ ਕੇ ਵੀ ਸੰਗਤਾਂ ਨੂੰ ਤੇ ਆਪਣੇ ਪਿਆਰਿਆਂ ਨੂੰ ਕੁਝ ਬਚਨ ਹੋਰ ਕਰਨਾ ਚਾਹੁੰਦੇ ਸਨ। ਭਾਈ ਸਾਹਿਬ ਜੀ ਨੂੰ ਲਿਟਾ ਦਿੱਤਾ ਗਿਆ।

ਭਾਈ ਤਾਰੂ ਸਿੰਘ ਜੀ ਸਿੱਧੇ ਲੇਟ ਗਏ ਤੇ ਨੇਂਤਰ ਬੰਦ ਕਰ ਲਏ ਤੇ ਬੇਨਤੀ ਕਰਨ ਲੱਗੇ,"ਖ਼ਾਲਸਾ ਜੀ! ਹੁਣ ਮੈਨੂੰ ਆਗਿਆ ਬਖ਼ਸ਼ੋ। ਹੁਣ ਨਿਰੰਕਾਰ ਦੇ ਦੇਸ਼ ਜਾਣ ਦਾ ਸਮਾਂ ਨੇੜੇ ਆ ਗਿਆ ਹੈ।"

ਭਾਈ ਸਾਹਿਬ ਜੀ ਦੇ ਬਚਨ ਸੁਣ ਕੇ ਭਾਈ ਸੋਭਾ ਸਿੰਘ ਤੇ ਬੀਬੀ ਭਾਗ ਕੌਰ ਦੇ ਨੇਤਰਾਂ ਵਿੱਚ ਨੀਰ ਵਗਣ ਲੱਗਾ। ਬਾਕੀ ਸੰਗਤਾਂ ਵਿੱਚ ਵੀ ਸੋਗ ਦੀ ਲਹਿਰ ਫੈਲ ਗਈ। ਭਾਈ ਸੋਭਾ ਸਿੰਘ ਜੀ ਬੇਨਤੀ ਕਰਨ ਲੱਗੇ, "ਭਾਈ ਸਾਹਿਬ ਜੀ, ਤੁਹਾਨੂੰ ਕੁਝ ਨਹੀਂ ਹੋਵੇਗਾ,ਤੁਸੀਂ ਇਸ ਤਰਾਂ ਦੇ ਬਚਨ ਨਾ ਕਰੋ,ਅਸੀਂ ਤਾਂ ਅਜੇ ਆਪ ਜੀ ਤੋਂ ਬਹੁਤ ਗਿਆਨ ਲੈਣਾ ਹੈ।"

ਭਾਈ ਤਾਰੂ ਸਿੰਘ ਜੀ ਨੇ ਬਚਨ ਕੀਤੇ, "ਭਾਈ ਸੋਭਾ ਸਿੰਘ ਲਾਲੋ ਜੀ !ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਹੀ ਮੰਨਣਾ ਹੈ। ਮਨ ਨੂੰ ਡੋਲਣ ਨਹੀਂ ਦੇਣਾ। ਮੇਰੀ ਮਾਤਾ ਹਰਜੋਈ ਕੌਰ ਤੇ ਭੈਣ ਗੁਰਜੋਈ ਕੌਰ ਨੂੰ ਇਹ ਸੰਦੇਸ਼ ਜ਼ਰੂਰ ਪਹੁੰਚਾਉਣਾ ਕਿ ਤਾਰੂ ਸਿੰਘ ਨੇ ਜੋ ਬਚਨ ਕੀਤਾ ਸੀ ਉਹ ਪੂਰਾ ਕੀਤਾ ਹੈ। ਮੁਗਲਾਂ ਦੇ ਅੱਗੇ ਨਹੀਂ ਝੁਕਿਆ ਤੇ ਖੋਪਰੀ ਉਤਰਨ ਵੇਲੇ ਇੱਕ ਵਾਰ ਵੀ ਹਾਏ ਨਹੀਂ ਕੀਤੀ ਤੇ ਅੱਜ ਵੀ ਹੱਸਦਾ ਹੋਇਆ ਹੀ ਗੁਰੂ ਦੇ ਚਰਨਾਂ ਵਿੱਚ ਜਾ ਰਿਹਾ ਹਾਂ ਤੇ ਸਿੱਖ ਕੌਮ ਤੋਂ ਕੁਰਬਾਨ ਹੋ ਰਿਹਾ ਹਾਂ।"

ਅੱਗੇ ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, "ਐ ਖਾਲਸਾ ਜੀ!ਸਿੱਖੀ ਬਹੁਤ ਹੀ ਅਨਮੋਲ ਹੈ। ਮੈਂ ਤਾਂ ਇੱਕ ਨਿਮਾਣਾ ਜਿਹਾ ਸਿੱਖ ਹਾਂ। ਇਸ ਸਿੱਖੀ ਦੀ ਖਾਤਰ ਤਾਂ ਸਾਡੇ ਗੁਰੂਆਂ ਨੇ ਵੀ ਸ਼ਹਾਦਤ ਦਿੱਤੀ ਸੀ। ਜੋ ਵੀ ਵਿੱਦਿਆ ਬਾਪੂ ਭਾਈ ਰਣਜੋਧ ਸਿੰਘ ਜੀ ਨੇ ਮੈਨੂੰ ਪੜ੍ਹਾਇਆ ਹੈ ਉਹ ਸਾਰਾ ਗਿਆਨ ਮੈਂ ਸੰਗਤਾਂ ਵਿੱਚ ਵੰਡਣ ਦਾ ਯਤਨ ਕੀਤਾ ਹੈ। ਮੇਰੀ ਮੌਤ ਤੋਂ ਬਾਅਦ ਕੋਈ ਸਿੱਖ ਅੱਖਾਂ ਵਿੱਚ ਅੱਥਰੂ ਨਾ ਲਿਆਵੇ। ਇਸ ਸਿੱਖੀ ਦੀ ਕਦਰ ਕਰਿਓ। ਖਾਲਸਾ ਪੰਥ ਦੀ ਸੇਵਾ ਕਰਦਿਆਂ ਜਾਂ ਗੁਰੂ ਉਪਦੇਸ਼ ਕਰਦਿਆਂ ਜੀਵਨ ਵਿੱਚ ਜੋ ਵੀ ਭੁੱਲਾਂ-ਗਲਤੀਆਂ ਹੋ ਗਈਆਂ ਹਨ,ਸਾਰੀਆਂ ਦਾਸ ਦੀ ਝੋਲੀ ਪਾ ਕੇ ਖਿਮਾਂ ਬਖ਼ਸ਼ਣਾ। ਹੁਣ ਮੈਨੂੰ ਆਗਿਆ ਬਖ਼ਸ਼ੋ

ਤੇ ਗੁਰੂ ਚਰਨਾਂ ਵਿੱਚ ਜਾਣ ਤੋਂ ਤੁਰੰਤ ਬਾਅਦ ਜੈਕਾਰਿਆਂ ਦੀ ਬਖ਼ਸ਼ਿਸ ਕਰਨਾ ਜੀ,

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥"

ਇਸ ਤਰਾਂ ਭਾਈ ਤਾਰੂ ਸਿੰਘ ਜੀ ਨੇ ਸੰਗਤਾਂ ਨੂੰ ਫ਼ਤਿਹ ਬੁਲਾਈ ਤੇ ਸਰੀਰ ਛੱਡ ਦਿੱਤਾ। ਭਾਈ ਸਾਹਿਬ ਜੀ ਆਤਮਾ ਗੁਰੂ ਚਰਨਾਂ ਵਿੱਚ ਬਿਰਾਜ ਚੁੱਕੀ ਸੀ ਤੇ ਅਕਾਲ-ਪੁਰਖ ਨਾਲ ਅਭੇਦ ਹੋ ਚੁੱਕੀ ਸੀ। ਜਿਉਂ ਹੀ ਭਾਈ ਤਾਰੂ ਸਿੰਘ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ ਤਾਂ ਕੋਲ ਖੜ੍ਹੇ ਭਾਈ ਸੋਭਾ ਸਿੰਘ ਸਮੇਤ ਪੰਜ ਸਿੰਘਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਇਸ ਤਰਾਂ ਭਾਈ ਤਾਰੂ ਸਿੰਘ ਜੀ ੧ ਸਾਵਣ, ੧੮੦੨ ਬਿਕ੍ਰਮੀ (੧ ਜੁਲਾਈ, ਸੰਨ ੧੭੪੫ ਈ:), ੧ ਸਾਵਣ ਨਾਨਕਸ਼ਾਹੀ ਸੰਮਤ ੨੭੭ ਨੂੰ ਸ਼ਹੀਦੀ ਜਾਮ ਪੀ ਗਏ।

ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਗਿ:ਰਤਨ ਸਿੰਘ ਭੰਗੂ ਜੀ ਦੀ ਰਚਨਾਂ ਮੁਤਾਬਕ :-

"ਠਾਰਾਂ ਮੈ ਦੋ ਉਪਰੈ ਸਾਲ ਜੁ ਬਿਕ੍ਰਮ ਰਾਇ।
ਖਾਨ ਬਹਾਦਰ ਮਾਰਿਓ ਤਾਰੂ ਸਿੰਘ ਘਿਸਟਾਏ॥"

ਇੱਕ ਹੋਰ ਥਾਂ ਦਰਜ ਹੈ :-

"ਠਾਰਾਂ ਮੈ ਉਪਰੈ ਦੁਇ ਸਾਲ। ਸਾਕਾ ਕੀਯੋ ਤਾਰੂ ਸਿੰਘ ਨਾਲ॥"

"ਵਾਹਿਗੁਰੂ ਜੀ ਕਾ ਖ਼ਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ॥"

ਭਾਈ ਤਾਰੂ ਸਿੰਘ ਜੀ ਦੀ ਜੁੱਤੀ ਹੁਣ ਕਿੱਥੇ ਹੈ..?

ਸੰਨ ੧੯੯੯ ਈ: ਨੂੰ ਦਾਸ ੩੦੦ ਸਾਲਾ ਵਿਸਾਖੀ ਪੁਰਬ ਮਨਾਉਣ ਲਈ ਇੰਦੌਰ ਗਿਆ। ਉੱਥੇ ਸ. ਰਣਜੀਤ ਸਿੰਘ ਅਹੂਜਾ ਦੀ ਪ੍ਰੇਰਨਾ ਸਦਕਾ ਗੁ: ਸਿੰਘ ਸਭਾ ਇਮਲੀ ਸਾਹਿਬ ਦੇ ਹਜ਼ੂਰੀ ਰਾਗੀ ਵਜੋਂ ਸੇਵਾ ਪ੍ਰਾਪਤ ਹੋਈ। ਇਹ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਸ ਦੇ ਨਾਲ ਲਗਦੀ ਧਰਤੀ ਸ਼੍ਰੀ ਬੇਟਮਾ ਸਾਹਿਬ ਤੋਂ ਪਾਤਸ਼ਾਹ ਜੀ ਨੇ ਮਿੱਠਾ ਜਲ ਪ੍ਰਗਟ ਕੀਤਾ ਸੀ। ਸ੍ਰੀ ਹਜ਼ੂਰ ਸਾਹਿਬ ਜਾਣ ਵਾਲੀਆਂ ਸੰਗਤਾਂ ਇੱਥੇ ਦਰਸ਼ਨ ਕਰਕੇ ਜਾਂਦੀਆਂ ਹਨ। ਇੰਦੌਰ ਵਿੱਚ ਸਿੱਖਾਂ ਦੀ ਆਬਾਦੀ ਚੰਗੀ ਹੈ ਤੇ ਜਿਆਦਾ ਕਾਰੋਬਾਰ ਟੱਰਕ ਅਤੇ ਟ੍ਰਾਂਸਪੋਟਰਾਂ ਦਾ ਹੈ। ਇਸ ਲਈ ਇੱਥੇ ਦੇ ਜਿਆਦਾ ਸਿੱਖ ਸੁਭਾਅ ਅਤੇ ਧੰਨ ਦੇ ਧਨੀ ਹਨ ਭਾਵ ਨਿਮਰਤਾ ਵਾਲੇ ਹਨ। ਸੰਗਤੀ ਰੂਪ ਵਿੱਚ ਕੀਰਤਨ, ਕਥਾ-ਵਾਚਕਾਂ ਦਾ ਬਹੁਤ ਸਤਿਕਾਰ ਕਰਦੇ ਹਨ। ਦਾਸ ਨੂੰ ਵੀ ਉੱਥੇ ਸੰਗਤਾਂ ਦਾ ਅਭੁੱਲ ਪਿਆਰ ਮਿਲਿਆ।

ਇਸੇ ਪਿਆਰ ਦੀ ਲੜੀ ਵਿੱਚ ਇਸੇ ਸ਼ਹਿਰ ਦੇ ਸ.ਜਗਜੀਤ ਸਿੰਘ ਟੁਟੇਜਾ ਨੇ ਦਾਸ ਨੂੰ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਪੁਰਬ ਮਨਾਉਣ ਲਈ ਇੱਕ ਵਿਸ਼ਾਲ ਜੱਥਾ ਇੰਦੌਰ ਤੋਂ ਪਾਕਿਸਤਾਨ ਜਾ ਰਿਹਾ ਹੈ ਜਿਸ ਦੀ ਅਗਵਾਈ ਦਿੱਲੀ ਤੋਂ ਸ. ਪਰਮਜੀਤ ਸਿੰਘ ਸਰਨਾ ਕਰ ਰਹੇ ਹਨ। ਉਹਨਾਂ ਨੇ ਮੈਨੂੰ ਵੀ ਇਸ ਜੱਥੇ ਵਿੱਚ ਸ਼ਾਮਲ ਹੋ ਕੇ ਗੁਰੂ ਧਾਮਾਂ ਦੇ ਦਰਸ਼ਨਾਂ ਲਈ ਜਾਣ ਦੀ ਬੇਨਤੀ ਕੀਤੀ ਤੇ ਕਿਹਾ ਕਿ ਜਿਹੜਾ ਇਤਿਹਾਸ ਤੁਸੀਂ ਇੱਥੇ ਸੁਣਾਇਆ ਹੈ ਉਹ ਉੱਥੇ ਜਾ ਕੇ ਵੀ ਸੁਣਾਉਣ ਦੀ ਕਿਰਪਾਲਤਾ ਕਰਿਉ। ਮੈਂ ਵੀ ਮੌਕੇ ਨੂੰ ਹੱਥੋਂ ਨਾ ਜਾਣ ਦਿੱਤਾ ਤੇ ਜਾਣ ਲਈ ਤਿਆਰੀ ਕੱਸ ਲਈ।

ਬਹੁਤ ਵੱਡੇ ਆਕਾਰ ਦਾ ਜੱਥਾ ਇੰਦੌਰ ਤੋਂ ਦਿੱਲੀ ਤੇ ਫਿਰ ਦਿੱਲੀ ਤੋਂ ਸ.ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿੱਚ ਅੰਮ੍ਰਿਤਸਰ 'ਅਟਾਰੀ' ਸੀਮਾਂ ਤੇ ਪਹੁੰਚਿਆ। ਸਾਰੀ ਤਿਆਰੀ ਕਰਨ ਤੋਂ ਪਹਿਲਾਂ ਮੈਂ ਆਪਣੇ ਬੇਟੇ ਸ. ਜਸਵੀਰ ਸਿੰਘ ਨੂੰ ਫੋਨ ਤੇ ਪਾਸਪੋਰਟਾਂ ਅਤੇ ਵੀਜ਼ੇ ਬਾਰੇ ਗੱਲ ਕਰ ਚੁੱਕਾ ਸੀ ਤੇ ਉਸਨੇ ਬਹੁਤ ਉੱਦਮ ਕੀਤਾ ਤੇ ਉਹ ਪੰਜੇ ਪਾਸਪੋਰਟ ਵੀਜ਼ਾ ਲਗਵਾ ਕੇ ਅਟਾਰੀ ਬਾਰਡਰ ਤੇ ਪਹੁੰਚ ਗਿਆ। ਮੇਰੇ ਨਾਲ ਤਬਲੇ ਤੇ ਸ.ਗੁਰਚਰਨ ਸਿੰਘ ਜਿਨ੍ਹਾਂ ਨੇ ਦਾਸ ਦੇ ਨਾਲ ਪੰਜ ਸਾਲ ਸੇਵਾ ਨਿਭਾਈ ਸੀ ਤੇ ਮੇਰੇ ਧਰਮ ਦੇ ਮਾਤਾ-ਪਿਤਾ ਜੀ ਵੀ ਇਸੇ ਜੱਥੇ ਵਿੱਚ ਸਾਡੇ ਨਾਲ ਰਲ ਗਏ। ਹੁਣ ਅਸੀਂ ਸਟੇਸ਼ਨ ਤੇ ਲਾਹੌਰ ਪਹੁੰਚਣ ਲਈ ਗੱਡੀ ਦਾ ਇੰਤਜ਼ਾਰ ਕਰ ਰਹੇ ਸੀ। ਸੰਗਤ ਇੰਨੀ ਜ਼ਿਆਦਾ ਸੀ ਕਿ ਤਿੰਨ ਵਾਰੀਆਂ ਵਿੱਚ ਸਾਰਾ ਜੱਥਾ ਉੱਧਰ ਪਹੁੰਚ ਸਕਿਆ। ਅਸੀਂ ਸ. ਜਗਜੀਤ ਸਿੰਘ ਟੁਟੇਜਾ ਦੇ ਕਹਿਣ ਤੇ ਆਪਣੀ ਸੰਗਤ ਲੈ ਕੇ ਦੂਜੀ ਵਾਰ ਵਿੱਚ ਪਕਿਸਤਾਨ ਪਹੁੰਚ ਗਏ ਤੇ ਹੁਕਮ ਅਨੁਸਾਰ ਨਨਕਾਣਾ ਸਾਹਿਬ ਵਿੱਚ ਪਿੱਛੋਂ ਆ ਰਹੀ ਸੰਗਤ ਦਾ ਇੰਤਜ਼ਾਰ ਕਰਨ ਲੱਗੇ ਪਰ ਬਾਕੀ ਸੰਗਤ ਪੰਜ ਦਿਨਾਂ ਬਾਅਦ ਉੱਥੇ ਪਹੁੰਚੀ ਤੇ ਸਾਨੂੰ ਉਨੀਂ ਦੇਰ ਵਾਧੂ ਹੋਰ ਗੁਰੂ ਘਰਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਗਿਆ।

ਪਹਿਲਾਂ ਪੰਜਾ ਸਾਹਿਬ,ਨਨਕਾਣਾ ਸਾਹਿਬ ਤੇ ਅਖੀਰ ਲਾਹੌਰ ਵਿਖੇ ਡੇਰਾ ਸਾਹਿਬ ਜਿੱਥੇ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ਼ਹੀਦ ਕੀਤਾ ਗਿਆ ਸੀ,ਦੇ ਦਰਸ਼ਨਾ ਲਈ ਪਹੁੰਚੇ।ਮੇਰੇ ਧਰਮ ਦੇ ਮਾਤਾ-ਪਿਤਾ ਬਜ਼ੁਰਗ ਹੋਣ ਕਾਰਨ ਹੌਲੀ-ਹੌਲੀ ਤੁਰ ਰਹੇ ਸਨ ਸੋ ਦਰਸ਼ਨਾ ਦਾ ਹੋਰ ਵੀ ਅਨੰਦ ਆ ਰਿਹਾ ਸੀ।

ਇੱਕ ਦਿਨ ਲਾਹੌਰ ਦੇ ਮਾਡਲ ਟਾਊਨ 'ਚ ਰਹਿੰਦੀ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਮਲਕੇ ਤਰਨੁੱਮ ਨੂਰਜਹਾਂ ਨਾਲ ਵੀ ਮਿਲਾਪ ਹੋਇਆ ਫਿਰ ਲੰਡੇ ਬਾਜ਼ਾਰ ਵਿੱਚ ਦੀ ਲੰਘ ਕੇ ਚੂਨਾ ਮੰਡੀ ਸ਼੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ ਤੇ ਇਸ ਤੋਂ ਬਾਅਦ ਮੰਨੂ ਦੀ ਜੇਲ੍ਹ ਦੇਖੀ ਤੇ ਉਹ ਖੂਹ ਦੇ ਦਰਸ਼ਨ ਕੀਤੇ ਜਿਸ ਵਿੱਚ ਅਨੇਕਾਂ ਬੱਚਿਆਂ ਨੇ ਆਪਣਾ ਧਰਮ ਬਚਾਉਣ ਖਾਤਰ ਛਾਲ ਮਾਰ ਕੇ ਸ਼ਹੀਦੀ ਦਿੱਤੀ ਸੀ। ਫਿਰ ਅਸੀ ਉਸ ਅਸਥਾਨ ਤੇ ਪਹੁੰਚ ਗਏ ਜਿੱਥੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੀ ਗਈ ਸੀ। ਇੱਥੇ ਇੱਕ ਛੋਟਾ ਜਿਹਾ ਮੱਠ ਭਾਵ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਇਹ ਉਹੀ ਸਥਾਨ ਹੈ ਜਿੱਥੇ ਮੈਨੂੰ ਇਸ ਗੱਲ ਦਾ ਪਤਾ ਲੱਗਾ ਕਿ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਇਸ ਸਮੇਂ ਕਿੱਥੇ ਸੁੱਖ ਵੰਡ ਰਹੀ ਹੈ। ਇੱਥੇ ਕੁਝ ਹੀ ਗੁਰਦੁਆਰੇ ਹਨ ਜਿਨ੍ਹਾਂ ਦੀ ਸੰਭਾਲ ਸਿੱਖਾਂ ਕੋਲ ਹੈ।ਬਾਕੀ ਸਥਾਨਾਂ ਤੇ ਤਾਂ ਮੁਸਲਮਾਨ ਹੀ ਝਾੜੂ ਲਗਾਉਂਦੇ ਹਨ ਤੇ ਉਹ ਇਹਨਾਂ ਸਥਾਨਾਂ ਨੂੰ ਯਾਤਰਾ ਦੇ ਸਮੇਂ ਹੀ ਖੋਲਦੇ ਹਨ। ਉਹ ਲੋਕ ਸਿੱਖਾਂ ਦੀਆਂ ਭਾਵਨਾਵਾਂ ਨੂੰ ਜਾਣਦੇ ਹਨ ਕਿ ਸਿੱਖ ਆਪਣੇ ਗੁਰਧਾਮਾਂ ਨੂੰ ਬਹੁਤ ਪਿਆਰ ਕਰਦੇ ਹਨ ਤੇ ਜਿਸ ਕਰਕੇ ਉਹ ਸਿੱਖਾਂ ਨੂੰ ਦੇਖਕੇ ਬਹੁਤ ਪਿਆਰ ਨਾਲ ਸੇਵਾ ਕਰਦੇ ਹਨ ਤੇ ਸਿੱਖ ਉਹਨਾਂ ਨੂੰ ਇਸ ਸੇਵਾ ਬਦਲੇ ਮਾਇਆ ਦੇ ਗੱਫੇ ਦੇ ਆਉਂਦੇ ਹਨ ਤੇ ਇਸ ਤਰਾਂ ਉਹਨਾਂ ਦੇ ਜੀਵਨ ਦੀ ਗੱਡੀ ਅੱਗੇ ਵਧਦੀ ਹੈ।

ਐਸਾ ਹੀ ਇੱਕ ਬਜ਼ੁਰਗ ਮੁਸਲਾਮਨ ਰੋਜ਼ਾ ਅਲੀ ਭਾਈ ਤਾਰੂ ਸਿੰਘ ਜੀ ਦੇ ਮੱਠ ਤੇ ਸੇਵਾ ਕਰਦਾ ਹੈ। ਉਸਦੇ ਲੜਕੇ ਤੇ ਪੋਤੇ ਇਸ ਮੱਠ ਦਾ ਦਰਵਾਜ਼ਾ ਖੋਲ ਕੇ ਦਰਸ਼ਨ ਕਰਵਾਉਂਦੇ ਹਨ। ਸਾਡੇ ਕੋਲ ਸਮਾਂ ਖੁੱਲ੍ਹਾ ਸੀ ਤੇ ਅਸੀ ਰੋਜ਼ਾ ਅਲੀ ਦੇ ਮੰਜੇ ਦੇ ਦੁਆਲੇ ਬੈਠ ਗਏ ਤੇ ਮੈਂ ਆਪਣੀ ਕੁਰਸੀ ਉਸਦੇ ਨੇੜੇ ਕਰ ਲਈ ਤੇ ਭਾਈ ਤਾਰੂ ਸਿੰਘ ਦੇ ਜੀਵਨ ਬਾਰੇ ਰੋਜ਼ਾ ਅਲੀ ਨੂੰ ਦੱਸਿਆ ਕਿ ਭਾਈ ਤਾਰੂ ਸਿੰਘ ਜਿੰਨੇ ਸਿੱਖਾਂ ਨੂੰ ਪਿਆਰ ਕਰਦੇ ਸਨ ਉਨਾਂ ਮੁਸਲਮਾਨਾਂ ਨੂੰ ਵੀ ਬਹੁਤ ਪਿਆਰ ਕਰਦੇ ਸਨ। ਮੇਰੀ ਗੱਲ ਸੁਣ ਕੇ ਉਸਨੇ ਦੱਸਿਆ ਕਿ ਅਸੀਂ ਵੀ ਭਾਈ ਤਾਰੂ ਸਿੰਘ ਨੂੰ ਬਹੁਤ ਪਿਆਰ ਕਰਦੇ ਹਾਂ। ਜਦੋਂ ਮੈਂ ਉਸ ਤੋਂ ਭਾਈ ਤਾਰੂ ਸਿੰਘ ਜੀ ਉਸ ਜੁੱਤੀ ਬਾਰੇ ਪੁੱਛਿਆ ਜਿਸ ਨਾਲ ਜ਼ਕਰੀਆ ਖਾਨ ਦਾ ਪਿਸ਼ਾਬ ਦਾ ਬੰਨ੍ਹ ਟੁੱਟਿਆ ਸੀ ਤੇ ਉਸਦੀ ਮੁਕਤੀ ਹੋਈ ਸੀ ਤਾਂ ਉਸਨੇ ਦੱਸਿਆ ਕਿ ਭਾਈ ਤਾਰੂ ਸਿੰਘ ਦੀ ਜੁੱਤੀ ਅੱਜ ਵੀ ਪਾਕਿਸਤਾਨ ਵਿੱਚ ਹੈ।

ਜ਼ਕਰੀਆ ਖਾਨ ਦੇ ਮਰਨ ਤੋਂ ਬਾਅਦ ਉਸਦੀ ਬੇਗਮ ਨਸੀਮ ਅਖਤਰ ਨੇ ਭਾਈ ਤਾਰੂ ਸਿੰਘ ਜੀ ਜੁੱਤੀ ਸਾਰੀ ਉਮਰ ਤੱਕ ਸੰਭਾਲ ਕੇ ਰੱਖੀ ਤੇ ਫਿਰ ਆਖਰੀ ਸਮੇਂ ਤੋਂ ਪਹਿਲਾਂ ਉਸਨੇ ਉਹ ਜੁੱਤੀ ਇਸੇ ਸਥਾਨ ਤੇ ਰੱਖ ਦਿੱਤੀ ਸੀ ਜਿੱਥੇ ਆਪਾਂ

ਬੈਠੇ ਹਾਂ। ਰੋਜ਼ਾ ਅਲੀ ਨੇ ਦੱਸਿਆ ਕਿ ਉਸਦੇ ਦਾਦੇ-ਪੜਦਾਦੇ ਦੱਸਦੇ ਸਨ ਕਿ ਜਿਸ ਮੁਸਲਮਾਨ ਜਾਂ ਹਿੰਦੂ ਦਾ ਪਿਸ਼ਾਬ ਰੁੱਕ ਜਾਂਦਾ ਸੀ ਜਾਂ ਹੋਰ ਵੀ ਸ਼ਰੀਰਕ ਬਿਮਾਰੀ ਹੁੰਦੀ ਸੀ ਤਾਂ ਉਹ ਇਸ ਜੁੱਤੀ ਨੂੰ ਮਰੀਜ਼ ਦੇ ਸਿਰ ਅਤੇ ਪੇਟ ਨਾਲ ਥੋੜਾ ਜਿਹਾ ਟਕਰਾਉਂਦੇ ਸਨ ਤਾਂ ਉਹ ਮਰੀਜ਼ ਨੌ-ਬਰ-ਨੌ ਹੋ ਜਾਂਦਾ ਸੀ ਭਾਵ ਠੀਕ ਹੋ ਜਾਂਦਾ ਸੀ। ਦੂਰ-ਦੂਰ ਤੋਂ ਇਸ ਬਿਮਾਰੀ ਵਾਲੇ ਲੋਕ ਮੰਜਿਆਂ ਜਾਂ ਗੱਡੀਆਂ 'ਤੇ ਪੈ ਕੇ ਆਉਂਦੇ ਸਨ ਤੇ ਠੀਕ ਹੋਣ ਤੋਂ ਬਾਅਦ ਆਪਣੇ ਪੈਰਾਂ 'ਤੇ ਤੁਰ ਕੇ ਜਾਂਦੇ ਸਨ।

ਰੋਜ਼ਾ ਅਲੀ ਨੇ ਆਪਣੇ ਦਾਦਾ ਮਕਬੂਲ ਅਲੀ ਕੋਲੋਂ ਸੁਣੀ ਗਾਥਾ ਸਾਨੂੰ ਸੁਣਾਈ ਕਿ ਇੱਕ ਵਾਰ ਇੱਕ ਨੌਜਵਾਨ ਨੂੰ ਕਸਰ ਹੋ ਗਈ ਭਾਵ ਕਿਸੇ ਪ੍ਰੇਤ ਨੇ ਜਕੜ ਲਿਆ ਤੇ ਉਹ ਉਸਨੂੰ ਇਸ ਸਥਾਨ ਤੇ ਲੈ ਆਏ ਤੇ ਕਹਿਣ ਲੱਗੇ ਕਿ ਇਸ ਨੂੰ ਵੀ ਜੁੱਤੀ ਮਾਰ ਕੇ ਠੀਕ ਕਰੋ। ਮਕਬੂਲ ਅਲੀ ਨੇ ਉਹਨਾਂ ਨੂੰ ਕਿਹਾ ਕਿ ਇਹ ਜੁੱਤੀ ਤਾਂ ਸਰੀਰਕ ਬਿਮਾਰੀ ਨੂੰ ਹੀ ਠੀਕ ਕਰਦੀ ਹੈ ਤਾਂ ਉਹਨਾਂ ਨੇ ਸਿਫਾਰਸ਼ ਕਰਦੇ ਹੋਏ ਕਿਹਾ ਕਿ ਸਾਨੂੰ ਉਹਨਾਂ ਦੀ ਦਾਦੀ ਨੇ ਫੈਸਲਾਬਾਦ ਤੋਂ ਇੱਥੇ ਭੇਜਿਆ ਹੈ,ਅਸੀਂ ਬਹੁਤ ਸਥਾਨਾਂ ਤੇ ਗਏ,ਬਹੁਤ ਇਲਾਜ਼ ਕਰਵਾਇਆ,ਬਹੁਤ ਧੱਕੇ ਖਾਧੇ,ਬਹੁਤ ਧੰਨ ਦੀ ਬਰਬਾਦੀ ਕੀਤੀ ਤੇ ਹੁਣ ਅਸੀਂ ਥੱਕ-ਹਾਰ ਕੇ ਆਪ ਹੀ ਦਾਦੀ ਦੇ ਕਹਿਣ ਤੇ ਇੱਥੇ ਆਏ ਹਾਂ। ਉਹ ਜਿਵੇਂ ਮਰਜ਼ੀ ਇਸ ਨੂੰ ਇਸ ਜੁੱਤੀ ਰਾਹੀਂ ਠੀਕ ਕਰਨ ਤਾਂ ਮਕਬੂਲ ਅਲੀ ਨੇ ਭਾਈ ਤਾਰੂ ਸਿੰਘ ਦੇ ਮੱਠ ਦੇ ਅੰਦਰ ਜਾ ਕੇ ਫਰਿਆਦ ਕੀਤੀ ਕਿ ਉਸਦੀ ਇੱਜ਼ਤ ਦਾ ਸਵਾਲ ਹੈ। ਜੇ ਇਸ ਲੜਕਾ ਠੀਕ ਨਾ ਹੋਇਆ ਤਾਂ ਲੋਕਾਂ ਦਾ ਵਿਸ਼ਵਾਸ਼ ਉਠ ਜਾਵੇਗਾ। ਅਰਦਾਸ ਕਰਕੇ ਜਦੋਂ ਉਸਨੇ ਜੁੱਤੀ ਉਸ ਲੜਕੇ ਦੇ ਸਿਰ ਵਿੱਚ ਮਾਰੀ ਤਾਂ ਉਹ ਲੜਕਾ ਬੋਲ ਪਿਆ ਕਿ ਉਹ ਜ਼ਕਰੀਏ ਦਾ ਲੜਕਾ ਯਈਆ ਖਾਨ ਹੈ। ਅੱਜ ਉਸਦੀ ਆਤਮਾਂ ਨੂੰ ਸ਼ਾਤੀ ਮਿਲ ਜਾਵੇਗੀ। ਇਹ ਸੁਣ ਕੇ ਸਾਰਿਆਂ ਦੇ ਮੂੰਹ ਵਿੱਚ ਉਗਲਾਂ ਪਾਈਆਂ ਰਹਿ ਗਈਆਂ ਤੇ ਸਾਰੇ ਬਹੁਤ ਹੈਰਾਨ ਹੋਏ। ਜਦੋਂ ਭਾਈ ਤਾਰੂ ਸਿੰਘ ਦੀ ਜੁੱਤੀ ਉਸਦੇ ਸਿਰ ਵਿੱਚ ਵੱਜੀ ਤਾਂ.ਉਹ ਲੜਕਾ ਠੀਕ ਹੋ ਗਿਆ। ਇਸ ਤਰਾਂ ਲੜਕੇ ਦੀ ਮਾਂ ਨੇ ਇਸ ਸਥਾਨ ਦੀ ਸੇਵਾ ਕਰਵਾਈ ਤੇ ਇਸ ਛੋਟਾ ਜਿਹਾ ਮੱਠ ਬਣਵਾ ਦਿੱਤਾ ਸੀ। ਉਸ ਦਿਨ ਤੋਂ ਬਾਅਦ ਕਸਰਾਂ ਵਾਲੇ ਮਰੀਜ਼ ਵੀ ਇਸ ਸਥਾਨ ਤੇ ਆਉਣ ਲੱਗੇ ਤੇ ਠੀਕ ਹੋ ਕੇ ਜਾਣ ਲੱਗੇ। ਇਹ ਗੱਲ ਹੌਲੀ-ਹੌਲੀ ਫੈਲਦੀ ਗਈ ਤੇ ਅਖੀਰ ਮੁਲਤਾਨ ਵਿੱਚ ਜ਼ਕਰੀਆ ਖਾਨ ਦੀ ਭੈਣ ਰਹਿੰਦੀ ਸੀ ਉਸ ਕੋਲ ਇਸ ਗੱਲ ਪਹੁੰਚ ਗਈ। ਉਹ ਯਈਆ ਖਾਨ ਦੇ ਲੜਕੇ ਨੂੰ ਨਾਲ ਲੈ ਕੇ ਇੱਥੇ ਆਈ ਤੇ ਭਾਈ ਤਾਰੂ ਸਿੰਘ ਦੀ ਜੁੱਤੀ ਨੂੰ ਬਹੁਤ ਸਤਿਕਾਰ ਨਾਲ ਮਖਮਲੀ ਦੁਸ਼ਾਲੇ ਵਿੱਚ ਲਪੇਟ ਕੇ ਮੁਲਤਾਨ ਲੈ ਗਏ ਤੇ ਉੱਥੇ ਇਸ ਜੁੱਤੀ ਨਾਲ ਕੋਲਾਂ ਦਾ ਇਲਾਜ਼ ਕਰਨ ਲੱਗੇ ਤੇ ਇਸ ਦੇ ਬਦਲੇ ਵਿੱਚ ਲੋਕਾਂ ਤੋਂ ਪੈਸੇ ਲੈਣ ਲੱਗ ਪਏ। ਇਸ ਤਰਾਂ.ਉਹਨਾਂ ਦੀ ਕਮਾਈ ਹੋਣ ਲੱਗ ਗਈ। ਪਹਿਲਾਂ ਉਹਨਾਂ ਦੀ ਹਾਲਤ ਬਹੁਤ ਹੀ ਖਰਾਬ ਸੀ।

ਉਸਨੇ ਅੱਗੇ ਦੱਸਿਆ ਕਿ ਇੱਕ ਵਾਰ ਮੱਕਾ-ਸ਼ਰੀਫ ਦੇ ਮੌਲਵੀ ਦੀ ਲੜਕੀ ਨੂੰ ਕਸਰ ਦੀ ਬਿਮਾਰੀ ਹੋ ਗਈ ਤੇ ਉਹ ਵੀ ਇਲਾਜ਼ ਕਰਵਾਉਣ ਲਈ ਮੁਲਤਾਨ

ਪਹੁੰਚਿਆ। ਜਦੋਂ ਉਸਨੇ ਪੁੱਛਿਆ ਕਿ ਕਿਸ ਤਰਾਂ ਇਲਾਜ਼ ਕਰਦੇ ਹੋ ਤੇ ਇਹ ਜੁੱਤੀ ਕਿਸ ਦੀ ਹੈ ਤਾਂ ਘਰ ਵਾਲਿਆਂ ਨੇ ਸੋਚਿਆ ਕਿ ਕਿਤੇ ਮੌਲਵੀ ਸਾਹਿਬ ਗੁੱਸਾ ਹੀ ਨਾ ਕਰ ਜਾਣ ਤੇ ਝੂਠ ਹੀ ਕਹਿ ਦਿੱਤਾ ਕਿ ਇਹ ਜੁੱਤੀ ਤਾਰਾ ਖ਼ਾਂ ਦੀ ਹੈ। ਜਦੋਂ ਉਹਨਾਂ ਨੇ ਭਾਈ ਤਾਰੂ ਸਿੰਘ ਜੀ ਨੂੰ ਤਾਰਾ ਖ਼ਾਂ ਦੱਸਿਆ ਤਾਂ ਮੌਲਵੀ ਤਾਂ ਖੁਸ਼ ਹੋ ਗਿਆ ਪਰ ਭਾਈ ਤਾਰੂ ਸਿੰਘ ਜੀ ਨਰਾਜ਼ ਹੋ ਗਏ। ਬਥੇਰੀਆਂ ਜੁੱਤੀਆਂ ਉਸ ਲੜਕੀ ਦੇ ਸਿਰ ਵਿੱਚ ਮਾਰੀਆਂ ਪਰ ਹੁਣ ਕਿੱਥੇ ਠੀਕ ਹੋਵੇ। ਕੋਈ ਆਰਾਮ ਨਾ ਮਿਲਿਆ,ਬਾਅਦ ਵਿੱਚ ਉਹਨਾਂ ਨੇ ਭਾਈ ਤਾਰੂ ਸਿੰਘ ਜੀ ਅੱਗੇ ਫਰਿਆਦ ਕੀਤੀ ਤੇ ਗਲਤੀ ਮੰਨੀ। ਫਿਰ ਮੌਲਵੀ ਸਾਹਿਬ ਜੀ ਦੇ ਕਹਿਣ ਤੇ ਇਸ ਜੁੱਤੀ ਨੂੰ ਵਾਪਸ ਇਸ ਸਥਾਨ ਤੇ ਰੱਖ ਦਿੱਤਾ ਗਿਆ ਸੀ। ਜਦੋਂ ਇੱਥੇ ਇਸ ਜੁੱਤੀ ਨੂੰ ਫਿਰ ਤੋਂ ਮਰੀਜ਼ਾਂ ਦੇ ਸਿਰ ਵਿੱਚ ਮਾਰਿਆ ਗਿਆ ਤਾਂ ਫਿਰ ਤੋਂ ਮਰੀਜ਼ ਠੀਕ ਹੋਣ ਲੱਗ ਪਏ। ਜ਼ਕਰੀਏ ਖ਼ਾਨ ਦੇ ਘਰ ਵਾਲੇ ਇੱਥੇ ਆ ਕੇ ਬਹੁਤ ਦੇਰ ਤੱਕ ਮਾਫੀਆਂ ਮੰਗਦੇ ਰਹੇ। ਫਿਰ ਫਰਿਆਦ ਕੀਤੀ ਕਿ ਅਸੀ ਇਸ ਜੁੱਤੀ ਨੂੰ ਦੁਬਾਰਾ ਮੁਲਤਾਨ ਵਿੱਚ ਲੈ ਕੇ ਜਾਣਾ ਚਾਹੁੰਦੇ ਹਾਂ ਤੇ ਉੱਥੇ ਦੇ ਲੋਕਾਂ ਦਾ ਭਲਾ ਕਰਨਾ ਚਾਹੁੰਦੇ ਹਾਂ ਤੇ ਕਿਸੇ ਕੋਲੋਂ ਪੈਸੇ ਵੀ ਨਹੀਂ ਲਵਾਂਗੇ। ਇਸ ਤਰਾਂ ਉਹ ਦੁਬਾਰਾ ਇਸ ਜੁੱਤੀ ਨੂੰ ਮੁਲਤਾਨ ਲੈ ਗਏ ਤੇ ਲੋਕਾਂ ਦਾ ਇਲਾਜ਼ ਕਰਨ ਲੱਗ ਪਏ ਤੇ ਹੁਣ ਵੀ ਇਹ ਜੁੱਤੀ ਮੁਲਤਾਨ ਵਿੱਚ ਹੀ ਹੈ ਤੇ ਅੱਜ ਇਹ ਜੁੱਤੀ ਜ਼ਕਰੀਆ ਖਾਨ ਦੇ ਪਰਿਵਾਰ ਦਾ ਇੱਕੋ-ਇੱਕ ਗੁਜ਼ਾਰੇ ਦਾ ਸਾਧਨ ਹੈ ਭਾਵ ਇਸ ਜੁੱਤੀ ਦੇ ਸਹਾਰੇ ਹੀ ਉਹਨਾਂ ਦੀ ਰੋਜ਼ੀ-ਰੋਟੀ ਚਲਦੀ ਹੈ।

ਭਾਈ ਤਾਰੂ ਸਿੰਘ ਜੀ ਦੀ ਦੂਸਰੀ ਜੁੱਤੀ ਕਿੱਥੇ ਹੈ..? ਇਹ ਸਵਾਲ ਅਜੇ ਬਣਿਆ ਹੋਇਆ ਹੈ। ਪਰ ਇਹ ਗੱਲ ਤਾਂ ਪੱਕੀ ਹੈ ਕਿ ਦੂਸਰੀ ਜੁੱਤੀ ਵੀ ਪਾਕਿਸਤਾਨ ਵਿੱਚ ਮੁਲਤਾਨ ਦੇ ਨੇੜੇ ਦੇ ਕਿਸੇ ਸ਼ਹਿਰ ਵਿੱਚ ਹੀ ਹੋਵੇਗੀ। ਦੂਸਰੀ ਜੱਤੀ ਲੱਭਣ ਲਈ ਪੰਜਾਬ ਤੋਂ ਜੱਥਾ ਪਾਕਿਸਤਾਨ ਜਾ ਚੁੱਕਾ ਹੈ ਤੇ ਇਸ ਦੀ ਖੋਜ ਅਜੇ ਚਲ ਰਹੀ ਹੈ। ਜਦੋਂ ਇਸ ਜੁੱਤੀ ਦੀ ਭਾਲ ਹੋ ਗਈ ਤਾਂ ਸਿੱਖਾਂ ਦੇ ਉੱਦਮ ਨਾਲ ਇਸ ਨੂੰ ਪੰਜਾਬ ਲਿਆਂਦਾ ਜਾਵੇਗਾ। ਜਿਨ੍ਹਾਂ ਦੇ ਸਿਰ ਤੇ ਕੁਰਿਹਤਾਂ ਦੇ ਭੂਤ ਚੜ੍ਹੇ ਹਨ,ਜੋ ਆਪਣੇ ਕੇਸਾਂ ਦੀ ਬੇਅਦਬੀ ਕਰਦੇ ਹਨ ਉਹਨਾਂ ਦੇ ਸਿਰ ਵਿੱਚ ਇਸ ਜੁੱਤੀ ਨੂੰ ਮਾਰ ਕੇ ਉਹਨਾਂ ਦਾ ਇਲਾਜ਼ ਕੀਤਾ ਜਾਵੇਗਾ। ਇਸ ਤਰਾਂ ਹੋ ਸਕਦਾ ਹੈ ਕਿ ਭਾਈ ਤਾਰੂ ਸਿੰਘ ਦੀ ਦੂਸਰੀ ਜੁੱਤੀ ਲੱਭਣ ਨਾਲ ਪੰਜਾਬ ਦੇ ਲੋਕਾਂ ਦਾ ਸੁਧਾਰ ਹੋ ਸਕੇ। ਇਹੀ ਦਿਲੀ ਅਰਦਾਸ ਹੈ।

ਐ ਮੇਰੇ ਨੌਜਵਾਨ ਵੀਰੋ ਤੇ ਭੈਣੋਂ! ਆਓ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੱਭਣ ਤੋਂ ਪਹਿਲਾਂ ਸੁਧਰ ਜਾਈਏ ਤੇ ਭਾਈ ਤਾਰੂ ਸਿੰਘ ਦੇ ਅਸਲੀ ਵਾਰਸ ਬਣੀਏ ਤੇ ਗੁਰਸਿੱਖੀ ਵਾਲਾ ਜੀਵਨ ਜੀਵੀਏ।

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕਾ ਫ਼ਤਿਹ ॥

ਭਰਮਗੜ੍ਹ ਤੋੜ ਖਾਲਸਾ

ਸੰਨ, ਸੰਮਤ ਤੇ ਨਾਨਕਸ਼ਾਹੀ ਕੈਲੰਡਰ, ਖਾਲਸਾ-ਸੰਮਤ, ਸਾਕਾ-ਸੰਮਤ, ਹਿਜਰੀ-ਸੰਮਤ, ਲਾਲਨੀ-ਸੰਮਤ, ਕੁਲਖੇਤਨੀ-ਸੰਮਤ ਇਹ ਸਾਰਾ ਕੁਝ ਹਿੰਦੋਸਤਾਨ ਦੀ ਧਰਤੀ ਉੱਪਰ ਤਾਂ ਚਲ ਹੀ ਰਿਹਾ ਹੈ, ਇਸ ਤੋਂ ਇਲਾਵਾ ਹਰ ਇੱਕ ਦੇਸ਼ ਵਿੱਚ ਇੱਕ ਸੰਨ ਤੇ ਬਾਕੀ ਸੰਮਤ, ਜਿੰਨੇ ਵੀ ਪੀਰ-ਪੈਗੰਬਰਮ,ਅਵਤਾਰੀ ਅਤੇ ਔਲੀਏ ਹੋਏ ਹਨ ਉਹਨਾਂ ਦੇ ਹਿਸਾਬ ਨਾਲ ਵੀ ਇਹ ਸਾਰਾ ਕੁਝ ਵਾਪਰ ਰਿਹਾ ਹੈ।

ਇਹ ਸਾਰਾ ਕੁਝ ਚਲ ਤਾਂ ਰਿਹਾ ਹੈ ਪਰ ਇਸ ਦੀ ਸਮਾਪਤੀ ਆਖੀਰ ਸੰਨ 'ਤੇ ਆ ਕੇ ਹੀ ਹੁੰਦੀ ਹੈ। ਇਸ ਤਰਾਂ ਸਾਰੀਆਂ ਕੌਮਾਂ ਭਰਮਾਂ ਵਿੱਚ ਪਈਆਂ ਹੋਈਆਂ ਹਨ। ਦਾਸ ਨੇ ਇੱਕ ਕਿਤਾਬ ਲਿਖਣੀ ਆਰੰਭ ਕੀਤੀ ਹੈ ਜਿਸ ਦਾ ਨਾਮ ਹੈ-'ਅੱਜ ਕੀ ਬੋਲੀਏ'। ਜਿਸ ਵਿੱਚ ਹਰ ਇੱਕ ਵਿਦਵਾਨ, ਗੁਣੀ-ਗਿਆਨੀ ਤੇ ਪ੍ਰਚਾਰਕ ਦੀ ਸੋਚ ਹੈ ਕਿ ਅੱਜ ਕੀ ਬੋਲੀਏ ਭਾਵ ਅੱਜ ਦਾ ਵਿਸ਼ਾ ਕੀ ਹੋਵੇ। ਭਾਰੀ ਮਿਹਨਤ ਤੋਂ ਬਾਅਦ ਇਹੀ ਨਤੀਜਾ ਕਢਿਆ ਕਿ ਹਰ ਇੱਕ ਦਾ ਜੀਵਨ ਉਲਝਿਆ ਪਿਆ ਹੈ ਕਿ ਅੱਜ ਦੇ ਬੋਲਣ ਦਾ ਵਿਸ਼ਾ ਕੀ ਹੋਵੇ।

ਇਸ ਮਕਸਦ ਨੂੰ ਹੱਲ ਕਰਨ ਵਾਸਤੇ ਪਹਿਲਾਂ ੩੬੫ ਦਿਨ ਚੁਣੇ ਗਏ। ਫਿਰ ਇੱਕ-ਇੱਕ ਤਰੀਖ ਤੇ ਕੀ ਹੋਇਆ ਇਹ ਲਿਖਣਾ ਸ਼ੁਰੂ ਕੀਤਾ ਗਿਆ। ਜੋ ਕੁਝ ਵੀ ਸਿੱਖ ਇਤਿਹਾਸ ਵਿੱਚ ਕਿਸੇ ਤਾਰੀਖ ਵਿੱਚ ਕੁਝ ਖਾਸ ਮਿਲਦਾ ਸੀ ਉਸਨੂੰ ਇੱਕ ਲਿਫਾਫੇ ਵਿੱਚ ਸਾਂਭ ਕੇ ਰੱਖਿਆ ਗਿਆ। ਜਿਵੇਂ ੧੯ ਮਾਰਚ, ੧੭੨੦ ਨੂੰ ਭਾਈ ਤਾਰੂ ਸਿੰਘ ਜੀ ਦਾ ਜਨਮ ਹੋਇਆ ਅਤੇ ੧ ਜੁਲਾਈ ੧੭੪੫ ਨੂੰ ਉਹਨਾਂ ਦੀ ਸ਼ਹੀਦੀ ਦਾ ਜ਼ਿਕਰ ਮਿਲਦਾ ਹੈ। ਇਸ ਵਿੱਚ ਖਾਸ ਗੱਲ ਇਹ ਹੈ ਕਿ ਜਦੋਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਹੋਈ ਤਾਂ ਉਸ ਵੇਲੇ ਸੰਨ ਦੀ ੧ ਤਾਰੀਖ ਅਤੇ ਸੰਮਤ ਦੀ ੧ ਤਾਰੀਖ ਇੱਕਠੀ ਸੀ ਪਰ ਅੱਜ ਇਹਨਾਂ ਵਿੱਚ ੧੫ ਦਿਨਾਂ ਦਾ ਫਰਕ ਕਿਵੇਂ ਪੈ ਗਿਆ। ਇਸੇ ਲੜੀ ਵਿੱਚ ਥੋੜਾ ਹੋਰ ਪਿੱਛੇ ਦੇਖੀਏ ਤਾਂ ਪਹਿਲਾਂ ਗੁਰੂ ਸਾਹਿਬਾਨਾਂ ਦੀਆਂ ਤਿੰਨ ਤਾਰੀਖਾਂ ਪੱਕੀਆਂ ਸਨ। ਇੱਕ ਪ੍ਰਕਾਸ਼, ਦੂਜੀ ਗੁਰਿਆਈ ਤੇ ਤੀਸਰੀ ਜੋਤੀ-ਜੋਤ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਉਮਰ ੭੦ ਸਾਲ, ੫ ਮਹੀਨੇ, ੩ ਦਿਨ ਹੋਣ ਦਾ ਜ਼ਿਕਰ ਹੈ। ਇਸੇ ਲੜੀ ਵਿੱਚ ਵਿਦਵਾਨਾਂ ਨੇ ਬਾਕੀ ਪਾਤਸ਼ਾਹੀਆਂ ਦੀ ਵੀ ਬਹੁਤ ਸੋਹਣੀ ਖੋਜ ਆਰੰਭ ਕੀਤੀ ਹੈ। ਇਸ ਨਾਲ ਆਮ ਗੁਣੀ-ਗਿਆਨੀਆਂ ਨੂੰ ਬਹੁਤ ਫਾਇਦਾ ਮਿਲ ਸਕਦਾ ਸੀ ਪਰ ਫਿਰ ਇੱਕ ਦਮ ਕੈਨੇਡਾ ਤੋਂ ਭਾਰਤ ਤੱਕ ਨਾਨਕਸ਼ਾਹੀ ਕੈਲੰਡਰ ਦਾ ਪੂਰਾ ਵਗਿਆ। ਇਸ ਤੋਂ ਸਾਫ ਪਤਾ ਚਲਦਾ ਹੈ ਕਿ ਇੱਥੇ ਮਾਇਆ ਵਾਲਿਆਂ ਦਾ ਜ਼ੋਰ ਹੈ। ਗੁਰਬਾਣੀ ਜਾਂ ਗੁਰ ਇਤਿਹਾਸ ਜੋ ਕੁਝ ਮਰਜ਼ੀ ਆਖੇ ਪਰ ਅੱਜ ਦੇ ਜੁਗ ਵਿੱਚ ਤਾਂ ਕੇਵਲ ਉਸੇ ਦੀ ਹੀ ਚਲਦੀ ਹੈ ਜਿਸ ਦਾ ਡੰਡਾ ਚਲਦਾ ਹੋਵੇ। ਸਾਡੀ ਕੌਮ ਤਾਂ ਪਹਿਲਾਂ ਹੀ ਭਰਮਾਂ ਵਿੱਚ ਡੁੱਬੀ ਪਈ ਸੀ ਪਰ ਇਸ ਨਾਨਕਸ਼ਾਹੀ ਕੈਲੰਡਰ ਆਉਣ ਨਾਲ ਇਹ ਭਰਮ ਹੋਰ ਵੱਧ ਗਏ। ਸੰਗਰਾਂਦ ਇੱਕ

ਦੀ ਜਗ੍ਹਾ ਦੋ ਹੋ ਗਈਆਂ। ਇਸ ਤਰਾਂ ਹੋਰ ਵੀ ਕਈ ਦਿਨ ਤੇ ਤਿਉਹਾਰਾਂ ਨੂੰ ਮਨਾਉਣ ਲਈ ਭਰਮ-ਭੁਲੇਖੇ ਵੱਧ ਗਏ। ਉਮੀਦ ਹੈ ਕਿ ਇਹ ਲੇਖ ਇਹਨਾਂ ਭਰਮਾਂ ਨੂੰ ਦੂਰ ਕਰਨ ਲਈ ਬਹੁਤ ਮਦਦ ਕਰੇਗਾ।

ਬਾਕੀ ਜਿੰਨੇ ਵੀ ਧਰਮ ਹਨ ਉਹ ਸਿਰਫ ਇੱਕ-ਇੱਕ ਫਿਰਕੇ ਨਾਲ ਹੀ ਸੰਬੰਧ ਰੱਖਦੇ ਹਨ ਅਤੇ ਉਹਨਾਂ ਕੌਮਾਂ ਨੂੰ ਜੋ ਗ੍ਰੰਥ ਮਿਲੇ ਹਨ,ਉਹ ਵੀ ਇੱਕ-ਇੱਕ ਅਵਤਾਰ ਨਾਲ ਹੀ ਸੰਬੰਧਤ ਹਨ। ਅੱਜ ਦਾ ਇਹ ਯੁੱਗ ਕੰਪਿਊਟਰ ਦਾ ਯੁੱਗ ਹੈ ਪਰ ਦਾਸ ਗ੍ਰੰਥਾਂ ਦੀ ਦਲੀਲ ਨਾਲ ਆਪਣੇ ਟੀਚੇ ਤੇ ਪਹੁੰਚਣਾ ਚਾਹੁੰਦਾ ਹੈ। ਸ੍ਰੀ ਭਗਵਤ ਗੀਤਾ ਕੇਵਲ ਸ੍ਰੀ ਕ੍ਰਿਸ਼ਨ ਦੀ ਹੀ ਗੱਲ ਕਰਦੀ ਹੈ ਅਤੇ ਸ੍ਰੀ ਰਾਮਾਇਣ ਗ੍ਰੰਥ ਵੀ ਕੇਵਲ ਸ੍ਰੀ ਰਾਮ ਚੰਦਰ ਜੀ ਦੀ ਗੱਲ ਕਰਦਾ ਹੈ। ਇਸਲਾਮ ਧਰਮ ਦਾ ਗ੍ਰੰਥ ਵੀ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਹੀ ਗੱਲ ਕਰਦਾ ਹੈ। ਦੁਨੀਆਂ ਦਾ ਇੱਕੋ-ਇੱਕ ਗ੍ਰੰਥ ਹੈ-'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਜਿਸ ਵਿੱਚ ਵਾਹਿਗੁਰੂ ਸ਼ਬਦ ੧੬ ਵਾਰੀ,ਖੁਦਾ ੧੭ ਵਾਰੀ, ਰਾਮ ੨੫੩੩ ਵਾਰੀ, ਹਰੀ ੮੩੪੪ ਵਾਰੀ, ਅਲ੍ਹਾ ੪੬ ਵਾਰੀ ਆਏ ਹਨ। ਇਸ ਤੋਂ ਬਿਨਾਂ ਅਨੇਕਾਂ ਦੇਵੀ ਦੇਵਤਿਆਂ ਦੇ ਨਾਮ ਫਿਰ ਅੱਲਗ-ਅੱਲਗ ਭਗਤਾਂ ਦੇ ਨਾਮ,ਬਾਕੀ ਗੱਲ ਛੱਡੋ, ਅਰਬ ਦੇਸ਼ਾਂ ਵਿੱਚ ਰੋਜ਼ਿਆਂ ਦੇ ਦਿਨਾਂ ਵਿੱਚ ਸੜਕਾਂ ਤੇ ਖੜ੍ਹ ਕੇ ਕੋਈ ਚੀਜ਼ ਖਾਣਾ ਚਾਹੋਂ ਤਾਂ ਖਾ ਨਹੀਂ ਸਕਦੇ। ਫੜੇ ਜਾਣ ਦੀ ਸੂਰਤ ਵਿੱਚ ਕੋਰੜਿਆਂ ਦੀ ਮਾਰ ਮਾਰਨ ਵਾਲੇ ਪਹੁੰਚ ਜਾਣਗੇ। ਤੁਸੀਂ ਕਿਸੇ ਵੀ ਮਸੀਤ ਵਿੱਚ ਰਾਮ ਸ਼ਬਦ ਦੀ ਧੁੰਨ ਜਾਂ ਕਿਸੇ ਹੋਰ ਧਰਮ ਦੀ ਗੱਲ ਕਰ ਹੀ ਨਹੀਂ ਸਕਦੇ। ਹਿੰਦੂ ਮੰਦਰਾਂ ਵਿੱਚ ਪੰਜ ਵਕਤ ਦੀ ਨਵਾਜ਼ ਦਾ ਉਪਦੇਸ਼ ਨਹੀਂ ਦੇ ਸਕਦੇ। ਹੁਣ ਮੈਂ ਆਪ ਜੀ ਦਾ ਧਿਆਨ ਸਿੱਖ ਧਰਮ ਵੱਲ ਲਿਆਉਂਦਾ ਹਾਂ। ਦੁਨੀਆਂ ਦਾ ਇੱਕੋ-ਇੱਕ ਧਰਮ ਹੈ ਜਿਸ ਵਿੱਚ ਸਰਬ-ਸਾਂਝੀ ਬਾਣੀ ਦਾ ਉਪਦੇਸ਼ ਹੈ। ਹਿੰਦੂ ਨੂੰ ਵੀ ਉਪਦੇਸ਼ ਹੈ ਅਤੇ ਮੁਸਲਮਾਨ ਨੂੰ ਵੀ ਪੰਜ ਵਕਤ ਨਵਾਜ਼ ਗੁਜ਼ਾਰਨ ਦਾ ਉਪਦੇਸ਼ ਬਾਬਾ ਫਰੀਦ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ।

ਸਿੱਖ ਧਰਮ ਕਿਸੇ ਇੱਕ ਫਿਰਕੇ ਨਾਲ ਸੰਬੰਧਤ ਨਹੀਂ ਹੈ ਤੇ ਨਾ ਹੀ ਕਿਸੇ ਇੱਕ ਧਰਤੀ ਨਾਲ ਸੰਬੰਧ ਰੱਖਦਾ ਹੈ। ਸਾਰੇ ਸੰਸਾਰ ਦਾ ਧਰਮ ਸਿੱਖ ਧਰਮ ਹੈ। ਬਾਕੀ ਕੌਮਾਂ ਦੇ ਧਰਮ ਤਾਂ ਬਣਾਏ ਗਏ ਹਨ ਪਰ ਸਿੱਖ ਧਰਮ ਸਾਜਿਆ ਗਿਆ ਹੈ। ਪ੍ਰਮਾਤਮਾ ਨੇ ਜਿਸ ਰੂਪ ਵਿੱਚ ਉਸਨੂੰ ਸਾਜਿਆ ਹੈ ਉਸੇ ਨੂੰ ਹੀ ਸਿੱਖ ਆਖਿਆ ਜਾਂਦਾ ਹੈ। ਆਪ ਜੀ ਦੇ ਮਨ ਵਿੱਚ ਵਿਚਾਰ ਆਵੇਗੀ ਕਿ ਇੱਥੇ 'ਬਣਾਏ' ਅਤੇ 'ਸਾਜੇ' ਵਿੱਚ ਕੀ ਫ਼ਰਕ ਹੈ ? - ਕਿਸੇ ਵੀ ਨਸਲ,ਫਿਰਕੇ ਜਾਂ ਬਨਾਵਟੀ ਧਰਮ ਦੇ ਬੱਚੇ ਦੇ ਨਿਯਮ ਅਨੁਸਾਰ ਵੱਧਣ-ਫੁਲਣ ਵਿੱਚ ਵਿਘਨ ਨਾ ਪਾਇਆ ਜਾਏ ਤੇ ਉਸ ਦੇ ਸ਼ਰੀਰ,ਕੇਸ ਆਦਿ ਕਿਸੇ ਵੀ ਹਿੱਸੇ ਨੂੰ ਨਾ ਕੱਟਿਆ ਵੱਢਿਆ ਜਾਏ ਤੇ ਨਾ ਹੀ ਉਸ ਮਨੁੱਖ ਦੀਆਂ ਜਟਾਂ-ਲਟਾਂ ਬਨਾਵਟੀ ਤਰੀਕੇ ਨਾਲ ਵਧਾਈਆਂ ਜਾਣ ਤਾਂ ਉਹ ਮਨੁੱਖ ਸਾਬਤ-ਸੂਰਤ ਕੇਸਾਧਾਰੀ ਹੋਵੇਗਾ। ਇਸ ਦਾ ਸਪਸ਼ਟ ਨਿਰਣਾ ਇਹ ਹੈ ਕਿ ਉਹ ਇੱਕ ਪ੍ਰਮਾਤਮਾ ਦਾ ਸਾਜਿਆ ਸਹੀ ਇਨਸਾਨ ਹੋਵੇਗਾ। ਉਹ ਇਨਸਾਨ ਜਿਸ ਨੂੰ ਪ੍ਰਮਾਤਮਾ ਨੇ ਸਾਜਿਆ ਹੈ,ਉਸ ਨੂੰ ਇੱਕ ਪ੍ਰਮਾਤਮਾ ਦੀ ਪੂਜਾ ਦਾ ਉਪਦੇਸ਼

ਦਿੱਤਾ ਜਾਏ ਤੇ ਉਸਨੂੰ ਆਖਿਆ ਜਾਏ ਕਿ ਜਿਸ ਪ੍ਰਭੂ ਨੇ ਤੇਰੀ ਮਾਂ ਦੇ ਪੇਟ ਵਿੱਚ ਰੱਖਿਆ ਕੀਤੀ ਹੈ ਤੇ ਜਿਸ ਪ੍ਰਭੂ ਨੇ ਤੈਨੂੰ ਬਚਪਨ ਵਿੱਚ ਮਿੱਠਾ ਦੁੱਧ ਦਿੱਤਾ ਹੈ ਤੇ ਭਰ ਜੋਬਨ-ਜੁਆਨੀ ਵਿੱਚ ਭੋਜਨ ਦਿੱਤਾ ਹੈ,ਬਿਰਧ ਹੋਏ ਨੂੰ ਸਾਰੇ ਸਾਕ-ਸੰਬੰਧੀ ਸਹਾਰਾ ਦੇਣ ਵਾਲੇ ਦਿੱਤੇ ਹਨ,ਪੁੱਤਰ,ਧੀਆਂ,ਪਰਿਵਾਰ ਦਿੱਤਾ ਹੈ ਜੋ ਤੇਰੇ ਮੁੱਖ ਵਿੱਚ ਰੋਟੀ ਪਾਉਂਦੇ ਨੇ,ਜਿਸ ਨੇ ਤੈਨੂੰ ਸਭ ਦਾਤਾਂ ਦਿੱਤੀਆਂ ਹਨ, ਤੇ ਤੂੰ ਉਸਦੇ ਗੁਣ ਗਾ ਅਤੇ ਪ੍ਰਮਾਤਮਾ ਦੀ ਬਣਾਈ ਸ੍ਰਿਸ਼ਟੀ ਨਾਲ ਪਿਆਰ ਕਰ। ਹੁਣ ਤੁਸੀਂ ਧਿਆਨ ਨਾਲ ਵੇਖੋ ਤਾਂ ਉਹ ਇੱਕ ਸਾਜਿਆ ਸਿੱਖ ਹੀ ਹੋਵੇਗਾ।

ਦੂਸਰੀ ਗੱਲ 'ਬਣਾਇਆ ਹੋਇਆ'-ਉਸ ਇਨਸਾਨ ਨੂੰ ਜੇ ਤੁਸੀਂ ਹਿੰਦੂ ਬਣਾਉਣਾ ਹੈ ਤਾਂ ਉਸ ਦੇ ਕੇਸ ਕੱਟ ਦੇਵੋ ਤੇ ਸਿਰ ਦੇ ਵਿਚਾਲੇ ਇੱਕ ਬੋਦੀ ਰਹਿਣ ਦੇਵੋ।ਜੇ ਉਸ ਇਨਸਾਨ ਨੂੰ ਮੁਸਲਮਾਨ ਬਣਾਉਣਾ ਹੈ ਤਾਂ ਉਸ ਦੀਆਂ ਮੁੱਛਾਂ ਕੱਟ ਦੇਵੋ ਤੇ ਦਾਹੜੀ ਰਹਿਣ ਦੇਵੋ। ਸਿਰ ਦੇ ਕੇਸ ਕੱਟ ਦੇਵੋ ਅਤੇ ਸੁਨੰਤ ਕਰ ਦੇਵੋ ਤਾਂ ਇੱਕ ਮੁਸਲਮਾਨ ਬਣ ਜਾਵੇਗਾ। ਇਸੇ ਤਰਾਂ ਜੈਨੀ,ਬੋਧੀ,ਪਾਰਸੀ ਆਦਿ ਉਸੇ ਇਨਸਾਨ ਤੋਂ ਹੀ ਬਣਾਏ ਜਾਣਗੇ। ਜਿਸ ਨੂੰ ਅਸੀਂ ਕੱਟ-ਵੱਢ ਕੇ ਧਰਮੀ ਬਣਾਉਂਦੇ ਹਾਂ ਤਾਂ ਉਹ ਬਣਾਇਆ ਹੋਇਆ ਧਰਮ ਹੈ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਇਹ ਗੱਲ ਮੁੱਢ ਤੋਂ ਹੀ ਖਤਮ ਕਰ ਦਿੱਤੀ ਕਿ

'ਮਾਰਿਆ ਸਿੱਕਾ ਜਗਤਿ ਵਿਚਿ ਨਾਨਕੁ ਨਿਰਮਲ ਪੰਥੁ ਚਲਾਇਆ'

(ਭਾਈ ਗੁਰਦਾਸ ਜੀ)

ਯਾਦ ਰੱਖੋ, ਇਹ ਖਾਲਸਾ ਤਾਂ ਸਤਿ ਸ੍ਰੀ ਅਕਾਲ ਪੁਰਖ ਦਾ ਹੈ ਅਤੇ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਨੇ ਆਪਣੀ ਮੌਜ ਵਿੱਚ ਆ ਕੇ ਇਸ ਨੂੰ ਪ੍ਰਗਟ ਕੀਤਾ ਹੈ ਭਾਵ ਸਾਜਿਆ ਹੈ। ਇਹ ਨਿਰਮਲ ਪੰਥ ਗੁਰੂ ਨਾਨਕ ਦੇਵ ਜੀ ਨੇ ਆਰੰਭਿਆ ਹੈ ਅਤੇ ਅਖੀਰ ਵਿੱਚ ਦਸਮ ਗੁਰੂ ਜੀ ਨੇ ਅੰਤਿਮ ਸਰੂਪ ਬਣਾ ਕੇ ਗੁਰਿਆਈ ਸੌਂਪ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਨੇ ਥਾਂ-ਥਾਂ ਤੇ ਸੰਗਤਾਂ ਨੂੰ ਕਾਇਮ ਕੀਤਾ। ਇਸ ਗੁਰੂ ਦੀ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਜੀ ਕਾ ਖਾਲਸਾ ਵਿੱਚ ਤਬਦੀਲ ਕਰ ਦਿੱਤਾ। ਜਿਸ ਵਿੱਚ ਦੂਸਰੇ ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ ਹੈ 'ਸੰਗਤਿ ਕੀਨੀ ਖਾਲਸਾ', ਗੁਰੂ ਜੀ ਨੇ ਆਖਿਆ-'ਹਉਂ ਖਾਲਸੇ ਕਾ ਖਾਲਸਾ ਮੇਰੋ' ਕਹਿ ਕੇ ਆਪ ਨੂੰ ਵੀ ਖਾਲਸੇ ਦੇ ਅੱਗੇ ਸਮਰਪਿਤ ਕਰ ਦਿੱਤਾ। ਅੱਜ ਤੋਂ ਬਾਅਦ ਇਹ ਖਾਲਸਾ 'ਵਾਹਿਗੁਰੂ ਜੀ ਕਾ ਖਾਲਸਾ'ਨਿਯਮ ਬੱਧ ਹੋ ਕੇ ਅਕਾਲ-ਪੁਰਖ ਕੀ ਫੌਜ ਹੋ ਗਿਆ ਹੈ।

ਸਿੱਖ ਪੰਥ ਵਿੱਚ 'ਖਾਲਸਾ' ਸ਼ਬਦ ਦਾ ਲਫਜ਼ੀ ਅਰਥ ਹੁੰਦਾ ਹੈ ਵਿਚੋਲੇ ਤੋਂ ਰਹਿਤ। ਭਾਵ ਉਹ ਜ਼ਮੀਨ ਜੋ ਸਿੱਧੀ ਬਾਦਸ਼ਾਹ ਦੇ ਨਾਮ ਤੇ ਹੋਵੇ। ਇਸ ਲਈ ਸਿੱਖ ਦਾ ਰਿਸ਼ਤਾ ਗੁਰੂ ਪਾਤਸ਼ਾਹ ਨਾਲ ਸਿੱਧਾ ਜੋੜ ਦਿੱਤਾ ਹੈ। ਕਲਗੀਧਰ ਪਾਤਸ਼ਾਹ ਨੇ ਖਾਲਸੇ ਨੂੰ ਬਕਾਇਦਾ ਨੇਮ-ਬੱਧ ਕਰਦਿਆਂ ਕੇਸਾਂ ਦੀ ਸੰਭਾਲ ਦਾ ਆਦੇਸ਼ ਦਿੰਦਿਆਂ ਇਸ ਨੂੰ ਪੰਜ ਕਕਾਰਾਂ ਵਿੱਚ ਨੀਯਤ ਕੀਤਾ ਹੈ ਤੇ ਰਹਿਤ ਇਹ ਬਖਸ਼ੀ ਹੈ ਕਿ ਇਸ ਦੀ ਬੇਅਦਬੀ ਕਰਨ ਵਾਲੇ ਨੂੰ ਸਿੱਖੀ ਤੋਂ ਪਤਿਤ ਕਰਾਰ ਦੇਣ ਦਾ ਹੁਕਮ ਦਿੱਤਾ ਹੈ।

'ਪਤਿਤ' ਦਾ ਅਰਥ ਹੁੰਦਾ ਹੈ ਪਾਪੀ, ਅਧਰਮ, ਨੀਚ, ਗਿਰ ਚੁੱਕਾ ਜਾਂ ਖਤਮ ਹੋ ਚੁੱਕਾ। ਸਾਨੂੰ ਸਾਡੇ ਗੁਰੂ ਨੇ ਸਾਰੇ ਭਰਮਾਂ ਤੋਂ ਦੂਰ ਕਰਕੇ ਇਹ ਆਖਿਆ ਹੈ "ਭਰਮ ਭੁਲੇਖੇ ਤੇ ਰਹੈ ਨਿਆਰਾ, ਸੋ ਖਾਲਸਾ ਸਤਿਗੁਰੂ ਹਮਾਰਾ"। ਇਸ ਲਈ ਹਰ ਇੱਕ ਦਿਨ ਹਰ ਸਵੇਰ ਨਵੀਂ ਹੈ। ਇਹ ਸੰਨ, ਸੰਮਤ ਕੇਵਲ ਨਾਪ ਤੋਲ ਦੇ ਵੱਟੇ ਹਨ। ਇਸ ਵਿੱਚ ਉਲਝ ਕੇ ਕਿਸੇ ਝਗੜੇ ਵਿੱਚ ਜਾਂ ਬਹਿਸ ਵਿੱਚ ਪੈਣ ਵਾਲਾ ਖਾਲਸਾ ਨਹੀਂ ਹੋ ਸਕਦਾ। ਪੁਰਾਤਨ ਸਮੇਂ ਇਹ ਸੰਨ ਸੰਮਤ ਇੱਕਠੇ ਹੀ ਚਲ ਰਹੇ ਸਨ। ਇਸ ਭਰਮ ਗੜ੍ਹ ਨੂੰ ਤੋੜਨ ਵਾਸਤੇ ਭਾਈ ਤਾਰੂ ਸਿੰਘ ਪੂਹਲੇ ਦੀ ਸ਼ਹੀਦੀ ਦੀ ਤਾਰੀਖ ਵੇਖ ਨੇ ਸਾਰੇ ਭਰਮ ਦੂਰ ਹੋ ਜਾਣੇ ਚਾਹੀਦੇ ਹਨ।

ਪਿਛਲੇ ਸਾਲ ਸੰਨ ੨੦੦੯ ਵਿੱਚ ਭਾਈ ਤਾਰੂ ਸਿੰਘ ਜੀ ਸ਼ਹੀਦੀ ਦਾ ਲੇਖ 'ਗੁਰਮਤਿ ਪ੍ਰਕਾਸ਼' ਮਾਸਿਕ ਪਤ੍ਰਿਕਾ ਵਿੱਚ ਵਿੱਚ ਛਪਿਆ। ਉਸ ਵਿੱਚ ਵੀ ਅਨੇਕਾਂ ਵਿਦਵਾਨਾਂ ਨੇ ਇਸ ਤਾਰੀਖ ਦੀ ਗਵਾਹ ਦਿੱਤੀ ਹੈ। ਜਿਸ ਗੱਲ ਦੀ ਗਵਾਹੀ ਸਾਡੀ ਧਰਮ ਪ੍ਰਚਾਰ ਕਮੇਟੀ ਦੇਵੇ ਉਸ ਬਾਰੇ ਤਾਂ ਸਾਰੇ ਸ਼ਮਕੇ ਆਪਣੇ-ਮਿਟ ਜਾਣੇ ਚਾਹੀਦੇ ਹਨ। ਮੈਂ ਆਪਣੇ ਪਾਠਕਾਂ ਨੂੰ ਪਹਿਲਾਂ ਵੀ ਦੱਸਿਆ ਹੈ ਕਿ ਸੰਨ, ਸੰਮਤ ਤਾਂ ਕੇਵਲ ਸਮੇਂ ਦੇ ਨਾਪ-ਤੋਲ ਹਨ। ਏਸੇ ਸਮੇਂ ਦੀ ਗਵਾਹੀ ਦੇ ਰਹੇ ਪ੍ਰਚੀਨ ਪੰਥ ਪ੍ਰਕਾਸ਼ ਕ੍ਰਿਤ ਗਿ. ਰਤਨ ਸਿੰਘ ਭੰਗੂ ਜੋ ਸਭ ਤੋਂ ਨੇੜੇ ਦੇ ਕਵੀ ਹੋਏ ਹਨ ਲਿਖਦੇ ਹਨ:- **'ਠਾਰਾਂ ਸੈ ਦੁਇ ਸਾਲ ਪਰ ਬੀਤੇ ਬਿਕ੍ਰਮਾ ਰਾਇ,**
ਤਾਰੂ ਸਿੰਘ ਤਬ ਲੈ ਤੁਰਯੋ ਜੂਤ ਜੁ ਤਿਹ ਸਿਰ ਲਾਇ॥੧੯॥'

ਭਾਵ ੧ ਸਾਵਨ ੧੮੦੨ ਬਿਕ੍ਰਮੀ (੧ ਜੁਲਾਈ ੧੭੪੫ ਈ:), ੧ ਸਾਵਨ ਨਾਨਕਸ਼ਾਹੀ ੨੭੭ ਨੂੰ ਹੱਸ-ਹੱਸ ਕੇ ਸ਼ਹੀਦੀ ਪ੍ਰਾਪਤ ਕਰ ਗਏ।*

ਹੁਣ ਮੈਂ ਆਪ ਜੀ ਨੂੰ ਦੱਸਣਾ ਹੈ ਕਿ ਇਹ ਟਪਲਾ ਜਾਂ ਅੱਗੇ ਪਿੱਛੇ ਹੋਣ ਦਾ ਕਾਰਣ ਕੀ ਹੈ,ਭਾਵ ਇਹ ਚੌਦਾਂ-ਪੰਦਰਾਂ ਦਿਨਾਂ ਦਾ ਫਰਕ ਕਿਵੇਂ ਪਿਆ। ਅੱਜ ਕਲ੍ਹ ਅਸੀਂ ਦੇਖਦੇ ਹਾਂ ਕਿ ਅੰਗਰੇਜ਼ੀ ਮਹੀਨੇ ਦੇ ਤਕਰੀਬਨ ਅੱਧ ਵਿੱਚ ਜਾ ਕੇ ਦੇਸੀ ਮਹੀਨਾ ਸ਼ੁਰੂ ਹੁੰਦਾ ਹੈ। ਅੰਗਰੇਜ਼ੀ ਅਤੇ ਦੇਸੀ ਮਹੀਨੇ ਇੱਕਠੇ ਸ਼ੁਰੂ ਨਹੀਂ ਹੁੰਦੇ। ਅੱਸੂ ਦੀ ਸੰਗਰਾਂਦ ਸਤੰਬਰ ਦੇ ਅੱਧ ਵਿੱਚ ਆਉਂਦੀ ਹੈ। ਯੂਰਪ ਦੇ ਈਸਾਈ ਦੇਸ਼ਾਂ ਵਿੱਚ ਈਸਵੀ ਸੰਨ ਦੀਆਂ ਤਰੀਕਾਂ ਵਿੱਚ ਵੀ ਕਈ ਵਾਰੀ ਫਰਕ ਪੈ ਜਾਂਦਾ ਸੀ। ਉਹਨਾਂ ਮੁਲਕਾਂ ਨੇ ਇਸ ਫਰਕ ਨੂੰ ਠੀਕ ਕਰਕੇ ਇੱਕੋ ਤਾਰੀਖ ਕਰ ਲਈ ਪਰ ਬ੍ਰਿਟਿਸ਼ ਨੇ ਨਾ ਕੀਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਸੰਨ ੧੭੫੨ ਦੇ ਸੰਤਬਰ ਤੱਕ ਉਹਨਾਂ ਦਾ ਯੂਰਪ ਨਾਲੋਂ ੧੧ ਦਿਨਾਂ ਦਾ ਫਰਕ ਪੈ ਗਿਆ। ਬ੍ਰਿਟਿਸ਼ ੧੧ ਦਿਨ ਪਿੱਛੇ ਰਹਿ ਗਿਆ।

ਸੰਨ ੧੭੫੨ ਦਾ ਇਸ ਸਮਾਂ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਤੋਂ ੭ ਸਾਲ ਬਾਅਦ ਦਾ ਸਮਾਂ ਸੀ। ਉਹਨਾਂ ਦਿਨਾਂ ਵਿੱਚ ਨਾਂ ਤਾਂ ਮੀਡੀਆ ਸੀ ਤੇ ਨਾਂ ਹੀ ਹਵਾਈ ਜ਼ਹਾਜਾਂ ਵਰਗੇ ਸਾਧਨ ਸਨ। ਜਿਹੜੇ ਮੁਲਕ ਅਮੀਰ ਸਨ ਉਹ ਹੀ ਕੇਵਲ ਸਮੁੰਦਰੀ

*ਮਾਸਿਕ ਪਤ੍ਰਿਕਾ 'ਗੁਰਮਿਤ ਪ੍ਰਕਾਸ਼' ਜਿਲਦ ਨੂੰ: ੫੧, ਜੁਲਾਈ, ੨੦੦੯, ਪੰਨਾ-੧੯੫, ਸਿੱਖੀ ਕੇਸ ਅਮੋਲਕ ਦਾਹੇ ਵਿੱਚ ਸ. ਪ੍ਰੇਮਜੀਤ ਸਿੰਘ ਦੇ ਲੇਖ ਵਿੱਚ।

ਜਹਾਜ਼ ਰਾਹੀਂ ਇੱਕ ਤੋਂ ਦੂਜੇ ਮੁਲਕਾਂ ਨਾਲ ਮਿਲਦੇ ਸਨ। ਸੰਨ ੧੭੫੨ ਤੱਕ ਜਦੋਂ ਸਾਡੇ ਦੇਸ਼ ਵਿੱਚ ੧ ਵੈਸਾਖ ਹੁੰਦੀ ਸੀ ਤਾਂ ਇੰਗਲੈਂਡ ਵਿੱਚ ਉਸ ਸਮੇਂ ੩੦ ਮਾਰਚ ਹੁੰਦੀ ਸੀ। ਅੰਗਰੇਜ਼ਾਂ ਨੇ ਇਸ ਫਾਸਲੇ ਨੂੰ ਘੱਟ ਕਰਨ ਲਈ ਯੂਰਪ ਦੇ ਦੇਸ਼ਾਂ ਨਾਲ ਤਾਰੀਖ ਦੀ ਸਾਂਝ ਰੱਖਣ ਲਈ ਇੱਕ ਫੈਸਲਾ ਕੀਤਾ। ਉਹ ਇਹ ਕਿ ੨ ਸੰਤਬਰ ਤੋਂ ਬਾਅਦ ੩ ਸੰਤਬਰ ਦੀ ਥਾਂ ੧੪ ਸੰਤਬਰ ਕੀਤੀ ਜਾਵੇ। ਜਦੋਂ ਸਾਡੇ ਦੇਸ਼ ਵਿੱਚ ਸੰਮਤ ੧੮੦੧ ਦੀ ਅੱਸੂ ਦੀ ਸੰਗਰਾਂਦ ਸੀ ਅਤੇ ਚੰਦ੍ਰਮਾਂ ਦੇ ਹਿਸਾਬ ਨਾਲ ਭਾਦਰੋਂ ਦੀ ਸੂਦੀ ੬ ਸੀ,ਉਸ ਦਿਨ ਇੰਗਲੈਂਡ ਵਿੱਚ ੨ ਸੰਤਬਰ,ਸੰਨ ੧੭੫੨ ਸੀ ਤੇ ਦਿਨ ਬੁੱਧਵਾਰ ਸੀ। ਅਗਲੇ ਦਿਨ ਵੀਰਵਾਰ, ੨ ਅੱਸੂ ਨੂੰ ਅੰਗਰੇਜ਼ਾਂ ਨੇ ੧੪ ਸੰਤਬਰ ਕਰ ਲਿਆ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਅਗਲੇ ਸਾਲ ਸੰਨ ੧੭੫੩ ਈ: ਵਿੱਚ ਸਾਡੀ ਵੈਸਾਖੀ ਦੀ ਸੰਗਰਾਂਦ ਨੂੰ ਭਾਵ ਦੇਸੀ ਮਹੀਨੇ ਦੀ ਇੱਕ ਤਾਰੀਖ ਨੂੰ ਇੰਗਲੈਂਡ ਵਿੱਚ ੯ ਅਪ੍ਰੈਲ ਸੀ। ਫਿਰ ਆਮ ਤੌਰ ਤੇ ੧੦ ਅਪ੍ਰੈਲ ਨੂੰ ਵੈਸਾਖ ਦੀ ਪਹਿਲੀ ਤਰੀਕ ਹੋਣ ਲੱਗ ਪਈ। ਸੰਨ ੧੮੦੦ ਦੀ ਵੈਸਾਖੀ ੧੧ ਅਪ੍ਰੈਲ ਦੀ ਸੀ। ਫਿਰ ਕਦੇ ੧੧ ਤੇ ਕਦੇ ੧੨ ਅਪ੍ਰੈਲ ਨੂੰ ਹੋਣ ਲੱਗ ਪਈ।*

ਸੰਨ ੧੯੦੨ ਈ: ਵਿੱਚ ਵੈਸਾਖੀ ੧੩ ਅਪ੍ਰੈਲ ਦੀ ਸੀ। ਇਹਨਾ ਸਾਲਾਂ ਵਿੱਚ ਕਦੇ-ਕਦੇ ੧੨ ਜਾਂ ੧੩ ਤਾਰੀਕ ਨੂੰ ਵੀ ਵੈਸਾਖੀ ਆ ਜਾਂਦੀ ਸੀ ਤੇ ਹੁਣ ਆਮ ਤੌਰ ਤੇ ੧੩ ਅਪ੍ਰੈਲ ਨੂੰ ਹੀ ਆਉਂਦੀ ਹੈ। ੧੩ ਅਪ੍ਰੈਲ ਨੂੰ ਵੈਸਾਖੀ ਦੀ ਸੰਗਰਾਂਦ ਆਉਂਦੀ ਹੈ। ਇਸ ਹਿਸਾਬ ਨਾਲ ਅੱਸੂ ਮਹੀਨੇ ਦੀ ਸੰਗਰਾਂਦ ਮਹੀਨੇ ਦੇ ਤਕਰੀਬਨ ਅੱਧ ਵਿੱਚ ਆ ਜਾਂਦੀ ਹੈ।

ਇੱਕ ਕਹਾਣੀ ਅਸੀਂ ਬਹੁਤ ਦੇਰ ਤੋਂ ਸੁਣਦੇ ਆ ਰਹੇ ਹਾਂ ਕਿ ਕੁਝ ਪੰਛੀ ਇੱਕ ਬਾਗ ਵਿੱਚ ਰਹਿੰਦੇ ਸਨ। ਇੱਕ ਪਰਿੰਦੇਬਾਜ਼ ਸ਼ਿਕਾਰੀ ਨੂੰ ਪਤਾ ਲੱਗ ਗਿਆ ਕਿ ਇਸ ਬਾਗ ਵਿੱਚ ਤੋਤਾ ਤੇ ਹੋਰ ਪੰਛੀ ਰਹਿੰਦੇ ਹਨ। ਜੇ ਇਹਨਾਂ ਨੂੰ ਫੜ ਕੇ ਬਾਜ਼ਾਰ ਵਿੱਚ ਵੇਚਿਆ ਜਾਵੇ ਤਾਂ ਬਹੁਤ ਮੁਨਾਫਾ ਹੋ ਸਕਦਾ ਹੈ। ਉਸਨੇ ਬਾਗ ਵਿੱਚ ਜਾ ਕੇ ਜਾਲ ਵਿਛਇਆ ਤੇ ਚੋਗਾ ਪਾ ਦਿੱਤਾ। ਬਹੁਤ ਸਾਰੇ ਪੰਛੀ ਉਸਦੇ ਜਾਲ ਵਿੱਚ ਫਸ ਗਏ। ਸ਼ਿਕਾਰੀ ਨੇ ਉਹਨਾਂ ਪੰਛੀਆਂ ਵਿੱਚੋਂ ਤੋਤਾ ਅਤੇ ਹੋਰ ਵਧੀਆ ਚਿੜੀਆਂ ਨੂੰ ਬਾਜ਼ਾਰ ਵਿੱਚ ਵੇਚ ਦਿੱਤਾ ਤੇ ਬਾਕੀਆਂ ਨੂੰ ਮਾਰ ਦਿੱਤਾ ਜਾਂ ਆਪਣਾ ਭੋਜਨ ਬਣਾ ਲਿਆ। ਇਹ ਸਿਲਸਲਾ ਕੁਝ ਦਿਨ ਚਲਦਾ ਰਿਹਾ। ਇਕ ਦਿਨ ਇਕ ਬੁਢਾ ਤੋਤਾ ਉਸਦੇ ਜਾਲ 'ਚੋਂ ਕਿਸੇ ਤਰਾਂ ਬਚ ਨਿਕਲਿਆ ਤੇ ਉਸ ਨੇ ਬਾਗ ਵਿੱਚ ਪਹੁੰਚ ਕੇ ਸਾਰੇ ਪੰਛੀਆਂ ਨੂੰ ਇੱਕਠਾ ਕੀਤਾ ਤੇ ਕਿਹਾ ਕਿ ਜੇ ਸ਼ਿਕਾਰੀ ਇਸੇ ਤਰਾਂ ਸਾਨੂੰ ਫੜਦਾ ਰਿਹਾ ਤਾਂ ਇਹ ਬਾਗ ਬਹੁਤ ਜਲਦੀ ਖਾਲੀ ਹੋ ਜਾਵੇਗਾ। ਉਸਨੇ ਸਾਰਿਆਂ ਨੂੰ ਇੱਕ ਵਿਉਂਤ ਦੱਸੀ ਕਿ ਕਲ੍ਹ ਜਦੋਂ ਸ਼ਿਕਾਰੀ ਬਾਗ ਵਿੱਚ ਆਵੇ ਤੇ ਚੋਗਾ ਪਾਵੇ ਤਾਂ ਆਪਾਂ ਚੋਗਾ ਚੁਗਣਾ ਨਹੀਂ ਤੇ ਜਾਲ ਵਿੱਚ ਫਸਣਾ ਨਹੀਂ। ਇਹ ਗੱਲ ਤੋਤੇ ਨੇ ਸਾਰੇ ਪੰਛੀਆਂ ਨੂੰ ਪੱਕੀ ਕਰਵਾ ਦਿੱਤੀ ਤੇ ਸਾਰੇ ਇਹ ਵਾਰ-ਵਾਰ ਕਹਿ ਰਹੇ ਸਨ ਕਿ ਚੋਗਾ ਚੁਗਣਾ ਨਹੀਂ ਜਾਲ ਵਿੱਚ ਫਸਣਾ ਨਹੀਂ'। ਜਦੋਂ ਅਗਲੇ ਦਿਨ ਸ਼ਿਕਾਰੀ

*ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਵਿੱਚ ਪੇਜ ਨੰ: ੪੪ ਤੇ ਪ੍ਰੋ: ਸਾਹਿਬ ਸਿੰਘ ਜੀ ਨੇ ਲਿਖਿਆ ਹੈ।

ਆਇਆ ਤਾਂ ਉਸਨੇ ਦੇਖਿਆ ਕਿ ਸਾਰੇ ਪੰਛੀ ਇਹ ਗਾ ਰਹੇ ਸਨ ਕਿ 'ਚੋਗਾ ਚੁਗਣਾ ਨਹੀਂ ਜਾਲ ਵਿੱਚ ਫਸਣਾ ਨਹੀਂ'। ਇਹ ਸੁਣ ਕੇ ਸ਼ਿਕਾਰੀ ਨੇ ਸੋਚਿਆ ਕਿ ਅੱਜ ਇੱਥੇ ਉਸਦੀ ਦਾਲ ਨਹੀਂ ਗਲੇਗੀ, ਇਸ ਲਈ ਚੋਗਾ ਖਰਾਬ ਕਰਨ ਦਾ ਕੋਈ ਫਾਇਦਾ ਨਹੀਂ। ਫਿਰ ਉਸਨੇ ਸੋਚਿਆ ਕਿ ਇੱਕ ਵਾਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਸੋਚ ਕੇ ਉਸਨੇ ਜਾਲ ਵਿਛਾ ਦਿੱਤਾ। ਜਦੋਂ ਉਸਨੇ ਜਾਲ ਵਿਛਾਇਆ ਤਾਂ ਉਹ ਬਹੁਤ ਹੈਰਾਨ ਹੋਇਆ ਕਿ ਜਿਹੜਾ ਤੋਤਾ ਉਹਨਾਂ ਪੰਛੀਆਂ ਨੂੰ ਰਟਾ ਰਿਹਾ ਸੀ ਉਹੀ ਸਭ ਤੋਂ ਪਹਿਲਾਂ ਆ ਕੇ ਚੋਗਾ ਚੁਗਣ ਲੱਗਾ। ਇਸ ਤਰਾਂ ਉਸਦੇ ਮਗਰ ਹੌਲੀ-ਹੌਲੀ ਸਾਰੇ ਪੰਛੀ ਆ ਗਏ ਤੇ ਜਾਲ ਵਿੱਚ ਫਸ ਗਏ।

ਇੱਥੇ ਇਕ ਖਾਸ ਗੱਲ ਇਹ ਹੈ ਕਿ ਇਹ ਸਾਰੇ ਪੰਛੀ ਜਾਲ ਵਿੱਚ ਫਸੇ ਹੋਏ ਵੀ ਗਾ ਰਹੇ ਸਨ ਕਿ ਚੋਗਾ ਚੁਗਣਾ ਨਹੀ, ਜਾਲ ਵਿੱਚ ਫਸਣਾ ਨਹੀਂ'। ਹੋ ਸਕਦਾ ਹੈ ਕਿ ਇਹ ਕਿਸੇ ਦੀ ਮਨਘੜ੍ਹਤ ਕਹਾਣੀ ਹੋਵੇ ਪਰ ਇਹ ਤਾਂ ਸੱਚ ਹੈ ਕਿ ਅਸੀਂ ਸਾਰੇ ਪੱਛਮੀਂ ਦੇਸ਼ਾਂ ਦੇ ਪ੍ਰਭਾਵ ਹੇਠਾਂ ਹਾਂ। ਕੋਈ ਕਿੰਨੀਆਂ ਵੀ ਵੱਡੀਆਂ ਡੀਂਗਾਂ ਮਾਰੇ ਪਰ ਸਾਰਿਆਂ ਦਾ ਛੁਟਕਾਰਾ ਪੱਛਮੀਂ ਦੇਸ਼ਾਂ ਨਾਲ ਮਿਲ ਕੇ ਹੀ ਹੁੰਦਾ ਹੈ। ਜਿਸ ਨੂੰ ਅਸੀਂ ਤੱਰਕੀ ਜਾਂ ਇਨਕਲਾਬ ਆਖ ਰਹੇ ਹਾਂ ਉਹ ਇਹਨਾਂ ਦੇਸ਼ਾਂ ਤੋਂ ਹੀ ਆਇਆ ਹੈ। ਸਾਡੇ ਦੇਸ਼ ਵਿੱਚ ਜਿਸ ਦਿਨ ਪਹਿਲਾ ਹਵਾਈ ਜਹਾਜ਼ ਉਤਰਿਆ ਸੀ ਉਸ ਦਿਨ ਵੀ ਸਾਡੇ ਲੋਕਾਂ ਵਿੱਚ ਧਾਰਮਿਕ ਭਾਵਨਾਵਾਂ ਵਾਲੇ ਵਿਚਾਰ ਪੈਦਾ ਹੋਏ ਸਨ। ਕੋਈ ਇਸ ਨੂੰ ਬ੍ਰਹਮਾ ਦਾ ਵਿਮਾਨ ਤੇ ਕੋਈ ਵਿਸ਼ਨੂੰ ਵਿਮਾਨ ਆਖ ਰਿਹਾ ਸੀ ਭਾਵ ਅਗਿਆਨਤਾ ਦੇ ਕਾਰਣ ਜਿੰਨੇ ਮੂੰਹ ਉਨੀਆਂ ਗੱਲਾਂ। ਆਖਰ ਲੋਕਾਂ ਨੂੰ ਪਤਾ ਲੱਗ ਗਿਆ ਕਿ ਇਹ ਇਕ ਵਿਦੇਸ਼ੀ ਜਹਾਜ਼ ਹੈ ਫਿਰ ਸਮਾਂ ਬਦਲਿਆ। ਸੇਰਾਂ ਤੋਂ ਕਿੱਲੋ, ਗ੍ਰਾਮ, ਤੋਲੇ ਤੇ ਆ ਗਏ। ਜਦੋਂ ਇਹ ਸਾਰਾ ਕੁਝ ਬਦਲ ਗਿਆ ਹੈ ਫਿਰ ਅਸੀਂ ਸੰਨ, ਸੰਮਤ ਵਿੱਚ ਕਿਉਂ ਉਲਝ ਪਏ ਹਾਂ।

ਕੋਈ ਸਾਡੇ ਨਾਲੋਂ ਤੇਜ਼ ਦੌੜ ਕੇ ੧੭੫੨ ਵਿੱਚ ਗਿਆਰਾਂ ਦਿਨ ਅੱਗੇ ਲੰਘ ਗਿਆ ਹੈ ਅਤੇ ਅਸੀਂ ਅੱਜ ੨੦੦੯ ਵਿੱਚ ੨੫੭ ਸਾਲ ਦੇ ਬਾਅਦ ਵੀ ਅੱਗੇ ਲੰਘਣ ਵਾਲਿਆਂ ਦੇ ਪਿੱਛੇ ਲੱਗੇ ਹੋਏ ਹਾਂ। ਇਹ ਠੀਕ ਨਹੀਂ ਹੈ ਤੇ ਇਹ ਕੰਮ ਖਾਲਸੇ ਨੂੰ ਤਾਂ ਬਿਲਕੁਲ ਵੀ ਸੋਭਾ ਨਹੀਂ ਦਿੰਦਾ। ਭਾਈ ਤਾਰੂ ਸਿੰਘ ਜੀ ਦਾ ਜਨਮ-ਦਿਨ ਦਾ ੩00 ਸਾਲਾ ੧੯ ਮਾਰਚ, 2020 ਵਿੱਚ ਆ ਰਿਹਾ ਹੈ। ਆਓ ਅਸੀਂ ਇਸ ਤੋਂ ਪਹਿਲਾਂ-ਪਹਿਲਾਂ ਜਾਗ ਜਾਈਏ।

ਅੱਜ ਅਸੀਂ ਆਪਣੇ ਗੁਰੂ ਸਾਹਿਬਾਨਾਂ ਵਾਲਾ ਮਾਰਗ ਭੁਲਦੇ ਜਾ ਰਹੇ ਹਾਂ ਤੇ ਅਸੀਂ ਵਿਤਕਰੇ ਦੀ ਵਿਚਾਰ ਵਿੱਚ ਫਸਦੇ ਜਾ ਰਹੇ ਹਾਂ। ਗੁਰੂ ਨਾਨਕ ਪਾਤਸ਼ਾਹ ਅਗਰ ਪਾਕ-ਪਟਨ ਗਏ ਤਾਂ ਉਹਨਾਂ ਨੂੰ ਬਾਬਾ ਫਰੀਦ ਜੀ ਦੇ ਵਿਚਾਰ ਕੀਮਤੀ ਲੱਗੇ ਤੇ ਉਹ ਉਹਨਾਂ ਨੂੰ ਨਾਲ ਲੈ ਆਏ। ਅਗਰ ਬਨਾਰਸ ਗਏ ਤਾਂ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਤੇ ਰਾਮਾਨੰਦ ਜੀ ਦੀ ਬਾਣੀ ਨੂੰ ਨਾਲ ਲੈ ਆਏ। ਭਾਵ ਜਿੱਥੋਂ ਵੀ ਅਕਾਲ-ਪੁਰਖ ਦੀ ਉਸਤਤ ਵਿੱਚ ਮਿਲਿਆ ਉਸਨੂੰ ਹਿਰਦੇ ਵਿੱਚ ਵਸਾ ਲਿਆ, ਫਿਰ ਚਾਹੇ ਉਹ ਵਿਚਾਰ ਬਾਬਾ ਨਾਮਦੇਵ ਜੀ ਜਾਂ ਭਗਤ ਭੀਖਣ ਜੀ ਦੇ

ਸਨ। ਜਦੋਂ ਇਹ ਵਿਚਾਰ ਅਕਿੰਤ ਕਰਦੇ ਗਏ ਤਾਂ ਇਹ ਤੁਕ ਪੁੱਛਣ ਲੱਗੇ, **'ਪੁਛਣ ਖੋਲ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲ ਮਨੋਈ'** ਤਾਂ ਬਾਬੇ ਨੇ ਆਖਿਆ ਕਿ **'ਬਾਬਾ ਆਖੇ ਹਾਜੀਆਂ ਸੁਭ ਅਮਲਾਂ ਬਾਜੋਂ ਦੋਨੋ ਰੋਈ'** ਭਾਵ ਹਾਜੀਆਂ ਨੂੰ ਚੰਗੇ ਅਮਲਾਂ ਤੋਂ ਬਿਨਾਂ ਦੋਵੇਂ ਹੀ ਹੋਣਗੇ ਭਾਵ ਚੰਗੀ ਵਿਚਾਰ ਕਿਤੋਂ ਵੀ ਮਿਲ ਜਾਵੇ ਹਾਸਲ ਕਰ ਲੈਣੀ ਚਾਹੀਦੀ ਹੈ। ਭਾਈ ਤਾਰੂ ਸਿੰਘ ਜੀ ਸ਼ਹੀਦੀ ਜਿੱਥੇ ਹੋਰ ਵੱਡਮੁੱਲੇ ਵਿਚਾਰ ਬਖਸ਼ਿਸ਼ ਕਰ ਰਹੀ ਹੈ, ਉੱਥੇ ਆਪਣੇ ਵਾਰਸਾਂ ਨੂੰ ਇਹੀ ਸੰਦੇਸ਼ ਦੇ ਰਹੀ ਹੈ ਕਿ ਐ ਖਾਲਸਾ ਜੀ! ਸਾਰੇ ਭਰਮ-ਗੜ੍ਹ ਤੋੜ ਦੇ। ਤੂੰ ਕੇਵਲ ਪੰਦਰਾਂ ਦਿਨ ਪਿੱਛੇ ਹੈਂ। ਇਹ ਬਿਕ੍ਰਮੀ, ਸੰਨ, ਸੰਮਤ ਤੇ ਹੋਰ ਪਿਛਲੇ ਰੋਹ ਦੇ ਵਿਚਾਰਾਂ ਨੂੰ ਛੱਡ ਕੇ ਇੱਕ ਜੁਲਾਈ ਨੂੰ ਇੱਕ ਸਾਵਣ ਦੀ ਸੰਗਰਾਂਦ ਮੰਨ ਲਈਏ ਜਾਂ ਨਾਂ ਮੰਨੀਏ ਪਰ ਭਰਮਾਂ ਦੇ ਪੜਦਿਆਂ ਨੂੰ ਖੋਲਣਾ ਸਾਡਾ ਪਹਿਲਾ ਧਰਮ ਤੇ ਫਰਜ਼ ਹੈ। ਇਹ ਗੁਰੂਆਂ ਦੀ ਬਾਣੀ ਕੇਵਲ ਨਿੱਤ ਪੜ੍ਹਨ ਵਾਸਤੇ ਹੀ ਨਹੀ ਹੈ ਬਲਕਿ ਅਮਲ ਕਰਕੇ ਇਸ ਅਨੁਸਾਰ ਜੀਵਨ ਨੂੰ ਢਾਲਣ ਵਾਸਤੇ ਹੈ। ਥਿਤ, ਵਾਰ ਕੋਈ ਨਹੀਂ ਜਾਣਦਾ, ਨਾ ਹੀ ਰੁੱਤ ਤੇ ਮਹੀਨਾ। ਇਹ ਤਾਂ ਜਿਸ ਪ੍ਰਮਾਤਮਾ ਨੇ ਇਸ ਸ੍ਰਿਸਟੀ ਨੂੰ ਸਾਜਿਆ ਹੈ, ਉਹੀ ਜਾਣਦਾ ਹੈ। ਇਸ ਸ੍ਰਿਸ਼ਟੀ ਵਿੱਚ ਮਨੁੱਖਾ ਜੀਵਨ ਅਹਿਮ ਸਥਾਨ ਰੱਖਦਾ ਹੈ। ਆਓ ਖਾਲਸਾ ਜੀ! ਪੂਰਬ-ਪੱਛਮ ਦੀਆਂ ਹਵਾਵਾਂ ਤੋਂ ਬਚੀਏ। ਜੇ ਨਾ ਬਚ ਸਕੇ ਤਾਂ ਨਤੀਜਾ ਸਾਹਮਣੇ ਹੈ। ਜਿਵੇਂ ਅੱਜ ਹਰ ਸਾਲ ੧੯ ਅਪ੍ਰੈਲ ਅਤੇ ੧੯ ਸੰਤਬਰ ਨੂੰ ਚਾਰ-ਚਾਰ ਗੁਰਪੁਰਬ ਇੱਕਠੇ ਕੀਤੇ ਪਏ ਹਨ, ਉਹੀ ਆਪਣੇ ਨਾਲ ਅੱਜ ਹੋ ਰਿਹਾ ਹੈ। ਸਾਡੇ ਗੁਰੂਆ ਦੇ ਜੀਵਨ ਇੰਨੇ ਮਹਾਨ ਹਨ ਕਿ ਇੱਕ ਦਿਨ ਵਿੱਚ ਇੱਕ ਗੁਰੂ ਦੇ ਬਚਨ ਵੀ ਪੂਰੇ ਨਹੀਂ ਹੁੰਦੇ, ਫਿਰ ਚਾਰ ਗੁਰੂਆਂ ਦੇ ਬਚਨ ਇੱਕ ਦਿਨ ਵਿੱਚ ਕਿਵੇਂ ਬੋਲੇ ਜਾ ਸਕਦੇ ਹਨ। ਇਹ ਸਾਡੇ ਨਾਲ ਬਹੁਤ ਘਿਨਾਉਣੀ ਹਰਕਤ ਕੀਤੀ ਜਾ ਰਹੀ ਹੈ। ਇਸ ਤੋਂ ਅਸੀ ਬਚਣਾ ਹੈ ਤੇ ਕੌਮ ਦੀ ਸੋਚ ਨੂੰ ਉਸਾਰੂ ਬਣਾਉਣ ਦਾ ਯਤਨ ਕਰਨਾ ਹੈ।

ਸਾਡੇ ਕੋਲ ਸਾਲ ਵਿੱਚ ੩੬੫ ਦਿਨ ਹਨ। ਇਹਨਾਂ ਦਿਨਾਂ ਨੂੰ ਠੀਕ ਤਰਤੀਬ ਦੇਈਏ। ੩੬੫ ਦਿਨਾਂ ਵਿੱਚ ੩੨ ਦਿਨ ਸਾਡੇ ਗੁਰੂਆਂ ਦੇ ਗੁਰਪੁਰਬ ਮਨਾਉਣ ਵਾਸਤੇ ਹਨ ਜਿਵੇਂ ਕਿ ੧੦ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ, ਗੁਰਗੱਦੀ ਪੁਰਬ ਅਤੇ ਜੋਤੀ-ਜੋਤ ਦਿਵਸ ਦੇ ਹਨ। ਇੱਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਦਾ ਹੈ ਤੇ ਇੱਕ ਦਿਨ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਗੱਦੀ ਨਸ਼ੀਨ ਦਿਵਸ ਹੈ। ਇਸ ਤਰਾਂ ੩੬੫ ਦਿਨਾਂ ਵਿੱਚੋਂ ੩੨ ਦਿਨਾਂ ਨੂੰ ਕੱਢ ਕੇ ਬਾਕੀ ਦਿਨਾਂ ਨੂੰ ਇਸ ਹਿਸਾਬ ਨਾਲ ਸਹੀ ਤਰੀਕਾਂ ਦਿੱਤੀਆਂ ਜਾਣ ਕਿ ਸਾਰੇ ਗੁਰਪੁਰਬ ਸਹੀ ਢੰਗ ਨਾਲ ਮਨਾਏ ਜਾ ਸਕਣ ਭਾਵ ਇੱਕ ਦਿਨ ਵਿੱਚ ਇੱਕ ਗੁਰਪੁਰਬ ਹੀ ਆਵੇ। ਖਾਲਸੇ ਦਾ ਜਨਮ ਦਿਹਾੜਾ, ਭੱਟਾਂ, ਭਗਤਾਂ, ਸ਼ਹੀਦਾਂ ਆਦਿ ਦੇ ਗੁਰਪੁਰਬ ਨਾਨਕਸ਼ਾਹੀ ਕੈਲੰਡਰ ਨਾਲ ਮਿਲਾ ਕੇ ਤਰੀਕਾਂ ਪੱਕੀਆ ਕੀਤੀਆਂ ਜਾਣ ਤਾਂ ਕਿ ਇੱਕ ਦਿਨ ਵਿੱਚ ਚਾਰ ਗੁਰਪੁਰਬ ਇੱਕਠੇ ਨਾ ਆਉਣ ਤਾਂ ਕਿ ਸੰਗਤ ਭਰਮਗੜ੍ਹ ਵਿੱਚੋਂ ਬਾਹਰ ਨਿਕਲ ਕੇ ਆਪਣੇ ਸੰਪੂਰਨ ਇਤਿਹਾਸ ਨੂੰ ਸੁਣ ਸਕੇ। ਇਹੀ ਨਿਮਾਣੀ ਬੇਨਤੀ ਉਹਨਾਂ ਬੁੱਧੀਜੀਵੀਆਂ ਨੂੰ ਹੈ ਜੋ ਇਹ ਕਾਰਜ ਗੁਰੂ ਦੇ ਓਟ ਆਸਰੇ ਨਾਲ ਨੇਪਰੇ ਚ੍ਹਾੜ ਸਕਦੇ ਹਨ।

ਸਿੱਖ ਇਤਿਹਾਸ ਵਿੱਚ 'ਭਾਈ ਸੁੱਖਾ ਸਿੰਘ' ਨਾਮ ਦੇ ਕਿੰਨੇ ਸ਼ਹੀਦ ਹੋਏ...?

ਇਹ ਲੇਖ ਪਾਠਕਾਂ ਦੀ ਭਰਪੂਰ ਜਾਣਕਾਰੀ ਵਾਸਤੇ ਲਿਖਿਆ ਗਿਆ ਹੈ। ਇਸ ਲੇਖ ਰਾਹੀਂ ਪਾਠਕਾਂ ਨੂੰ ਇਸ ਗੱਲ ਦੀ ਜਾਣਕਾਰੀ ਮਿਲੇਗੀ ਕਿ ਸਿੱਖ ਇਤਿਹਾਸ ਵਿੱਚ ਸੁੱਖਾ ਸਿੰਘ ਨਾਮ ਦੇ ਕਿੰਨੇ ਗੁਰਸਿੱਖ ਸਨ ਜਿਨ੍ਹਾਂ ਨੇ ਕੌਮ ਦੀ ਖਾਤਰ ਆਪਣੀ ਸ਼ਹੀਦੀ ਦਿੱਤੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ੧੭੯੫ ਤੱਕ ਸ.ਸੁੱਖਾ ਸਿੰਘ ਨਾਮ ਦੇ ਅਨੇਕਾਂ ਸਿੰਘ ਹੋਣਗੇ, ਜਿਨ੍ਹਾਂ ਨੇ ਕੌਮ ਦੀ ਖਾਤਰ ਆਪਣਾ ਜੀਵਨ ਕੁਰਬਾਨ ਕੀਤਾ। ਸਮਕਾਲੀ ਇਤਿਹਾਸਕਾਰ ਲੇਖਕ ਕੇਵਲ ਉਂਗਲਾਂ ਗਿਣਨ ਵਾਲੇ ਹੀ ਸਨ। ਉਹਨਾਂ ਗੁਰੂ ਕੇ ਪਿਆਰਿਆਂ ਨੇ ਜਿਆਦਾ ਇਤਿਹਾਸ ਕਾਵਿ-ਰਚਨਾ ਦੁਆਰਾ ਹੀ ਲਿਖਿਆ ਹੈ। ਇਸ ਤੋਂ ਥੋੜੇ ਸਮੇਂ ਬਾਅਦ ਦੇ ਇਤਿਹਾਸਕਾਰਾਂ ਵਿੱਚ ਬਹੁਤ ਘੱਟ ਗਿਣਤੀ ਸਿੱਖਾਂ ਦੀ ਹੈ। ਬਹੁਤਾ ਇਤਿਹਾਸ ਦੂਜੀਆਂ ਕੌਮਾਂ ਭਾਵ ਹਿੰਦੂ,ਮੁਸਲਮਾਨਾਂ ਜਾਂ ਗੋਰਿਆਂ ਨੇ ਹੀ ਲਿਖਿਆ ਹੈ। ਜਿਹੜੇ ਪਾਠਕ ਵੀਰ ਜਿਆਦਾ ਕਿਤਾਬਾਂ ਪੜ੍ਹਦੇ ਹਨ,ਉਹਨਾ ਨੂੰ ਪਤਾ ਹੈ ਕਿ ਜੇ ਕਿਸੇ ਹਿੰਦੂ ਇਤਿਹਾਸਕਾਰ ਨੇ ਇਤਿਹਾਸ ਲਿਖਿਆ ਤਾਂ ਉਸ ਵਿੱਚ ਹਿੰਦੂ ਮੱਤ ਦਾ ਰਲੇਵਾਂ ਹੋਇਆ ਹੈ ਤੇ ਜੇ ਕਿਸੇ ਮੁਸਲਮਾਨ ਨੇ ਇਤਿਹਾਸ ਲਿਖਿਆ ਤਾਂ ਉਸ ਵਿੱਚ ਵੀ ਇਸਲਾਮ ਦੀ ਮੱਤ ਸ਼ਾਮਲ ਹੋਈ ਹੈ। ਇਹ ਸਭ ਕੁਝ ਉਹਨਾਂ ਨੇ ਆਪਣੀਆਂ ਕੌਮਾਂ ਤੋਂ ਡਰ ਕੇ ਕੀਤਾ ਹੈ। ਸ਼ੁੱਧ ਸਿੱਖ ਇਤਿਹਾਸ ਕਿਸੇ ਵੀ ਹੋਰ ਕੌਮ ਦੇ ਲਿਖਾਰੀ ਨੇ ਨਹੀਂ ਲਿਖਿਆ। ਜੇ ਕਿਸੇ ਸਿੱਖ ਨੇ ਸਿੱਖ ਇਤਿਹਾਸ ਲਿਖਿਆ ਵੀ ਹੈ ਤਾਂ ਉਹ ਵੀ ਕਿਸੇ ਦਬਾਅ ਹੇਠ ਆ ਕੇ ਹੀ ਲਿਖਿਆ ਹੈ। ਬਹੁਤ ਸਾਰੇ ਲਿਖਾਰੀਆਂ ਨੂੰ ਬਾਅਦ ਵਿੱਚ ਸੋਧ ਕੇ ਲਿਖਦੇ ਦੇਖਿਆ ਹੈ। ਇੱਕ ਗੱਲ ਖਾਸ ਸਮਝਣ ਵਾਲੀ ਹੈ ਤੇ ਮੇਰੇ ਇਸ ਬੋਲ ਨੂੰ ਖਾਸ ਤੇ ਸੂਝਵਾਨ ਪਾਠਕ ਸਮਝਣਗੇ। ਬਾਕੀ ਤਾਂ ਬਹੁਤ ਲੋਕਾਂ ਨੂੰ ਦਾਸ ਨੇ ਸੰਨ ਤੇ ਸੰਮਤ ਆਦਿ ਜਨਮ,ਸ਼ਹੀਦੀ ਤਰੀਕਾਂ,ਅਤੇ ਮਾਤਾ-ਪਿਤਾ ਦੇ ਨਾਮ ਅਤੇ ਪਿੰਡ ਜਾਂ ਇਲਾਕੇ ਦਾ ਨਾਮ ਵੀ ਦੱਸਿਆ ਗਿਆ ਹੈ ਅਤੇ ਲੋਕਾਂ ਇਹਨਾਂ ਦੇ ਕਾਰਣ ਲੜਦੇ ਹੋਏ ਵੇਖਣ ਨੂੰ ਮਿਲਦਾ ਹੈ ਪਰ ਗੁਰੂ ਸਾਹਿਬ ਜੀ ਨੇ ਸਾਨੂੰ ਇਹਨਾਂ ਤੋਂ ਦੂਰ ਰਹਿਣ ਦਾ ਹੀ ਉਪਦੇਸ਼ ਦਿੱਤਾ ਹੈ। ਵਿਦੇਸ਼ਾਂ ਵਿੱਚ ਵੀ ਲੋਕਾਂ ਨੂੰ ਗੁਰੂ ਦੇ ਉਪਦੇਸ ਤੋਂ ਦੂਰ ਹੋ ਕੇ ਲੜਦੇ ਹੋਏ ਵੇਖਿਆ ਹੈ। ਬਹੁਤ ਘੱਟ ਹੀ ਗੁਰੂ ਕੇ ਅਸਲੀ ਸਿੱਖ ਵੇਖਣ ਨੂੰ ਮਿਲਦੇ ਹਨ।

ਦਾਸ ਨੇ ਆਪਣੇ ਅੱਖੀਂ ਵੇਖਿਆ ਹੈ ਕਿ ਇੰਗਲੈਂਡ ਵਿੱਚ ਇੱਕ ਗੁਰੂ ਕਾ ਪਿਆਰਾ ਆਪਣੇ ਘਰ ਵਿੱਚ ਪ੍ਰਸ਼ਾਦਾ ਛਕਾਉਣ ਲਈ ਪੰਜ ਪਿਆਰਿਆਂ ਨੂੰ ਲੱਭ ਰਿਹਾ ਸੀ ਪਰ ਪੰਜ ਸਿੰਘ ਘੱਟਦੇ ਦੇਖ ਕੇ ਗ੍ਰੰਥੀ ਸਿੰਘ ਦਾਸ ਨੂੰ ਹੀ ਫੜ ਕੇ ਲੈ ਗਏ। ਅੱਧਾ ਘੰਟਾ ਕਾਰ ਚੱਲਣ ਤੋਂ ਬਾਅਦ ਜਦੋਂ ਇਸ ਗੁਰਸਿੱਖ ਦਾ ਘਰ ਆਇਆ। ਸਾਡੀ ਗੱਡੀ ਉਸ ਗੁਰਸਿੱਖ ਦੇ ਘਰ ਦੇ ਨੇੜੇ ਪਹੁੰਚਣ ਹੀ ਵਾਲੀ ਸੀ ਕਿ

ਗੁਰਦੁਆਰੇ ਦੇ ਆਕਾਰ ਵਾਲਾ ਇੱਕ ਧਰਮ ਅਸਥਾਨ ਨਜ਼ਰ ਆਇਆ ਜਿਸ ਉੱਪਰ ਲਿਖਿਆ ਸੀ 'ਸ੍ਰੀ ਗੁਰੂ ਰਵਿਦਾਸ ਟੈਂਪਲ'। ਗੱਡੀ ਅੱਗੇ ਲੰਘ ਗਈ। ਦਾਸ ਨੇ ਉਸ ਗੁਰਸਿੱਖ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਆਪ ਜੀ ਦੇ ਘਰ ਦੇ ਬਿਲਕੁਲ ਨੇੜੇ ਹੈ ਫਿਰ ਉਹ ਸਾਨੂੰ ਇੰਨੀ ਦੂਰ ਤੋਂ ਇੱਥੇ ਕਿਉਂ ਲੈ ਕੇ ਆਏ ਹਨ,ਕੀ ਇੱਥੇ ਪੰਜ ਸਿੰਘ ਨਹੀਂ ਹਨ..?

ਬੱਸ ਇੰਨੀ ਗੱਲ ਆਖਣ ਦੀ ਦੇਰ ਸੀ ਉਸ ਗੁਰੂ ਕੇ ਪਿਆਰੇ ਸਿੱਖੀ ਸਿਧਾਂਤਾਂ ਨੂੰ ਕੁਚਲ ਕੇ ਜੋ ਕੁਝ ਆਖਿਆ,ਉਸ ਨੂੰ ਲਿਖ ਦਾਸ ਨਹੀ ਸਕਦਾ। ਫਿਰ ਵੀ ਜੋ ਮੇਰੇ ਮਜ਼ਬੂਨ ਨਾਲ ਮੇਲ ਖਾਂਦੇ ਹਨ,ਉਹ ਬਚਨ ਲਿਖ ਰਿਹਾ ਹਾਂ। ਉਸਨੇ ਆਖਿਆ ਕਿ ਪਹਿਲੀ ਗੱਲ ਇਹ ਗੁਰਦੁਆਰਾ ਰਵਿਦਾਸੀਆਂ ਦਾ ਹੈ। ਮੈਂ ਇੱਥੇ ਜਾਂਦਾ ਹੀ ਨਹੀਂ ਕਿਉਂਕਿ ਜਦੋਂ ਅਸੀਂ ਇੱਥੇ ਨਵਾਂ-ਨਵਾਂ ਘਰ ਖਰੀਦਿਆ ਸੀ ਬੱਸ ਉਸੇ ਸਮੇ ਗਿਆ ਸੀ। ਸਾਰੀ ਕਮੇਟੀ ਰਵਿਦਾਸੀਆਂ ਦੀ ਹੈ ਤੇ ਉਹਨਾਂ ਨੇ ਮੈਨੂੰ ਕਮੇਟੀ ਵਿੱਚ ਮੈਂਬਰ ਨਹੀਂ ਲਿਆ। ਸਾਰੇ ਹੀ ਮਨ ਮਤੀਏ ਹਨ।

ਬੱਸ ਮੈਂ ਸਮਝ ਗਿਆ ਇਸ ਪੂਰੇ ਪੁਆੜੇ ਦੀ ਜੜ੍ਹ। ਉਮੀਦ ਹੈ ਕਿ ਪਾਠਕ ਵੀ ਸਮਝ ਗਏ ਹੋਣਗੇ ਕਿ ਜੇ ਇਸ ਸਰਦਾਰ ਨੂੰ ਕਮੇਟੀ ਵਿੱਚ ਮੈਂਬਰ ਲੈ ਲੈਂਦੇ ਤਾਂ ਸਾਰੇ ਚੰਗੇ ਲੱਗਣੇ ਸਨ। ਇੱਥੋਂ ਦੇ ਰਾਗੀ,ਗ੍ਰੰਥੀ ਤੇ ਪਾਠੀ ਵੀ ਚੰਗੇ ਲਗਣੇ ਸਨ। ਜੇ ਚੌਧਰ ਨਹੀਂ ਮਿਲੀ ਤਾਂ ਸਾਰੇ ਹੀ ਮਾੜੇ ਹਨ। ਥੋੜਿਆਂ ਨੂੰ ਛੱਡ ਕੇ ਅਸੀਂ ਵੀ ਇਸੇ ਕਤਾਰ ਵਿੱਚ ਹੀ ਖੜੇ ਹਾਂ। ਕੋਈ ਕਿਸੇ ਤਰੀਕੇ ਤੇ ਕੋਈ ਕਿਸੇ ਤਰੀਕੇ। ਬੱਸ ਢੰਗ ਬਦਲਦਾ ਹੈ। ਦਾਸ ਨੇ ਤਾਂ ਇੱਥੋ ਤੱਕ ਦੇਖਿਆ ਹੈ ਕਿ ਲਿਖਾਰੀਆਂ ਨੇ ਜਾਂ ਤਾਂ ਆਪਣੇ ਮਨ ਦੀ ਖੁਸ਼ੀ ਖਾਤਰ ਜਾਂ ਕਿਸੇ ਰਾਜਨੀਤਿਕ ਪ੍ਰਧਾਨ ਦੀ ਖੁਸ਼ੀ ਖਾਤਰ, ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ ਉਹਨਾਂ ਸਿੰਘਾਂ ਨੂੰ ਵੀ ਅਪਣੀ ਜਾਤ-ਪਾਤ ਨਾਲ ਜੋੜ ਕੇ ਆਪਣੇ-ਆਪ ਨੂੰ ਸਨਮਾਨਿਤ ਕਰਵਾਇਆ ਹੈ।

ਜਿਸ ਗੁਰੂ ਪਿਆਰੇ ਦੀ ਜਾਤ ਜਾਂ ਵੰਸ਼ ਵਿੱਚੋਂ ਆਪਣੇ-ਆਪ ਨੂੰ ਦੱਸ ਰਹੇ ਹੋ,ਘੱਟੋ-ਘੱਟ ਉਹਨਾਂ ਵਾਲੇ ਗੁਣ ਤਾਂ ਪੈਦਾ ਕਰੋ। ਸਾਰੀ ਕੌਮ ਤੁਹਾਨੂੰ ਮੰਨੇਗੀ ਵੀ ਤੇ ਸਨਮਾਨ ਵੀ ਕਰੇਗੀ। ਇਸ ਲਈ ਦਾਸ ਆਪਣੇ ਸੂਝਵਾਨ ਪਾਠਕਾਂ ਨੂੰ ਦਸੱਣਾ ਚਾਹੁੰਦਾ ਹੈ ਕਿ ਜਿਹੜਾ ਇਤਿਹਾਸ ਸਾਨੂੰ ਗੁਰੂ ਤੇ ਗੁਰਬਾਣੀ ਤੋਂ ਦੂਰ ਲੈ ਜਾਵੇ ਉਸਨੂੰ ਆਪਣੇ ਜੀਵਣ ਤੋਂ ਦੂਰ ਹੀ ਰੱਖੀਏ। ਧਾਰਮਿਕ ਕਿਤਾਬਾਂ ਤਾਂ ਸਾਰੇ ਜੀਅ ਰੱਖਦੇ ਹਨ ਪਰ ਜੇ ਉਹਨਾਂ ਨੂੰ ਪੜ੍ਹਾਂਗੇ ਤਾਂ ਹੀ ਸਾਨੂੰ ਪਤਾ ਲੱਗੇਗਾ ਕਿ ਸਿੱਖ ਇਤਿਹਾਸ ਵਿੱਚ ਕਿੰਨੇ ਸੁੱਖਾ ਸਿੰਘ ਹਨ ਤੇ ਕਿੰਨੇ ਮਹਿਤਾਬ ਸਿੰਘ ਹਨ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਹਨ।

ਇੱਥੇ ਸੂਝਵਾਨ ਪਾਠਕਾਂ ਨੂੰ ਇੱਕ ਹੋਰ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਜਿਹੜਾ.ਦਿਨ ਅੱਜ ਲੰਘ ਗਿਆ ਉਸਨੇ ਦੁਆਰਾ ਨਹੀਂ ਆਉਣਾ। ਇਹ ਸੰਨ, ਸੰਮਤ, ਤਰੀਕਾਂ, ਸਾਲ ਇਹਨਾਂ ਦਾ ਅਸਲੀ ਮੂਲ ਤੇ ਅਸਲੀ ਕਾਰ ਹੈ। ਸਾਲ ਵਿੱਚ ਜਦੋਂ ਉਹ ਦਿਨ ਆਵੇ,ਉਸ ਦਿਨ ਚਾਹੇ ਗੁਰੂ ਸਾਹਿਬਾਨ ਦਾ ਦਿਹਾੜਾ ਹੋਵੇ ਜਾਂ ਕਿਸੇ ਹੋਰ ਸਿੰਘ ਦੀ ਸ਼ਹੀਦੀ ਦਾ ਦਿਹਾੜਾ ਹੋਵੇ। ਉਹਨਾਂ ਦਾ ਜੀਵਨ ਸੁਣ ਕੇ ਹੋਜਤੀ ਮਨ

ਗੁਰੂ ਮਾਰਗ ਤੇ ਚੱਲ ਪਵੇ ਜਾਂ ਸ਼ਹੀਦਾਂ ਦੀ ਕੁਰਬਾਨੀ ਸੁਣ ਕੇ ਡਰਪੋਕ ਮਨ ਵਿੱਚ ਕੌਮ ਲਈ ਮਰ ਮਿਟਣ ਦੀ ਹਿਮੰਤ ਆ ਜਾਵੇ। ਤੱਤ ਬਚਨ ਸਿਰਫ ਇੰਨਾ ਹੀ ਹੈ। ਉਮੀਦ ਹੈ ਕਿ ਗੱਲ ਪਕੜ ਵਿੱਚ ਆ ਗਈ ਹੋਵੇਗੀ।

ਜਦੋਂ ਲੇਖਕ ਇੱਕ ਸਿੰਘ ਦੀ ਸ਼ਹੀਦੀ ਤਰੀਕ, ਸੰਨ ਅੱਲਗ-ਅੱਲਗ ਲਿਖ ਦਿੰਦੇ ਹਨ ਤਾਂ ਸਾਡੇ ਗੁਰੂ ਕੇ ਪਿਆਰੇ ਜਿੰਨਾਂ ਨੇ ਕੇਵਲ ਇੱਕ ਜਾਂ ਦੋ ਕਿਤਾਬਾਂ ਪੜ੍ਹੀਆਂ ਹੁੰਦੀਆਂ ਹਨ ਜਾਂ ਗੁਣੀ-ਗਿਆਨੀ ਕਥਾ ਵਾਚਕਾਂ ਕੋਲੋਂ ਇਸ ਬਾਰੇ ਸੁਣਿਆ ਹੁੰਦਾ ਹੈ,ਉਹ ਆਪਣੇ ਗਿਆਨ ਨੂੰ ਵੱਡਾ ਦੱਸਣ ਲਈ ਇੱਕ ਸ਼ਹੀਦ ਦੀਆਂ ਚਾਰ-ਪੰਜ ਤਰੀਕਾਂ ਦੱਸ ਕੇ ਆਪਣੀ ਮੂੜ-ਮੱਤ ਜਾਂ ਹਓਮੈ ਨੂੰ ਉਜਾਗਰ ਕਰ ਲੈਂਦੇ ਹਨ। ਸਭ ਤੋਂ ਮਹਾਨ ਸ਼ਹੀਦ ਦੀ ਸ਼ਹੀਦੀ ਦਾ ਖਿਲਵਾੜ ਕਰ ਦਿੰਦੇ ਹਨ ਕਿਉਂਕਿ ਸਾਡੇ ਗੁਰੂ ਘਰਾਂ ਦੇ ਪ੍ਰੰਬਧਕ ਇਹ ਗੱਲ ਕਹਿੰਦੇ ਹਨ ਕਿ ਪਹਿਲਾਂ ਸ਼ਹੀਦ ਦੀ ਸ਼ਹੀਦੀ ਦੀ ਅਸਲੀ ਤਰੀਕ ਪਤਾ ਕਰੋ ਫਿਰ ਅਸੀਂ ਇਹ ਦਿਹਾੜਾ ਮਨਾਵਾਂਗੇ, ਬੱਸ ਇੰਨੀ ਗੱਲ ਕਰਕੇ ਹੀ ਪਿੱਛੇ ਹਟ ਜਾਂਦੇ ਹਨ। ਫਿਰ ਕੌਣ ਆਵੇ ਤੇ ਅਸਲੀ ਤਰੀਕ ਦੱਸੇ ਤੇ ਸ਼ਹੀਦੀ ਦਿਹਾੜਾ ਮਨਾਇਆ ਜਾਵੇ। ਜਿਨ੍ਹਾਂ ਨੇ ਸਾਰਾ ਪਰਿਵਾਰ ਕੌਮ ਤੋਂ ਕੁਰਬਾਨ ਕਰ ਦਿੱਤਾ ਹੈ ਤੇ ਭਾਰੀ ਤਸੀਹੇ ਝੱਲ ਕੇ ੨੨ ਦਿਨ ਖੋਪਰੀ ਉਤਰਨ ਤੋਂ ਬਾਅਦ ਸਾਰੇ ਜ਼ਾਲਮਾਂ ਦਾ ਖਾਤਮਾਂ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਸੀਸ ਤਲੀ ਤੇ ਧਰ ਕੇ ਜ਼ਾਲਮਾਂ ਦੇ ਆਹੂ ਲਾਹ ਦਿੱਤੇ ਤੇ ਕੌਮ ਦੀ ਖਾਤਰ ਬੰਦ-ਬੰਦ ਕਟਵਾਇਆ। ਅਸੀ ਉਹਨਾਂ ਸਾਰੇ ਮਹਾਨ ਸ਼ਹੀਦਾਂ ਨੂੰ ਭੁੱਲ ਗਏ ਹਾਂ। ਨਾਂ ਉਹਨਾਂ ਦਾ ਜਨਮ ਦਿਹਾੜਾ ਤੇ ਨਾਂ ਹੀ ਉਹਨਾਂ ਦਾ ਸ਼ਹੀਦੀ ਦਿਨ,ਕਿਉਂਕਿ ਬੱਸ ਤਰੀਕ ਇੱਕ ਨਹੀਂ ਮਿਲਦੀ। ਉਹਨਾਂ ਮਹਾਨ ਸ਼ਹੀਦਾਂ ਨੂੰ ਭੁੱਲਦੇ ਜਾ ਰਹੇ ਹਾਂ। ਕੌਮ ਦੇ ਸ਼ਹੀਦਾਂ ਨਾਲ ਇਹ ਬੇਇਸਾਫੀ ਕਰ ਰਹੇ ਹਾਂ। ਫਿਰ ਅਸੀ ਕੀ ਕਰ ਰਹੇ ਹਾਂ...?

ਕੇਵਲ ਉਂਗਲਾਂ ਤੇ ਗਿਣੇ ਜਾਣ ਵਾਲੇ ਸੰਤ,ਸਾਧੂ ਜਾਂ ਮਹਾਂਪੁਰਸ਼ਾਂ ਨੂੰ,ਨਾਮ ਅਭਿਆਸੀ ਗੁਰਸਿੱਖੀ ਜੀਵਨ ਵਾਲੇ ਗੁਰੂ ਕੇ ਪਿਆਰਿਆਂ ਨੂੰ ਛੱਡ ਕੇ...,ਅੱਜ ਦੇ ਅਖੌਤੀ ਤੇ ਢੋਂਗੀ ਸਾਧੂਆਂ, ਸੰਤਾਂ ਦੇ ਪਿੱਛੇ ਪਏ ਹਾਂ ਤੇ ਉਹਨਾਂ ਦੇ ਜਨਮ-ਦਿਹਾੜੇ, ਬਰਸੀਆਂ ਆਦਿ ਮਨਾਉਣ ਦੇ ਪਿੱਛੇ ਪਏ ਹੋਏ ਹਾਂ।

ਐ ਅੱਜ ਦੇ ਗੁਰਸਿੱਖ ਪਿਆਰੇ ਵੀਰੋ,ਜਾਗੋ! ਢੋਂਗੀ,ਪਾਖੰਡੀ ਤੇ ਅਖੌਤੀ ਬਾਬਿਆਂ ਤੋਂ ਬਚੋ। ਇਹਨਾਂ ਨੇ ਸਾਨੂੰ ਗੁਲਾਮੀ ਵਾਲੇ ਜੀਵਨ ਵੱਲ ਲੈ ਜਾਣਾ ਹੈ।

ਗੁਰਸਿੱਖ ਪਿਆਰੇ ਖਾਲਸਾ ਜੀ ਜਾਗੋ ! ਸਿੱਖ ਕੌਮ ਦਾ ਇਤਿਹਾਸਕ ਵਿਰਸਾ ਸ਼ਹਾਦਤਾਂ ਦੀ ਇੱਕ ਲੰਬੀ ਦਾਸਤਾਨ ਹੈ। ਇਹਨਾਂ ਸ਼ਹਾਦਤਾਂ ਨੇ ਜ਼ੁਲਮ ਦੇ ਥੰਮ ਨੂੰ ਹਿਲਾ ਦਿੱਤਾ। ਭਾਈ ਤਾਰੂ ਸਿੰਘ ਪੂਹਲਾ ਨੇ ਨਵਾਬ ਬਹਾਦਰ ਜ਼ਕਰੀਆ ਖਾਨ ਦੇ ਸਿਰ ਵਿੱਚ ਜੁੱਤੀਆਂ ਮਾਰ-ਮਾਰ ਕੇ ਉਸਦੀ ਆਕੜ ਭੰਨ ਦਿੱਤੀ। ਸਦੀਆਂ ਤੋਂ ਦੱਬੇ ਹੋਏ ਲੋਕਾਂ ਨੂੰ ਅਣਖ ਤੇ ਸਵੈਮਾਣ ਜੀਵਨ ਜਿਉਣ ਦੀ ਜਾਂਚ ਸਿਖਾਈ ਅਤੇ ਇੱਕ ਅਜਿਹੀ ਕੌਮ ਦਾ ਨਿਰਮਾਣ ਕੀਤਾ ਹੋ ਆਪਣੀ ਅਣਖ ਤੇ ਕੁਰਬਾਨੀ ਸਦਕਾ ਦੁਨੀਆਂ ਭਰ ਵਿੱਚ ਸਤਿਕਾਰੀ ਜਾਂਦੀ ਹੈ।

ਸਿੱਖ ਅਰਦਾਸ ਵਿੱਚ ਇਨ੍ਹਾਂ ਮਹਾਨ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਨੂੰ ਹਰ

ਰੋਜ਼ ਯਾਦ ਕਰਦਾ ਹੈ। ਉਹਨਾਂ ਮਹਾਨ ਸ਼ਹੀਦਾਂ ਨੂੰ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤੇ,ਪਰ ਸਿਦਕੋਂ ਨਾ ਡੋਲੇ,ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ। ਜਿਨ੍ਹਾਂ ਨੇ ਤਨ ਆਰੀਆਂ ਨਾਲ ਚਿਰਵਾ ਲਏ ਪਰ ਧਰਮ ਨਹੀਂ ਹਾਰਿਆ। ਜਿਹੜੇ ਉਬਲਦੇ ਪਾਣੀ ਦੀ ਦੇਗ ਵਿੱਚ ਉੱਬਲ ਗਏ ਪਰ ਸਿੱਖੀ ਦਾ ਰੰਗ ਫਿੱਕਾ ਨਹੀਂ ਪੈਣ ਦਿੱਤਾ। ਚਰਖੜੀਆਂ ਉੱਤੇ ਚੜ੍ਹ ਕੇ ਸ਼ਹੀਦ ਹੋ ਗਏ ਪਰ ਧਰਮੋਂ ਨਹੀਂ ਡੋਲੇ। ਲਹੂ ਭਿੱਜੇ ਇਤਿਹਾਸ ਨੂੰ ਮਹਾਨ ਨਾਇਕਾਂ ਦੇ ਅਦੁੱਤੀ ਜੀਵਨ,ਕਾਰਨਾਮਿਆਂ ਨੂੰ ਭੁੱਲ ਕੇ ਅੱਜ ਅਸੀਂ ਕੁਰਾਹੇ ਪੈਂਦੇ ਜਾ ਰਹੇ ਹਾਂ...!

ਆਓ ਆਪਾਂ ਵੀ ਜਾਗੋ ਤੇ ਕੌਮ ਨੂੰ ਵੀ ਜਗਾਵੋ ਤੇ ਸੰਨ,ਸੰਮਤ,ਸਾਲ ਤਰੀਕਾਂ ਦੇ ਘੇਰੇ ਵਿੱਚੋਂ ਬਾਹਰ ਨਿਕਲ ਕੇ ਇੱਕ-ਇੱਕ ਸ਼ਹੀਦ ਅਤੇ ਗੁਰਸਿੱਖ ਮਹਾਨ ਪੁਰਸ਼ਾਂ ਦੇ ਜਨਮ ਦਿਨ,ਕੁਰਬਾਨੀ ਦੇ ਦਿਹਾੜੇ ਤੇ ਜੀਵਨ ਵਿੱਚੋਂ ਮਹਾਨ ਪ੍ਰਾਪਤੀਆਂ ਨੂੰ ਸ਼ਾਨੋ-ਸ਼ੌਕਤ ਨਾਲ ਮਨਾਈਏ।

ਸਿੱਖ ਇਤਿਹਾਸ ਵਿੱਚ ਸੁੱਖਾ ਸਿੰਘ ਕਿੰਨੇ ਹੋਏ ਹਨ ਜੋ ਦਾਸ ਦੀ ਖੋਜ ਵਿੱਚ ਆਏ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :-

ਪਹਿਲੇ ਭਾਈ ਸੁੱਖਾ ਸਿੰਘ ਜੀ

ਇਹ ਭਾਈ ਸੁੱਖਾ ਸਿੰਘ ਜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਵਿੱਚ ਹੋਏ ਸਨ। ਇਹਨਾਂ ਦਾ ਜਨਮ ੩ ਫਰਵਰੀ, ੧੬੯੧ ਈ: ਨੂੰ ਪਿੰਡ ਮਾਖੋਵਾਲ ਨਾਨਕੀ ਚੱਕ ਜਿਸ ਦਾ ਪੂਰਾ ਨਾਮ ਬਾਅਦ ਵਿੱਚ ਸ੍ਰੀ ਕੇਸਗੜ੍ਹ ਸਹਿਬ, ਸ੍ਰੀ ਆਨੰਦਪੁਰ ਸਾਹਿਬ ਪਿਆ ਵਿਚ ਹੋਇਆ। ਮਾਤਾ ਦਾ ਨਾਮ ਭਗਵਾਨ ਕੌਰ ਤੇ ਪਿਤਾ ਦਾ ਨਾਮ ਸ. ਹਜ਼ੂਰ ਸਿੰਘ ਸੀ। ਮਾਤਾ ਪਿਤਾ ਨੇ ਬਚਪਨ ਵਿੱਚ ਹੀ ਗੁਰੂ ਘਰ ਦੀ ਪ੍ਰੀਤ ਵਧਾਈ। ਸੁੱਖਾ ਸਿੰਘ ਜੀ ਨੇ ੭ ਸਾਲ ਦੀ ਉਮਰ ਵਿੱਚ ੧੬੯੯ ਈ: ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਛੋਟੀ ਉਮਰ ਵਿੱਚ ਹੀ ਗੁਰੂ ਵਾਲੇ ਬਣ ਕੇ ਗੁਰਬਾਣੀ, ਸ਼ਸਤਰ, ਵਿਦਿਆ, ਘੋੜ-ਸਾਵਰੀ, ਤੀਰ-ਅੰਦਾਜੀ ਜਿਹੇ ਗੁਣਾ ਨਾਲ ਭਰਪੂਰ ਹੋ ਗਏ। ਸੁੱਖਾ ਸਿੰਘ ਦੀ ਕੁਲ ਉਮਰ ੨੫ ਸਾਲ,ਇੱਕ ਮਹੀਨਾ ਤੇ ਦੋ ਦਿਨ ਸੀ ਪਰ ਕਾਰਨਾਮੇ ਬਹੁਤ ਵੱਡੇ ਸਨ।

ਗੁਰੂ ਕੇ ਲਾਲ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਧਰਤੀ ਤੇ ਦੁਸ਼ਮਣਾ ਦੇ ਆਹੂ ਲਾਹੇ। ਉਸ ਸਮੇਂ ਸੁੱਖਾ ਸਿੰਘ ਖਾਲਸਾ ਫੌਜ ਵਿੱਚ ਭਰਤੀ ਹੋ ਗਏ ਸਨ। ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠਾਂ ਜਦੋਂ ਦਿੱਲੀ ਵਿੱਚ ਜੰਗ ਲੜ ਰਹੇ ਸਨ ਤਾਂ ਉੱਥੇ ਜੀ ਸਰਬਹਾਰ ਖਾਨ ਨਾਲ ਜੂਝਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ। ਇਤਿਹਾਸ ਵਿੱਚ ਸ਼ਹੀਦੀ ਦਾ ਦਿਨ ੫ ਮਾਰਚ, ੧੭੧੬ ਦਾ ਮਿਲਦਾ ਹੈ। ਸੁੱਖਾ ਸਿੰਘ ਦੀ ਸ਼ਹੀਦੀ ਤੋਂ ਕੁਝ ਸਮੇਂ ਬਾਅਦ ਜੀ ਭਾਵ ੯ ਜੂਨ, ੧੭੧੬ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਹੋਈ। ਬਾਬਾ ਬੰਦਾ ਸਿੰਘ ਬਹਾਦਰ ਦਾ

ਜਨਮ ੨੭ ਅਕਤੂਬਰ, ੧੬੭੦ ਈ: ਨੂੰ ਰਾਜੌਰੀ ਰਸਤਾ ਪੂਨਛ ਵਿੱਚ ਹੋਇਆ। ਬਾਬਾ ਜੀ ਦੀ ਉਮਰ ੪੫ ਸਾਲ, ੪ ਮਹੀਨੇ, ੪ ਦਿਨ ਦੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠਾਂ ਹੋਰ ਵੀ ਬਹੁਤ ਸਾਰੇ ਜੋਧਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਬਾਬਾ ਜੀ ਦੇ ਜੀਵਨ ਦੇ ਪਲ ਬਹੁਤ ਜੀ ਸਿੱਖੀ ਸਿਦਕ ਵਾਲੇ ਸਨ। ਕੁਰਬਾਨੀ ਦਾ ਬਹੁਤ ਵੱਡਾ ਜਜ਼ਬਾ ਬਾਬਾ ਜੀ ਦੇ ਹਿਰਦੇ ਵਿੱਚ ਛੱਲਾਂ ਮਾਰਦਾ ਸੀ। ਬਾਬਾ ਜੀ ਨੇ ਜੀ ਸਿੱਖ ਕੌਮ ਨੂੰ ਦੱਸਿਆ ਕਿ ਸਿੰਘ ਕੈਸੇ ਹੁੰਦੇ ਹਨ।

ਦੂਜੇ ਭਾਈ ਸੁੱਖਾ ਸਿੰਘ ਜੀ

ਦੂਸਰੇ ਭਾਈ ਸੁੱਖਾ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਗਾਲਬਨ ਛੇ ਸਾਲ ਬਾਅਦ ਹੋਏ ਸਨ। ਪਿਤਾ ਸ. ਜੈਦੇਵ ਸਿੰਘ ਜੋ ਰਾਮਗੜ੍ਹੀਆ ਵੰਸ਼ ਵਿੱਚੋਂ ਤਰਖਾਣ ਗਿਰੀ ਦਾ ਕੰਮ ਕਰਦੇ ਸਨ। ਮਾਤਾ ਜੀ ਦਾ ਨਾਮ ਸਰੋਜ ਕੌਰ ਸੀ। ਸੁੱਖਾ ਸਿੰਘ ਦਾ ਜਨਮ ੧੩ ਫਰਵਰੀ, ੧੭੧੩ ਈ: ਨੂੰ ਪਿੰਡ ਮਾੜੀ ਕੰਬੋਆ, ਜ਼ਿਲਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ੧੭੨੫ ਈ: ਵਿੱਚ ਭਾਵ ੧੨ ਸਾਲ ਦੀ ਉਮਰ ਵਿੱਚ ਅੰਮ੍ਰਿਤ ਦੀ ਦਾਤ ਜੱਥੇਦਾਰ ਬੁੱਢਾ ਸਿੰਘ,ਭਾਈ ਸਯਾਮ ਸਿੰਘ ਜੀ ਦੇ ਜੱਥੇ ਕੋਲੋਂ ਪ੍ਰਾਪਤ ਕੀਤੀ। ਸ.ਸੁੱਖਾ ਸਿੰਘ ਦੀ ਕੁਲ ਉਮਰ ੩੨ ਸਾਲ, ਪੰਜ ਮਹੀਨੇ, ਪੰਜ ਦਿਨ ਹੈ। ਇਸ ਉਮਰ ਵਿੱਚ ਸੁੱਖਾ ਸਿੰਘ ਨੇ ਬਹੁਤ ਵੱਡੇ ਕਾਰਨਾਮੇ ਕੀਤੇ।

ਸ੍ਰੀ ਅੰਮ੍ਰਿਤਸਰ ਵਿੱਚ ਮੱਸਾ ਰੰਘੜ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕੀਤੀ। ਇਸ ਘੋਰ ਬੇਅਦਬੀ ਦਾ ਸੁਨੇਹਾ ਲੈ ਕੇ ਪਹੁੰਚੇ ਭਾਈ ਬਲਾਕਾ ਸਿੰਘ ਨੇ ਜੈਪੁਰ ਦੀ ਧਰਤੀ ਤੇ ਬੈਠੇ ਸ. ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ ਸਾਰੀ ਖ਼ਬਰ ਸੁਣਾਈ। ਜਿਵੇਂ-ਜਿਵੇਂ ਭਾਈ ਬਲਾਕਾ ਸਿੰਘ ਦੇ ਬੋਲਾਂ ਦੇ ਬਾਣ ਇਹਨਾਂ ਸਿੰਘਾਂ ਨੂੰ ਲਗਦੇ ਗਏ, ਇਹ ਉਨਾਂ ਹੀ ਬੀਰ ਰਸ ਨਾਲ ਭਰਦੇ ਗਏ। ਦਿਨ-ਰਾਤ ਇੱਕ ਕਰਕੇ ਰਸਤੇ ਵਿੱਚ ਹੋਰ ਵੀ ਕਈ ਪਾਪੀਆਂ ਨੂੰ ਸੋਧਾ ਲਗਾ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਏ। ੬ ਮਈ, ੧੭੪੦ ਈ: ਨੂੰ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਹਰਿਮੰਦਰ ਸਾਹਿਬ ਦੇ ਅੰਦਰ ਜਾ ਕੇ ਪਾਪੀ ਮੱਸਾ ਰੰਘੜ ਦਾ ਸਿਰ ਵੱਢ ਕੇ ਵਾਪਸ ਰਾਜਸਥਾਨ ਚਲੇ ਗਏ।

ਜਦੋਂ ਪੰਜਾਬ ਆਏ ਤਾਂ ਮੁਖਬਰਾਂ ਨੇ ਮੁਖਬਰੀ ਕੀਤੀ ਤਾਂ ਪਹਿਲਾਂ ਸ. ਮਹਿਤਾਬ ਸਿੰਘ ਮੀਰਾਂ-ਕੋਟੀ ਨੂੰ ੯ ਜੂਨ, ੧੭੪੫ ਈ: ਨੂੰ ਸ਼ਹੀਦ ਕੀਤਾ ਤੇ ਕੁਝ ਸਮੇਂ ਬਾਅਦ ਸੁੱਖਾ ਸਿੰਘ ਮਾੜੀ ਕੰਬੋਆ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਜ਼ਕਰੀਆ ਖਾਨ ਦੇ ਹੁਕਮ ਨਾਲ ਨਵਾਬ ਯਾਫਰ ਖਾਂ ਨੇ ੧੯ ਜੂਨ, ੧੭੪੫ ਈ: ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਹਨਾਂ ਦਿਨਾਂ ਵਿੱਚ ਹੀ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਹੋਈ ਸੀ। ਭਾਈ ਸੁੱਖਾ ਸਿੰਘ ਤੇ ਸ. ਮਹਿਤਾਬ ਸਿੰਘ ਦਾ ਆਪਸ ਵਿੱਚ ਅਟੁੱਟ ਪਿਆਰ ਸੀ। ਇਸ ਲਈ ਸ਼ਾਇਦ ਕੁਦਰਤ ਨੇ ਇਹਨਾਂ ਦੀ ਸ਼ਹੀਦੀ ਵੀ ਇੱਕੋ ਜਗ੍ਹਾ ਤੇ ਮਨਜ਼ੂਰ ਕੀਤੀ ਤੇ ਇਹਨਾਂ ਦਾ ਸੰਸਕਾਰ ਵੀ ਇੱਕੋ ਸਥਾਨ ਤੇ ਹੋਇਆ ਸੀ।

ਤੀਜੇ ਭਾਈ ਸੁੱਖਾ ਸਿੰਘ ਜੀ

ਤੀਸਰੇ ਭਾਈ ਸੁੱਖਾ ਸਿੰਘ ਜੀ ਰਾਮਗੜ੍ਹੀਆ ਵੰਸ਼ 'ਚੋਂ ਹੀ ਸਨ। ਇਹਨਾਂ ਦਾ ਜਨਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਪੁਰੀ ਜਾਣ ਤੋਂ ਲਗਭਗ ਦੋ ਸਾਲ ਪਹਿਲਾਂ ਦਾ ਹੈ। ਸੁੱਖਾ ਸਿੰਘ ਜੀ ਦੇ ਪਿਤਾ ਜੀ ਧਰਮ ਸਿੰਘ ਜੀ ਸਨ,ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ੧੬੯੯ ਈ: ਨੂੰ ਅਮ੍ਰਿੰਤ ਦੀ ਦਾਤ ਲਈ ਸੀ। ਸੁੱਖਾ ਸਿੰਘ ਦੇ ਪਿਤਾ ਕ੍ਰਿਪਾਨਾਂ,ਢਾਲਾਂ,ਨੇਜੇ ਤੇ ਹੋਰ ਸ਼ਾਸਤਰ ਬਣਾ ਕੇ ਗੁਰੂ ਸਾਹਿਬ ਨੂੰ ਦਿੰਦੇ ਸਨ। ਇਹ ਧਰਮ ਸਿੰਘ ਪੰਜਾਂ ਪਿਆਰਿਆਂ ਵਿੱਚੋਂ ਨਹੀਂ ਸਨ। ਕੁਝ ਇਤਿਹਾਸਕਾਰਾਂ ਨੇ ਇਹਨਾਂ ਨੂੰ ਪੰਜਾਂ ਪਿਆਰਿਆਂ ਵਾਲੇ ਧਰਮ ਸਿੰਘ ਦੱਸਿਆ ਹੈ ਪਰ ਠੀਕ ਨਹੀਂ ਹੈ। ਕੁਝ ਲੇਖਕਾਂ ਨੇ ਇਹਨਾਂ ਨੂੰ ਸਿਕਲੀਗਰ ਸਿੰਘ ਲਿਖਿਆ ਹੈ ਪਰ ਇਹ ਵੀ ਠੀਕ ਨਹੀਂ ਹੈ ਕਿਉਂਕਿ ਸਿਕਲੀਗਰ ਸਿੰਘ ਤਾਂ ਨਾਦੇੜ ਦੀ ਧਰਤੀ ਤੋਂ ਇਧਰ ਆਏ ਸਨ,ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਨੇ ਅਖੀਰਲੇ ਸਮੇਂ ਵਿੱਚ ਅਮ੍ਰਿੰਤ ਦੀ ਦਾਤ ਬਖਸ਼ਿਸ਼ ਕੀਤੀ ਸੀ। ਇਹ ਧਰਮ ਸਿੰਘ ਤਾਂ ਰਾਮਗੜ੍ਹੀਆ ਵੰਸ਼ 'ਚੋਂ ਸਨ। ਸਿੰਘ ਸਜਣ ਤੋਂ ਬਾਅਦ ਜਾਤ-ਪਾਤ ਤੋਂ ਉਪਰ ਉੱਠ ਕੇ ਖਾਲਸਾ ਜੀਵਨ ਬਤੀਤ ਕੀਤਾ।

ਸੁੱਖਾ ਸਿੰਘ ਦਾ ਜਨਮ ੧ ਨੰਵਬਰ, ੧੭੦੬ ਈ: ਨੂੰ ਮਾਤਾ ਹਰਦੇਈ ਕੌਰ ਦੀ ਕੁਖੋਂ ਪਿੰਡ ਕੰਮੇ ਕੇ ਮਾੜੀ, ਜ਼ਿਲਾ ਲਾਹੌਰ ਵਿੱਚ ਹੋਇਆ। ਜਨਮ ਤੋਂ ਹੀ ਗੁਰਸਿੱਖੀ ਦੀ ਗੁੜਤੀ ਮਾਤਾ ਪਿਤਾ ਕੋਲੋਂ ਮਿਲੀ। ਵੀਰ-ਬਹਾਦਰ, ਜੋਧੇ ਸੂਰਬੀਰਾਂ ਵਿੱਚ ਆਪ ਜੀ ਦਾ ਨਾਮ ਆਇਆ ਹੈ। ਸੁੱਖਾ ਸਿੰਘ ਤਕਰੀਬਨ ਸਾਰੇ ਸ਼ਸਤਰ ਚਲਾਉਣੇ ਜਾਣਦਾ ਸੀ। ਨਿਸ਼ਾਨਚੀ ਵੀ ਕਮਾਲ ਦੇ ਸਨ। ਇਸ ਤੋਂ ਬਿਨਾਂ ਹਿਰਦੇ ਵਿੱਚ ਨਾਮ-ਸਿਮਰਨ ਤੇ ਸੇਵਾ ਵੀ ਅਟੁੱਟ ਸੀ। ਲੰਗਰ ਦੀ ਸੇਵਾ ਵੀ ਕਰਨੀ ਤੇ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਤੇ ਛਕਾਉਣਾ। ਲੰਗਰ ਵਾਸਤੇ ਜੰਗਲ ਵਿੱਚੋਂ ਲਕੜੀਆਂ ਕੱਟਕੇ ਲਿਆਉਂਦੇ ਸਨ। ਆਰਾਮ ਬਿਲਕੁਲ ਵੀ ਨਹੀਂ ਕਰਦੇ ਸਨ। ਬਿਮਾਰ ਸਿੰਘਾਂ ਦੀ ਟਹਿਲ ਸੇਵਾ ਵੀ ਖੁਦ ਹੀ ਕਰਦੇ ਸਨ। ਸਾਰਾ ਦਿਨ ਕਮਰ ਕੱਸਾ ਕਰਕੇ ਰੱਖਦੇ। ਸੁੱਖਾ ਸਿੰਘ ਦਾ ਵਿਆਹ ਹੋਇਆ ਤੇ ਘਰ ਵਿੱਚ ਇੱਕ ਬੱਚੀ ਨੇ ਜਨਮ ਲਿਆ ਪਰ ਕੁਝ ਦਿਨਾਂ ਬਾਅਦ ਹੀ ਦੇਵਨੇਤ ਨਾਲ ਉਸਦੀ ਮੌਤ ਹੋ ਗਈ। ਭਾਈ ਸੁੱਖਾ ਸਿੰਘ ਦੇ ਕਿਸੇ ਦੁਖੀ ਨੇ ਜੱਥੇਦਾਰ ਕੋਲ ਸ਼ਿਕਾਇਤ ਕਰ ਦਿੱਤੀ ਕਿ ਇਹ ਬੱਚੀ ਸੁੱਖਾ ਸਿੰਘ ਨੇ ਹੀ ਮਾਰੀ ਹੈ ਕਿਉਂਕਿ ਉਸ ਸਮੇਂ ਵੀ ਧੀਆਂ ਨੂੰ ਜੰਮਦਿਆਂ ਨੂੰ ਹੀ ਮਾਰ ਦਿੱਤਾ ਜਾਂਦਾ ਸੀ। ਸੁੱਖਾ ਸਿੰਘ ਤੇ ਲੱਗੇ ਇਲਜ਼ਾਮ ਝੂਠੇ ਸਨ ਕਿਉਂਕਿ ਇਹ ਬਹੁਤ ਹੀ ਦਇਆ ਦਾ ਸਾਗਰ ਸੀ ਫਿਰ ਵੀ ਦੋਸ਼ਾਂ ਦੀ ਨਵਿਰਤੀ ਕਰਵਾਈ ਤੇ ਖਾਲਸਾ ਪੰਥ ਤੋਂ ਮੁਆਫੀ ਮੰਗੀ। ੧੨ ਨੰਵਬਰ, ੧੭੫੧ ਈ: ਨੂੰ ਜੱਥੇਦਾਰ ਸੰਗਤ ਸਿੰਘ ਦੀ ਅਗਵਾਈ ਵਿੱਚ ਸਰਾਇ ਬਲਖੀਆ ਜਹਾਨ ਖਾਨ ਨਾਲ ਲੜਦਿਆਂ ਸ਼ਹੀਦੀ ਦਾ ਜਾਪ ਪ੍ਰਾਪਤ ਕੀਤਾ। ਸ. ਸੁੱਖਾ ਦਿਨ ਦੀ ਕੁੱਲ ਉਮਰ ੪੫ ਸਾਲ, ਗਿਆਰਾਂ ਦਿਨ ਦੀ ਹੈ। ਐਸੇ ਮਹਾਨ ਜੋਧੇ ਦੇ ਗੁਣ ਕੌਮ ਹਮੇਸ਼ਾਂ ਗਾਉਂਦੀ ਰਹੇਗੀ।

ਚੌਥੇ ਭਾਈ ਸੁੱਖਾ ਸਿੰਘ ਜੀ

ਚੌਥੇ ਭਾਈ ਸੁੱਖਾ ਸਿੰਘ ਜੀ ਵੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਬਾਅਦ ਹੀ ਹੋਏ ਹਨ। ਇਹ ਸੁੱਖਾ ਸਿੰਘ ਬਹੁਤ ਹੀ ਜੋਧੇ ਤੇ ਧਰਮ ਯੁੱਧ ਵਿਚ ਸੰਪੂਰਨ ਜੀਵਨ ਬਤੀਤ ਕਰਨ ਵਾਲੇ ਸਨ। ਇਹ ਸੁੱਖਾ ਸਿੰਘ ਮੀਰ ਮੰਨੂੰ ਦੇ ਸਮੇਂ ਹੋਏ ਸਨ ਤੇ ਬਹੁਤ ਕਾਰਨਾਮੇ ਕੀਤੇ ਸਨ। ਸਿੱਖ ਕੌਮ ਦੀ ਸ਼ਾਨ ਨੂੰ ਉੱਚਾ ਰੱਖਿਆ। ਮੀਰ ਮੰਨੂ ਦੇ ਜਰਨੈਲਾਂ ਤੇ ਫੌਜਦਾਰਾਂ ਨੂੰ ਮੂੰਹ ਤੋੜ ਜਵਾਬ ਦਿੱਤਾ। ਇੱਕ ਵਾਰੀ ਮੀਰ ਮਨੂੰ ਦੇ ਸਿਪਾਹੀ ਤੇ ਜਰਨੈਲ ਸਿੱਖ ਇਸਤਰੀਆਂ ਨੂੰ ਲਾਹੌਰ ਦੇ ਨਖਾਸ ਖਾਂ ਚੌਂਕ ਵਿੱਚ ਸ਼ਹੀਦ ਕਰਨ ਲਈ ਲਿਜਾ ਰਹੇ ਸਨ। ਕਿਸੇ ਰੱਬ ਦੇ ਪਿਆਰੇ ਸ. ਸੁੱਖਾ ਸਿੰਘ ਨੂੰ ਖਬਰ ਦਿੱਤੀ ਤਾਂ ਇਹਨਾਂ ਨੇ ਸਿੰਘਾਂ ਦੇ ਜੱਥੇ ਨੂੰ ਨਾਲ ਲਿਆ ਅਤੇ ਹਮਲਾ ਬੋਲ ਦਿੱਤਾ। ਕੋਟ ਬੁੱਢਾ ਕੋਲ ਜਾ ਕੇ ਇਹਨਾਂ ਪਾਪੀਆਂ ਹੱਥੋਂ ਬੀਬੀਆਂ ਤੇ ਬੱਚਿਆਂ ਨੂੰ ਛੁਡਾ ਲਿਆ। ਇਸ ਲੜਾਈ ਵਿੱਚ ੧੭੫੩ ਈ: ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਇੱਥੇ ਦਾਸ ਇੱਕ ਬੇਨਤੀ ਕਰਨੀ ਚਾਹੁੰਦਾ ਹੈ ਕਿ ਸ਼ਹੀਦ ਕੋਈ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸ਼ਹੀਦ ਤਾਂ ਸ਼ਹੀਦ ਹੁੰਦਾ ਹੈ। ਇਹਨਾਂ ਸ਼ਹੀਦਾਂ ਨੇ ਹੀ ਅਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਕੌਮ ਦੀ ਅਗਵਾਈ ਕੀਤੀ। ਸਿੱਖ ਹਰ ਰੋਜ਼ ਅਰਦਾਸ ਵਿੱਚ ਇਹ ਕਹਿੰਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਠ ਸੀਸ ਦਿੱਤਾ,ਸ਼ਹੀਦੀ ਜਾਮ ਪੀਤੇ ਇਹਨਾਂ ਸਿੰਘਾਂ ਸਿੰਘਣੀਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ ਜੀ 'ਵਾਹਿਗੁਰੂ'। ਸਾਰੇ ਹੀ ਸ਼ਹੀਦ ਬਹੁਤ ਸਤਿਕਾਰ ਯੋਗ ਹਨ ਜਿਨ੍ਹਾਂ ਦੀ ਕਮਾਈ ਦਾ ਸਦਕਾ ਅੱਜ ਦਾ ਜੀਵਨ ਸੁਖੀ ਬਤੀਤ ਕਰ ਰਹੇ ਹਾਂ। ਇਹਨਾਂ ਮਹਾਨ ਸ਼ਹੀਦਾਂ ਨੂੰ ਕੋਟਿ-ਕੋਟਿ ਨਮਸਕਾਰ ਹੈ।

ਪੰਜਵੇਂ ਭਾਈ ਸੁੱਖਾ ਸਿੰਘ ਜੀ

ਇਹ ਸੁੱਖਾ ਸਿੰਘ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ੬੦ ਸਾਲ ਬਾਅਦ ਹੋਏ ਸਨ। ਸੁੱਖਾ ਸਿੰਘ ਦਾ ਜਨਮ ੧੫ ਫਰਵਰੀ, ੧੭੬੯ ਈ: ਨੂੰ ਪਿਤਾ ਭਾਈ ਮੋਤਾ ਸਿੰਘ ਦੇ ਘਰ ਮਾਤਾ ਤੇਜਭਾਨ ਕੌਰ ਦੀ ਕੁਖੋਂ ਪਿੰਡ ਗੋਖਲਾ ਜੋ ਸ੍ਰੀ ਆਨੰਦਪੁਰ ਸਾਹਿਬ ਤੋਂ ਤਕਰੀਬਨ ੨੦ ਕੋਹ ਦੀ ਦੂਰੀ ਤੇ ਹੈ ਵਿਖੇ ਹੋਇਆ। ਬਚਪਨ ਤਾਂ ਪਿੰਡ ਗੋਖਲੇ ਹੀ ਬੀਤਿਆ। ਬਾਅਦ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਚਲੇ ਗਏ ਤੇ ਟਕਸਾਲ ਵਿੱਚ ਦਾਖਲ ਹੋ ਕੇ ਵਿਦਿਆ ਪ੍ਰਾਪਤ ਕੀਤੀ। ਸਤਿਗੁਰਾਂ ਦੀ ਕ੍ਰਿਪਾ ਨਾਲ ਸੁੱਖਾ ਸਿੰਘ ਚੰਗਾ ਗੁਣੀ-ਗਿਆਨੀ ਤੇ ਸੂਝ-ਬੂਝ ਵਾਲਾ ਸੀ ਜਿਸ ਕਾਰਣ ਇਹਨਾਂ ਦਾ ਵਿਆਹ ਇੱਕ ਸਿੱਖ ਪਰਿਵਾਰ ਦੀ ਬੱਚੀ ਬੀਬੀ ਗੁਲਾਬ ਕੌਰ ਨਾਲ ਹੋ ਗਿਆ। ਬੀਬੀ ਗੁਲਾਬ ਕੌਰ ਵੀ ਗੁਰੂ ਘਰ ਦੀ ਅਣਥੱਕ ਸੇਵਾ ਕਰਨ ਵਾਲੀ ਸੀ। ਗੁਰੂ ਦੀ ਬਖ਼ਸ਼ਿਸ਼ ਹੋਈ ਤੇ ਘਰ ਵਿੱਚ ਸੰਤਾਨ ਵੀ ਹੋਈ।

ਸੁੱਖਾ ਸਿੰਘ ਜਿੱਥੇ ਗੁਰਬਾਣੀ ਦੀ ਕਥਾ ਕਰਦੇ ਸਨ ਉੱਥੇ ਗੁਰੂ ਇਤਿਹਾਸ ਨਾਲ ਇਹਨਾਂ ਦਾ ਹਿਰਦਾ ਨੱਕੋ-ਨੱਕ ਭਰਿਆ ਪਿਆ ਸੀ। ਉਸ ਸਮੇਂ ਦੌਰਾਨ ਭਾਈ ਸੁੱਖਾ ਸਿੰਘ ਜੀ ਨੂੰ ਕੁਝ ਐਸੇ ਸਿੰਘ ਮਿਲੇ ਜਿਨ੍ਹਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਭਾਈ ਸੁੱਖਾ ਸਿੰਘ ਜੀ ਦੇ ਜੀਵਨ ਦੀ ਇੱਕ ਖੂਬੀ ਇਹ ਸੀ ਕਿ ਜੋ ਵੀ ਕੋਈ ਸਿੰਘ ਇਹਨਾਂ ਨੂੰ ਗੁਰੂ ਇਤਿਹਾਸ ਸੁਣਾਉਂਦਾ ਸੀ, ਇਹ ਇਸਨੂੰ ਕਮਲਬੱਧ ਕਰ ਲੈਂਦੇ ਸਨ ਤੇ ਬਾਅਦ ਵਿੱਚ ਉਹੀ ਇਤਿਹਾਸ ਸੰਗਤਾਂ ਨੂੰ ਸੁਣਾਉਂਦੇ ਸਨ। ਫਿਰ ਸੰਗਤਾਂ ਦੀ ਬੇਨਤੀ 'ਤੇ ਅਤੇ ਬੀਬੀ ਗੁਲਾਬ ਕੌਰ ਦੇ ਸਹਿਯੋਗ ਨਾਲ ਸੁੱਖਾ ਸਿੰਘ ਨੇ ੨੫ ਸਾਲ ਦੀ ਉਮਰ ਵਿੱਚ ਭਾਵ ੧੭੯੩ ਈ: ਵਿੱਚ ਗੁਰ ਇਤਿਹਾਸ ਲਿਖਣਾ ਆਰੰਭ ਕੀਤਾ। ਇਸ ਵਿੱਚ ਹੋਰ ਵੀ ਕਈ ਸਿੱਖਾਂ ਨੇ ਸਾਥ ਦਿੱਤਾ। ਇਸ ਤਰਾਂ ਅਪ੍ਰੈਲ,੧੭੯੭ ਈ: ਵਿੱਚ ਇੱਕ ਮਹਾਨ ਗ੍ਰੰਥ ਸੰਪੂਰਨ ਕੀਤਾ। ਇਸ ਗ੍ਰੰਥ ਦਾ ਨਾਮ ਬਾਅਦ ਵਿੱਚ 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਪ੍ਰਸਿੱਧ ਹੋਇਆ। ਗੁਰਬਿਲਾਸ ਭਾਈ ਸੁੱਖਾ ਸਿੰਘ ਜੀ ਨੇ ਆਪਣੀ ਮਹਾਨ ਇਤਿਹਾਸਕ ਕੌਮ ਨੂੰ ਸਮਰਪਣ ਕੀਤਾ। ੧੯ ਅਪ੍ਰੈਲ,੧੮੩੯ ਈ: ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਸੁੱਖਾ ਸਿੰਘ ਜੀ ਅਕਾਲ ਚਲਾਣਾ ਕਰ ਗਏ। ਭਾਈ ਸੁੱਖਾ ਸਿੰਘ ਨੇ ਲਗਭਗ ੭੦ ਸਾਲ,ਤਿੰਨ ਮਹੀਨੇ ਦੀ ਆਰਬਲਾ (ਉਮਰ) ਗੁਰੂ ਪੰਥ ਦੇ ਲੇਖੇ ਲਗਾਈ। ਬੀਬੀ ਗੁਲਾਬ ਕੌਰ ਜੀ ਦੀ ਉਮਰ ਵੀ ਲਗਭਗ ੯੮ ਸਾਲਾਂ ਦੀ ਸੀ।

ਛੇਵੇਂ ਭਾਈ ਸੁੱਖਾ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਸਮੇਂ ਵਿੱਚ ਪੰਜ ਪਿਆਰੇ ਕਾਸ਼ੀ (ਬਨਾਰਸ) ਵਿੱਚ ਵਿਦਿਆ ਪੜ੍ਹਨ ਵਾਸਤੇ ਭੇਜੇ ਸਨ। ਗੁਰੂ ਪਿਆਰਿਆਂ ਨੇ ਬਹੁਤ ਵਿਦਿਆਵਾਂ ਦਾ ਅਧਿਐਨ ਤੇ ਅਭਿਆਸ ਕੀਤਾ ਤੇ ਫਿਰ ਗੁਰੂ ਘਰ ਵਿੱਚ ਆ ਕੇ ਗੁਰੂ ਪਿਆਰਿਆਂ ਨੂੰ ਸੰਸਕ੍ਰਿਤ ਤੇ ਹੋਰ ਵਿਦਿਆਵਾਂ ਪੜ੍ਹਾਈਆਂ। ਦਾਸ ਨੇ ੧੯੯੨-੯੩ ਵਿੱਚ ਇਸ ਅਸਥਾਨ ਦੇ ਦਰਸ਼ਨ ਕੀਤੇ ਸਨ ਜਿੱਥੇ ਭਗਵੇਂ ਭੇਸ ਵਿੱਚ ਭਾਈ ਗੁਰਦੀਪ ਸਿੰਘ ਜੀ ਸੇਵਾਦਾਰ ਮਿਲੇ ਸਨ ਜਿਨ੍ਹਾਂ ਤੋਂ ਬਹੁਤ ਪਿਆਰ ਤੇ ਗੁਰਇਤਿਹਾਸ ਦੀ ਜਾਣਕਾਰੀ ਮਿਲੀ।

ਇਹ ਸੁੱਖਾ ਸਿੰਘ ਵੀ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਝ ਸਮਾਂ ਬਾਅਦ ਹੋਏ ਸਨ ਤੇ ਇਹਨਾਂ ਨੇ ਇਸੇ ਸਥਾਨ ਤੋਂ ਵਿਦਿਆ ਹਾਸਲ ਕੀਤੀ। ਇਸੇ ਸਥਾਨ ਤੋਂ ਗੁਰੂ ਇਤਿਹਾਸ ਸੁਣਦਿਆਂ ਭਾਈ ਸੁੱਖਾ ਸਿੰਘ ਦੇ ਮਨ ਅੰਦਰ ਖਿਆਲ ਆਇਆ ਕਿ ਗੁਰੂ ਪਾਤਸ਼ਾਹ ਦੇ ਜਨਮ ਸਥਾਨ ਦੇ ਦਰਸ਼ਨ ਕੀਤੇ ਜਾਣ। ਇਸ ਤਰਾਂ ਮੰਜਲੇ-ਮੰਜਲ ਤੁਰਦੇ ਹੋਏ ਸ੍ਰੀ ਪਟਨਾ ਸਾਹਿਬ ਦੀ ਧਰਤੀ ਤੇ' ਪਹੁੰਚੇ। ਉੱਥੇ ਪਹੁੰਚ ਕੇ ਸੰਗਤਾਂ ਵਿੱਚ ਗਿਆਨ ਦਾ ਪ੍ਰਕਾਸ਼ ਕੀਤਾ। ਸੰਗਤਾਂ ਵਲੋਂ ਮਿਲੇ ਸਤਿਕਾਰ ਦੇ ਸਦਕਾ ਪਟਨਾ ਸਾਹਿਬ ਵਿਖੇ ਗੁਰੂ ਘਰ ਵਿੱਚ ਗ੍ਰੰਥੀ ਸਿੰਘ ਦੀ ਸੇਵਾ ਕਰਨ ਲੱਗ ਪਏ। ਇੱਥੇ

ਰਹਿ ਕੇ ਹੀ ਭਾਈ ਸੁੱਖਾ ਸਿੰਘ ਨੇ ਦਸਮ ਗ੍ਰੰਥ ਵਿੱਚ ਸੁਖਮਣਾਂ ਛੱਕੇ ਰਲਾ ਕੇ ਦਸਮ ਗ੍ਰੰਥ ਦੀ ਇੱਕ ਨਵੀਂ ਬੀੜ ਤਿਆਰ ਕੀਤੀ। ਜੋ ਖਾਸ ਬੀੜ ਕਰਕੇ ਪ੍ਰਸਿੱਧ ਹੋਈ। ਇਸ ਦਾ ਹੋਰ ਵਿਸਥਾਰ ਜਾਨਣ ਲਈ ਵੇਖੋ-'ਸਰਬਲੋਹ ਗ੍ਰੰਥ'। ਇਸ ਮਹਾਨ ਗ੍ਰੰਥੀ ਦਾ ਨਾਮ ਵੀ ਭਾਈ ਸੁੱਖਾ ਸਿੰਘ ਹੀ ਸੀ,ਜਿਹਨਾਂ ਨੇ ਪੂਰਨ ਜੀਵਨ ਪਟਨਾ ਸਾਹਿਬ ਪ੍ਰਕਾਸ਼ ਸਥਾਨ ਦੀ ਸੇਵਾ ਕਰਦਿਆ ਬਤੀਤ ਕੀਤਾ। ਇਸ ਸਥਾਨ ਤੇ ਗੁਰਮੱਤ ਦਾ ਪ੍ਰਚਾਰ ਕੀਤਾ ਤੇ ਅਨੇਕਾਂ ਲੋਕਾਂ ਨੂੰ ਅਮ੍ਰਿਤ ਛਕਾ ਕੇ ਗੁਰੂ ਨਾਲ ਜੋੜਿਆ। ਇੱਥੇ ਹੀ ਆਪ ਦਾ ਦੇਹਾਂਤ ਹੋਇਆ ਸੀ।

ਸੱਤਵੇਂ ਭਾਈ ਸੁੱਖਾ ਸਿੰਘ ਜੀ

ਸੱਤਵੇਂ ਭਾਈ ਸੁੱਖਾ ਸਿੰਘ ਦਾ ਦਰਜਾ ਅਜੋਕੇ ਸਮੇਂ ਦੇ ਹੀ ਇੱਕ ਗੁਰਮੁੱਖ ਤੇ ਚੜ੍ਹਦੀ ਕਲ੍ਹਾ ਵਾਲੇ ਸਿੰਘ ਨੂੰ ਮਿਲਿਆ ਹੈ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਦੀ ਬੇਇਜ਼ਤੀ ਦਾ ਬਦਲਾ ਲਿਆ ਤੇ ਖੁਸ਼ੀ-ਖੁਸ਼ੀ ਫ਼ਾਂਸੀ ਤੇ ਚੜ੍ਹ ਕੇ ਸ਼ਹੀਦੀ ਪ੍ਰਾਪਤ ਕੀਤੀ। ਇਸ ਸ਼ਹੀਦ ਦਾ ਨਾਮ ਹੈ ਭਾਈ ਸੁਖਦੇਵ ਸਿੰਘ 'ਸੁੱਖਾ'। ਇਹਨਾਂ ਦੇ ਨਾਲ ਇੱਕ ਹੋਰ ਸਿੰਘ ਵੀ ਸ਼ਹੀਦ ਹੋਏ ਸਨ ਉਹਨਾਂ ਦਾ ਨਾਮ ਹੈ ਭਾਈ ਹਰਜਿੰਦਰ ਸਿੰਘ 'ਜਿੰਦਾ'। ਇਹ ਦੋਵੇਂ ਸਿੰਘ ਬਹੁਤ ਹੀ ਚੜ੍ਹਦੀ ਕਲਾ ਵਾਲੇ ਸਨ। ਜਿਸ ਤਰਾਂ ਮੁਗਲ ਰਾਜ ਵਿੱਚ ਜ਼ਕਰੀਆ ਖਾਨ ਦੇ ਸਮੇਂ ਮੱਸਾ-ਰੰਘੜ ਨੇ ਸ੍ਰੀ ਦਰਬਾਰ ਸਾਹਿਬ ਦੀ ਬੇਪੱਤੀ ਕਰਕੇ ਇਸ ਪਵਿੱਤਰ ਜਗ੍ਹਾ ਤੇਂ ਕੰਹਰੀਆਂ ਨਚਾਈਆਂ ਸਨ ਅਤੇ ਵਾਹਿਗੁਰੂ ਸਾਹਿਬ ਜੀ ਨੇ ਇਸ ਦਾ ਬਦਲਾ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਦੇ ਦੁਆਰਾ ਲਿਆ ਸੀ ਇਸੇ ਤਰਾਂ ਅਜੋਕੇ ਸਮੇਂ ਵਿੱਚ ਵੀ ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਨੇ ਵਾਹਿਗੁਰੂ ਦੇ ਹੁਕਮ ਨੂੰ ਨੇਪਰੇ ਚਾੜ੍ਹ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਭਾਈ ਸੁਖਦੇਵ ਸਿੰਘ ਸੁੱਖਾ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਸਿੱਖ ਕੌਮ ਦੇ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ 'ਤੇ ਕੌਮ ਰਹਿੰਦੀ ਦੁਨੀਆਂ ਤੱਕ ਸਿਰ ਉੱਚਾ ਕਰ ਕੇ ਫ਼ਖਰ ਕਰਦੀ ਰਹੇਗੀ। ਇਹਨਾਂ ਸੂਰਮਿਆਂ ਦੀ ਸ਼ਹਾਦਤ ਦੀ ਅਹਿਮੀਅਤ ਇਸ ਗੱਲ ਵਿੱਚ ਹੈ ਕਿ ਇਹਨਾਂ ਸ਼ਹੀਦਾਂ ਨੇ ਇਤਿਹਾਸ ਨੂੰ ਦੁਹਰਾਉਂਦਿਆਂ ਸ਼ਹਾਦਤ ਦੇ ਇਸ ਆਲਮ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਇਸੇ ਲਈ ਭਾਈ ਸੁਖਦੇਵ ਸਿੰਘ ਤੇ ਭਾਈ ਹਰਜਿੰਦਰ ਸਿੰਘ ਨੂੰ ਸਿੱਖ ਇਤਿਹਾਸ ਦੇ ਸੱਤਵੇਂ ਸੁੱਖਾ ਸਿੰਘ ਦਾ ਮਾਣ ਪ੍ਰਾਪਤ ਹੋਇਆ ਹੈ।

੨ ਜੂਨ ਤੋਂ ਲੈ ਕੇ ੬ ਜੂਨ, ੧੯੮੪ ਈ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸੰਗਤਾਂ ਦੂਰ-ਦੁਰਾਡੇ ਤੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਮ੍ਰਿਤਸਰ ਸਾਹਿਬ ਪਹੁੰਚੀਆਂ ਸਨ। ਇਹਨਾਂ ਸੰਗਤਾਂ ਦੇ ਮਨ ਵਿੱਚ ਕੇਵਲ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਦੀ ਭੁੱਖ ਸੀ। ਇਹ ਸੰਗਤਾਂ ਕੇਵਲ ਕੀਰਤਨ, ਗੁਰਮੱਤ ਵਿਚਾਰਾਂ, ਜਾਂ ਪਾਠ ਕਰਕੇ ਦਰਸ਼ਨ ਦੀਦਾਰੇ ਕਰਕੇ ਜਨਮ ਸਫਲ ਕਰਨ ਆਈਆਂ ਸਨ।

ਉਸ ਸਮੇਂ ਧਰਮ ਯੁੱਧ ਮੋਰਚਾ ਸਿਖਰਾਂ 'ਤੇ ਸੀ ਅਤੇ ਸਿੱਖਾਂ ਵਲੋਂ ਇਸ ਨੂੰ ਭਰਪੂਰ ਹੁੰਗਾਰਾ ਵੀ ਮਿਲ ਰਿਹਾ ਸੀ। ਇਹ ਧਰਮ ਯੁੱਧ ਮੋਰਚੇ ਦਾ ਕਾਰਣ ਇਹ ਸੀ ਕਿ ਜਿਵੇਂ ਮੁਗਲਾਂ ਨੇ ਸਿੱਖਾਂ ਨਾਲ ਵਧੀਕੀਆਂ ਕਰਕੇ ਉਹਨਾਂ ਨੂੰ ਸ਼ਹੀਦ ਕੀਤਾ ਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕੋਈ ਕਸਰ ਨਾ ਛੱਡੀ ਇਸੇ ਤਰਾਂ ਹੀ ਮੌਕੇ ਦੀ ਸਰਕਾਰ ਸਿੱਖਾਂ ਨਾਲ ਜ਼ੁਲਮ ਅਤੇ ਧਰੋਹ ਕਮਾ ਰਹੀ ਸੀ। ਸਿੱਖਾਂ ਨਾਲ ਹਰ ਗੱਲ ਵਿੱਚ ਬੇ-ਇਨਸਾਫੀਆਂ ਕੀਤੀਆਂ ਜਾ ਰਹੀਆਂ ਸਨ। ਇੱਥੇ ਹੀ ਬੱਸ ਨਹੀ ਇਹ ਸਰਕਾਰ ਪੰਜਾਬ ਵਿੱਚ ਵੱਸਣ ਵਾਲੇ ਹਰੇਕ ਸਿੱਖ, ਹਿੰਦੂ ਤੇ ਮੁਸਲਮਾਨ ਨਾਲ ਇਸ ਧਰੋਹ ਕਮਾ ਰਹੀ ਸੀ। ਇਸੇ ਲਈ ਇਹ ਮੋਰਚਾ ਸਾਰੇ ਫਿਰਕੇ ਦੇ ਲੋਕਾਂ ਲਈ ਆਰੰਭਿਆ ਸੀ। ਇਸ ਮੋਰਚੇ ਦੀ ਅਗਵਾਈ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਕਰ ਰਹੇ ਸਨ। ਇਸ ਮਹਾਨ ਆਗੂ ਨੇ ਸਰਕਾਰ ਨੂੰ ਇਸ ਮੋਰਚੇ ਰਾਹੀਂ ਆਖਿਆ ਕਿ ੧੯੪੭ ਈ: ਭਾਵ ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਭਾਰਤ ਵਿੱਚ ਜਨਸੰਖਿਆ ਲਗਭਗ ੪੫ ਕਰੋੜ ਦੇ ਕਰੀਬ ਸੀ ਜਿਸ ਵਿੱਚ ਸਿੱਖਾਂ ਦੀ ਗਿਣਤੀ ਇੱਕ ਕਰੋੜ ਤੋਂ ਵੀ ਘੱਟ ਸੀ। ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਸਭ ਤੋਂ ਵੱਧ ਸ਼ਹੀਦੀਆਂ ਸਿੱਖਾਂ ਦੀਆਂ ਹਨ ਪਰ ਸਿੱਖਾਂ ਦੇ ਸੂਬੇ ਪੰਜਾਬ ਨਾਲ ਬਾਕੀ ਸੂਬਿਆਂ ਦੀ ਤਰਾਂ ਹਰ ਗੱਲ ਵਿੱਚ ਬੇ-ਇਨਸਾਫੀ ਕੀਤੀ ਜਾਂਦੀ ਸੀ। ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਡਾ: ਪਟਾ ਭਾਈ ਸੀਤਾਰਮਈ ਦੇ ਲਿਖੇ ਕਾਂਗਰਸ ਇਤਿਹਾਸ ਅਨੁਸਾਰ ਆਜ਼ਾਦੀ ਦੇ ਅਮਦੋਲਨ ਵਿੱਚ ਸਿੱਖਾਂ ਦੇ ਪਾਏ ਹੋਏ ਯੋਗਦਾਨ ਦੇ ਅੰਕੜੇ ਇਸ ਤਰਾਂ ਹਨ :-

੧.	ਦੇਸ਼ ਦੀ ਆਜ਼ਾਦੀ ਲਈ ਜਿੰਨੇ ਵੀ ਸ਼ਹੀਦ ਫ਼ਾਂਸੀ ਤੇ ਚੜ੍ਹੇ	- ੧੨੧ ਸ਼ਹੀਦ
	ਇਹਨਾਂ ਵਿੱਚ ਸਿੱਖਾਂ ਦੀ ਗਿਣਤੀ ਸੀ	- ੯੩
	ਹੋਰ ਕੌਮਾਂ ਦੀ ਗਿਣਤੀ	- ੨੮
੨.	ਜਿੰਨੇ ਕਾਲੀ ਪਾਣੀ ਭੇਜੇ ਗਏ	- ੨੬੪੬
	ਇਹਨਾਂ ਵਿੱਚ ਸਿੱਖਾਂ ਦੀ ਗਿਣਤੀ	- ੨੧੪੭
	ਹੋਰ ਕੌਮਾਂ ਦੀ ਗਿਣਤੀ	- ੫੬੧
੩.	ਜਲਿਆਂ ਵਾਲੇ ਬਾਗ ਵਿੱਚ ਕੁਲ ਸ਼ਹੀਦ ਹੋਏ	- ੧੩੦੦
	ਇਹਨਾਂ ਵਿੱਚ ਸਿੱਖਾਂ ਦੀ ਗਿਣਤੀ	- ੭੯੯
	ਹੋਰ ਕੌਮਾਂ ਦੀ ਗਿਣਤੀ	- ੫੦੧
੪.	ਬਜਬਜ ਘਾਟ (ਕਲਕੱਤਾ) ਗੋਲੀ ਕਾਂਡ ਵਿੱਚ ਕੁੱਲ ਸ਼ਹੀਦ	- ੧੧੩
	ਇਹਨਾਂ ਵਿੱਚ ਸਿੱਖਾਂ ਦੀ ਗਿਣਤੀ	- ੬੭
	ਹੋਰ ਕੌਮਾਂ ਦੀ ਗਿਣਤੀ	- ੪੬
੫.	ਕੂਕਾ ਲਹਿਰ ਵਿੱਚ ਸ਼ਹੀਦਾਂ ਦੀ ਗਿਣਤੀ	- ੯੧
	ਇਹਨਾਂ ਵਿੱਚ ਸਿੱਖਾਂ ਦੀ ਗਿਣਤੀ	- ੯੧
	ਹੋਰ ਕੌਮਾਂ ਦੀ ਗਿਣਤੀ	- ੦

ਇਸ ਤਰਾਂ ਆਜ਼ਾਦੀ ਦੇ ਲਈ ਕੁੱਲ ਸ਼ਹੀਦ ੪੨੭੧ ਹੋਏ ਸਨ ਜਿਨ੍ਹਾਂ ਵਿੱਚ ਸਿੱਖਾਂ ਦੀ ਗਿਣਤੀ ੩੧੯੭ ਸੀ ਅਤੇ ਦੂਜੀਆਂ ਕੌਮਾਂ ਦੀ ਗਿਣਤੀ ੧੦੭੪ ਸੀ। ਇਸ ਤਰਾਂ ਦੇ ਬਹੁਤ ਸਾਰੇ ਅੰਕੜੇ ਸਰਕਾਰ ਦੇ ਸਾਹਮਣੇ ਰੱਖ ਕੇ ਸੰਤ ਜਰਨੈਲ ਸਿੰਘ ਜੀ ਨੇ ਪੰਜਾਬ ਭਲਾਈ ਮੋਰਚਾ ਅਰੰਭਿਆ ਸੀ ਪਰ ਸਮੇਂ ਦੀ ਸਰਕਾਰ ਨੇ ਇਸ ਦਾ ਰੂਪ ਕੁਝ ਹੋਰ ਦੇ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਕੁਚਲਣ ਦਾ ਯਤਨ ਕੀਤਾ। ਉਹ ਸਮੇਂ ਫੌਜ ਨੂੰ ਹੁਕਮ ਦੇ ਕੇ ਸ੍ਰੀ ਅਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਅਤੇ ਸਿੱਖਾਂ ਦੇ ਅਕਾਲ ਤਖਤ ਉੱਪਰ ਗੰਨਾਂ, ਤੋਪਾਂ ਅਤੇ ਟੈਂਕਾਂ ਦੀ ਮਦਦ ਨਾਲ ਚੜ੍ਹਾਈ ਕਰਕੇ ਤਹਿਸ-ਨਹਿਸ ਕਰ ਦਿੱਤਾ। ਉਸ ਸਮੇਂ ਫੌਜ ਦਾ ਮੁਖੀ ਜਨਰਲ ਵੈਦਿਆ ਸੀ ਜਿਸ ਨੇ ਨਿਹੱਥੇ ਸਿੱਖਾਂ ਨੂੰ ਇੱਕ ਵਾਰ ਵੀ ਬਾਹਰ ਆਉਣ ਦਾ ਮੌਕਾ ਨਹੀਂ ਦਿੱਤਾ। ਇਹਨਾਂ ਨਿਹੱਥੇ ਸਿੱਖਾਂ ਉੱਪਰ ਹਮਲਾ ਕਰਕੇ ਇਹਨਾਂ ਨੂੰ ਮਾਰ ਦਿੱਤਾ ਗਿਆ ਤੇ ਪੂਰੇ ਵਿਸ਼ਵ ਵਿੱਚ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ।

ਫੌਜ ਨੇ ਨਿਹਥੀ ਸੰਗਤ ਨੂੰ ਫੜ-ਫੜ ਕੇ ਗੋਲੀਆਂ ਮਾਰੀਆਂ। ਇੱਥੋਂ ਤੱਕ ਕਿ ਬੱਚਿਆਂ ਤੇ ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ਿਆ ਗਿਆ ਜਦਕਿ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਕਿਸੇ ਵੀ ਜ਼ਖਮੀ ਨੂੰ ਜੋ ਫੜ ਲਿਆ ਗਿਆ ਹੈ ਨੂੰ ਮਾਰਿਆ ਨਹੀਂ ਜਾ ਸਕਦਾ। ਇਹ ਲੜਾਈ ਸਰਕਾਰ ਨੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਖਿਲਾਫ ਹੀ ਨਹੀਂ ਸੀ ਕੀਤੀ ਸਗੋਂ ਸਮੁੱਚੀ ਸਿੱਖ ਕੌਮ ਨੂੰ ਦਬੋਚਣ ਤੇ ਖਤਮ ਕਰਨ ਲਈ ਕੀਤੀ ਸੀ। ਇਹ ਸਰਕਾਰ ਦੀ ਇੱਕ ਬਹੁਤ ਹੀ ਗੰਦੀ ਰਾਜਨੀਤਕ ਚਾਲ ਸੀ।

ਜੇ ਇਹ ਗੱਲ ਮੰਨ ਲਈ ਜਾਵੇ ਕਿ ਸਰਕਾਰ ਨੇ ਇਹ ਸਾਰਾ ਕੁਝ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਖਤਮ ਕਰਨ ਕਰਕੇ ਕੀਤਾ ਸੀ ਤਾਂ ਫਿਰ ਬਾਕੀ ੩੫ ਗੁਰਦੁਆਰਾ ਸਾਹਿਬ ਤੇ ਸਰਕਾਰ ਨੇ ਕਿਉਂ ਹਮਲਾ ਕੀਤਾ ਸੀ। ਇਹਨਾਂ ਬਾਕੀ ਗੁਰੂ ਘਰਾਂ ਕਿਹੜੇ ਸੰਤ ਬੈਠੇ ਸਨ। ਇਹ ਹਮਲੇ ਸਾਰੇ ਸਥਾਨਾਂ ਉਪਰ ਇੱਕੋ ਸਮੇਂ ਕੀਤੇ ਗਏ ਸਨ ਜੋ ਕਿ ਸਿੱਖਾਂ ਨੂੰ ਦਬਾਉਣ ਲਈ ਤੇ ਖਤਮ ਕਰਨ ਲਈ ਕੀਤੇ ਗਏ ਸਨ। ਪਰ ਸਰਕਾਰ ਨੂੰ ਇਸ ਗੱਲ ਦਾ ਇਲਮ ਨਹੀਂ ਸੀ ਸਿੱਖ ਤਾਂ ਉਦੋਂ ਨਾ ਖਤਮ ਹੋਏ ਜਦੋਂ ਮੰਨੂ ਇਹਨਾਂ ਨੂੰ ਸੋਇਆਂ ਵਾਂਗ ਵੱਢਦਾ ਸੀ। ਭਾਈ ਸੁਖਦੇਵ ਸਿੰਘ 'ਸੁੱਖਾ' ਤੇ ਭਾਈ ਹਰਜਿੰਦਰ ਸਿੰਘ 'ਜਿੰਦਾ' ਨੇ ਪੁਰਾਤਨ ਇਤਿਹਾਸ ਨੂੰ ਫਿਰ ਤੋਂ ਸੁਰਜੀਤ ਕੀਤਾ। ਇਹਨਾਂ ਪਵਿੱਤਰ ਰੂਹਾਂ ਵਿੱਚ ਕੌਮ ਪ੍ਰਤੀ ਅਣਖ ਜਾਗੀ ਤੇ ਇਹਨਾਂ ਨੇ ਕਲੱਕਤੇ ਵਿੱਚ ਜਾ ਕੇ ਜਨਰਲ ਵੈਦਿਆ ਨੂੰ ਗਲੀਆਂ ਮਾਰ ਕੇ ਖਤਮ ਕਰ ਦਿੱਤਾ ਤੇ ਸ਼੍ਰੀ ਹਰਿਮੰਦਰ ਸਾਹਿਬ ਜੀ ਦੀ ਬੇਪਤੀ ਦਾ ਬਦਲਾ ਲੈ ਲਿਆ। ਇਸੇ ਦੋਸ਼ ਤਹਿਤ ਇਹਨਾਂ ਦੋਵਾਂ ਸੂਰਵੀਰਾਂ ਨੂੰ ਸਮੇਂ ਦੀ ਹਕੂਮਤ ਨੇ ੯ ਅਕਤੂਬਰ, ੧੯੯੨ ਈ: ਨੂੰ ਸਵੇਰੇ ੧੦.੨੦ ਵਜੇ ਤੇ ਫ਼ਾਂਸੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ। ਇਸ ਤਰਾਂ ਸਿੱਖ ਪੰਥ ਵਿੱਚ ਹਰੇਕ ਸਾਲ ਇਹਨਾਂ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸਤਿਕਾਰ ਮਨਾਇਆ ਜਾਂਦਾ ਹੈ ਤੇ ਇਹ ਸਿੱਖ ਪੰਥ ਵਿੱਚ ਸੱਤਵੇਂ ਸੁੱਖਾ ਸਿੰਘ ਪ੍ਰਵਾਨ ਹੋਏ।

ਨੋਟ :- ਸਿੱਖ ਸ਼ਹਾਦਤ ਮੈਗਜ਼ੀਨ ਵਿੱਚੋਂ ਭਾਈ ਨਿਰਮਲ ਸਿੰਘ ਨਿੰਮਾ ਦਾ ਸੰਪਾਦਕੀ ਲੇਖ ਪੇਜ਼ ਨੂੰ ੧੩ ਵਿੱਚੋਂ ਲਿਆ ਗਿਆ ਹੈ। ਇੱਥੇ ਦਾਸ ਪਾਠਕਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਮੇਰੀ ਇਹ ਖੋਜ ਅਖੀਰੀ ਨਹੀਂ ਹੈ,ਅਜੇ ਹੋਰ ਵੀ ਖੋਜ ਚਲ ਰਹੀ ਹੈ।

ਅੱਜੋਕੇ ਸਮੇਂ ਵਿੱਚ ਵੀ ਪਹਿਲਾਂ ਦੀ ਤਰਾਂ ਬਹੁਤ ਸੁੱਖਾ ਸਿੰਘ ਹੋਣਗੇ ਪਰ ਜਿਹੜੇ ਗੁਰੂ ਨਾਲ ਹਿਰਦੇ ਦੇ ਅੰਦਰੋਂ ਪਿਆਰ ਕਰਦੇ ਹਨ ਉਹ ਕਦੇ ਵੀ ਆਪਣੇ-ਆਪ ਨੂੰ ਸਾਹਮਣੇ ਨਹੀਂ ਆਉਣ ਦਿੰਦੇ, ਬੱਸ ਗੁਰੂ ਦੇ ਹੁਕਮ ਸੇਵਾ ਕਰਦੇ ਰਹਿੰਦੇ।

ਬਾਬਾ ਸੁਖਦੇਵ ਸਿੰਘ 'ਸੁੱਖਾ' ਬਾਬਾ ਜੀ ਜਿਨ੍ਹਾਂ ਤੋਂ ਦਾਸ ਦਾ ਮਨ ਬਹੁਤ ਪ੍ਰਭਾਵਿਤ ਹੋਇਆ ਹੈ। ਇਸ ਬਾਰੇ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਦਾਸ ਦਾ ਕੀਰਤਨੀ ਜੱਥਾ ੨੩ ਜੂਨ,੨੦੦੮ ਤੋਂ ੧ ਜੁਲਾਈ, ੨੦੦੮ ਤੱਕ ਸ੍ਰੀ ਅਬਚਲ ਨਗਰ,ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਗਿਆ। ਇਹ ਜੱਥਾ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ,ਗੁ:ਕਲਗੀਧਰ ਸਾਹਿਬ,ਫੀਲਡ ਗੰਜ ਤੋਂ ਜੱਥੇਦਾਰ ਡਾ: ਕਮਲਜੀਤ ਸਿੰਘ ਦੀ ਦੇਖ-ਰੇਖ ਹੇਠਾਂ ਗਿਆ ਸੀ। ਇਸ ਸਾਰੇ ਜੱਥੇ ਦੀ ਸੇਵਾ ਸ. ਨਰਿੰਦਰ ਸਿੰਘ ਛਾਬੜਾ ਨੇ ਆਪਣੇ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਅਕਾਲ-ਪੁਰਖ ਦੇ ਸ਼ੁਕਰਾਨੇ ਵਜੋਂ ਕੀਤੀ ਸੀ। ਇਹ ਸਮਾਂ ਬਹੁਤ ਹੀ ਆਨੰਦ ਵਾਲਾ ਸੀ ਜੋ ਕਿ ਜਿੰਦਗੀ ਦੀ ਇੱਕ ਅਭੁੱਲ ਯਾਦਗਾਰ ਬਣ ਗਿਆ। ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਜੱਥੇ ਦੀ ਰਵਾਨਗੀ ਹੋਈ ਅਤੇ ਨਾਂਦੇੜ ਦੀ ਧਰਤੀ 'ਤੇ ਪਹੁੰਚ ਗਏ ਤਾਂ ਸਤਿਕਾਰ ਯੋਗ ਬਾਬਾ ਸੁਖਦੇਵ ਸਿੰਘ ਜੀ 'ਸੁੱਖਾ' ਜੋ ਕਿ ਬਾਬਾ ਕੁੰਦਨ ਸਿੰਘ ਜੀ ਨਾਨਕਸਰ ਤੋਂ ਅਤੇ ਬਾਬਾ ਖੇਮ ਸਿੰਘ ਜੀ ਭੁੱਚੋ ਵਾਲੇ ਮਹਾਂਪੁਰਸ਼ਾਂ ਤੋਂ ਜੀਵਨ ਦੀ ਸੇਧ ਲੈ ਕੇ ਗੁਰੂ ਮਾਰਗ ਤੇ ਚੱਲੇ ਸਨ, ਕੋਲ ਠਹਿਰਨ ਦਾ ਸਮਾਂ ਬਣ ਗਿਆ। ਬਾਬਾ ਸੁਖਦੇਵ ਸਿੰਘ ਜੀ ਨੇ ਜਿੱਥੇ ਗੁਰੂਦੁਆਰਿਆਂ ਦੇ ਬਣਾਨ ਦੀ ਸੇਵਾ ਕੀਤੀ, ਉੱਥੇ ਗੁਰੂ ਕੇ ਲੰਗਰ ਜੋ ਕਿ ੨੪ ਘੰਟੇ ਚਲਦੇ ਹਨ, ਵਿੱਚ ਵੀ ਸੇਵਾ ਕਰਦੇ ਹਨ। ਲੰਗਰ ਤਾਂ ਆਪ ਨੇਂ ਬਹੁਤ ਸਾਧੂ ਸੰਤਾਂ ਦੇ ਦੇਖੇ ਹੋਣਗੇ ਪਰ ਹੱਥੀਂ ਸੇਵ ਕਮਾਂਦੇ ਮਹਾਂਪੁਰਸ਼ ਤਾਂ ਵਿਰਲੇ ਹੀ ਦੇਖਣ ਨੂੰ ਮਿਲਦੇ ਹਨ।

ਲੇਖਕ ਦੀ ਕਿਤਾਬ ਜੋ ਆਪ ਜੀ ਦੇ ਹੱਥਾਂ ਵਿੱਚ ਹੈ-'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ...? 'ਜਦੋਂ ਦਾਸ ਇਹ 'ਵਾਰਤਕ ਜੀਵਨ ਭਾਈ ਤਾਰੂ ਸਿੰਘ ਪੂਹਲੇ' ਦਾ ਲਿਖ ਰਿਹਾ ਸੀ ਤਾਂ ਇਸ ਦੇ ਨਾਲ 'ਭਾਈ ਸੁੱਖਾ ਸਿੰਘ ਮਾੜੀ ਕੰਬੋਆ' ਦੀ ਸ਼ਹੀਦੀ ਲਿਖੀ ਫਿਰ ਜਦੋਂ ਬਹੁਤ ਸਾਰੇ ਇਤਿਹਾਸ ਕਾਰਾਂ ਨੇ ਸ਼ਹੀਦੀ-ਤਰੀਕਾਂ ਅੱਲਗ-ਅੱਲਗ ਦੇਖੀਆਂ ਤਾਂ ਮਨ ਖੋਜਨ ਲੱਗ ਪਿਆ। ਇਸ ਖੋਜ ਵਿੱਚ ਭਾਰੀ ਸਮਾਂ ਲੱਗ ਗਿਆ ਪਰ ਖੁਸ਼ੀ ਦੀ ਗੱਲ ਇਹ ਸੀ ਕਿ ਇਸ ਖੋਜ ਦੇ ਸਦਕਾ ਬਹੁਤ ਕੁਝ ਪ੍ਰਾਪਤ ਹੋਇਆ ਜਿਸ ਵਿੱਚੋਂ '੧੨ ਨਾਮ' ਭਾਈ ਸੁੱਖਾ ਸਿੰਘ ਜੀ ਦੇ ਸਾਹਮਣੇ ਆਏ। ਇਹਨਾਂ ਵਿੱਚੋਂ ਕੁਝ ਭੁਲੇਖੇ ਦੂਰ ਕਰਕੇ ਕੁੱਲ ਸੱਤ ਭਾਈ ਸੁੱਖਾ ਸਿੰਘ ਲਿਖੇ ਗਏ ਹਨ। ਸਤਿਗੁਰਾਂ ਨੇ ਬਖਸ਼ਿਸ਼ ਕੀਤੀ ਤਾਂ ਪੂਰੀ ਕਿਤਾਬ ਹੀ ਭਾਈ ਸੁੱਖਾ ਸਿੰਘ 'ਤੇ

ਲਿਖਾਂਗਾ। ਇਹ ਕਿਤਾਬ ਭਾਈ ਤਾਰੂ ਸਿੰਘ ਪੂਹਲੇ ਦੀ ਹੈ ਇਸ ਲਈ ਬਾਕੀ ਸਿੱਖਾਂ ਦਾ ਜੀਵਨ ਇਸ ਵਿੱਚ ਸੰਖੇਪ ਹੀ ਰੱਖਿਆ ਗਿਆ ਹੈ।

ਅਚਾਨਕ ਹੀ ਮੇਰੇ ਜੀਵਨ ਸਾਥੀ ਬੀਬੀ ਸੁਰਿੰਦਰ ਕੌਰ ਨੇ ਸਹਿਜ ਸੁਭਾਅ ਆਖਿਆ ਕਿ ਜਿੱਥੇ ਹੋਰ ਐਨੇ ਮਹਾਨ ਸੁੱਖਾ ਸਿੰਘ ਲਿਖੇ ਹਨ ਉੱਥੇ ਆਪਣੇ ਬਾਬਾ ਜੀ ਸੁਖਦੇਵ ਸਿੰਘ ਸੁੱਖਾ ਵੀ ਲਿਖੋ ਤਾਂ ਮਨ ਅੰਦਰ ਵਿਚਾਰ ਨੇ ਜਨਮ ਲਿਆ। ਜਿਉਂਦੇ ਜਾਗਦੇ ਅੱਜ ਦੇ ਯੁੱਗ ਵਿੱਚ ਜੋ ਅਸੀਂ ਅੱਖੀਂ ਦੇਖ ਰਹੇ ਹਾਂ,ਉਸ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ ਪਰ ਮਰਿਯਾਦਾ ਹੈ ਕਿ ਪੁੱਛੇ ਬਿਨਾਂ ਕੁਝ ਨਹੀਂ ਲਿਖਣਾ ਚਾਹੀਦਾ। ਇਸ ਲਈ ੧੫ ਸੰਤਬਰ,੨੦੦੮ ਨੂੰ ਪੂਰਨਮਾਸ਼ੀ ਦਾ ਦਿਨ ਆ ਗਿਆ ਤੇ ਦਾਸ ਨੇ ਸੁੱਖਾ ਬਾਬਾ ਜੀ ਨੂੰ ਬੇਨਤੀ ਕੀਤੀ ਤੇ ਮਨ ਦੇ ਬਚਨ ਦੱਸੇ ਪਰ ਬਾਬਾ ਜੀ ਨੇ ਮਨ੍ਹਾ ਕਰ ਦਿੱਤਾ। ਉਸ ਸਮੇਂ ਜੋ ਬੋਲ ਉਨ੍ਹਾਂ ਦੀ ਰਸਨਾਂ ਤੋਂ ਆਏ,ਉਹੀ ਲਿਖ ਰਿਹਾਂ ਹਾਂ, "ਗਿਣਤੀ ਸੱਤ ਹੀ ਭਲੀ ਹੈ। ਤੁਸੀਂ ਸੱਤ ਸਤਿ ਸਤਿਬਚਨ ਆਖੋ,ਸਤਿ ਬਚਨ ਵਿੱਚ ਹੀ ਭਲਾ ਹੈ"। ਇਹ ਬਚਨ ਬਾਬਾ ਸੁਖਦੇਵ ਸਿੰਘ ਸੁੱਖਾ ਨੇ ਕੀਤੇ ਤੇ ਸੇਵਾ ਵਿੱਚ ਫਿਰ ਤੋਂ ਲੀਨ ਹੋ ਗਏ।

ਇਹ ਕਵਿਤਾ ਰੂਪੀ ਬੋਲ ਬੀਬੀ ਮਨਦੀਪ ਕੌਰ ਖਾਲਸਾ ਜੀ ਦੀ ਖੋਜ ਹੈ ਜਿਸ ਵਿੱਚ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਦੁਆਰਾ ਮੱਸਾ ਰੰਘੜ ਦੁਆਰਾ ਸ਼੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲੈਣ ਦੀ ਘਟਨਾ ਨੂੰ ਬਹੁਤ ਸੋਹਣੇ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ :-

ਭਾਈ ਸੁੱਖਾ ਸਿੰਘ ਮਹਿਤਾਬ ਸਿੰਘ
(ਸਾਕਾ)

ਇੱਕ ਦਿਨ ਬੈਠ ਲਾਹੌਰ ਵਿੱਚ ਸੀ ਸਭਾ ਲਗਾਈ,
ਕੱਠੇ ਹੋ ਕੇ ਜ਼ਲਮਾਂ ਇਹ ਬਣਤ ਬਣਾਈ
ਹੋ ਗਈ ਗਹਿਮਾਂ-ਗਹਿਮ,ਸੂਬੇ ਨੇ ਬਾਤ ਚਲਾਈ,
ਅਮ੍ਰਿੰਤਸਰ ਦੇ ਤਾਲ ਕੋ ਦੇਈਏ ਭਰਵਾਈ,
ਸਿੱਖ ਨਾ ਕੋਈ ਦੇਸ ਵਿੱਚ ਸੁਣ ਰਹਿ ਨਾ ਪਾਈ,
ਸੱਦ ਚੌਧਰੀ ਦੇਸ ਦੇ ਦਿੱਤਾ ਹੁਕਮ ਸੁਣਾਈ ॥

ਰਸਾਲੂ

ਬਣੀ ਬਕਾਲਾ ਸਿੰਘ ਜੀ ਜਾ ਪਹੁੰਚੇ ਬੀਕਾਨੇਰ,
ਉਹਨੇਂ ਕੀਤੀ ਗੱਲ ਪੰਜਾਬ ਦੀ ਤੇ ਮਣਕ ਹੰਝੂ ਕੇਰ,
ਹਰਿਮੰਦਰ ਸੁੰਨਾ ਛੱਡ ਕੇ ਜਾ ਘੁਰਨੀਂ ਵੜ ਗਏ ਸ਼ੇਰ,
ਮੱਲ ਬੈਠਾ ਮੱਸਾ ਚੌਧਰੀ ਜੋ ਸਿੱਖ ਕੌਮ ਦੀ ਮੇਰ,

ਉੱਥੇ ਚੂੜੇ ਵਾਲੀ ਨੱਚਦੀ, ਦਿਨ ਦੀਵੀ ਪੈ ਗਿਆ ਨੇਰ੍ਹ,
ਜਾ ਸੱਜੀ ਬਾਂਹ ਉਲਾਰਦੀ ਉੱਡਦੇ ਪੰਛੀ ਲੈਂਦੀ ਘੇਰ,
ਇੱਥੋਂ ਉੱਠੇ ਕੋਈ ਸੂਰਮਾ ਉਹਨੂੰ ਦੇਵੇ ਜਾ ਉਟੇਰ ॥

ਮਿਰਜਾ

ਲੱਗੀ ਅੱਗ ਬੁੱਢਾ ਸਿੰਘ ਜਰਨੈਲ ਨੂੰ,
ਲਹੂ ਅੱਖੀਆਂ ਦੇ ਵਿੱਚ ਗਿਆ ਆ,
ਫੌਜ ਖਾਲਸਾ ਦੀ ਤਾਈ ਲਲਕਾਰਦਾ,
ਸੱਜੇ ਹੱਥ ਵਿੱਚ ਖੰਡਾ ਲਿਸਕਦਾ,
ਹੈ ਕੋਈ ਸੂਰਮਾ ਵਿਆਹੇ ਜਿਹੜਾ ਗੱਲ ਨੂੰ,
ਦੇਵੇ ਪਾਲ ਲੱਜ ਸਿੱਖੀ ਦੀ ਵਿਖਾ,
ਜੀਹਦੇ ਚਿੱਤ ਹੋ ਮਰਨ ਦਾ ਚਾ,
ਐਸੇ ਵੇਲੇ ਧਾਈ ਕਰੇ ਗੁਰੂ ਚੱਕ ਨੂੰ,
ਲਵੇ ਤੇਗ ਉਹ ਦੀਵਾਨ ਚ' ਉਠਾ,
ਜਾਂ ਤਾਂ ਉਥੇ ਹੀ ਸ਼ਹੀਦੀ ਦੇਵੇ ਆਪਣੀ,
ਤੇ ਜਾਂ ਪਾਪੀਆਂ ਦਾ ਨਾਮ ਦੇ ਮਿਟਾ,
ਜਿਹੜਾ ਅਵੇ ਦਲ ਖਾਲਸੇ ਦੇ ਸਾਹਮਣੇ,
ਜੱਸ ਮਾਣੇ ਸੱਚਖੰਡ ਵਿੱਚ ਜਾ,
ਗੁਰੂ ਘਰੋਂ ਵਡਿਆਈ ਪਾਵੇ ਜੱਗ ਤੇ,
ਭੇਟ ਧਰੇ ਸਿਰ ਮੱਸੇ ਦਾ ਲਿਆ ॥

ਜਗਾ

ਦੋਹਾਂ ਘੋੜਿਆਂ ਤੇ ਪਈਆਂ ਕਾਠੀਆਂ,
ਜਾਂਦੀ ਵਾਰ ਵਾਲੀ ਫਤਿਹ ਬੁਲਾਈ,
ਹੱਥ ਜੋੜ ਕੇ ਤੇ ਭਾਈ ਸੁੱਖਾ ਸਿੰਘ ਨੇ,
ਸਾਰੇ ਪੰਥ ਅੱਗੇ ਬੇਨਤੀ ਸੁਣਾਈ,
ਅਸੀਂ ਵਿਛੜੇ ਭਾਈਆਂ ਦੀ ਡਾਰ ਚ,'
ਗੁਰੂ ਸੁੱਖ ਨਾਲ ਦੇਵੇ ਜੇ ਮਿਲਾਈ,
ਜਾ ਹਰਿਮੰਦਰ ਗੁਰਾਂ ਦਾ ਹੋ ਗਿਆ,
ਜਾ ਮੱਸੇ ਨੇ ਮਹਿਫਲ ਲਾਈ,
ਜਾਂ ਤਾਂ ਸੀਸ ਦਿੱਤੇ ਜਾ ਕੇ ਅਸੀਂ ਆਪਣੇ,
ਜਾਂ ਫਿਰ ਮੱਸੇ ਵਾਲੀ ਹੈਂਕੜ ਮੁਕਾਈ ॥

ਸਾਕਾ

ਦਰ ਹਰਿਮੰਦਰ ਸਾਹਮਣੇ ਇੱਕ ਨਾਰ ਖਲੋਤੀ,
ਪਾ ਕੇ ਸੂਹੇ ਕਪੜੇ ਮੁਟਿਆਰ ਖਲੋਤੀ,
ਕੂਲੇ ਹੱਥਾਂ ਵਿੱਚ ਪਕੜ ਤਲਵਾਰ ਖਲੋਤੀ,

ਸੁੱਖਾ ਸਿੰਘ ਮੈਤਾਬ ਨੂੰ ਬਾਜਾਂ ਮਾਰ ਖਲੋਤੀ,
ਘੋੜੇ ਗਲ ਵਿੱਚ ਪਾਉਣ ਮੈਂ ਹਾਰ ਖਲੋਤੀ,
ਜਾਹ ਵੱਡ ਲੈ ਸਿਰ ਮੱਸੇ ਦਾ ਮੈ ਬਾਹਰ ਖਲੋਤੀ ॥

ਵਾਰ

ਖੰਡਾ ਖਿੱਚਿਆ ਮੈਤਾਬ ਸਿੰਘ ਸੂਰਮੇ,
ਦਿੱਤਾ ਸਤਿਨਾਮ ਕਹਿ ਕੇ ਉਲਾਰ,
ਮੋਛਾ ਪਾਇਆ ਜਾ ਕਿਕਰ ਦੇ ਮੁੱਢ ਨੂੰ,
ਲਿਆ ਮੱਸੇ ਵਾਲਾ ਸੀਸ ਉਤਾਰ,
ਸਿਰ ਪਾਪੀ ਦਾ ਮਤੀਰੇ ਵਾਂਗ ਵੱਢਿਆ,
ਉੱਠੀ ਧੜ ਵਿੱਚੋਂ ਲਹੂ ਦੀ ਫੁਆਰ,
ਬੰਦ ਹੋ ਗਏ ਝੱਟ ਝਾਂਜਰਾਂ ਦੇ ਘੁੰਗਰੂ,
ਸਹਿਮ ਗਈ ਸੀ ਚੂੜੇ ਵਾਲੀ ਨਾਰ,
ਜੋੜੀ ਵਾਲੇ ਨੂੰ ਸੀ ਪੈ ਗਈਆਂ ਦੰਦਲਾਂ,
ਝੱਟ ਤਬਲੇ ਦੀ ਰੁਕੀ ਟੁਣਕਾਰ,
ਅੱਲ੍ਹਾ ਕੌਣ ਇਹ ਆ ਗਏ ਫਰਿਸ਼ਤੇ,
ਜਿਨ੍ਹਾਂ ਦਿੱਤਾ ਹੈ ਚੌਧਰੀ ਮਾਰ,
ਤੌਬਾ-ਤੌਬਾ ਕਹਿੰਦਿਆਂ ਸੁੱਕੇ ਤਾਲੂਏ,
ਕਹਿੰਦੇ ਚੰਗੇ ਆਏ ਨੰਬਰਦਾਰ,
ਕਈ ਤੂਤ ਵਾਂਗ ਛਾਗੇ ਸੁੱਖਾ ਸਿੰਘ ਨੇ,
ਦੰਦ ਪੀਹੰਦੇ ਦੋਵੇਂ ਖੜੇ ਸਰਦਾਰ,
ਸਿਰ ਚੁੱਕ ਕੇ ਮੱਸੇ ਬੇਈਮਾਨ ਦਾ,
ਉਹਨਾਂ ਨੇਜੇ ਉੱਤੇ ਟੰਗਿਆ ਉਲਾਰ,
ਸਿੰਘ ਵਾਂਵਰੋਲੇ ਵਾਂਗ ਦੋਵੇਂ ਉੱਡ ਗਏ,
ਵੀਰ ਘੋੜਿਆਂ ਤੇ ਹੋ ਕੇ ਅਸਵਾਰ ॥

ਇਹ ਦਾਤਾਂ....

ਇਹ ਮਹਾਨ ਇਤਿਹਾਸ ਕੁਝ ਵਿਦਵਾਨਾਂ ਕੋਲੋ ਦਾਸ ਨੇ ਬੈਠ ਕੇ ਸੁਣਿਆ ਹੈ ਅਤੇ ਬਹੁਤ ਸਾਰੇ ਸਤਿਕਾਰ ਯੋਗ ਲਿਖਾਰੀਆਂ ਦੀਆਂ ਲਿਖਤਾਂ ਪੜ੍ਹੀਆਂ ਹਨ। ਉਹ ਮਹਾਨ ਵਿਦਵਾਨਾ ਅਤੇ ਮਹਾਨਪੁਰਸ਼ਾਂ ਦੇ ਇੱਥੇ ਨਾਮ ਅੰਕਿਤ ਕਰ ਰਿਹਾ ਹਾਂ।

ਸੰਤ ਕਰਤਾਰ ਸਿੰਘ ਜੀ ਭਿੰਡਰਾ ਵਾਲੇ, ਗਿਆਨੀ ਮਾਨ ਸਿੰਘ ਜੀ ਝੌਰ, ਸੰਤ ਸੁਜਾਨ ਸਿੰਘ ਜੀ ਦਿੱਲੀ ਵਾਲੇ, ਭਾਈ ਧਰਮ ਸਿੰਘ ਜੀ ਜਖਮੀ, ਗਿਆਨੀ ਰਣਜੀਤ ਸਿੰਘ ਜੀ ਪਾਰਸ, ਸ੍ਰੋਮਣੀ ਕਥਾਂਵਾਚਕ ਸੰਤ ਸਿੰਘ ਜੀ ਮਸਕੀਨ, ਬਾਬਾ ਜਸਵੰਤ ਸਿੰਘ ਜੀ (ਨਾਨਕਸਰ, ਸਮਰਾਲਾ ਚੌਂਕ ਵਾਲੇ), ਬਾਬਾ ਬਲਵਿੰਦਰ ਸਿੰਘ ਜੀ (ਮਲੂਕਾ ਸਾਹਿਬ), ਸੰਤ ਸੋਹਣ ਸਿੰਘ ਜੀ ਕਲੇਰਾ ਵਾਲੇ, ਸੰਤ ਮਨਮੋਹਨ ਸਿੰਘ ਜੀ ਕਲੇਰਾ ਵਾਲੇ, ਭਾਈ ਹਰਬੰਸ ਸਿੰਘ ਜੀ ਜਗਾਦਰੀ ਵਾਲੇ, ਭਾਈ ਸਰਬਜੀਤ ਸਿੰਘ ਰੰਗੀਲਾ, (ਢਾਡੀ ਜੱਥੇ) ਪੰਛੀ ਪਾਲ ਸਿੰਘ, ਗਿਆਨੀ ਸੋਹਣ ਸਿੰਘ ਸ਼ੀਤਲ, ਗਿਆਨੀ ਕਿਰਪਾਲ ਸਿੰਘ ਭਿੱਖੀ, ਗਿਆਨੀ ਗੁਰਮੇਲ ਸਿੰਘ ਬਾਦਲ, (ਲੇਖਕ) ਗਿਆਨੀ ਗਿਆਨ ਸਿੰਘ ਜੀ, ਗਿਆਨੀ ਰਤਨ ਸਿੰਘ ਭੰਗੂ, ਪ੍ਰੋ. ਸਾਹਿਬ ਸਿੰਘ ਜੀ, ਪ੍ਰਿੰ. ਸਤਵੀਰ ਸਿੰਘ, ਪ੍ਰਿੰ. ਗੰਗਾ ਸਿੰਘ, ਪ੍ਰਿੰ. ਗੰਢਾ ਸਿੰਘ ਜੀ, ਮਹਾਨ ਕੋਸ ਦੇ ਭਾਈ ਕਾਂਨ ਸਿੰਘ ਜੀ ਨਾਭਾ, ਹੈਡ ਗ੍ਰੰਥੀ ਗੁਰਦੁਆਰਾ ਕਲਗੀਧਰ ਭਾਈ ਪਿੰਦਰਪਾਲ ਸਿੰਘ ਜੀ, ਹੈਡ ਗ੍ਰੰਥੀ ਭਾਈ ਧਰਮਵੀਰ ਸਿੰਘ ਜੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਜੀ, ਭਾਈ ਗਿਆਨ ਸਿੰਘ (ਜਗਰਾਉਂ) ਤੇ ਭਾਈ ਗੋਬਿੰਦਰ ਸਿੰਘ ਆਲਮਪੁਰੀ।

ਸਹਿਯੋਗੀ ਸੱਜਣ

ਸ. ਅਵਤਾਰ ਸਿੰਘ ਮੱਕੜ (ਪ੍ਰਧਾਨ, ਸ੍ਰੋ. ਗੁ. ਪ੍ਰ. ਕਮੇਟੀ)
ਸ. ਮਹੇਸ਼ਇੰਦਰ ਸਿੰਘ ਗਰੇਵਾਲ (ਮੰਤਰੀ ਸਾਹਿਬ)
ਸ. ਗੁਰਚਰਨ ਸਿੰਘ, ਗੁਰਮੀਤ ਸਿੰਘ ਗੁਰਦੁਆਰਾ ਕਲਗੀਧਰ ਸਾਹਿਬ ਜੀ
ਸ. ਪ੍ਰਿਤਪਾਲ ਸਿੰਘ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਜੀ
ਸ. ਗੁਰਚਰਨ ਸਿੰਘ, ਸ. ਇਕਬਾਲ ਸਿੰਘ ਗੁ: ਸ਼ਹੀਦਾਂ

ਕਨੈਡਾ ਨਿਵਾਸੀ :

ਚੇਅਰ ਮੇਨ ਸ. ਸਾਧੂ ਸਿੰਘ ਬਰਾੜ
ਪ੍ਰਧਾਨ ਸ. ਇੰਦਰਜੀਤ ਸਿੰਘ ਜੀ
ਸ. ਗਿਆਨ ਸਿੰਘ ਜੀ ਕੰਗ, ਸ. ਮਨਪ੍ਰੀਤ ਸਿੰਘ
ਗਿਆਨੀ ਭੁਲਿੰਦਰ ਸਿੰਘ ਜੀ (ਹੈਡ ਗ੍ਰੰਥੀ ਗੁ. ਡਿਕਸੀ)
ਗਿਆਨੀ ਅਜੀਤ ਸਿੰਘ ਅਲੰਕਾਰੀ



ਭਾਈ ਬੇਅੰਤ ਸਿੰਘ ਜੀ ਕਲੇਰਾਂ ਵਾਲਿਆਂ ਦੀ ਕਲਮ ਗੁਰੂ ਆਸ਼ੇ ਨੂੰ ਸਮਰਪਿਤ ਹੋ ਕੇ ਗੁਰਬਾਣੀ ਦੇ ਚਾਨਣ ਵਾਲੇ ਵਹਿਮਾਂ ਤੇ ਭਰਮਾਂ ਦੀ ਧੁੰਦ ਨੂੰ ਮਿਟਾ ਰਹੀ ਹੈ। ਉਹਨਾਂ ਦੀਆਂ ਲਿਖਤਾਂ ਪੜ੍ਹਦੇ ਸਮੇਂ ਜਿੱਥੇ ਗਿਆਨ ਦੇ ਸਾਗਰ ਵਿੱਚ ਟੁੱਭੀ ਮਾਰਨ ਦਾ ਅਨੁਭਵ ਹੁੰਦਾ ਹੈ, ਉੱਥੇ ਜੀਵਨ ਦੇ ਰਾਹ ਗੁਰਮਤਿ ਗਿਆਨ ਦੇ ਪ੍ਰਕਾਸ਼ ਨਾਲ ਵੀ ਜਗਮਗਾਉਣ ਲੱਗ ਪੈਂਦੇ ਹਨ। ਪੰਜਾਬ ਦੇ ਇਤਿਹਾਸ ਤੇ ਖਾਸ ਕਰਕੇ ਸਿੱਖ ਧਰਮ ਬਾਰੇ ਆਮ ਲੇਖਕਾਂ ਵਿੱਚ ਉਲ੍ਹਾਰ ਭਾਵਨਾਂ ਵਧੇਰੇ ਹੁੰਦੀ ਹੈ ਪਰ ਆਪ ਸ਼ਰਧਾ ਨੂੰ ਮੁੱਖ ਰੱਖ ਤੱਥਾਂ ਨਾਲ ਆਪਣੀ ਰਚਨਾਂ ਪ੍ਰਵਾਨ ਕਰਦੇ ਹੋ ਜਿਨ੍ਹਾਂ ਕਰਕੇ ਆਪ ਦੀਆਂ ਲਿਖਤਾਂ ਇਸ ਪੱਖੋਂ ਵੱਖਰੀ ਭਾਂਤ ਦੀਆਂ ਹਨ ਪਰ ਉਹ ਕਿਧਰੇ ਵੀ ਅਸ਼ਰਧਕ ਨਹੀਂ ਹੁੰਦੇ, ਸਗੋਂ ਉਨ੍ਹਾਂ ਦੀ ਹਰ ਸਤਰ 'ਚ ਸਤਿਕਾਰ ਅਤੇ ਸ਼ਰਧਾ ਦੀ ਸੁਗੰਧ ਝਰਦੀ ਰਹਿੰਦੀ ਹੈ। ਵਾਹਿਗੁਰੂ ਨੇ ਉਨ੍ਹਾਂ ਨੂੰ ਸੰਗੀਤ, ਕਲਾ, ਕੀਰਤਨ ਦੀ ਦਾਤ ਅਤੇ ਹਿਰਦੇ ਵਿੱਚ ਉਤਰ ਜਾਣ ਵਾਲੀ ਕਥਾ ਦਾ ਗੁਣ ਵੀ ਬਖਸ਼ਿਆ ਹੈ। 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ..?' ਵਾਰਤਕ ਜੀਵਨ ਸ਼ਹੀਦ ਭਾਈ ਤਾਰੂ ਸਿੰਘ ਵੀ ਉਨ੍ਹਾਂ ਦੀ ਰਚਨਾਂ ਦਾ ਇੱਕ ਅੰਗ ਹੈ, ਮੈਨੂੰ ਉਨ੍ਹਾਂ ਦੀ ਇਸ ਰਚਨਾਂ ਦੀ ਉੱਚੇ ਆਦਰਸ਼ਾਂ ਦੇ ਪ੍ਰਚਾਰ ਦੀ ਸਮਰੱਥਾ ਸਦਕਾ ਬਹੁਤ ਹੀ ਖੁਸ਼ੀ ਹੈ ਅਤੇ ਮੈਂ ਉਨ੍ਹਾਂ ਨੂੰ ਇਸ ਪ੍ਰਾਪਤੀ ਦੀ ਵਧਾਈ ਦੇ ਨਾਲ-ਨਾਲ ਇਹੋ ਜਿਹੇ ਹੋਰ ਕਾਰਜ ਕਰਨ ਲਈ ਵੀ ਬੇਨਤੀ ਕਰਦਾ ਹਾਂ।

ਗਿਆਨੀ ਹਰਜਿੰਦਰ ਸਿੰਘ 'ਲੋਹਗੜ੍ਹ'
(ਕੈਨੇਡਾ)